ਆਤਮ ਮਾਰਗ ਪ੍ਰਕਾਸ਼ਨ

# ਅਨੁਭਵ ਪ੍ਰਕਾਸ਼



ਲੇਖਕ : ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ

# ਅਨੁਭਵ ਪ੍ਰਕਾਸ਼

- : ਕਰਤਾ :-


**ਸੰਤ ਬਾਬਾ ਵਰਿਆਮ ਸਿੰਘ ਜੀ**

**ਰਤਵਾੜਾ ਸਾਹਿਬ**


ਇਸ ਕਿਤਾਬ ਨੂੰ ਸਿਰਫ ਪੀ.ਡੀ.ਐਫ. ਫਾਰਮੇਟ ਵਿੱਚ ਰਿਲੀਜ਼ ਕੀਤਾ ਜਾ ਰਿਹਾ ਹੈ।

**ਹੇਠ ਲਿਖੀ ਵੈਬਸਾਇਟ ਤੇ ਡਾਊਨਲੋਡ ਕੀਤਾ ਜਾ ਸਕਦਾ ਹੈ।**

**www.ratwarasahib.com**

ਜੇ ਪਰਿੰਟ ਚਾਹੀਦਾ ਹੈ ਤਾਂ ਹੇਠ ਦਿਤੇ ਨੰਬਰਾਂ ਤੇ

**ਸੰਪਰਕ ਕੀਤਾ ਸਕਦਾ ਹੈ**

9417214379, 9417214391


ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।



**- ਪ੍ਰਕਾਸ਼ਕ -**

**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ**

**ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ (ਨੇੜੇ ਚੰਡੀਗੜ੍ਹ)**

ਸੰਪਰਕ ਨੰ: ਦਫਤਰ-**94172-14391, 79**

# ਦੋ ਸ਼ਬਦ

ਯੁੱਗ ਪੁਰਸ਼ ਸੰਤ ਮਹਾਰਾਜ ਰਤਵਾੜਾ ਸਾਹਿਬ ਜੀ ਨੇ ਜਨਮ ਜਨਮਾਂਤਰਾਂ ਦੀ ਕਮਾਈ ਨਾਲ ਜਲਦੇ ਬਲਦੇ ਸੰਸਾਰ ਵਿੱਚ 'ਅੰਮ੍ਰਿਤ ਬਚਨ' ਬਖਸ਼ ਕੇ ਕਲਯੁਗੀ ਜੀਵਾਂ ਦੇ ਜਲਦੇ-ਬਲਦੇ ਤਪਦੇ ਹਿਰਦਿਆਂ ਵਿੱਚ ਸ਼ਾਂਤੀ ਵਰਤਾਈ ਹੈ। ਆਪ ਜੀ ਦੇ ਅਨੁਭਵ ਵਿੱਚੋਂ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨੰਦ ਮਈ ਪ੍ਰਕਾਸ਼ ਵਿੱਚ ਰਹਿ ਕੇ ਰਾਗ ਦਵੈਸ਼ ਤੋਂ ਉਪਰ 'ਬ੍ਰਹਮੁ ਦੀਸੈ ਬ੍ਰਹਮੁ ਸੁਣੀਐ॥ ਏਕੁ ਏਕੁ ਵਖਾਣੀਐ ਆਤਮ ਪਸਾਰਾ ਕਰਣੇਹਾਰਾ ਪ੍ਰਭ ਨਹੀ ਜਾਣੀਐ॥ ਵਿੱਚ ਰਹਿ ਕੇ ਅੰਮ੍ਰਿਤ ਵਰਸਿਆ ਹੈ ਇਸ ਪੁਸਤਕ ਅੰਦਰ ਆਪ ਜੀ ਪਹਿਲੇ ਲੇਖ ਅੰਦਰ :

ਸਤਿਸੰਗ ਦਾ ਫਲ, ਪਿਛਲੇ ਜਨਮਾਂ ਦੇ ਕੀਤੇ ਪਾਪਾਂ ਦਾ ਨਾਸ਼ ਕਿਵੇਂ ਹੋਵੇ, ਬਾਬਾ ਭਾਗ ਸਿੰਘ ਕੁਰੀ ਵਾਲੇ, ਸੰਤਾਂ ਨੂੰ ਦਾਨ ਕੀਤੇ ਦਾ ਫਲ, ਗੁਰੂ ਨਾਨਕ ਪਾਤਿਸ਼ਾਹ ਦਾ ਮੰਡਲ, ਸੁਆਸ ਦਾ ਨਾਮ, ਨਾਮ ਅਭਿਆਸ, ਭਾਈ ਮਾਧੋ ਜੀ, ਗੁਰੂ ਹਰਿਗੋਬਿੰਦ ਪਾਤਿਸ਼ਾਹ, ਭਗਤ ਨਾਮਦੇਵ ਜੀ, ਬਾਬਾ ਕਰਮ ਸਿੰਘ ਜੀ ਜੀ ਹੋਤੀ ਮਰਦਾਨ ਸਾਹਿਬ, ਈਰਖਾ ਦੀ ਬਿਮਾਰ, *ਗੁਰਮੁਖਿ ਆਵੈ ਜਾਇ ਨਿਸੰਗੁ ॥*

ਦੂਜੇ ਦਿਵਾਨ ਵਿੱਚ ਤ੍ਰੇਤੇ ਜੁਗ ਦੇ ਅਵਤਾਰ ਸ੍ਰੀ ਰਾਮ ਚੰਦਰ ਜੀ ਮਹਾਰਾਜ, ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ, ਵਾਹਿਗੁਰੂ ਜੀ ਨੂੰ ਮਿਲਣ ਵਿੱਚ ਅੱਠ ਅੜਚਣਾ ਕਿਹੜੀਆਂ ਹਨ, ਜੀਵ ਦੇ ਬੰਧਨ ਕਿਹੜੇ ਕਿਹੜੇ ਹਨ, ਗੁਰੂ ਨਾਨਕ ਪਾਤਿਸ਼ਾਹ, ਅਰਜਨ - ਕ੍ਰਿਸ਼ਨ ਮਹਾਰਾਜ ਮਾਇਆ ਦਾ ਵਰਤਾਰਾ, ਬ੍ਰਹਮੁ ਅਧਿਆਸ, ਮਾਇਆ ਦਾ ਵਿਕਾਰ ਤੇ ਭਰਮ, ਪੰਜਾਂ ਪ੍ਰਾਣਾਂ ਤੋਂ, ਮਨ ਤੋਂ, ਬੁੱਧੀ ਤੋਂ, ਚਿਤ ਤੋਂ, ਮੈਂ ਭਾਵ ਤੋਂ ਉੱਚਾ ਉਠ ਕੇ ਆਪਣੇ ਸਰੂਪ ਵਲ ਧਿਆਨ ਕਿਵੇਂ ਲਾਉਣਾ ਹੈ। ਭਗਤੀ ਅਤੇ ਬ੍ਰਹਮੁਗਿਆਨ ਦਾ ਸੁਮੇਲ, ਸ਼ਬਦ ਦੀ ਕਮਾਈ।

ਤੀਸਰੇ ਦੀਵਾਨ ਵਿੱਚ ਦਾਨ ਕਰਨ ਦਾ ਫਲ, ਜਨਮ ਮਰਨ ਦੇ ਦੁਖ ਤੋਂ ਛੁਟਕਾਰਾ, ਹਰ ਬਿਮਾਰੀ ਇਲਾਜ 'ਜਪੁਜੀ ਸਾਹਿਬ', ਸਰੀਰ ਦੀ ਬਣਤਰ, ਆਤਮਾ ਤੇ ਪੰਜ ਪੜ੍ਹਦੇ, ਬਾਣੀ ਦੀ ਕਮਾਈ, ਸੰਤ ਅਤਰ ਸਿੰਘ ਜੀ ਮਹਾਰਾਜ ਮਸਤੁਆਣਾ ਸਾਹਿਬ, ਜੜ੍ਹ ਤੇ ਚੇਤਨ ਦਾ ਭੇਤ, ਮਨ ਦੀ ਮੈਲ ਕਿਵੇਂ ਦੂਰ ਹੋਵੇ? ਮੋਟੀ ਹਾਉਮੈਂ ਤੇ ਸੂਖਮ ਹਾਉਮੈਂ, ਬਾਣੀ ਪੜ੍ਹਨੀ ਪਹਿਲਾਂ, ਫੇਰ ਬਾਣੀ ਦੇ ਅਰਥ ਵੀਚਾਰ ਕਰਨੇ, ਫੇਰ ਬਾਣੀ ਦੇ ਭਾਵ

ਵਿਚ ਜਾਣਾ। ਫੇਰ ਬਾਣੀ ਨੂੰ ਮੰਨਣਾ।

ਚੌਥੇ ਦੀਵਾਨ ਵਿੱਚ ਮਹਾਂਪੁਰਖਾਂ ਨੇ ਭਗਤ ਸਧਨਾਂ ਜੀ ਦੇ ਜੀਵਨ ਤੇ ਪੰਛ ਝਾਤ ਮਾਰਦੇ ਹੋਏ ਦੱਸ ਰਹੇ ਹਨ ਕਿ ਕਿਰਤ ਸ਼ੁਧ ਹੋਣੀ ਚਾਹੀਦੀ ਹੈ, ਕਾਲ ਦਾ ਡੰਡਾ, ਸੰਸਾਰ ਦੀ ਸਚਾਈ, ਭੂਮੀ ਦਾ ਪਿਆਰ, ਸੰਤ ਈਸ਼ਰ ਸਿੰਘ ਜੀ ਮਹਾਰਾਜ ਦੀ ਘਾਲਣਾ ਕਮਾਈ ਉਨ੍ਹਾਂ ਵੱਲੋਂ ਰੂਹਾਂ ਦਾ ਉਧਾਰ, ਸਰੋਤੇ ਕਿੰਨੇ ਪ੍ਰਕਾਰ ਦੇ ਹੁੰਦੇ ਹਨ, ਵਿਛੜੀਆਂ ਰੂਹਾਂ ਦਾ ਉਧਾਰ, ਪਿਛਲੇ ਕੀਤੇ ਪਾਪ ਕਰਮਾਂ ਦਾ ਕਿਵੇਂ ਨਿਬੇੜਾ ਹੋ ਸਕਦਾ ਹੈ, ਗੁਰੂ ਛੇਵੇਂ ਪਤਿਸ਼ਾਹ ਜੀ ਦਾ ਸਿੱਖ ਸੰਤ ਰਾਮ।

ਪੰਜਵੇਂ ਦਿਵਾਨ ਅੰਦਰ ਮਹਾਂਪੁਰਖ ਦੱਸ ਰਹੇ ਹਨ ਕਿ ਮਨੁੱਖ ਦੇ ਅੰਦਰ ਕਿੰਨੇ ਸੁਭਾਅ ਹਨ, ਮਹਾਪੁਰਸ਼ ਕਿਸ ਨੂੰ ਕਹਿੰਦੇ ਹਨ, ਕਬੀਰ ਸਾਹਿਬ, ਈਬਰਾਹੀਮ ਆਦਮ, ਅਸ਼ਟਾਂਗ ਯੋਗ, ਪਾਤੰਜਿਲ ਰਿਸ਼ੀ, ਇਕ ਯੋਗੀ ਦੀ ਉਮਰ 5113 ਸਾਲ, ਯੋਗੀਆਂ ਦੀ ਗਤੀ ਅਤੇ ਗੁਰਮਤਿ ਦੀ ਧਾਰਾ ਵਿੱਚ ਕੀ ਫਰਕ ਹੈ, ਚੋਰੀ ਕਿੰਨੇ ਪ੍ਰਕਾਰ ਦੀ ਹੈ, ਧੀਰਜ, ਖਿਮਾਂ, ਦਇਆ, ਪਵਿਤਰਤਾ, ਨੇਮ, ਸੰਤੋਖ, ਆਸਣ, ਨਾਮ ਜਪਣ ਨਾਲ ਧਰਤੀ ਦੀ ਪਵਿਤੱਰਤਾ, ਮਨ ਨੂੰ ਰੋਕਣ ਦਾ ਸਾਧਨ, ਪ੍ਰਾਣਾ ਦਾ ਧਿਆਨ, ਅਸ਼ਟਾਂਗ ਯੋਗ ਅਤੇ ਗੁਰਮਤਿ ਵਿੱਚ ਫਰਕ ਕੀ ਹੈ, ਆਸਣ ਅਤੇ ਧਾਰਨਾਂ ਦੀ ਪੂਰੀ ਵਿਅਖਿਆ, ਪੰਜ ਭਰਮ, ਕੁੰਡਲਨੀ ਸ਼ਕਤੀ।

ਛੇਵੇਂ ਸਿਰਲੇਖ ਵਿੱਚ ਮਹਾਂਪੁਰਖ ਦੱਸ ਰਹੇ ਹਨ ਕਿ ਸੰਸਾਰ ਰਹਿਣ ਦੀ ਜਗ੍ਹਾਂ ਤਾਂ ਹੈ ਨਹੀਂ। ਰਾਜੇ ਪ੍ਰੀਸ਼ਦ ਨੂੰ ਕਾਲ ਨੇ ਕਿਵੇਂ ਆਪਣੇ ਵਸ ਕਰ ਲਿਆ ਅਤੇ ਮੌਤ ਹੋ ਗਈ, ਸਿਕੰਦਰ-ਏ-ਆਜ਼ਮ ਅਲੈਗਜ਼ੈਂਡਰ, ਵਾਹਿਗੁਰੂ ਜੀ ਨਾਮ ਅੰਦਰ ਹੀ ਪਿਆ ਹੈ।

ਸੱਤਵੇਂ ਸਿਰਲੇਖ ਹੇਠ ਮਹਾਂਪੁਰਖਾਂ ਨੇ ਦੱਸਿਆ ਹੈ ਕਿ ਹਉਮੈਂ ਕੀ ਹੈ? ਜੀਵਨ ਵਿਚ ਸਚਿਆਰਤਾ ਕਿਵੇਂ ਆ ਸਕਦੀ ਹੈ? ਇਸ਼ਕੇ ਮਿਜਾਜ਼ੀ, ਇਸ਼ਕੇ-ਹਕੀਕੀ, ਕਲਿਯੁਗ ਵਿੱਚ ਸਤਿਸੰਗ ਦਾ ਫਲ, ਸਰਬ ਯੋਗ, ਸਾਰੀਆਂ ਇੰਦਰੀਆਂ ਨੂੰ ਰੋਕ ਕੇ ਅੰਦਰ ਦੀ ਸਗੰਧੀ ਦਾ ਅਨੰਦ, ਜਾਗਦਾ ਕੌਣ ਹੈ? ਨਾਮਧਾਰੀ ਕੌਣ ਹੈ? ਮਾਇਆ ਧਾਰੀ ਕੌਣ ਹੈ? ਵਾਹਿਗੁਰੂ ਦੀ ਸ਼ਰਨ?

ਅੱਠਵੇਂ ਦੀਵਾਨ ਵਿੱਚ ਮਹਾਂਪੁਰਖਾਂ ਨੇ ਬਾਬਾ ਸਾਹਿਬ ਜੀ ਮਹਾਰਾਜ ਬੇਦੀ ਜੀ ਦੇ ਦਰਸ਼ਨਾ ਲਈ ਭਾਈ ਸੁਧ ਸਿੰਘ ਦਾ ਆਉਣਾ, ਸ੍ਰੀ ਮਾਨ ਸੰਤ ਬਾਬਾ ਕਰਮ ਸਿੰਘ ਜੀ ਮਹਾਰਾਜ ਹੋਤੀ ਮਰਦਾਨ, ਪਾਪ ਦਾ ਫਲ ਕੀ

ਹੁੰਦੈ? ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ, ਸਾਧੂਆਂ ਦੇ ਬਚਨਾਂ ਦੀ ਕਮਾਈ, ਕਰਮ, ਉਪਾਸ਼ਨਾ, ਗਿਆਨ, ਨੌਧਾ ਭਗਤੀ, ਵਾਹਿਗੁਰੂ ਜੀ ਨਾਲ ਪਿਆਰ, ਰਸਨਾ ਨਾਲ ਨਾਮ ਜਪਣ ਨਾਲ ਕੀ ਹੁੰਦਾ ਹੈ, ਸਵਾਸ ਨਾਲ ਨਾਮ ਸ਼ਕਤੀ ਦਾ ਅਭਿਆਸ, ਸੁਰਤ ਦਾ ਮੰਡਲ, ਤਿੰਨ ਤਰਾਂ ਦਾ ਧਿਆਨ ਕਿਹੜਾ ਹੈ, ਧਿਆਤਾ, ਧਿਆਨ, ਧੇਅ, ਅਨਹਦ ਸ਼ਬਦ, ਬੁਧੀ ਬਦਲ ਕੇ ਸੁਧੀ, ਵਾਹਿਗੁਰੂ ਜੀ ਨਾਲ ਜੀਵ ਦਾ ਸਬੰਧ ਕੀ ਹੈ।

ਆਸ ਹੈ ਕਿ ਮਹਾਂਪੁਰਖਾਂ ਵੱਲੋਂ ਆਪਣੀ ਘਾਲਣਾ ਕਮਾਈ ਵਿੱਚੋਂ ਪ੍ਰਗਟਾਏ ਗਏ ਇਹ ਪ੍ਰਵਚਨ 'ਅਨੁਭਵ ਪ੍ਰਕਾਸ਼' ਰੂਪ ਵਿੱਚ ਇਹ ਕਿਤਾਬ ਜਗਿਆਸੂਆਂ ਲਈ ਵਰਦਾਨ ਸਿੱਧ ਹੋਵੇਗੀ। ਜਿਸ ਨਾਲ ਰੂਹਾਨੀ ਰਸਤਿਆਂ ਤੇ ਫਸੇ ਜਗਿਆਸੂ ਨੂੰ ਕੱਢ ਕੇ ਨਾਮ-ਮਾਰਗ ਆਤਮ-ਮਾਰਗ ਲਈ ਪ੍ਰੇਰਨਾ ਦਾ ਸਰੋਤ ਬਣੇਗੀ।

ਇਸ ਕਿਤਾਬ ਨੂੰ ਮਹਾਂਪੁਰਖਾਂ ਦੀ 20ਵੀਂ ਬਰਸੀ ਅਤੇ ਸੰਤ ਮਾਤਾ ਬੀਜੀ ਦੀ 8ਵੀਂ ਬਰਸੀ ਤੇ ratwarasahib.com ਤੇ ਰਿਲੀਜ਼ ਕਰਨ ਦਾ ਸ਼ਰੇਅ ਭਾਈ ਮਨਜੀਤ ਸਿੰਘ ਅਮਰੀਕਾ ਤੋਂ ਲੈ ਰਹੇ ਹਨ।

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।

ਗੁਰਿੰਦਰ ਸਿੰਘ
ਸੇਵਾਦਾਰ "ਆਤਮ ਮਾਰਗ"
ਰੂਹਾਨੀ ਪਤ੍ਰਿਕਾ
ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ
ਮਿਤੀ 31.10.2021

# ਤੱਤਕਰਾ


| ਲੜੀ ਨੰ. | ਸਿਰਲੇਖ | ਪੰਨਾ ਨੰਬਰ |
|---|---|---|
| 1. | ਮੁਖ ਊਜਲ ਹਰਿ ਦਰਗਹ | 6 |
| 2. | ਬ੍ਰਹਮੁ ਉਪਦੇਸ਼ | 35 |
| 3. | ਅਨੁਭਵ ਪ੍ਰਕਾ81 | 81 |
| 4. | ਭਗਤ ਸਧਨਾ ਜੀ | 123 |
| 5. | ਅਸ਼ਟਾਂਗ ਯੋਗ ਅਤੇ ਗੁਰਮਤਿ | 150 |
| 6. | ਜਮਕਾਲ ਦਾ ਡੰਡਾ | 188 |
| 7. | ਸੰਜੋਗ ਵਿਜੋਗ | 219 |
| 8. | ਗਣਕਾ | 256 |
| 9. | ਸੱਚਾ ਪਿਆਰ | 302 |

# ਮੁਖ ਊਜਲ ਹਰਿ ਦਰਗਹ

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - 289*

*ਉਦਮੁ ਕਰਹੁ ਵਡਭਾਗੀਹੋ*
*ਸਿਮਰਹੁ ਹਰਿ ਹਰਿ ਰਾਇ ॥*
*ਨਾਨਕ ਜਿਸੁ ਸਿਮਰਤ ਸਭ ਸੁਖ ਹੋਵਹਿ*
*ਦੂਖੁ ਦਰਦੁ ਭ੍ਰਮੁ ਜਾਇ ॥* *ਅੰਗ - 456*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਮਹਾਰਾਜ ਜੀ ਨੇ ਇਲਾਜ ਦੱਸਿਆ ਹੈ ਦੁਖਾਂ ਦਾ ਤੇ ਦਰਦਾਂ ਦਾ। ਮੇਰੇ ਪਾਸ ਆਉਂਦੇ ਨੇ ਪ੍ਰੇਮੀ ਕਿ ਮੈਂ ਦੁਖੀ ਹਾਂ ਜੀ, ਮੇਰਾ ਸਰੀਰ ਦੁਖਦਾ ਹੈ ਜੀ, ਦਰਦ ਹੁੰਦਾ ਹੈ, ਮੈਨੂੰ ਘਾਟਾ ਪੈਂਦਾ ਹੈ, ਸਾਡੇ ਬਰਕਤ ਨਹੀਂ ਹੈ, ਬੇਅੰਤ ਕਿਸਮ ਦੇ ਸਵਾਲ ਲੈ ਕੇ ਆਉਂਦੇ ਨੇ। ਇਸ ਸ਼ਬਦ ਦੇ ਅੰਦਰ ਗੁਰੂ ਮਹਾਰਾਜ ਨੇ ਸਾਰਿਆਂ ਦਾ ਹਲ ਦਸ ਦਿੱਤਾ ਕਿ ਉਦਮ ਕਰੋ, ਸੁਸਤੀ ਨਾ ਧਾਰੋ ਏਸ ਮਾਮਲੇ ਦੇ ਅੰਦਰ। ਕਿਹੜੀ ਗੱਲ ਹੈ ਜਿਹਦੇ ਵਾਸਤੇ ਉਦਮ ਕਰਨਾ ਹੈ, ਤੁਸੀਂ ਵਾਹਿਗੁਰੂ ਨੂੰ ਯਾਦ ਰੱਖਣ ਦਾ ਉੱਦਮ ਕਰੋ, ਕਰਕੇ ਦੇਖ ਲਓ ਕੋਈ ਬੰਦਾ, ਜਿਹਦਾ ਜੀਅ ਕਰਦਾ ਹੈ, ਪਰਤਿਆ ਲਓ ਕੋਈ ਐਸੇ ਬਚਨ ਨਹੀਂ ਹਨ ਇਹ ਕਿ ਜਿਨ੍ਹਾਂ ਦੇ ਪਿੱਛੇ ਸਾਨੂੰ ਜਾ ਕੇ ਸੋਰਰੇ ਡਗ੍ਰਿਏ ਚੁਟ ਕਰਨੀ ਪੈਣੀ ਹੈ, ਇਹ ਅਕਾਲ ਪੁਰਖ ਦੇ ਆਪਣੇ ਬਚਨ ਨੇ। ਉਦਮ ਕਰਦੇ ਹਾਂ ਅਸੀਂ ਸਾਰੇ ਕੰਮਾ ਦੇ ਵਾਸਤੇ, ਹਲ ਜੋੜਦੇ ਹਾਂ, ਟਰੈਕਟਰ ਜੋੜਦੇ ਹਾਂ, ਟਿਊਬਵੈਲ ਚਲਾਉਂਦੇ ਹਾਂ ਤੇ ਹੋਰ ਕੰਮ ਕਰਦੇ ਹਾਂ। ਪੜ੍ਹਾਈ ਲਿਖਾਈ, ਨੌਕਰੀਆਂ ਚਾਕਰੀਆਂ, ਸਭ ਦੇ ਵਿਚ ਅਸੀਂ ਉਦਮ ਕਰਦੇ ਹਾਂ। ਉਹਦਾ ਫਲ ਕਿਸੇ ਹੱਦ ਤਕ ਹੋਇਆ ਕਰਦਾ ਹੈ। ਸਿਆਣਾ ਕਿਸਾਨ ਜਾਣਦਾ ਹੈ ਕਿ ਜੇ ਮੈਂ ਐਨੀ ਜੀਰੀ ਲਾਈ ਜਾਂ ਧਾਨ ਲਾਏ, ਜੇ ਮੈਂ ਵੱਧ ਤੋਂ ਵੱਧ ਉਪਜ ਪੈਦਾ ਕਰ ਲਈ ਤਾਂ ਮੇਰੇ ਐਨੇ ਹੋਣਗੇ, ਇਸ ਤੋਂ ਵੱਧ ਨਹੀਂ ਹੋਣਗੇ। ਸਿਆਣਾ ਬੰਦਾ ਦੋ ਚਾਰ ਬੱਲੀਆਂ ਦੇਖ ਕੇ ਹੀ ਸਾਰੇ ਖੇਤ ਦਾ ਅੰਦਾਜ਼ਾ ਲਾ ਦਿੰਦਾ ਹੈ ਕਿ ਐਨਾ ਹੋਏਗਾ, ਉਸ ਤੋਂ ਵੱਧ ਨਹੀਂ ਹੋ ਸਕਦਾ। ਪਰ ਇੱਕ ਖੇਤੀ ਐਸੀ ਹੈ ਜਿਹਦੇ ਫਲਾਂ ਦਾ ਕੋਈ ਹਿਸਾਬ ਨਹੀਂ ਹੈ। ਮਹਾਰਾਜ ਜੀ ਕਹਿੰਦੇ ਨੇ ਕਿ ਸ਼ਰਧਾ ਧਾਰ ਕੇ ਘਰ ਤੋਂ ਚੱਲੇ ਸਤਿਸੰਗ 'ਚ ਆਵੇ, ਇੱਥੇ ਗੁਰੂ ਦੀ ਬਾਣੀ ਸੁਣੇ, ਗੁਰੂ ਦੀ ਬਾਣੀ ਪੜ੍ਹੇ ਤੇ ਫੇਰ ਇਸਨੂੰ ਮੰਨੇ ਮੰਨ ਕੇ ਹਿਰਦੇ 'ਚ ਜੇ ਧਾਰਨ ਕਰ ਲਵੇ, ਤਾਂ

ਫਲ ਕਿੰਨਾ ਹੁੰਦਾ ਹੈ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥***

***ਅੰਗ - 546***

ਕਈ ਕਰੋੜ ਯੱਗਾਂ ਦਾ ਫਲ ਮਿਲ ਜਾਏਗਾ, ਜੇ ਅਸੀਂ ਰੋਜ਼ ਇੱਕ ਯੱਗ ਕਰੀਏ, ਜਦੋਂ ਤੋਂ ਪੈਦਾ ਹੋਏ, ਸਾਧਨ ਐਸਾ ਹੋਵੇ ਕਿ ਇਸ ਬੱਚੇ ਦੇ ਨਮਿਤ ਹਰ ਰੋਜ਼ ਇੱਕ ਯੱਗ ਕਰਨਾ ਹੈ। ਉਹ ਯੱਗ ਵਿਧੀਪੂਰਵਕ ਹੋਇਆ ਕਰਦੇ ਸੀ, ਜਿਵੇਂ ਅਖੰਡਪਾਠ ਵਿਧੀਪੂਰਵਕ ਹੁੰਦੇ ਨੇ ਇਸੇ ਤਰ੍ਹਾਂ ਯੱਗਾਂ ਦਾ ਹਜ਼ਾਰਾਂ ਰੁਪਿਆ, ਲੱਖਾਂ ਰੁਪਿਆ ਇੱਕ ਯੱਗ 'ਤੇ ਖਤਮ ਹੋ ਜਾਂਦਾ ਸੀ, ਕਿਉਂਕਿ ਕਿੰਨੀ ਹੀ ਦੱਛਣਾ ਦੇਣੀ ਪੈਂਦੀ ਸੀ, ਸੈਂਕੜੇ ਗਊਆਂ ਦਾਨ ਕਰਦੇ ਸੀ, ਖੁਰਾਂ ਨੂੰ ਸੋਨਾ ਲਾ ਕੇ, ਸਿੰਗਾਂ ਨੂੰ ਸੋਨਾ ਲਾ ਕੇ, ਪੂੰਛ ਦੇ ਉਤੇ ਪਿਛਲੇ ਪਾਸੇ ਸੋਨਾ ਬੰਨ੍ਹ ਕੇ, ਹਜ਼ਾਰਾਂ ਰੁਪਿਆਂ ਦਾ ਸੋਨਾ ਇੱਕ ਪਸ਼ੂ ਨੂੰ ਲਗ ਜਾਂਦਾ ਸੀ। ਸੈਂਕੜੇ ਪਸ਼ੂ ਦਾਨ ਕੀਤੇ ਜਾਂਦੇ ਸੀ ਯੱਗ ਦੇ ਉੱਤੇ। ਇਹ ਤਾਂ ਸੀਗਾ ਗਰੀਬ ਆਦਮੀਆਂ ਦਾ ਯੱਗ। ਜਿਹੜਾ ਵੱਡਿਆਂ-ਵੱਡਿਆਂ ਦੀ ਸੀ, ਉਹਦੇ 'ਚ ਲੱਖਾਂ ਗਊਆਂ ਦਾਨ ਕਰਦੇ ਸੀ, ਉਹ ਇੱਥੇ ਤੱਕ ਵੀ ਸੀ ਜਿਹੜੇ ਰੱਸੇ ਸੀ, ਰੱਸਿਆਂ ਦੀ ਥਾਂ 'ਤੇ ਸੋਨੇ ਦੇ ਸੰਗਲ ਪਾਉਂਦੇ ਸੀ। ਸਮੇਤ ਸੋਨੇ ਦੇ ਸੰਗਲ ਦੇ ਦਾਨ ਕਰ ਦਿੰਦੇ ਸੀ। ਹਜ਼ਾਰਾਂ ਗਊਆਂ ਦਾਨ ਹੋਇਆ ਕਰਦੀਆਂ ਸੀ ਯੱਗਾਂ ਦੇ ਅੰਦਰ। ਮਹਾਰਾਜ ਕਹਿੰਦੇ, ਕਿੰਨਾ ਫਲ ਹੈ, ਜੇ ਕੋਈ ਆਦਮੀ ਵਿਧੀਪੂਰਵਕ ਯੱਗ ਕਰਾ ਲਏ, ਜਿਹੜੇ ਕਰਨ ਵਾਲੇ ਨੇ, ਉਹ ਵੀ ਉੱਚ ਕੋਟੀ ਦੇ ਵਿਦਵਾਨ 'ਤੇ ਕਰਨੀ ਕਮਾਈ ਵਾਲੇ ਪੁਰਸ਼ ਹੋਣ। ਉਹਦਾ ਇੱਕ ਫਲ ਮਿਲਿਆ ਕਰਦਾ ਸੀ, ਉਹ ਵੀ ਜੇ ਯੱਗ ਸੰਪੂਰਨ ਹੋ ਜਾਵੇ, ਪਰ ਸੰਪੂਰਨ ਨਹੀਂ ਸੀ ਹੋਇਆ ਕਰਦੇ। ਅਧੂਰੇ ਹੀ ਰਹਿ ਜਾਇਆ ਕਰਦੇ ਸੀ। ਅਖੰਡਪਾਠ ਸਾਰੇ ਹੀ ਕਰਾਉਂਦੇ ਨੇ ਪਰ ਸੰਪੂਰਨ ਬਹੁਤ ਵਿਰਲਿਆਂ ਦਾ ਹੁੰਦਾ ਹੈ, ਫਲ ਵਿਰਲਿਆਂ ਨੂੰ ਪ੍ਰਾਪਤ ਹੁੰਦਾ ਹੈ, ਕਿਉਂਕਿ ਵਿਧੀ ਹੁੰਦੀ ਹੈ, ਕਿਉਂਕਿ ਵਿਧੀ ਦੇ ਮੁਤਾਬਿਕ ਜਿਥੇ ਗਲਤੀ ਹੋ ਜਾਵੇ ਭੋਰਾ ਕੁ ਉਥੇ ਹੀ ਰਹਿ ਜਾਣਾ ਹੈ। ਪਾਂਡਵਾਂ ਨੇ ਯੱਗ ਕਰਿਆ ਨਹੀਂ ਸੰਪੂਰਨ ਹੋਇਆ, ਛੇ ਮਹੀਨੇ ਲੱਗੇ ਰਹੇ। ਕ੍ਰਿਸ਼ਨ ਮਹਾਰਾਜ ਪੱਤਲਾਂ ਜੂਠੀਆਂ ਚੁੱਕਦੇ ਰਹੇ, ਆਏ ਅਤਿਥੀਆਂ ਦੇ ਚਰਨ ਧੋਂਦੇ ਰਹੇ, ਛੇ ਮਹੀਨੇ ਲਗਾਤਾਰ ਚਲਦਾ ਰਿਹਾ, ਯੱਗ ਸੰਪੂਰਨ ਨਾ ਹੋਇਆ। ਨਿਸ਼ਾਨੀ ਇਹ ਰੱਖੀ ਸੀ ਕਿ ਬਾਂਸ ਦੇ ਉੱਤੇ ਸੰਖ ਬੰਨ੍ਹ ਦਿਓ, ਜੇ ਪੂਰੇ ਜ਼ੋਰ ਨਾਲ ਬੋਲ ਪਿਆ ਤਾਂ ਯੱਗ ਸੰਪੂਰਨ ਹੋ ਗਿਆ। ਪਰ ਨਾ ਹੋਇਆ ਤਾਂ ਅਖੀਰ ਬਾਲਮੀਕੀ ਰਿਸ਼ੀ ਨੂੰ ਲਿਆਂਦਾ ਜੋ ਚੰਡਾਲ ਜਾਤੀ ਨਾਲ ਸਬੰਧ ਰਖਦਾ ਸੀ। ਮਰੇ ਹੋਏ ਪਸ਼ੂਆਂ ਦਾ ਮਾਸ ਖਾਣ ਵਾਲਿਆਂ ਨਾਲ ਸਬੰਧ ਰਖਦਾ ਸੀ ਤੇ ਉਹਦੇ ਆਉਂਦੇ ਸਾਰ ਜਦ ਉਹਨੇ ਪ੍ਰਸ਼ਾਦਾ ਛਕ ਕੇ ਚੂਲਾ ਪੜ੍ਹਿਆ, ਚੂਲਾ ਪੜ੍ਹਦੇ ਸਾਰ ਪੂਰੇ ਜ਼ੋਰ ਨਾਲ ਸੰਖ ਗੱਜ ਪਿਆ। ਪਹਿਲਾਂ ਬਥੇਰੇ ਬੁਲਾਏ ਨਹੀਂ ਵੱਜਿਆ। ਸੋ ਵਿਰਲੇ ਦਾ ਹੈ ਕਿ ਯੱਗ ਸੰਪੂਰਨ ਹੋਵੇ। ਇਹ ਵੀ ਕਿੰਨੇ ਮਹੀਨੇ ਲੱਗੇ ਰਹੇ, ਲੱਖਾਂ ਕਰੋੜਾਂ ਰੁਪਏ ਲੱਗ ਗਏ, ਦਾਨ ਦਿੱਤਾ ਅਰਬਾਂ ਰੁਪਏ, ਤਾਂ ਵੀ ਮਸਾਂ ਸੰਪੂਰਨ ਹੋਇਆ। ਮਹਾਰਾਜ ਕਹਿੰਦੇ,

ਕਲਜੁਗ ਦੇ ਅੰਦਰ ਐਨੀ ਰਿਆਇਤ ਗੁਰੂ ਨਾਨਕ ਪਾਤਸ਼ਾਹ ਨੇ ਦੇ ਦਿੱਤੀ ਕਿ ਜੇ ਕੋਈ ਘਰ ਤੋਂ ਚੱਲ ਕੇ ਆਵੇ, ਸ਼ਰਧਾ ਦੇ ਨਾਲ, ਜਿੰਨੇ ਕਦਮ ਕੋਈ ਪੁੱਟ ਕੇ ਆਉਂਦਾ ਹੈ, ਓਨੇ ਯੱਗਾਂ ਦਾ ਫਲ ਉਹਨੂੰ ਮਿਲ ਜਾਇਆ ਕਰਦਾ ਹੈ। ਇੱਥੇ ਆ ਕੇ ਜਦੋਂ ਸ਼ਰਧਾ ਦੇ ਨਾਲ ਬਚਨ ਸੁਣਦਾ ਹੈ, ਸੁਣ ਕੇ ਬਾਣੀ ਦੇ ਵਿੱਚ ਬੋਲਦਾ ਹੈ, ਵਿਚਾਰਦਾ ਹੈ, ਮੰਨਦਾ ਹੈ, ਫੇਰ ਉਹਦੇ ਮੁਤਾਬਿਕ ਆਪਣਾ ਜੀਵਨ ਢਾਲਦਾ ਹੈ, ਉਹਨੂੰ ਕਿੰਨਾਂ ਫਲ ਹੋ ਜਾਏਗਾ। ਬਾਣੀ ਨੂੰ ਸਤਿ ਕਰਕੇ ਮੰਨਦਾ ਹੈ, ਪਹਿਲਾਂ ਤਾਂ ਮਹਾਰਾਜ ਜੀ ਨੇ ਦੱਸਿਆ ਹੈ ਕਿ ਬਾਣੀ ਦਾ ਫਲ ਕਿਵੇਂ ਮਿਲਦਾ ਹੁੰਦਾ ਹੈ, ਉਹ ਇਹ ਹੈ ਕਿ -

***ਸੇਵਕ ਸਿਖ ਪੂਜਣ ਸਭਿ ਆਵਹਿ***
***ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥ ਅੰਗ - 669***

ਆਉਂਦੇ ਸਾਰੇ ਹੀ ਨੇ, ਗਾਉਂਦੇ ਵੀ ਸਾਰੇ ਹੀ ਨੇ, ਹੁਣ ਥਾਉਂ ਕਿਹਦਾ ਪੈਂਦਾ ਹੈ -

***ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ***
***ਜਿਨ ਸਤਿਗੁਰ ਕੀ ਆਗਿਆ***
***ਸਤਿ ਸਤਿ ਕਰਿ ਮਾਨੀ ॥ ਅੰਗ - 669***

'ਜਿਨ੍ਹਾਂ' ਕਹਿ ਦਿੱਤਾ, ਇਹਦਾ ਮਤਲਬ ਹੈ ਕਿ ਸਾਰਿਆਂ ਦਾ ਤਾਂ ਨਹੀਂ ਹੁੰਦਾ, ਸ਼ਰਤ ਲਾ ਦਿਤੀ ਕਿ ਸਿਰਫ ਉਨ੍ਹਾਂ ਦਾ ਹੁੰਦਾ ਹੈ, ਜਿਹੜੇ ਗੁਰੂ ਦੀ ਆਗਿਆ ਨੂੰ ਸਤਿ ਕਰਕੇ ਮੰਨ ਜਾਂਦੇ ਨੇ। ਮੰਨ ਕੇ ਫੇਰ ਜੀਵਨ ਉਸ ਤਰ੍ਹਾਂ ਦਾ ਕਰਦੇ ਨੇ। ਸੋ ਇੱਥੇ ਮਹਾਰਾਜ ਫੁਰਮਾਨ ਕਰਦੇ ਨੇ ਕਿ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥***
***ਅੰਗ - 546***

ਕਈ ਕਰੋੜ ਯੱਗਾਂ ਦਾ ਫਲ ਮਿਲਦਾ ਹੈ, ਜਿਹੜੇ ਵਿਧੀਪੂਰਵਕ ਸੁਣਦੇ ਨੇ ਤੇ ਗਾਉਂਦੇ ਨੇ। ਜੇ ਪੈਦਾ ਹੋਣ ਵਾਲੇ ਦਿਨ ਤੋਂ ਯੱਗ ਕਰਨੇ ਸ਼ੁਰੂ ਕਰ ਦੇਈਏ, ਸੌ ਸਾਲ ਦੀ ਉਮਰ ਵਾਲਾ ਬੰਦਾ ਹੋਵੇ, ਤਾਂ ਸਾਰੀ ਉਮਰ ਦੇ ਵਿੱਚ ਛੱਤੀ ਹਜ਼ਾਰ ਪੰਜ ਸੌ ਯੱਗ ਹੁੰਦਾ ਹੈ। ਲੱਖ ਵੀ ਨਾ ਹੋਇਆ। ਪੌਣੇ ਤਿੰਨ ਸਾਲਾਂ ਦੇ ਵਿੱਚ ਜਾ ਕੇ ਇੱਕ ਲੱਖ ਹਜਾਰ ਬਣ ਜਾਂਦਾ ਹੈ ਤੇ ਇਸੇ ਤਰ੍ਹਾਂ ਦੇ ਨਾਲ ਜੇ ਲਗਾਤਾਰ ਕਰਦਾ ਚਲਿਆ ਜਾਂਦਾ ਹੈ, ਤਾਂ ਬੜੀ ਮੁਸ਼ਕਲ ਦੇ ਨਾਲ ਥੋੜ੍ਹੇ ਜਿਹੇ ਯੱਗ ਹੋਇਆ ਕਰਦੇ ਨੇ। ਇੱਥੇ ਕਈ ਕਰੋੜ ਯੱਗਾਂ ਦਾ ਫਲ ਮਿਲਦਾ ਹੈ, ਸੋ ਮਹਾਰਾਜ ਜੀ ਦੀ ਬਾਣੀ ਕਹਿੰਦੀ ਹੈ ਕਿ -

'ਉਦਮੁ ਕਰਹੁ ਵਡਭਾਗੀਹੋ' ਵੱਡੇ ਭਾਗਾਂ ਵਾਲਿਓ ਤੁਸੀਂ ਉਦਮ ਕਰੋ। ਕਿਹੜੀ ਗੱਲ ਵਾਸਤੇ? 'ਸਿਮਰਹੁ ਹਰਿ ਹਰਿ ਰਾਇ' ਗੁਰੂ ਮਹਾਰਾਜ ਨੇ ਇੱਕ ਹੋਰ ਥਾਂ ਬੜਾ ਸੁਖਾਲਾ ਕਰਕੇ ਦੱਸਿਆ ਹੈ ਕਿ -

***ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥***

*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਅੰਗ - 305*

ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ, ਫੇਰ ਉਸ ਤੋਂ ਬਾਅਦ ਬੈਠ ਜਾਵੇ ਤੇ ਜਿਹੜਾ ਪੰਜਾਂ ਪਿਆਰਿਆਂ ਨੇ ਨਾਮ ਦਿੱਤਾ ਹੈ ਉਹਦੀ ਅਰਾਧਨਾ ਸ਼ੁਰੂ ਕਰ ਦੇਵੇ। ਜਪਣਾ ਸ਼ੁਰੂ ਕਰ ਦੇਵੇ ਉਹਨੂੰ। ਸਾਰੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ, ਦੋ ਤਿੰਨ ਗੱਲਾਂ ਕਰਨ ਦੇ ਨਾਲ। ਪਾਪ ਨਹੀਂ ਰਹਿੰਦਾ, ਪਾਪ ਤਾਂ ਇੱਕ ਵਾਰੀ ਨਾਮ ਜਪਣ ਨਾਲ ਚਲਿਆ ਜਾਂਦਾ ਹੈ। ਜੇ ਕਿਸੇ ਨੂੰ ਜਪਣ ਦੀ ਜਾਂਚ ਆ ਜਾਵੇ।

*ਹਰਿ ਕੋ ਨਾਮੁ ਕੋਟਿ ਪਾਪ ਪਰਹਰੈ ॥ ਅੰਗ - 264*

ਕਰੋੜਾਂ ਪਾਪਾਂ ਨੂੰ ਨਾਸ਼ ਕਰਨ ਵਾਲਾ ਪ੍ਰਭੂ ਦਾ ਨਾਮ ਹੈ। ਕਹਿੰਦੇ ਉਦਮ ਕਰਕੇ ਵਾਹਿਗੁਰੂ ਨੂੰ ਯਾਦ ਕਰੋ। ਫੇਰ ਇਹਦਾ ਫਲ ਕੀ ਹੋਏਗਾ। ਕਹਿੰਦੇ - 'ਜਿਸੁ ਸਿਮਰਤ ਸਭ ਸੁਖ ਹੋਵਹਿ ਦੂਖੁ ਦਰਦੁ ਭ੍ਰਮੁ ਜਾਇ ॥' ਜਿਹਨੂੰ ਸਿਮਰਨ ਦੇ ਨਾਲ ਸਾਰੇ ਸੁਖ ਜਿੰਨੇ ਬੰਦਾ ਚਾਹੁੰਦਾ ਹੈ, ਓਨੇ ਹੀ ਮਿਲ ਜਾਂਦੇ ਨੇ। ਦੁੱਖ ਵੀ ਜਾਏਗਾ, ਦਰਦ ਵੀ ਜਾਏਗਾ ਤੇ ਪੰਜ ਭਰਮ ਜਿਹੜੇ ਪਏ ਹੋਏ ਨੇ ਸਾਨੂੰ ਉਨ੍ਹਾਂ ਦਾ ਵੀ ਨਾਸ਼ ਹੋ ਜਾਏਗਾ।

*ਨਾਮੁ ਜਪਤ ਗੋਬਿੰਦ ਨਹ ਅਲਸਾਈਐ ॥ ਅੰਗ - 456*

ਫੇਰ ਅੱਗੇ ਮਹਾਰਾਜ ਦਸਦੇ ਨੇ ਕਿ ਜਦੋਂ ਤੁਸੀਂ ਭਜਨ ਕਰੋਂ ਨਾ ਆਲਸ ਨਾ ਆਪਣੇ ਅੰਦਰ ਆਉਣ ਦਿਓ। ਐਉਂ ਨਹੀਂ ਕਿ ਓਧਰ ਨਾਮ ਜਪਦਾ ਹੈ ਤੇ ਓਧਰ ਨੀਂਦ ਦੇ ਝੂਟੇ ਲੈਂਦਾ ਹੈ। ਤੁੰਦਰਾ ਨੀਂਦ ਪੈ ਗਈ। ਪਤਾ ਹੀ ਨਹੀਂ ਲੱਗਿਆ ਕਿ ਮੈਂ ਜਪਿਆ ਹੈ ਨਾਮ ਕਿ ਨਹੀਂ। ਦਿਨ ਚੜ੍ਹ ਗਿਆ ਉਸੇ ਤਰ੍ਹਾਂ ਦੇ ਨਾਲ।

*ਭੇਟਤ ਸਾਧੂ ਸੰਗ ਜਮ ਪੁਰਿ ਨਹ ਜਾਈਐ ॥ ਅੰਗ - 456*

ਸੰਤਾਂ ਦੀ ਸੰਗਤ ਮਿਲ ਜਾਵੇ, ਜਮਾਂ ਦਾ ਦਰਵਾਜ਼ਾ ਉਹਦੇ ਵਾਸਤੇ ਬੰਦ ਹੋ ਜਾਂਦਾ ਹੈ। ਜੇ ਭਲਾਂ ਕਿਤੇ ਚਲਿਆ ਵੀ ਜਾਵੇ ਨਾ ਭੁੱਲ ਭੁਲੇਖੇ, ਫੇਰ ਕੀ ਹੁੰਦਾ ਹੈ। ਫੇਰ ਮਹਾਰਾਜ ਐਸਾ ਫੁਰਮਾਨ ਕਰਦੇ ਨੇ -

*ਧਾਰਨਾ - ਧਰਮਰਾਜਾ ਵੀ ਕਰੇਗਾ ਸੇਵਾ,*
*ਸਾਧੂਆਂ ਦੇ ਸੰਗੀਆਂ ਦੀ।*

*ਸਾਧਸੰਗਿ ਧਰਮ ਰਾਇ ਕਰੇ ਸੇਵਾ ॥*
*ਸਾਧ ਕੈ ਸੰਗਿ ਸੋਭਾ ਸੁਰਦੇਵਾ ॥ ਅੰਗ - 271*

ਸੁਰ ਦੇਵ, ਕਹਿੰਦੇ ਨੇ ਦੇਵਤਿਆਂ ਦਾ ਦੇਸ਼। ਉਥੇ ਵੀ ਸੋਭਾ ਹੋਣੀ ਸ਼ੁਰੂ ਹੋ ਜਾਂਦੀ ਹੈ, ਜੋ ਸਤਿਸੰਗ ਕਰਦੇ ਨੇ, ਸਾਧੂਆਂ ਦੀ ਸੰਗਤ ਕਰਦੇ ਨੇ, ਬਚਨ ਕਮਾਉਂਦੇ ਨੇ ਤੇ ਮੰਨਦੇ ਨੇ, ਮੰਨ ਕੇ ਫੇਰ ਪ੍ਰਾਪਤੀ ਕਰਦੇ ਨੇ। ਇੱਕ ਵਾਰੀ ਬਾਬਾ ਸਾਹਿਬ ਸਿੰਘ ਜੀ ਮਹਾਰਾਜ ਜੋ ਇਸੇ ਰਾੜਾ ਸਾਹਿਬ ਦੀ ਸੰਪਰਦਾ ਤੋਂ ਉਪਰਲੇ ਮਹਾਤਮਾ ਹੋਏ ਨੇ, ਗੁਰੂ ਨਾਨਕ ਦੀ ਗਿਆਰ੍ਹਵੀਂ ਜਾਂ ਬਾਰ੍ਹਵੀਂ ਓਲਾਦ। ਆਪ ਦੇ ਨਾਲ ਬਹੁਤ ਸਿੰਘ ਰਿਹਾ ਕਰਦੇ ਸੀ। ਬਹੁਤ ਸੇਵਾ ਵੀ ਕਰਦੇ ਸੀ, ਬਹੁਤ ਸਾਰੇ ਫੌਜਾਂ ਦੇ ਰੂਪ ਦੇ ਵਿਚ

ਤਨਖਾਹਦਾਰ ਵੀ ਸੀਗੇ। ਆਪ ਦੇ ਲੰਗਰ ਦੇ ਵਿੱਚ ਇੱਕ ਭਾਗ ਸਿੰਘ ਨਾਮ ਦਾ ਪ੍ਰੇਮੀ ਸੇਵਾ ਕਰਿਆ ਕਰਦਾ ਸੀ, ਇੱਕ ਸਿੰਘ ਬਾਬਾ ਜੀ ਨੂੰ ਕਹਿਣ ਲੱਗਿਆ, ਬਾਬਾ ਜੀ! ਭਾਗ ਸਿੰਘ ਜੀ ਦੀ ਮਾਤਾ ਜੀ ਚੜ੍ਹਾਈ ਕਰ ਗਏ। ਮਹਾਂਪੁਰਸ਼ਾਂ ਦਾ ਫਰਜ਼ ਹੁੰਦਾ ਹੈ ਦੇਖਣਾ ਕਿ ਕਿਤੇ ਐਸਾ ਤਾਂ ਨਹੀਂ ਹੋਇਆ ਕਿ ਜਮਦੂਤ ਲੈ ਗਏ ਹੋਣ ਉਸ ਦੀ ਰੂਹ ਨੂੰ ਗਲਤੀ ਦੇ ਨਾਲ। ਅੰਤਰ ਧਿਆਨ ਹੋ ਕੇ ਸਾਰਾ ਕੁਛ ਦੇਖ ਲਿਆ, ਕਹਿੰਦੇ ਭਾਈ ਗੁਰਮੁਖੋ! ਉਹਦੇ ਸਰੀਰ ਦਾ ਸਸਕਾਰ ਨਾ ਕਰਨਾ। ਸਾਨੂੰ ਪੁੱਛ ਕੇ ਕਰਨਾ, ਸਾਰੇ ਇੱਕ ਦੂਜੇ ਵਲ ਦੇਖਣ ਲੱਗ ਗਏ ਕਿ ਕੋਈ ਇਸ ਗੱਲ ਵਿੱਚ ਭੇਤ ਹੈ, ਮਹਾਂਪੁਰਸ਼ ਜੇ ਗੱਲ ਕਰਦੇ ਨੇ, ਉਹ ਭਾਵੇਂ ਸਪਸ਼ਟ ਰੂਪ ਵਿੱਚ ਕਰਿਆ ਨਹੀਂ ਕਰਦੇ, ਲੇਕਿਨ ਫੇਰ ਵੀ ਨਿਦਚਿਓਟੌਨਿ ਦੇ ਜਾਂਦੇ ਨੇ, ਰਮਜ਼ ਦੇ ਜਾਂਦੇ ਨੇ ਕਿ ਕੋਈ ਗੱਲ ਹੈ ਇਹਦੇ ਵਿੱਚ। ਬਚਨ ਮੰਨਣ ਆਏ ਸੀ ਤੇ ਕਹਿਣ ਲੱਗੇ ਮਹਾਂਪੁਰਸ਼ਾਂ ਦਾ ਜੋ ਬਚਨ ਹੈ, ਪੁੱਛ ਕੇ ਹੀ ਸਸਕਾਰ ਕਰਾਂਗੇ। ਇਧਰਲੇ ਪਾਸੇ ਕੀ ਹੋਇਆ ਮਾਤਾ ਨੂੰ ਧਰਮਰਾਜ ਦੀ ਦਰਗਾਹ 'ਚ ਦੂਤ ਲੈ ਗਏ, ਇੱਕ ਜਮਦੂਤ ਹੁੰਦੇ ਨੇ, ਇੱਕ ਦੂਤ ਹੁੰਦੇ ਨੇ। ਇੱਕ ਤਾਂ ਉਹ ਹੁੰਦੇ ਨੇ ਜੋ ਪੁਲਿਸ ਦੇ ਸਿਪਾਹੀਆਂ ਵਾਂਗੂੰ ਕੁੱਟਦੇ ਮਾਰਦੇ ਹੀ ਲਿਜਾਂਦੇ ਨੇ, ਇੱਕ ਉਹ ਹੁੰਦੇ ਨੇ ਜਿਹੜੇ ਗਾਈਡ ਬਣ ਕੇ ਆਉਂਦੇ ਨੇ, ਬੜੇ ਧਿਆਨ ਦੇ ਨਾਲ ਲੈ ਕੇ ਜਾਂਦੇ ਨੇ ਕਿ ਕੋਈ ਇਹਨੂੰ ਰਸਤੇ 'ਚ ਤਕਲੀਫ ਨਾ ਹੋਵੇ। ਜਿਹੜੇ ਹਨ ਦੁਸ਼ਟ ਆਤਮਾਵਾਂ, ਇਨ੍ਹਾਂ ਨੂੰ ਲੈਣ ਵਾਸਤੇ ਜਮਦੂਤ ਆਇਆ ਕਰਦੇ ਨੇ। ਜਿਹੜੇ ਚੰਗੇ ਪੁਰਸ਼ ਨੇ, ਨੇਕ ਜੀਵਨ ਬਤੀਤ ਕਰਦੇ ਨੇ ਉਨ੍ਹਾਂ ਨੂੰ ਨਹੀਂ ਲੈਣ ਜਮਦੂਤ ਆਇਆ ਕਰਦੇ ਸਾਰਿਆਂ ਨੂੰ ਇੱਕ ਰੱਸੇ ਨਹੀਂ ਵਲੇਟਦੇ। ਪਰ ਇਹ ਹੈਗਾ ਕਿ ਉਨ੍ਹਾਂ ਦਾ ਰਸਤਾ ਜਿਹੜਾ ਹੈ ਉਹੀ ਹੁੰਦਾ ਹੈ ਜਿਹੜਾ ਦੂਜਿਆ ਦਾ ਹੁੰਦਾ ਹੈ, ਰਸਤਾ ਬੜਾ ਖਤਰਨਾਕ ਹੈ।

ਸੋ ਮਾਤਾ ਨੂੰ ਲੈ ਕੇ ਚਲੇ ਗਏ, ਜਦੋਂ ਧਰਮਰਾਜ ਦੇ ਗਏ, ਕਹਿਣ ਲੱਗੇ ਇਹਦਾ ਕਿਰਦਾਰ ਕੱਢੋ ਕਿੰਨਾ ਹੈ, ਜਿਵੇਂ ਵੀਡੀਓ ਫਿਲਮ ਲਗ ਜਾਂਦੀ ਹੈ, ਇਸ ਤਰ੍ਹਾਂ ਉਥੇ ਫਿਲਮ ਲਗ ਜਾਂਦੀ ਹੈ, ਕੰਮਪਿਊਟਰਾਈਜ਼ਡ ਹੈ ਜਿੰਨੇ ਪਾਪ ਨੇ ਛਾਣ ਕੇ ਇੱਕ ਪਾਸੇ ਧਰ ਦਿੱਤੇ ਜਾਂਦੇ ਨੇ, ਪੁੰਨ ਦੂਜੇ ਪਾਸੇ ਤੇ ਜਦੋਂ ਉਹਦਾ ਨਾਉਂ ਕੱਢਣ ਲੱਗੇ। ਨਾਉਂ ਹੀ ਨਾ ਲੱਭਿਆ। ਚਿਤਰਗੁਪਤ ਕਹਿਣ ਲੱਗੇ, ਮਹਾਰਾਜ! ਇਹਦਾ ਤਾਂ ਨਾਉਂ ਆਪਣੇ ਕੋਲ ਨਹੀਂ ਹੈ। ਉਹ ਕਹਿਣ ਲੱਗੇ ਕਿ ਫੇਰ ਤੁਸੀਂ ਗਲਤੀ ਨਾਲ ਲੈ ਆਏ, ਕਿਉਂਕਿ ਮੇਰੇ ਕੋਲ ਤਾਂ ਉਨ੍ਹਾਂ ਦੇ ਨੇ ਜਾਂ ਪੁੰਨੀਆਂ ਦੇ ਜਾਂ ਪਾਪੀਆਂ ਦੇ। ਪਾਪੀਆਂ ਦਾ ਨਾਉਂ ਤਾਂ ਮੇਰੇ ਕੋਲ ਆਉਣੇ ਹੀ ਆਉਣੇ ਨੇ।

***ਧਰਮ ਰਾਇ ਨੋ ਹੁਕਮੁ ਹੈ***
***ਬਹਿ ਸਚਾ ਧਰਮੁ ਬੀਚਾਰਿ ॥***
***ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥***

***ਅੰਗ - 38***

ਪਰ ਪੁੰਨੀ ਮੇਰੇ ਕੋਲ ਕਿਉਂ ਆਉਂਦੇ ਨੇ, ਕਿਉਂਕਿ ਉਹ ਪੁੰਨ ਬੀਜਦੇ ਨੇ, ਧਰਤੀ 'ਤੇ ਜਾ ਕੇ। ਜੀਵਨ ਦੇ ਅੰਦਰ ਪੁੰਨ ਬੀਜਦੇ ਨੇ। ਪਰ ਇੱਕ

ਉਹ ਗਲਤੀ ਕਰਦੇ ਨੇ ਕਿ ਉਹਦਾ ਫਲ ਮੰਗ ਲੈਂਦੇ ਨੇ। ਦੁਨੀਆ 'ਚ ਫਲ ਮੰਗ ਲਓ, ਕਹਾਵਤ ਇਹ ਹੈ ਕਿ ਦਸ ਗੁਣਾਂ ਹੈ ਤੇ 70 ਹੈਗਾ ਦਰਗਾਹ ਦੇ ਵਿੱਚ। ਪਰ ਇਹਦੇ ਉੱਤੇ ਮਹਾਂਪੁਰਸ਼ differ ਕਰਦੇ ਨੇ। ਇੱਕ ਮਤ ਨਹੀਂ, ਉਹ ਕਹਿੰਦੇ ਜਿਹੜਾ ਪੁੰਨ ਦਾਨ ਬ੍ਰਹਮਗਿਆਨੀ ਦੇ ਹੱਥੀਂ ਹੋ ਜਾਣਾ ਹੈ, ਉਹਦਾ ਫਲ ਹਜ਼ਾਰਾਂ ਗੁਣਾਂ ਹੋਇਆ ਕਰਦਾ ਹੈ। ਉਹਦੇ 'ਚ limit ਨਹੀਂ ਕਿ ਦਸ ਗੁਣਾਂ ਇੱਥੇ ਮਿਲਣਾ ਹੈ। ਇੱਥੇ ਵੀ ਬੇਅੰਤ ਮਿਲ ਜਾਂਦਾ ਹੈ, ਦਰਗਾਹ 'ਚ ਵੀ ਬੇਅੰਤ ਮਿਲ ਜਾਂਦਾ ਹੈ। ਸੋ ਉਹ ਜਦੋਂ ਚਾਹੁੰਦੇ ਨੇ ਕਿ ਮੇਰੇ ਪੁੰਨਾਂ ਦਾ ਫਲ ਮੈਨੂੰ ਸਵਰਗ ਦੇ ਰੂਪ ਵਿੱਚ ਮਿਲੇ ਤਾਂ ਉਨ੍ਹਾਂ ਨੂੰ ਧਰਮਰਾਜ ਦੇ ਜਾਣਾ ਪੈਂਦਾ ਹੈ।

***ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥***

***ਅੰਗ - 1414***

ਦੋ ਕਿਸਮ ਦੇ ਉਤੇ ਬੰਦੇ ਜਾਂਦੇ ਨੇ, ਨਾ ਉਥੇ ਭਗਤ ਜਾਂਦੇ ਨੇ, ਨਾ ਯੋਗ ਭ੍ਰਿਸ਼ਟ ਜਾਂਦੇ ਨੇ ਉਨ੍ਹਾਂ ਦੇ ਰਸਤੇ ਹੋਰ ਨੇ। ਸੋ ਕਹਿਣ ਲੱਗਿਆ ਕਿ ਤੁਸੀਂ ਗੁਰੂ ਨਾਨਕ ਪਾਤਸ਼ਾਹ ਦੇ ਮੰਡਲ ਦੀ ਰੂਹ ਮੇਰੇ ਕੋਲ ਕਿਉਂ ਲੈ ਕੇ ਆਏ ਹੋਂ। ਕਹਿੰਦੇ, ਐਉਂ ਕਰੋ, ਜਲਦੀ ਇਹਨੂੰ ਲਿਜਾ ਕੇ ਸਰੀਰ ਵਿੱਚ ਪਾ ਦਿਓ। ਐਸਾ ਨਾ ਹੋਵੇ, ਸਰੀਰ ਦਾ ਸਸਕਾਰ ਹੋ ਜਾਵੇ। ਉਸੇ ਵੇਲੇ ਬੜੀ ਸੇਵਾ ਕਰੀ, ਦੱਸਿਆ ਕਿ ਜੇ ਤੁਸੀਂ ਮੈਨੂੰ ਗੁਰੂ ਨਾਨਕ ਦਾ ਮੰਡਲ ਦਿਖਾ ਦੇਵੋਂ। ਕਹਿੰਦੇ, ਸਮਾਂ ਨਹੀਂ ਹੈ, ਕਿਉਂਕਿ ਛੇਤੀ ਜਾਣਾ ਹੈ, ਜੇ ਤੁਹਾਡਾ ਸਰੀਰ ਜਲ ਗਿਆ, ਫੇਰ ਤੁਹਾਡੀ ਰੂਹ ਕਾਹਦੇ 'ਚ ਪਵੇਗੀ। ਪਰ ਫੇਰ ਬਾਰ-ਬਾਰ ਕਹਿਣ 'ਤੇ, ਕਹਿਣ ਲੱਗੇ ਕਿ ਚਲੋ ਜਾਂਦੇ-ਜਾਂਦੇ ਉਪਰੋਂ ਹੀ ਲੰਘਾ ਦਿੰਦੇ ਹਾਂ। ਸੋ ਜੀਉਂਦੀ ਹੋ ਗਈ, ਜੀਉਂਦੀ ਹੋ ਗਈ ਤਾਂ ਬੜੀਆਂ ਖੁਸ਼ੀਆਂ ਹੋ ਗਈਆਂ ਕਿ ਬਾਬਾ ਜੀ ਦਾ ਬਚਨ ਸੀ ਕਿ ਸਸਕਾਰ ਨਾ ਕਰਿਓ, ਉਨ੍ਹਾਂ ਨੂੰ ਪਹਿਲਾਂ ਹੀ ਪਤਾ ਸੀ ਕਿ ਇਹਨੇ ਜੀਉਂਦੀ ਹੋਣਾ ਹੈ। ਬਾਬਾ ਜੀ ਕੋਲ ਚਲੇ ਗਏ, ਜਾ ਕੇ ਸਾਰਾ ਹਾਲ ਦੱਸਿਆ, ਬਾਬਾ ਜੀ ਕਹਿਣ ਲੱਗੇ, ਦੇਖੋ, ਗੁਰੂ ਅਰਜਨ ਪਾਤਸ਼ਾਹ ਨੇ ਸੁਖਮਨੀ ਸਾਹਿਬ ਦੇ ਅੰਦਰ ਲਿਖਿਆ ਹੈ ਨਾ -

***ਸਾਧਸੰਗਿ ਧਰਮ ਰਾਇ ਕਰੇ ਸੇਵਾ ॥***
***ਸਾਧ ਕੈ ਸੰਗਿ ਸੋਭਾ ਸੁਰਦੇਵਾ ॥*** ***ਅੰਗ - 271***

ਦੇਵਤਿਆਂ ਦੇ ਲੋਕਾ ਵਿੱਚ ਸੋਭਾ ਹੋਇਆ ਕਰਦੀ ਹੈ, ਇਹ ਇੱਕ ਕਾਨੂੰਨ ਹੈ ਰੂਹਾਨੀ ਕਾਨੂੰਨ, ਜਿਹੜਾ ਸਾਧੂ ਦੀ ਸੰਗਤ 'ਚ ਆ ਗਿਆ, ਸਾਧੂ ਦੇ ਬਚਨ ਦੀ ਕਮਾਈ ਕਰਦਾ ਹੈ, ਨਾਮ ਜਪਦਾ ਹੈ, ਸਰੀਰ ਛੱਡਣ ਤੋਂ ਬਾਅਦ ਜਮਾਂ ਦੇ ਲੋਕ ਵਿੱਚ ਨਹੀਂ ਉਹਨੇ ਜਾਣਾ। ਉਹ ਗੁਰੂ ਨਾਨਕ ਦੇ ਲੋਕ 'ਚ ਜਾਏਗਾ।

***ਭੇਟਤ ਸਾਧੂ ਸੰਗ ਜਮ ਪੁਰਿ ਨਹ ਜਾਈਐ ॥***
***ਦੂਖ ਦਰਦ ਨ ਭਉ ਬਿਆਪੈ***
***ਨਾਮੁ ਸਿਮਰਤ ਸਦ ਸੁਖੀ ॥*** ***ਅੰਗ - 456***

ਇਹ ਨੋਟ ਕਰਨ ਵਾਲੀ ਗੱਲ ਹੈ, ਜਿਹੜਾ ਨਾਮ ਜਪਦਾ ਹੈ, ਇੱਕ

ਤਾਂ ਸਦਾ ਸੁਖੀ ਹੈ, ਉਹਦੇ ਜੀਵਨ ਦੇ ਅੰਦਰ ਦੁੱਖ ਦਾ ਨਾਮ ਨਿਸ਼ਾਨ ਨਹੀਂ ਹੈ। ਦੂਸਰਾ ਇਹ ਹੈ ਕਿ ਦੁਖ ਦਰਦ ਤੇ ਭਉ ਨਹੀਂ, ਡਰ ਵੀ ਕਿਸੇ ਦਾ ਨਹੀਂ ਲਗਣਾ ਤੇ ਨਾਮ ਕਿੰਨਾ ਜਪਦਾ ਹੈ –

*ਸਾਸਿ ਸਾਸਿ ਅਰਾਧਿ ਹਰਿ*
*ਹਰਿ ਧਿਆਇ ਸੋ ਪ੍ਰਭੁ ਮਨਿ ਮੁਖੀ ॥* *ਅੰਗ – 456*

ਸਾਹ ਤਾਂ ਆਉਂਦੇ ਹੀ ਨੇ, ਖਾਲੀ ਚਲੇ ਜਾਂਦੇ ਨੇ, ਖਾਲੀ ਆਉਂਦੇ ਨੇ, ਜੇ ਭਲਾ ਇਹਦੇ ਨਾਲ ਵਾਹਿਗੁਰੂ ਕਹਿ ਦਿੱਤਾ ਜਾਵੇ ਫੇਰ? ਕਹਿ ਕੇ ਦੇਖ ਲਓ, ਅੰਦਰ ਨੂੰ ਸਾਹ ਜਾਂਦਾ ਹੈ ਵਾਹਿਗੁਰੂ, ਬਾਹਰ ਨੂੰ ਆਉਂਦਾ ਹੈ ਵਾਹਿਗੁਰੂ। ਸਗੋਂ ਇੱਕ ਵਾਰੀ ਨਹੀਂ ਕਹਿ ਹੁੰਦਾ, ਦਸ ਗਿਆਰ੍ਹਾਂ ਵਾਰੀ ਕਹਿ ਹੋ ਜਾਂਦਾ ਹੈ, ਉਹ ਭਾਗਾਂ ਵਾਲੇ ਬੰਦੇ ਨੇ, ਕਹਿੰਦੇ ਜਿਹੜੇ '***ਸਾਸਿ ਸਾਸਿ ਅਰਾਧਿ ਹਰਿ ਹਰਿ ਧਿਆਇ ਸੋ ਪ੍ਰਭੁ ਮਨਿ ਮੁਖੀ ॥***' ਮਨ ਸੁਖੀ ਹੁੰਦੇ ਸਾਰ ਦੁਖਾਂ ਦਾ ਖਾਤਮਾ ਹੋ ਜਾਏਗਾ। ਦੁੱਖ ਕਿਉਂ ਪੈਦਾ ਹੁੰਦੇ ਨੇ –

*ਖਸਮੁ ਵਿਸਾਰਿ ਕੀਏ ਰਸ ਭੋਗ ॥*
*ਤਾਂ ਤਨਿ ਉਠਿ ਖਲੋਏ ਰੋਗ ॥* *ਅੰਗ – 1256*

ਰੱਬ ਨੂੰ ਭੁੱਲ ਕੇ ਰਸਾਂ ਕਸਾਂ ਵਿੱਚ ਜੀਵਨ ਲਾ ਦਿੰਦੇ ਨੇ, ਮਹਾਰਾਜ ਕਹਿੰਦੇ ਫੇਰ ਰੋਗੀ ਹੋਣਾ ਹੀ ਹੈ ਭਾਈ।

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥* *ਅੰਗ – 135*

ਇੱਕ ਬੇਮਰਿਆਦਾ ਖਾਂਦੇ ਨੇ, ਬੇਮਰਿਆਦਾ ਖਾਣ ਵਾਲਿਆਂ ਨੂੰ ਰੋਗ ਹੋ ਜਾਂਦਾ ਹੈ –

*ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤ॥*

ਇਸ ਤਰ੍ਹਾਂ ਦੇ ਨਾਲ ਮਹਾਰਾਜ ਫੁਰਮਾਨ ਕਰਦੇ ਨੇ ਕਿ ਜਿਹੜੇ ਸਾਸ-ਸਾਸ ਅਰਾਧਦੇ ਨੇ, ਉਨ੍ਹਾਂ ਨੂੰ ਦੁਖ ਦਰਦ ਨਹੀਂ ਰਹਿੰਦਾ, ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ।

*ਨ ਭਉ ਬਿਆਪੈ ਨਾਮੁ ਸਿਮਰਤ ਸਦ ਸੁਖੀ ॥*
*ਸਾਸਿ ਸਾਸਿ ਅਰਾਧਿ ਹਰਿ ਹਰਿ ਧਿਆਇ*
*ਸੋ ਪ੍ਰਭੁ ਮਨਿ ਮੁਖੀ ॥*
*ਕ੍ਰਿਪਾਲ ਦਇਆਲ ਰਸਾਲ ਗੁਣ ਨਿਧਿ*
*ਕਰਿ ਦਇਆ ਸੇਵਾ ਲਾਈਐ ॥*
*ਨਾਨਕੁ ਪਇਅੰਪੈ ਚਰਣ ਜੰਪੈ*
*ਨਾਮੁ ਜਪਤ ਗੋਬਿੰਦ ਨਹ ਅਲਸਾਈਐ ॥*

*ਅੰਗ – 456*

ਨਾਮ ਜਪਦਾ ਹੋਇਆ ਨਾ ਤੂੰ ਸੁਸਤੀ ਵਿੱਚ ਆ। ਸੋ ਇੱਥੇ ਮਹਾਰਾਜ ਕਹਿੰਦੇ ਨੇ ਕਿ ਭਾਗਾਂ ਵਾਲਿਓ ਉਦਮ ਕਰੋ। ਉਦਮ ਕਰਨਾ ਕਾਹਦੇ ਵਾਸਤੇ ਹੈ, ਵਾਹਿਗੁਰੂ ਨੂੰ ਸਿਮਰੋ, ਯਾਦ ਵਿੱਚ ਲਿਆਓ।

ਸੋ ਐਸੇ ਗੁਰਸਿੱਖ –

***ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ***
***ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਅੰਗ - 305***

ਉਹ ਗੁਰੂ ਦੇ ਮਨ ਭਾਅ ਜਾਂਦੇ ਨੇ, ਗੁਰੂ ਉਨ੍ਹਾਂ 'ਤੇ ਦਇਆਲ ਹੋ ਕੇ ਆਪਣਾ ਰੂਪ ਬਣਾ ਲੈਂਦਾ ਹੈ।

ਐਸਾ ਇੱਕ ਗੁਰਸਿੱਖ ਕਸ਼ਮੀਰ ਦੇ ਅੰਦਰ ਗੁਰੂ ਮਹਾਰਾਜ ਨੇ ਪ੍ਰਚਾਰ ਕਰਨ ਵਾਸਤੇ ਭੇਜਿਆ ਹੋਇਆ ਸੀ, ਜਿਸਦਾ ਨਾਮ ਭਾਈ ਮਾਧੋ ਸੀ। ਬੜਾ ਸਤਿਕਾਰ ਸੀ ਓਸਦਾ। ਬੜੀ ਕਰਨੀ ਕਮਾਈ ਵਾਲੇ ਸਨ ਆਪ, ਇੱਕ ਵਾਰੀ ਇੱਕ ਲੜਕਾ ਸਤਿਸੰਗ 'ਚੋਂ ਵਾਪਸ ਜਾਂਦਾ ਹੈ, ਪੁਲਿਸ ਨੇ ਫੜ ਲਿਆ। ਕਹਿਣ ਲੱਗੇ, ਤੂੰ ਚੋਰ ਹੈਂ, ਕਿਸੇ ਦੇ ਚੋਰੀ ਹੋ ਗਈ। ਇਹ ਚੋਰ ਦੇ ਮਗਰ ਲੱਗੇ ਹੋਏ ਸੀ, ਇਹ ਬੱਚਾ ਅੜਿੱਕੇ ਆ ਗਿਆ। ਘਰ ਨੂੰ ਜਾਂਦਾ-ਜਾਂਦਾ ਪੁਲਿਸ ਨੇ ਫੜ ਲਿਆ ਕਿ ਤੂੰ ਤਾਂ ਚੋਰੀ ਕਰਕੇ ਆਇਆ ਹੈਂ, ਦੱਸ ਮਾਲ ਕਿੱਥੇ ਹੈ। ਉਹ ਕਹਿੰਦਾ, ਮੈਂ ਚੋਰੀ ਨਹੀਂ ਕਰੀ। ਮੈਂ ਤਾਂ ਉਹਦੇ ਸਤਿਸੰਗ 'ਚੋਂ ਆਇਆ ਹਾਂ। ਭਾਈ ਮਾਧੋ ਜੀ ਦੇ ਪਾਸ ਬੱਚੇ ਨੂੰ ਲੈ ਗਏ, ਉਹ ਕਹਿੰਦੇ ਭਾਈ, ਸਾਨੂੰ ਤਾਂ ਚੋਰ ਸਾਧ ਸਭ ਵਾਹਿਗੁਰੂ ਹੀ ਲਗਦੇ ਨੇ, ਅਸੀਂ ਤਾਂ ਪ੍ਰਮੇਸ਼ਰ ਦਾ ਰੂਪ ਦੇਖਦੇ ਹਾਂ। ਸਾਡੀ ਨਿਗ੍ਹਾ 'ਚ ਨਾ ਕੋਈ ਚੋਰ ਹੈ, ਨਾ ਕੋਈ ਸਾਡੀ ਨਿਗ੍ਹਾਂ 'ਚ ਭੁੱਲਿਆ ਹੋਇਆ ਹੈ -

***ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥***
***ਤਿਸ ਕੈ ਭਾਣੈ ਕੋਇ ਨ ਭੂਲਾ***
***ਜਿਨਿ ਸਗਲੋ ਬ੍ਰਹਮੁ ਪਛਾਤਾ ॥ ਅੰਗ - 610***

ਬ੍ਰਹਮ ਗਿਆਨ ਦੀ ਬਾਤ ਸਮਝ ਵਿੱਚ ਨਾ ਆਈ ਉਨ੍ਹਾਂ ਦੇ। ਲੜਕੇ ਨੇ ਕਿਹਾ ਮਹਾਰਾਜ! ਮੇਰੇ 'ਤੇ ਕ੍ਰਿਪਾ ਕਰੋ, ਕਹਿੰਦੇ ਤੂੰ ਸੱਚਾ ਹੈਂ ਤੇਰੇ 'ਤੇ ਕ੍ਰਿਪਾ ਹੋ ਹੀ ਜਾਣੀ ਹੈ। ਲਿਜਾ ਕੇ ਇੱਕ ਤਾਂ ਸੂਲੀ, ਇੱਕ ਤਾਂ ਲੋਹੇ ਦੀਆਂ ਸੂਲੀਆਂ ਹੁੰਦੀਆ ਸੀ, ਇੱਕ ਬਾਂਸ ਦੀਆਂ ਹੁੰਦੀਆਂ ਸੀ, ਬਹੁਤ ਤਿੱਖੀਆਂ। ਉਨ੍ਹਾਂ ਦਿਨਾਂ 'ਚ ਬਾਂਸ ਦੀ ਸੂਲੀ ਸੀ ਉਥੇ, ਗੁਰੂ ਪੰਜਵੇਂ ਪਾਤਸ਼ਾਹ ਵੇਲੇ। ਉਹ ਸੂਲੀ 'ਤੇ ਲਟਕਾ ਦਿੱਤਾ, ਜਦੋਂ ਸੂਲੀ ਨਾਲ ਲੱਗੀ, ਉਸੇ ਵੇਲੇ ਜਿਹੜੀ ਸੂਲੀ ਸੀ ਤੇ ਬਾਂਸ ਸੀ ਉਹ ਦੇਖਦੇ-ਦੇਖਦੇ ਲਗਰਾਂ ਛੱਡ ਆਇਆ, ਹਰਾ ਹੋ ਗਿਆ ਬਾਂਸ, ਨਰਮ ਹੋ ਗਿਆ। ਉਨ੍ਹਾਂ ਨੇ ਕਿਹਾ ਕਿ ਓਏ ਇਹ ਤਾਂ ਬੱਚਾ ਸੱਚਮੁੱਚ ਹੀ ਕੋਈ ਰੱਬ ਦਾ ਪਿਆਰਾ ਹੈ, ਜਿਹਦੇ ਲਗਦੇ ਸਾਰ ਸੂਲੀ ਹਰੀ ਹੋ ਗਈ ਤੇ ਨਰਮ ਹੋ ਗਈ। ਇਹਦੇ ਵਿੱਚ ਤਾਂ ਕੋਈ ਸਖਤੀ ਨਹੀਂ ਰਹੀ। ਛੱਡ ਦਿੱਤਾ ਤੇ ਭਾਈ ਮਾਧੋ ਦੇ ਪਾਸ ਆ ਕੇ ਉਸਨੇ ਬਹੁਤ ਧੰਨਵਾਦ ਕਰਿਆ ਤੇ ਜਦੋਂ ਗੁਰੂ ਮਹਾਰਾਜ ਦੇ ਦਰਸ਼ਨ ਕਰਨ ਵਾਸਤੇ ਭਾਈ ਮਾਧੋ ਆਉਂਦੇ ਨੇ, ਉਸ ਵੇਲੇ ਇੱਕ ਸ਼ਬਦ ਦਾ ਉਚਾਰਨ ਕਰ ਰਹੇ ਸੀ, ਭਾਈ ਗੁਰਦਾਸ, ਬਾਬਾ ਬੁੱਢਾ ਜੀ ਕਹਿ ਰਹੇ ਸੀ ਕਿ ਮਹਾਰਾਜ ਆਪ ਦੇ ਲੰਗਰ 'ਚ ਕਦੇ ਤੋਟਾ ਨਹੀਂ ਸੀ ਆਇਆ। ਪਰ ਇਹ ਪ੍ਰਿਥੀਚੰਦ ਨੇ ਸਾਰੀਆਂ ਰਸਦਾਂ ਬਾਹਰ ਰੋਕ ਲਈਆਂ। ਇਹਦੇ ਏਜੰਟਾਂ ਨੇ ਗੁਰਸਿੱਖਾਂ ਦੀਆਂ ਭੇਟਾਵਾਂ ਜਿਹੜੀਆਂ ਸੀ ਤੁਹਾਡੇ ਤਕ ਆਉਣ ਨਹੀਂ ਦਿੱਤੀਆਂ। ਭੇਟਾ ਤਾਂ ਆਪ ਲੈ ਜਾਂਦਾ ਹੈ, ਨਾਲ ਕਹਿ ਜਾਂਦਾ ਹੈ

ਕਿ ਲੰਗਰ ਛੋਟੇ ਭਰਾਤਾ ਵਲ ਚਲ ਰਿਹਾ ਹੈ। ਨਤੀਜਾ ਕੀ ਹੋਇਆ, ਲੰਗਰ ਦਿਨੋ ਦਿਨ ਮਸਤਾਨਾ ਹੋਣ ਲਗ ਗਿਆ ਤੇ ਉਹਦੇ ਵਿੱਚ ਐਸੀ ਆਈ ਕਿ ਛੋਲਿਆਂ ਦੀ ਰੋਟੀ ਰੁੱਖੀ ਮਿਲਣ ਲਗ ਗਈ। ਭਾਈ ਗੁਰਦਾਸ ਜੀ ਨੇ ਆ ਕੇ ਜਦੋਂ ਆਗਰੇ ਤੋਂ ਪ੍ਰਸ਼ਾਦਾ ਛਕਿਆ। ਕਹਿਣ ਲੱਗੇ, ਆਹ ਕੀ ਗੱਲ ਗੁਰੂ ਦੇ ਘਰ 'ਚ ਤਾਂ ਖੀਰਾਂ ਬਣਦੀਆਂ ਸੀ, ਪ੍ਰਸ਼ਾਦ ਬਣਦੇ ਸੀ। ਹੋਰ ਮਠਿਆਈਆਂ ਬਣਦੀਆਂ ਸੀ, ਆਹ ਪ੍ਰਸ਼ਾਦਾ ਸੁੱਕਾ ਮੈਨੂੰ ਦਿੱਤਾ ਹੈ, ਮੈਂ ਰਿਸ਼ਤੇਦਾਰ ਹਾਂ। ਆਪਣੀ ਹੀ ਭੈਣ ਨੂੰ ਕਹਿਣ ਲੱਗੇ, ਬੀਬੀ ਭਾਨੀ ਨੂੰ ਕਹਿੰਦੇ ਭੈਣ ਇਹ ਕੀ ਗੱਲ ਹੋ ਗਈ। ਕਿਤੇ ਮੇਰਾ ਟੈਸਟ ਤਾਂ ਨਹੀਂ ਤੁਸੀਂ ਲੈ ਰਹੇ। ਐਹੋ ਜਿਹਾ ਪ੍ਰਸ਼ਾਦਾ ਤਾਂ ਲੰਘਦਾ ਹੀ ਨਹੀਂ ਹੈ, ਛੋਲਿਆਂ ਦਾ ਪਿਹਾਇਆ ਹੋਇਆ, ਸੂੜੀ ਵਾਲਾ ਤੇ ਇਹ ਪ੍ਰਸ਼ਾਦੇ ਕਿਉਂ? ਕਹਿੰਦੇ ਤੁਸੀਂ ਮਹਾਰਾਜ ਜੀ ਨੂੰ ਪੁੱਛ ਲਓ ਕਿ ਇਹ ਪ੍ਰਸ਼ਾਦੇ ਕਿਉਂ? ਕਹਿੰਦੇ, ਤੁਸੀਂ ਦੱਸੋ? ਕਹਿੰਦੇ ਦੱਸਣਾ ਕੀ ਹੈ? ਸੰਗਤਾਂ ਦੀਆਂ ਭੇਟਾ ਤਾਂ ਪ੍ਰਿਥੀ ਚੰਦ ਲੈ ਜਾਂਦਾ ਹੈ ਤੇ ਪ੍ਰਸ਼ਾਦਾ ਛਕਣ ਵਾਸਤੇ ਏਧਰ ਭੇਜ ਦਿੰਦਾ ਹੈ ਤੇ ਮਹਾਰਾਜ ਜੀ ਬੜੇ ਭੋਲੇ-ਭਾਲੇ ਨੇ ਤੇ ਹੁਣ ਹੁਕਮ ਕਰ ਦਿੱਤਾ ਕਿ ਛੋਲੇ ਬਣਾਓ, ਕਈ-ਕਈ ਦਿਨ ਲੰਗਰ ਮਸਤਾਨਾ ਵੀ ਹੋ ਜਾਇਆ ਕਰਦਾ ਹੈ। ਉਸ ਵੇਲੇ ਗੁਰੂ ਮਹਾਰਾਜ ਜੀ ਕੋਲ ਗਏ, ਜਾ ਕੇ ਕਹਿਣ ਲੱਗੇ ਮਹਾਰਾਜ! ਇਹ ਜਿਹੜਾ ਵਿਰੋਧੀ ਬੰਦਾ ਹੈ, ਜਿਹੜਾ ਦੌਰ ਚਲਦਾ ਹੈ, ਆਪਾਂ ਵੀ ਓਸ ਦੌਰ ਚੱਲੀਏ, ਤਾਂ ਠੀਕ ਹੋ ਸਕਦਾ ਹੈ, ਕ੍ਰਿਪਾ ਕਰੋ, ਸਾਨੂੰ ਆਗਿਆ ਦਿਓ ਅਸੀਂ ਕੋਈ ਉਦਮ ਕਰੀਏ, ਉਦਮ ਕਰਕੇ ਲੰਗਰ ਦੇ ਵਿੱਚ ਕੁਛ ਲੈ ਕੇ ਆਈਏ ਤਾਂ ਮਹਾਰਾਜ ਕਹਿੰਦੇ, ਭਾਈ! ਉਦਮ ਦੀ ਕਿਹੜੀ ਲੋੜ ਹੈ।

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ ॥***
***ਸੈਲ ਪਥਰ ਮਹਿ ਜੰਤ ਉਪਾਏ***
***ਤਾ ਕਾ ਰਿਜਕੁ ਆਗੈ ਕਰਿ ਧਰਿਆ ॥*** ***ਅੰਗ - 10***

ਸਾਰੇ ਹੀ ਜਿਹੜੇ ਨੇ ਪੱਥਰ ਉਪਾਏ ਹੋਏ, ਇਨ੍ਹਾਂ ਦੇ ਵਿੱਚ ਸੈਲ ਪੱਥਰ ਜਿਹੜਾ ਹੁੰਦਾ ਹੈ, ਉਹਦੇ ਵਿੱਚ ਕੀੜਾ ਹੁੰਦਾ ਹੈ, ਉਹਦੇ ਮੂੰਹ 'ਚ ਰਾਸ਼ਨ ਹੁੰਦਾ ਹੈ। ਪ੍ਰਮੇਸ਼ਰ ਉਥੇ ਪਹੁੰਚਾਉਂਦਾ ਹੈ। ਇੱਕ ਵਾਰੀ ਇੱਥੇ ਪੱਥਰ ਤੋੜਿਆ, ਗੁਰਦਾਸਪੁਰ। ਸੰਤ ਜਾ ਰਹੇ ਸੀ ਬਾਬਾ ਸੁੰਦਰ ਸਿੰਘ ਜੀ ਭਿੰਡਰਾਂਵਾਲੇ। ਕੀੜਾ ਨਿਕਲਿਆ ਤਾਂ ਨੌਕਰ ਦੌੜ ਕੇ ਆਏ ਤਾਂ ਕਹਿੰਦੇ ਮਹਾਰਾਜ! ਤੁਹਾਨੂੰ ਕੁਛ ਦਿਖਾਉਣਾ ਹੈ। ਮਹਾਤਮਾ ਚਲੇ ਗਏ, ਜਾ ਕੇ ਕੀ ਦੇਖਦੇ ਨੇ ਕਿ ਪੱਥਰ ਵਿੱਚ ਇੱਕ ਕੀੜਾ ਨਿਕਲ ਆਇਆ। ਜਗ੍ਹਾ ਬਣੀ ਹੋਈ ਹੈ ਓਹਦੀ। ਸਾਹ ਲੈਣ ਨੂੰ ਕੋਈ ਥਾਂ ਨਹੀਂ ਹੈ। ਕਹਿੰਦੇ, ਮਹਾਰਾਜ! ਦੇਖੋ, ਇਹਦੇ ਮੂੰਹ ਵਿੱਚ ਕੀ ਹੈ, ਅਸੀਂ ਉਦੋਂ ਦੇ ਹੀ ਹੈਰਾਨ ਹੋਈ ਜਾਂਦੇ ਹਾਂ। ਇੱਕ ਸਿੰਘ ਨੂੰ ਕਿਹਾ ਕਿ ਦੇਖ ਤਾਂ ਕੀ ਹੈ, ਕਹਿੰਦਾ ਮਹਾਰਾਜ! ਇਹ ਤਾਂ ਮਿੱਠਾ ਹੈ, ਚੀਨੀ ਵਰਗੀ ਕੋਈ ਚੀਜ਼ ਹੈ। ਉਸ ਵੇਲੇ ਮਹਾਰਾਜ ਨੇ ਸ਼ਬਦ ਉਚਾਰਿਆ, ***ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥ ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥'*** ਇਹ ਉਚਾਰਦੇ ਹੀ ਸੀ ਕਿ ਭਾਈ

ਮਾਧੋਦਾਸ ਆ ਗਏ। ਉਸ ਵੇਲੇ ਮਹਾਰਾਜ ਜੀ ਨੇ ਸ਼ਬਦ ਚਲਦੇ-ਚਲਦੇ ਵਿੱਚ ਬਦਲ ਦਿੱਤਾ।

***ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥***
***ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ ॥***

***ਅੰਗ - 10***

ਜਿਹੜੀ ਸੁੱਕੀ ਲੱਕੜੀ ਹੈ ਉਹ ਹਰੀ ਹੋ ਜਾਂਦੀ ਹੈ, ਗੁਰੂ ਦੀ ਕ੍ਰਿਪਾ ਹੋ ਜਾਵੇ। ਉਸ ਨੇ ਸਾਰੀ ਕਹਾਣੀ ਦੱਸੀ ਤੇ ਉਸ ਗੁਰਸਿੱਖ ਦਾ ਐਸਾ ਕਿਰਦਾਰ ਸੀ, ਇੱਕ ਵਾਰੀ ਉਹਦੇ ਕੋਲ ਇੱਕ ਗੁਰਸਿੱਖ ਆ ਗਿਆ। ਉਹਨੇ ਕਿਹਾ ਕਿ ਮੈਂ ਗੁਰੂ ਅਰਜਨ ਪਾਤਸ਼ਾਹ ਜੀ ਦੇ ਪਾਸੋਂ ਆਇਆ ਹਾਂ, ਬੜੀ ਸੇਵਾ ਕਰੀ ਕਿ ਮਹਾਰਾਜ ਦੇ ਦਰਸ਼ਨ ਕਰਕੇ ਆਇਆ ਹੈ ਤੇ ਬਚਨ ਸੁਣਾਉਣੇ ਸ਼ੁਰੂ ਕਰ ਦਿੱਤੇ ਉਹਨੇ। ਸੀਗਾ ਪਾਖੰਡੀ, ਠੱਗ ਸੀਗਾ। ਉਹ ਠੱਗਣ ਲਗ ਗਿਆ, ਭੋਲੇ ਭਾਲੇ ਗੁਰਸਿੱਖਾਂ ਨੂੰ। ਉਹ ਸੇਵਾ ਕਰਦਾ ਹੈ, ਪ੍ਰਸ਼ਾਦ ਪਾਣੀ ਛਕਾ ਕੇ, ਅੰਮ੍ਰਿਤ ਵੇਲੇ ਕਹਿਣ ਲੱਗੇ ਕਿ ਪ੍ਰੇਮੀਆਂ! ਰਾਤ ਤਾਂ ਤੂੰ ਕੁਵੇਲੇ ਆਇਆ ਹੈਂ। ਜੋ ਘਰ ਵਿੱਚ ਸੀ ਛਕਾ ਦਿੱਤਾ ਤੇ ਹੁਣ ਮੈਂ ਜਾ ਕੇ ਵਧੀਆ ਥੋੜ੍ਹੀ ਮਠਿਆਈ ਵੀ ਲੈ ਕੇ ਆਵਾਂਗਾ ਤੇ ਬਾਕੀ ਸਬਜ਼ੀ ਵੀ ਲਿਆਵਾਂਗਾ, ਫਲ ਵੀ ਲਿਆਵਾਂਗਾ ਤੇ ਥੋੜ੍ਹੀ ਦੇਰ ਲੱਗੇਗੀ, ਪ੍ਰਸ਼ਾਦਾ ਤਿਆਰ ਕਰਨ ਨੂੰ, ਤੁਸੀਂ ਆ ਜਾਓ, ਪ੍ਰਸ਼ਾਦਾ ਛਕੇ ਬਿਨਾਂ ਨਹੀਂ ਜਾਣਾ। ਭਾਈ ਮਾਧੋ ਜੀ ਚਲੇ ਜਾਂਦੇ ਨੇ ਤੇ ਇਹਨੇ ਪਿਛੋਂ ਕੀ ਕਰਿਆ, ਘਰਵਾਲੀ ਵਲ ਦੇਖਿਆ ਉਹਨੇ ਗਹਿਣੇ ਪਾਏ ਹੋਏ ਸੀ। ਇਹ ਲਾਲਚ ਦੇ ਵਿੱਚ ਅੰਨਾ ਹੋ ਗਿਆ, ਇਹਨੇ ਜਾ ਕੇ ਓਹਦਾ ਗਲ ਘੁੱਟ ਦਿੱਤਾ। ਗਲ ਘੁੱਟ ਕੇ ਸਾਰੇ ਹੀ ਗਹਿਣੇ ਲਾਹ ਲਏ, ਪੋਟਲੀ ਬੰਨ੍ਹ ਲਈ, ਜਦੋਂ ਨਿਕਲਣ ਲੱਗਿਆ ਉਸ ਵੇਲੇ ਭਾਈ ਮਾਧੋ ਦਾਸ ਆ ਗਏ। ਉਨ੍ਹਾਂ ਨੇ ਇੱਕ ਦਮ ਦੇਖ ਲਿਆ ਕਿ ਇਹ ਸਿੱਖ ਕਾਹਲੀ 'ਚ ਕਿਉਂ ਹੈ, ਕੋਈ ਗੱਲ ਗੜਬੜ ਹੈ। ਅੰਦਰ ਗਏ ਤਾਂ ਦੇਖਿਆ ਕਿ ਘਰਵਾਲੀ ਮਰੀ ਪਈ ਹੈ, ਉਨ੍ਹਾਂ ਨੇ ਚੁੱਕਿਆ ਉਸ ਨੂੰ, ਲਿਟਾ ਦਿੱਤਾ ਤੇ ਲਿਟਾ ਕੇ ਉਤੇ ਚਾਦਰ ਪਾ ਦਿੱਤੀ। ਕਹਿਣ ਲੱਗੇ, ਲੈ ਗੁਰਸਿੱਖਾ! ਦੇਖ ਤੈਨੂੰ ਪਤਾ ਹੈ ਜਾਂ ਮੈਨੂੰ ਪਤਾ ਹੈ, ਕੋਈ ਗੱਲ ਨਹੀਂ ਹੈ, ਪ੍ਰਸ਼ਾਦਾ ਛਕੇ ਬਿਨਾਂ ਤਾਂ ਮੈਂ ਤੈਨੂੰ ਨਹੀਂ ਜਾਣ ਦੇਣਾ। ਆਪ ਪ੍ਰਸ਼ਾਦਾ ਬਣਾਇਆ ਤੇ ਆਪ ਪ੍ਰਸ਼ਾਦਾ ਛਕਾਇਆ। ਗੁਰੂ ਮਹਾਰਾਜ ਹੱਦ ਤੋਂ ਜ਼ਿਆਦਾ ਪ੍ਰਸੰਨ ਸੀ, ਉਹਦੀ ਕਰਨੀ ਦੇ ਉੱਤੇ। ਸੋ ਇਹ ਭਾਈ ਮਾਧੋ ਕਸ਼ਮੀਰ ਵਿੱਚ ਪ੍ਰਚਾਰ ਕਰਦੇ ਸੀ। ਇਨ੍ਹਾਂ ਦੇ ਬਚਨ ਵਿੱਚ ਸੱਤਿਆ ਸੀ, ਬਚਨ 'ਚ ਸੱਤਿਆ ਉਹਦੇ ਹੁੰਦੀ ਹੈ ਜਿਹੜਾ ਆਪ ਕਮਾਈ ਕਰਦਾ ਹੋਵੇ ਫੇਰ ਦੂਸਰਿਆਂ ਨੂੰ ਆਪਣੇ ਅਨੁਭਵ ਦੇ ਵਿਚੋਂ ਗੁਰੂ ਦੇ ਬਚਨ ਵੰਡਦਾ ਹੋਵੇ। ਉਹਦੇ ਬਚਨ 'ਚ ਸੱਤਿਆ ਹੁੰਦੀ ਹੈ -

***ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥***
***ਤਿਸ ਕੀ ਸੀਖ ਤਰੈ ਸੰਸਾਰੁ ॥ ਅੰਗ - 269***

ਭਾਈ ਸੇਵਾ ਰਾਮ ਕਸ਼ਮੀਰ ਵਿੱਚ ਰਹਿੰਦੇ ਸੀ, ਉਨ੍ਹਾਂ ਦੀ ਮਾਈ ਸੀ ਬਿਰਧ। ਉਹਨੂੰ ਗੁਰੂ ਮਹਾਰਾਜ ਦੇ ਬਚਨ ਸੁਣਾਏ ਜਿਸ ਵਕਤ, ਉਹਨੂੰ

ਪਿਆਰ ਲਗ ਗਿਆ ਗੁਰੂ ਮਹਾਰਾਜ ਨਾਲ। ਬਹੁਤ ਪਿਆਰ ਲਗ ਗਿਆ ਤੇ ਪਿਆਰ ਦੇ ਵਿਚ ਹਰ ਵਕਤ ਉਡੀਕਦੀ ਰਹਿੰਦੀ ਹੈ ਤੇ ਹਰ ਵਕਤ ਲੋਚਦੀ ਹੈ ਕਿ ਕੋਈ ਐਸਾ ਪ੍ਰੇਮੀ ਮਿਲ ਜਾਵੇ ਕਿ ਜਿਹੜਾ ਮੈਨੂੰ ਸਤਿਗੁਰੂ ਜੀ ਦੇ ਦਰਸ਼ਨ ਕਰਾ ਦੇਵੇ ਤੇ ਮੈਨੂੰ ਦਰਸ਼ਨ ਹੋ ਜਾਣ। ਹਿਰਦੇ 'ਚੋਂ ਐਸੀਆਂ ਬੇਨਤੀਆਂ ਨਿਕਲਦੀਆਂ ਰਹਿੰਦੀਆਂ ਨੇ –

***ਧਾਰਨਾ – ਕੋਈ ਆਣ ਕੇ ਮਿਲਾਵੇ ਪ੍ਰੀਤਮ ਪਿਆਰਾ***
***ਲੋਚਾ ਹੈ ਦੀਦਾਰਿਆਂ ਦੀ।***

***ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥***
***ਮਨਿ ਤਨਿ ਪਿਆਸ ਦਰਸਨ ਘਣੀ***
***ਕੋਈ ਆਣਿ ਮਿਲਾਵੈ ਮਾਇ ॥ ਅੰਗ – 135***

ਮਨ ਦੇ ਅੰਦਰ ਲੋਚਾ ਹੈ ਕਿ ਮੈਂ ਦਰਸ਼ਨ ਗੁਰੂ ਦਾ ਕਰਾਂ। ਹੱਦ ਤੋਂ ਜ਼ਿਆਦਾ ਖਿੱਚ ਪੈਦਾ ਹੋ ਗਈ, ਦਰਸ਼ਨ ਕੀਤੇ ਨਹੀਂ ਹਨ, ਲੇਕਿਨ ਗੁਰੂ ਦੀਆਂ ਸਾਖੀਆਂ ਸੁਣ ਕੇ ਬਚਨ ਸੁਣ ਕੇ ਮਨ ਦੇ ਅੰਦਰ ਪਿਆਰ ਪੈਦਾ ਹੋ ਗਿਆ ਤੇ ਗੁਰੂ ਮਹਾਰਾਜ ਜੀ ਦਾ ਪਤਾ ਲੱਗਿਆ ਕਿ ਉਹ ਤਾਂ ਗਵਾਲੀਅਰ ਨੇ ਅੱਜਕੱਲ੍ਹ। ਸੱਤ ਸੌ ਮੀਲ ਅੰਮ੍ਰਿਤਸਰ ਤੇ ਉਥੋਂ ਫੇਰ ਕਿੰਨੇ ਮੀਲ ਅੱਗੇ ਗਵਾਲੀਅਰ ਪਰ ਅੰਦਰ ਵਿਸ਼ਵਾਸ਼ ਹੈ ਕਿ ਮੇਰੇ ਪਿਆਰ ਦੀ ਖਿੱਚ ਦੇ ਖਿੱਚੇ ਹੋਏ, ਗੁਰੂ ਮਹਾਰਾਜ ਜ਼ਰੂਰ ਆਉਣਗੇ। ਜੇ ਉਹ ਧੰਨੇ ਦਾ ਆ ਕੇ ਪ੍ਰਸ਼ਾਦਾ ਛਕ ਸਕਦੇ ਨੇ ਤਾਂ ਮੇਰਾ ਪ੍ਰਸ਼ਾਦਾ ਵੀ ਛਕਣਗੇ। ਏਸ ਆਸ ਵਿੱਚ ਰਹਿੰਦੀ ਹੈ, ਰੋਜ਼ ਪ੍ਰਸ਼ਾਦਾ ਗੁਰੂ ਮਹਾਰਾਜ ਵਾਸਤੇ ਤਿਆਰ ਕਰਕੇ ਇੱਕ ਥੜ੍ਹਾ ਬਣਾਇਆ ਹੋਇਆ ਹੈ ਉਹਦੇ ਉੱਤੇ ਪਰੋਸ ਕੇ ਰੱਖ ਦਿੰਦੀ ਹੈ ਕਿ ਉਹ ਆਉਣਗੇ ਤੇ ਪ੍ਰਸ਼ਾਦਾ ਜ਼ਰੂਰ ਛਕਣਗੇ। ਪਿਆਰ ਵਧਦਾ-ਵਧਦਾ ਹੱਦ ਤੋਂ ਜ਼ਿਆਦਾ ਐਸੀ ਨੌਬਤ 'ਤੇ ਪਹੁੰਚ ਗਿਆ। ਜਿੱਥੇ ਜੀਉਣਾ ਔਖਾ ਹੋ ਜਾਇਆ ਕਰਦਾ ਹੈ। ਜਿਸਦੇ ਬਾਰੇ ਗੁਰੂ ਮਹਾਰਾਜ ਜੀ ਨੇ, ਭਾਈ ਗੁਰਦਾਸ ਜੀ ਨੇ ਐਸੇ ਪ੍ਰਮਾਣ ਦਿੱਤੇ ਨੇ –

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥***
***ਅੰਗ – 708***

ਜਦੋਂ ਪਿਆਰ ਪੈਦਾ ਹੁੰਦਾ ਹੈ ਉਹਦੀਆਂ ਨੌਂ ਨਿਸ਼ਾਨੀਆਂ ਹੋਇਆ ਕਰਦੀਆਂ ਨੇ –

***ਆਸ਼ਕਾਰਾ ਨਵ ਨੀਸ਼ਾਨੀ ਐ ਪਿਸਰ,***
***ਆਹ ਸਰਦੋ, ਰੰਗ ਜ਼ਰਦੋ ਚਸ਼ਮਤਰ।***
***ਕਮਗੁਫਤਨੋ, ਕਮ ਖੁਰਦਨੋਂ,***
***ਖੁਆਬਸ਼ ਹਰਾਮ, ਇੰਤਜ਼ਾਰੀ, ਬੇਕਰਾਰੀ, ਦਸਤਸਰ।***

ਸੋ ਐਸੀ ਹਾਲਤ ਹੋ ਜਾਇਆ ਕਰਦੀ ਹੈ ਕਿ ਨਾ ਖਾਣ ਨੂੰ ਜੀਅ

ਕਰਦਾ ਹੈ, ਖਿੱਚ ਬਣੀ ਰਹਿੰਦੀ ਹੈ, ਹਰ ਵਕਤ ਸੁਰਤ ਉਥੇ ਰਹਿੰਦੀ ਹੈ। ਜਦੋਂ ਐਸਾ ਗੁਰੂ ਮਹਾਰਾਜ ਨਾਲ ਪਿਆਰ ਹੋਇਆ। ਮਹਾਰਾਜ ਫੁਰਮਾਨ ਕਰਦੇ ਨੇ ਕਿ ਜਿਹਦੇ ਹਿਰਦੇ 'ਚ ਪਿਆਰ ਹੋਵੇ ਉਹ ਤਾਂ ਭਾਈ ਜੀਉਂਦਾ, ਰੁਮਕਦਾ ਹਿਰਦਾ ਹੋਇਆ ਕਰਦਾ ਹੈ। ਜਿਸ ਹਿਰਦੇ 'ਚ ਪਿਆਰ ਨਹੀਂ ਹੁੰਦਾ, ਉਹ ਮਸਾਣਾਂ ਦੀ ਧਰਤੀ ਜਿਵੇਂ ਜਲੀ ਹੋਈ ਹੁੰਦੀ ਹੈ, ਐਸੇ ਤਰ੍ਹਾਂ ਦੇ ਨਾਲ ਹੋਇਆ ਕਰਦੀ ਹੈ। ਉਹਦੇ ਹਿਰਦੇ ਦੀ ਹਾਲਤ –

*ਧਾਰਨਾ – ਉਹ ਤਨ ਹੈ ਮਸਾਣਾਂ ਵਰਗਾ,*
*ਹਿਰਦਾ ਜਿਹੜਾ ਖਾਲੀ ਪਿਆਰ ਤੋਂ।*

*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥*
*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ*
*ਸੋ ਤਨੁ ਜਾਣੁ ਮਸਾਨੁ ॥ ਅੰਗ – 1379*

ਉਹ ਤਾਂ ਕਿਸੇ ਕੰਮ ਦਾ ਬੰਦਾ ਨਹੀਂ, ਜਿਹੋ ਜਿਹੀ ਲੱਕੜੀ ਹੋਈ ਓਹੋ ਜਿਹਾ ਬੰਦਾ ਹੋਇਆ, ਜਿਹਦੇ ਹਿਰਦੇ 'ਚ ਕਦੇ ਪਿਆਰ ਦੀ ਰੌ ਨਹੀਂ ਰੁਮਕਦੀ। ਪਿਆਰ ਹੀ ਜੀਵਨ ਹੈ ਆਦਮੀ ਦਾ। ਸੋ ਐਸੀ ਖਿੱਚ ਪੈਂਦੀ ਹੈ ਮਨ ਦੇ ਅੰਦਰ ਕਿ ਮਾਤਾ ਦਾ ਨਾਮ ਹੈ ਭਾਗਭਰੀ, ਭਾਈ ਸੇਵਾ ਰਾਮ ਦੀ ਮਾਤਾ ਹੈ ਉਹ, ਸ੍ਰੀ ਨਗਰ ਰਹਿੰਦੀ ਹੈ। ਹਰ ਵਕਤ ਗੁਰੂ ਮਹਾਰਾਜ ਦੇ ਬਚਨ ਕਰੀ ਜਾਂਦੀ ਹੈ। ਇੱਕੋ ਹੀ ਗੱਲ ਜ਼ੁਬਾਨ 'ਤੇ ਰਹਿੰਦੀ ਹੈ ਤੇ ਨਾਲ ਸਿੱਕਦੀ ਹੈ ਕਿ ਹੇ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਭਾਵੇਂ ਤੁਸੀਂ ਗਵਾਲੀਅਰ ਗਏ ਹੋਏ ਓਂ, ਭਾਵੇਂ ਤੁਸੀਂ ਵਿਦੇਸ਼ 'ਚ ਗਏ ਹੋਏ ਓਂ। ਪਰ ਤੁਸੀਂ ਤਾਂ ਸਮਰੱਥ ਓਂ, ਤੁਹਾਨੂੰ ਆਉਣਾ ਕੀ ਔਖਾ ਹੈ। ਜੇ ਧੰਨੇ ਦਾ ਪ੍ਰਸ਼ਾਦਾ ਛਕ ਲਿਆ ਆ ਕੇ ਪ੍ਰਭੂ ਨੇ, ਨਾਮਦੇਵ ਦਾ ਦੁੱਧ ਪੀ ਲਿਆ ਤਾਂ ਤੁਸੀਂ ਵੀ ਆ ਸਕਦੇ ਓਂ। ਗੁਰੂ ਨਾਨਕ ਪਾਤਸ਼ਾਹ ਜੇ ਜਾ ਸਕਦੇ ਨੇ ਦੂਰ ਦਰਾਜ, ਕਿੱਥੇ ਲੰਕਾ ਦਾ ਰਾਜਾ ਹੈ ਕਿੱਥੇ ਗੁਰੂ ਨਾਨਕ ਨੇ, ਜਦੋਂ ਯਾਦ ਵਧ ਗਈ ਉਸੇ ਵੇਲੇ ਜਾ ਕੇ ਦਰਸ਼ਨ ਦੇ ਦਿੱਤੇ। ਤੁਸੀਂ ਵੀ ਆ ਸਕਦੇ ਓਂ, ਕੋਈ ਔਖਾ ਨਹੀਂ, ਤੁਸੀਂ ਮੈਨੂੰ ਦਰਸ਼ਨ ਦਿਓ। ਹਰ ਰੋਜ਼ ਪ੍ਰਸ਼ਾਦਾ ਤਿਆਰ ਕਰਦੀ ਹੈ ਕਿ ਪਤਾ ਨਹੀਂ ਕਿਹੜੇ ਵੇਲੇ ਗੁਰੂ ਮਹਾਰਾਜ ਆ ਜਾਣ ਤੇ ਆ ਕੇ ਪ੍ਰਸ਼ਾਦਾ ਛਕ ਲੈਣ। ਐਸੇ ਪਿਆਰ ਦੇ ਵਿੱਚ ਜਦੋਂ ਆਪਣੇ ਸਰੀਰ ਵਲ ਦੇਖਦੀ ਹੈ, ਉਮਰ ਵਲ ਦੇਖਦੀ ਹੈ ਤਾਂ ਉਮਰ ਬੜੀ ਪੁੱਗੀ ਹੋਈ ਹੈ, ਨੱਬੇ ਦੇ ਕਰੀਬ ਜਾਣ ਵਾਲੀ ਹੋਈ ਹੋਈ ਹੈ ਤੇ ਉਸ ਵੇਲੇ ਸੰਸਾਰ ਚੱਕਰ ਦੇਖਦੀ ਹੈ ਕਿ ਇਸ ਸੰਸਾਰ 'ਚ ਤਾਂ ਰਹਿਣਾ ਨਹੀਂ। ਹੁਣ ਕਿੰਨੇ ਕੁ ਦਿਨ ਮੇਰੇ ਸਰੀਰ ਦੀ ਹੋਰ ਮਿਆਦ ਹੈ, ਸਿੱਕਦੀ ਨੂੰ ਮੈਨੂੰ, ਸਾਲ ਲੰਘ ਗਏ, ਸਮਾਂ ਲੰਘ ਗਿਆ ਤੇ ਅਜੇ ਤਕ ਦਰਸ਼ਨ ਨਹੀਂ ਹੋਏ। ਉਸ ਵੇਲੇ ਕੁਦਰਤੀ ਐਸਾ ਖਿਆਲ ਅੰਦਰੋਂ ਪੈਦਾ ਹੋ ਜਾਂਦਾ ਹੈ –

*ਧਾਰਨਾ – ਦਿਨ ਥੋੜ੍ਹੇ ਰਹਿ ਗਏ*
*ਭਇਆ ਪੁਰਾਣਾ ਚੋਲਾ ਜੀ।*

*ਬਾਲ ਜੁਆਨੀ ਅਰੁ ਬਿਰਧਿ ਫੁਨਿ*
*ਤੀਨਿ ਅਵਸਥਾ ਜਾਨਿ ॥ ਅੰਗ – 1428*

ਵੈਸੇ ਤਾਂ ਪਤਾ ਨਹੀਂ ਹੈ ਕਿਹੜੇ ਵੇਲੇ ਕਾਲ ਦਾ ਗੁਲੇਲਾ ਜਾਏ –

*ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥*
*ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ*
*ਸਮਝਿ ਰਾਖਉ ਚੀਤਿ ॥ ਅੰਗ – 631*

ਕੋਈ ਪਤਾ ਨਹੀਂ ਹੈ ਕਾਲ ਦਾ ਕਿ ਕਿਹੜੇ ਵੇਲੇ ਝਪਟਾ ਪੈ ਜਾਵੇ। ਐਸਾ ਮਹਾਰਾਜ ਜੀ ਫੁਰਮਾਨ ਕਰਦੇ ਨੇ –

*ਧਾਰਨਾ – ਤੇਰੇ ਕਾਲ ਨੇ ਗੁਲੇਲਾ ਮਾਰਨੈ, ਚੋਗਾ ਚੁਗਦੇ ਦੇ।*

*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥*
*ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥*

*ਅੰਗ – 254*

ਇਹ ਤਾਂ ਪੱਕਿਆ ਹੋਇਆ ਫਲ ਸੀ, ਹੁਣ ਗਿਰਿਆ, ਝੱਟ ਨੂੰ ਗਿਰਿਆ, ਕੋਈ ਇਤਬਾਰ ਨਹੀਂ ਸੀ ਕਿਉਂਕਿ ਮਹਾਰਾਜ ਫੁਰਮਾਨ ਕਰਦੇ ਨੇ ਕਿ –

*ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥*
*ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥*

*ਅੰਗ – 23*

*ਧਾਰਨਾ – ਧਨ ਜੋਬਨ ਫੁੱਲਾਂ ਦੀਆਂ ਬਾੜੀਆਂ,*
*ਖਿੜੀਆਂ ਨਾ ਸਦਾ ਰਹਿੰਦੀਆਂ।*


*ਧਾਰਨਾ – ਤੇਰੇ ਕਾਲ ਨੇ ਗੁਲੇਲਾ ਮਾਰਨੈ, ਚੋਗਾ ਚੁਗਦੇ ਦੇ।*

*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥*
*ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥*

*ਅੰਗ – 254*

ਇਹ ਤਾਂ ਪੱਕਿਆ ਹੋਇਆ ਫਲ ਸੀ, ਹੁਣ ਗਿਰਿਆ, ਝੱਟ ਨੂੰ ਗਿਰਿਆ, ਕੋਈ ਇਤਬਾਰ ਨਹੀਂ ਸੀ ਕਿਉਂਕਿ ਮਹਾਰਾਜ ਫੁਰਮਾਨ ਕਰਦੇ ਨੇ ਕਿ –

*ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥*
*ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥*

*ਅੰਗ – 23*

*ਧਾਰਨਾ – ਧਨ ਜੋਬਨ ਫੁੱਲਾਂ ਦੀਆਂ ਬਾੜੀਆਂ,*
*ਖਿੜੀਆਂ ਨਾ ਸਦਾ ਰਹਿੰਦੀਆਂ।*


ਨਾ ਤਾਂ ਸਦਾ ਕੋਈ ਆਦਮੀ ਧਨੀ ਰਿਹਾ ਕਰਦਾ ਹੈ, ਨਾ ਜੋਬਨ ਰਿਹਾ ਕਰਦਾ ਹੈ, ਇਹ ਆਪਣੇ-ਆਪਣੇ ਸਮੇਂ ਸਿਰ ਆਉਂਦੇ ਨੇ, ਆਪਣੇ ਸਮੇਂ ਸਿਰ ਚਲੇ ਜਾਂਦੇ ਨੇ। ਜਿਸ ਤਰ੍ਹਾਂ ਫੁੱਲਾਂ ਦੀ ਬਾੜੀ ਹੈ, ਫੁੱਲ ਦਿਖਾ ਕੇ ਮਹਿਕਾਂ ਦੇ ਕੇ ਖਤਮ ਹੋ ਜਾਂਦੀ ਹੈ। ਇਸੇ ਤਰ੍ਹਾਂ ਦੇ ਨਾਲ ਜੁਆਨੀ ਖਤਮ ਹੋ ਜਾਂਦੀ ਹੈ। ਬਚਪਨ ਨੂੰ ਜੁਆਨੀ ਖਾ ਲੈਂਦੀ ਹੈ, ਜੁਆਨੀ ਨੂੰ

ਬੁਢੇਪਾ ਖਾ ਲੈਂਦਾ ਹੈ, ਬੁਢੇਪੇ ਦਾ ਹਰ ਕਦਮ ਮੌਤ ਦੇ ਪਟੇ 'ਤੇ ਚੜ੍ਹਿਆ ਹੋਇਆ, ਮੌਤ ਵਲ ਨੂੰ ਚਲਿਆ ਜਾਂਦਾ ਹੈ। ਇਸ ਤਰ੍ਹਾਂ ਦੇ ਨਾਲ -

*ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ ॥*
*ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥*
*ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥*
*ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥*
*ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ ॥*
*ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ ॥*

*ਅੰਗ - 23*

ਅਖੀਰ ਸਹੁਰੇ ਆਉਣਾ ਹੀ ਪੈਂਦਾ ਹੈ ਲੜਕੀ ਨੂੰ।

*ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ ॥*
*ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ ॥ ਅੰਗ - 23*

ਸਰੀਰ ਨੂੰ ਦੇਖਦੀ ਹੈ ਕਿ ਕਿੰਨਾ ਚਿਰ ਹੋ ਗਿਆ ਮੈਨੂੰ, ਇੰਤਜ਼ਾਰ ਕਰ ਰਹੀ ਹਾਂ, ਮੇਰੇ ਸਤਿਗੁਰੂ ਜੀ ਜ਼ਰੂਰ ਦਰਸ਼ਨ ਦੇਣਗੇ। ਨਿਹਚਾ ਹੈ 100%, ਐਸਾ ਜੋ ਪਿਆਰ ਹੈ, ਵਾਹਿਗੁਰੂ ਜੀ ਦਾ ਭਾਵੇਂ ਕੋਈ ਰੂਪ, ਰੰਗ, ਰੇਖ, ਭੇਖ ਨਹੀਂ ਹੈ। ਸਾਰੇ ਪਰੀਪੂਰਨ ਅੰਦਰ ਬਾਹਰ ਆਪਣੇ ਵਿੱਚ ਰਹਿੰਦਾ ਹੈ। ਪਰ ਫੇਰ ਵੀ ਜਿਹੋ ਜਿਹੇ ਰੂਪ ਵਿੱਚ ਕੋਈ ਦੇਖਣਾ ਚਾਹੁੰਦਾ ਹੈ, ਓਹੋ ਜਿਹਾ ਹੀ ਰੂਪ ਧਾਰ ਕੇ ਉਹਨੂੰ ਦਰਸ਼ਨ ਦੇ ਦਿੰਦਾ ਹੈ। ਪਰ ਦਿੰਦਾ ਤਾਂ ਹੈ ਜੇ ਪੂਰਾ ਪਿਆਰ ਹੋਵੇ। ਗੁਰੂ ਦਸ਼ਮੇਸ਼ ਪਿਤਾ ਕਹਿੰਦੇ ਨੇ ਕਿ ਪੂਰੇ ਪਿਆਰ ਤੋਂ ਬਗੈਰ ਕਿਸੇ ਨੇ ਵੀ ਅੱਜ ਤੱਕ ਪ੍ਰਮੇਸ਼ਰ ਨੂੰ ਨਹੀਂ ਪਾਇਆ, ਕਿਉਂਕਿ ਵਾਹਿਗੁਰੂ ਕਿਸੇ ਦੇ ਵਸ ਨਹੀਂ ਆਉਂਦਾ, ਜੇ ਆਉਂਦਾ ਹੈ ਤਾਂ ਉਹਦੀ ਰੀਤ ਹੈ, ਉਹ ਇਹ ਹੈ ਕਿ ਜਿਹੜਾ ਵੀ ਪਿਆਰ ਕਰੇ ਉਹਦੇ ਵਸ ਵਿੱਚ ਹੋ ਜਾਇਆ ਕਰਦਾ ਹੈ। ਕਿਸੇ ਮੰਤਰ ਨਾਲ, ਕਿਸੇ ਜੰਤਰ ਨਾਲ, ਕਿਸੇ ਦਾਨ ਨਾਲ, ਨਾ ਸ਼ੁੱਧ ਪਾਠ ਕਰਨ ਨਾਲ, ਨਾ ਬਹੁਤੇ ਨਿਤਨੇਮ ਕਰਨ ਨਾਲ, ਆਉਂਦਾ ਹੀ ਨਹੀਂ ਕਿਸੇ ਤਰ੍ਹਾਂ ਵਸ ਵਿੱਚ।

*ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ ॥*
*ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ ॥*
*ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥*
*ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥ ਅੰਗ - 962*
*ਧਾਰਨਾ - ਰੱਬ ਵਸ ਭਗਤਾਂ ਨੇ ਕੀਤਾ, ਪਾ ਕੇ ਤੇ ਪ੍ਰੇਮ ਡੋਰੀਆਂ।*
*ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ*
*ਇਹ ਰੀਤਿ ਭਲੀ ਭਗਵੰਤੈ ॥ ਅੰਗ - 249*

ਫੇਰ ਨਾਲ ਹੀ ਨਿਭਦਾ ਹੈ, ਭੋਰਾ ਜਿੰਨੀ ਤਕਲੀਫ ਹੋ ਜਾਏ ਉਸੇ ਵੇਲੇ ਆ ਜਾਂਦਾ ਹੈ। ਨਾਮਦੇਵ ਜੀ, ਆਪ ਬਾਹਰ ਬੈਠੇ ਸਮਾਧੀ ਸਥਿਤ ਨੇ। ਸਵੈ ਸਰੂਪ ਦੇ ਵਿੱਚ ਸੁਰਤ ਲੀਨ ਹੋਈ ਹੋਈ ਹੈ, ਸੰਸਾਰ ਤਿੰਨ ਕਾਲ ਅਬਾਦ ਹੋਇਆ ਹੋਇਆ ਹੈ। ਇਹੀ ਸੰਸਾਰ ਪ੍ਰਮੇਸ਼ਰ ਰੂਪ ਹੋ ਕੇ ਨਜ਼ਰੀ ਆ ਰਿਹਾ ਹੈ। ਇੰਨੇ ਨੂੰ ਕੋਈ ਪ੍ਰੇਮੀ ਆਇਆ, ਆ ਕੇ ਕਹਿਣ ਲੱਗਿਆ, ਭਗਤ ਜੀ! ਜਲਦੀ ਉਠੋ ਘਰ ਨੂੰ ਚੱਲੋ। ਕਹਿੰਦੇ, ਕੀ ਹੋ

ਗਿਆ? ਕਹਿੰਦੇ, ਤੁਹਾਡੇ ਘਰ ਨੂੰ ਤਾਂ ਅੱਗ ਲੱਗੀ ਹੋਈ ਹੈ, ਸਾਰਾ ਨਗਰ ਇਕੱਠਾ ਹੋਇਆ ਹੋਇਆ ਹੈ, ਕੁਛ ਚੀਜ਼ਾਂ ਬਚਾ ਲਈਆਂ ਨੇ ਬਾਕੀ ਵਿੱਚੇ ਹੀ ਜਲ ਗਈਆਂ ਤੁਹਾਡੀਆਂ ਸਭ ਚੀਜ਼ਾਂ। ਜਿਸ ਵਕਤ ਨਾਮਦੇਵ ਜੀ ਆਉਂਦੇ ਨੇ, ਅੱਗ ਲੱਗੀ ਹੋਈ ਹੈ। ਦ੍ਰਿਸ਼ਟੀ ਕੀ ਹੈ ਕਿ -

***ਆਪੇ ਪਾਵਕੁ ਆਪੇ ਪਵਨਾ ॥ ਜਾਰੈ ਖਸਮੁ ਤ ਰਾਖੈ ਕਵਨਾ ॥***
***ਅੰਗ- 329***

ਜਿਹੜੀਆਂ ਚੀਜ਼ਾਂ ਬਚਾਈਆਂ ਹੋਈਆਂ ਸੀ, ਚੁੱਕ ਕੇ ਵਿੱਚ ਸੁੱਟਣ ਲਗ ਗਏ। ਨਾਲੇ ਕਹਿੰਦੇ ਭਗਵਾਨ ਜੀ! ਤੁਸੀਂ ਤਾਂ ਅਜੇ ਰੱਜੇ ਨਹੀਂ ਹੋਣੇ। ਆਹ ਵੀ ਛਕ ਲਓ, ਆਹ ਵੀ ਛਕ ਲਓ। ਭਗਵਾਨ ਦੇ ਦਰਸ਼ਨ ਕਰ ਰਹੇ ਨੇ। ਭਗਵਾਨ ਕਹਿਣ ਲੱਗੇ, ਨਾਮਦੇਵ! ਅੱਗ ਵਿੱਚ ਵੀ ਤੂੰ ਮੈਨੂੰ ਦੇਖਦਾ ਹੈਂ। ਕਹਿੰਦੇ, ਸੱਚੇ ਪਾਤਸ਼ਾਹ! ਕੋਈ ਥਾਂ ਹੈ ਜਿੱਥੇ ਤੂੰ ਨਹੀਂ ਹੈਂ। ਕੋਈ ਚੀਜ਼ ਨਹੀਂ ਹੈ ਤੇਰੇ ਬਗੈਰ। ਤੂੰ ਸਭ ਚੀਜ਼ਾਂ ਦੇ ਵਿੱਚ ਹੈਂ। ਕਿਸੇ ਨੂੰ ਨਹੀਂ ਏਸ ਗੱਲ ਦਾ ਪਤਾ ਲੱਗਿਆ ਤੇ ਸਭ ਕੁਛ ਜਲ ਗਿਆ। ਸਾਰੇ ਲੋਕ ਕਹਿੰਦੇ ਨੇ ਕਿ ਅਸੀਂ ਕੁਛ ਇਕੱਠਾ ਕਰਕੇ ਦੇਈਏ। ਉਦਮ ਕਰੀਏ, ਰਾਤ ਰਹਿਣਾ ਹੈ। ਰਾਤ ਵਾਸਤੇ ਛਾਉਂ ਚਾਹੀਦੀ ਹੈ ਸਿਰ ਦੇ ਉੱਤੇ ਤੇ ਉਨ੍ਹਾਂ ਦਾ ਨਾਨਾ ਸੀ ਉਹਨੇ ਪੈਸੇ ਦਿੱਤੇ ਕਿ ਜਾਓ ਤੁਸੀਂ ਵੀਹ ਰੁਪਏ ਲੈ ਜਾਓ, ਐਨੇ ਨਾਲ ਸਾਰਾ ਹੀ ਸਮਾਨ ਆ ਜਾਏਗਾ। ਵੀਹ ਰੁਪਏ ਬਹੁਤ ਵੱਡੀ ਰਕਮ ਹੋਇਆ ਕਰਦੀ ਸੀ, ਉਨ੍ਹਾਂ ਦਿਨਾਂ 'ਚ। ਹਜ਼ਾਰਾਂ ਰੁਪਿਆਂ ਤੋਂ ਵੱਧ ਹੁੰਦੀ ਸੀ। ਆਪ ਜਾਂਦੇ ਨੇ ਤੇ ਰਸਤੇ ਵਿੱਚ ਕੀ ਦੇਖਦੇ ਨੇ ਕਿ ਸਾਧੂ ਬੈਠੇ ਨੇ, ਜਾ ਕੇ ਬੇਨਤੀ ਕਰੀ ਕਿ ਗੁਰੂ ਮਹਾਰਾਜ! ਪ੍ਰਸ਼ਾਦ ਪਾਣੀ ਦਾ ਬੰਦੋਬਸਤ ਹੈ ਕੋਈ। ਕਹਿੰਦੇ, ਭਗਤ ਜੀ! ਅਜੇ ਤਾਂ ਕੋਈ ਨਹੀਂ ਹੈ। ਕਹਿੰਦੇ, ਕਿਸੇ ਨੇ ਪ੍ਰਸ਼ਾਦ ਦਾ ਇੰਤਜ਼ਾਮ ਵੀ ਕੀਤਾ ਹੈ? ਕਹਿੰਦੇ ਨਹੀਂ ਹਾਲੇ ਤਕ ਨਹੀਂ ਕੀਤਾ। ਪ੍ਰਮੇਸ਼ਰ ਭੇਜੇਗਾ ਤਾਂ ਅਸੀਂ ਛਕਾਂਗੇ। ਆਪ ਜਾ ਕੇ ਰਾਸ਼ਨ ਲੈ ਆਉਂਦੇ ਨੇ। ਸੰਗਤਾਂ ਨੂੰ ਛਕਾ ਦਿੱਤਾ ਸਭ ਕੁਛ। ਨਾ ਬੱਲੀਆਂ ਲਾਉਣ ਨੂੰ ਪੈਸਾ ਹੈ, ਨਾ ਰੱਸੀਆਂ, ਨਾ ਸਰਕੜਾ, ਨਾ ਕੋਈ ਹੋਰ ਚੀਜ਼। ਨਾ ਕੋਈ ਮੰਜੇ ਵਗੈਰਾ ਲਿਆਉਣ ਨੂੰ, ਕੁਛ ਨਹੀਂ ਹੈ। ਏਧਰ ਇਹ ਗੱਲ ਹੋ ਰਹੀ ਹੈ, ਓਧਰ ਭਗਤਾਂ ਦਾ ਜੋ ਰਖਸ਼ਕ ਹੈ, ਭਗਤਾਂ ਦਾ ਪਿਆਰਾ ਵਾਹਿਗੁਰੂ, ਗੱਡਾ ਭਰੀਂ ਲਈ ਆਉਂਦਾ ਹੈ। ਕਹਿਣ ਲੱਗਿਆ, ਨਾਮਦੇਵ ਦਾ ਘਰ ਕਿੱਥੇ ਹੈ? ਕਹਿੰਦੇ ਇਹੀ ਹੈ? ਕਹਿੰਦੇ ਇਹੀ ਜਲਿਆ ਸੀ? ਕਹਿੰਦੇ ਹਾਂ। ਸਮਾਨ ਸੁੱਟ ਲਿਆ, ਹਰ ਕਿਸਮ ਦਾ ਸਮਾਨ ਹੈ ਉਸ ਵਿੱਚ ਭਾਂਡੇ ਟਿੰਡੇ ਹਰੇਕ ਚੀਜ਼। ਸਾਰੇ ਹੈਰਾਨ ਨੇ ਕਿ ਲਓ ਬਈ ਵੀਹ ਰੁਪਏ ਦਿੱਤੇ ਸੀ, ਬੇਅੰਤ ਹੀ ਸਮਾਨ ਆ ਗਿਆ। ਪਤਾ ਨਹੀਂ ਇਹਨੂੰ ਕਿਹੜਾ ਲੱਭ ਗਿਆ ਐਨਾ ਦੇਣ ਵਾਲਾ। ਅਸੀਂ ਤਾਂ ਰੋਜ਼ ਖਰੀਦਦੇ ਹਾਂ ਥੋੜ੍ਹਾ ਜਿਹਾ ਸਮਾਨ ਆਉਂਦਾ ਹੈ। ਉਹ ਛੱਪਰ ਬੰਨ੍ਹਣ ਲੱਗ ਗਏ। ਪਿੰਡ ਦੇਖੀ ਜਾਂਦਾ ਹੈ। ਦੇਖਦੇ ਦੇਖਦੇ ਹੀ ਅੱਖਾਂ ਨੂੰ ਐਸਾ ਲੱਗਿਆ ਕਿ ਬੰਨ੍ਹ ਵੀ ਦਿੱਤਾ ਇਨ੍ਹਾਂ ਨੇ ਤਾਂ। ਕੋਈ ਕਹੇ ਕਿ ਨਜ਼ਰਬੰਦੀ ਕਰ ਦਿੱਤੀ ਸਾਡੀ। ਕੋਈ ਕੁਛ ਕਹਿੰਦਾ ਹੈ, ਕੋਈ ਕੁਛ ਕਹਿੰਦਾ ਹੈ। ਇੰਨੇ ਨੂੰ ਇਕ ਮਾਈ ਨਾਮਦੇਵ ਜੀ ਨੂੰ ਕਹਿਣ ਲੱਗੀ ਕਿ ਨਾਮਦੇਵ! ਜਾਹ, ਘਰ ਮੈ ਤੇਰਾ ਕਰ

ਆਇਆ ਠੀਕ। ਓਸ ਵੇਲੇ ਨਾਮਦੇਵ ਜੀ ਆ ਜਾਂਦੇ ਨੇ ਤੇ ਪਿੰਡ ਵਾਲੇ ਅੰਦਰ ਵੜ-ਵੜ ਦੇਖਦੇ ਨੇ ਕਿ ਐਹੋ ਜਿਹਾ ਛੱਪਰ ਤਾਂ ਅਸੀਂ ਦੇਖਿਆ ਨਹੀਂ। ਇਹ ਛੱਪਰ ਹੈ ਕਿ ਮਹੱਲ ਹੈ। ਅੰਦਰ ਵੜਦੇ ਸਾਰ ਠੰਢ ਪੈ ਜਾਂਦੀ ਹੈ। ਚਿੱਤ ਇਕਾਗਰ ਹੋ ਜਾਂਦਾ ਹੈ। ਇੱਕ ਅਮੀਰ ਬੀਬੀ ਪੜੌਸ ਦੇ ਵਿੱਚ ਰਹਿੰਦੀ ਸੀ, ਉਹਦੇ ਕੋਲ ਜਗ੍ਹਾਂ ਖਾਲੀ ਸੀ। ਨਾਮਦੇਵ ਜੀ ਨੂੰ ਕਹਿਣ ਲੱਗੀ ਕਿ ਭਗਤ ਜੀ! ਆਹ ਤਾਂ ਕਮਾਲ ਹੀ ਕਰ ਦਿੱਤੀ, ਮੇਰਾ ਵੀ ਜੀਅ ਕਰਦਾ ਹੈ ਕਿ ਮੈਂ ਆਹ ਖਾਲੀ ਥਾਂ ਦੇ ਵਿੱਚ, ਐਸੇ ਤਰ੍ਹਾਂ ਦੀ ਛਪਰੀ ਬਣਵਾਵਾਂ ਤੇ ਉਹ ਜਿਹੜਾ ਬੇਢੀ ਸੀ ਮੈਂ ਤਾਂ ਹੈਰਾਨ ਹਾਂ ਕਿ ਉਹ ਤੈਨੂੰ ਕਿੱਥੋਂ ਲੱਭ ਗਿਆ, ਉਹ ਤਾਂ ਕੰਮ ਕਰਦਾ ਐਉਂ ਲਗਦਾ ਹੈ ਕਿ ਜਿਵੇਂ ਮਸ਼ੀਨ ਹੁੰਦੀ ਹੈ ਤੇ ਮੈਨੂੰ ਤੂੰ ਓਹਦੀ ਦੱਸ ਪਾ ਦੇ।

***ਪਾੜ ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ ॥***
***ਤੋ ਪਹਿ ਦੁਗਣੀ ਮਜੂਰੀ ਦੈਹਉ ਮੋ ਕਉ ਬੇਢੀ ਦੇਹੁ ਬਤਾਈ ਹੋ ॥***
***ਅੰਗ-657***

ਮੈਨੂੰ ਤੂੰ ਦਸ ਦੇ, ਤੇਰੇ ਤੋਂ ਮੈਂ ਦੁੱਗਣੀ ਮਜ਼ੂਰੀ ਦੇ ਦੇਵਾਂਗੀ। ਨਾਮਦੇਵ ਜੀ ਹੱਸ ਪਏ, ਕਹਿੰਦੇ ਹਸਦੇ ਕਿਉਂ ਹੋ। ਮੈਂ ਕਿਤੇ ਗਰੀਬ ਹਾਂ, ਮੈਂ ਅਮੀਰ ਹਾਂ। ਮੈਂ ਤੇਰੇ ਤੋਂ ਚੌਗੁਣੀ ਮਜ਼ੂਰੀ ਵੀ ਦੇ ਸਕਦੀ ਹਾਂ। ਇਹ ਗੱਲ ਕੋਈ ਮੈਂ ਐਵੇਂ ਨਹੀਂ ਕਰ ਰਹੀ, ਸੱਚੀਮੁੱਚੀਂ ਕਹਿ ਰਹੀ ਹਾਂ। ਨਾਮਦੇਵ ਜੀ ਕਹਿਣ ਲੱਗੇ, ਭੈਣ ਜੀ! ਤੂੰ ਬੇਢੀ ਦੇ ਬਾਰੇ ਪੁੱਛਦੀ ਹੈਂ, ਉਹ ਐਸ ਤਰ੍ਹਾਂ ਨਹੀਂ ਆਉਂਦਾ ਹੈਗਾ।

***ਰੀ ਬਾਈ ਬੇਢੀ ਦੇਨੁ ਨ ਜਾਈ ॥*** ***ਅੰਗ-657***

ਕਹਿੰਦੀ ਜੇ ਤੂੰ ਨਹੀਂ ਕਹਿ ਸਕਦਾ, ਮੈਨੂੰ ਦਸ ਦੇ ਮੈਂ ਚਲੀ ਜਾਂਦੀ ਹਾਂ ਓਸ ਕੋਲ, ਮੈਂ ਜਾ ਕੇ ਬੇਨਤੀ ਕਰ ਲਵਾਂਗੀ। ਨਾਲੇ ਮੈਂ ਕਹਿ ਦੇਵਾਂਗੀ ਕਿ ਨਾਮਦੇਵ ਨਾਲੋਂ ਮੈਂ ਦੁੱਗਣੀ ਚੌਗੁਣੀ ਮਜ਼ੂਰੀ ਦੇ ਦੇਵਾਂਗੀ। ਮੇਰੀ ਛੱਪਰੀ ਇਹੋ ਜਿਹੀ ਬਣਾ ਦੇ ਤੇ ਮੈਨੂੰ ਦਸ ਦੇ ਬੇਢੀ ਹੈ ਕਿੱਥੇ? ਕਹਿੰਦਾ, ਬੀਬੀ! ਦਸ ਦੇ ਤਾਂ ਜਦੋਂ ਤੋਂ ਸੰਸਾਰ ਬਣਿਆ ਹੈ ਓਸ ਵੇਲੇ ਤੋਂ ਰਿਸ਼ੀ ਮੁਨੀ, ਗੁਰੂ ਪੀਰ ਪੈਗੰਬਰ, ਸਭ ਦਸਦੇ ਆਏ ਨੇ। ਬਈ ਇਸ ਸੰਸਾਰ ਨੂੰ ਬਣਾਉਣ ਵਾਲਾ ਬੇਢੀ ਰਹਿੰਦਾ ਕਿੱਥੇ ਹੈ? ਜਿਹੜਾ ਇੱਕ ਫੁਰਨੇ ਦੇ ਅੰਦਰ ਐਨਾ ਸੁੰਦਰ ਸੰਸਾਰ ਬਣਾ ਦਿੰਦਾ ਹੈ, ਉਹਨੂੰ ਇੱਕ ਛਪਰੀ ਬਣਾਉਣੀ ਕੀ ਔਖੀ ਹੈ। ਉਹ ਤਾਂ ਇਹਨੇ ਇੱਕ ਕੌਤਕ ਕਰਿਆ, ਮਰਿਆਦਾ ਦੇ ਮੁਤਾਬਿਕ, ਨਹੀਂ ਤਾਂ ਛਪਰੀ ਨੂੰ ਅੱਗ ਲੱਗ ਗਈ, ਓਸੇ ਵੇਲੇ ਬਣੀ ਬਣਾਈ ਨਜ਼ਰ ਆਉਂਦੀ ਤੇ ਦਸ ਦੇ ਤੁਰੇ ਆਉਂਦੇ ਨੇ ਕਿ ਇਹ ਕਿੱਥੇ ਰਹਿੰਦਾ ਹੈ। ਪਰ ਅਫਸੋਸ ਇਹ ਹੈ ਕਿ ਕੋਈ ਮੰਨਦਾ ਨਹੀਂ।

***ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥***
***ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥ ਅੰਗ - 1378***

ਚਾਰੇ ਵੇਦ, ਛੇਈ ਸ਼ਾਸਤਰ, 27 ਸਿਮ੍ਰਤੀਆਂ, ਉਪਨਿਸ਼ਦਾਂ, ਗੁਰੂ ਗ੍ਰੰਥ ਸਾਹਿਬ ਮਹਾਰਾਜ ਅੰਜੀਰ, ਜੰਬੂਰ, ਬਾਈਬਲ, ਕੁਰਾਨ ਸ਼ਰੀਫ, ਤੌਰੇਤ, ਇਹ ਸਾਰੀਆਂ ਧਾਰਮਿਕ ਪੁਸਤਕਾਂ ਦੇ ਮਹਾਤਮਾ ਅਵਾਜ਼ਾਂ ਦੇ ਦੇ ਕੇ

ਦਸਦੇ ਨੇ, ਓਸ ਬੇਢੀ ਬਾਰੇ ਹੀ ਦਸਦੇ ਨੇ ਕਿ ਪਰ ਕੀ ਮਜ਼ਾਲ ਦੁਨੀਆਂਦਾਰਾਂ ਦੇ ਕੰਨਾਂ ਵਿੱਚ ਭੋਰਾ ਜਿੰਨੀ ਤਾਂ ਗੱਲ ਸਮਾਅ ਜਾਵੇ। ਨਹੀਂ ਸਮਝਦੇ। ਔਖੀ ਤੋਂ ਔਖੀ ਬਾਤ ਸਮਝ ਜਾਂਦੇ ਨੇ, ਸਾਇੰਸ ਦੇ ਮਸਲੇ ਸਮਝ ਜਾਂਦੇ ਨੇ, ਥਿਊਰੀਆਂ ਸਮਝ ਜਾਂਦੇ ਨੇ, ਗਣਿਤ ਦੇ ਬੜੇ ਔਖੇ ਤੋਂ ਔਖੇ ਫਾਰਮੂਲੇ ਸਮਝ ਜਾਂਦੇ ਨੇ ਤੇ ਹੋਰ ਵੱਡੀਆਂ-ਵੱਡੀਆਂ ਔਖੀਆਂ ਗੱਲਾਂ ਸਮਝ ਜਾਂਦੇ ਨੇ। ਪਰ ਇੱਕ ਸੁਖਾਲੀ ਜਿਹੀ ਗੱਲ ਇਨ੍ਹਾਂ ਦੀ ਸਮਝ ਤੋਂ ਪਰ੍ਹੇ ਹੈ, ਜੇ ਸਮਝਦੇ ਨੇ ਤਾਂ ਉੱਤੇ-ਉੱਤੇ ਰਹਿੰਦਾ ਹੈ। ਅੰਦਰੋਂ ਨਹੀਂ ਸਮਝਦੇ। ਮੰਨਦੇ ਨਹੀਂ।

ਮੰਨ ਲਏਂਗੀ?

ਕਹਿੰਦੀ ਹਾਂ, ਇਹ ਕਿਹੜੀ ਗੱਲ ਕਰ ਦਿੱਤੀ, ਮੈਨੂੰ ਦਸ ਤਾਂ ਸਹੀ ਉਹ ਹੈ ਕਿੱਥੇ? ਮੈਂ ਮੰਨਦੀ ਹਾਂ, ਮੈਂ ਤੇਰਾ ਕਿਹਾ ਝੂਠਾ ਨਹੀਂ ਮੰਨਦੀ। ਉਸ ਵੇਲੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਬੇਢੀ ਸਾਰੀਆਂ ਘਟਾਂ ਦੇ ਵਿੱਚ ਵਸਦਾ,***
***ਹੋਇਕੇ ਅਧਾਰ ਪ੍ਰਾਣਾਂ ਦਾ।***

***ਰੀ ਬਾਈ ਬੇਢੀ ਦੇਨੁ ਨ ਜਾਈ ॥ ਦੇਖੁ ਬੇਢੀ ਰਹਿਓ ਸਮਾਈ ॥***
***ਹਮਾਰੈ ਬੇਢੀ ਪ੍ਰਾਨ ਅਧਾਰਾ ॥ ਅੰਗ- 657***

ਆਹ ਜਿਹੜਾ ਸਾਹ ਆਉਂਦਾ ਹੈ ਨਾ ਬਾਹਰ ਨੂੰ, ਜੇ ਉਹ ਨਾ ਚਾਹੇ ਤਾਂ ਉਹ ਬਾਹਰ ਹੀ ਰਹਿ ਜਾਂਦਾ ਹੈ। ਫੇਰ ਕੀ ਹੁੰਦਾ ਹੈ? ਕਹਿੰਦੇ ਫੇਰ ਬੰਦਾ ਮਰ ਜਾਂਦਾ ਹੈ। ਕਹਿੰਦੇ, ਅੰਦਰ ਨੂੰ ਸਾਹ ਵੀ ਓਹੀ ਚਲਾਉਂਦਾ ਹੈ, ਐਨਾ ਨੇੜੇ ਵਸਦਾ ਹੈ ਸਾਹ ਦੇ ਨਾਲ। ਕਹਿੰਦੇ, ਮੰਨਦੀ ਹੈਂ ਇਹ ਗੱਲ? ਕਹਿੰਦੀ, ਇਹ ਤਾਂ ਔਖੀ ਹੈ ਗੱਲ ਮੰਨਣੀ।

ਔਖੀ ਹੈ ਸਾਧਸੰਗਤ ਜੀ! ਇਹ ਗੱਲ ਮੰਨਣੀ। ਜੇ ਸਾਰਾ ਸੰਸਾਰ ਮੰਨ ਲਵੇ ਤਾਂ ਸਾਰੇ ਦੁਖ ਕਲੇਸ਼ ਦੂਰ ਹੋ ਜਾਣ। ਲੇਕਿਨ ਮੰਨਦਾ ਨਹੀਂ ਹੈ। ਨਹੀਂ ਮੰਨਦਾ ਗੁਰੂ ਦੀ ਗੱਲ। ਮੱਥੇ ਟੇਕੀ ਜਾਏਗਾ ਕਹੇਗਾ ਵੀ ਕਿ ਮੇਰੇ ਗੁਰੂ, ਗੁਰੂ ਗ੍ਰੰਥ ਸਾਹਿਬ ਨੇ, ਝਗੜਾ ਪਾ ਲਏਗਾ, ਸਿਰ ਪਾੜਨ ਨੂੰ ਜਾਏਗਾ ਦੂਸਰੇ ਦਾ। ਭਾਈ! ਗੁਰੂ ਦਾ ਬਚਨ ਵੀ ਕੀ ਮੰਨਦਾ ਹੁੰਦਾ ਹੈਂ? ਕਹਿੰਦਾ ਕਿਹੜਾ ਬਚਨ? ਗੁਰੂ ਕਹਿੰਦਾ ਹੈ -

***ਘਟ ਘਟ ਮੈ ਹਰਿ ਜੂ ਬਸੈ***
***ਸੰਤਨ ਕਹਿਓ ਪੁਕਾਰਿ ॥ ਅੰਗ - 1427***

ਕੀ ਤੂੰ ਮੰਨਦਾ ਹੈਂ ਕਿ ਹਰੇਕ ਘਟ 'ਚ ਵਾਹਿਗੁਰੂ ਹੈ?

ਕਹਿੰਦਾ ਇਹ ਤਾਂ ਗੱਲ ਔਖੀ ਹੈ?

ਸੋ ਕਹਿੰਦੇ ਬੀਬੀ, ਭੈਣ! ਦੁਨੀਆਂ ਮੰਨਦੀ ਨਹੀਂ ਹੈ। ਬਾਕੀ ਜਿਹੜੀ ਉਹ ਮਜੂਰੀ ਮੰਗਦਾ ਹੈ, ਕਹਿੰਦੇ ਉਹ ਕੋਈ ਦੇ ਨਹੀਂ ਸਕਦਾ। ਜਿਹੜੀ ਅਵਾਜ਼ ਨਾਲ ਉਹ ਬੋਲਦਾ ਹੈ, ਉਸ ਆਵਾਜ਼ ਨਾਲ ਕੋਈ ਉਸਨੂੰ ਬੁਲਾਉਂਦਾ ਹੀ ਨਹੀਂ। ਕਹਿੰਦੀ ਕੋਈ ਆਵਾਜ਼ ਖਾਸ ਹੈ ਜਿਹਦੇ ਨਾਲ ਉਹ ਬੋਲਦਾ

ਹੈ? ਕਹਿੰਦੇ ਹਾਂ। ਪਰ ਉਹ ਸੁੱਕੀ ਅਵਾਜ਼ ਨਾਲ ਨਹੀਂ ਬੋਲਦਾ, ਪਿਆਰ ਨਾਲ ਭਿੱਜੀ ਹੋਈ ਆਵਾਜ਼ ਨਾਲ ਬੋਲਦਾ ਹੈ। ਤਰਲੇ ਦੀ ਭਰੀ ਹੋਈ ਆਵਾਜ਼, ਫੇਰ ਉਹ ਦਰਵਾਜ਼ਾ ਖੋਲ੍ਹ ਦਿਆ ਕਰਦਾ ਹੈ।

ਤੇ ਮੰਗਦਾ ਕੀ ਹੈ?

ਕਹਿੰਦੇ, ਪੈਸੇ ਟਕੇ ਤਾਂ ਉਹ ਸਾਰੇ ਸੰਸਾਰ ਨੂੰ ਦਿੰਦਾ ਹੈ।

***ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥ ਅੰਗ - 681***

ਉਹ ਜੇ ਮੰਗਦਾ ਹੈ ਤਾਂ ਇੱਕੋ ਹੀ ਚੀਜ਼ ਮੰਗਦਾ ਹੈ -

***ਧਾਰਨਾ - ਮੰਗਦਾ ਹੈ ਬੇਢੀ ਪ੍ਰੀਤ ਦੀ ਮਜਦੂਰੀ।***

***ਬੇਢੀ ਪ੍ਰੀਤਿ ਮਜੂਰੀ ਮਾਂਗੈ***
***ਜਉ ਕੋਊ ਛਾਨਿ ਛਵਾਵੈ ਹੋ ॥ ਅੰਗ- 657***

ਕਹਿਣ ਲੱਗਿਆ, ਪਿਆਰ ਦੀ ਮਜਦੂਰੀ ਮੰਗਦਾ ਹੈ, ਕੀ ਹੈ ਤੇਰੇ ਕੋਲ। ਬਹੁਤ ਪਿਆਰ ਮੰਗਦਾ ਹੈ ਜਿਸ ਤਰ੍ਹਾਂ ਦੇ ਨਾਲ-

***ਚੰਦ ਚਕੋਰ ਪਰੀਤ ਹੈ, ਲਾਇ ਤਾਰ ਨਿਹਾਲੇ।***
***ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।***
***ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।***
***ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।***
***ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮਾਲੇ।***
***ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥***

***ਭਾਈ ਗੁਰਦਾਸ ਜੀ, ਵਾਰ 27/4***

ਐਨਾ ਪਿਆਰ ਹੋਵੇ ਤਾਂ ਉਹ ਆ ਜਾਇਆ ਕਰਦਾ ਹੈ। ਇਸ ਤਰ੍ਹਾਂ ਦੇ ਨਾਲ ਬਾਈ! ਜੇ ਐਨਾ ਪਿਆਰ ਹੋਵੇ ਤਾਂ ਉਹ ਛਪਰੀ ਆਪੇ ਹੀ ਬੰਨ੍ਹ ਜਾਂਦਾ ਹੈ, ਫੇਰ ਉਹ ਲੈਂਦਾ ਕੁਛ ਨਹੀਂ। ਇੱਕ ਛੱਪਰ ਹੀ ਨਹੀਂ, ਸਾਰੇ ਹੀ ਕੰਮ ਕਰਦਾ ਫਿਰਦਾ ਹੈ। ਭਾਲਦਾ ਰਹਿੰਦਾ ਹੈ ਕਿ ਇਹ ਕਹੇ ਮੈਨੂੰ ਕੋਈ ਕੰਮ, ਜੇ ਨਾ ਵੀ ਕਹੋ ਤਾਂ ਵੀ ਕਰ ਦਿੰਦਾ ਹੈ -

***ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ***
***ਜਿਨ ਹਰਿ ਕਾ ਨਾਮੁ ਪਿਆਰਾ ॥ ਅੰਗ-638***

ਸੰਤ ਬਾਬਾ ਕਰਮ ਸਿੰਘ ਜੀ ਮਹਾਰਾਜ ਅੱਜ ਕਲਪਾਣੀ ਨਦੀ ਦੇ ਕਿਨਾਰੇ ਬੈਠੇ ਨੇ। ਅੰਮ੍ਰਿਤ ਵੇਲੇ ਤੋਂ ਸੁਰਤ ਉਪਰ ਚੜ੍ਹ ਗਈ, ਸਹਿਜ ਦੇ ਵਿੱਚ ਜਾ ਕੇ ਸਮੇਂ ਨੂੰ ਭੁੱਲ ਗਏ, ਫੁਰਨਾ ਨਾ ਕਰਿਆ, ਦੋ ਵੱਜ ਗਏ। ਦੁਪਹਿਰਾ ਢਲ ਗਿਆ, ਦੋ ਵਜੇ ਆਪ ਨੂੰ ਪਤਾ ਲੱਗਿਆ ਕਿ ਅੱਜ ਤਾਂ ਸਾਰਾ ਹੀ ਕੰਮ ਗਲਤ ਹੋ ਗਿਆ। ਡਿਊਟੀ ਜਿਹੜੀ ਸੀ ਉਹ ਵੀ ਗਲਤ ਹੋ ਗਈ। ਸ਼ਿਕਾਇਤ ਹੋ ਗਈ ਕਿ ਬਾਬਾ ਕਰਮ ਸਿੰਘ ਨਦੀ ਦੇ ਕਿਨਾਰੇ ਬੈਠਾ ਹੈ। ਜਿਹੜਾ ਕਮਾਂਡਰ ਸੀਗਾ ਉਹਨੇ ਕਿਹਾ ਹੈਂ, ਸਰਹੱਦੀ ਇਲਾਕਾ ਹੋਵੇ ਤੇ ਗਾਰਦ ਕਮਾਂਡਰ ਉਥੇ ਬੈਠਾ ਹੋਵੇ। ਕਹਿਣ ਲੱਗਿਆ, 'ਹਮ ਐਸੇ ਨਹੀਂ ਮਾਨਤਾ, ਹਮੇਂ ਸਹੀ ਬਾਤ ਬਤਾਓ।' ਕਹਿਣ ਲੱਗਿਆ ਕਿ ਮੇਰੇ ਨਾਲ ਚੱਲੋ ਮੈਂ ਦਿਖਾ ਦਿੰਦਾ ਹਾਂ। ਕਹਿੰਦਾ, ਔਹ ਬੈਠਾ ਹੈ, ਕਹਿੰਦਾ ਅੱਛਾ

ਗਾਰਦ ਦਿਖਾਓ। ਗਾਰਦ 'ਚ ਗਏ ਤਾਂ ਉਨ੍ਹਾਂ ਨੇ ਸਲੂਟ ਕਰਿਆ ਆਪ, ਫਰਜੰਟੀ ਦਿੱਤੀ। ਸਭ ਅੱਛਾ ਬੋਲਿਆ, ਰਜਿਸਟਰ ਦਿਖਾਇਆ। ਕਹਿਣ ਲੱਗਿਆ, ਯੇ ਤੋ ਹੈਂ। ਉਹ ਕਹਿਣ ਲੱਗਿਆ, ਸਾਹਿਬ! ਉਹ ਤਾਂ ਉਥੇ ਬੈਠਾ ਹੈ। ਫੇਰ ਦੇਖਣ ਚਲਿਆ ਗਿਆ ਸਾਹਿਬ, ਦੇਖੇ ਤਾਂ ਉਥੇ ਬੈਠੇ ਨੇ, ਇਥੇ ਆਇਆ ਤਾਂ ਫੇਰ ਉਵੇਂ ਜਿਵੇਂ। ਹੈਰਾਨ ਹੋ ਗਿਆ। ਕਿਉਂਕਿ ਆਪ ਪ੍ਰਮੇਸ਼ਰ ਨੇ ਰੂਪ ਧਾਰ ਕੇ ਪਹਿਰਾ ਦੇਣਾ ਸ਼ੁਰੂ ਕਰ ਦਿੱਤਾ। ਇੱਕ ਮਹਾਂਪੁਰਸ਼ ਮੈਨੂੰ ਦਸਦੇ ਸੀ ਜਿਹੜੇ ਨਾਲ ਸੀ, ਕਹਿਣ ਲੱਗੇ, ਬਾਬਾ ਜੀ! ਤਾਂ ਉਥੇ ਬੈਠੇ ਸੀ, ਏਧਰ ਅਲਾਰਮ ਵੱਜ ਗਿਆ, ਕਿਉਂਕਿ ਖਬਰ ਆਈ ਕਿ ਫਲਾਣੀ ਪਿਕਟ ਜਿਹੜੀ ਹੈ ਉਹ ਸਰਹੱਦੀਆਂ ਨੇ ਲੈ ਲਈ, ਅਫਜ਼ਈਆਂ ਨੇ ਲੈ ਲਈ, ਪਠਾਣਾਂ ਨੇ ਕਬਜ਼ਾ ਕਰ ਲਿਆ ਤੇ ਉਸੇ ਵੇਲੇ ਸਾਰੀ ਫੌਜ ਕੋਤਾਂ ਵਿੱਚ ਚਲੀ ਗਈ, ਰਾਈਫਲਾਂ ਲੈਣ ਵਾਸਤੇ, ਕਹਿੰਦਾ ਅਸੀਂ ਹੈਰਾਨ ਹੋ ਗਏ, ਦੋ ਕੁ ਮਿੰਟਾਂ 'ਚ ਸਾਰਿਆਂ ਨੂੰ ਹੀ ਰਾਈਫਲਾਂ ਦੇ ਦਿੱਤੀਆਂ। ਕਹਿੰਦੇ, ਅਸੀਂ ਸੋਚੀ ਜਾਈਏ ਕਿ ਕਰਮ ਸਿੰਘ ਇੱਕ ਹੈ ਕਿ ਸੌ ਹੈ। ਜਿਹੜੇ ਬੰਦੇ ਨੂੰ ਰਾਈਫਲ ਦਿੰਦਾ ਹੈ ਉਹ ਕਰਮ ਸਿੰਘ, ਜਿਹੜੇ ਨੂੰ ਦਿੰਦਾ ਹੈ ਕਰਮ ਸਿੰਘ। ਗੁਰਪਾਲ ਸਿੰਘ ਸੀਗਾ ਉਹਦਾ ਨਾਉਂ, ਕਹਿਣ ਲੱਗਿਆ ਅਸੀਂ ਹੈਰਾਨ ਹੋ ਗਏ। ਕਹਿੰਦਾ, ਮੇਰੀ ਉਸ ਵੇਲੇ ਦੋ ਸਾਲ ਦੀ ਸਰਵਿਸ ਸੀ ਤੇ ਸਾਹਿਬ ਨੇ ਹੁਕਮ ਦੇ ਦਿੱਤਾ ਕਿ ਵੈਲ ਕਰਮ ਸਿੰਘ! ਐਡਵਾਂਸ ਗਾਰਦ ਮੇਂ ਆਪ ਚਲੋ। ਕਹਿੰਦੇ, ਅੱਗੇ ਹੋ ਗਏ ਫੌਜ ਦੇ ਤੇ ਉਥੇ ਜਾ ਕੇ, ਅੱਗੇ-ਅੱਗੇ ਵਧਦੇ ਜਾਂਦੇ ਨੇ, ਉਨ੍ਹਾਂ ਨੇ ਬਗੈਰ ਕੋਈ ਗੋਲੀ ਚਲਾਉਣ ਤੋਂ ਪਿਕਟ ਲੈ ਲਈ ਤੇ ਪਠਾਣ ਨੱਠ ਗਏ ਤੇ ਸਾਹਿਬ ਜਿਹੜਾ ਸੀ ਸਾਡਾ ਕਮਾਂਡਿੰਗ ਅਫਸਰ ਉਹ ਕਹਿੰਦਾ ਬਹੁਤ ਵੱਡੀ ਫਤਹਿ ਹੋਈ ਹੈ, ਅੱਜ ਤਕ ਨਹੀਂ ਹੋਇਆ ਕਿ ਪਿਕਟ ਸੈਂਕੜੇ ਬੰਦੇ ਮਰਵਾਉਣ ਤੋਂ ਬਾਅਦ ਨਾ ਮਿਲੀ ਹੋਵੇ। ਆ ਕੇ ਐਲਾਨ ਕਰ ਦਿੱਤਾ ਕਿ ਅੱਜ ਬਾਬਾ ਕਰਮ ਸਿੰਘ ਨੂੰ ਸਪੈਸ਼ਲ ਪਰਮੋਸ਼ਨ ਮਿਲੇਗੀ। ਬਾਬਾ ਜੀ ਦੋ ਵਜੇ ਆਏ ਉਥੋਂ, ਮੁਬਾਰਕਾਂ ਦੇ ਰਹੇ ਨੇ ਰਸਤੇ 'ਚ, ਪਤਾ ਨਹੀਂ ਲਗਦਾ ਕਿ ਕਾਹਦੀਆਂ ਮੁਬਾਰਕਾਂ ਨੇ। ਸਿੱਧੇ ਸੂਬੇਦਾਰ ਮੇਜਰ ਕੋਲ ਆਏ, ਉਹ ਉਨ੍ਹਾਂ ਦਾ ਮਿੱਤਰ ਸੀ, ਭੇਤੀ ਸੀ, ਨਾਲ ਨਾਮ ਜਪਣ ਵਾਲਾ ਸੀ। ਕਹਿਣ ਲੱਗੇ, ਕੀ ਗੱਲ ਅੱਜ ਮੁਬਾਰਕਾਂ ਦਿੰਦੇ ਨੇ? ਉਹ ਕਹਿੰਦੇ, ਕੀ ਤੁਹਾਨੂੰ ਨਹੀਂ ਪਤਾ? ਕਹਿੰਦੇ, ਮੈਂ ਤਾਂ ਅੱਜ ਹੁਣੇ ਹੀ ਆ ਰਿਹਾ ਹਾਂ। ਕਹਿੰਦੇ, ਫੇਰ ਉਹ ਕੌਣ ਸੀਗਾ ਜਿਹਨੇ ਕੋਤਾਂ ਚੋਂ ਰਾਈਫਲਾਂ ਦਿੱਤੀਆਂ? ਉਹ ਕੌਣ ਸੀ ਜਿਹਨੇ ਐਡਵਾਂਸ ਗਾਰਦ 'ਚ ਜਾ ਕੇ ਪਿਕਟ ਖਾਲੀ ਕਰਾਈ? ਕਹਿੰਦੇ, ਮੈਂ ਤਾਂ ਨਹੀਂ ਸੀਗਾ, ਜੇ ਮੈਂ ਹੁੰਦਾ ਤਾਂ ਮੈਨੂੰ ਪਤਾ ਹੀ ਹੁੰਦਾ, ਐਨਾ ਤਾਂ ਨਹੀਂ ਮੈਂ ਬੇਸੁਰਤ। ਅੰਮ੍ਰਿਤ ਵੇਲੇ ਦਾ ਮੈਂ ਤਾਂ ਉਥੇ ਬੈਠਾ ਹਾਂ, ਮੇਰੀ ਤਾਂ ਹੁਣ ਸਮਾਧੀ ਖੁਲ੍ਹੀ ਹੈ ਤੇ ਮੈਂ ਆ ਗਿਆ। ਉਹ ਕਹਿੰਦਾ, ਠੀਕ ਹੈ ਮੈਨੂੰ ਪਤਾ ਲਗ ਗਿਆ ਕਿ ਕੌਣ ਸੀ ਉਹ। ਕਹਿੰਦੇ, ਅੱਜ ਚਾਰ ਵਜੇ ਤੁਹਾਨੂੰ ਦਫਤਰ ਬੁਲਾਇਆ ਹੈ, ਸਾਰੀ ਫੌਜ ਨੂੰ ਵੀ ਤੇ ਸਪੈਸ਼ਲ ਪਰਮੋਸ਼ਨ ਤੁਹਾਨੂੰ ਦੇਣੀ ਹੈ ਸਾਹਿਬ ਨੇ, ਉਹਨੇ ਐਲਾਨ ਕਰਨਾ ਹੈ ਉਥੇ। ਕਹਿੰਦੇ, ਠੀਕ ਹੈ। ਚਾਰ ਵਜੇ ਕਹਿਣ ਲੱਗਿਆ ਗੁਰਪਾਲ ਸਿੰਘ! ਅਸੀਂ ਸਾਰੇ ਦਫਤਰ ਦੇ ਕੋਲ ਚਲੇ ਗਏ। ਤੇ ਬਾਬਾ ਜੀ

ਨੂੰ ਜਦ ਐਲਾਨ ਕਰਨ ਲੱਗੇ, ਆਪ ਕਹਿੰਦੇ ਸਾਹਿਬ! ਮੈਂ ਹੁਣ ਤੁਹਾਡੀ ਨੌਕਰੀ ਨਹੀਂ ਕਰਨੀ। ਮੈਂ ਨੌਕਰੀ ਕਰਨੀ ਹੈ ਓਸ ਸੱਚੇ ਸਾਹਿਬ ਦੀ, ਜਿਹੜਾ ਮੇਰੀ ਥਾਂ 'ਤੇ ਇਥੇ ਕੰਮ ਕਰ ਗਿਆ। ਕਹਿੰਦਾ, ਵੈਲ ਕਰਮ ਸਿੰਘ! ਯੇ ਬਾਤ ਹਮਾਰੀ ਸਮਝ ਸੇ ਬਾਹਰ ਹੈ, ਕਿਆ ਬਾਤ ਹੈ? ਕਹਿਣ ਲੱਗੇ, ਸਾਹਿਬ! ਮੈਂ ਤਾਂ ਨਦੀ ਦੇ ਕੰਢੇ ਬੈਠਾ ਰਿਹਾ ਹਾਂ, ਇਥੇ ਮੇਰਾ ਪ੍ਰਭੂ ਪਿਆਰਾ, ਜਿਸਦਾ ਮੈਂ ਨਾਮ ਜਪਦਾ ਹਾਂ, ਉਹ ਮੇਰਾ ਰੂਪ ਧਾਰ ਕੇ ਸਭ ਕੁਛ ਕਰ ਗਿਆ, ਮੈਂ ਸੱਚ ਬੋਲਦਾ ਹਾਂ। ਕਹਿਣ ਲੱਗਿਆ, ਹਮ ਨਹੀਂ ਜਾਨੇ ਦੇਂਗੇ ਐਸੇ ਜਵਾਨ ਕੋ। ਜਿਸਕੀ ਪੀਠ ਪਰ ਖੁਦਾ ਹੋ, ਉਸ ਕੋ ਕੈਸੇ ਹਮ ਛੋੜ ਦੇਂ? ਕਹਿਣ ਲੱਗੇ ਕਿ ਉਹ ਤਾਂ ਛੁਡਾ ਦਿੱਤਾ ਸਾਹਿਬ! ਮੇਰਾ ਨਾਮ ਤੁਹਾਡੇ ਕਿਸੇ ਰਜਿਸਟਰ 'ਚ ਨਹੀਂ, ਸਭ ਕੱਟ ਦਿਤਾ। ਕਹਿੰਦਾ, ਲੋਗ ਰੌਲ ਮੰਗਾਓ। ਉਥੇ ਦੇਖਿਆ ਨੰਬਰ ਖਾਲੀ। ਪੇ ਰੌਲ ਮੰਗਾਓ। ਸਾਰੀ ਪੇ, ਸ਼ੀਟਾਂ ਜਿੰਨੀਆਂ ਕੱਢੀਆਂ, ਸ਼ੀਟ ਰੌਲ ਮੰਗਾਈ ਖਾਲੀ। ਕਹਿੰਦਾ, ਵੈਲ ਕਰਮ ਸਿੰਘ! ਤੁਮਾਰਾ ਖੁਦਾ ਸਚ ਹੀ ਤੁਮਾਰਾ ਕਾਮ ਕਰ ਗਿਆ, ਹਮਾਰੇ ਸੇ ਨਾਮ ਭੀ ਕਾਟ ਗਿਆ, ਪਰ ਏਕ ਬਾਤ ਹੈ, ਆਪ ਲੋਗ ਦੂਰ ਨਾ ਜਾਣਾ, ਆਪ ਕੇ ਲੀਏ ਹਮ ਮਕਾਨ ਬਣਾ ਦੇਂਗੇ। ਬਚਨ ਲੈ ਲਿਆ ਤੇ ਬਾਬਾ ਜੀ ਓਥੇ ਹੋਤੀ ਮਰਦਾਨ ਹੀ ਟਿਕ ਗਏ।

ਸੋ ਪ੍ਰਮੇਸ਼ਰ -

***ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ***
***ਇਹ ਰੀਤਿ ਭਲੀ ਭਗਵੰਤੈ ॥*** ***ਅੰਗ- 249***

ਉਹ ਤਾਂ ਕੰਮ ਕਰਦਾ ਫਿਰਦਾ ਹੈ। ਪਰ ਉਹ ਮੰਗਦਾ ਕੀ ਹੈ, ਪਿਆਰ ਮੰਗਦਾ ਹੈ। ਪਿਆਰ ਦੇ ਵਿਚ ਵਸ ਹੋ ਜਾਂਦਾ ਹੈ, ਪਿਆਰ ਅਧੂਰਾ ਨਹੀਂ ਮੰਗਦਾ।

***ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ ॥***
***ਅੰਗ - 657***

ਜੇ ਪਿਆਰ ਵਿਚੇ ਬੱਚਿਆਂ ਦਾ, ਵਿਚੇ ਹੋਵੇ ਘਰਦਿਆਂ ਦੇ ਪਿਆਰ, ਕਹਿੰਦੇ ਐਹੋ ਜਿਹਾ ਟੁਟਵਾਂ ਪਿਆਰ ਰੱਬ ਨਹੀਂ ਮੰਗਦਾ ਤੇ ਰੱਬ ਤਾਂ ਅਖੰਡ ਪਿਆਰ ਦੇ ਵਿੱਚ ਵਸ ਆਉਂਦਾ ਹੈ। 100% ਪਿਆਰ ਹੋਵੇ ਉਹਦੇ ਨਾਲ ਹੀ। ਉਹ ਫੇਰ ਵਸ ਆ ਜਾਂਦਾ ਹੈ, ਫੇਰ ਚਾਹੇ ਕੁਛ ਕਰਵਾਈ ਜਾਹ। ਕਬੀਰ ਦਾ ਯੱਗ ਕਰਦਾ ਰਿਹਾ, ਰਵਿਦਾਸ ਜੀ ਦੀਆਂ ਮੂਰਤੀਆਂ ਤਾਰਦਾ ਰਿਹਾ, ਧੰਨੇ ਦਾ ਜਾ ਕੇ ਕੰਮ ਕਰਿਆ ਖੇਤੀਬਾੜੀ ਦਾ ਤੇ ਸੈਣ ਨਾਈ ਦੀਆਂ ਜਾ ਕੇ ਬੁਤੀਆਂ ਕਰਦਾ ਰਿਹਾ, ਉਹਦੀ ਥਾਂ 'ਤੇ ਮੁੱਠੀ ਚਾਪੀ ਕਰਦਾ ਰਿਹਾ। ਇਸ ਕਰਕੇ ਪ੍ਰਮੇਸ਼ਰ ਜਿਹੜਾ ਹੈ ਉਹ ਪਿਆਰ ਦੇ ਵਸ ਵਿੱਚ ਹੈ। ਇਸ ਤਰ੍ਹਾਂ ਮਾਤਾ ਪੂਰੇ ਦਿਲ ਦੇ ਨਾਲ ਪਿਆਰ ਕਰਦੀ ਹੈ। ਉਹਨੂੰ ਸ਼ੱਕ ਨਹੀਂ ਹੈ, 1% ਵੀ, 1% ਦਾ ਜੇ ਸੌ ਅੱਗੇ ਹੋਰ ਬਣਾ ਲਈਏ, ਓਨਾਂ ਵੀ ਨਹੀਂ। ਉਹ ਕਹਿੰਦੀ, ਆਉਣਗੇ, ਮੇਰੇ ਗੁਰੂ ਸਾਹਿਬ। ਸ਼ਹਿਰ ਵਾਲੀ ਸੰਗਤ ਇਕੱਠੀ ਹੁੰਦੀ ਹੈ, ਮਾਤਾ! ਗੁਰੂ ਨਾਨਕ ਪਾਤਸ਼ਾਹ ਦੀ ਬਾਤ ਹੋਰ ਸੀ, ਓਸ ਵੇਲੇ ਗੁਰੂ ਨਾਨਕ ਪਾਤਸ਼ਾਹ ਹੋਰ ਤਰ੍ਹਾਂ ਵਰਤਾਅ ਰਹੇ ਸੀ

ਖੇਲ੍ਹ। ਉਥੇ ਮੱਕੇ ਯਾਦ ਕਰਿਆ, ਮੱਕੇ ਚਲੇ ਗਏ। ਲੰਕਾ 'ਚ ਯਾਦ ਕਰਿਆ, ਲੰਕਾ 'ਚ ਚਲੇ ਗਏ। ਹੁਣ ਗੁਰੂ ਮਹਾਰਾਜ ਓਸ ਤਰ੍ਹਾਂ ਨਹੀਂ ਕਰਦੇ, ਸਰੀਰਕ ਤੌਰ 'ਤੇ ਆਉਣਾ ਪੈਣਾ ਹੈ, ਫੌਜਾਂ ਨੇ ਉਨ੍ਹਾਂ ਦੇ ਨਾਲ। ਬੇਗਾਨੇ ਦੇਸ਼ 'ਚੋਂ ਲੰਘ ਕੇ ਆਉਣਾ ਹੈ, ਕਿੰਨੀਆਂ ਰੁਕਾਵਟਾਂ ਨੇ, ਦਰਿਆਵਾਂ 'ਤੇ ਪੁਲ ਨਹੀਂ ਬਣੇ ਹੋਏ। ਕਹਿੰਦੀ, ਉਹ ਤਾਂ ਆਪੇ ਹੀ ਆ ਜਾਣਗੇ। ਪੁੱਤਰ ਵੀ ਕਹਿ ਕੇ ਥੱਕ ਗਿਆ, ਸਾਰੇ ਕਹਿ ਕੇ ਥੱਕ ਗਏ, ਸੇਵਾ ਰਾਮ ਨੇ ਵੀ ਬਹੁਤ ਸਮਝਾਇਆ। ਰੋਜ਼ ਸਮਝਾਉਂਦਾ ਹੈ, ਕਹਿੰਦਾ ਕਿੰਨੇ ਦਿਨ ਹੋ ਗਏ ਤੈਨੂੰ, ਰੋਜ਼ ਪ੍ਰਸ਼ਾਦਾ ਬਣਾ ਕੇ ਰੱਖ ਲੈਂਦੀ ਹੈਂ, ਤੇ ਉਹ ਤਾਂ ਆਏ ਹੀ ਹਨ। ਮਾਂ ਜੀ! ਐਉਂ ਨਾ ਕਰੋ ਤੁਸੀਂ, ਅਸੀਂ ਕੋਈ ਪਾਲਕੀ ਬਣਾ ਲੈਂਦੇ ਹਾਂ ਤੁਹਾਡੇ ਵਾਸਤੇ ਤੇ ਅੰਮ੍ਰਿਤਸਰ ਲੈ ਚਲਦੇ ਹਾਂ, ਹੁਣ ਉਡਦੀ-ਉਡਦੀ ਗੱਲ ਆਈ ਹੈ ਆਪ ਗਵਾਲੀਅਰ ਦੇ ਕਿਲ੍ਹੇ 'ਚੋਂ ਦਰਬਾਰ ਸਾਹਿਬ ਪਹੁੰਚ ਚੁੱਕੇ ਨੇ। ਕਹਿਣ ਲੱਗੀ, ਇੱਥੇ ਆਉਣਗੇ ਉਹ। ਮੇਰਾ ਅੰਦਰਲਾ ਗਵਾਹੀ ਦਿੰਦਾ ਹੈ ਕਿ ਉਹ ਇੱਥੇ ਆਉਣਗੇ। ਕਹਿੰਦਾ, ਸੱਤ ਸੌ ਮੀਲ ਹੈ ਉਹ, ਐਨੀ ਦੂਰ ਕਿਵੇਂ ਆ ਜਾਣਗੇ। ਲੇਕਿਨ ਕਿਸੇ ਦੀ ਨਹੀਂ ਮੰਨੀ ਤੇ ਪਿਆਰ ਦੇ ਵਿੱਚ ਬਿਹਬਲ ਹੋਈ ਹੋਈ ਐਸੀਆਂ ਅਰਦਾਸਾਂ ਕਰਦੀ ਰਹਿੰਦੀ ਹੈ -

***ਧਾਰਨਾ - ਫੰਗ ਬਿਕਦੇ ਹੋਣ ਬਜ਼ਾਰੀ,***

***ਗੁਰਾਂ ਨੂੰ ਮੈਂ ਉਡ ਕੇ ਮਿਲਾਂ ਪਿਆਰਿਓ!***
***ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ ॥***
***ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ ॥***

***ਅੰਗ - 1426***

***ਮਨ ਮੇਰੇ ਹਰਿ ਕੇ ਚਰਨ ਰਵੀਜੈ ॥***
***ਦਰਸ ਪਿਆਸ ਮੇਰੋ ਮਨੁ ਮੋਹਿਓ***
***ਹਰਿ ਪੰਖ ਲਗਾਇ ਮਿਲੀਜੈ ॥***

***ਅੰਗ - 1269***

ਐਸੀਆਂ ਅਰਦਾਸਾਂ ਅੰਤਰ-ਆਤਮੇ ਗੁਰੂ ਵਲ ਭੇਜਦੀ ਹੈ। ਕੋਈ ਵੀ ਅਰਦਾਸ, ਕੋਈ ਸਿੱਕ, ਐਸਾ ਨਹੀਂ ਹੈ ਇਹ ਖਿਆਲ ਮਰਿਆ ਨਹੀਂ ਕਰਦਾ, ਹਮੇਸ਼ਾ ਜੀਉਂਦੀ ਚੀਜ਼ ਹੈ, ਇਹ travel ਕਰ ਜਾਂਦਾ ਹੈ, ਲੱਖਾਂ ਮੀਲ, ਕਰੋੜਾਂ ਮੀਲ, ਅਰਬਾਂ ਮੀਲ, ਪ੍ਰਮੇਸ਼ਰ ਨੂੰ ਖਿੱਚ ਲੈਂਦਾ ਹੈ ਇਹ, ਗੁਰੂ ਜੋਤੀਆਂ ਨੂੰ ਖਿੱਚ ਲੈਂਦਾ ਹੈ, ਇਹਦੇ ਵਿੱਚ ਬੜੀ ਸ਼ਕਤੀ ਹੈ, ਖਿਆਲ ਦੇ ਅੰਦਰ। ਕਿਉਂਕਿ ਖਿਆਲ ਤਾਂ ਏਧਰੋਂ ਉਠੇ ਦੂਜੇ ਪਾਸੇ ਉਸੇ ਵੇਲੇ ਓਦੋਂ ਹੀ ਜਾ ਪਹੁੰਚਦਾ ਹੈ। ਜਿਨ੍ਹਾਂ ਦੇ ਹਿਰਦੇ ਨਿਰਮਲ ਨੇ ਉਹ ਪਹਿਲਾਂ ਹੀ ਜਾਣ ਜਾਂਦੇ ਨੇ ਕਿ ਇਹਦੇ ਮਨ ਵਿੱਚ ਆ ਗੱਲ ਹੈ। ਕਈ ਮਹਾਤਮਾ ਤੋਂ ਡਰਦੇ ਰਹਿੰਦੇ ਨੇ ਘਰ ਵਿਚ ਬੈਠੇ ਵੀ ਕਿ ਜੇ ਖਿਆਲ ਗਲਤ ਹੋ ਗਿਆ, ਉਹਨੂੰ ਤਾਂ ਪਤਾ ਲਗ ਜਾਣਾ ਹੈ ਉਦੋਂ ਹੀ ਕਿ ਆਹ ਗੱਲ ਕਰ ਰਹੇ ਸੀ ਤੁਸੀਂ। ਐਸੀਆਂ ਪ੍ਰਤਿਆ-ਪ੍ਰਤਿਆ ਕੇ ਦੇਖੀਆਂ ਹੋਈਆਂ ਨੇ ਗੱਲਾਂ। ਓਧਰ ਗੱਲ ਜਾ ਪਹੁੰਚਿਆ ਕਰਦੀ ਹੈ ਓਸੇ ਵੇਲੇ।

ਇੱਕ ਵਾਰੀ ਇੱਕ ਰਾਜਾ ਸੀ, ਉਹ ਆਪਣੇ ਸ਼ਹਿਰ ਦੇ ਦਰਵਾਜ਼ੇ

ਜਿਹੜੇ ਦੱਖਣ ਦਰਵਾਜ਼ੇ ਤੋਂ ਬਗੈਰ ਜਿਹੜੇ ਸੀ, ਬਾਕੀਆਂ 'ਚ ਸਾਰਾ ਵਕਤ ਲੰਘਦਾ ਰਹਿੰਦਾ, ਏਧਰ ਨਹੀਂ ਸੀ ਕਦੇ ਆਉਂਦਾ। ਵਜ਼ੀਰ ਨੂੰ ਕਹਿਣ ਲੱਗਿਆ ਕਿ ਦੱਖਣ ਦਰਵਾਜ਼ੇ ਵੱਲ ਮੈਂ ਜਾਣਾ ਹੈ, ਉਥੇ ਬਾਹਰ ਆਇਆ ਦਰਵਾਜ਼ੇ ਦੇ ਕੀ ਦੇਖਦਾ ਹੈ ਬਹੁਤ ਸੋਹਣਾ ਪਾਰਕ ਹੈ, ਫੁਹਾਰੇ ਚੱਲ ਰਹੇ ਨੇ, ਬਾਗ ਬਹੁਤ ਸੋਹਣਾ ਲੱਗਿਆ ਹੋਇਆ ਹੈ, ਕੋਠੀ ਕਮਾਲ ਦੀ ਬਣੀ ਹੋਈ ਹੈ ਤੇ ਬਗੀਚੇ ਜਿਹੜੇ ਨੇ ਉਹ ਬਹੁਤ ਸੁੰਦਰ ਘਾਹ ਦੇ ਨਾਲ ਸਜਾਏ ਹੋਏ, ਫੁੱਲਾਂ ਦੇ ਨਾਲ ਸਜਾਏ ਹੋਏ ਨੇ, ਰਾਜਾ ਇਹ ਦੇਖ ਕੇ ਕਹਿਣ ਲੱਗਿਆ ਕਿ ਵਜ਼ੀਰ ਸਾਹਿਬ ਆਹ ਕੋਠੀ ਢੁਹਾ ਦਿਓ, ਮੈਨੂੰ ਚੰਗੀ ਨਹੀਂ ਲਗਦੀ। ਵਜ਼ੀਰ ਬੜਾ ਸਿਆਣਾ ਸੀ, ਕਹਿਣ ਲੱਗਿਆ, ਅੱਜ ਕਿੰਨਿਆਂ ਸਾਲਾਂ ਬਾਅਦ ਆਇਆ ਹੈ ਫੇਰ ਪਤਾ ਨਹੀਂ ਕਦ ਆਵੇ ਕਿ ਕਦ ਨਾ ਆਵੇ ਇਹ। ਕੋਠੀ ਕਿੰਨੀ ਸੁੰਦਰ ਲਗਦੀ ਹੈ, ਸ਼ਹਿਰ ਸਜਦਾ ਹੈ ਇਹਦੇ ਨਾਲ। ਉਹਨੇ ਢੁਆਈ ਨਾ। ਦੋ ਮਹੀਨੇ ਬਾਅਦ ਫੇਰ ਆਇਆ, ਪਹਿਲੀ ਵਾਲੀ ਗੱਲ ਕਹੀ ਹੋਈ ਭੁੱਲ ਗਿਆ, ਕਹਿਣ ਲੱਗਿਆ, ਇਹ ਕੋਠੀ ਢਾਹ ਦੇਣੀ ਚਾਹੀਦੀ ਹੈ। ਉਹ ਕਹਿੰਦੇ, ਹਜ਼ੂਰ! ਢੁਹਾ ਦਿਆਂਗੇ। ਉਸ ਵੇਲੇ ਵਜ਼ੀਰ ਨੇ ਜਾ ਕੇ ਕੋਠੀ ਦੇ ਮਾਲਕ ਨੂੰ ਬੁਲਾਇਆ, ਬੁਲਾ ਕੇ ਦੱਸਿਆ ਕਿ ਤੇਰੀ ਕੋਠੀ ਢੁਹਾਉਣ ਦਾ ਹੁਕਮ ਹੋ ਚੁੱਕਿਆ ਹੈ, ਸੱਚੋਸੱਚ ਦੱਸ, ਤੇਰੇ ਖਿਆਲਾਂ ਦੇ ਵਿੱਚ ਰਾਜੇ ਦਾ ਬੁਰਾ ਤਾਂ ਨਹੀਂ ਚਿਤਵਿਆ ਜਾਂਦਾ, ਉਹ ਕਹਿੰਦਾ, ਵਜ਼ੀਰ ਸਾਹਿਬ! ਮੈਂ ਸੱਚ ਦਸਦਾ ਹਾਂ, ਮੇਰੇ ਖਿਆਲ ਦੇ ਅੰਦਰ ਰਾਜੇ ਦਾ ਬਹੁਤ ਬੁਰਾ ਚਿਤਵਿਆ ਜਾ ਰਿਹਾ ਹੈ।

ਕਹਿਣ ਲੱਗੇ, ਕੀ ਗੱਲ? ਕੋਈ ਦੁਸ਼ਮਣੀ ਹੈ?

ਕਹਿੰਦਾ, ਕੋਈ ਦੁਸ਼ਮਣੀ ਨਹੀਂ।

ਕਹਿੰਦੇ, ਕੀ ਰਾਜਾ ਮਾੜਾ ਹੈ?

ਕਹਿੰਦਾ, ਕੋਈ ਮਾੜਾ ਨਹੀਂ।

ਫੇਰ ਤੂੰ ਇਹ ਗੱਲ ਕਿਉਂ ਕਰਦਾ ਹੈਂ?

ਕਹਿਣ ਲੱਗਿਆ, ਮਹਾਰਾਜ! ਮੈਂ ਸਹੀ ਗੱਲ ਦਸ ਦਿੰਦਾ ਹਾਂ, ਮੈਂ ਮਲਿਆਗਰ ਪਰਬਤ 'ਤੇ ਗਿਆ ਤੇ ਉਥੋਂ ਚੰਦਨ ਦੇ ਲੱਕੜ ਖਰੀਦ ਲਏ। ਚੰਦਨ ਇਥੇ ਪਹੁੰਚ ਗਿਆ। ਚੰਦਨ ਜਿਹੜਾ ਹੈ ਜੇ ਰਾਜਾ ਕੋਈ ਮਰੇ, ਰਾਜੇ ਦੇ ਪਰਿਵਾਰ ਦਾ ਮਰੇ, ਤਾਂ ਉਹ ਚੰਦਨ ਦੀ ਚਿਖਾ ਹੁੰਦੀ ਹੈ, ਜਾਂ ਕੋਈ ਵੱਡਾ ਮਹਾਤਮਾ ਚੜ੍ਹਾਈ ਕਰੇ, ਉਹਦੇ ਵਾਸਤੇ ਹੁੰਦੀ ਹੈ ਤੇ ਮੈਨੂੰ ਸਾਲ ਹੋ ਗਿਆ, ਚੰਦਨ ਮੇਰਾ ਬੇਕਾਰ ਪਿਆ ਹੈ, ਮੇਰੇ ਮਨ ਵਿੱਚ ਆ ਜਾਂਦਾ ਹੈ ਕਿ ਬੜੇ ਪੈਸੇ ਬਣ ਜਾਣ, ਜੇ ਇਹ ਚੰਦਨ ਵਿਕੇ। ਵਿਕੇ ਤਾਂ ਜੇ ਰਾਜੇ ਦਾ ਕੋਈ ਮਰੇ ਜਾਂ ਰਾਜਾ ਮਰੇ।

ਵਜ਼ੀਰ ਜਾਣ ਗਿਆ, ਕਹਿਣ ਲੱਗਿਆ, ਕਿੰਨਾ ਚੰਦਨ ਹੈ ਤੇਰੇ ਕੋਲ?

ਕਹਿੰਦਾ, ਐਨਾ ਹੈ।

ਉਹ ਕਹਿੰਦਾ, ਮੈਨੂੰ ਦੇ ਦੇ, ਮੁੱਲ ਲੈ ਲਿਆ, ਸਰਕਾਰੀ ਖਰਚੇ 'ਤੇ।

ਲਿਆ ਕੇ ਉਹਨੇ ਸਟੋਰ 'ਚ ਜਮ੍ਹਾਂ ਕਰ ਦਿਤਾ।

ਰਾਜਾ ਫੇਰ ਗਿਆ ਦੋ ਕੁ ਮਹੀਨੇ ਬਾਅਦ। ਪਹਿਲਾਂ ਹੀ ਕਹਿਣ ਲੱਗਿਆ ਕਿ ਵਜ਼ੀਰ ਸਾਹਿਬ! ਉਹ ਕੋਠੀ ਕਿਤੇ ਢੁਹਾ ਤਾਂ ਨਹੀਂ ਦਿੱਤੀ? ਕਹਿੰਦੇ, ਮਹਾਰਾਜ! ਹੁਕਮ ਤਾਂ ਦਿੱਤੇ ਹੋਏ ਨੇ, ਸਭ ਕੁਛ ਕਰਿਆ ਹੋਇਆ ਹੈ। ਸਿਰਫ ਇੱਕ ਮੌਕਾ ਦਿੱਤਾ ਹੋਇਆ ਹੈ ਉਸਨੂੰ। ਕਹਿੰਦੇ ਨਾ ਨਾ, ਉਹਦੇ ਨਾਲ ਤਾਂ ਸਾਰਾ ਸ਼ਹਿਰ ਸਜਦਾ ਹੈ, ਪਤਾ ਨਹੀਂ ਮੇਰੇ ਮਨ 'ਚ ਕਿਉਂ ਬਦੀ ਆਉਂਦੀ ਸੀ। ਉਥੇ ਗਿਆ ਤਾਂ ਪ੍ਰਸੰਸਾ ਕਰਦਾ ਹੈ ਕੋਠੀ ਦੀ ਕਿ ਇਹ ਤਾਂ ਹੈ ਹੀ ਬਹੁਤ ਕਮਾਲ ਦਰਜੇ ਦੀ ਬਣੀ ਹੋਈ ਹੈ। ਕਿੰਨੀ ਵਿਉਂਤ ਦੇ ਨਾਲ ਇਹ ਕੋਠੀ ਬਣੀ ਹੋਈ ਹੈ। ਗੱਲ ਵਿਚੋਂ ਕੀ ਸੀ ਇੱਕ ਖਿਆਲ ਚਲਦਾ ਸੀ, ਬੁਰਾ ਖਿਆਲ। ਉਹ ਬੁਰਾ ਖਿਆਲ ਤੁਰ ਕੇ ਰਾਜੇ ਦੇ ਦਿਲ ਵਿੱਚ ਆ ਕੇ ਬਦੀ ਪੈਦਾ ਕਰਦਾ ਸੀ, ਕਿਉਂਕਿ ਉਹ ਖਿਆਲ ਬਦੀ ਦਾ ਸੀ। ਇਸੇ ਤਰ੍ਹਾਂ ਦੇ ਜੇ ਸਾਡੇ ਹਿਰਦੇ 'ਚ ਗੁਰੂ ਵਾਸਤੇ ਪਿਆਰ ਦਾ ਖਿਆਲ ਚਲਦਾ ਹੈ ਤਾਂ ਗੁਰੂ ਦੇ ਹਿਰਦੇ 'ਚ ਪਿਆਰ ਦੀ ਟੁਣਕਾਰ ਮਾਰਦਾ ਹੈ। ਗੁਰੂ ਖਿੱਚ ਖਾਂਦਾ ਹੈ, ਮਹਾਤਮਾ ਦੇ ਬਾਰੇ ਬੁਰਾ ਖਿਆਲ ਕਰ ਲਓ, ਮਹਾਤਮਾ ਨੂੰ ਉਦੋਂ ਹੀ ਪਤਾ ਲਗ ਜਾਂਦਾ ਹੈ ਕਿ ਫਲਾਣਾ ਬੰਦਾ ਬੁਰਾ ਚਿਤਵ ਰਿਹਾ ਹੈ। ਉਹ ਠੀਕ ਨਹੀਂ ਹੈ, ਉਹਦੇ ਵਲੋਂ ਸੁਗੰਧੀ ਦੀ ਰੌਂ ਨਹੀਂ ਆ ਰਹੀ।

ਇਸ ਤਰ੍ਹਾਂ ਦੇ ਨਾਲ ਇਹਦੇ ਮਨ ਦੇ ਜਿਹੜੇ ਤਰੰਗ ਨੇ, ਗੁਰੂ ਮਹਾਰਾਜ ਕੋਲ ਪਹੁੰਚਦੇ ਨੇ, ਬਹੁਤ ਹੀ ਜ਼ਿਆਦਾ ਦਰਦਨਾਕ, ਬਹੁਤ ਹੀ ਪਿਆਰ ਦੇ ਭਰੇ ਹੋਏ ਸੰਦੇਸ਼ੇ ਭੇਜਦੀ ਹੈ–

***ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥***
***ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥***

***ਅੰਗ - 1094***

***ਜੇ ਤੂ ਵਤਹਿ ਅੰਙਣੇ ਹਭ ਧਰਤਿ ਸੁਹਾਵੀ ਹੋਇ ॥***
***ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ ॥***

***ਅੰਗ - 1095***

***ਮੋਹਨ ਨੀਦ ਨ ਆਵੈ ਹਾਵੈ ਹਾਰ***
***ਕਜਰ ਬਸਤ੍ਰ ਅਭਰਨ ਕੀਨੇ ॥***
***ਉਡੀਨੀ ਉਡੀਨੀ ਉਡੀਨੀ ॥ ਕਬ ਘਰਿ ਆਵੈ ਰੀ ॥***

***ਅੰਗ - 830***

ਉਡੀਕ ਰਹੀ ਹਾਂ, ਉਡੀਕ ਰਹੀ ਹਾਂ, ਉਡੀਕ ਰਹੀ ਹਾਂ, ਕਦੋਂ ਤੁਸੀਂ ਦਰਸ਼ਨ ਦੀਦਾਰੇ ਦੇਵੋਂਗੇ। ਲੇਕਿਨ ਨਿੱਤ ਆਸ ਰਖਦੀ ਹੈ, ਹਰ ਵਕਤ ਆਸ ਰਖਦੀ ਹੈ ਕਿ ਹੁਣ ਆਏ-ਹੁਣ ਆਏ। ਉਹ ਤਾਂ ਸਮਰੱਥ ਨੇ, ਉਨ੍ਹਾਂ ਨੂੰ ਆਉਣਾ ਜਾਣਾ ਕੀ ਔਖਾ ਹੈ। ਪ੍ਰਸ਼ਾਦਾ ਤਿਆਰ ਕਰ ਲੈਂਦੀ ਹੈ ਤੇ ਰੱਖ ਲੈਂਦੀ ਹੈ ਕਿ ਹੁਣ ਆ ਕੇ ਛਕ ਲੈਣਗੇ। ਦੂਸਰਾ ਜਿਹੜਾ ਬਹੁਤ ਹੀ ਸੋਹਣਾ ਰੇਸ਼ਮ ਵਰਗਾ, ਰੂੰ ਕੱਤ-ਕੱਤ ਕੇ ਬਰੀਕ ਵਸਤਰ ਬਣਾਇਆ

ਹੈ ਉਹ ਕੋਲ ਰੱਖ ਲੈਂਦੀ ਹੈ ਕਿ ਜਦੋਂ ਆਉਣਗੇ ਮੈਂ ਭੇਟਾ ਕਰਾਂਗੀ ਤੇ ਇਹ ਜਾਮਾ ਉਹ ਪਹਿਨਣਗੇ ਤੇ ਫੇਰ ਮੈਂ ਦੇਖਾਂਗੀ।

ਇਹ ਜੋ ਬਾਤ ਹੁੰਦੀ ਹੈ ਇਹਨੂੰ ਸਾਰੇ ਬੰਦੇ ਨਹੀਂ ਸਮਝ ਸਕਦੇ, ਸਿਰਫ ਓਹੀ ਸਮਝ ਸਕਦਾ ਹੈ ਜਿਸ ਨਾਲ ਕੋਈ ਵਾਪਰੀ ਹੋਵੇ –

***ਧਾਰਨਾ – ਜਿਸ ਤਨ ਲੱਗੀਆਂ ਸੋਈ ਤਨ ਜਾਣੇ,***
***ਕਿਸੇ ਦੀ ਲੱਗੀ ਕੌਣ ਜਾਣਦਾ।***

***ਲਾਗੀ ਹੋਇ ਸੁ ਜਾਨੈ ਪੀਰ ॥***
***ਰਾਮ ਭਗਤਿ ਅਨੀਆਲੇ ਤੀਰ ॥*** ***ਅੰਗ- 327***
***ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ ॥***
***ਕਉਣੁ ਜਾਣੈ ਪੀਰ ਪਰਾਈ ॥*** ***ਅੰਗ – 795***

ਸੋ ਜਿਸਨੂੰ ਪਿਆਰ ਲਗ ਜਾਂਦਾ ਹੈ –

***ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ ॥***
***ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥***
***ਅੰਗ – 1368***

ਐਸੀ ਅਵਸਥਾ ਹੋਈ ਕਿ ਉਧਰੋਂ ਕਾਲ ਆ ਜਾਂਦਾ ਹੈ, ਕਹਿੰਦੀ, ਮੈਂ ਨਹੀਂ ਜਾਣਾ, ਮੈਂ ਗੁਰੂ ਮਹਾਰਾਜ ਦੇ ਦਰਸ਼ਨ ਕਰਕੇ ਜਾਣਾ ਹੈ,

***ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥*** ***ਅੰਗ – 262***

ਇਥੇ ਮੈਂ ਕਈ ਵਾਰੀ ਦੱਸਿਆ ਹੈ ਕਿ ਸਾਡੇ ਫਾਰਮ ਦੇ ਕੋਲ ਇਕ ਪਿੰਡ ਹੈ ਉਥੇ ਬੀਬੀ ਵਿਆਹੀ ਹੋਈ ਸੀ, ਉਹਦੀ ਛੋਟੀ ਭੈਣ ਸੀ ਗੁਰਮੀਤ, ਉਹ ਚੌਵੀ ਸਾਲ ਦੀ ਹੋ ਗਈ ਸੀ, ਆਪਣੇ ਪਿਤਾ ਨੂੰ ਕਹਿੰਦੀ ਸੀ ਕਿ ਮੈਨੂੰ ਵਿਆਹੀ ਨਾ, ਮੈਂ ਚੌਵੀ ਸਾਲ ਦੀ ਨੇ ਸੰਸਾਰ 'ਚੋਂ ਚਲੇ ਜਾਣਾ ਹੈ। ਉਹਦੀ ਗੱਲ ਕੋਈ ਨਹੀਂ ਸੀ ਮੰਨਦਾ, ਸਗੋਂ ਬਉਲੀ ਕਹਿੰਦੇ ਸੀ। ਕਈ ਵਾਰੀ ਉਹਨੇ ਉਥੇ ਬੈਠੀ ਨੇ ਕਹਿਣਾ ਕਿ ਮੈਂ ਭਾਅ ਜੀ ਦੇ ਦੀਵਾਨ ਦੇਖ ਰਹੀ ਹਾਂ ਲੱਗੇ ਹੋਏ। ਉਨ੍ਹਾਂ ਨੇ ਇਹੀ ਸਮਝਣਾ ਕਿ ਝੱਲੀਆਂ ਗੱਲਾਂ ਮਾਰਦੀ ਹੈ। ਇੱਕ ਵਾਰੀ ਦੀਵਾਨ 'ਚ ਆ ਗਈ, ਕਹਿੰਦੀ ਮੈਂ ਕੀਰਤਨ ਕਰ ਸਕਦੀ ਹਾਂ। ਕਹਿੰਦੇ ਤੂੰ ਵਾਜਾ ਤਾਂ ਸਿੱਖਿਆ ਹੀ ਨਹੀਂ? ਕਹਿੰਦੀ, ਮੈਨੂੰ ਸਭ ਕੁਛ ਆਉਂਦਾ ਹੈ।

ਉਹ ਆਪਣੇ ਪਿਤਾ ਨੂੰ ਕਹਿਣ ਲੱਗੀ ਕਿ ਅੱਜ ਜਾਈਂ ਨਾ ਮੈਂ ਬਾਰ੍ਹਾਂ ਵਜੇ ਜਾਣਾ ਹੈ। ਕਹਿੰਦਾ, ਤੈਨੂੰ ਤਾਂ ਕਹਿੰਦੀ ਨੂੰ ਮੁਦਤਾਂ ਬੀਤ ਗਈਆਂ ਮੀਤੋ। ਮੈਂ ਆਪਣਾ ਕੰਮ ਵੀ ਕੀ ਰੋਕ ਲਵਾਂ? ਮੈਂ ਜਾ ਕੇ ਖਾਦ ਲਿਆਉਣੀ ਹੈ ਰਾਜਪੁਰੇ ਤੋਂ। ਕਣਕ ਪਾ ਲਈ ਉਹਨੇ, ਧਾਨਾਂ ਦੇ ਲਈ ਖਾਦ ਲੈਣ ਵਾਸਤੇ ਚਲਿਆ ਗਿਆ ਕਿ ਕਣਕ ਵੇਚ ਕੇ ਖਾਦ ਲਿਆਵਾਂਗਾ। ਇਧਰ ਇਹਨੇ ਮਾਂ ਨੂੰ ਰਾਤ ਨੂੰ ਸਾਰਾ ਕੁਛ ਸਮਝਾ ਦਿੱਤਾ। ਕੰਧਾਂ ਦੇ ਨਾਲ ਮੂੰਹ ਕਰਕੇ ਰਹਿਰਾਸ ਪੜ੍ਹੇ। ਮਾਂ ਨੇ ਕਿਹਾ, ਤੂੰ ਕਿਉਂ ਕਰਦੀ ਹੈਂ? ਕਹਿੰਦੀ, ਮੈਂ ਕੰਧਾਂ ਪਵਿੱਤਰ ਕਰ ਰਹੀ ਹਾਂ ਮਾਤਾ। ਤੂੰ ਤਾਂ ਪਾਠ ਕਰਨਾ ਨਹੀਂ ਮਗਰੋਂ। ਚਾਬੀਆਂ ਦੇ ਦਿੱਤੀਆਂ, ਨਾਲ ਕੜਾਹੀ ਕੱਢ ਲਈ, ਰਸਦ

ਤੋਲ ਲਈ, ਕਹਿੰਦੀ ਫੇਰ ਆਹ ਦੇਗ ਬਣਾ ਲੈਣੀ ਹੈ ਮੇਰੇ ਬਾਅਦ 'ਚ। ਚੀਜ਼ਾਂ ਸੰਭਾਲ ਦਿੱਤੀਆਂ ਮਾਂ ਨੂੰ। ਮਾਂ ਨੇ ਕਿਹਾ ਕਿ ਮੀਤੋ! ਤੂੰ ਸੱਚੀ ਜਾਣਾ ਹੈਂ ਕੱਲ੍ਹ ਨੂੰ? ਕਹਿੰਦੀ ਹਾਂ, ਮੈਂ ਕੱਲ੍ਹ ਨੂੰ ਬਾਰ੍ਹਾਂ ਵਜੇ ਚਲੀ ਜਾਣਾ ਹੈ। ਪਿਤਾ ਨੂੰ ਰੋਕਿਆ ਪਿਤਾ ਰੁਕਿਆ ਨਾ। ਜਦੋਂ ਬਾਰ੍ਹਾਂ ਵੱਜੇ, ਉਸ ਵੇਲੇ ਪਲੰਘ ਵਿਛਾਇਆ ਹੋਇਆ ਹੈ ਇਸਨੇ। ਪਿੰਡ ਇਕੱਠਾ ਹੋ ਗਿਆ ਸਾਰਾ, ਕਹਿਣ ਲੱਗੀ ਮੈਨੂੰ ਇੱਕ ਉਲਟੀ ਆਉਣੀ ਹੈ ਜਦ ਮੈਂ ਜਾਣਾ ਹੈ। ਹੋਰ ਮੈਨੂੰ ਕੁਛ ਨਹੀਂ ਹੋਣਾ ਮੈਂ ਆਰਾਮ ਨਾਲ ਚਲੀ ਜਾਣਾ ਹੈ। ਉਸ ਤੋਂ ਪਹਿਲਾਂ ਅਖੰਡਪਾਠ ਕਰਕੇ ਆਈ ਸਾਧੂਗੜ੍ਹ, ਉਥੇ ਸੰਤਾਂ ਨੂੰ ਕਹਿੰਦੀ ਕਿ ਤੁਸੀਂ ਕੀਰਤਨ ਸੋਹਿਲਾ ਪੜ੍ਹਿਓ ਤੇ ਮੈਂ ਹੁਣ ਜਾ ਕੇ ਅੰਮ੍ਰਿਤ ਦੁਬਾਰਾ ਛਕ ਕੇ ਆਉਂਦੀ ਹਾਂ, ਕੋਈ ਗਲਤੀ ਨਾ ਹੋ ਗਈ ਹੋਵੇ, ਮੈਂ ਜਾਣਾ ਹੈ ਦਰਗਾਹ ਨੂੰ। ਕਹਿੰਦੀ, ਬਾਬਾ ਜੀ! ਤੁਸੀਂ ਜਦੋਂ ਕੀਰਤਨ ਸੋਹਿਲਾ ਪੜ੍ਹਨਾ ਹੈ ਨਾ, ਤਿੰਨ ਵਾਰੀ ਤੁਸੀਂ ਪੜ੍ਹੋਂਗੇ, ਦੋ ਵਾਰੀ ਤੁਹਾਡੇ ਤੋਂ ਗਲਤ ਹੋ ਜਾਣਾ ਹੈ। ਕਹਿੰਦੀ, ਸ਼ੁਧ ਪੜ੍ਹਿਓ ਬਿਲਕੁਲ ਹੀ। ਕਿਉਂਕਿ ਜੀਵ ਦੀ ਸਹਾਇਤਾ ਕਰਦਾ ਹੈ ਅੰਤ ਦੇ ਸਮੇਂ ਕੀਰਤਨ ਸੋਹਿਲਾ। ਉਸ ਵੇਲੇ ਸਾਰਾ ਪਿੰਡ ਇਕੱਠਾ ਹੋ ਗਿਆ, ਬੈਠੇ ਨੇ ਕਿ ਮੀਤੋ ਨੇ ਬਾਰ੍ਹਾਂ ਵਜੇ ਜਾਣਾ ਹੈ। ਜੈਕਾਰੇ ਬੁਲਾਉਣ ਲਗ ਗਈ ਬਾਰ੍ਹਾਂ ਵਜੇ। ਬੋਲੇ ਸੋ ਨਿਹਾਲ-ਬੋਲੇ ਸੋ ਨਿਹਾਲ। ਉਹ ਆ ਗਏ, ਕਹਿੰਦੀ ਬਾਬਾ ਜੀ! ਪਲੰਘ 'ਤੇ ਬਹਿ ਜਾਓ। ਕਹਿੰਦੇ ਜਾਣਾ ਹੈ। ਕਹਿੰਦੀ, ਮੈਂ ਨਹੀਂ ਅਜੇ ਜਾਣਾ, ਮੇਰੇ ਪਿਤਾ ਜੀ ਨੇ ਅਜੇ ਆਉਣਾ ਹੈ, ਉਹਨੂੰ ਮਿਲ ਕੇ ਜਾਊਂਗੀ, ਤੁਹਾਨੂੰ ਖੇਚਲ ਤਾਂ ਜ਼ਰੂਰ ਹੋਈ ਹੈ, ਤੁਸੀਂ ਦੁਬਾਰਾ ਆ ਜਾਇਓ। ਐਧਰਲੀ ਗੱਲ ਤਾਂ ਸੁਣਦੀ ਹੈ, ਓਧਰਲੀ ਨਹੀਂ ਸੁਣਦੀ। ਅਖੀਰ ਉਨ੍ਹਾਂ ਨੇ ਕਿਹਾ ਕਿ ਚੰਗਾ ਬੇਟਾ! ਅਸੀਂ ਫੇਰ ਦਸ ਵਜੇ ਆਵਾਂਗੇ ਰਾਤ ਦੇ। ਏਧਰੋਂ ਇਹਦਾ ਪਿਤਾ ਆ ਗਿਆ, ਪਿਤਾ ਆਇਆ ਤਾਂ ਕਹਿਣ ਲੱਗਿਆ, ਕੀ ਹਾਲ ਹੈ? ਕਹਿੰਦੀ ਮੈਂ ਤੁਹਾਡਾ ਇੰਤਜ਼ਾਰ ਕਰਦੀ ਹਾਂ, 12 ਵਜੇ ਬਾਬਾ ਜੀ ਆਏ ਸੀ ਲੈਣ, ਤੁਸੀਂ ਚਲੇ ਗਏ, ਹੁਣ ਦਸ ਵਜੇ ਆਉਣਗੇ। ਸਾਰਾ ਪਿੰਡ ਫੇਰ ਇਕੱਠਾ ਹੋ ਗਿਆ। ਕਹਿਣ ਲੱਗੀ, ਹੁਣ ਮੈਨੂੰ ਉਲਟੀ ਆਉਣੀ ਹੈ, ਉਲਟੀ ਆ ਗਈ, ਆਪੇ ਹੀ ਚੁੱਕ ਕੇ ਸੁੱਟ ਆਈ ਬਾਹਰ। ਸਫ 'ਤੇ ਬਹਿ ਗਈ, ਕਹਿੰਦੀ ਲਓ ਬਾਬਾ ਜੀ ਆ ਗਏ, ਇਕੱਲੇ ਆਏ ਨੇ। ਕਹਿੰਦੇ ਬਾਕੀ ਸਿੰਘ? ਕਹਿੰਦੀ ਉਹ ਬਾਹਰ ਖੜ੍ਹੇ ਨੇ, ਕਹਿੰਦੇ ਨੇ ਕਿ ਚੱਲੋ ਆਪਾਂ ਚੱਲੀਏ। ਕਹਿੰਦੀ, ਚੰਗਾ ਮੈਂ ਹੁਣ ਜਾਨੀ ਹਾਂ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ। ਲੰਮੀ ਪੈ ਗਈ ਤੇ ਸਵਾਸ ਨਿਕਲ ਗਏ।

ਇਕ ਲੜਕੀ, ਆਮ ਸਾਧਾਰਨ। ਪ੍ਰਭੂ ਦਾ ਨਾਮ ਜਪਦੀ ਸੀ। ਮਹਾਰਾਜ ਕਹਿੰਦੇ -

***ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥ ਅੰਗ-262***

ਕਾਲ ਨੂੰ ਰੋਕ ਦਿੰਦਾ ਹੈ ਪ੍ਰਮੇਸ਼ਰ ਦਾ ਨਾਮ ਲੈਣ ਵਾਲਾ। ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਨੇ ਦੋ ਮਹੀਨੇ, ਦੋ ਸਾਲ, ਦੋ ਦਿਨ; ਕਾਲ ਨੂੰ ਰੋਕ ਦਿਤਾ ਕਿ ਦੋ ਸਾਲ, ਦੋ ਮਹੀਨੇ, ਦੋ ਦਿਨ ਬਾਅਦ

ਆਈਂ, ਪਰ ਅਸੀਂ ਮਰਿਆਦਾ ਭੰਗ ਨਹੀਂ ਕਰਦੇ। ਸਾਡੀ ਥਾਂ 'ਤੇ ਸੰਤ ਲਾਲ ਸਿੰਘ ਜੀ ਜਾਣਗੇ ਹੁਣ। ਇਨ੍ਹਾਂ ਦੀ ਥਾਂ 'ਤੇ ਮੈਂ ਜਾਵਾਂਗਾ। ਕਿਉਂਕਿ ਸੰਗਤ ਬਹੁਤ ਜ਼ਿਆਦਾ ਮਗਰ ਪਈ ਹੋਈ ਹੈ, ਬਿਰਹਾ ਕਰਦੀ ਹੈ, ਪਿਆਰ ਕਰਦੀ ਹੈ, ਐਸ ਹਾਲਤ 'ਚ ਅਸੀਂ ਸੰਗਤ ਨੂੰ ਛੱਡ ਕੇ ਨਹੀਂ ਜਾ ਸਕਦੇ। ਇਸੇ ਕਰਕੇ ਗੁਰੂ ਮਹਾਰਾਜ ਜੀ ਨੇ ਐਸਾ ਫੁਰਮਾਨ ਕਰਿਆ ਹੈ -

*ਧਾਰਨਾ- ਆਵੈ ਜਾਏ ਨਿਸੰਗ*
*ਗੁਰਮੁਖ ਪਿਆਰਾ-ਗੁਰਮੁਖ ਪਿਆਰਾ।*

*ਗੁਰਮੁਖਿ ਆਵੈ ਜਾਇ ਨਿਸੰਗੁ ॥ ਅੰਗ- 932*

ਕਹਿਣ ਲੱਗੀ, ਮੈਂ ਅਜੇ ਨਹੀਂ ਜਾਣਾ, ਮੇਰੇ ਸਤਿਗੁਰੂ ਜੀ ਨੇ ਆਉਣਾ ਹੈ, ਦਰਸ਼ਨ ਕਰਕੇ ਆਵਾਂਗੀ। ਦੇਵਤਿਆਂ ਨੂੰ ਪਤਾ ਲੱਗਿਆ ਕਿ ਕੋਈ ਐਸਾ ਵੀ ਆ ਗਿਆ ਜਿਹਨੇ ਕਾਲ ਨੂੰ ਮੋੜ ਦਿਤਾ। ਉਸ ਵੇਲੇ ਇੰਦਰ ਦੇਵਤਾ ਆਉਂਦਾ ਹੈ ਕਿ ਮੇਰੇ ਲੋਕ ਵਿੱਚ, ਐਸ ਲੋਕ ਨਾਲੋਂ ਦਸ ਅਰਬ ਗੁਣਾਂ ਜ਼ਿਆਦਾ ਸੁਖ ਹੈ ਚੱਲ ਤੈਨੂੰ ਮੈਂ ਆਪਣੇ ਦੇਸ਼ ਵਿੱਚ ਵਾਸਾ ਦਿੰਦਾ ਹਾਂ, ਕਿਉਂਕਿ ਤੇਰਾ ਸਿਦਕ ਬਹੁਤ ਪੱਕਾ ਹੈ। ਕਹਿੰਦੀ ਨਾ, ਮੈਨੂੰ ਸੁਰਗ ਦੀ ਲੋੜ ਨਹੀਂ ਹੈ। ਬ੍ਰਹਮ ਦੇਵ ਦੇ ਦੇਵਤੇ ਆਉਂਦੇ ਨੇ, ਕਰਮਦੇਵ, ਅਜਾਨ ਦੇਵ ਲੋਕ ਦੇ ਦੇਵਤੇ ਆਉਂਦੇ ਨੇ, ਅਖੀਰ ਵਿਸ਼ਨੂੰ ਭਗਵਾਨ ਬੈਕੁੰਠ ਧਾਮ ਵਾਲੇ ਆਏ, ਕਹਿਣ ਲੱਗੇ, ਮਾਤਾ! ਤੇਰੀ ਭਗਤੀ ਤੋਂ ਅਸੀਂ ਬਹੁਤ ਪ੍ਰਸੰਨ ਹਾਂ ਤੇ ਤੈਨੂੰ ਬੈਕੁੰਠ ਧਾਮ ਵਿੱਚ ਲੈ ਕੇ ਜਾਣ ਲਈ ਆਇਆ ਹਾਂ।

ਜਦੋਂ ਕੋਈ ਬੱਚਾ ਫਸਟ ਆ ਜਾਵੇ। ਜਦੋਂ ਮੈਂ ਅਮਰੀਕਾ ਗਿਆ ਹੋਇਆ ਸੀ ਉਥੇ ਇੱਕ ਅੱਠਵੀਂ ਜਮਾਤ ਦਾ ਮੁੰਡਾ ਸੀ ਸਪੈਲਿੰਗ 'ਚ ਫਸਟ ਆ ਗਿਆ, ਇੰਡੀਅਨ ਸੀ, ਸਾਰੀਆਂ ਯੂਨੀਵਰਸਿਟੀਆਂ ਦੀਆਂ ਚਿੱਠੀਆਂ ਆ ਗਈਆਂ, ਬੰਦੇ ਆ ਗਏ ਕਿ ਤੈਨੂੰ ਅਸੀਂ ਫਰੀ ਪੜ੍ਹਾਵਾਂਗੇ, ਤੂੰ ਸਾਡੀ ਯੂਨੀਵਰਸਿਟੀ 'ਚ ਆ ਜਾ। ਸੋ ਏਸੇ ਤਰ੍ਹਾਂ ਦੇਵਤੇ ਜਿਹੜੇ ਨੇ, ਇਹ ਵੀ ਆ ਕੇ ਕਹਿੰਦੇ ਨੇ ਕਿ ਮੇਰੇ ਲੋਕ 'ਚ ਆ ਜਾ, ਮੇਰੇ 'ਚ ਆ ਜਾ। ਮਾਤਾ ਕਹਿਣ ਲੱਗੀ, ਨਾ ਮੈਨੂੰ ਬੈਕੁੰਠ ਦੀ ਲੋੜ ਨਹੀਂ। ਜਿੰਨਾਂ ਚਿਰ ਬੈਕੁੰਠ ਦੀ ਆਸ ਕੋਈ ਕੰਮ ਨਹੀਂ ਬਣਿਆ ਕਰਦਾ।

*ਸੁਰਗ ਮੁਕਤਿ ਬੈਕੁੰਠ ਸਭਿ ਬਾਂਛਹਿ*
*ਨਿਤਿ ਆਸਾ ਆਸ ਕਰੀਜੈ ॥*
*ਹਰਿ ਦਰਸਨ ਕੇ ਜਨ ਮੁਕਤਿ ਨ ਮਾਂਗਹਿ*
*ਮਿਲਿ ਦਰਸਨ ਤ੍ਰਿਪਤਿ ਮਨੁ ਧੀਜੈ ॥ ਅੰਗ - 1324*

ਉਹ ਤਾਂ ਮੁਕਤੀ ਵੀ ਨਹੀਂ ਮੰਗਦੇ -

*ਧਾਰਨਾ - ਮੁਕਤੀ ਵੀ ਮੰਗਦੇ ਨਾ,*
*ਦਰਸ਼ਨ ਦੇ ਪ੍ਰੇਮੀ ਜਿਹੜੇ।*

ਮੁਕਤੀ ਨੂੰ ਵੀ ਛੱਡ ਦਿੰਦੇ ਨੇ, ਕਿਉਂਕਿ ਜਿਹੜੇ ਦਰਸ਼ਨਾਂ ਦੇ ਪ੍ਰੇਮੀ ਨੇ ਉਹ ਦਰਸ਼ਨਾਂ ਤੋਂ ਬਗੈਰ ਜੀਉਂਦੇ ਨਹੀਂ ਰਹਿ ਸਕਦੇ। ਐਸੀ ਜਦ ਹਾਲਤ ਹੋਈ, ਗੁਰੂ ਮਹਾਰਾਜ ਤੇਜ਼-ਤੇਜ਼ ਚਲਦੇ ਹੋਏ, ਬੜੇ ਲੰਮੇ-ਲੰਮੇ ਕੈਂਪ

ਲਾਉਂਦੇ ਹੋਏ, ਅੱਜ ਸ੍ਰੀ ਨਗਰ ਪਹੁੰਚ ਜਾਂਦੇ ਨੇ, ਦਰਿਆ ਭਰੇ ਹੋਏ ਨੇ, ਬੜੀ ਮੁਸ਼ਕਲ ਦੇ ਨਾਲ ਦਰਿਆਵਾਂ 'ਚੋਂ ਲੰਘਦੇ ਨੇ, ਪਰ ਇੱਕ ਪਾਸੇ ਪਿਆਰ ਐਨਾ ਤਕੜਾ ਹੈ ਕਿ ਖਿੱਚੀਂ ਤੁਰਿਆ ਜਾ ਰਿਹਾ ਹੈ। ਬੰਨੇ ਹੋਏ ਪਿਆਰ ਦੇ ਆਪ ਆ ਰਹੇ ਨੇ –

***ਧਾਰਨਾ – ਹਰਿ ਜੀ ਛੱਡ ਕੇ ਸਿੰਘਾਸਨ ਆਉਂਦੇ,***
***ਬੰਨ੍ਹੇ ਹੋਏ ਸੱਚੇ ਪਿਆਰ ਦੇ।***

***ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥***
***ਜਹ ਜਹ ਕਾਜ ਕਿਰਤਿ ਸੇਵਕ ਕੀ***
***ਤਹਾ ਤਹਾ ਉਠਿ ਧਾਵੈ ॥*** ***ਅੰਗ – 403***

ਸੌ ਸਾਥੀ ਨਾਲ ਨੇ ਮਹਾਰਾਜ ਜੀ ਦੇ। ਸਾਰੇ ਉਥੇ ਆਗਤ–ਭਾਗਤ 'ਚ ਲੱਗੇ ਹੋਏ। ਗੁਰੂ ਮਹਾਰਾਜ ਜੀ ਇੱਕ ਪਾਸੇ ਨੂੰ ਘੋੜੇ 'ਤੇ ਸਵਾਰ ਹੋ ਕੇ ਨਿਕਲ ਗਏ। ਪਹੁੰਚੇ ਕਿੱਥੇ? ਕਾਠੀ ਦਰਵਾਜ਼ੇ, ਮਾਤਾ ਦੇ ਘਰ ਪਹੁੰਚ ਗਏ। ਅੱਗੇ ਮਾਤਾ ਨੇ ਥੜ੍ਹੇ ਵਲ ਮੂੰਹ ਕਰਿਆ ਹੋਇਆ ਤੇ ਪ੍ਰਸ਼ਾਦਾ ਤਾਜ਼ਾ ਲਾਹ ਕੇ ਰੱਖਿਆ ਹੋਇਆ ਹੈ। ਬੇਨਤੀਆਂ ਕਰਦੀਆਂ ਹੈ ਕਿ ਹੇ ਪਾਤਸ਼ਾਹ! ਆਪ ਕ੍ਰਿਪਾ ਕਰੋ–

***ਧਾਰਨਾ – ਲਾ ਦਿਓ ਭੋਗ ਹਰਿਰਾਇਆ ਹੁਣ ਲਾ ਦਿਓ ਭੋਗ ਹਰਿਰਾਇਆ।***

ਐਸੀ ਅਰਦਾਸ ਹਿਰਦੇ 'ਚ ਚੱਲ ਰਹੀ ਹੈ ਕਿ ਹੇ ਪ੍ਰਭੂ! ਆਪ ਕ੍ਰਿਪਾ ਕਰੋ ਤੇ ਦਰਸ਼ਨ ਦੇਵੋ ਤੇ ਹੁਣ ਤੁਸੀਂ ਪ੍ਰਸ਼ਾਦ ਤਿਆਰ ਹੈ, ਛਕੋ ਆ ਕੇ। ਮਹਾਰਾਜ ਜੀ ਘੋੜੇ ਤੋਂ ਮਲਕੜੇ ਉਤਰੇ ਤੇ ਜਾ ਕੇ ਉਸ ਥੜ੍ਹੇ 'ਤੇ ਬੈਠ ਜਾਂਦੇ ਨੇ, ਥਾਲ ਦੇ ਉਤੋਂ ਰੁਮਾਲਾ ਚੁੱਕਿਆ ਤੇ ਪ੍ਰਸ਼ਾਦਾ ਛਕਣਾ ਸ਼ੁਰੂ ਕਰ ਦਿੱਤਾ। ਉਸ ਵੇਲੇ ਥੋੜ੍ਹੀ ਦੇਰ ਤੋਂ ਬਾਅਦ ਮਾਤਾ ਨੇ ਨੇਤਰ ਖੋਲ੍ਹੇ। ਜਿਹੜਾ ਸਰੂਪ ਉਸਨੇ ਅੰਦਰ ਵਸਾਇਆ ਹੋਇਆ ਸੀ, ਕੀ ਦੇਖਦੀ ਹੈ ਓਹੀ ਸਰੂਪ, ਮੀਰੀ ਪੀਰੀ ਦਾ ਮਾਲਕ, ਪੂਰੇ ਸਸ਼ਤਰ ਲੱਗੇ ਹੋਏ, ਜਿਗਾ ਕਲਗੀ ਲੱਗੀ ਹੋਈ ਤੇ ਅੱਜ ਪ੍ਰਸ਼ਾਦਾ ਛਕ ਰਹੇ ਨੇ। ਦਰਸ਼ਨ ਦੀ ਝਲਕ ਸਹਿ ਨਾ ਸਕੀ। ਸਭ ਕੁਛ ਭੁੱਲ ਗਿਆ। ਐਸ ਤਰ੍ਹਾਂ ਨਾਲ ਦਸਦੇ ਨੇ –

***ਧਾਰਨਾ – ਜਦੋਂ ਦਰਸ ਗੁਰਾਂ ਦਾ ਕੀਤਾ ਸੁੱਧ ਬੁੱਧ ਦੋਵੇਂ ਭੁੱਲੀਆਂ।***

***ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ***
***ਬੁਧਿ ਕੀ ਨ ਬੁਧਿ ਰਹੀ ਮਤਿ ਮੈਂ ਨ ਮਤਿ ਹੈ।***
***ਸੁਰਤਿ ਮੈਂ ਨ ਸੁਰਤਿ ਅਉ***
***ਧਯਾਨ ਮੈਂ ਨ ਧਯਾਨ ਰਹਯੋ।***
***ਗਯਾਨ ਮੈਂ ਨ ਗਯਾਨ ਰਹਯੋ ਗਤਿ ਮੈਂ ਨ ਗਤਿ ਹੈ।***
***ਧੀਰਜ ਕੋ ਧੀਰਜ ਗਰਬ ਕੋ ਗਰਬ ਗਯੋ।***
***ਰਤਿ ਮੈਂ ਨ ਰਤਿ ਰਹੀ ਪਤਿ ਰਤਿ ਪਤਿ ਹੈ।***
***ਅਦਭੁਤ ਪਰਮਦਭੁਤ ਬਿਸਮੈ ਬਿਸਮ***
***ਅਸਚਰਜੈ ਅਸਚਰਜ ਅਤਿ ਅਤਿ ਹੈ।***

***(ਕਬਿੱਤ ਸ੍ਵਯੇ ਭਾਈ ਗੁਰਦਾਸ ਜੀ)***

ਮਸਤ ਹੋ ਗਈ ਪਤਾ ਨਹੀਂ ਲਗਦਾ, ਨਮਸ਼ਕਾਰ ਕਰਨੀ ਭੁੱਲ ਗਈ। ਲੀਨ ਹੋ ਗਈ ਉਨ੍ਹਾਂ ਦਰਸ਼ਨਾਂ ਦੇ ਵਿੱਚ। ਮਹਾਰਾਜ ਜੀ ਪ੍ਰਸ਼ਾਦ ਛਕ ਕੇ ਕਹਿਣ ਲੱਗੇ, ਮਾਤਾ! ਉਹ ਵਸਤਰ ਤਾਂ ਲਿਆ ਜਿਹੜਾ ਤੂੰ ਲਿਆਇਆ ਹੈ। ਯਾਦ ਆਇਆ ਕਿ ਹੈਂ! ਮੈਂ ਤਾਂ ਮਰਿਆਦਾ ਹੀ ਭੁੱਲ ਗਈ, ਨਮਸ਼ਕਾਰ ਕਰਨੀ ਸੀ, ਕੀ ਹੋਇਆ ਟੁੰਭੀ ਗਈ ਓਸ ਵੇਲੇ, ਆ ਕੇ ਨਮਸ਼ਕਾਰ ਕਰਦੀ ਹੈ, ਨੇਤਰਾਂ 'ਚੋਂ ਜਲ ਜਾ ਰਿਹਾ ਹੈ, ਪਾਤਸ਼ਾਹ! ਮਾਫ ਕਰੀਂ, ਮੈਂ ਤੇਰਾ ਆਦਰ ਨਹੀਂ ਕੋਈ ਵੀ ਕਰਿਆ। ਮੈਂ ਤੇਰਾ ਕੋਈ ਸਤਿਕਾਰ ਨਹੀਂ ਕਰਿਆ। ਮੈਂ ਤੇਰੇ ਹੱਥ ਵੀ ਨਹੀਂ ਧੁਆਏ। ਓਸ ਵੇਲੇ ਮਹਾਰਾਜ ਜੀ ਲਈ ਜੋ ਚੋਲਾ ਤਿਆਰ ਕਰਿਆ ਸੀ, ਵਸਤਰ; ਉਹ ਦੇ ਦਿਤਾ। ਮਹਾਰਾਜ ਜੀ ਕਹਿੰਦੇ, ਐਓਂ ਕਰੋ ਹੁਣੇ ਦਰਜੀ ਬੁਲਾਓ ਤੇ ਹੁਣੇ ਸੁਆ ਕੇ ਤੇਰੇ ਸਾਮ੍ਹਣੇ ਪਾਉਣਾ ਹੈ। ਸੋ ਉਸ ਵੇਲੇ ਦਰਜੀ ਮੰਗਾ ਲਿਆ ਤੇ ਮਹਾਰਾਜ ਜੀ ਨੇ ਉਹ ਚੋਲਾ ਪਾਇਆ ਤੇ ਉਧਰੋਂ ਮਾਤਾ ਦਾ ਅੰਤ ਕਾਲ ਆ ਚੁੱਕਿਆ ਸੀ, ਮਹਾਰਾਜ ਜੀ ਨੇ ਸੀਸ 'ਤੇ ਹੱਥ ਰੱਖਿਆ, ਗੋਦੀ 'ਚ ਲੈ ਲਈ, ਮਹਾਰਾਜ ਜੀ ਦੀ ਗੋਦੀ 'ਚ ਹੀ ਪ੍ਰਾਣ ਪੰਖੇਰੂ ਉਡ ਗਏ। ਉਸ ਵੇਲੇ ਜਦੋਂ ਜਾ ਰਹੀ ਹੈ ਸਚਖੰਡ ਨੂੰ ਸਾਰੇ ਦੇਵੀ ਦੇਵਤੇ, ਆਪਣੇ-ਆਪਣੇ ਮੰਡਲ ਦੇ ਵਿੱਚ ਫੁੱਲ ਵਰਸਾ ਰਹੇ ਨੇ, ਧੰਨ-ਧੰਨ ਦਾ ਜੈਕਾਰਾ ਹੋ ਰਿਹਾ ਹੈ, ਹਰ ਥਾਂ ਦੇ ਉਤੋਂ -

***ਧਾਰਨਾ - ਸੁਰਗ ਲੋਕਾਂ ਵਿੱਚ ਜੈ-ਜੈਕਾਰ ਹੋਵੇ,***
***ਮਾਤਾ ਚੱਲੀ ਸੱਚਖੰਡ ਨੂੰ।***

***ਧੰਨਿ ਧੰਨਿ ਕਹੈ ਸਭੁ ਕੋਇ ॥***
***ਮੁਖ ਊਜਲ ਹਰਿ ਦਰਗਹ ਸੋਇ ॥ ਅੰਗ - 283***

ਸਾਰੇ ਲੋਕਾਂ ਦੇ ਵਿੱਚ ਜਿਸ-ਜਿਸ ਲੋਕ 'ਚੋਂ ਲੰਘਦੀ ਹੈ, ਉਥੇ ਦੇ ਦੇਵਤੇ ਸਵਾਗਤ ਕਰਦੇ ਨੇ, ਜੈ-ਜੈਕਾਰ ਕਰਦੇ ਨੇ ਕਿ ਕਿੱਡਾ ਪਿਆਰ ਸੀ ਇਸਦਾ। ਸਵਰਗ ਲੋਕ ਇਸਨੇ ਛੱਡ ਦਿੱਤੇ। ਸੋ ਇਹ ਪਿਆਰ ਦੀ ਕਥਾ ਹੈ -

***ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।***

ਪਿਆਰ ਤੋਂ ਬਗੈਰ ਵਾਹਿਗੁਰੂ ਨਹੀਂ ਮਿਲਦਾ, ਚਾਹੇ ਲੱਖ ਯਤਨ ਕਰ ਲਓ। ਨਾ ਉਹ ਭਿੱਜਦਾ ਹੈ ਪਿਆਰ ਤੋਂ ਬਿਨਾਂ। ਸੋ ਇਸ ਕਰਕੇ ਗੁਰੂ ਮਹਾਰਾਜ ਫੁਰਮਾਨ ਕਰਦੇ ਨੇ ਕਿ ਜਿਸ ਦੀ ਲਗਨ ਹੋਵੇ, ਸੱਚਾ ਪਿਆਰ ਹੋਵੇ -

***ਰੀ ਬਾਈ ਬੇਢੀ ਦੇਨੁ ਨ ਜਾਈ ॥***
***ਦੇਖੁ ਬੇਢੀ ਰਹਿਓ ਸਮਾਈ ॥***
***ਹਮਾਰੈ ਬੇਢੀ ਪ੍ਰਾਨ ਅਧਾਰਾ ॥ 1 ॥ ਰਹਾਉ ॥***
***ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ ॥***
***ਗੁਰਮੁਖਿ ਆਵੈ ਜਾਇ ਨਿਸੰਗੁ ॥***
***ਤਉ ਆਪਨ ਬੇਢੀ ਆਵੈ ਹੋ ॥ ਅੰਗ - 657***

ਸਾਡਾ ਪਿਆਰ ਵੰਡਿਆ ਹੋਇਆ ਹੈ। ਅਸੀਂ ਵਾਹਿਗੁਰੂ ਨੂੰ ਪਿਆਰ ਨਹੀਂ ਕਰਦੇ, ਵਾਹਿਗੁਰੂ ਦੀਆਂ ਦਿੱਤੀਆਂ ਹੋਈਆਂ ਦਾਤਾਂ 'ਚ ਫਸ ਗਏ।

*ਦਾਤਿ ਪਿਆਰੀ ਵਿਸਰਿਆ ਦਾਤਾਰਾ ॥ ਅੰਗ - 676*

ਉਹ ਮਾਲਕ ਜਿਹੜਾ ਹਰ ਵਕਤ ਇੰਤਜ਼ਾਰ ਕਰਦਾ ਹੈ, ਹਰ ਵਕਤ ਆਵਾਜ਼ ਦਿੰਦਾ ਹੈ -

*ਦਿਲਾ ਕਾ ਮਾਲਕੁ ਕਰੇ ਹਾਕੁ ॥ਅੰਗ - 897*

ਅੱਖਾਂ ਬੰਦ ਕਰ ਲਓ, ਵਾਹਿਗੁਰੂ ਦੀ ਆਵਾਜ਼ ਅੰਦਰ ਸੁਣਾਈ ਦੇਣ ਲਗ ਜਾਂਦੀ ਹੈ ਕਿ ਐ ਜੀਵ! ਤੂੰ ਭਟਕ ਗਿਆ, ਬੜੀ ਦੇਰ ਹੋ ਗਈ ਤੈਨੂੰ ਦੁਖੀ ਹੁੰਦੇ ਨੂੰ, ਆ ਮੈਂ ਤੇਰੇ ਲਈ ਦਰਵਾਜ਼ਾ ਖੋਲ੍ਹਾਂ, ਤੂੰ ਮੁੜ ਤਾਂ ਸਹੀ ਪਿੱਛੇ। ਪਰ ਹੁੰਦਾ ਕੀ ਹੈ? ਇਹ ਜੀਵ ਭੁੱਲਿਆ ਹੋਇਆ -

*ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ ॥*
*ਅੰਗ - 339*

ਆਤਮ ਤੱਤ ਨੂੰ ਨਹੀਂ ਜਾਣਿਆ ਤੇ ਜੀਵ ਜਿਹੜਾ ਹੈ, ਛਿਨ-ਭੰਗਰ ਸੰਸਾਰ ਦੀ ਮਾਇਆ ਹੈ, ਧੀਆਂ ਨੇ, ਪੁੱਤਰ ਨੇ, ਜਾਇਦਾਦ ਹੈ, ਜ਼ਮੀਨ ਹੈ, ਪੈਸਾ ਹੈ, ਇਹਦੇ ਵਿੱਚ ਪਰਚ ਗਿਆ, ਇਹਦੇ 'ਚ ਪਰਚ ਕੇ ਬਾਜ਼ੀ ਹਾਰ ਕੇ ਸੰਸਾਰ ਤੋਂ ਚਲਿਆ ਜਾਂਦਾ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

(------)

# ਬ੍ਰਹਮੁ ਉਪਦੇਸ਼

ਸ਼ਾਨ..........................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289*

*ਧਾਰਨਾ - ਰਾਖਹੁ ਰਾਖਹੁ ਕ੍ਰਿਪਾ ਧਾਰ,*
*ਤੇਰੀ ਸ਼ਰਨ ਤੇਰੈ ਦਰਬਾਰਿ।*

*ਜਿਸੁ ਤੂ ਰਾਖਹਿ ਤਿਸੁ ਕਉਨੁ ਮਾਰੈ ॥*
*ਸਭ ਤੁਝ ਹੀ ਅੰਤਰਿ ਸਗਲ ਸੰਸਾਰੈ ॥*
*ਕੋਟਿ ਉਪਾਵ ਚਿਤਵਤ ਹੈ ਪ੍ਰਾਣੀ ॥*
*ਸੋ ਹੋਵੈ ਜਿ ਕਰੈ ਚੋਜ ਵਿਡਾਣੀ ॥ 1 ॥*
*ਰਾਖਹੁ ਰਾਖਹੁ ਕਿਰਪਾ ਧਾਰਿ ॥*
*ਤੇਰੀ ਸਰਣਿ ਤੇਰੈ ਦਰਵਾਰਿ ॥ 1 ॥ ਰਹਾਉ ॥*
*ਜਿਨਿ ਸੇਵਿਆ ਨਿਰਭਉ ਸੁਖਦਾਤਾ ॥*
*ਤਿਨਿ ਭਉ ਦੂਰਿ ਕੀਆ ਏਕੁ ਪਰਾਤਾ ॥*
*ਜੋ ਤੂ ਕਰਹਿ ਸੋਈ ਫੁਨਿ ਹੋਇ ॥*
*ਮਾਰੈ ਨ ਰਾਖੈ ਦੂਜਾ ਕੋਇ ॥ 2 ॥*
*ਕਿਆ ਤੂ ਸੋਚਹਿ ਮਾਣਸ ਬਾਣਿ ॥*
*ਅੰਤਰਜਾਮੀ ਪੁਰਖੁ ਸੁਜਾਣੁ ॥*
*ਏਕ ਟੇਕ ਏਕੋ ਆਧਾਰੁ ॥*
*ਸਭ ਕਿਛੁ ਜਾਣੈ ਸਿਰਜਣਹਾਰੁ ॥ 3 ॥*
*ਜਿਸੁ ਊਪਰਿ ਨਦਰਿ ਕਰੇ ਕਰਤਾਰੁ ॥*
*ਤਿਸੁ ਜਨ ਕੇ ਸਭਿ ਕਾਜ ਸਵਾਰਿ ॥*
*ਤਿਸ ਕਾ ਰਾਖਾ ਏਕੋ ਸੋਇ ॥*
*ਜਨ ਨਾਨਕ ਅਪੜਿ ਨ ਸਾਕੈ ਕੋਇ ॥ ਅੰਗ - 1140*

*ਧਾਰਨਾ - ਇਹੋ ਤੇਰੀ ਵਾਰੀ ਹੈ, ਗੋਬਿੰਦ ਮਿਲਣੇ ਦੀ।*

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥*
*ਅੰਗ - 631*

ਸਾਧਸੰਗਤ ਜੀ! ਗੱਜ ਕੇ ਬੋਲਣਾ ਜੀ, ਸਤਿਨਾਮ ਸ੍ਰੀ ਵਾਹਿਗੁਰੂ। ਬੜੇ ਜੁੱਗ ਬੀਤ ਗਏ, ਆਪਾਂ ਨੂੰ ਚਲਦਿਆਂ-ਚਲਦਿਆਂ, ਕਿੰਨੇ ਵਾਰੀ ਕਲਜੁਗ 'ਚ ਪੈਦਾ ਹੋਏ ਹਾਂ। ਕਈ ਵਾਰ ਸਤਿਜੁਗ 'ਚ ਪੈਦਾ ਹੋਏ ਹਾਂ, ਕਿੰਨੇ

ਵਾਰੀ ਦੁਆਪਰ 'ਚ, ਕਿੰਨੀ ਵਾਰੀ ਤ੍ਰੇਤੇ 'ਚ। ਕਲਪ ਬੀਤ ਜਾਂਦੇ ਹਨ। ਇੱਕ ਕਲਪ 4 ਅਰਬ 32 ਕਰੋੜ ਸਾਲ ਦਾ ਹੋਇਆ ਕਰਦਾ ਹੈ। ਐਨਾ ਸਮਾਂ ਬੀਤ ਜਾਂਦਾ ਹੈ, ਦੂਸਰੇ ਕਲਪ 'ਚ ਦਾਖਲ ਹੋ ਜਾਂਦੇ ਹਾਂ। ਉਹ ਵੀ ਬੀਤ ਜਾਂਦਾ ਹੈ, ਤੀਸਰੇ ਕਲਪ 'ਚ ਚਲੇ ਜਾਂਦੇ ਹਨ। 14 ਕਲਪ ਜਦੋਂ ਬੀਤ ਜਾਂਦੇ ਹਨ ਤਾਂ ਮਹਾਂਕਲਪ ਆ ਜਾਇਆ ਕਰਦਾ ਹੈ। ਸਮੇਂ ਦਾ ਕੋਈ ਹਿਸਾਬ-ਕਿਤਾਬ ਨਹੀਂ, ਜ਼ਰਬਾਂ ਦਿੰਦੇ ਤੁਰੇ ਜਾਓ, ਪਰ ਅਸੀਂ ਭਟਕਦੇ ਫਿਰਦੇ ਹਾਂ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥* *ਅੰਗ - 176*

ਸਮਾਂ ਆਇਆ ਕਲਜੁਗ ਦੇ ਅੰਦਰ, ਪਤਾ ਨਹੀਂ ਪਿੱਛੇ ਕਿਹੜੇ ਜਨਮ 'ਚ ਕੀ ਕਰਮ ਕਰੇ ਨੇ। ਕਿਉਂਕਿ ਸਤਿਸੰਗ ਤਾਂ ਮਿਲਿਆ ਨਹੀਂ ਕਰਦਾ ਜਿੰਨਾਂ ਚਿਰ ਪੁੰਨ ਕਰਮ ਜਮ੍ਹਾਂ ਨਾ ਹੋਣ। ਪੁੰਨ ਕਰਮ ਜਮ੍ਹਾਂ ਹੁੰਦੇ ਨੇ -

*ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥*
*ਅੰਗ - 95*

ਅਸੀਂ ਜਾਣ ਨਹੀਂ ਸਕਦੇ ਕਿ ਕਿਹੜੇ ਅਸੀਂ ਕਰਮ ਕੀਤੇ ਸੀ, ਜਿਹਦੇ ਕਰਕੇ ਸਾਨੂੰ ਏਸ ਕਲਜੁਗ ਦੇ ਅੰਦਰ ਸਤਿਸੰਗ ਦੀ ਪ੍ਰਾਪਤੀ ਹੋ ਗਈ ਤੇ ਸਾਨੂੰ ਸੁਨੇਹਾ ਮਿਲ ਰਿਹਾ ਹੈ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥* *ਅੰਗ - 12*

ਅਸੀਂ ਤਾਂ ਰੋਜ਼ ਹੀ ਪੜ੍ਹਦੇ ਹਾਂ ਇਹਨੂੰ ਵੀ। ਪੜ੍ਹਨ ਨਾਲ ਫੇਰ ਖਿੱਚ ਨਹੀਂ ਪੈਦਾ ਹੁੰਦੀ ਕਦੇ? ਬੜੀ ਮੁਸ਼ਕਲ ਨਾਲ ਦੇਹ ਮਿਲੀ ਹੈ, ਵਾਰੀ ਹੈ ਗੋਬਿੰਦ ਨੂੰ ਮਿਲਣ ਦੀ, ਇਹ ਤਾਂ ਐਵੇਂ ਹੀ ਲੰਘ ਗਈ ਸੁੱਤਿਆਂ-ਸੁੱਤਿਆਂ ਦੀ। ਕੁਛ ਵੀ ਨਾ ਅਸੀਂ ਕਰ ਸਕੇ। ਐਡਾ ਕੀਮਤੀ ਜਨਮ 84 ਲੱਖ ਜੂਨਾਂ ਲੰਘਣ ਤੋਂ ਬਾਅਦ ਪ੍ਰਾਪਤ ਹੋਇਆ ਹੈ। ਐਡਾ ਧੋਖਾ ਹੋ ਗਿਆ ਸਾਡੇ ਨਾਲ।

*ਧਾਰਨਾ - ਤੇਰਾ ਜਨਮ ਅਮੋਲਕ ਹੀਰਾ,*
*ਕੌਡੀਆਂ ਦੇ ਭਾਅ ਜਾਂਵਦਾ।*

*ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥*
*ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥* *ਅੰਗ - 156*

ਦਿਨ ਲੰਘ ਜਾਂਦਾ ਹੈ, ਰਾਤ ਆ ਜਾਂਦੀ ਹੈ। ਹਫਤਾ ਲੰਘ ਜਾਂਦਾ ਹੈ, ਅਗਲਾ ਹਫਤਾ ਆ ਜਾਂਦਾ ਹੈ। ਮਹੀਨਾ ਲੰਘ ਜਾਂਦਾ ਹੈ, ਦੂਜਾ ਮਹੀਨਾ ਆ ਜਾਂਦਾ ਹੈ। ਸਾਲ ਲੰਘ ਜਾਂਦੇ ਨੇ, ਅਗਲੇ ਸਾਲ ਆ ਜਾਂਦੇ ਨੇ। ਬੜੀਆਂ ਖੁਸ਼ੀਆਂ ਮਨਾਉਂਦੇ ਹਾਂ ਕਿ ਅੱਜ ਜਨਮ ਦਿਨ ਹੈ, ਲੇਕਿਨ

ਸਮਾਂ ਲੰਘ ਗਿਆ ਹੱਥ 'ਚੋਂ। ਉਹ ਤਾਂ ਮੁੜ ਕੇ ਹੱਥ ਵਿਚ ਨਹੀਓਂ ਆਉਣਾ ਪਿਆਰਿਓ। ਜਿਹੜਾ ਲੰਘ ਗਿਆ ਸੋ ਲੰਘ ਗਿਆ। ਇਹ ਮੁੜ ਕੇ ਨਹੀਂ ਆਇਆ ਕਰਦਾ, ਬੜੀ ਦੇਰ ਤੋਂ ਬਾਅਦ ਮਨੁੱਖ ਦਾ ਜਾਮਾ ਮਿਲਿਆ ਹੈ। ਕਸ਼ਿਸ਼ ਹੀ ਨਹੀਂ ਪੈਂਦੀ ਦਿਲ ਵਿਚ। ਆਦਤ ਬਣ ਗਈ, ਬਾਰ-ਬਾਰ ਉਪਦੇਸ਼ ਦਿਓ, ਬਾਰ-ਬਾਰ ਇੱਕੋ ਗੱਲ ਸੁਣੀ ਜਾਈਏ ਤਾਂ ਆਦਮੀ ਦਾ ਜਿਹੜਾ ਮਨ ਹੈ ਇਹ ਢੀਠ ਹੋ ਜਾਇਆ ਕਰਦਾ ਹੈ। ਇਹਦੇ ਉਤੇ ਅਸਰ ਹੋਣਾ ਹਟ ਜਾਂਦਾ ਹੈ। ਡੀ.ਡੀ.ਟੀ. ਜਦੋਂ ਪਹਿਲਾਂ ਆਈ ਸੀ, ਮੱਛਰ 'ਤੇ ਛਿੜਕ ਦੇਣੀ, ਮੱਛਰ ਓਦੋਂ ਹੀ ਮਰ ਜਾਂਦੇ ਸੀ। ਕੋਈ ਚੀਜ਼ ਨਹੀਂ ਸੀ ਰਹਿੰਦੀ। ਹੁਣ ਕਹਿੰਦੇ ਪ੍ਰਤੀਸ਼ਤ ਮਾਤਰਾ ਵੀ ਵੱਧ ਹੈ ਇਹਦੇ ਵਿਚ, 50% ਤੱਕ ਆਉਣ ਲੱਗ ਗਈ, ਪਹਿਲਾਂ ਤਾਂ 5% ਹੀ ਹੁੰਦੀ ਸੀ। ਹੁਣ ਕੋਈ ਅਸਰ ਹੀ ਨਹੀਂ ਹੁੰਦਾ। immune ਹੋ ਗਏ। ਏਸੇ ਤਰ੍ਹਾਂ ਗੁਰੂ ਦੀ ਬਾਣੀ ਸੁਣ-ਸੁਣ ਕੇ ਸਾਡਾ ਮਨ ਢੀਠ ਹੋ ਗਿਆ। ਅਸਰ ਨਹੀਂ ਲੈ ਰਿਹਾ। ਕਹਿੰਦੇ ਨੇ ਇਹ ਤਾਂ ਅਸੀਂ ਰੋਜ਼ ਹੀ ਕਹਿੰਦੇ ਹਾਂ। ਲੇਕਿਨ ਜਦੋਂ ਆਦਮੀ ਗੰਭੀਰਤਾ ਨਾਲ ਸੋਚਦਾ ਹੈ, ਪਤਾ ਲਗਦਾ ਹੈ ਕਿ ਮੇਰਾ ਤਾਂ ਸਮਾਂ ਲੰਘ ਗਿਆ। ਇਹ ਤਾਂ ਉਮਰ ਇਸ ਤਰ੍ਹਾਂ ਮੁੱਕ ਜਾਣੀ ਹੈ -

***ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ ॥***
***ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ ॥***
***ਸੋ ਦਿਨੁ ਆਵਨ ਲਾਗਾ ॥*** ***ਅੰਗ - 692***

ਉਹ ਤਾਂ ਦਿਨ ਆਉਣ ਵਾਲਾ ਹੋ ਗਿਆ ਜਿਸ ਦਿਨ ਦਾ ਡਰ ਲਗਦਾ ਹੈ। ਆ ਜਾਣਾ ਉਸਨੇ, ਸਮੇਂ ਨੇ ਲਿਹਾਜ਼ ਨਹੀਂ ਕਰਨੀ ਕਿਸੇ ਦੀ। ਲੇਕਿਨ ਅਸੀਂ ਬੇਸੁਧ ਹੋ ਕੇ ਵਿਸ਼ਿਆਂ-ਵਿਕਾਰਾਂ 'ਚ, ਖਿੱਚਾਂ 'ਚ ਪਏ ਆਪਣੇ ਜਨਮ ਨੂੰ ਬਰਬਾਦ ਕਰਦੇ ਤੁਰੇ ਜਾਂਦੇ ਹਾਂ। ਹੋਰ ਕੰਮ ਨਹੀਂ ਕਰਿਆ, ਨਾ ਦੁਨੀਆਂ ਦਾ ਕੰਮ ਪੂਰਾ ਹੋਇਆ ਨਾ ਓਧਰਲਾ ਹੋਇਆ ਹੈ। ਨਾ ਰੱਬ ਹੀ ਮਿਲਿਆ, ਨਾ ਸੰਸਾਰ ਦਾ ਕੋਈ ਕੰਮ ਪੂਰਾ ਕਰਕੇ ਆਰਾਮ ਨਾਲ ਬੈਠ ਸਕੇ। ਦੋਹਾਂ ਪਾਸਿਆਂ ਤੋਂ ਫੇਲ੍ਹ ਹੁੰਦੇ ਤੁਰੇ ਜਾ ਰਹੇ ਹਾਂ। ਇੱਕ ਪਾਸਾ ਜੇ ਹੋ ਜਾਵੇ, ਚਲੋ ਜੇ ਦੁਨੀਆਂ ਬਣ ਗਈ, ਥੋੜ੍ਹਾ ਬਹੁਤ ਚਿਰ ਤਾਂ ਉਹਨੂੰ ਧਰਵਾਸ ਰਹਿੰਦਾ ਹੀ ਹੈ, ਬਾਅਦ ਵਿਚ ਦੇਖੀ ਜਾਏਗੀ ਜਿਹੜਾ ਕੁਛ ਹੋਣਾ ਹੈ, ਫੇਰ ਤਾਂ ਹੋਣਾ ਹੀ ਹੋਣਾ ਹੈ। ਜੇ ਪ੍ਰਮੇਸ਼ਰ ਦੇ ਰਸਤੇ ਪੈ ਗਏ, ਦੁਨੀਆਂ ਬਣੀ ਨਾ ਬਣੀ। ਕੋਈ ਫਰਕ ਨਹੀਂ ਪਿਆ ਕਰਦਾ। ਸਭ ਕੁਛ ਚਲਿਆ ਜਾਵੇ, ਪ੍ਰਮੇਸ਼ਰ ਵਾਲਾ ਪਾਸਾ ਰਹਿ ਜਾਵੇ, ਸਭ ਕੁਛ ਬਚ ਗਿਆ ਆਪਣੇ ਕੋਲ। ਕਿਉਂਕਿ ਸਮਾਂ ਬਚਾ ਲਿਆ ਜਿਹੜਾ ਮੁੜ ਕੇ ਹੱਥ ਨਹੀਂ ਆਉਣਾ। ਸੋ ਸਮਾਂ ਲੰਘਦਾ ਜਾਂਦਾ ਹੈ ਪਤਾ ਨਹੀਂ ਲਗਦਾ, ਨਾ ਕੋਈ ਥਹੁ ਲਗਦਾ ਹੈ ਕਿ ਪਿਛੇ ਅਸੀਂ ਕੀ ਸੀ, ਹੁਣ ਅਸੀਂ ਕੀ ਹਾਂ ਤੇ ਇਸ ਤੋਂ ਅੱਗੇ ਅਸੀਂ ਕੀ ਹੋਣਾ ਹੈ, ਕਿਹੜੇ ਰਸਤੇ ਪੈਣਾ ਹੈ, ਕਿਹੜੇ ਸ਼ਹਿਰ ਜੰਮਣਾ ਹੈ, ਕਿਹੜੇ ਦੇਸ਼ ਵਿਚ ਪੈਦਾ ਹੋਣਾ ਹੈ, ਕਿਹੜੀ

ਕੌਮ ਵਿਚ ਪੈਦਾ ਹੋਣਾ ਹੈ।

ਤ੍ਰੇਤੇ ਜੁਗ ਦੇ ਅੰਦਰ ਸ੍ਰੀ ਰਾਮ ਚੰਦਰ ਜੀ ਮਹਾਰਾਜ ਬਨਵਾਸ ਜਾਂਦੇ ਨੇ, ਉਥੇ ਸੀਤਾ ਜੀ ਦਾ ਅਪਹਰਣ ਹੋ ਗਿਆ। ਰਾਵਣ ਲੰਕਾ ਦਾ ਰਾਜਾ, ਸਮੁੰਦਰ ਪਾਰ ਕਰਕੇ ਸੀਤਾ ਜੀ ਨੂੰ ਚੁੱਕ ਕੇ ਲੈ ਜਾਂਦਾ ਹੈ। ਬਹੁਤ ਵੱਡੀ ਸੱਟ ਸੀ ਇਹ ਪਿਆਰ ਦੀ, ਸੀਤਾ ਜੀ ਦੇ ਮਨ 'ਤੇ ਵੀ ਤੇ ਰਾਮ ਚੰਦਰ ਜੀ ਦੇ ਮਨ 'ਤੇ ਵੀ। ਕਿਉਂਕਿ ਮਰਿਆਦਾ ਪ੍ਰਸ਼ੋਤਮ ਆਪ ਸਨ। ਮਨੁੱਖਾਂ ਵਾਂਗੂੰ ਸੰਸਾਰ ਦੇ ਵਿਚ ਰਹਿ ਕੇ ਗਏ। ਬੜੀ ਤਲਾਸ਼ ਕੀਤੀ, ਅਖੀਰ ਪਤਾ ਲੱਗਿਆ, ਲੰਕਾ ਦਾ ਰਾਜਾ ਰਾਵਣ ਉਸਨੂੰ ਚੁੱਕ ਕੇ ਲੈ ਗਿਆ ਹੈ। ਉਸ ਵੇਲੇ ਆਪ ਨੇ ਬਾਲੀ ਦੇ ਨਾਲ ਯੁੱਧ ਕਰਕੇ, ਸੁਗ੍ਰੀਵ ਨੂੰ ਆਪਣਾ ਮਿੱਤਰ ਬਣਾਇਆ। ਬਾਲੀ ਦੇ ਵਿਚ ਇਹ ਖਾਸੀਅਤ ਸੀ ਕਿ ਜੇ ਕੋਈ ਉਹਦੇ ਸਾਮ੍ਹਣੇ ਖੜ੍ਹਾ ਹੋ ਕੇ ਯੁੱਧ ਕਰਦਾ ਸੀ ਤਾਂ ਅੱਧੀ ਸ਼ਕਤੀ ਉਹਦੇ ਵਿਚ ਆ ਜਾਂਦੀ ਸੀ ਜਿਹੜਾ ਉਸ ਨਾਲ ਯੁੱਧ ਕਰ ਰਿਹਾ ਹੁੰਦਾ। ਆਪਣੀ ਤੇ ਉਹਦੀ ਸ਼ਕਤੀ ਨਾਲ ਰਲਣ ਕਰਕੇ ਉਹਨੂੰ ਕੋਈ ਜਿੱਤ ਨਹੀਂ ਸੀ ਸਕਦਾ। ਰਾਵਣ ਨੂੰ ਵੀ ਉਸਨੇ ਛੇ ਮਹੀਨੇ ਕੈਦ ਰੱਖਿਆ ਆਪਣੇ ਕੋਲ। ਸੁਗ੍ਰੀਵ ਜਿਹੜਾ ਸੀ ਉਹ ਬੜਾ ਲਾਚਾਰ ਸੀ। ਬਾਲੀ ਨੇ ਉਸਦੀ ਪਤਨੀ ਨੂੰ ਆਪਣੇ ਘਰ ਵਸਾ ਲਿਆ ਸੀ। ਕੋਈ ਮਦਦ ਨਹੀਂ ਸੀ ਕਰ ਰਿਹਾ। ਸ੍ਰੀ ਰਾਮ ਚੰਦਰ ਜੀ ਮਹਾਰਾਜ ਨੇ ਲੁਕ ਕੇ ਉਸ ਦੇ ਬਾਣ ਮਾਰਿਆ। ਬਾਲੀ ਨੂੰ ਹਰਾ ਕੇ ਸੁਗ੍ਰੀਵ ਦੇ ਨਾਲ ਮਿਤ੍ਰਤਾ ਪਾਈ ਤੇ ਉਥੇ ਦੀ ਜਿਹੜੀ ਕੌਮ ਸੀ, ਜਿਹਨੂੰ ਬਾਨਰ ਕੌਮ ਕਹਿੰਦੇ ਨੇ, ਆਦਿ ਵਾਸੀ ਜਾਂ ਏਪ ਕਹਿੰਦੇ ਨੇ, ਉਨ੍ਹਾਂ ਨੇ ਬਹੁਤ ਵੱਡੀ ਮਦਦ ਕੀਤੀ ਤੇ ਉਨ੍ਹਾਂ ਦਾ ਕਮਾਂਡਰ ਜਿਹੜੇ ਸੀ ਹਨੂੰਮਾਨ ਉਹ ਵੀ ਨਾਲ ਜਾਂਦੇ ਨੇ ਤੇ ਹੋਰ ਵੱਡੇ-ਵੱਡੇ ਯੋਧੇ ਨਾਲ ਜਾਂਦੇ ਨੇ। ਉਨ੍ਹਾਂ ਵਿਚ ਦੋ ਵੱਡੇ ਜਰਨੈਲ ਸੀ, ਜਿਨ੍ਹਾਂ ਦਾ ਨਾਮ ਨਰ ਤੇ ਨੀਲ ਸੀ। ਇਹ ਵੀ ਫੌਜ ਦੇ ਵਿਚ ਆਪਣੀਆਂ ਫੌਜਾਂ ਲੈ ਕੇ ਜਾ ਰਹੇ ਨੇ। ਜਿਸ ਵਕਤ ਆਪ ਕੰਨਿਆ ਕੁਮਾਰੀ ਕੋਲ ਪਹੁੰਚਦੇ ਨੇ, ਅੱਗੇ ਸਮੁੰਦਰ ਠਾਠਾਂ ਮਾਰ ਰਿਹਾ ਹੈ। ਫੌਜ ਬਹੁਤ ਜ਼ਿਆਦਾ ਹੈ ਗਿਣਤੀ ਦੇ ਵਿਚ, ਕੋਈ ਯਤਨ ਨਹੀਂ ਬਣਦਾ ਕਿ ਐਨੀ ਫੌਜ ਨੂੰ ਪਾਰ ਕਿਵੇਂ ਕਰੀਏ। ਕਿਸ ਤਰ੍ਹਾਂ ਜਾ ਕੇ ਉਥੇ ਯੁੱਧ ਕੀਤਾ ਜਾਵੇ। ਉਸ ਵੇਲੇ ਰਾਮ ਚੰਦਰ ਜੀ ਮਹਾਰਾਜ, ਤਿੰਨ ਦਿਨ, ਤਿੰਨ ਰਾਤਾਂ ਸਮੁੰਦਰ ਦੇ ਕੰਢੇ ਧਰਨਾ ਦੇ ਕੇ ਪਏ ਰਹੇ, ਨਾ ਕੁਛ ਖਾਧਾ ਨਾ ਕੁਛ ਪੀਤਾ, ਕੇਵਲ ਇੱਕੋ ਗੱਲ ਕਹਿੰਦੇ ਸੀ ਕਿ ਸਾਨੂੰ ਰਸਤਾ ਦੇ ਦੇ, ਤਾਂ ਕਿ ਅਸੀਂ ਪਾਰ ਲੰਘ ਜਾਈਏ।

ਕਈ ਬੰਦਿਆਂ ਦੇ ਖਿਆਲ 'ਚ ਹੁੰਦਾ ਹੈ ਕਿ ਸਮੁੰਦਰ ਇਸ ਤਰ੍ਹਾਂ ਰਸਤਾ ਦੇ ਦਿੰਦੇ ਨੇ? ਕਿਉਂਕਿ ਕੁਦਰਤੀ ਹੈ, ਸਾਇੰਸ ਦਾ ਯੁੱਗ ਹੈ, ਇਤਿਹਾਸ 'ਚ ਲਿਖਿਆ ਹੋਇਆ ਵੀ ਗਲਤ ਨਹੀਂ ਹੋ ਸਕਦਾ, ਜ਼ਰੂਰ ਇਸ ਗੱਲ 'ਚ ਕੋਈ ਭੇਤ ਹੈ। ਲੇਕਿਨ ਜਿਹੜਾ ਨੇੜੇ ਦਾ ਇਤਿਹਾਸ ਹੈ ਸਾਡੇ ਕੋਲ, ਸਾਢੇ ਤਿੰਨ ਹਜ਼ਾਰ ਸਾਲ ਦਾ, ਉਹ ਮੂਸਾ ਜੀ ਦਾ ਹੈ। ਜਦੋਂ ਫਰੂਨ ਨੇ ਮੂਸਾ ਨੂੰ ਕੈਦ ਕਰ ਲਿਆ, ਮਿਸਰ ਦੇ ਰਾਜੇ ਨੂੰ। ਉਹਨੇ

ਪ੍ਰਮੇਸ਼ਰ ਦੀ ਭਗਤੀ ਕਰੀ, ਅਕਾਸ਼ਬਾਣੀ ਹੋਈ ਕਿ ਐ ਮੂਸਾ! ਮੈਂ ਰਾਤ ਪਾ ਦਿੰਦਾ ਹਾਂ ਦਿਨ ਵਿਚ ਵੀ ਹਨ੍ਹੇਰ ਗੁਬਾਰ ਹੋਏਗਾ, ਹੱਥ ਮਾਰਿਆ ਨਹੀਂ ਦਿਸੇਗਾ, ਤੂੰ ਆਪਣੀ ਕੌਮ ਨੂੰ ਕੱਢ ਕੇ ਲੈ ਜਾ। ਕਹਿਣ ਲੱਗਿਆ, ਮਹਾਰਾਜ! ਮੇਰੀ ਕੌਮ ਜਿੰਨੀ ਵੀ ਹੈ ਉਹ ਤਾਂ ਸਾਰੀ ਹੱਥਕੜੀਆਂ ਬੇੜੀਆਂ ਲਾ ਕੇ ਅੰਦਰ ਬੰਦ ਕਰੀ ਹੋਈ ਹੈ। ਕਹਿੰਦੇ, ਜਾਹ ਸਭ ਦੀਆਂ ਬੇੜੀਆਂ ਟੁੱਟ ਜਾਣਗੀਆਂ। ਹੌਕਾ ਦੇ-ਦੇ ਤੂੰ। ਉਸ ਵੇਲੇ ਉਹ ਹੋਕਾ ਦਿੰਦਾ ਹੈ, ਮੈਨੂੰ ਪ੍ਰਮੇਸ਼ਰ ਵਲੋਂ ਹੁਕਮ ਹੋਇਆ ਹੈ ਕਿ ਤੁਸੀਂ ਸਾਰੇ ਦੇ ਸਾਰੇ ਇਥੋਂ ਤੁਰ ਚਲੋ, ਬਹੁਤੇ ਉਨ੍ਹਾਂ ਵਿਚੋਂ ਤੁਰਦੇ ਨਹੀਂ ਕਿ ਫਰੂਨ ਜਿਹੜਾ ਹੈ ਇਹ ਬੜਾ ਜ਼ਾਲਮ ਬਾਦਸ਼ਾਹ ਹੈ, ਇਹ ਮਾਰ ਦਏਗਾ। ਲੇਕਿਨ ਪ੍ਰਮੇਸ਼ਰ ਦੇ ਹੁਕਮ ਦੇ ਅੰਦਰ ਉਹ ਮਿਸਰ ਦੇ ਵਿਚੋਂ ਨਿਕਲ ਕੇ ਸਕੰਦਰੀਆ ਦੇ ਨੇੜੇ ਪਹੁੰਚਦੇ ਨੇ। ਅੱਗੇ ਲਾਲ ਸਮੁੰਦਰ (red sea) ਆ ਗਿਆ, ਜਦੋਂ ਪਤਾ ਲਗਦਾ ਹੈ ਕਿ ਇਹ ਸਾਰੀ ਮੁਸਾਈ ਦੀ ਕੌਮ ਜਿੰਨੀ ਹੈ ਇਹ ਮੇਰੀ ਕੈਦ 'ਚੋਂ ਨਿਕਲ ਕੇ ਚਲੀ ਗਈ, ਗੱਡੇ ਵੀ ਨਾਲ ਲੈ ਗਏ, ਸਮਾਨ ਵੀ ਨਾਲ ਲੈ ਗਏ, ਉਸ ਵੇਲੇ ਫਰੂਨ ਨੇ ਆਪਣੀਆਂ ਸਾਰੀਆਂ ਫੌਜਾਂ ਪਿੱਛੇ ਲਾ ਦਿਤੀਆਂ ਤੇ ਸਮੁੰਦਰ ਦੇ ਕੰਢੇ ਇਹ ਪਹੁੰਚ ਜਾਂਦੇ ਨੇ। ਪਿੱਛੋਂ ਫੌਜ ਦੀ ਖਬਰ ਆ ਗਈ ਕਿ ਘੋੜ ਸਵਾਰ ਵਾਹੋਦਾਹੀ ਨੱਠੇ ਆ ਰਹੇ ਨੇ। ਉਸ ਵੇਲੇ ਇਹਨੇ ਅਰਦਾਸ ਕਰੀ ਕਿ ਹੇ ਪ੍ਰਭੂ! ਹੁਣ ਮੈਂ ਕੀ ਕਰਾਂ। ਤੇਰਾ ਹੁਕਮ ਮੰਨ ਕੇ ਮੈਂ ਉਸ ਕੈਦ ਦੇ ਵਿਚੋਂ ਨਿਕਲ ਆਇਆ ਹਾਂ। ਹੁਣ ਅੱਗੇ ਅਸੀਂ ਕਿੱਥੇ ਜਾਵਾਂਗੇ, ਕਿਵੇਂ ਜਾਵਾਂਗੇ? ਆਵਾਜ਼ ਆਈ, ਕਹਿੰਦੇ ਮੂਸਾ, ਜਿਹੜਾ ਤੇਰੇ ਹੱਥ ਵਿਚ ਡੰਡਾ ਹੈ, ਇਹ ਡੰਡਾ ਸਮੁੰਦਰ ਨੂੰ ਮਾਰ 'ਤੇ ਇਹਨੂੰ ਕਹਿ ਕਿ ਮੈਨੂੰ ਰਾਹ ਦੇ ਦੇਵੇ। ਜਿਸ ਵਕਤ ਡੰਡਾ ਮਾਰਦਾ ਹੈ, ਕੀ ਦੇਖਦੇ ਨੇ ਜਿਵੇਂ ਦੋ ਕੰਧਾਂ ਹੋ ਜਾਂਦੀਆਂ ਨੇ ਇਸ ਤਰ੍ਹਾਂ ਪਾਣੀ ਦੀਆਂ ਦੋ ਕੰਧਾਂ ਆਲੇ-ਦੁਆਲੇ ਹੋ ਗਈਆਂ, ਵਿਚਾਲੇ ਰਾਹ ਦੇ ਦਿਤਾ, ਸਾਰੀ ਫੌਜ, ਸਾਰੀ ਕੌਮ ਇਥੋਂ ਦੀ ਨਿਕਲ ਕੇ ਦੂਜੇ ਪਾਸੇ ਲੰਘ ਜਾਂਦੀ ਹੈ। ਉਥੇ ਜਾ ਕੇ ਜਦੋਂ ਫਰੂਨ ਦੀਆਂ ਫੌਜਾਂ ਆਉਂਦੀਆਂ ਨੇ, ਉਸ ਵੇਲੇ gap (ਪਾੜ) ਬਣਿਆ ਹੋਇਆ ਹੈ, ਫੌਜਾਂ, ਰੱਥ, ਘੋੜੇ ਜਦੋਂ ਸਮੁੰਦਰ 'ਚ ਦਾਖਲ ਹੋ ਜਾਂਦੇ ਨੇ, ਇਹ ਪਾਰ ਹੋ ਜਾਂਦੇ ਨੇ ਸਮੁੰਦਰ ਮਿਲ ਜਾਂਦਾ ਹੈ। ਸਾਰੀਆਂ ਫੌਜਾਂ ਉਥੇ ਮਰ ਜਾਂਦੀਆਂ ਨੇ। ਉਸ ਦਿਨ ਤੋਂ ਇਸ ਸਾਗਰ ਦਾ ਨਾਮ red sea ਪੈ ਗਿਆ। ਲਾਲ ਸਾਗਰ ਇਹਨੂੰ ਕਹਿਣ ਲੱਗ ਗਏ।

ਸੋ ਇਸ ਤਰ੍ਹਾਂ ਦੇ ਨਾਲ ਸ੍ਰੀ ਰਾਮ ਚੰਦਰ ਜੀ ਮਹਾਰਾਜ, ਸਮੁੰਦਰ ਤੋਂ ਰਾਹ ਮੰਗ ਰਹੇ ਨੇ। ਤਿੰਨ ਦਿਨ ਲੰਘ ਗਏ ਸਮੁੰਦਰ ਨੇ ਰਸਤਾ ਨਹੀਂ ਦਿਤਾ। ਐਸਾ ਇਤਿਹਾਸ 'ਚ ਆਉਂਦਾ ਹੈ ਕਿ ਇਨ੍ਹਾਂ ਨੇ ਖੜ੍ਹੇ ਹੋ ਕੇ ਬਾਣ ਮਾਰਿਆ ਸਮੁੰਦਰ ਨੂੰ, ਉਸ ਵੇਲੇ ਬਹੁਤ ਉੱਚੀਆਂ ਦੋ-ਦੋ ਸੌ, ਤਿੰਨ-ਤਿੰਨ ਸੌ ਫੁੱਟ ਲਹਿਰਾਂ ਉੱਠ ਖੜ੍ਹੀਆਂ ਤੇ ਉਨ੍ਹਾਂ ਦੇ ਵਿਚ ਕੀ ਦੇਖਦੇ ਨੇ ਕਿ ਸਮੁੰਦਰ ਦਾ ਜੋ ਮਾਲਕ ਦੇਵਤਾ ਹੈ, ਉਹ ਵਿਚ ਆਇਆ ਹੋਇਆ ਹੈ ਤੇ ਮਾਫੀ ਮੰਗ ਰਿਹਾ ਹੈ ਇਸ ਗੱਲ ਦੀ ਕਿ ਮੈਂ ਅਵੱਗਿਆ ਕੀਤੀ।

ਤੁਸੀਂ ਫੌਜ ਲੰਘਾ ਲਓ, ਪੱਥਰ ਮੇਰੀ ਛੱਤੀ 'ਤੇ ਧਰ ਦਿਓ, ਡੁੱਬਣਗੇ ਨਹੀਂ।

ਉਸ ਵੇਲੇ ਸ੍ਰੀ ਰਾਮ ਚੰਦਰ ਜੀ ਨੇ ਪੁਲ ਬਣਾਇਆ, ਤਾਂ ਨਾਲ ਦੀ ਨਾਲ ਉਹਨੇ ਦਸਿਆ ਕਿ ਤੁਹਾਡੀ ਫੌਜ ਵਿਚ ਦੋ ਜਰਨੈਲ ਨੇ ਜਿਨ੍ਹਾਂ 'ਚੋਂ ਨਲ ਤੇ ਨੀਲ ਨਾਮ ਹੈ, ਇਹ ਜਿਹੜਾ ਨਲ ਹੈ ਇਹ ਗੁਪਤ ਬੈਠਾ ਹੈ, ਇਹ ਵਿਸ਼ਕਰਮਾ ਦਾ ਅਵਤਾਰ ਹੈ। ਇਹਨੂੰ ਕਹੋ ਇਹ ਬਣਾ ਦਏਗਾ ਪੁਲ। ਜਿਸ ਵਕਤ ਉਨ੍ਹਾਂ ਨੂੰ ਬੁਲਾਇਆ, ਉਹ ਕਹਿੰਦੇ ਮਹਾਰਾਜ! ਅਸੀਂ ਤਾਂ ਜਾਣ ਕੇ ਨਹੀਂ ਸੀ ਦਸਦੇ ਕਿ ਕੀ ਲੋੜ ਹੈ ਸਾਨੂੰ ਦਸਣ ਦੀ। ਆਪ ਦਾ ਹੁਕਮ ਚਾਹੀਦਾ ਹੈ, ਲੇਕਿਨ ਪੱਥਰ ਇਸ ਤਰ੍ਹਾਂ ਨਹੀਂ ਧਰਨੇ, ਆਪ ਕ੍ਰਿਪਾ ਕਰੋ। ਸ੍ਰੀ ਰਾਮ ਚੰਦਰ ਜੀ ਕਹਿਣ ਲੱਗੇ, ਦੇਖੋ! ਪ੍ਰਮੇਸ਼ਰ ਦੇ ਨਾਮ ਵਿਚ ਬੜੀ ਭਾਰੀ ਸ਼ਕਤੀ ਹੈ। ਹਰ ਪੱਥਰ ਤੁਸੀਂ ਰਾਮ ਕਹਿ ਕੇ ਲਾਇਓ। ਜਦੋਂ ਰਾਮ ਕਹਿ ਕੇ ਲਾਉਂਦੇ ਨੇ ਪੱਥਰ ਜੁੜਦੇ ਵੀ ਤੁਰੇ ਜਾਂਦੇ ਨੇ ਤੇ ਡੁੱਬਦੇ ਵੀ ਨਹੀਂ ਹਨ। ਉਸ ਵੇਲੇ ਸਾਰੀ ਫੌਜ ਚਲੀ ਜਾਂਦੀ ਹੈ। ਬੜਾ ਭਾਰਾ ਯੁੱਧ ਹੁੰਦਾ ਹੈ ਤੇ ਉਸ ਵੇਲੇ ਮੇਘਨਾਥ ਜੀ ਨੂੰ ਇੰਦਰਜੀਤ ਕਹਿੰਦੇ ਨੇ, ਉਸ ਨੇ ਐਸੇ ਬਾਣ ਮਾਰੇ ਕਿ ਦੋਹਾਂ ਭਰਾਵਾਂ ਨੂੰ ਮੂਰਛਿਤ ਕਰ ਦਿਤਾ। ਉਸ ਵੇਲੇ ਵੀ ਨਲ ਤੇ ਨੀਲ ਨੇ ਉਨ੍ਹਾਂ ਨੂੰ ਦੁਬਾਰਾ ਛੁਡਾਇਆ ਨਾਗਪਾਸ਼ ਤੋਂ। ਯਾਨਿ ਬਹੁਤ ਵੱਡੀ ਸੇਵਾ ਕੀਤੀ ਆਪ ਨੇ। ਜਿਸ ਵਕਤ ਲੜਾਈ ਜਿੱਤ ਲਈ ਸੀਤਾ ਜੀ ਨੂੰ ਵਾਪਸ ਲੈ ਆਏ, ਹਨੂੰਮਾਨ ਜੀ ਦੀ ਭਗਤੀ ਦੇ ਉਤੇ ਸ੍ਰੀ ਰਾਮ ਚੰਦਰ ਜੀ ਬਹੁਤ ਜ਼ਿਆਦਾ ਖੁਸ਼ ਹੋ ਗਏ ਤੇ ਉਹਨੂੰ ਬ੍ਰਹਮਗਿਆਨ ਦੀ ਦਾਤ ਦੇ ਦਿਤੀ। ਇਨ੍ਹਾਂ ਨੇ ਵੀ ਦੇਖਿਆ ਕਿ ਜੋ ਅਸਲੀ ਚੀਜ਼ ਸੀ ਉਹ ਹਨੂੰਮਾਨ ਨੂੰ ਪ੍ਰਾਪਤ ਹੋ ਗਈ ਹੈ ਤੇ ਇਨ੍ਹਾਂ ਨੇ ਵੀ ਬੇਨਤੀ ਕਰੀ ਕਿ ਹੇ ਪ੍ਰਭੂ! ਆਪ ਕ੍ਰਿਪਾ ਕਰੋ ਤੇ ਜੇ ਆਪ ਪ੍ਰਸੰਨ ਹੋਂ ਤਾਂ ਸਾਨੂੰ ਇਹ ਫਲ ਦੇਵੋ ਕਿ ਸਾਨੂੰ ਬ੍ਰਹਮਗਿਆਨ ਦੀ ਤੇ ਭਗਤੀ ਦੀ ਪ੍ਰਾਪਤੀ ਹੋਵੇ ਤੇ ਵਿਵੇਕ ਬੁੱਧ ਦੇਵੋ।

ਸੋ ਉਸ ਵੇਲੇ ਸ੍ਰੀ ਰਾਮ ਚੰਦਰ ਜੀ ਕਹਿਣ ਲੱਗੇ, ਪਿਆਰਿਓ! ਤੁਸੀਂ ਜੋ ਸੇਵਾ ਕੀਤੀ ਹੈ ਵਾਸ਼ਨਾ ਨਾਲ ਕੀਤੀ ਹੈ, ਸੁਖ ਦੀ ਪ੍ਰਾਪਤੀ ਵਾਸਤੇ ਕੀਤੀ ਹੈ, ਨਿਸ਼ਕਾਮ ਸੇਵਾ ਨਹੀਂ ਕੀਤੀ, ਹਨੂੰਮਾਨ ਨੇ ਜਿਹੜੀ ਸੇਵਾ ਕੀਤੀ ਹੈ ਇਹਦੇ ਮਨ ਵਿਚ ਕੋਈ ਵੀ ਵਾਸ਼ਨਾ ਨਹੀਂ, ਇਥੋਂ ਤੱਕ ਕਿ ਜਦੋਂ ਅਸੀਂ ਹੀਰਿਆਂ ਦੀ ਮਾਲਾ ਏਸਨੂੰ ਦਿਤੀ ਤਾਂ ਇਸ ਨੇ ਉਹ ਹੀਰੇ ਭੰਨ ਦਿਤੇ ਤੇ ਦੇਖ ਰਿਹਾ ਸੀ ਕਿ ਇਨ੍ਹਾਂ ਦੇ ਵਿਚ ਰਾਮ ਹੈ ਕਿ ਨਹੀਂ। ਸੋ ਤੁਹਾਡਾ ਅਜੇ ਸਮਾਂ ਨਹੀਂ ਆਇਆ, ਅਸੀਂ ਸਾਰਿਆਂ ਨੂੰ, ਜਿੰਨੇ ਵੀ ਤੁਸੀਂ ਸੇਵਾ ਕਰਨ ਵਾਲੇ ਓਂ, ਸਾਰਿਆਂ ਨੂੰ ਬੈਕੁੰਠ ਧਾਮ 'ਚ ਲੈ ਕੇ ਜਾਵਾਂਗੇ। ਉਥੇ ਜਾ ਕੇ ਤੁਸੀਂ ਸੁਖ ਦੀ ਪ੍ਰਾਪਤੀ ਕਰੋ ਤੇ ਬਹੁਤ ਦੇਰ ਤੱਕ ਤੁਸੀਂ ਉਥੇ ਸੁਖ ਭੋਗੋਂਗੇ। 8 ਲੱਖ 64 ਹਜ਼ਾਰ ਸਾਲ ਦੁਆਪਰ ਜੁਗ ਦਾ ਤੇ 5000 ਸਾਲ ਕਲਜੁਗ ਦਾ। ਉਸ ਤੋਂ ਬਾਅਦ ਕਲਜੁਗ ਦੇ ਵਿਚ ਤੁਸੀਂ ਜਨਮ ਲਵੋਂਗੇ ਤੇ ਫੇਰ ਤੁਹਾਨੂੰ ਬ੍ਰਹਮਗਿਆਨ ਦੀ ਪ੍ਰਾਪਤੀ ਹੋਵੇਗੀ।

ਕਿੱਥੇ ਆ ਕੇ ਸਾਧਸੰਗਤ ਜੀ! ਸੰਬੰਧ ਜੁੜਦਾ ਹੈ ਦੇਖੋ, 8 ਲੱਖ 70 ਹਜ਼ਾਰ ਸਾਲ ਬੈਕੁੰਠ ਧਾਮ 'ਚ ਰਹਿ ਕੇ ਮੁੜ ਕੇ ਫੇਰ ਜਨਮ ਲੈਣਾ ਪੈਂਦਾ ਹੈ, ਕਿਉਂਕਿ ਸਵਰਗ ਲੋਕਾਂ ਵਿਚੋਂ ਵਾਪਸ ਆਉਣਾ ਪੈਂਦਾ ਹੈ, ਚਾਹੇ ਪੰਜਾਹ ਲੱਖ ਸਾਲ ਬਾਅਦ ਆਓ, ਚਾਹੇ ਵੀਹ ਲੱਖ ਸਾਲ ਬਾਅਦ ਆਓ। ਆਉਣਾ ਪੈਂਦਾ ਹੈ ਵਾਪਸ, ਮਨੁੱਖ ਜਨਮ ਫੇਰ ਧਾਰਨਾ ਪੈਂਦਾ ਹੈ। ਏਸੇ ਕਰਕੇ ਮਹਾਰਾਜ ਫੁਰਮਾਨ ਕਰਦੇ ਨੇ ਇਸ ਤਰ੍ਹਾਂ –

*ਧਾਰਨਾ – ਜਿਹੜੀ ਦੇਹੀ ਨੂੰ ਲੋਚਦੇ ਦੇਵਤੇ,*
*ਓਹੋ ਦੇਹੀ ਤੈਨੂੰ ਮਿਲ ਗਈ ਪਿਆਰਿਆ।*

*ਗੁਰ ਸੇਵਾ ਤੇ ਭਗਤਿ ਕਮਾਈ ॥*
*ਤਬ ਇਹ ਮਾਨਸ ਦੇਹੀ ਪਾਈ ॥*
*ਇਸ ਦੇਹੀ ਕਉ ਸਿਮਰਹਿ ਦੇਵ ॥*
*ਸੋ ਦੇਹੀ ਭਜੁ ਹਰਿ ਕੀ ਸੇਵ ॥ 1 ॥*
*ਭਜਹੁ ਗੁੋਬਿੰਦ ਭੂਲਿ ਮਤ ਜਾਹੁ ॥*
*ਮਾਨਸ ਜਨਮ ਕਾ ਏਹੀ ਲਾਹੁ ॥ 1 ॥ ਰਹਾਉ ॥*
*ਜਬ ਲਗੁ ਜਰਾ ਰੋਗੁ ਨਹੀ ਆਇਆ ॥*
*ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥*
*ਜਬ ਲਗੁ ਬਿਕਲ ਭਈ ਨਹੀ ਬਾਨੀ ॥*
*ਭਜਿ ਲੇਹਿ ਰੇ ਮਨ ਸਾਰਿਗਪਾਨੀ ॥ 2 ॥*
*ਅਬ ਨ ਭਜਸਿ ਭਜਸਿ ਕਬ ਭਾਈ ॥*
*ਆਵੈ ਅੰਤੁ ਨ ਭਜਿਆ ਜਾਈ ॥*
*ਜੋ ਕਿਛੁ ਕਰਹਿ ਸੋਈ ਅਬ ਸਾਰੁ ॥*
*ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥ 3 ॥*
*ਸੋ ਸੇਵਕੁ ਜੋ ਲਾਇਆ ਸੇਵ ॥*
*ਤਿਨ ਹੀ ਪਾਏ ਨਿਰੰਜਨ ਦੇਵ ॥*
*ਗੁਰ ਮਿਲਿ ਤਾ ਕੇ ਖੁਲ੍ਹੇ ਕਪਾਟ ॥*
*ਬਹੁਰਿ ਨ ਆਵੈ ਜੋਨੀ ਬਾਟ ॥ 4 ॥*
*ਇਹੀ ਤੇਰਾ ਅਉਸਰੁ ਇਹ ਤੇਰੀ ਬਾਰ ॥*
*ਘਟ ਭੀਤਰਿ ਤੂ ਦੇਖੁ ਬਿਚਾਰਿ ॥*
*ਕਹਤ ਕਬੀਰੁ ਜੀਤਿ ਕੈ ਹਾਰਿ ॥*
*ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ ॥* *ਅੰਗ – 1159*

ਕਿੱਡਾ ਕੀਮਤੀ ਹੈ ਮਨੁੱਖਾ ਜਨਮ ਕਿ 8 ਲੱਖ 70 ਹਜ਼ਾਰ ਸਾਲ ਬੈਕੁੰਠ ਧਾਮ 'ਚ ਰਹਿਣ ਤੋਂ ਬਾਅਦ ਫੇਰ ਮਨੁੱਖ ਜਾਮਾ ਧਾਰਨ ਕੀਤਾ ਕਿਉਂਕਿ ਇਹ ਅਟੱਲ ਪਦਵੀ ਨਹੀਂ ਪ੍ਰਾਪਤ ਹੋਈ। ਸਵਰਗ ਪ੍ਰਾਪਤ ਹੋ ਜਾਣਾ ਹੋਰ ਗੱਲ ਹੁੰਦੀ ਹੈ, ਮਾੜੇ ਕਰਮਾਂ ਦੇ ਨਰਕ ਪ੍ਰਾਪਤ ਹੋ ਜਾਣੇ ਹੋਰ ਗੱਲ ਹੋਇਆ ਕਰਦੀ ਹੈ। ਅਵਿਅਕਤ ਦੇਹਾਂ ਭੂਤਾਂ, ਪ੍ਰੇਤਾਂ ਦੀਆਂ ਮਿਲ ਜਾਣੀਆਂ ਹੋਰ ਗੱਲ ਹੁੰਦੀ ਹੈ। ਲੇਕਿਨ ਜੋ ਅਟੱਲ ਪਦਵੀ ਹੈ ਉਹ ਹੋਰ

ਚੀਜ਼ ਹੈ। ਉਹ ਮਨੁੱਖ ਜਾਮੇ ਤੋਂ ਹੋਰ ਕਿਸੇ ਦੇ ਭਾਗ ਵਿਚ ਪ੍ਰਮੇਸ਼ਰ ਨੇ ਰੱਖੀ ਨਹੀਂ ਹੈ। ਬਾਕੀ ਇੱਕ ਮਨੁੱਖ ਨੂੰ ਛੱਡ ਕੇ ਸਾਰੀਆਂ ਜੂਨਾਂ ਚਾਹੇ ਉਹ ਦੇਵਤੇ ਨੇ, ਚਾਹੇ ਦੈਂਤ ਨੇ, ਚਾਹੇ ਪਿਸਾਚ ਨੇ, ਚਾਹੇ ਭੂਤ ਨੇ, ਪ੍ਰੇਤ ਨੇ, ਚਾਹੇ ਕੋਈ ਨੇ, ਚਾਹੇ ਉਹ ਪਸ਼ੂ ਪੰਛੀ ਨੇ ਇਹ ਸਾਰੀਆਂ ਭੋਗ ਜੂਨਾਂ ਨੇ। ਕੀਤੇ ਹੋਏ ਕਰਮਾਂ ਦਾ ਫਲ ਭੋਗਦੇ ਨੇ। ਕੇਵਲ ਮਨੁੱਖ ਜਾਮਾ ਹੈ ਜਿਹਦੇ 'ਚ ਆਦਮੀ ਤਰੱਕੀ ਕਰ ਸਕਦਾ ਹੈ। ਸੋ ਇਹਦੇ 'ਚ ਆ ਕੇ ਸਮਰੱਥ ਗੁਰੂ ਦੀ ਸ਼ਰਨ ਲੈ ਕੇ ਉਸ ਤੋਂ ਨਾਮ ਦੀ ਦਾਤ ਪ੍ਰਾਪਤ ਕਰਕੇ, ਕਰਮ ਉਪਾਸ਼ਨਾ, ਗਿਆਨ, ਵਿਗਿਆਨ ਚਾਰ ਅਵਸਥਾ 'ਚੋਂ ਲੰਘ ਕੇ ਇਹ ਕਿਸੇ ਅਟੱਲ ਪਦਵੀ 'ਤੇ ਪਹੁੰਚ ਸਕਦਾ ਹੈ, ਨਹੀਂ ਤਾਂ ਨਹੀਂ ਪਹੁੰਚਿਆ ਕਰਦਾ।

ਸੋ ਇਸ ਕਰਕੇ ਮਨੁੱਖ ਦਾ ਜਾਮਾ, ਏਸ ਨੂੰ ਬਾਰ-ਬਾਰ ਕਹਿੰਦੇ ਨੇ –

***ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥***
***ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ ॥***

***ਅੰਗ – 1366***

ਸੋ ਇਸ ਤਰ੍ਹਾਂ ਦੇ ਨਾਲ ਉਹ ਪ੍ਰੇਮੀ ਦੋਵੇਂ ਜਣੇ ਕਲਜੁਗ 'ਚ ਆ ਕੇ ਜਨਮ ਧਾਰਦੇ ਨੇ। ਕਿਉਂਕਿ ਸ੍ਰੀ ਰਾਮ ਚੰਦਰ ਜੀ ਮਹਾਰਾਜ ਨੇ ਕਿਹਾ ਸੀ ਕਿ ਹੁਣ ਤਾਂ ਤੁਸੀਂ ਸੁੱਖ ਭੋਗੋ ਬੈਕੁੰਠ ਧਾਮ ਦਾ, ਕਲਜੁਗ ਦੇ ਅੰਦਰ ਸਮਰੱਥ ਗੁਰੂ ਆਉਣਗੇ, ਗੁਰੂ ਨਾਨਕ ਪਾਤਸ਼ਾਹ, ਉਹ ਆ ਕੇ ਪਿਛਲੇ ਜੁਗਾਂ ਦੇ, ਸਤਜੁਗ, ਤ੍ਰੇਤੇ, ਦੁਆਪਰ ਵਿਚ ਜਿੰਨਿਆਂ ਦੀ ਕਮਾਈ ਨੇੜੇ ਆਈ ਹੋਈ ਹੈ, ਉਨ੍ਹਾਂ ਦਾ ਉਧਾਰ ਉਨ੍ਹਾਂ ਨੇ ਕਰਨਾ ਹੈ। ਕਿਉਂਕਿ ਸਾਧਨ ਕਲਜੁਗ ਦੇ ਵਿਚ ਬਹੁਤ ਸੁਖਾਲਾ ਹੋਏਗਾ –

***ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥***
***ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥***

***ਅੰਗ – 1185***

ਕਿਉਂਕਿ ਸਾਡੇ ਘਰ ਦਾ ਇਹ ਸਾਧਨ ਹੈ, ਸਾਨੂੰ ਇਹਦੀ ਸੂਝ ਨਹੀਂ ਹੈ। ਕਿਸੇ ਹੋਰ ਦਾ ਹੋਵੇ ਫੇਰ ਅਸੀਂ ਕਹੀਏ ਕਿ ਹਾਂ ਇਹ ਤਾਂ ਬੜਾ ਵੱਡਾ ਸਾਧਨ ਹੈ। ਘਰ ਦੀ ਕੋਈ ਮਹੱਤਤਾ ਨਹੀਂ ਹੋਇਆ ਕਰਦੀ। ਕਿਸੇ ਦੇ ਮਾਂ-ਬਾਪ ਬਹੁਤ ਕਾਬਲ ਹੋਣ, ਬੱਚਾ ਕਦੇ ਵੀ ਨਹੀਂ ਮੰਨਦਾ, ਉਨ੍ਹਾਂ ਵਿਚ ਵੀ ਨੁਕਸ ਕੱਢੇਗਾ। ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗੇ, ਕਲਜੁਗ ਦੇ ਅੰਦਰ ਸਮਰੱਥ ਸਤਿਗੁਰੂ ਆਉਣਗੇ, ਉਹ ਗੁਰੂ ਪ੍ਰਮੇਸ਼ਰ ਹੋਣਗੇ ਤੇ ਉਨ੍ਹਾਂ ਦੇ ਰਾਹੀਂ ਤੁਹਾਨੂੰ ਬ੍ਰਹਮਗਿਆਨ ਦੀ ਪ੍ਰਾਪਤੀ ਹੋਏਗੀ। ਸੋ ਕਲਜੁਗ 'ਚ ਆ ਕੇ ਦੋਵੇਂ ਪ੍ਰੇਮੀ ਇਕ ਦਾ ਨਾਉਂ ਭਾਈ ਧੀਂਙਣ ਸੀ, ਇਕ ਦਾ ਨਾਉਂ ਮੱਧੂ ਸੀ। ਦੋਵੇਂ ਤਰਖਾਣ ਜਾਤ ਵਿਚ ਪੈਦਾ ਹੋਏ, ਪਿਛਲੇ ਕਰਮਾਂ ਦੇ ਪ੍ਰੇਰੇ ਹੋਏ, ਗੁਰੂ ਦਰਬਾਰ ਨੂੰ ਜ਼ਿਆਦਾ ਲੋਚਦੇ ਨੇ। ਆਪਸ ਵਿਚ ਮਿਲਦੇ ਵੀ ਨੇ, ਸਲਾਹ ਕਰਦੇ ਨੇ, ਮਨ ਵਿਚ ਬੜੀ ਪ੍ਰੇਰਨਾ ਹੁੰਦੀ ਹੈ ਕਿ ਇਹ ਕਾਰੋਬਾਰ ਸੰਕੋਚ ਕੇ ਗੁਰੂ ਦਰਬਾਰ 'ਚ ਚੱਲੀਏ। ਪਿਛਲੇ ਜਿਹੜੇ

ਸੰਸਕਾਰ ਨੇ ਉਹ ਬਾਰ-ਬਾਰ ਪ੍ਰੇਰਨਾ ਦਿੰਦੇ ਨੇ ਕਿ ਇਹ ਦੁਨੀਆਂ ਨਾਸਵੰਤ ਹੈ ਇਹਨੇ ਨਾਸ ਹੋ ਜਾਣਾ ਹੈ ਤੇ ਅਸਲੀ ਚੀਜ਼ ਪ੍ਰਭੂ ਦਾ ਗਿਆਨ ਹੈ, ਉਹ ਪ੍ਰਾਪਤ ਹੋਵੇ ਤੇ ਏਸ ਵੇਲੇ ਸਿਵਾਏ ਗੁਰੂ ਨਾਨਕ ਦੀ ਗੱਦੀ ਤੋਂ ਹੋਰ ਕੋਈ ਸਹਿਜ ਨਾਲ ਇਸ ਰਸਤੇ 'ਤੇ ਪਹੁੰਚਾ ਨਹੀਂ ਸਕਦਾ। ਸੋ ਮਨ ਵਿਚ ਬਾਰ-ਬਾਰ ਖਿਆਲ ਆਉਂਦੇ ਨੇ ਤੇ ਅੱਜ ਸੰਗਤ ਨਾਲ ਮਿਲ ਕੇ ਦੋਵੇਂ ਪ੍ਰੇਮੀ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਦੇ ਮੀਰੀ ਪੀਰੀ ਦੇ ਮਾਲਕ ਦੇ ਦਰ 'ਤੇ ਪਹੁੰਚਦੇ ਨੇ। ਆ ਕੇ ਨਮਸਕਾਰ ਕੀਤੀ। ਕੀਰਤਨ ਹੋ ਰਿਹਾ ਹੈ, ਹਰੀ ਦਾ ਜਸ ਹੋ ਰਿਹਾ ਹੈ। ਮਹਾਰਾਜ ਪ੍ਰਵਚਨ ਸੁਣਾ ਰਹੇ ਨੇ, ਬੇਅੰਤ ਸੰਗਤਾਂ ਬੈਠੀਆਂ ਗੁਰੂ ਮਹਾਰਾਜ ਦੇ ਦਰਸ਼ਨ ਕਰ ਰਹੀਆਂ ਹਨ।

ਦੀਵਾਨ ਦੀ ਸਮਾਪਤੀ ਤੋਂ ਬਾਅਦ ਇਹ ਦੋਵੇਂ ਪ੍ਰੇਮੀ ਇਕੱਠੇ ਗਲ 'ਚ ਪੱਲਾ ਪਾ ਕੇ ਉਠੇ ਤੇ ਆ ਕੇ ਮਹਾਰਾਜ ਕੋਲ ਨਮਸ਼ਕਾਰ ਕੀਤੀ। ਉਸ ਵੇਲੇ ਆਪ ਨੇ ਬੇਨਤੀ ਕੀਤੀ ਕਿ ਪਾਤਸ਼ਾਹ! ਸਾਡਾ ਜਨਮ ਮਰਨ ਕੱਟ ਦਿਓ। ਉਸ ਵੇਲੇ ਮਹਾਰਾਜ ਅੰਤਰ ਧਿਆਨ ਹੋਏ, ਕਿਉਂਕਿ ਜੋ ਸਮਰੱਥ ਗੁਰੂ ਹੋਇਆ ਕਰਦਾ ਹੈ, ਉਹਨੂੰ ਪਤਾ ਹੋਇਆ ਕਰਦਾ ਹੈ ਕਿ ਇਸ ਜੀਵ ਨੂੰ ਮੈਂ ਕਿਹੜਾ ਸਬਕ ਦੇਣਾ ਤੇ ਕਿੱਥੋਂ ਤੋਰਨਾ ਹੈ। ਜਿਹੜੇ ਪੂਰਨ ਮਹਾਂਪੁਰਸ਼ ਹੁੰਦੇ ਨੇ ਬੇਅੰਤ ਜਗਿਆਸੂ ਉਨ੍ਹਾਂ ਕੋਲ ਜਾਂਦੇ ਨੇ, ਸਾਰਿਆਂ ਨੂੰ ਇੱਕੋ ਜਿਹਾ ਉਪਦੇਸ਼ ਨਹੀਂ ਹੋਇਆ ਕਰਦਾ। ਜਿਹੋ ਜਿਹਾ ਕੋਈ ਜਿਵੇਂ ਰਾਤ ਨੂੰ ਕੋਈ ਸੌਂ ਜਾਵੇ ਆਦਮੀ, ਦੂਜੇ ਦਿਨ ਓਹੀ ਪੜ੍ਹਾਈ ਪੜ੍ਹਦਾ ਹੈ, ਇਸੇ ਤਰ੍ਹਾਂ ਦੇ ਨਾਲ ਅਸੀਂ ਜਦੋਂ ਇੱਕ ਜਨਮ ਖਤਮ ਕਰ ਲੈਂਦੇ ਹਾਂ, ਦੂਸਰੇ 'ਚ ਦਾਖਲ ਹੁੰਦੇ ਹਾਂ। ਤੇ ਜੇ ਸਮਰੱਥ ਮਹਾਂਪੁਰਸ਼ ਨਾਲ, ਪੂਰਨ ਮਹਾਂਪੁਰਸ਼ ਨਾਲ ਸੰਪਰਕ ਹੋ ਜਾਵੇ ਪਹਿਲਾਂ ਉਹ ਇਹ ਦੇਖਦਾ ਹੈ ਕਿ ਇਹਦੇ ਪਿਛਲੇ ਸੰਸਕਾਰ ਕੀ ਨੇ। ਜਿੱਥੇ ਉਹਨੇ ਮੁਕਾਇਆ ਹੁੰਦਾ ਹੈ, ਉਸ ਤੋਂ ਅੱਗੇ ਸ਼ੁਰੂ ਕਰਿਆ ਕਰਦੇ ਨੇ।

ਰਾੜਾ ਸਾਹਿਬ ਦੋ ਪ੍ਰੇਮੀ ਹੋਇਆ ਕਰਦੇ ਸੀ। ਇੱਕਠੇ ਹੀ ਰਿਹਾ ਕਰਦੇ ਸੀ। 1935 ਜਾਂ 1936 ਦੀ ਗੱਲ ਹੈ, ਤੇ ਉਹ ਇੱਕੋ ਕੋਠੜੀ 'ਚ ਰਿਹਾ ਕਰਦੇ ਸੀ, ਸਰਦੀ ਦਾ ਮਹੀਨਾ ਸੀ, ਰਾਤ ਨੂੰ ਉਨ੍ਹਾਂ ਨੇ ਅੰਗੀਠੀ ਰੱਖ ਲਈ ਪਾਲੇ ਨੂੰ ਦੂਰ ਕਰਨ ਵਾਸਤੇ। ਉਹਦੇ 'ਚੋਂ ਕਾਰਬਨ ਡਾਈਆਕਸਾਈਡ ਗੈਸ ਨਿਕਲੀ ਤੇ ਦੋਹਾਂ ਨੂੰ ਬੇਹੋਸ਼ ਕਰ ਦਿਤਾ। ਸਵੇਰੇ ਵੇਲੇ ਦੋਵੇਂ ਹੀ ਚੜ੍ਹਾਈ ਕਰ ਗਏ।

ਉਨ੍ਹਾਂ ਦਿਨਾਂ 'ਚ ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ) ਭਜਨ ਬਹੁਤ ਕਰਾਇਆ ਕਰਦੇ ਸੀ। ਆਪ ਵੀ ਬਾਹਰ ਬਹਿੰਦੇ ਸੀ ਤੇ ਸਭ ਨੂੰ ਨਹਿਰ ਦੇ ਕੰਢੇ 'ਤੇ ਬਿਠਾਇਆ ਕਰਦੇ ਸੀ। ਪਾਲੇ ਦਾ ਕੋਈ ਸਵਾਲ ਨਹੀਂ ਸੀ ਹੁੰਦਾ। ਇੱਕੋ ਕੱਪੜਾ ਦਿਆ ਕਰਦੇ ਸੀ, ਰਾਤ ਨੂੰ ਪੈਣ ਨੂੰ ਵੀ ਇੱਕੋ ਕੱਪੜਾ ਦਿੰਦੇ ਸੀ ਤੇ ਭਜਨ ਕਰਨ ਨੂੰ ਵੀ ਇੱਕੋ ਦਿੰਦੇ ਸੀ।

ਸੋ ਇਹ ਪ੍ਰੇਮੀ ਚੜ੍ਹਾਈ ਕਰ ਗਏ, ਸਸਕਾਰ ਕਰ ਦਿਤਾ। ਸਮਾਂ ਲੰਘਦਾ ਗਿਆ, ਜਦੋਂ 18 ਸਾਲ ਲੰਘ ਗਏ ਏਸ ਗੱਲ ਨੂੰ ਤਾਂ ਇੱਕ ਦਿਨ

ਮੈਂ ਮਹਾਰਾਜ ਜੀ ਦੇ ਦਰਸ਼ਨ ਕਰਨ ਦਭਲਾਨ ਗਿਆ। ਉਥੇ ਦੋ ਬੱਚੇ 18-18 ਸਾਲ ਦੇ ਇਕੱਠੇ ਹੀ ਆ ਗਏ। ਮਹਾਰਾਜ ਜੀ ਨੇ ਅੰਦਰ ਬੁਲਾ ਲਏ, ਮੈਨੂੰ ਕਹਿਣ ਲੱਗੇ ਕਿ ਤੈਨੂੰ ਪਛਾਣ ਹੈ ਇਨ੍ਹਾਂ ਦੀ ਕੋਈ? ਮੈਂ ਕਿਹਾ, ਮਹਾਰਾਜ! ਮੈਂ ਤਾਂ ਪਹਿਲੀ ਵਾਰ ਦੇਖੇ ਨੇ। ਕਹਿੰਦੇ, ਦੇਖੇ ਤਾਂ ਹੈਗੇ ਤੇਰੇ ਯਾਦ ਨਹੀਂ। ਮੈਂ ਕਿਹਾ, ਮਹਾਰਾਜ! ਮੈਨੂੰ ਨਹੀਂ ਪਤਾ ਕੌਣ ਨੇ, ਨਾ ਮੇਰੇ ਯਾਦ, ਮੈਂ ਤਾਂ ਪਹਿਲੇ ਦਿਨ ਅੱਜ ਦੇਖੇ ਨੇ। ਕਹਿੰਦੇ, ਓਹੀ ਪ੍ਰੇਮੀ ਨੇ ਜਿਹੜੇ ਅੰਗੀਠੀ ਦੀ ਗੈਸ ਚੜ੍ਹ ਕੇ ਚੜ੍ਹਾਈ ਕਰ ਗਏ ਸੀ। ਇੱਕ ਨੇ ਜਨਮ ਲੈ ਲਿਆ ਲੁਧਿਆਣੇ ਵਲ, ਇਕ ਨੇ ਬਠਿੰਡੇ ਵਲ ਤੇ ਆਏ ਦੋਵੇਂ ਇਕੱਠੇ ਨੇ। ਜਦੋਂ ਇਨ੍ਹਾਂ ਦਾ ਅਸੀਂ ਸਬਕ ਦੇਖਿਆ, ਜਿੱਥੇ ਪਿਛਲੇ ਜਨਮ 'ਚ ਛੁਡਾਇਆ ਸੀ, ਉਥੇ ਤੱਕ ਇਨ੍ਹਾਂ ਦੇ ਪੂਰਾ ਯਾਦ ਸੀ। ਉਸ ਤੋਂ ਅੱਗੇ ਅਸੀਂ ਇਨ੍ਹਾਂ ਨੂੰ ਸਬਕ ਦਿਤਾ ਹੈ।

ਸੋ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਅੰਤਰ ਧਿਆਨ ਹੋਏ, ਦੇਖਿਆ ਕਿ ਇਹ ਪ੍ਰੇਮੀ ਉਤਮ ਜਗਿਆਸੂ ਨੇ, ਉਸ ਵੇਲੇ ਮਹਾਰਾਜ ਨੇ ਫੁਰਮਾਨ ਕਰਿਆ ਕਿ ਪਿਆਰਿਓ! ਤੁਸੀਂ ਨਾਮ ਦੀ ਯਾਚਨਾ ਕਰਦੇ ਓਂ, ਨਾਮ ਜਿਹੜਾ ਹੈ ਇਹ ਤਾਂ ਨਾ ਕਿਤਾਬਾਂ 'ਚੋਂ ਨਿਕਲਦਾ ਹੈ, ਨਾ ਕਿਤੇ ਹੋਰ ਤੋਂ। ਇਹ ਤਾਂ ਸਮਰੱਥ ਗੁਰੂ ਤੋਂ ਪ੍ਰਾਪਤ ਹੁੰਦਾ ਹੈ-

***ਧਾਰਨਾ - ਬਿਨਾਂ ਗੁਰਾਂ ਨਾਮ ਨਹੀਂਓਂ ਮਿਲਦਾ,***
***ਪੜ੍ਹ ਕੇ ਨਾ ਆਵੇ ਸ਼ਾਂਤੀ।***

ਕਿਤਾਬਾਂ ਪੜ੍ਹ ਕੇ ਕਿ ਇਸ ਤਰ੍ਹਾਂ ਨਾਮ ਜਪੀਦਾ ਹੈ, ਇਥੇ ਸੁਰਤ ਟਿਕਾਈਦੀ ਹੈ, ਇੱਥੇ ਟਿਕਾਈਦੀ ਹੈ, ਇਸ ਤਰ੍ਹਾਂ ਨਾਮ ਤਾਂ ਅੰਦਰ ਵਸਿਆ ਹੀ ਨਹੀ ਕਰਦਾ, ਕੋਈ ਜ਼ੋਰ ਲਾ ਕੇ ਦੇਖ ਲਓ, ਕਿਉਂਕਿ ਨਾਮ ਦਾ ਖਜ਼ਾਨਾ ਪੂਰੇ ਸਤਿਗੁਰੂ ਕੋਲ ਹੈ।

***ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ ॥***
***ਅੰਗ - 40***

ਕਿਉਂਕਿ ਗੁਰੂ ਕੋਲ ਨਾਮ ਦਾ ਖਜ਼ਾਨਾ ਹੈ -

***ਪੜਿ ਪੰਡਿਤੁ ਅਵਰਾ ਸਮਝਾਏ ॥***
***ਘਰ ਜਲਤੇ ਕੀ ਖਬਰਿ ਨ ਪਾਏ ॥***
***ਬਿਨੁ ਸਤਿਗੁਰ ਸੇਵੇ ਨਾਮੁ ਨ ਪਾਈਐ***
***ਪੜਿ ਥਾਕੇ ਸਾਂਤਿ ਨ ਆਈ ਹੇ ॥*** ***ਅੰਗ - 1046***

ਥੱਕ ਗਏ ਪੜ੍ਹ-ਪੜ੍ਹ ਕੇ ਵੇਦਾਂ ਨੂੰ। ਸਿਮ੍ਰਤੀਆਂ ਨੂੰ, ਸ਼ਾਸਤ੍ਰਾਂ ਨੂੰ ਧਰਮ ਪੁਸਤਕਾਂ ਨੂੰ, ਨਹੀਂ ਸ਼ਾਂਤੀ ਆਉਂਦੀ ਜਿੰਨਾਂ ਚਿਰ ਪੂਰੇ ਸਤਿਗੁਰੂ ਦਾ ਮਿਲਾਪ ਨਾ ਹੋਵੇ, ਨਾਮ ਮਿਲਦਾ ਨਹੀਂ।

***ਸਚੈ ਸਬਦਿ ਸਚੀ ਪਤਿ ਹੋਈ ॥***
***ਬਿਨੁ ਨਾਵੈ ਮੁਕਤਿ ਨ ਪਾਵੈ ਕੋਈ ॥***
***ਬਿਨੁ ਸਤਿਗੁਰ ਕੋ ਨਾਉ ਨ ਪਾਏ ਪ੍ਰਭਿ***
***ਐਸੀ ਬਣਤ ਬਣਾਈ ਹੇ ॥***
***ਅੰਗ - 1046***

ਇਹ ਤਾਂ ਬਣਤ ਵਾਹਿਗੁਰੂ ਨੇ ਬਣਾਈ ਹੈ, ਬਗੈਰ ਗੁਰੂ ਤੋਂ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ –

*ਹਉਮੈ ਮਾਇਆ ਮੈਲੁ ਕਮਾਇਆ ॥*
*ਮਰਿ ਮਰਿ ਜੰਮਹਿ ਦੂਜਾ ਭਾਇਆ ॥*
*ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ*
*ਮਨਿ ਦੇਖਹੁ ਲਿਵ ਲਾਈ ਹੇ ॥* *ਅੰਗ – 1046*

ਸੋਚ-ਸੋਚ ਕੇ ਦੇਖ ਲਓ, ਕਹਿਣ ਲੱਗੇ, ਪਿਆਰਿਓ! ਬਗੈਰ ਗੁਰੂ ਤੋਂ ਨਾਮ ਦੀ ਦਾਤ ਨਹੀਂ ਪ੍ਰਾਪਤ ਹੁੰਦੀ।

ਉਸ ਵੇਲੇ ਦੋਹਾਂ ਨੇ ਕਿਹਾ, ਪਾਤਸ਼ਾਹ! ਅਸੀਂ ਆਪ ਦੀ ਸ਼ਰਨ ਆਏ ਹਾਂ। ਸ਼ਰਨਾਗਤ ਸਾਨੂੰ ਕਬੂਲ ਕਰ ਲਓ ਤੇ ਸਾਡੇ ਉਤੇ ਕ੍ਰਿਪਾ ਕਰੋ। ਉਸ ਵੇਲੇ ਮਹਾਰਾਜ ਜੀ ਕਹਿਣ ਲੱਗੇ, ਪ੍ਰੇਮੀਓ! ਅਸੀਂ ਤੁਹਾਡਾ ਉਧਾਰ ਦੇਣਾ ਹੈ, ਸਾਡੇ ਉਤੇ ਉਧਾਰ ਹੈ ਤੁਹਾਡਾ। ਕਹਿਣ ਲੱਗੇ, ਦੇਖੋ, ਧਿਆਨ ਦੇ ਨਾਲ ਸੁਣਿਓ, ਧਿਆਨ ਦੇ ਨਾਲ ਵਿਚਾਰਿਓ, ਧਿਆਨ ਦੇ ਨਾਲ ਕਮਾਇਓ; ਫੇਰ ਤੁਹਾਨੂੰ ਅਟੱਲ ਪਦਵੀ ਪ੍ਰਾਪਤ ਹੋ ਜਾਏਗੀ। ਬਹੁਤ ਸੋਹਣੇ ਬਚਨ ਮਹਾਰਾਜ ਜੀ ਨੇ ਫੁਰਮਾਨ ਕੀਤੇ। ਕਹਿਣ ਲੱਗੇ, ਦੇਖੋ, ਆਹ ਜਿਹੜਾ ਜੀਵ ਹੈ ਏਸ ਸਰੀਰ ਦੇ ਅੰਦਰ, ਇਹਨੂੰ ਸੰਗਲ ਲੱਗੇ ਹੋਏ ਨੇ ਬਹੁਤ ਸਾਰੇ। ਜਦੋਂ ਤੱਕ ਉਹ ਸੰਗਲ ਨਹੀਂ ਕੱਟਦਾ ਓਨੀਂ ਦੇਰ ਤੱਕ ਇਹ ਮੁਕਤ ਨਹੀਂ ਹੁੰਦਾ। ਏਸ ਨੂੰ ਆਜ਼ਾਦੀ ਨਹੀਂ ਮਿਲਦੀ, ਇਹ ਸੰਸਕਾਰਾਂ ਦਾ ਬੰਨ੍ਹਿਆ ਹੋਇਆ ਜੰਮਦਾ ਰਹੇਗਾ, ਮਰਦਾ ਰਹੇਗਾ।

ਉਸ ਵੇਲੇ ਸਾਵਧਾਨ ਹੋ ਗਏ, ਕਹਿਣ ਲੱਗੇ, ਪਾਤਸ਼ਾਹ! ਆਪ ਦਾ ਇੱਕ-ਇੱਕ ਬਚਨ ਆਪ ਦੀ ਕ੍ਰਿਪਾ ਦੇ ਨਾਲ ਅਸੀਂ ਹਿਰਦੇ 'ਚ ਧਾਰਨ ਕਰਦੇ ਜਾਵਾਂਗਾ। ਆਪ ਫੁਰਮਾਓ।

ਉਸ ਵੇਲੇ ਮਹਾਰਾਜ ਜੀ ਕਹਿਣ ਲੱਗੇ, ਦੇਖੋ, ਇਸ ਜੀਵ ਨੂੰ ਅੱਠ ਬੰਧਨ ਤਾਂ ਵੱਡੇ-ਵੱਡੇ ਨੇ। ਬਾਕੀ ਗਿਣਤੀ ਕੋਈ ਨਹੀਂ। ਹੈ! ਅੱਠਾਂ ਬੰਧਨਾਂ 'ਚੋਂ ਪਹਿਲਾਂ ਜਿਹੜਾ ਬੰਧਨ ਹੈ ਉਹਨੂੰ ਕਹਿੰਦੇ ਨੇ – ਅਵਿਦਿਆ, ignorance (ਅਗਿਆਨ), ਭੁੱਲ, ਮਾਇਆ। ਸਾਰਿਆਂ ਨੂੰ ਬੰਨ੍ਹਿਆ ਹੋਇਆ ਹੈ ਇਸ ਨੇ। ਅਵਿਦਿਆ ਕਹਿੰਦੇ ਨੇ ਅਸਲੀਅਤ ਨੂੰ ਭੁੱਲ ਕੇ ਨਕਲੀ ਚੀਜ਼ ਦੇਖਣੀ ਉਹਦੇ ਵਿਚੋਂ, ਅਸਲੀ ਨਾ ਦੇਖਣੀ। ਜਿਸ ਤਰ੍ਹਾਂ ਕਿਸੇ ਦੀ ਅੱਖ ਟੀਰੀ ਹੋ ਜਾਵੇ, ਜਿਹਦੀ ਅੱਖ ਸਾਬਤ ਹੈ ਉਹਨੂੰ ਚੰਦਰਮਾ ਇੱਕ ਨਜ਼ਰ ਆਉਂਦਾ ਹੈ, ਜਿਹੜਾ ਟੀਰਾ ਬੰਦਾ ਹੈ ਉਹਨੂੰ ਦੋ ਦਿਸਦੇ ਨੇ। ਅੱਖ ਦੇ ਇੱਕ ਕੋਏ ਵਿਚ ਉਂਗਲੀ ਰੱਖ ਲਓ, ਚੰਦ ਵੱਲ ਨੂੰ ਦੇਖਣਾ ਸ਼ੁਰੂ ਕਰ ਦਿਓ। ਜਦੋਂ ਉਂਗਲੀ ਨੂੰ ਦਬਾਓਗੇ, ਦੋ ਚੰਦਰਮਾ ਬਣ ਜਾਣਗੇ। ਦੋ ਦਿਸਦੇ ਨੇ। ਲੇਕਿਨ ਉਹ ਕਿਉਂ ਦਿਸਦੇ ਨੇ ਕਿਉਂਕਿ ਅੱਖ ਵਿਚ ਫਰਕ ਪੈ ਗਿਆ। ਏਸੇ ਤਰ੍ਹਾਂ ਦੇ ਨਾਲ ਸਾਡੀ ਸੋਚ ਵਿਚ ਫਰਕ ਪੈ ਕੇ ਅਸੀਂ ਪ੍ਰਮੇਸ਼ਰ ਦੇ ਬਾਰੇ ਬਿਲਕੁਲ ਭੁੱਲ ਗਏ ਹਾਂ। ਅਸੀਂ ਅਵਿਦਿਆ ਦੇ ਵਿਚ ਆ ਗਏ।

ਮਹਾਰਾਜ ਜੀ ਕਹਿਣ ਲੱਗੇ ਦੂਸਰਾ ਹੁੰਦਾ ਹੈ ਕਿ ਇਹ ਆਪਣੇ ਆਪ ਨੂੰ ਜੀਵ ਮੰਨਣ ਤੋਂ ਨਹੀਂ ਹਟਦਾ। ਉਹ ਤਾਂ ਕੋਈ-ਕੋਈ ਹੈ ਜਿਹੜਾ ਜੀਵ ਮੰਨਦਾ ਹੈ। ਬਾਕੀ ਤਾਂ ਸਰੀਰ ਹੀ ਮੰਨਦੇ ਨੇ। ਕੋਈ ਹੈ ਜੋ ਬਹੁਤ ਉੱਚਾ ਚੜ੍ਹ ਜਾਏ। ਨਹੀਂ ਤਾਂ ਜੀਵ ਹੀ ਮੰਨੀ ਜਾਂਦਾ ਹੈ ਆਪਣੇ ਆਪ ਨੂੰ, ਮੈਂ ਜੀਵ ਹਾਂ, ਮੈਂ ਜੀਵ ਹਾਂ, ਏਸ ਤੋਂ ਅੱਗੇ ਨਹੀਂ ਜਾਂਦਾ, ਏਸ ਨੇ ਇਸਨੂੰ ਬੰਨ੍ਹਿਆ ਪਿਆ ਹੈ।

ਤੀਸਰਾ ਹੁੰਦਾ ਹੈ ਹਿਰਦੇ ਗ੍ਰੰਥੀ। ਇਹ ਹੁੰਦੀ ਹੈ, ਅਹੰ, ਮੈਂ, ਹੰਗਤਾ ਤੇ ਮਮਤਾ। ਮੈਂ ਧਾਰਨ ਕਰਕੇ Individuality ਆਪਣੀ ਬਣਾ ਲੈਣੀ ਕਿ ਮੈਂ ਹਾਂ, ਮੇਰਾ ਘਰ, ਮੇਰੇ ਪੁੱਤਰ, ਮੇਰੀਆਂ ਧੀਆਂ, ਮੇਰੀ ਜਾਇਦਾਦ, ਮੇਰੇ ਰਿਸ਼ਤੇਦਾਰ, ਮੇਰੇ ਦੁਸ਼ਮਣ, ਮੇਰੇ ਮਿੱਤਰ, ਮੇਰਾ ਧਰਮ, ਮੇਰਾ ਪਰਿਵਾਰ। ਇਹ ਹੰਗਤਾ ਤੇ ਮਮਤਾ ਧਾਰ ਲੈਂਦਾ ਹੈ।

ਚੌਥਾ ਪੜਦਾ ਇਹਦੇ ਉਤੇ ਹੋਰ ਪੈ ਜਾਂਦਾ ਹੈ ਜਿਵੇਂ ਸੰਗਲ ਹੱਥਕੜੀਆਂ ਲਗਦੀਆਂ ਨੇ, ਇਸ ਤਰ੍ਹਾਂ ਹੱਥਕੜੀਆਂ ਲਗਦੀਆਂ ਹੀ ਤੁਰੀਆਂ ਜਾਂਦੀਆਂ ਨੇ। ਚੌਥੀ ਹੱਥਕੜੀ ਜਿਹੜੀ ਲਗਦੀ ਹੈ ਇਹਨੂੰ ਵੱਡੀ, ਉਹ ਸੰਸੇ ਦੀ ਹੈ। ਸੰਸਾ ਬਣਿਆ ਰਹਿੰਦਾ ਹੈ ਹਰ ਵਕਤ ਤੇ ਉਹ ਸੰਸਾ ਨਵਿਰਤ ਨਹੀਂ ਹੁੰਦਾ। ਉਹ ਹੱਥਕੜੀ ਲੱਗੀ ਰਹਿੰਦੀ ਹੈ।

ਪੰਜਵੀਂ ਹੋਇਆ ਕਰਦੀ ਹੈ ਕਰਮ ਦੀ। ਕਰਮ ਕਰਨੇ ਤੇ ਉਨ੍ਹਾਂ ਦਾ ਫਲ ਮੰਗਣਾ। ਛੇਵੀਂ ਹੋਇਆ ਕਰਦੀ ਹੈ ਆਸਾ ਤੇ ਮਨਸਾ ਜਿਹਨੂੰ ਕਾਮਨਾ, ਵਾਸ਼ਨਾ ਕਹਿੰਦੇ ਨੇ। ਸੱਤਵਾਂ ਹੋਇਆ ਕਰਦਾ ਜਨਮ ਤੇ ਅੱਠਵਾਂ ਹੋਇਆ ਕਰਦਾ ਹੈ ਮਰਨ। ਨੌਵਾਂ ਹੋਇਆ ਕਰਦਾ ਹੈ ਆਹ ਸਾਢੇ ਤਿੰਨ ਹੱਥ ਦੀ ਦੇਹ, ਸਰੀਰ। ਜਦੋਂ ਤੱਕ ਨੌਂ ਬੰਧਨ ਇਹਦੇ ਕੱਟਦੇ ਨਹੀਂ। ਨੌਂ ਬੰਧਨਾਂ 'ਚੋਂ ਨਿਕਲਦਾ ਨਹੀਂ ਹੈ। ਓਨੀਂ ਦੇਰ ਤੱਕ ਇਹਨੂੰ ਪਰਮ ਪਦ ਦੀ ਪ੍ਰਾਪਤੀ ਨਹੀਂ ਹੋਇਆ ਕਰਦੀ। ਸੋ ਉਸ ਵੇਲੇ ਮਹਾਰਾਜ ਜੀ ਕਹਿਣ ਲੱਗੇ ਕਿ ਸਾਰੇ ਬੰਧਨਾਂ ਦਾ ਜੇ ਕੋਈ ਇਲਾਜ ਹੈ ਤਾਂ ਇੱਕੋ ਹੈ ਉਹ ਹੈ ਪ੍ਰਮੇਸ਼ਰ ਦਾ ਨਾਮ। ਇਸ ਤਰ੍ਹਾਂ ਫੁਰਮਾਨ ਹੈ-

***ਧਾਰਨਾ - ਰਾਮ ਜਪੋ-ਰਾਮ ਜਪੋ***
***ਮੇਰੀ ਸਖੀ ਸੁਖੈਨੀ ਰਾਮ ਜਪੋ।***

ਮਹਾਰਾਜ ਕਹਿੰਦੇ ਪ੍ਰਮੇਸ਼ਰ ਨੂੰ ਜੇ ਦੇਖਣਾ ਹੈ, ਅੱਠੋ ਬੰਧਨ ਟੁੱਟ ਜਾਂਦੇ ਨੇ, ਪ੍ਰਮੇਸ਼ਰ ਦਾ ਨਾਮ ਜਪਣ ਨਾਲ -

***ਗੁਰ ਸੇਵੇ ਸੋ ਠਾਕੁਰ ਜਾਨੈ ॥ ਦੂਖੁ ਮਿਟੈ ਸਚੁ ਸਬਦਿ ਪਛਾਨੈ ॥***
***ਅੰਗ - 416***

ਜਿਹੜਾ ਗੁਰੂ ਦੀ ਸੇਵਾ ਕਰਦਾ ਹੈ ਉਹਦੀ ਜਾਣ ਪਛਾਣ ਪ੍ਰਮੇਸ਼ਰ ਨਾਲ ਪੈ ਜਾਂਦੀ ਹੈ। ਜਦੋਂ ਸੱਚੇ ਸ਼ਬਦ ਦੀ ਪਛਾਣ ਕਰ ਲਈ ਉਸ ਵੇਲੇ ਜਿਹੜੇ ਇਹਦੇ ਗਲ 'ਚ ਦੁਖ ਪਏ ਹੋਏ ਨੇ, ਬੇਅੰਤ ਕਲੇਸ਼ ਪਏ ਹੋਏ ਨੇ, ਉਹ ਸਾਰਿਆਂ ਦਾ ਖਾਤਮਾ ਹੋ ਜਾਂਦਾ ਹੈ -

*ਰਾਮੁ ਜਪਹੁ ਮੇਰੀ ਸਖੀ ਸਖੈਨੀ ॥*
*ਸਤਿਗੁਰੁ ਸੇਵਿ ਦੇਖਹੁ ਪ੍ਰਭੁ ਨੈਨੀ॥* ***ਅੰਗ - 416***

ਇਨ੍ਹਾਂ ਹੀ ਅੱਖਾਂ ਨਾਲ ਵਾਹਿਗੁਰੂ ਦਿਸਣ ਲਗ ਜਾਂਦਾ ਹੈ ਜਦੋਂ ਸਤਿਗੁਰੂ ਦੀ ਅਸੀਂ ਸੇਵਾ ਕਰਦੇ ਹਾਂ। ਮਹਾਰਾਜ ਕਹਿੰਦੇ, ਬੰਧਨ ਹੀ ਬੰਧਨ ਤੇਰੇ ਆਲੇ-ਦੁਆਲੇ ਪਏ ਹੋਏ ਨੇ -

*ਬੰਧਨ ਮਾਤ ਪਿਤਾ ਸੰਸਾਰਿ ॥* ***ਅੰਗ - 416***

ਮਾਂ ਵੀ, ਪਿਓ ਵੀ, ਸੰਸਾਰ ਤਿੰਨੋ ਬੰਧਨ ਨੇ। ਕਿਉਂਕਿ ਕੋਈ ਵਿਰਲੀ ਮਾਂ ਹੈ ਜਿਹੜੀ ਕਹੇ ਕਿ ਮੇਰਾ ਪੁੱਤਰ ਨਾਮ ਜਪੇ, ਬੰਦਗੀ ਕਰੇ। ਡਰਦੀਆਂ ਨੇ ਕਿ ਕਿਤੇ ਜੇ ਨਾਮ ਜਪਣ ਲਗ ਗਿਆ, ਘਰ ਹੀ ਨਾ ਛੱਡ ਜਾਵੇ, ਜਵਾਬ ਹੀ ਨਾ ਦੇ ਜਾਵੇ। ਸ਼ਰਾਬ ਪੀਂਦੇ ਨੂੰ ਨਹੀਂ ਓਨਾਂ ਕਹਿੰਦੀਆਂ, ਜਿੰਨਾਂ ਨਾਮ ਜਪਦੇ ਨੂੰ ਕਹਿੰਦੀਆਂ ਨੇ। ਬੰਧਨ ਹੋ ਜਾਂਦਾ ਹੈ, ਮਾਂ ਵੀ, ਪਿਓ ਵੀ, ਆਪਣੇ ਰਸਤੇ ਦੇ ਮੁਤਾਬਿਕ ਚਲਾਉਂਦੇ ਨੇ ਤੇ ਸੰਸਾਰ ਵੀ ਬੰਧਨ ਹੈ -

*ਬੰਧਨ ਸੁਤ ਕੰਨਿਆ ਅਰੁ ਨਾਰਿ ॥* ***ਅੰਗ - 416***

ਕਿਉਂਕਿ ਪਰਿਵਾਰ ਵਿਚ ਰਹਿਣਾ ਹੈ, ਮਰਜ਼ੀ ਨਾਲ ਚੱਲਣਾ ਪੈਂਦਾ ਹੈ। ਜ਼ਰਾ ਕੁ ਮਰਜ਼ੀ ਏਧਰ ਓਧਰ ਹੋਈ ਉਸੇ ਵੇਲੇ ਗਲਤ ਕੰਮ ਸ਼ੁਰੂ ਹੋ ਜਾਂਦਾ ਹੈ, ਰਾਏ ਇੱਕ ਨਹੀਂ ਹੁੰਦੀ। ਕਹਿੰਦੇ, ਬੰਧਨ ਪਿਆ ਹੋਇਆ ਹੈ ਇਹ ਵੀ। ਪੁੱਤਰ ਦਾ ਵੀ ਬੰਧਨ, ਕੰਨਿਆ ਦਾ ਵੀ, ਨਾਰ ਦਾ ਵੀ।

*ਬੰਧਨ ਕਰਮ ਧਰਮ ਹਉ ਕੀਆ ॥* ***ਅੰਗ - 416***

ਜਿੰਨੇ ਅਸੀਂ ਕਰਮ ਧਰਮ ਕਰਦੇ ਹਾਂ। ਸ਼ੁਭ ਕਰਮ ਤੇ ਅਸ਼ੁਭ ਕਰਮ, ਉਹ ਸਾਰੇ ਕਰਮ ਵੀ ਬੰਧਨ ਰੂਪ ਹੋ ਕੇ ਇਹਨੂੰ ਚਿੰਬੜ ਜਾਂਦੇ ਨੇ ਤੇ ਫਲ ਦੇਣ ਲਗ ਜਾਂਦੇ ਨੇ। ਮਾੜਾ ਜਿਹੜਾ ਕਰਮ ਹੈ ਉਹ ਮਾੜੇ ਫਲ ਦੇਣ ਲਗ ਜਾਂਦਾ ਹੈ, ਚੰਗਾ ਕਰਮ ਚੰਗੇ ਫਲ ਦੇਣ ਲਗ ਜਾਂਦਾ ਹੈ। ਸਵਰਗਾਂ 'ਚ ਲੈ ਜਾਂਦਾ ਹੈ। ਸੋ ਇਹ ਬੰਧਨ ਰੂਪ ਹੋ ਕੇ ਚਿੰਬੜ ਜਾਂਦੇ ਨੇ -

*ਬੰਧਨ ਪੁਤੁ ਕਲਤੁ ਮਨਿ ਬੀਆ ॥* ***ਅੰਗ - 416***

ਰਿਸ਼ਤੇਦਾਰ ਨੇ ਜਿੰਨੇ, ਕਦੇ ਮਿਲ ਕੇ ਦੇਖ ਲਓ ਤੁਸੀਂ ਰਿਸ਼ਤੇਦਾਰਾਂ ਨੂੰ, ਉਨ੍ਹਾਂ ਦੀ ਆਪਣੀ ਸੋਚਣੀ, ਤੁਹਾਡੀ ਆਪਣੀ ਸੋਚਣੀ। ਤੁਸੀਂ ਮਿਲੋਂਗੇ, ਉਨ੍ਹਾਂ ਨੇ ਆਪਣੀ ਮਾਇਆ ਦਾ ਪ੍ਰਗਟਾਵਾ ਕਰਨਾ ਹੈ। ਆਪਣੀ ਜਾਇਦਾਦ ਦੀਆਂ ਗੱਲਾਂ ਕਰਨੀਆਂ ਨੇ। ਆਪਣੇ ਪੁੱਤਰਾਂ ਦੇ, ਚਾਹੇ ਰੋਜ਼ ਗਾਲ੍ਹਾ ਕੱਢਦੇ ਹੋਣ, ਕਹਿਣਗੇ ਮੇਰੇ ਪੁੱਤਰਾਂ ਵਰਗਾ ਤਾਂ ਲਾਇਕ ਹੀ ਕੋਈ ਨਹੀਂ। ਕਲੇਸ਼ ਦੀਆਂ ਗੱਲਾਂ ਹੋਣਗੀਆਂ, ਚੁਭਵੀਆਂ ਗੱਲਾਂ ਹੋਣਗੀਆਂ।

ਕਹਿੰਦੇ ਇਹ ਬੰਧਨ ਪੈ ਜਾਂਦਾ ਹੈ। ਇੱਕ ਬੰਦਾ ਗਲਤ ਕਰ ਦਿੰਦਾ ਹੈ। ਪੁਲਿਸ ਫੜ ਕੇ ਲੈ ਜਾਂਦੀ ਹੈ, ਸਾਰੇ ਹੀ ਨੱਠੇ ਫਿਰਦੇ ਨੇ। ਗਲਤੀ ਇਕ ਦੀ ਹੈ ਪਰ ਸਾਰੇ ਦੌੜੇ ਹੀ ਫਿਰਦੇ ਨੇ। ਮਹਾਰਾਜ ਕਹਿੰਦੇ, ਇਹ ਵੀ ਬੰਧਨ ਹੈ ਪ੍ਰੇਮੀਆਂ -

*ਬੰਧਨ ਪੁਤੁ ਕਲਤੁ ਮਨਿ ਬੀਆ ॥*

***ਬੰਧਨ ਕਿਰਖੀ ਕਰਹਿ ਕਿਰਸਾਨੁ ॥*** ***ਅੰਗ - 416***

ਜਿਹੜਾ ਕਿਸਾਨ ਖੇਤੀ ਕਰਦਾ ਹੈ, ਕਾਰੋਬਾਰ ਕਰਦਾ ਹੈ, ਉਹ ਵੀ ਬੰਧਨ ਨੇ, ਕਿਉਂਕਿ ਆਪਣੀ ਜਾਣ ਕੇ ਕਰਦਾ ਹੈ -

***ਹਉਮੈ ਡੰਨੁ ਸਹੈ ਰਾਜਾ ਮੰਗੈ ਦਾਨ ॥*** ***ਅੰਗ - 416***

ਉਸ ਤੋਂ ਰਾਜਾ ਮਾਮਲਾ ਮੰਗਦਾ ਹੈ। ਹਉਮੈ ਦੇ ਵਿਚ ਕਰਦਾ ਹੈ ਕਿ ਮੇਰੀ ਐਨੀ ਫਸਲ ਹੋ ਗਈ, ਮੇਰੀ ਐਨੀ ਹੋ ਗਈ। ਉਹਦੇ ਨਾਲ ਇਹ ਬੰਨਿਆ ਜਾਂਦਾ ਹੈ।

***ਬੰਧਨ ਸਉਦਾ ਅਣਵੀਚਾਰੀ ॥*** ***ਅੰਗ - 416***

ਜਿਹੜੇ ਵਪਾਰ ਕਰਦੇ ਨੇ ਅਣਵਿਚਾਰੀ, ਉਨ੍ਹਾਂ ਨੂੰ ਵੀ ਬੰਨ੍ਹ ਕੇ ਰੱਖ ਲੈਂਦੀ ਹੈ। ਚਾਹੇ ਇੰਡਸਟਰੀ ਲਾ ਲਓ, ਚਾਹੇ ਦੁਕਾਨ ਖੋਲ੍ਹ ਲਓ, ਚਾਹੇ ਕੋਈ ਹੋਰ ਵਪਾਰ ਕਰ ਲਓ। ਉਹ ਜੀਵ ਨੂੰ ਬੰਨ੍ਹ ਕੇ ਆਪਣੇ ਪਿਛੇ ਘੁਮਾਉਂਦਾ ਹੈ। ਜੀਵ ਆਪਣੇ ਪਿਛੇ ਨਹੀਂ ਉਸਨੂੰ ਘੁਮਾ ਸਕਦਾ। ਦੌੜਿਆ ਹੀ ਫਿਰਦਾ ਹੈ ਦਿਨ ਰਾਤ -

***ਤਿਪਤਿ ਨਾਹੀ ਮਾਇਆ ਮੋਹ ਪਸਾਰੀ ॥*** ***ਅੰਗ - 416***

ਕਹਿੰਦੇ, ਤ੍ਰਿਪਤੀ ਨਹੀਂ ਆਉਂਦੀ, 50,000 ਬਚ ਗਿਆ ਕਹਿੰਦਾ ਥੋੜ੍ਹਾ ਹੀ ਹੈ, ਲੱਖ ਬਚ ਗਿਆ ਕਹਿੰਦਾ ਥੋੜ੍ਹਾ ਹੈ, ਦਸ ਲੱਖ ਬਚ ਗਿਆ ਇਹ ਵੀ ਥੋੜ੍ਹਾ ਹੈ। ਕਿਉਂਕਿ ਤ੍ਰਿਪਤੀ ਨਹੀਂ ਆਉਂਦੀ।

***ਬੰਧਨ ਸਾਹ ਸੰਚਹਿ ਧਨੁ ਜਾਇ ॥*** ***ਅੰਗ - 416***

ਪੈਸੇ ਜੋੜ ਲੈਂਦਾ ਹੈ ਸ਼ਾਹ, ਤੇ ਧਨ ਚੋਰੀ ਹੋ ਜਾਵੇ, ਕਹਿੰਦੇ ਉਹ ਵੀ ਬੰਧਨ ਪੈ ਗਿਆ -

***ਬਿਨੁ ਹਰਿ ਭਗਤਿ ਨ ਪਵਈ ਥਾਇ ॥***
***ਬੰਧਨ ਬੇਦੁ ਬਾਦੁ ਅਹੰਕਾਰ ॥*** ***ਅੰਗ - 416***

ਬਹੁਤਾ ਪੜ੍ਹ ਲੈਣਾ ਇਹ ਵੀ ਬੰਧਨ ਹੈ, ਝਗੜੇ ਕਰ ਲੈਣੇ ਇਹ ਵੀ ਬੰਧਨ, ਅਹੰਕਾਰ ਕਰੀ ਜਾਣਾ, ਮੈਂ-ਮੈਂ ਕਰੀ ਜਾਣਾ, ਮੇਰੀ-ਮੇਰੀ ਕਰੀ ਜਾਣਾ ਇਹ ਵੀ ਬੰਧਨ ਨੇ। ਮੋਹ ਦਾ ਬੰਧਨ ਬਾਰ-ਬਾਰ ਜਨਮਾਂ 'ਚ ਲਿਆਉਂਦਾ ਹੈ।

ਇਕ ਐਸੀ ਸਾਖੀ ਦਸਦੇ ਨੇ, ਗੁਰੂ ਸਾਹਿਬ ਨਾਲ ਵੀ ਜੋੜ ਲੈਂਦੇ ਨੇ, ਕਬੀਰ ਸਾਹਿਬ ਨਾਲ ਵੀ, ਚਲੋ ਕਿਵੇਂ ਹੋਇਆ, ਗੱਲ ਹੈਗੀ।

ਗੁਰੂ ਨਾਨਕ ਪਾਤਸ਼ਾਹ ਚਲੇ ਜਾਂਦੇ ਨੇ ਤੇ ਇਕ ਖੂਹ ਦੇ ਉਤੇ ਬੈਠੇ ਕੁਦਰਤ ਦਾ ਨਜ਼ਾਰਾ 'ਬਲਿਹਾਰੀ ਕੁਦਰਤ ਵਸਿਆ' ਦਾ ਨਜ਼ਾਰਾ ਦੇਖ ਰਹੇ ਨੇ। ਮੌਜ ਵਿਚ ਬੈਠੇ ਨੇ, ਕੋਲ ਹਲਟ ਚੱਲ ਰਿਹਾ ਹੈ, ਕਈ ਬੰਦੇ ਪਾਣੀ ਕੱਢਣ ਲੱਗੇ ਹੋਏ ਨੇ, ਉਨ੍ਹਾਂ ਦਿਨਾਂ 'ਚ ਹਲਟ ਦੀਆਂ ਟਿੰਡਾਂ ਮਿੱਟੀ ਦੀਆਂ ਹੋਇਆ ਕਰਦੀਆਂ ਸੀ। ਘੂੰ-ਘੂੰ ਦੀ ਆਵਾਜ਼ ਕਰੀ ਜਾਂਦਾ ਸੀ ਤੇ ਮਹਾਰਾਜ ਕਹਿੰਦੇ, ਘੂੰ-ਘੂੰ ਨਹੀਂ ਕਰਦਾ -

***ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥***
***ਅੰਗ - 1420***

ਦਿਨ ਚੜ੍ਹ ਗਿਆ ਤੇ ਉਸ ਤੋਂ ਬਾਅਦ ਪ੍ਰਸ਼ਾਦਾ ਆਉਂਦਾ ਹੈ ਤੇ ਜਿਹੜਾ ਬਜ਼ੁਰਗ ਸੀ ਉਹ ਬੜੇ ਪਿਆਰ ਦੇ ਨਾਲ ਗੁਰੂ ਨਾਨਕ ਪਾਤਸ਼ਾਹ ਲਈ ਪ੍ਰਸ਼ਾਦਾ ਲੈ ਕੇ ਆਇਆ ਕਿ ਮਹਾਰਾਜ ਇੱਕ-ਇੱਕ ਪ੍ਰਸ਼ਾਦਾ ਛਕ ਲਓ, ਦੋ-ਦੋ ਛਕ ਲਓ। ਹਾਜ਼ਰੀ ਆਈ ਹੈ। ਮਹਾਰਾਜ ਜੀ ਨੇ ਪ੍ਰਸ਼ਾਦਾ ਅੰਗੀਕਾਰ ਕਰ ਲਿਆ ਤੇ ਨਾਲ ਦਇਆ ਆ ਗਈ ਕਿ ਇਸ ਬਜ਼ੁਰਗ ਦਾ ਭਲਾ ਕਰ ਦੇਈਏ। ਸਹਿਜ ਸੁਭਾਅ ਆਪ ਦੇ ਮੁਖ ਤੋਂ ਨਿਕਲਿਆ ਕਿ ਬਜ਼ੁਰਗਾ! ਤੇਰੀ ਮੁਕਤੀ ਕਰ ਦੇਈਏ?

ਜਵਾਬ ਨਾ ਦਿਤਾ।

ਮਹਾਰਾਜ ਨੇ ਫੇਰ ਕਿਹਾ, ਕਹਿੰਦਾ, ਸੰਤ ਜੀ! ਮੈਂ ਕਿਹੜਾ ਗੁਨਾਹ ਕਰ ਦਿਤਾ, ਮੈਂ ਤੁਹਾਨੂੰ ਪ੍ਰਸ਼ਾਦਾ ਹੀ ਛਕਾਇਆ ਹੈ, ਤੁਸੀਂ ਮੇਰੀ ਮੁਕਤੀ ਕਰਨ ਲਈ ਤਿਆਰ ਹੋ ਗਏ। ਇਹ ਬਾਲ-ਬੱਚੇ ਕੀ ਕਰਨਗੇ? ਮਹਾਰਾਜ ਕਹਿੰਦੇ, ਇਹ ਤਾਂ ਸਾਥ ਛੱਡਣਾ ਹੀ ਪੈਣਾ ਹੈ ਪ੍ਰੇਮੀਆਂ! ਤੇਰੀ ਮਰਜ਼ੀ ਚੰਗਾ।

ਸਮਾਂ ਬੀਤ ਗਿਆ, ਦੁਬਾਰਾ ਕੀ ਹੈ?

ਬੈਲ ਬਣਿਆ ਹੋਇਆ, ਦੌੜ-ਦੌੜ ਕੇ ਹਲਾਈ ਪਕੜਦਾ ਹੈ। ਆਮ ਤੌਰ ਉਤੇ ਉਪਰਲੇ ਬੈਲ ਨੂੰ ਸੋਟੀ ਲਾਉਣੀ ਪੈਂਦੀ ਹੈ, ਤਾਂਕਿ ਅੰਦਰਲੇ ਦੇ ਮੁਕਾਬਲੇ 'ਤੇ ਚਾਲ ਵਿਚ ਕੋਈ ਫਰਕ ਨਾ ਪਵੇ। ਉਹਨੇ ਘੁੰਮ ਕੇ ਆਉਣਾ ਹੈ, ਉਹਨੇ ਅੰਦਰੋਂ ਮੁੜਨਾ। ਉਹ ਸੋਟੀ ਨਹੀਂ ਲਵਾਉਂਦਾ, ਨੱਠ ਕੇ ਇੱਕ ਦਮ ਅੱਗੇ ਹੋ ਜਾਂਦਾ ਹੈ। ਹਲ ਰੁਕਵਾ ਲਿਆ, ਮਹਾਰਾਜ ਕਹਿਣ ਲੱਗੇ, ਕਿਉਂ ਬਈ ਪ੍ਰੇਮੀਆਂ! ਤੇਰਾ ਉਧਾਰ ਸਾਡੇ ਸਿਰ 'ਤੇ ਹੈ, ਹੁਣ ਮੁਕਤੀ ਕਰ ਦੇਈਏ? ਕਹਿੰਦਾ, ਮਹਾਰਾਜ! ਅੱਜ ਦੇ ਭਾਅ ਨਾਲ 10,000 ਦਾਂ ਮੈਂ ਮਰੂੰਗਾ, 10,000 ਦਾ ਹੋਰ ਲੈਣਗੇ, ਇਹ ਤਾਂ ਗਰੀਬ ਹੋ ਜਾਣਗੇ। ਨਾ ਮੇਰੀ ਮੁਕਤੀ ਨਾ ਕਰਿਓ। ਫੇਰ ਆਉਂਦੇ ਨੇ, ਮਰ ਚੁੱਕਿਆ ਬੈਲ, ਕੁੱਤਾ ਬਣਿਆ ਹੋਇਆ ਹੈ। ਕਹਿੰਦੇ, ਕਿਉਂ ਬਈ ਹੁਣ ਤਾਂ ਕੂਕਰ ਬਣ ਗਿਆ, ਹੁਣ ਤਾਂ ਤੇਰੀ ਮੁਕਤੀ ਕਰ ਦੇਈਏ?

ਕਹਿੰਦਾ, ਮਹਾਰਾਜ! ਹੁਣ ਇਹ ਮੇਰੇ ਬੱਚੇ ਜਿਹੜੇ ਨੇ, ਇਹ ਸ਼ਰਾਬਾਂ ਪੀ ਲੈਂਦੇ ਨੇ ਤੇ ਬੇਪਰਵਾਹ ਹੋ ਕੇ ਸੌਂ ਜਾਂਦੇ ਨੇ, ਘਰਵਾਲੀਆਂ ਜਿੰਦੀ ਜਿਹੀ ਲਾ ਕੇ ਕੋਠੇ 'ਤੇ ਜਾ ਕੇ ਮੰਜੀ ਡਾਹ ਲੈਂਦੀਆਂ ਨੇ। ਹੇਠਾਂ ਚੋਰ ਆ ਕੇ ਜਿੰਦੇ ਭੰਨਦੇ ਨੇ ਤੇ ਮੈਂ ਭੌਂਕਦਾ ਹਾਂ, ਮੇਰੀ ਪਿੱਠ ਟੁੱਟੀ ਪਈ ਹੈ। ਇਹ ਤਾਂ ਗਰੀਬ ਹੋ ਜਾਣਗੇ ਜੇ ਤੁਸੀਂ ਮੁਕਤੀ ਕਰ ਦਿਤੀ।

ਇੱਕ ਜਨਮ ਸੱਪ ਦਾ ਤੇ ਉਸ ਤੋਂ ਬਾਅਦ ਇਕ ਜਨਮ ਉਸ ਨੇ ਪਾਣੀ ਦੀ ਨਾਲੀ ਦੇ ਕੀੜੇ ਦਾ ਧਾਰਨ ਕਰਿਆ। ਮਹਾਰਾਜ ਚਲੇ ਗਏ। ਮਰਦਾਨਾ ਕਹਿੰਦਾ, ਮਹਾਰਾਜ! ਹੁਣ ਕਿੱਥੇ ਹੈ ਇਹ? ਕਹਿੰਦੇ, ਹੁਣ ਕੀੜਾ ਬਣਿਆ ਹੋਇਆ ਹੈ, ਦੇਖ ਲੈ ਮਰਦਾਨਿਆਂ! ਮੋਹ ਦੇ ਵਸ ਹੋਇਆ ਬਾਰ-ਬਾਰ ਜਨਮ ਧਾਰਦਾ ਹੈ। ਉਸ ਵੇਲੇ ਕੱਢ ਲਿਆ ਕਹਿੰਦੇ ਕਿਉਂ

ਬਈ ਬਜ਼ੁਰਗਾ ਹੁਣ ਦਸ, ਕਹਿੰਦਾ, ਮਹਾਰਾਜ! ਹੁਣ ਤਾਂ ਮੈਂ ਕੁਛ ਨਹੀਂ ਕਰਦਾ। ਆਹ ਮੇਰੇ ਪੋਤੇ ਅੱਧੀ ਰੋਟੀ ਖਾਂਦੇ ਨੇ, ਅੱਧੀ ਨਾਲੀ 'ਚ ਸੁੱਟ ਦਿੰਦੇ ਨੇ, ਇਹ ਖਾ ਕੇ ਮੈਂ ਗੁਜ਼ਾਰਾ ਕਰ ਲੈਂਦਾ ਹਾਂ। ਫੇਰ ਨਾਲੀ ਦੇ ਕੰਢੇ 'ਤੇ ਸਿਰ ਰੱਖ ਕੇ ਇਨ੍ਹਾਂ ਨੂੰ ਖੇਲ੍ਹਦਿਆਂ ਨੂੰ ਦੇਖੀ ਜਾਂਦਾ ਹਾਂ।

ਕਹਿੰਦੇ, ਮਰਦਾਨਿਆਂ! ਦੇਖ ਲੈ ਕਿੱਡਾ ਮੋਹ ਹੈ। ਇਹਨੂੰ ਕੋਈ ਪਰਵਾਹ ਨਹੀਂ ਕਿ ਮੈਂ ਕੀੜਾ ਬਣਿਆ ਹੋਇਆ ਹਾਂ। ਗੰਦੀ ਨਾਲੀ 'ਚ ਰਹਿੰਦਾ ਹਾਂ। ਲੇਕਿਨ ਮੋਹ ਦਾ ਬੰਨ੍ਹਿਆ ਹੋਇਆ ਉਨ੍ਹਾਂ ਨੂੰ ਦੇਖ ਕੇ ਜੀਉਣਾ ਚਾਹੁੰਦਾ ਹੈ।

ਉਸ ਵੇਲੇ ਮਹਾਰਾਜ ਜੀ ਨੇ ਕ੍ਰਿਪਾ ਕੀਤੀ ਤੇ ਇਸ ਨਖਿੱਧ ਜੂਨੀ 'ਚੋਂ ਕੱਢ ਕੇ ਅਸਲੀ ਮੁਕਤੀ ਦਾ ਅਨੰਦ ਦਿਖਾਇਆ। ਫੇਰ ਉਹਨੇ ਮੰਨਿਆ। ਕਹਿਣ ਲੱਗਿਆ, ਪਾਤਸ਼ਾਹ! ਮੈਨੂੰ ਨਹੀਂ ਸੀ ਪਤਾ ਇਹਨੂੰ ਮੁਕਤੀ ਕਹਿੰਦੇ ਨੇ।

ਸੋ ਮਹਾਰਾਜ ਕਹਿੰਦੇ, ਆਹ ਵੀ ਜਿਹੜੀ ਚੀਜ਼ ਹੈ -

***ਬੰਧਨਿ ਬਿਨਸੈ ਮੋਹ ਵਿਕਾਰ ॥*** ***ਅੰਗ - 416***

ਮੋਹ ਦਾ ਜਿਹੜਾ ਵਿਕਾਰ ਲੱਗਿਆ ਹੋਇਆ ਆਦਮੀ ਨੂੰ ਇਹ ਵੀ ਬੰਧਨ ਹੈ। ਬਿਨਸ ਜਾਂਦਾ ਹੈ ਮੋਹ ਦੇ ਵਿਚ।

***ਨਾਨਕ ਰਾਮ ਨਾਮ ਸਰਣਾਈ ॥***
***ਸਤਿਗੁਰਿ ਰਾਖੇ ਬੰਧੁ ਨ ਪਾਈ ॥*** ***ਅੰਗ - 416***

ਜੇ ਸਤਿਗੁਰੂ ਰੱਖ ਲਵੇ ਤਾਂ ਬੰਧਨ ਨਹੀਂ ਕੋਈ ਪੈਂਦਾ।

ਸੋ ਪਹਿਲਾ ਬੰਧਨ ਹੋਇਆ ਕਰਦਾ ਹੈ, ਸਾਨੂੰ ਅਵਿਦਿਆ ਹੋ ਗਈ। ਪਹਿਲਾਂ ਨਹੀਂ ਸੀ ਅਸੀਂ ਅਗਿਆਨੀ ਜਦ ਸੰਸਾਰ ਬਣਾਇਆ ਹੈ। ਹੁਕਮ ਦੇ ਵਿਚ ਸੰਸਾਰ ਬਣਿਆ। ਹੁਕਮ ਦੇ ਵਿਚ ਪ੍ਰਭੂ ਨੇ ਆਪਣੀ ਜੋਤ ਇਸ ਸਰੀਰ 'ਚ ਰੱਖੀ ਹੈ ਤੇ ਉਹ ਜੋਤ ਜਿਹੜੀ ਹੈ ਉਹ ਪੂਰਨ ਗਿਆਨਵਾਨ ਹੈ, ਉਹਦੇ ਉਤੇ ਕੋਈ ਮੈਲ ਨਹੀਂ ਸੀ, ਕੋਈ ਕਰਮ ਨਹੀਂ ਸੀ। ਹੋਇਆ ਕੀ, ਜਦੋਂ ਸਰੀਰ ਦੇ ਨਾਲ ਮਿਲੀ ਤਾਂ ਪਹਿਲਾ ਪੜਦਾ ਇਹਦੇ ਉਤੇ ਅਗਿਆਨ ਦਾ ਪੈ ਗਿਆ, ਜਿਸਨੂੰ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਅਗਿਆਨ ਲਾ ਕੇ ਸਵਾਇਆ ਏਸ ਜੀਵ ਨੂੰ,***
***ਨਾਲ ਰਹਿੰਦਾ ਰਾਮ ਨਾ ਦਿਸੇ।***

ਕੋਈ ਥਾਂ ਐਸਾ ਨਹੀਂ ਜਿੱਥੇ ਵਾਹਿਗੁਰੂ ਨਹੀਂ ਹੈ -

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥***
***ਅੰਗ - 677***

ਜਿਹਦੇ ਮਨ ਵਿਚ ਸ਼ੌਂਕ ਹੈ ਏਸ ਚੀਜ਼ ਦਾ, ਉਹ ਕਹਿੰਦਾ ਹੈ, ਹੈਂ ਵਾਹਿਗੁਰੂ ਮੇਰੇ ਨਾਲ ਰਹਿੰਦਾ ਹੈ। ਮਹਾਰਾਜ ਕਹਿੰਦੇ ਜਿਧਰ ਵੀ ਦੇਖਦਾ

ਹੈਂ ਹਰ ਪਾਸੇ ਹੈ, ਉਹ ਤਾਂ ਜਾਂਦਾ ਹੀ ਨਹੀਂ ਦੂਰ, ਅੰਦਰ ਵੀ ਹੈ ਬਾਹਰ ਵੀ ਹੈ –

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥* *ਅੰਗ – 293*

ਉਹ ਅੰਦਰ ਵੀ ਹੈ ਤੇ ਬਾਹਰ ਵੀ ਹੈ। ਫੇਰ ਅਸੀਂ ਭੁੱਲੇ ਕਿਉਂ ਰਹਿੰਦੇ ਹਾਂ ਕਿਉਂਕਿ ਅਗਿਆਨ ਲਾ ਦਿਤਾ। ਮਾਇਆ ਲਾ ਦਿਤੀ। ਮਹਾਰਾਜ ਕਹਿੰਦੇ –

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥*
*ਅੰਗ – 920*

ਸਾਰਾ ਸੰਸਾਰ ਤਿੰਨਾਂ ਗੁਣਾਂ 'ਚ ਸੌਂ ਗਿਆ। ਸੋ ਫੁਰਮਾਨ ਕਰਦੇ ਨੇ –

*ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥*
*ਅੰਗ – 1308*

ਜੇ ਗਿਆਨ ਹੋ ਜਾਵੇ ਤਾਂ ਜਾਗ ਪੈਂਦਾ ਹੈ, ਅਗਿਆਨ ਦੇ ਨਾਲ ਸੌਂ ਜਾਂਦਾ ਹੈ –

*ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥*
*ਅੰਗ – 1308*

ਖੇਡ ਹੋ ਰਹੀ ਹੈ –

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥*
*ਜਾਪੁ ਸਾਹਿਬ*

ਸੁਲਾ ਦਿਤਾ ਏਸ ਜੀਵ ਨੂੰ। ਹੈ ਅਨਿੱਖੜਵਾਂ ਅੰਗ ਵਾਹਿਗੁਰੂ ਦਾ ਹੀ, ਉਸ ਵਾਹਿਗੁਰੂ ਦਾ ਹੀ ਇਹ, ਉਸ ਤੋਂ ਵੱਖਰੀ ਚੀਜ਼ ਨਹੀਂ ਹੈ। ਲੇਕਿਨ ਇਕ ਭਾਵ ਆ ਗਿਆ ਇਹਦੇ 'ਚ ਕਿ ਮੈਂ ਜੀਵ ਹਾਂ, ਹੇਠਾਂ ਉਤਰ ਆਇਆ, ਪ੍ਰਮੇਸ਼ਰ ਦੇ ਨਾਲੋਂ ਵੱਖ ਹੋ ਗਿਆ, ਮਾਇਆ ਲਾ ਕੇ ਸੁਲਾ ਦਿਤਾ।

ਇੱਕ ਵਾਰੀ ਕ੍ਰਿਸ਼ਨ ਮਹਾਰਾਜ ਸਹਿਜ ਸੁਭਾਅ ਬਚਨ ਕਰਦੇ ਨੇ ਅਰਜਨ ਨਾਲ, ਕਹਿੰਦੇ ਅਰਜਨ! ਇਹ ਜਿਹੜਾ ਸਾਰਾ ਹੀ ਸੰਸਾਰ ਹੈ ਇਹਦੇ 'ਚ ਕੋਈ ਥਾਂ ਨਹੀਂ ਹੈ ਜਿਸ 'ਚ ਮੈਂ ਵਿਆਪਕ ਨਾ ਹੋਵਾਂ, ਕਿਉਂਕਿ ਪ੍ਰਭੂ ਭਾਵ 'ਚ ਬੋਲ ਰਹੇ ਸੀ ਉਹ, ਬ੍ਰਹਮ ਭਾਵ ਦੇ ਵਿਚ ਗੱਲ ਕਰ ਰਹੇ ਸੀ। ਲੇਕਿਨ ਇਸ ਜੀਵ ਨੂੰ ਮੈਂ ਕੋਲ ਰਹਿੰਦਾ ਨਜ਼ਰ ਨਹੀਂ ਆਉਂਦਾ ਕਿਉਂਕਿ ਮੈਂ ਏਸ ਮਾਇਆ ਦੇ ਰਜੋ ਗੁਣ, ਤਮੋ ਗੁਣ, ਸਤੋ ਗੁਣ ਇਹ ਤਿੰਨ ਗੁਣ ਦੀ ਮਾਇਆ ਹੈ, ਮੈਂ ਇਹਦੇ ਓਹਲੇ ਛੁਪ ਕੇ ਕੰਮ ਕਰਦਾ ਹਾਂ ਸਾਰੇ। ਲੇਕਿਨ ਇਹ ਜੀਵ ਐਨਾ ਅਨਜਾਣ ਹੈ ਕਿ ਇਹਨੂੰ ਧਿਆਨ ਹੀ ਨਹੀਂ ਆਉਂਦਾ, ਮੇਰੇ ਤੋਂ ਹਰ ਵਕਤ ਵਿਛੜਿਆ ਰਹਿੰਦਾ ਹੈ ਤੇ ਤਿੰਨ ਗੁਣੀ ਮਾਇਆ ਦੇ ਭੁਲੇਖੇ 'ਚ ਪੈ ਕੇ ਦੁਖੀ ਹੁੰਦਾ, ਜੰਮਦਾ–

ਮਰਦਾ, ਜੰਮਦਾ-ਮਰਦਾ, ਆਪਣੇ ਸਿਰ ਕਰਮ ਲੈਂਦਾ ਹੈ, ਅਸਲ ਵਿਚ ਕਰਦਾ-ਕਰਾਉਂਦਾ, ਮੈਂ ਹੀ ਹਾਂ ਸਭ ਕੁਛ -

***ਕਹੁ ਨਾਨਕ ਕਰਤੇ ਕੀਆ ਬਾਤਾ***
***ਜੋ ਕਿਛੁ ਕਰਣਾ ਸੁ ਕਰਿ ਰਹਿਆ॥*** ***ਅੰਗ - 469***

ਕਹਿੰਦੇ, ਇਹ ਕਹਿੰਦੇ ਮੈਂ ਕਰਦਾ ਹਾਂ। ਆਪਣੇ ਸਿਰ ਲੈ ਲੈਂਦਾ ਹੈ, ਫੇਰ ਉਹਨੂੰ ਭੋਗਣ ਵਾਸਤੇ ਤਿਆਰ ਹੋ ਜਾਂਦਾ ਹੈ। ਇਹ ਮੇਰੀ ਮਾਇਆ ਦੇ ਵਿਚ ਰਚਿਆ ਹੋਇਆ ਹੈ। ਹੈ ਮੇਰੀ ਅੰਸ, ਮੇਰੇ ਤੋਂ ਬਾਹਰ ਨਹੀਂ। ਮੇਰਾ ਹੀ ਸਰੂਪ ਹੈ -

***ਕਹੁ ਕਬੀਰ ਇਹੁ ਰਾਮ ਕੀ ਅੰਸੁ ॥*** ***ਅੰਗ - 871***

ਲੇਕਿਨ ਇਹ ਜੀਵ ਪਛਾਣ ਨਹੀਂ ਸਕਦਾ ਮੈਨੂੰ। ਉਸ ਵੇਲੇ ਅਰਜਨ ਕਹਿਣ ਲੱਗਿਆ ਕਿ ਮਹਾਰਾਜ! ਮੈਨੂੰ ਤਾਂ ਨਹੀਂ ਆਪ ਭੁੱਲਦੇ।

ਕਹਿਣ ਲੱਗੇ, ਅਰਜਨ! ਇਹ ਤਾਂ ਮੇਰੀ ਮਿਹਰ ਹੈ, ਨਹੀਂ ਭੁੱਲਣਾ ਜੀਵ ਦੇ ਵਸ ਦੀ ਗੱਲ ਨਹੀਂ ਹੈ।

ਕਹਿੰਦਾ, ਮਹਾਰਾਜ! ਜਦੋਂ ਗਿਆਨ ਹੋ ਜਾਵੇ ਫੇਰ ਤਾਂ ਆਦਮੀ ਭੁੱਲਦਾ ਨਹੀਂ ਹੁੰਦਾ?

ਕਹਿੰਦੇ, ਗਿਆਨ ਵੀ ਮਿਹਰ ਨਾਲ ਹੋਇਆ ਕਰਦਾ ਹੈ, ਜੇ ਮਿਹਰ ਨਾ ਹੋਵੇ, ਮੁੜ ਕੇ ਜੀਵ ਫੇਰ ਸੌਂ ਜਾਂਦਾ ਹੈ।

ਕਹਿਣ ਲਗਿਆ, ਮਹਾਰਾਜ! ਮੈਨੂੰ ਤਾਂ ਨਹੀਂ ਇਹ ਗੱਲ ਹੋ ਸਕਦੀ?

ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, ਅਰਜਨ! ਮੈਂ ਤਾਂ ਕਰਦਾ ਹਾਂ ਸੂਖਸ਼ਮ ਗੱਲ, ਮੈਂ ਤੇਰੇ ਕੋਲ ਬੈਠਾ ਹਾਂ ਸਰੀਰ ਧਾਰੀਂ। ਤੂੰ ਮੈਨੂੰ ਭੁੱਲ ਜਾਏਂਗਾ।

ਕਹਿੰਦਾ, ਬਿਲਕੁਲ ਨਹੀਂ ਭੁੱਲਦਾ ਮਹਾਰਾਜ।

ਮੇਰੇ 'ਤੇ ਮਾਇਆ ਪਾ ਕੇ ਦੇਖ ਲਓ, ਮੈਂ ਕਿਵੇਂ ਭੁੱਲ ਜਾਵਾਂਗਾ ਤੁਹਾਨੂੰ?

ਕਹਿੰਦੇ, ਤੂੰ ਮੈਨੂੰ ਤਾਂ ਭੁੱਲਣਾ ਹੀ ਹੈ, ਤੂੰ ਤਾਂ ਆਪਣੇ ਆਪ ਨੂੰ ਵੀ ਭੁੱਲ ਜਾਏਂਗਾ। ਤੂੰ ਕਹਿਣਾ ਹੀ ਨਹੀਂ ਕਿ ਮੈਂ ਅਰਜਨ ਹਾਂ।

ਕਹਿੰਦਾ, ਇਹ ਵੀ ਕਦੇ ਹੋ ਸਕਦਾ ਹੈ ਮਹਾਰਾਜ?

ਦੂਸਰਾ ਦਿਨ ਆਇਆ ਤੇ ਬਾਹਰ ਜੰਗਲ 'ਚ ਗਏ, ਦਾਤਣ ਕਰਨ ਲਗ ਗਏ, ਕਹਿੰਦੇ ਇਸ ਤਰ੍ਹਾਂ ਕਰ ਸਾਡੇ ਵਾਸਤੇ ਪਾਣੀ ਲਿਆ।

ਕਹਿੰਦਾ, ਮਹਾਰਾਜ! ਤੁਹਾਡੀ ਮਾਇਆ ਮੈਂ ਦੇਖਣੀ ਹੈ ਕਿ ਤੁਸੀਂ ਕਿਵੇਂ ਜੀਵ ਨੂੰ ਸੁਲਾ ਦਿੰਦੇ ਓਂ, ਕਿਵੇਂ ਭੁਲਾ ਦਿੰਦੇ ਓਂ।

ਕਹਿੰਦੇ, ਅਰਜਨ! ਕੀ ਕਰਨਾ ਹੈ ਤੂੰ ਦੇਖ ਕੇ। ਕਿਉਂਕਿ ਪ੍ਰਭੂ ਦੀ ਮਾਇਆ ਬੇਅੰਤ ਹੈ, ਅਨੰਤ ਸ਼ਕਤੀਆਂ ਨੇ ਇਹਦੇ 'ਚ। ਇਹ ਤਾਂ ਮਾੜਾ

ਜਿਹਾ ਦਿਮਾਗ ਬਦਲ ਜਾਵੇ, ਉਹਨੂੰ ਨਹੀਂ ਪਤਾ ਰਹਿੰਦਾ ਕਿ ਮੇਰਾ ਘਰ ਕਿਹੜਾ ਹੈ। ਦਿਮਾਗ 'ਚ ਸੱਟ ਲਗ ਜਾਵੇ, ਨਾ ਨਾਉਂ ਯਾਦ ਰਹੇ, ਨਾ ਘਰ ਯਾਦ ਰਹੇ, ਨਾ ਆਪਣੇ ਰਿਸ਼ਤੇਦਾਰ ਯਾਦ ਰਹਿਣ ਪਿਛਲੀ ਸਾਰੀ ਦੁਨੀਆਂ ਭੁੱਲ ਜਾਂਦੀ ਹੈ, ਨਵਾਂ ਚੱਲ ਪੈਂਦਾ ਹੈ ਉਹਦਾ ਕੰਮ।

ਕਹਿੰਦੇ, ਇਹ ਤਾਂ ਭੁੱਲਦਾ ਹੀ ਰਹਿੰਦਾ ਹੈ ਸਦਾ ਹੀ।

ਕਹਿੰਦਾ, ਨਾ ਮਹਾਰਾਜ ਮੈਂ ਨਹੀਂ ਭੁੱਲਦਾ।

ਕਹਿੰਦੇ, ਜਾਹ ਇਸ਼ਨਾਨ ਕਰਕੇ ਆ। ਤੈਨੂੰ ਮਾਇਆ ਦਿਖਾਉਂਦੇ ਹਾਂ।

ਇਸ਼ਨਾਨ ਕਰਨ ਲੱਗਿਆ ਤਾਂ ਕ੍ਰਿਸ਼ਨ ਮਹਾਰਾਜ ਨੇ ਮਾਇਆ ਪਾ ਦਿਤੀ। ਬ੍ਰਹਿਮੰਡ ਹੋਰ ਹੀ ਆ ਗਿਆ, ਉਹ ਖਤਮ ਹੀ ਕਰ ਦਿਤਾ ਸਾਰਾ। ਕੋਈ ਨਿਸ਼ਾਨੀ ਨਾ ਰਹੀ ਉਥੇ, ਨਾ ਉਨ੍ਹਾਂ ਦੀ, ਨਾ ਉਸ ਤਲਾਅ ਦੀ, ਨਾ ਕੋਈ ਹੋਰ ਚੀਜ਼। ਕੀ ਦੇਖਦਾ ਹੈ ਘੋਰ ਵਣ ਹੈ ਇਥੇ, ਨਾ ਕੋਈ ਤਲਾਅ ਹੈ, ਨਾ ਇਸ਼ਨਾਨ ਕਰਨ ਵਾਲਾ ਹੈ, ਨਾ ਕ੍ਰਿਸ਼ਨ ਮਹਾਰਾਜ। ਲੇਕਿਨ ਅਜੇ ਤਾਜ਼ੀ-ਤਾਜ਼ੀ ਸਿਮ੍ਰਤੀ ਹੈ ਮਨ ਵਿਚ ਕਿ ਏਥੇ ਬੈਠੇ ਸੀਗੇ ਉਹ। ਆਵਾਜ਼ਾਂ ਦੇਣ ਲੱਗ ਗਿਆ ਕਿ ਪ੍ਰਭੂ! ਆਪ ਕਿੱਥੇ ਓਂ। ਬਾਰ-ਬਾਰ ਆਵਾਜ਼ਾਂ ਦਿੰਦਾ ਹੈ ਤੇ ਨਾਲ ਹੈਰਾਨ ਹੁੰਦਾ ਹੈ ਕਿ ਇਹ ਤਾਂ ਮੈਂ ਥਾਂ ਹੀ ਨਹੀਂ ਸੀ ਦੇਖਿਆ ਕਦੇ। ਇਥੇ ਮੈਂ ਕਿਵੇਂ ਆ ਗਿਆ, ਕਿੱਥੋਂ ਆ ਗਿਆ। ਇਹ ਤਾਂ ਵਾਤਾਵਰਣ ਹੀ ਸਾਰਾ ਬਦਲਿਆ ਹੋਇਆ ਹੈ। ਤਿੰਨ ਦਿਨ ਤਿੰਨ ਰਾਤਾਂ ਆਵਾਜ਼ਾਂ ਦਿੰਦਾ ਚਲਿਆ ਗਿਆ। ਨਾਲ ਰੋਣ ਲਗ ਗਿਆ ਕਿ ਹੇ ਪ੍ਰਭੂ! ਤੁਸੀਂ ਚਲੇ ਕਿੱਥੇ ਗਏ। ਮੈਂ ਕਿਹੜੇ ਬ੍ਰਹਿਮੰਡ 'ਚ ਆ ਗਿਆ, ਕਿਹੜਾ ਥਾਂ ਹੈ ਇਹ। ਮੇਰੀ ਜਾਣੀ ਪਛਾਣੀ ਧਰਤੀ ਤਾਂ ਹੈ ਨਹੀਂ, ਇਹ ਤਾਂ ਧਰਤੀ ਵੀ ਹੋਰ ਹੈ ਸਮਾਂ ਵੀ ਹੋਰ ਹੈ। ਉਸ ਵੇਲੇ ਰੋਂਦਾ-ਰੋਂਦਾ ਜੰਗਲ 'ਚੋਂ ਬਾਹਰ ਨਿਕਲਿਆ ਤਾਂ ਕਹਿਣ ਲੱਗਿਆ ਕਿ ਪਰਦੇਸੀਆ! ਕੀ ਗੱਲ ਹੋ ਗਈ ਤੂੰ ਐਨਾ ਰੋ ਰਿਹਾ ਹੈਂ?

ਕਹਿੰਦਾ, "ਤੂੰ ਕ੍ਰਿਸ਼ਨ ਮਹਾਰਾਜ ਤਾਂ ਨਹੀਂ ਦੇਖੇ?"

ਉਹ ਕਹਿੰਦਾ, "ਮੈਂ ਸਮਝ ਗਿਆ, ਕਿਸੇ ਪਾਗਲਖਾਨੇ 'ਚੋਂ ਤਾਂ ਨਹੀਂ ਤੂੰ ਦੌੜਿਆ?"

ਕਹਿੰਦਾ, "ਕਿਉਂ?"

ਕਹਿੰਦਾ, "ਤੂੰ ਕੌਣ ਹੈਂ?"

ਕਹਿੰਦਾ, "ਮੈਂ ਅਰਜਨ!"

ਉਹ ਕਹਿੰਦਾ, "ਫੇਰ ਤਾਂ ਤੂੰ ਸੱਚਮੁੱਚ ਹੀ ਪਾਗਲਖਾਨੇ 'ਚੋਂ ਦੌੜਿਆ ਹੈਂ?" ਦੇਖ, ਕ੍ਰਿਸ਼ਨ ਮਹਾਰਾਜ ਨੂੰ ਹੋਇਆਂ ਨੂੰ ਤਾਂ 300 ਸਾਲ ਹੋ ਗਏ। ਉਨ੍ਹਾਂ ਤੋਂ ਬਾਅਦ ਪਾਂਡਵਾਂ ਦਾ ਪੋਤਾ ਪ੍ਰੀਸ਼ਤ ਤਖਤ 'ਤੇ ਬੈਠਾ ਹੈ, ਪ੍ਰੀਸ਼ਤਗੜ੍ਹ

ਦੇ ਵਿਚ, ਦਿੱਲੀ ਕੋਲ। ਉਥੇ ਇੱਕ ਮਹਾਤਮਾ ਦੇ ਗਲ ਵਿਚ ਸੱਪ ਪਾਉਣ ਦੇ ਨਾਲ, ਉਨ੍ਹਾਂ ਨੇ ਸਰਾਪ ਦੇ ਦਿਤਾ ਕਿ ਜਿਹਨੇ ਸੱਪ ਸਾਡੇ ਗਲ 'ਚ ਪਾਇਆ ਹੈ, ਸੱਪ ਕੱਟ ਕੇ ਉਹਨੂੰ ਮਾਰੇਗਾ। ਉਹਨੂੰ ਤੱਕਸ਼ਕ ਨਾਗ ਨੇ ਡੰਗ ਦਿਤਾ। ਸੁਕਦੇਵ ਮੁਨੀ ਨੇ ਉਹਨੂੰ ਕਥਾ ਸੁਣਾਈ, ਉਸ ਤੋਂ ਬਾਅਦ ਉਹਦਾ ਲੜਕਾ ਜਨਮੇਜਾ ਤਖਤ 'ਤੇ ਬੈਠਾ। ਉਹਨੇ ਸੱਪਾਂ ਦਾ ਬਦਲਾ ਲੈਣ ਵਾਸਤੇ ਸੱਪਮੇਧ ਯੱਗ ਕਰਿਆ। ਵੱਡਾ ਭਾਰਾ ਕੁੰਡ ਬਣਾਇਆ ਤੇ ਉਹਦੇ ਵਿਚ ਉਹਨੇ ਸਾਰੇ ਸੱਪਾਂ ਨੂੰ ਜਾਲਣਾ ਸ਼ੁਰੂ ਕਰ ਦਿਤਾ। ਉਹ ਵੀ ਆਪਣਾ ਸਮਾਂ ਬਿਤਾ ਕੇ ਚਲਿਆ ਗਿਆ। ਹੁਣ ਤਾਂ ਉਹਦਾ ਪੋਤਾ ਰਾਜ ਕਰ ਰਿਹਾ ਹੈ। ਤੂੰ ਕਿਹੜੇ ਵੇਲੇ ਦੀਆਂ ਗੱਲਾਂ ਕਰਦਾ ਹੈਂ?

ਮੇਰੇ 'ਤੇ ਯਕੀਨ ਨਹੀਂ ਆਉਂਦਾ ਤਾਂ ਚੱਲ ਧਰਮਸਾਲ। ਧਰਮਸਾਲਾ 'ਚ ਲੈ ਗਿਆ, ਉਥੇ ਕਥਾ ਹੋ ਰਹੀ ਸੀ ਕਿ ਪਾਂਡਵਾਂ ਨੇ ਰਾਜਸੂ ਯੱਗ ਕਰਨ ਤੋਂ ਬਾਅਦ, ਰਾਜ ਭਾਗ ਸੰਭਾਲਿਆ ਤੇ ਉਨ੍ਹਾਂ ਦਾ ਜੀਅ ਨਹੀਂ ਲੱਗਿਆ। ਹਰ ਵਕਤ ਫਿਕਰ 'ਚ ਰਹਿੰਦੇ ਸੀ, ਹਰ ਵਕਤ ਘਬਰਾਹਟ ਰਹਿੰਦੀ ਸੀ ਤੇ ਉਸ ਵੇਲੇ ਇਨ੍ਹਾਂ ਨੇ ਤਪ ਕਰਨ ਵਾਸਤੇ ਆਪਣੇ ਪੋਤਰੇ ਨੂੰ ਰਾਜ ਦੇ ਕੇ ਆਪ ਹਿਮਾਲੀਆ ਪਰਬਤ ਜਿੱਥੇ 'ਹੇਮਕੁੰਟ ਪਰਬਤ ਹੈ ਜਹਾਂ ਸਪਤ ਸ੍ਰਿੰਗ ਸੋਭਤ ਹੈ ਤਹਾਂ' ਉਥੇ ਪੰਡ ਰਾਜ ਯੋਗ ਕਰਨ ਵਾਸਤੇ ਚਲਿਆ ਗਿਆ। ਉਸ ਤੋਂ ਬਾਅਦ ਬਰਫਾਂ ਦੇ ਵਿਚ ਚਲੇ ਗਏ। ਉਸ ਤੋਂ ਬਾਅਦ ਉਨ੍ਹਾਂ ਦੀ ਕੋਈ ਉੱਘ-ਸੁੱਘ ਨਹੀਂ, ਕਿੱਥੇ ਬਰਫ 'ਚ ਗਲੇ ਨੇ, ਕਿੱਥੇ ਨਹੀਂ ਗਲੇ, ਕੁਛ ਪਤਾ ਨਹੀਂ, ਲੇਕਿਨ ਉਹ ਵਾਪਸ ਨਹੀਂ ਆਏ।

ਸਾਰੀ ਗੱਲ ਬੜੇ ਧਿਆਨ ਨਾਲ ਸੁਣੀ, ਪ੍ਰੀਸ਼ਤ ਦਾ ਸਾਰਾ ਇਤਿਹਾਸ ਜਿਹੜਾ ਸੀ ਸੁਣਦਾ ਰਿਹਾ। ਜਨਮੇਜੇ ਦਾ ਸਾਰਾ ਇਤਿਹਾਸ ਸੁਣਿਆ, ਮਹਾਂਭਾਰਤ ਦਾ ਸਾਰਾ ਸੁਣਿਆ, ਮਨ ਵਿਚ ਭਰਮ ਪੈ ਗਿਆ ਕਿ ਹੋ ਸਕਦਾ ਹੈ ਕਿ ਮੈਨੂੰ ਕੋਈ ਸੁਪਨਾ ਜਿਹਾ ਆਇਆ ਹੋਣਾ, ਜਿਹਦੇ ਕਰਕੇ ਮੈਂ ਆਪਣੇ ਆਪ ਨੂੰ ਅਰਜਨ ਕਹਿੰਦਾ ਹਾਂ, ਭੁੱਲਣਾ ਸ਼ੁਰੂ ਕਰ ਦਿਤਾ ਆਪਣੇ ਆਪ ਨੂੰ। ਉਸ ਵੇਲੇ ਰਾਜੇ ਦੇ ਪਾਸ ਲੈ ਗਏ, ਕਿਹਾ ਕਿ ਪ੍ਰਦੇਸੀ ਆਇਆ ਹੈ। ਉਹ ਕਹਿਣ ਲੱਗਿਆ ਕਿ ਤੂੰ ਕੋਈ ਕੰਮ ਜਾਣਦਾ ਹੈਂ, ਕਹਿੰਦਾ ਮੈਂ ਧਨੁਸ਼ ਬਾਣ ਦੀ ਵਿਦਿਆ ਜਾਣਦਾ ਹਾਂ। ਜਦੋਂ ਚਲਾਈ ਤਾਂ ਉਹਨੇ ਕਮਾਂਡਰ-ਇਨ-ਚੀਫ ਬਣਾ ਦਿਤਾ। ਥੋੜ੍ਹੇ ਦਿਨਾਂ ਤੋਂ ਬਾਅਦ ਆਪਣੀ ਲੜਕੀ ਦੀ ਸ਼ਾਦੀ ਕਰ ਦਿਤੀ, ਬੜੇ ਸੁੱਖ ਦੇ ਨਾਲ ਰਹਿਣ ਲੱਗ ਗਿਆ। ਕਰਮ, ਧਰਮ ਸਾਰੇ ਭੁੱਲ ਗਿਆ। ਕੋਈ ਪੂਜਾ ਨਾ ਕਰਿਆ ਕਰੇ, ਰੱਬ ਤੋਂ ਨਾਸਤਕ ਹੋ ਗਿਆ। ਜੇ ਕੋਈ ਕ੍ਰਿਸ਼ਨ ਦੀ ਗੱਲ ਕਰ ਦੇਵੇ ਤਾਂ ਉਹਦੇ ਗਲ ਪੈ ਜਾਵੇ, ਐਡਾ ਬੇਮੁਖ ਹੋਇਆ, ਐਨਾ ਨੇਹੁੰ ਤੋੜਿਆ ਤੇ ਹਰ ਵਕਤ ਆਪਣੀ ਘਰਵਾਲੀ ਦੇ ਨਾਲ ਸਮਾਂ ਬਿਤਾਉਣਾ ਸ਼ੁਰੂ ਕਰ ਦਿਤਾ। ਤਿੰਨ ਬੱਚੇ ਹੋ ਗਏ, ਉਸ ਤੋਂ ਬਾਅਦ ਉਹ ਬੀਮਾਰ ਹੋ ਗਈ, ਬੀਮਾਰ ਹੋ ਕੇ ਜਦੋਂ ਮਰਨ ਲੱਗੀ, ਇਹ ਰੋਣ ਲੱਗ ਗਿਆ, ਕਹਿੰਦੀ ਤੂੰ ਕਾਹਨੂੰ ਰੋਂਦਾ ਹੈਂ? ਆਦਮੀ ਤਾਂ ਇਕ ਔਰਤ ਮਰ ਜਾਵੇ ਦੂਜਾ ਵਿਆਹ ਕਰਾ ਲੈਂਦੇ ਨੇ, ਇਹ ਤਾਂ ਔਰਤਾਂ ਹੀ ਨੇ ਜਿਹੜੀਆਂ ਨਹੀਂ ਦੂਜਾ ਵਿਆਹ

ਕਰਾਉਂਦੀਆਂ। ਕਹਿਣ ਲੱਗਿਆ, ਮੈਂ ਤਾਂ ਤੇਰੇ ਬਾਅਦ ਜੀਉਣਾ ਹੀ ਨਹੀਂ, ਮੈਂ ਤਾਂ ਤੇਰੇ ਨਾਲ ਸਤੀ ਹੋ ਜਾਣਾ ਹੈ। ਗੱਲਾਂ-ਬਾਤਾਂ ਕਰਦੇ-ਕਰਦੇ ਉਹ ਚੜ੍ਹਾਈ ਕਰ ਗਈ, ਉਸ ਤੋਂ ਬਾਅਦ ਰਾਜੇ ਦੀ ਲੜਕੀ ਸੀ, ਸਸਕਾਰ ਕਰਨ ਦਾ ਪ੍ਰਬੰਧ ਕੀਤਾ ਗਿਆ। ਇਹਨੇ ਹੱਠ ਕਰਿਆ ਕਿ ਮੈਂ ਤਾਂ ਨਾਲ ਸਤੀ ਹੋਣਾ ਹੈ, ਬੜਾ ਹਟਾਉਂਦੇ ਰਹੇ, ਹਟਦਾ ਨਹੀਂ, ਮੰਨਦਾ ਨਹੀਂ, ਅਖੀਰ ਪੰਡਤ ਨੇ ਕਿਹਾ ਕਿ ਤੂੰ ਜਾਹ, ਜਾ ਕੇ ਇਸ਼ਨਾਨ ਕਰਕੇ ਆ ਫੇਰ। ਏਨੇ ਨੂੰ ਕ੍ਰਿਸ਼ਨ ਮਹਾਰਾਜ ਨੇ ਊਧੋ ਨੂੰ ਭੇਜਿਆ ਕਿ ਅਰਜਨ ਨੂੰ ਸਮਝਾ ਜਾ ਕੇ ਇਹ ਤਾਂ ਬਿਲਕੁਲ ਹੀ ਆਪਣੇ ਆਪ ਨੂੰ ਭੁੱਲ ਗਿਆ। ਮੈਨੂੰ ਤਾਂ ਭੁੱਲਣਾ ਹੀ ਸੀ, ਆਪਣੇ ਆਪ ਨੂੰ ਵੀ ਭੁੱਲ ਗਿਆ। ਉਸ ਵੇਲੇ ਜਾ ਕੇ ਊਧੋ ਨੇ ਕਿਹਾ, ਕਹਿੰਦੇ ਅਰਜਨ ਤੂੰ ਐਨਾ ਭੁੱਲ ਗਿਆ, ਤੇਰਾ ਵਿਆਹ ਕਿੱਥੇ ਹੋਇਆ ਹੈ? ਕਹਿੰਦਾ, ਆਹ ਦੇਖ ਤਾਂ ਮੇਰੀ ਘਰਵਾਲੀ ਪਈ ਹੈ, ਉਹ ਕਹਿੰਦਾ ਤੂੰ ਪਛਾਣ ਤਾਂ ਸਹੀ, ਤੂੰ ਅਰਜਨ ਹੈਂ। ਕਹਿੰਦਾ, ਮੈਂ ਨਹੀਂ ਅਰਜਨ ਮੇਰਾ ਨਾਉਂ ਪ੍ਰਦੇਸੀ ਹੈ। ਕਹਿੰਦੇ, ਤੈਨੂੰ ਕ੍ਰਿਸ਼ਨ ਮਹਾਰਾਜ ਨੇ ਕਿਹਾ ਸੀ ਨਹਾ ਕੇ ਆ। ਕਹਿੰਦਾ, ਨਾਹੁੰਣ ਨੂੰ ਇੱਥੇ ਕੋਈ ਤਲਾਅ ਨਹੀਂ ਸੀਗਾ, ਕ੍ਰਿਸ਼ਨ ਮਹਾਰਾਜ ਨੂੰ ਤਾਂ 300 ਸਾਲ ਹੋ ਗਏ। ਕਹਿੰਦਾ ਮੈਂ ਊਧੋ। ਕਹਿੰਦਾ ਤੇਰਾ ਵੀ ਦਿਮਾਗ ਵਿਗੜਿਆ ਹੋਇਆ ਲਗਦਾ ਹੈ। ਉਸ ਵੇਲੇ ਕਹਿਣ ਲੱਗੇ ਬ੍ਰਾਹਮਣ ਲੋਕ ਕਿ ਜਾਹ ਫੇਰ ਤੂੰ ਇਸ਼ਨਾਨ ਕਰਕੇ ਆ। ਇਸ਼ਨਾਨ ਕਰਨ ਜਦੋਂ ਜਾਂਦਾ ਹੈ ਤਾਂ ਕ੍ਰਿਸ਼ਨ ਮਹਾਰਾਜ ਨੇ ਸਮਾਂ ਫੇਰ ਓਹੀ ਤਿੰਨ ਸੌ ਸਾਲ ਦਾ ਬਦਲ ਕੇ ਲਾ ਦਿਤਾ। ਉਸੇ ਸਰੋਵਰ 'ਚ ਖੜ੍ਹਾ ਹੈ, ਗੜ੍ਹਵੀ ਹੱਥ 'ਚ ਵਿਚ ਹੈ। ਅਜੇ ਉਤੇ ਪਾਈ ਨਹੀਂ ਹੈ। ਹੁਣ ਸਮਝ ਨਹੀਂ ਆਉਂਦਾ, ਆਲਾ-ਦੁਆਲਾ ਦੇਖਦਾ ਹੈ ਕਿ ਉਹ ਕਿੱਥੇ ਚਲੇ ਗਏ, ਮੇਰੀ ਘਰਵਾਲੀ ਕਿੱਥੇ ਚਲੀ ਗਈ, ਮੇਰੇ ਬੱਚੇ ਕਿੱਥੇ ਗਏ?

ਕ੍ਰਿਸ਼ਨ ਮਹਾਰਾਜ ਆਵਾਜ਼ ਦਿੰਦੇ ਨੇ, ਕਹਿੰਦੇ ਅਰਜਨ! ਲਿਆ ਬਈ ਪਾਣੀ, ਤੂੰ ਤਾਂ ਲਿਆਇਆ ਨਾ, ਅਸੀਂ ਤਾਂ ਦਾਤਣ ਕਰਨੀ ਹੈ, ਹੈਰਾਨ ਹੁੰਦਾ ਹੈ। ਕਹਿਣ ਲੱਗੇ, ਮੈਨੂੰ ਵੀ ਨਹੀਂ ਪਛਾਣਦਾ, ਤੂੰ ਅਰਜਨ ਹੈਂ। ਕਹਿੰਦਾ, ਮੈਂ ਤਾਂ ਪ੍ਰਦੇਸੀ ਹਾਂ। ਮੰਨਦਾ ਹੀ ਨਹੀਂ। ਅਖੀਰ ਕ੍ਰਿਸ਼ਨ ਮਹਾਰਾਜ ਨੇ ਕੋਲ ਬੁਲਾਇਆ, ਬੁਲਾ ਕੇ ਹਲਕਾ ਜਿਹਾ ਥੱਪੜ ਮਾਰ ਕੇ ਮਾਇਆ ਲਾਹ ਦਿਤੀ।

ਕਹਿੰਦਾ, ਮਹਾਰਾਜ ਮੇਰੀ ਇਸਤ੍ਰੀ, ਬੱਚੇ ਕਿੱਥੇ ਗਏ?

ਉਹ ਕਹਿੰਦੇ, ਅਰਜਨ! ਤੂੰ ਐਨਾ ਮੋਹਿਤ ਹੋ ਗਿਆ ਇਸ ਮਾਇਆ 'ਤੇ ਕਿ ਤੂੰ ਆਪਣੇ ਆਪ ਨੂੰ ਵੀ ਭੁੱਲ ਗਿਆ। ਮੈਂ ਤੈਨੂੰ ਕਿਹਾ ਸੀ ਕਿ ਇਹ ਮੈਨੂੰ ਤਾਂ ਭੁਲਾ ਹੀ ਦਿੰਦੀ ਹੈ ਮਾਇਆ, ਬੰਦਾ ਆਪਣੇ ਆਪ ਨੂੰ ਵੀ ਭੁੱਲ ਜਾਂਦਾ ਹੈ।

ਅਸੀਂ ਸਾਧਸੰਗਤ ਜੀ! ਭੁੱਲੇ ਹੀ ਬੈਠੇ ਹਾਂ, ਅਸੀਂ ਸਰੀਰ ਤਾਂ ਨਹੀਂ ਹਾਂ। ਇਹੋ ਜਿਹੇ ਤਾਂ ਹਜ਼ਾਰਾਂ ਸਰੀਰ ਹੰਢਾ ਚੁੱਕੇ ਹਾਂ। ਅਸੀਂ ਆਪਣੇ ਅਸਲੇ ਨੂੰ ਭੁੱਲੇ ਹੋਏ ਹਾਂ। ਸਾਨੂੰ ਨਹੀਂ ਪਤਾ ਅਸੀਂ ਕੌਣ ਹਾਂ। ਗੁਰੂ

ਮਹਾਰਾਜ ਦਸੀ ਜਾਂਦੇ ਨੇ ਜਿਵੇਂ ਕ੍ਰਿਸ਼ਨ ਮਹਾਰਾਜ ਅਰਜਨ ਨੂੰ ਦਸਦੇ ਸੀ ਕਿ ਪਿਆਰਿਆ! ਕਿਉਂ ਭੁੱਲਦਾ ਹੈਂ? ਤੂੰ ਆਪਣੇ ਆਪ ਨੂੰ ਪਛਾਣ।

***ਧਾਰਨਾ - ਮਨ ਤੂੰ ਜੋਤ ਸਰੂਪ ਹੈਂ,***
***ਆਪਣਾ ਮੂਲ ਪਛਾਣ।***

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ ਅੰਗ - 441***

ਤੂੰ ਆਹ ਸਰੀਰ ਨਹੀਂ ਹੈਗਾ, ਤੂੰ ਤਾਂ ਜੋਤੀ ਸਰੂਪ ਹੈਂ, ਤੂੰ ਆਪਣੇ ਆਪ ਨੂੰ ਜੀਵ ਮੰਨ ਬੈਠਿਆ। ਜੇ ਜੀਵ ਵੀ ਮਨ ਲਵੇ, ਫੇਰ ਵੀ ਬਹੁਤ ਤਰੱਕੀ ਕਰੀ ਹੋਈ ਹੈ ਇਸ ਮਨੁੱਖ ਨੇ। ਮਹਾਰਾਜ ਕਹਿੰਦੇ, ਇਥੇ ਵੀ ਨਾ ਰੁਕ ਪਿਆਰਿਆ! ਤੂੰ ਆਪਣੇ ਮੂਲ ਨੂੰ ਪਛਾਣ, ਤੂੰ ਤਾਂ ਪ੍ਰਮੇਸ਼ਰ ਦੀ ਜੋਤ ਹੈਂ। ਐਨਾ ਭੁੱਲ ਗਿਆ ਤੂੰ ਆਪਣੇ ਆਪ ਨੂੰ ਅਸੀਂ ਹੈਰਾਨ ਹੋ ਜਾਂਦੇ ਹਾਂ ਕਿ ਸੱਚੇ ਪਾਤਸ਼ਾਹ! ਸਾਨੂੰ ਜੋਤ ਨਾ ਕਿਤੇ ਦਈਂ। ਬਾਲ ਬੱਚੇ ਸਾਡੇ ਕੀ ਕਰਨਗੇ। ਇਨ੍ਹਾਂ ਨੂੰ ਕੌਣ ਪਾਲੇਗਾ, ਮੈਂ ਤਾਂ ਇਨ੍ਹਾਂ ਨੂੰ ਨੌਕਰੀ ਕਰਦੇ ਦੇਖਣਾ ਹੈ, ਵੱਡੇ-ਵੱਡੇ ਅਫਸਰ ਬਣਦੇ ਦੇਖਣੇ ਨੇ। ਨਾ ਮੈਨੂੰ ਨਾ ਬਣਾ ਦੇਈਂ ਕਿਤੇ, ਮੈਨੂੰ ਇਵੇਂ ਜਿਵੇਂ ਰਹਿਣ ਦੇ। ਐਨਾ ਅਸੀਂ ਬੇਮੁਖ ਹੋ ਗਏ ਪ੍ਰਭੂ ਤੋਂ। ਜਿਸ ਤਰ੍ਹਾਂ ਅਰਜਨ ਰੋਂਦਾ ਸੀ ਕਿ ਪ੍ਰਭੂ! ਮੇਰੇ ਬੱਚੇ ਕਿੱਥੇ ਚਲੇ ਗਏ, ਨਾ ਮੈਨੂੰ ਨਾ ਅਰਜਨ ਬਣਾ। ਮੇਰੇ ਬੱਚੇ ਕੀ ਕਰਨਗੇ? ਆਹੀ ਹਿਸਾਬ ਹੂ-ਬ-ਹੂ ਸਾਡੇ ਨਾਲ ਹੋ ਰਿਹਾ ਹੈ। ਆਪਣੇ ਆਪ ਨੂੰ ਭੁੱਲੇ ਬੈਠੇ ਹਾਂ, ਮਹਾਰਾਜ ਕਹਿੰਦੇ, ਤੂੰ ਪਛਾਣ -

***ਏਕ ਜੋਤਿ ਏਕੋ ਮਨਿ ਵਸਿਆ***
***ਸਭ ਬ੍ਰਹਮ ਦ੍ਰਿਸਟਿ ਇਕੁ ਕੀਜੈ ॥ ਅੰਗ - 1325***

ਕਹਿੰਦੇ, -

***ਆਤਮ ਰਾਮੁ ਸਭ ਏਕੈ ਹੈ ਪਸਰੇ***
***ਸਭ ਚਰਨ ਤਲੇ ਸਿਰੁ ਦੀਜੈ ॥ ਅੰਗ - 1325***

ਆਪੇ ਹੀ ਰਾਮ ਹਰ ਥਾਂ ਦੇ ਉਤੇ ਪਸਰਿਆ ਹੋਇਆ ਹੈ -

***ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ ॥***
***ਅੰਗ - 296***

ਕੋਈ ਥਾਂ ਐਸਾ ਨਹੀਂ ਜਿੱਥੇ ਵਾਹਿਗੁਰੂ ਨਹੀਂ ਹੈ -

***ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥***
***ਅੰਗ - 296***

ਹੁਣ ਇਹਦੇ 'ਚ ਕਿਹੜੀ ਗੱਲ ਦਾ ਸ਼ੱਕ ਰਹਿ ਗਿਆ। ਅਸੀਂ ਕਿੱਥੇ ਆ ਗਏ? ਕੋਈ ਹੈ ਸਾਡੇ ਵਾਸਤੇ ਥਾਂ? ਉਹ ਆਪੇ ਹੀ ਆਪਣੇ ਆਪ ਪਸਰ ਗਿਆ ਹੈ, ਆਪਣੇ ਆਪ ਤੋਂ।

***ਜਬ ਉਦਕਰਖ ਕਰਾ ਕਰਤਾਰਾ॥***
***ਪ੍ਰਜਾ ਧਰਤ ਤਬ ਦੇਹ ਅਪਾਰਾ॥***
***ਜਬ ਆਕਰਖ ਕਰਤ ਹੋ ਕਬਹੂੰ॥***

*ਤੁਮ ਮੈਂ ਮਿਲਤ ਦੇਹ ਧਰ ਸਭਹੂੰ॥*

***ਕਬਯੋ ਬਾਚ ਬੇਨਤੀ ਚੌਪਈ, ਪਾਤਸ਼ਾਹੀ 10***

ਜਦੋਂ ਫੈਲਦਾ ਹੈ, ਪ੍ਰਕਾਸ਼ ਹੀ ਪ੍ਰਕਾਸ਼, ਬੇਅੰਤ ਪਸਾਰਾ ਹੋ ਜਾਂਦਾ ਹੈ। ਜਦੋਂ ਸੁੰਗੜਦਾ ਹੈ, ਉਸ ਵੇਲੇ ਕੁਛ ਵੀ ਨਹੀਂ ਰਹਿੰਦਾ, ਆਪੇ ਆਪ ਰਹਿ ਜਾਂਦਾ ਹੈ -

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥*
*ਚਾਰਿ ਕੁੰਟ ਦਹ ਦਿਸੇ ਸਮਾਹਿ ॥*
*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥* ***ਅੰਗ - 294***

ਜੇ ਗੁਰੂ ਦੀ ਕ੍ਰਿਪਾ ਨਾਲ ਇਹ ਗੱਲ ਹਿਰਦੇ ਵਿਚ ਵਸ ਜਾਏ ਤਾਂ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਸਾਰੇ ਮਹਾਂਪੁਰਸ਼ ਇਸ ਤਰ੍ਹਾਂ ਨਾਲ ਪ੍ਰਗਟ ਕਰਦੇ ਨੇ -

***ਧਾਰਨਾ - ਸੁਤੇ ਪਏ ਨਭਾਗ ਦਿਤੀਆਂ ਬਾਂਗਾਂ ਤੋਂ ਨਾ ਜਾਗਦੇ।***

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥*

***ਅੰਗ - 1378***

ਜਿਹਦੇ ਹਿਰਦੇ 'ਚ ਮਨਮੁਖਤਾਈ ਪੈ ਗਈ, ਅਗਿਆਨ ਛਾ ਗਿਆ, ਉਹ ਚਿੱਤ ਨਹੀਂ ਫੇਰਦਾ, ਉਹ ਕਹਿੰਦਾ, ਮੈਂ ਤਾਂ ਜ਼ਰੂਰ ਹੀ ਰਹਿਣਾ ਹੈ, ਮੈਂ ਤਾਂ ਹੋਣਾ ਚਾਹੀਦਾ ਹਾਂ, ਮੈਨੂੰ ਹੀ ਕੱਢੀ ਜਾਂਦੇ ਓਂ ਵਿਚੋਂ। ਜੇ ਮੈਨੂੰ ਕੱਢ ਦਿਤਾ ਫੇਰ ਮੇਰੀ ਜਾਇਦਾਦ ਦਾ ਕੀ ਬਣੇਗਾ, ਮੇਰੇ ਬਾਲ-ਬੱਚਿਆਂ ਦਾ, ਮੇਰੇ ਸਮਾਜ ਦਾ ਕੀ ਬਣੇਗਾ? ਐਸਾ ਕਹਿੰਦੇ ਅਗਿਆਨ ਦੇ ਨਾਲ ਸੁਲਾ ਦਿਤਾ -

*ਅਗਿਆਨਿ ਲਾਇ ਸਵਾਲਿਆ ...........॥* ***ਅੰਗ - 1308***

ਜਾਗਣ ਦਾ ਨਾਉਂ ਨਹੀਂ ਲੈਂਦਾ। ਕਹਿੰਦੇ, ਕਰਿਆ ਕੀ ਜਾਵੇ। ਸੋ ਮਹਾਰਾਜ ਕਹਿਣ ਲੱਗੇ, ਪ੍ਰੇਮੀਆਂ! ਤੀਸਰਾ ਜਿਹੜਾ ਬੰਧਨ ਹੁੰਦਾ ਹੈ, ਆਹ ਹਿਰਦੇ ਦੀ ਗੰਢ ਹੋਇਆ ਕਰਦੀ ਹੈ, ਇਹਦੇ 'ਚ 'ਅਹੰ' ਅਤੇ 'ਮਮ' ਹੋਇਆ, ਆਪਣੇ ਆਪ ਦੀ individuality ਇਹ ਕਾਇਮ ਕਰ ਲੈਂਦਾ ਹੈ ਉਹਨੂੰ ਨਹੀਂ ਇਹ ਛੱਡਦਾ -

*ਜਪੁ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ ॥*

***ਅੰਗ - 732***

ਇਹ ਰੋਗ ਜਾਂਦਾ ਨਹੀਂ ਕਿਸੇ ਤਰੀਕੇ ਨਾਲ -

***ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ ॥ 2 ॥***
***ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹ ਦਿਸਿ ਧਾਵੈ ॥***
***ਹਉਮੈ ਬਿਆਪਿਆ ਸਬਦੁ ਨ ਚੀਨ੍ਹੈ ਫਿਰਿ ਫਿਰਿ ਜੂਨੀ ਆਵੈ ॥***
***3॥ ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ ॥***
***ਗੁਰ ਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ ॥ ਅੰਗ - 732***

ਜਿੰਨਾਂ ਚਿਰ ਇੱਕ ਨਹੀਂ ਬੁੱਝਦਾ, ਓਨੀਂ ਦੇਰ ਤੱਕ ਇੱਕ ਦੇ ਵਿਚ ਸਮਾਉਂਦਾ ਨਹੀਂ ਹੈ। ਸੋ ਦੂਜੇ ਦੇ ਵਿਚ ਹੋਣ ਕਰਕੇ, ਨਾ ਗੱਲ ਸਮਝਦਾ ਹੈ, ਨਾ ਗੁਰੂ ਦਾ ਬਚਨ ਮੰਨੇ। ਗੁਰੂ ਕੀ ਕਹਿੰਦਾ ਹੈ -

***ਪਾਰਬ੍ਰਹਮ ਕੇ ਸਗਲੇ ਠਾਉ ॥***
***ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥ ਅੰਗ - 275***

ਜਿਹੜੇ ਸਰੀਰ 'ਚ ਰੱਖ ਦਿਤਾ, ਜਾਗਰਤ, ਓਹੀ ਉਹਦਾ ਨਾਉਂ ਪੈ ਗਿਆ ਤੇ ਉਹਦੇ ਵਿਚ ਆਪੇ ਹੀ ਕਰਮ ਕਰਦਾ ਹੈ।

ਸੋ ਇਹ ਜਾਗਣ ਦਾ ਨਹੀਂ ਕੋਈ ਉਪਰਾਲਾ ਕਰਦਾ, ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿਣ ਲੱਗੇ, ਇਹ 'ਅਹੰ' ਤੇ 'ਮਮ' ਜਿਹੜੀ ਹੈ, ਇਹ ਦੋ ਚੀਜ਼ਾਂ ਛੱਡਣ ਨੂੰ ਤਿਆਰ ਹੀ ਨਹੀਂ ਹੁੰਦਾ ਇਹ। ਇਹੀ ਦੋ ਚੀਜ਼ਾਂ ਨੇ ਜਿਹੜੀਆਂ ਇਹਨੂੰ ਬਾਰ-ਬਾਰ ਜਨਮ-ਮਰਣ 'ਚ ਲੈ ਆਉਂਦੀਆਂ ਨੇ। ਬੁੱਝਦਾ ਨਹੀਂ ਹੈ। ਪੜਦਾ ਪੈ ਗਿਆ -

***ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥***
***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥***

***ਅੰਗ - 624***

ਮਹਾਰਾਜ ਜੀ! ਇਹਦਾ ਫੇਰ ਕੋਈ ਇਲਾਜ ਵੀ ਹੈ? ਮਹਾਰਾਜ ਕਹਿੰਦੇ ਬਚਨ 'ਤੇ ਪ੍ਰਤੀਤ ਕਰ ਲਓ, ਇਲਾਜ ਹੋ ਜਾਏਗਾ, ਬਚਨ 'ਤੇ ਤੁਸੀਂ ਪ੍ਰਤੀਤ ਨਹੀਂ ਕਰਦੇ, ਇਸ ਕਰਕੇ ਇਹਦਾ ਇਲਾਜ ਨਹੀਂ ਹੈ, ਫੁਰਮਾਉਂਦੇ ਨੇ -

***ਧਾਰਨਾ - ਮਨ ਪ੍ਰਤੀਤ ਬਣੀ ਪ੍ਰਭ ਤੇਰੀ, ਹਉਮੈ ਨਾਸ਼ ਹੋ ਗਈ।***

ਫੁਰਮਾਉਣ ਲੱਗੇ ਕਿ ਪਿਆਰਿਓ! ਜਿੰਨਾਂ ਚਿਰ ਮਨ ਵਿਚ ਪ੍ਰਤੀਤ ਨਹੀਂ ਨਾ ਆਉਂਦੀ, ਭਰੋਸਾ ਨਹੀਂ ਆਉਂਦਾ, ਵਿਸ਼ਵਾਸ਼ ਨਹੀਂ ਆਉਂਦਾ, ਓਨਾਂ ਚਿਰ ਹਉਮੈ ਦਾ ਨਾਸ਼ ਨਹੀਂ ਹੋਇਆ ਕਰਦਾ। ਹਉਮੈ ਦਾ ਨਾਸ਼ ਭਰੋਸਾ ਆਏਗਾ, ਗੁਰੂ ਦੇ ਬਚਨ 'ਤੇ-

***ਜਾ ਕੈ ਮਨਿ ਗੁਰ ਕੀ ਪਰਤੀਤਿ ॥***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥ ਅੰਗ - 283***

***ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥***
***ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥ ਅੰਗ - 285***

ਉਸੇ ਵੇਲੇ ਪ੍ਰਗਟ ਹੋ ਜਾਏਗਾ, ਜਦੋਂ ਇਹ ਵਿਸ਼ਵਾਸ਼ ਮਨ 'ਚ ਬੈਠ

ਜਾਵੇ ਕਿ ਹਰ ਥਾਂ ਦੇ ਉਤੇ ਵਾਹਿਗੁਰੂ ਹੈ -

*ਜਿਮੀ ਜਮਾਨ ਕੇ ਬਿਖੈ ਸਮ'ਸਤਿ ਏਕ ਜੋਤ ਹੈ॥*
*ਨਾ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥*
*ਅਕਾਲ ਉਸਤਤਿ*

ਇਹ ਪ੍ਰਤੀਤ ਬਣ ਨਹੀਂ ਸਕਦੀ, ਬਿਲਕੁਲ ਨਹੀਂ ਬਣ ਸਕਦੀ। ਨਾ ਤਾਂ ਇਹ ਯਾਦ ਕਰਿਆਂ 'ਤੇ ਯਾਦ ਰਹਿੰਦੀ ਹੈ, ਕਿਉਂਕਿ ਆਦਮੀ ਦੇ ਅੰਦਰ ਪ੍ਰਾਕ੍ਰਿਤੀ ਦੀਆਂ ਤਿੰਨ ਲਹਿਰਾਂ ਚੱਲ ਰਹੀਆਂ ਨੇ, ਉਹ ਨਹੀਂ ਹੋਣ ਦਿੰਦੀਆਂ ਇਸ ਚੀਜ਼ ਨੂੰ -

*ਖੰਡ ਬ੍ਰਹਮੰਡ ਉਧਾਰਣਹਾਰਾ ॥*
*ਊਚ ਅਥਾਹ ਅਗੰਮ ਅਪਾਰਾ ॥*
*ਜਿਸ ਨੋ ਕ੍ਰਿਪਾ ਕਰੇ ਪ੍ਰਭੁ ਅਪਨੀ*
*ਸੋ ਜਨੁ ਤਿਸਹਿ ਧਿਆਈ ਹੇ ॥* *ਅੰਗ - 1072*

ਧਿਆਉਂਦਾ ਕੌਣ ਹੈ ਜਿਹਦੇ ਉਤੇ ਕ੍ਰਿਪਾ ਹੋ ਜਾਏ, ਸਵਾਲ ਹੋਰ ਪੈ ਗਿਆ ਕਿ ਇਕ ਕ੍ਰਿਪਾ ਕਰਾਉਣ ਵਾਲਾ ਹੈ ਤੇ ਇਕ ਕ੍ਰਿਪਾ ਕਰਨ ਵਾਲਾ ਹੈ ਕਿਉਂਕਿ ਵਿਛੜਿਆ ਹੋਇਆ ਤਾਂ ਜੀਵ ਕਹਾਉਂਦਾ ਹੈ ਨਾ। ਇਹਨੂੰ ਜਦੋਂ ਸੋਝੀ ਹੋ ਜਾਂਦੀ ਹੈ ਕਿ ਮੈਂ ਆਪਣੇ ਸਰੂਪ ਨੂੰ ਪਛਾਣਾਂ, back to source ਜਾਵਾਂ ਜਿੱਥੋਂ ਮੈਂ ਅੱਡ ਹੋਇਆਂ ਹਾਂ ਓਸ ਥਾਂ 'ਤੇ ਪਹੁੰਚਾਂ ਤੇ ਮੈਂ ਦੁਖੀ ਹੁੰਦਾ ਫਿਰਦਾ ਹਾਂ। ਫੇਰ ਇਹ ਅਰਦਾਸਾਂ ਕਰਦਾ ਹੈ, ਸਾਧਨ ਟੋਲ੍ਹਦਾ ਹੈ, ਫੇਰ ਗੁਰੂ ਦੀ ਕ੍ਰਿਪਾ ਹੁੰਦੀ ਹੈ, ਫੇਰ ਧਿਆਉਂਦਾ ਹੈ। ਫੇਰ ਉਹ ਕੀ ਕਰਦਾ ਹੈ -

*ਬੰਧਨ ਤੋੜਿ ਲੀਏ ਪ੍ਰਭਿ ਮੋਲੇ ॥* *ਅੰਗ- 1072*

ਜਦੋਂ ਵਾਹਿਗੁਰੂ ਨੇ ਮੁੱਲ ਲੈ ਲਿਆ ਇਹਨੂੰ, ਅਪਣਾਅ ਲਿਆ, ਉਸ ਵੇਲੇ ਬੰਧਨ ਤੋੜ ਦਿਤੇ।

*ਕਰਿ ਕਿਰਪਾ ਕੀਨੇ ਘਰ ਗੋਲੇ ॥* *ਅੰਗ - 1072*

ਫੇਰ ਤਨਖਾਹ ਨਹੀਂ ਮੰਗਦਾ ਗੁਰੂ ਘਰ ਤੋਂ, ਗੁਲਾਮ ਬਣ ਜਾਂਦਾ ਹੈ। ਫੇਰ ਤੁਰਿਆ ਫਿਰਦਾ ਹੈ ਦਿਨ ਰਾਤ। ਕੋਈ ਵੀ ਮਤਲਬ ਨਹੀਂ ਹੁੰਦਾ। ਉਹਨੂੰ ਪੁਛੇ ਕਿ ਤੂੰ ਕਿਉਂ ਤੁਰਿਆ ਫਿਰਦਾ ਹੈਂ? ਤੇਰਾ ਕੋਈ ਮਤਲਬ ਹੈ? ਕਹਿੰਦਾ ਹੈ, ਕੋਈ ਨਹੀਂ ਹੈ। ਮੈਂ ਤਾਂ ਗੁਲਾਮ ਹਾਂ, ਜਿੱਥੇ ਭੇਜਦਾ ਹਾਂ, ਜਾਂਦਾ ਹਾਂ। ਜਿੱਥੇ ਬਿਠਾਲਦਾ ਹੈ, ਬੈਠ ਜਾਂਦਾ ਹਾਂ, ਜੋ ਕੁਛ ਕਰਾਉਂਦਾ ਹੈ ਕਰੀ ਜਾਂਦਾ ਹੈ। ਮੈਂ ਤਾਂ ਕਦੇ ਸੋਚਿਆ ਨਹੀਂ ਕਿ ਇਹਦੇ 'ਚ ਮੇਰਾ ਕੋਈ ਮਤਲਬ ਹੈ ਕਿ ਨਹੀਂ ਹੈ -

*ਅਨਹਦ ਰੁਣ ਝੁਣਕਾਰੁ ਸਹਜ ਧੁਨਿ ਸਾਚੀ ਕਾਰ ਕਮਾਈ ਹੇ ॥*
*ਮਨਿ ਪਰਤੀਤਿ ਬਨੀ ਪ੍ਰਭ ਤੇਰੀ ॥*
*ਬਿਨਸਿ ਗਈ ਹਉਮੈ ਮਤਿ ਮੇਰੀ ॥* *ਅੰਗ- 1072*

ਜਦੋਂ ਪ੍ਰਤੀਤ ਬਣ ਗਈ ਕਿ ਮੇਰੇ ਆਲੇ-ਦੁਆਲੇ ਚਾਰੇ ਪਾਸੇ ਤੂੰ ਹੀ ਤੂੰ ਹੈਂ। ਫੇਰ ਆਪਣਾ ਆਪ ਗੁਆਚਣ ਲੱਗ ਜਾਂਦਾ ਹੈ ਉਹਦੇ 'ਚ ਕਿ ਮੈਂ

ਵੀ ਹੈਗਾ ਫੇਰ ਇਹਦੇ ਵਿਚ। ਮਹਾਰਾਜ ਕਹਿੰਦੇ, ਫੇਰ ਚੀਨਣ ਲਗ ਜਾਂਦਾ ਹੈ ਇਹ –

***ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥***
***ਅੰਗ – 684***

ਫੇਰ ਭਰਮ ਦੀ ਕਾਲੀ ਲਕੀਰ ਜਿਹੜੀ ਪਈ ਹੋਈ ਹੈ, ਉਹ ਘਟਣ ਲਗ ਜਾਂਦੀ ਹੈ, ਜਿਉਂ-ਜਿਉਂ ਆਪਾ ਚੀਨਦਾ ਹੈ। ਚੀਨਦਾ ਉਦੋਂ ਹੈ ਜਦੋਂ ਪ੍ਰਤੀਤ ਇਹਦੇ ਮਨ 'ਚ ਵਸ ਜਾਵੇ। ਜੇ ਪਰਤੀਤ ਨਹੀਂ ਆਉਂਦੀ ਫੇਰ ਨਿਰਾ ਗਿਆਨੀ ਰਹਿ ਜਾਂਦਾ ਹੈ। ਫੇਰ ਨਹੀਂ ਹੋਇਆ ਕਰਦਾ, ਫੇਰ ਨਾਸਤਕ ਹੋ ਜਾਂਦਾ ਹੈ ਤੇ ਜਦੋਂ ਪ੍ਰਤੀਤ ਬਣ ਗਈ, ਫੇਰ –

***ਅੰਗੀਕਾਰੁ ਕੀਆ ਪ੍ਰਭਿ ਅਪਨੈ ਜਗ ਮਹਿ ਸੋਭ ਸੁਹਾਈ ਹੇ ॥***
***ਅੰਗ – 1072***

ਸੋਭਾ ਹੋ ਜਾਂਦੀ ਹੈ ਸੰਸਾਰ 'ਚ, ਕਿਉਂਕਿ ਅੰਗੀਕਾਰ ਕਰ ਲਿਆ –

***ਜੈ ਜੈ ਕਾਰੁ ਜਪਹੁ ਜਗਦੀਸੈ ॥***
***ਬਲਿ ਬਲਿ ਜਾਈ ਪ੍ਰਭ ਅਪੁਨੇ ਈਸੈ ॥***
***ਤਿਸੁ ਬਿਨੁ ਦੂਜਾ ਅਵਰੁ ਨ ਦੀਸੈ ਏਕਾ ਜਗਤਿ ਸਬਾਈ ਹੇ ॥***
***ਅੰਗ – 1072***

ਦੂਸਰਾ ਦਿਸਦਾ ਹੀ ਨਹੀਂ, ਕਹਿੰਦੇ ਸਾਰਾ ਜਗਤ ਇੱਕੋ ਹੀ ਵਾਹਿਗੁਰੂ ਹੈ –

***ਸਤਿ ਸਤਿ ਸਤਿ ਪ੍ਰਭੁ ਜਾਤਾ ॥ ਗੁਰ ਪਰਸਾਦਿ ਸਦਾ ਮਨੁ ਰਾਤਾ ॥ ਸਿਮਰਿ ਸਿਮਰਿ ਜੀਵਹਿ ਜਨ ਤੇਰੇ ਏਕੰਕਾਰਿ ਸਮਾਈ ਹੇ ॥***
***ਭਗਤ ਜਨਾ ਕਾ ਪ੍ਰੀਤਮੁ ਪਿਆਰਾ ॥***
***ਸਭੈ ਉਧਾਰਣੁ ਖਸਮੁ ਹਮਾਰਾ ॥***
***ਸਿਮਰਿ ਨਾਮੁ ਪੁੰਨੀ ਸਭ ਇਛਾ ਜਨ ਨਾਨਕ ਪੈਜ ਰਖਾਈ ਹੇ ॥***
***ਅੰਗ – 1072***

ਜਦੋਂ ਯਾਦ ਕਰ-ਕਰ ਕੇ, ਕਰ-ਕਰ ਕੇ ਜੀਵ ਦਾ ਅਧਿਆਸ ਟੁੱਟ ਜਾਏਗਾ, ਬ੍ਰਹਮ ਅਧਿਆਸ ਇਹਦੇ ਅੰਦਰ ਜਾਗ ਪਏਗਾ, ਫੇਰ ਇਹ ਏਕੰਕਾਰ 'ਚ ਸਮਾਅ ਜਾਂਦਾ ਹੈ, ਉਹਦਾ ਹੀ ਰੂਪ ਬਣ ਜਾਂਦਾ ਹੈ। ਸੋ ਮਹਾਰਾਜ ਕਹਿੰਦੇ ਪ੍ਰੇਮੀਓਂ! ਇਹ ਤਿੰਨ ਬੜੇ ਵੱਡੇ ਸੰਗਲ ਨੇ ਜਿਹੜੇ ਟੁਟਦੇ ਨਹੀਂ, ਚੌਥਾ ਸੰਗਲ ਹੈ ਸੰਸੇ ਦਾ, ਸੰਸਾ ਪੈਂਦਾ ਹੈ ਉਨ੍ਹਾਂ ਨੂੰ ਜਿਹੜੇ ਇਸ ਰਸਤੇ ਪੈਂਦੇ ਨੇ, ਦੂਸਰਿਆਂ ਨੂੰ ਤਾਂ ਪਤਾ ਹੀ ਨਹੀਂ ਕਿ ਸੰਸਾ ਕੀ ਹੁੰਦਾ ਹੈ। ਉਹਦੇ 'ਚ ਸੰਸਾ ਪੈਂਦਾ ਹੈ ਕਿ ਆਤਮਾ ਜਿਹੜਾ ਹੈ ਕਿ ਕਰਤਾ ਹੈ ਜਾਂ ਅਕਰਤਾ ਹੈ। ਇਹ ਕੁਛ ਕਰਦਾ ਹੈ ਜਾਂ ਨਹੀਂ ਕਰਦਾ। ਆਤਮਾ ਸਾਖੀ ਜਾਂ ਸਾਖੀ ਨਹੀਂ ਹੈ। ਜੇ ਸਾਖੀ ਹੈ ਤਾਂ ਕੀ ਵਾਹਿਗੁਰੂ ਤੋਂ ਭਿੰਨ ਹੈ ਕਿ ਵਾਹਿਗੁਰੂ ਦਾ ਹੀ ਰੂਪ ਹੈ। ਜੇ ਬ੍ਰਹਮ ਦਾ ਸਰੂਪ ਹੈ ਤਾਂ ਅਸੀਂ ਜਾਣ ਸਕਦੇ ਹਾਂ, ਫੇਰ ਇੱਕ ਨਵੀਂ ਗੱਲ ਆ ਜਾਂਦੀ ਹੈ, ਫੇਰ ਅਸੀਂ ਜਾਣ ਸਕਦੇ ਹਾਂ। ਫੇਰ ਗਿਆਨ ਹੋ ਗਿਆ ਜਾਨਣ ਨਾਲ, ਮੁਕਤੀ ਸਾਡੀ ਹੋ ਸਕਦੀ ਹੈ ਕਿ ਨਹੀਂ ਹੋ ਸਕਦੀ। ਇਹਨੂੰ ਸੰਸਾ ਕਹਿੰਦੇ ਨੇ,

ਵੱਡਾ ਸੰਸਾ ਹੈ ਇਹ, ਛੋਟਾ ਸੰਸਾ ਨਹੀਂ। ਛੋਟੇ ਸੰਸੇ ਇਹ ਹੁੰਦੇ ਨੇ ਕਿ ਜੀ, ਇਹਦਾ ਅਰਥ ਇਹ ਹੈ, ਇਹਦਾ ਆਹ ਹੈ। ਆਹ ਰਹਿਤ ਹੋਣੀ ਚਾਹੀਦੀ ਆਹ ਨਹੀਂ ਹੋਣੀ ਚਾਹੀਦੀ। ਵੱਡਾ ਸੰਸਾ ਜਿਹੜਾ ਪ੍ਰਮੇਸ਼ਰ ਤੋਂ ਦੂਰ ਰੱਖਦਾ ਹੈ ਉਹ ਇਹੀ ਹੋਇਆ ਕਰਦਾ ਹੈ। ਸੋ ਮਹਾਰਾਜ ਕਹਿੰਦੇ ਇਹ ਸੰਸਾ ਜੇ ਦੂਰ ਕਰਨਾ ਹੈ ਤਾਂ ਤੂੰ ਗੁਰੂ ਦਾ ਬਚਨ ਮੰਨ, ਤੂੰ ਭੁਲੇਖਾ ਖਾ ਗਿਆ। ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਪਿਆਰੇ ਜੀ, ਸਭਨੀਂ ਘਟੀਂ ਰਾਮ ਵਸਦਾ,***
***ਤੈਨੂੰ ਪੈ ਗਿਆ ਭੁਲੇਖਾ ਭਾਰੀ।***

ਮਹਾਰਾਜ ਕਹਿੰਦੇ, ਇਹ ਭੁਲੇਖਾ ਤਾਂ ਦੂਰ ਹੁੰਦਾ ਹੈ, ਜੇ ਇਹ ਗੁਰੂ ਦੇ ਬਚਨ ਦੇ ਉਤੇ ਵਿਸ਼ਵਾਸ਼ ਕਰ ਲਵੇ ਕਿ ਸਤਿ ਕਰਕੇ ਇਸਨੂੰ ਮੰਨ। ਫੇਰ ਇਹਦਾ ਗਾਉਣਾ ਸੁਣਨਾ ਥਾਉਂ ਪੈਂਦਾ ਹੈ। ਓਨਾਂ ਚਿਰ ਨਹੀਂ ਥਾਉਂ ਪੈਂਦਾ, ਓਨਾ ਚਿਰ ਥਕੇਵਾਂ ਹੀ ਹੈ–

***ਸੇਵਕ ਸਿਖ ਪੂਜਣ ਸਭਿ ਆਵਹਿ***
***ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥***
***ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ***
***ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥***
***ਅੰਗ – 669***

ਅਸੀਂ ਤਾਂ ਨਹੀਂ ਮੰਨਣ ਨੂੰ ਤਿਆਰ ਇਸ ਆਗਿਆ ਨੂੰ ਕਿ ਤੁਸੀਂ ਤਾਂ ਸਾਡਾ ਹੀ ਖਾਤਮਾ ਕਰੀ ਜਾਂਦੇ ਹੋਂ। ਮੈਂ ਤਾਂ ਰਹਿਣਾ ਹੀ ਹੈ, ਤੂੰ ਵੀ ਰਹਿ ਤੇ ਮੈਂ ਵੀ ਰਹਾਂ। ਉਹ ਕਹਿੰਦੇ, ਦੋ ਨਹੀਂ ਹੋਇਆ ਕਰਦਾ ਇਕੋ ਹੋਇਆ ਕਰਦਾ ਹੈ –

***ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥***
***ਅੰਗ – 617***

ਸਾਰੇ ਦਰਖਤਾਂ ਦੇ ਵਿਚ ਅੱਗ ਹੈ, ਸਾਰੇ ਦੁੱਧਾਂ ਦੇ ਵਿਚ ਘੀ ਹੈ। ਇਸੇ ਤਰ੍ਹਾਂ ਦੇ ਨਾਲ –

***ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ ॥***
***ਅੰਗ – 617***

ਉਹਦੇ ਵਿਚ ਜੋਤ ਹੈ, ਜਾਗਰਤ ਹੈ ਤੇ ਉਹ ਹੈਗੀ ਜੋਤ ਵਾਹਿਗੁਰੂ। ਘਟ-ਘਟ ਦੇ ਵਿਚ ਸਮਾਇਆ ਹੋਇਆ ਹੈ –

***ਸੰਤਹੁ ਘਟਿ ਘਟਿ ਰਹਿਆ ਸਮਾਹਿਓ ॥***
***ਪੂਰਨ ਪੂਰਿ ਰਹਿਓ ਸਰਬ ਮਹਿ***
***ਜਲਿ ਥਲਿ ਰਮਈਆ ਆਹਿਓ ॥ ਅੰਗ – 617***

ਸਾਰਿਆਂ ਦੇ ਵਿਚ ਪੂਰਨ ਹੈ, ਦੂਜੇ ਦੀ ਇਹਦੇ ਵਿਚ ਗੁਜਾਇੰਸ਼ ਨਹੀਂ ਹੈ –

***ਗੁਣ ਨਿਧਾਨ ਨਾਨਕੁ ਜਸੁ ਗਾਵੈ ਸਤਿਗੁਰਿ ਭਰਮੁ ਚੁਕਾਇਓ ॥***
***ਅੰਗ – 617***

ਪਰ ਗੁਰੂ ਤੋਂ ਬਗੈਰ ਕੋਈ ਏਸ ਬੰਧਨ ਨੂੰ ਕੱਟ ਨਹੀਂ ਸਕਦਾ –

***ਸਰਬ ਨਿਵਾਸੀ ਸਦਾ ਅਲੇਪਾ ਸਭ ਮਹਿ ਰਹਿਆ ਸਮਾਇਓ ॥***
***ਅੰਗ – 617***

ਸਾਰਿਆਂ ਦੇ ਅੰਦਰ ਸਮਾਅ ਰਿਹਾ ਹੈ –

***ਬਾਜੀਗਰਿ ਜੈਸੇ ਬਾਜੀ ਪਾਈ ॥ ਨਾਨਾ ਰੂਪ ਭੇਖ ਦਿਖਲਾਈ ॥***
***ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥ ਤਬ ਏਕੋ ਏਕੰਕਾਰਾ ॥***
***ਅੰਗ – 736***

ਉਹਨੇ ਆਪਣੀ ਮਾਇਆ ਦੇ ਨਾਲ ਬਾਜੀ ਪਾ ਦਿਤੀ। ਇੱਕ ਵਾਰੀ ਇੱਕ ਰਾਜੇ ਦੇ ਕੋਲ ਇਕ ਜਾਦੂਗਰ ਆਇਆ। ਉਹਨੇ ਆ ਕੇ ਕਿਹਾ ਕਿ ਮਹਾਰਾਜ! ਮੈਂ ਤਮਾਸ਼ਾ ਦਿਖਾਉਣਾ ਚਾਹੁੰਦਾ ਹਾਂ। ਰਾਜਾ ਕਹਿੰਦਾ ਕਿ ਤਮਾਸ਼ਾ ਉਹ ਦਿਖਾਈਂ ਜਿਹਦੇ ਨਾਲ ਕੋਈ ਸਿੱਖਿਆ ਵੀ ਮਿਲੇ। ਕਹਿੰਦਾ, ਠੀਕ ਹੈ ਮਹਾਰਾਜ।

ਕਹਿੰਦੇ, ਕੀ ਦਿਖਾਏਂਗਾ?

ਕਹਿੰਦਾ, ਤੁਸੀਂ ਕੀ ਦੇਖਣਾ ਪਸੰਦ ਕਰਦੇ ਓਂ ਮਹਾਰਾਜ?

ਕਹਿੰਦਾ ਜੇ ਆਗਿਆ ਹੋਵੇ ਤਾਂ ਮੈਂ ਦੇਵ ਲੋਕ ਜਾ ਕੇ ਦੇਵਤਿਆਂ ਨਾਲ ਯੁੱਧ ਕਰਕੇ ਦਿਖਾ ਸਕਦਾ ਹਾਂ ਤੁਹਾਨੂੰ।

ਕਹਿੰਦੇ, ਇਸ ਤੋਂ ਵੱਡੀ ਗੱਲ ਕੀ ਹੋ ਸਕਦੀ ਹੈ।

ਕਹਿਣ ਲੱਗਿਆ, ਮੇਰੇ ਨਾਲ ਮੇਰੀ ਇਸਤ੍ਰੀ ਹੈ, ਜੇ ਮੈਂ ਯੁੱਧ ਕਰਨ ਗਿਆ ਮਾਰਿਆ ਗਿਆ, ਤਾਂ ਇਹ ਕੀ ਕਰੇਗੀ ਵਿਚਾਰੀ, ਇਹਦੀ ਜ਼ਿੰਮੇਵਾਰੀ ਲਓ ਕੋਈ। ਰਾਜੇ ਨੇ ਜ਼ਿੰਮੇਵਾਰੀ ਲਈ, ਕਹਿਣ ਲੱਗਿਆ ਕਿ ਮੈਂ ਇਸਨੂੰ ਆਪਣੀਆਂ ਲੜਕੀਆਂ ਵਾਂਗੂੰ ਸਮਝਾਂਗਾ, ਤੂੰ ਨਾ ਫਿਕਰ ਕਰ।

ਉਹਨੇ ਇੱਕ ਗੋਲਾ ਜਿਹਾ ਕੱਢਿਆ, ਉਪਰ ਨੂੰ ਛੱਡ ਦਿਤਾ, ਦੇਖਦੇ-ਦੇਖਦੇ ਅੱਖਾਂ ਤੋਂ ਉਹਲੇ ਹੋ ਗਿਆ, ਉਸ ਤੋਂ ਬਾਅਦ ਖੀਚਿਆ ਉਹ ਰੱਸੀ ਦੇ ਨਾਲ ਉਪਰ ਨੂੰ ਚੜ੍ਹਨਾ ਸ਼ੁਰੂ ਹੋ ਗਿਆ, ਅੱਖਾਂ ਦੇ ਓਹਲੇ ਹੋ ਗਿਆ। ਦੂਰ ਜਾ ਕੇ ਆਵਾਜ਼ ਆਈ ਕਿ ਰਾਜਨ! ਮੈਂ ਦੇਵ ਲੋਕ 'ਚ ਪਹੁੰਚ ਗਿਆ ਤੇ ਹੁਣ ਮੈਂ ਲੜਾਈ ਕਰ ਰਿਹਾ ਹਾਂ। ਇੰਦਰ ਨੂੰ ਕਿਹਾ ਹੈ, ਇੰਦਰ ਨੇ ਮੇਰੇ ਨਾਲ ਲੜਨ ਵਾਸਤੇ ਪਵਣ ਦੇਵਤਾ ਕੱਢਿਆ ਹੈ।

ਖਟਾਖਟ ਦੀ ਆਵਾਜ਼ ਸੁਣਦੀ ਹੈ, ਉਸ ਤੋਂ ਬਾਅਦ ਆਵਾਜ਼ ਆਈ ਕਿ ਮੈਂ ਪਵਣ ਦੇਵਤੇ ਨੂੰ ਮਾਰ ਦਿਤਾ। ਹੇਠਾਂ ਆ ਰਿਹਾ ਹੈ ਉਹ, ਹਨ੍ਹੇਰੀ ਚੱਲ ਪਈ, ਦਰਖਤ ਗਿਰਨੇ ਸ਼ੁਰੂ ਹੋ ਗਏ।

ਕਹਿਣ ਲੱਗੇ, ਬੱਲੇ, ਕਿੱਡਾ ਮਜ਼ਬੂਤ ਬੰਦਾ ਹੈ, ਪਵਣੁ ਦੇਵਤੇ ਨੂੰ ਮਾਰ ਲਿਆ। ਦੇਖੋ ਮਾਰ ਕੇ ਥੱਲੇ ਵੀ ਸੁੱਟ ਦਿਤਾ। ਫੇਰ ਆਵਾਜ਼ ਆਈ ਕਿ ਮੈਂ ਅਗਨ ਦੇਵਤਾ ਮਾਰ ਲਿਆ, ਅੱਗ ਹੀ ਅੱਗ ਹੋ ਰਹੀ ਹੈ

ਅਸਮਾਨ 'ਚ, ਹੇਠਾਂ ਅੱਗ ਹੀ ਅੱਗ ਨਿਕਲ ਰਹੀ ਹੈ ਤੇ ਸਿਰ ਵੱਢ ਕੇ ਥੱਲੇ ਸੁੱਟ ਦਿਤਾ। ਫੇਰ ਆਵਾਜ਼ ਆਈ ਕਿ ਮੈਂ ਬ੍ਰਹਮ ਦੇਵਤਾ ਨੂੰ ਮਾਰ ਲਿਆ। ਪਾਣੀ ਹੀ ਪਾਣੀ ਕਰ ਦਿਤਾ ਹਰ ਥਾਂ ਦੇ ਉਤੇ। ਸਾਰੇ ਡਰੇ ਬੈਠੇ ਨੇ ਕਿ ਇਹ ਤਾਂ ਬੜਾ ਬਹਾਦਰ ਹੈ, ਇਹੋ ਜਿਹਾ ਕਿਤੇ ਫੌਜਾਂ ਦਾ ਜਰਨੈਲ ਹੋਵੇ, ਕੀ ਕਹਿਣਾ ਹੈ ਫੇਰ ਤਾਂ ਸਾਰੀ ਦੁਨੀਆਂ ਨੂੰ ਜਿੱਤ ਲਈਏ।

ਉਸ ਤੋਂ ਬਾਅਦ ਕਹਿਣ ਲੱਗਿਆ ਕਿ ਮੈਂ ਇੰਦਰ ਨਾਲ ਯੁੱਧ ਕਰ ਰਿਹਾ ਹਾਂ ਤੇ ਹਾਇ ਦੀ ਆਵਾਜ਼ ਆਈ ਕਿ ਮੇਰੀ ਬਾਂਹ ਕੱਟ ਗਈ। ਫੇਰ ਹਾਇ ਦੀ ਆਵਾਜ਼ ਆਈ ਕਿ ਮੇਰੀ ਲੱਤ ਕੱਟ ਗਈ। ਉਸ ਤੋਂ ਬਾਅਦ ਆਵਾਜ਼ ਆਈ ਕਿ ਮੈਂ ਹੁਣ ਮਾਰਿਆ ਜਾ ਰਿਹਾ ਹਾਂ। ਧੜ ਕਟ ਗਿਆ, ਸਰੀਰ ਦੇ ਟੁੱਕੜੇ-ਟੁੱਕੜੇ ਹੋ ਕੇ, ਕਿਤੇ ਬਾਂਹ, ਕਿਤੇ ਲੱਤ ਗਿਰ ਰਹੀ ਹੈ। ਬੜਾ ਹੀ ਅਫਸੋਸ ਹੋਇਆ ਸਾਰਿਆਂ ਨੂੰ। ਤੇ ਉਹ ਜਿਹੜੀ ਉਹਦੀ ਘਰਵਾਲੀ ਸੀ ਉਹਨੇ ਰੋਣਾ ਸ਼ੁਰੂ ਕਰ ਦਿਤਾ ਕਿ ਮੇਰਾ ਪਤੀ ਤਾਂ ਸ਼ਹੀਦ ਹੋ ਗਿਆ, ਮੈਂ ਕੀ ਕਰਾਂ। ਚਿਤਾ ਬਣਾਈ ਗਈ ਤੇ ਉਹਦੇ ਵਿਚ ਚੁਣ ਕੇ ਉਹਦੀ ਲਾਸ਼ ਰੱਖੀ ਗਈ ਤੇ ਨਾਲ ਉਹਦੀ ਘਰਵਾਲੀ ਬੈਠੀ, ਅੱਗ ਲਾ ਦਿਤੀ। ਜਦੋਂ ਅੱਗ ਲਾ ਦਿਤੀ, ਜਲ ਗਏ। ਉਸ ਵੇਲੇ ਕੀ ਦੇਖਦੇ ਨੇ ਕਿ ਓਹੀ ਧੜ ਰੱਸੀ ਦੇ ਨਾਲ ਥੱਲੇ ਨੂੰ ਉਤਰਿਆ ਆਉਂਦਾ ਹੈ। ਹੇਠਾਂ ਆ ਕੇ ਕਹਿਣ ਲੱਗਿਆ, ਮਹਾਰਾਜ ਕੀ ਜੈ ਹੋ, ਹੈਰਾਨ ਹੋ ਗਏ ਸਾਰੇ। ਕਹਿਣ ਲੱਗੇ, ਜਾਦੂਗਰ! ਤੂੰ ਜੀਉਂਦਾ ਹੈਂ? ਕਹਿੰਦਾ, ਹਾਂ ਮਹਾਰਾਜ! ਮੈਂ ਜੀਉਂਦਾ ਹਾਂ, ਤਾਂ ਹੀ ਆਇਆ ਹਾਂ। ਨਹੀਂ ਤਾਂ ਕਿੱਥੋਂ ਆਉਂਦਾ, ਕਹਿਣ ਲੱਗੇ, ਮੇਰੀ ਇਸਤ੍ਰੀ ਕਿੱਥੇ ਹੈ? ਕਹਿੰਦੇ, ਉਹ ਤਾਂ ਸਤੀ ਹੋ ਗਈ ਤੇਰੇ ਨਾਲ। ਕਹਿੰਦਾ, ਮੈਂ ਤਾਂ ਜਦ ਮਰਿਆ ਹੀ ਨਹੀਂ, ਸਤੀ ਕਿਸ ਨਾਲ ਹੋ ਗਈ। ਕਹਿਣ ਲੱਗਿਆ, ਤੁਸੀਂ ਛੁਪਾ ਲਈ, ਮੈਂ ਆਵਾਜ਼ ਦਿੰਦਾ ਹਾਂ।

ਬਹੁਤ ਸਫਾਈ ਦਿੰਦੇ ਨੇ ਕਿ ਜਾਦੂਗਰ! ਉਹ ਤਾਂ ਸਤੀ ਹੋ ਗਈ।

ਉਸ ਵੇਲੇ ਆਵਾਜ਼ ਮਾਰੀ, ਅੰਦਰੋਂ ਆਵਾਜ਼ ਆਈ ਕਿ ਮੈਨੂੰ ਰਾਜੇ ਨੇ ਸੱਤ ਤਾਲੇ ਲਾ ਕੇ ਅੰਦਰ ਬੰਦ ਕਰਿਆ ਹੋਇਆ ਹੈ। ਤਾਲੇ ਖੋਲ੍ਹ ਕੇ ਅੰਦਰੋਂ ਕੱਢ ਲਿਆਇਆ। ਸਾਰੇ ਹੈਰਾਨ ਕਿ ਇਹ ਗੱਲ ਕੀ ਹੋਈ ਸਾਡੇ ਸਾਮ੍ਹਣੇ ਸਤੀ ਹੋਈ ਹੈ।

ਉਸ ਤੋਂ ਬਾਅਦ ਕਹਿਣ ਲੱਗਿਆ ਕਿ ਮਹਾਰਾਜ! ਮੇਰਾ ਇਨਾਮ, ਮੈਂ ਤੁਹਾਨੂੰ ਤਮਾਸ਼ਾ ਦਿਖਾਇਆ ਹੈ। ਕਹਿਣ ਲੱਗਿਆ ਕਿ ਦੇਖੋ, ਨਾਲੇ ਤਾਂ ਮੈਂ ਤਮਾਸ਼ਾ ਦਿਖਾਇਆ ਹੈ ਹੁਣ ਤੁਸੀਂ ਸਮਝੋ ਕਿ ਇਹਦੇ ਵਿਚ ਸਿੱਖਿਆ ਕੀ ਹੈ। ਉਹ ਇਹ ਹੈ ਮੈਂ ਇਹਦੇ ਵਿਚ ਕਿਤੇ ਨਹੀਂ ਗਿਆ, ਮੈਂ ਤੁਹਾਡੇ ਕੋਲ ਖੜ੍ਹਾ ਰਿਹਾ ਹਾਂ, ਨਾ ਮੈਂ ਕਿਸੇ ਆਕਾਸ਼ 'ਚ ਗਿਆ, ਨਾ ਕਿਸੇ ਦੇਵਤੇ ਨਾਲ ਲੜਿਆ ਹਾਂ, ਕੇਵਲ ਮੇਰੀ ਮਾਇਆ ਦੇ ਮੋਹੇ ਹੋਏ ਤੁਸੀਂ, ਜੋ ਮੇਰੇ ਮਨ 'ਚ ਆਉਂਦਾ ਸੀ ਉਹੀ ਦੇਖ ਰਹੇ ਸੀ। ਨਾ ਮੇਰੀ ਕੋਈ ਇਸਤ੍ਰੀ ਹੈ ਤੇ ਹੁਣ ਤੁਸੀਂ ਦੇਖ ਲਓ ਮੇਰੇ ਕੋਲ ਕੋਈ ਨਹੀਂ ਖੜ੍ਹੀ।

ਮੈਂ ਇਕੱਲਾ ਹੀ ਖੜ੍ਹਾ ਹਾਂ, ਨਾ ਮੇਰੇ ਕੋਲ ਕੋਈ ਹਥਿਆਰ ਹੈ, ਨਾ ਤਲਵਾਰ ਹੈ, ਮੈਂ ਤਾਂ ਇਥੇ ਹੀ ਖੜ੍ਹਾ ਰਿਹਾ ਹਾਂ ਲੇਕਿਨ ਮੈਂ ਆਪਣੀ ਮਾਇਆ ਨਾਲ ਤੁਹਾਨੂੰ ਮੋਹਿਤ ਕਰਕੇ, ਭੁਲਾ ਦਿਤਾ ਤੁਹਾਨੂੰ ਆਪਣੇ ਆਪ ਤੋਂ। ਨਵਾਂ ਵਾਤਾਵਰਣ ਕਾਇਮ ਕਰ ਦਿਤਾ ਤੇ ਸਿੱਖਿਆ ਇਹਦੇ ਵਿਚ ਇਹ ਹੈ ਕਿ ਜਿਹੜਾ ਪ੍ਰਭੂ ਹੈ ਪ੍ਰਮੇਸ਼ਰ ਉਹ ਕਿੱਡਾ ਵੱਡਾ ਜਾਦੂਗਰ ਹੈ, ਉਹਨੇ ਅਣਹੋਂਦੀ ਦੁਨੀਆਂ ਤੁਹਾਨੂੰ ਦਿਖਾ ਦਿਤੀ। ਹੈ ਕੁਛ ਨਹੀਂ ਇਹਦਾ ਵਜੂਦ ਕੁਛ ਨਹੀਂ ਹੈ, ਲੇਕਿਨ ਦਿਸ ਰਹੀ ਹੈ, ਸਤਿ ਲੱਗ ਰਹੀ ਹੈ। ਸੁਪਨੇ ਦਾ ਕੋਈ ਵਜੂਦ ਹੁੰਦਾ ਹੈ? ਅੱਖਾਂ ਖੁਲ੍ਹ ਜਾਂਦੀਆ ਨੇ, ਭਾਲ ਲਓ ਫੇਰ ਸੁਪਨੇ ਨੂੰ? ਲੱਭਦਾ ਹੀ ਨਹੀਂ ਸੁਪਨੇ ਵਾਲਾ ਕਿ ਕਿੱਧਰ ਚਲੇ ਗਏ ਜਿਹੜੇ ਹੁਣੇ ਗੱਲਾਂ ਕਰਦੇ ਸੀ। ਨਾ ਉਹ ਮੁੜ ਕੇ ਮਿਲਣ, ਕਹਿਣ ਲੱਗਿਆ ਰਾਜਨ! ਉਹ ਰਾਤ ਦਾ ਸੁਪਨਾ ਹੈ, ਇਹ ਦਿਨ ਦਾ ਸੁਪਨਾ ਹੈ, ਲੰਮਾ ਸੁਪਨਾ ਹੈ, ਉਹ ਇਕ ਰੈਣ ਦਾ ਸੁਪਨਾ ਹੈ, ਹੈ ਦੋਵੇਂ ਸੁਪਨੇ ਹੀ। ਜਿਹੜਾ ਜੀਵ ਹੈ ਇਹ ਸੁਪਨੇ ਦੇ ਵਿਚ ਉਲਝਿਆ ਪਿਆ ਹੈ –

***ਬਾਜੀਗਰਿ ਜੈਸੇ ਬਾਜੀ ਪਾਈ ॥ ਨਾਨਾ ਰੂਪ ਭੇਖ ਦਿਖਲਾਈ ॥***
***ਸਾਂਗੁ ਉਤਾਰਿ ਥੰਮਿ੍ਓ ਪਾਸਾਰਾ ॥ ਤਬ ਏਕੋ ਏਕੰਕਾਰਾ ॥ 1 ॥***
***ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥***
***ਕਤਹਿ ਗਇਓ ਉਹੁ ਕਤ ਤੇ ਆਇਓ ॥*** ***ਅੰਗ – 736***

ਕਹਿੰਦੇ, ਐਨੇ ਰੂਪ ਆਏ ਸੀ, ਕਿੱਥੇ ਚਲੇ ਗਏ? –

***ਜਲ ਤੇ ਊਠਹਿ ਅਨਿਕ ਤਰੰਗਾ ॥***
***ਕਨਿਕ ਭੂਖਨ ਕੀਨੇ ਬਹੁ ਰੰਗਾ ॥*** ***ਅੰਗ – 736***

ਸਮੁੰਦਰ ਦੇ ਕੰਢੇ ਖੜ੍ਹੇ ਹੋ ਜਾਓ, ਲਹਿਰਾਂ ਤੇ ਲਹਿਰਾਂ ਆ ਰਹੀਆਂ ਨੇ, ਉੱਚੀਆਂ-ਉੱਚੀਆਂ, ਲਗਦਾ ਹੈ ਹੁਣ ਨਹੀਂ ਧਰਤੀ ਬਚਦੀ, 200-200 ਫੁੱਟ ਉੱਚੀ ਲਹਿਰ ਆ ਰਹੀ ਹੈ, ਉਹ ਕਿੱਥੇ ਚਲੀ ਜਾਂਦੀ ਹੈ, ਸਮੁੰਦਰ 'ਚ ਹੀ ਸਮਾਅ ਜਾਂਦੀਆਂ ਹੈ, ਸਮੁੰਦਰ 'ਚੋਂ ਉੱਠ ਕੇ। ਸੋਨੇ ਦੇ ਬੇਅੰਤ ਗਹਿਣੇ ਬਣਦੇ ਨੇ, ਮੁੜ ਕੇ ਢਾਲ ਦਿਓ, ਸੋਨੇ ਦਾ ਸੋਨੇ ਹੋ ਜਾਂਦਾ ਹੈ –

***ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥ ਫਲ ਪਾਕੇ ਤੇ ਏਕੰਕਾਰਾ ॥***
***ਅੰਗ – 736***

ਬੀਜ, ਬੀਜ ਦਿਤਾ। ਬੂਟਾ ਬਣ ਗਿਆ, ਫੈਲ ਗਿਆ, ਬਹੁਤ ਵੱਡਾ ਵਿਸਥਾਰ ਹੋ ਗਿਆ ਬੋਹੜ ਦਾ, ਅਖੀਰ ਬੀਜ ਵਿਚ ਫੇਰ ਸਮਾਅ ਗਿਆ, ਫਲ ਲਗ ਗਿਆ ਜਦ, ਉਹਦੇ ਵਿਚੋਂ ਫੇਰ ਬੀਜ ਨਿਕਲ ਆਇਆ। ਟਾਹਣੀਆਂ ਦੇ ਵਿਚ ਰਮਿਆ ਹੋਇਆ। ਇਸੇ ਤਰ੍ਹਾਂ ਮਹਾਰਾਜ ਕਹਿੰਦੇ –

***ਸਹਸ ਘਟਾ ਮਹਿ ਏਕੁ ਆਕਾਸੁ ॥ ਘਟ ਫੂਟੇ ਤੇ ਓਹੀ ਪ੍ਰਗਾਸੁ ॥***
***ਭਰਮ ਲੋਭ ਮੋਹ ਮਾਇਆ ਵਿਕਾਰ ॥ ਭ੍ਰਮ ਛੂਟੇ ਤੇ ਏਕੰਕਾਰ ॥***
***ਅੰਗ – 736***

ਮਾਇਆ ਦਾ ਵਿਕਾਰ ਤੇ ਭਰਮ ਨੇ ਜੀਵ ਨੂੰ ਮੋਹ ਲਿਆ, ਜਦੋਂ

ਛੁਟ ਜਾਂਦਾ ਹੈ, ਫੇਰ ਕੀ ਦੇਖਦਾ ਹੈ ਕਿ ਆਪੇ ਹੀ ਵਾਹਿਗੁਰੂ, ਇਥੇ ਹੋਰ ਤਾਂ ਕੋਈ ਹੈ ਨਹੀਂ, ਨਾ ਮੈਂ ਨਾ ਤੂੰ, ਕੋਈ ਨਹੀਂ ਹੈ। ਦ੍ਰਿੜ੍ਹ ਨਿਹਚਾ ਹੋ ਜਾਂਦਾ ਹੈ, ਵਿਸ਼ਵਾਸ਼ ਆ ਜਾਂਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਸੰਸਾ ਬੰਧਨ ਹੈ, ਇਹ ਟੁੱਟ ਜਾਇਆ ਕਰਦਾ ਹੈ। ਛੇਵਾਂ ਬੰਧਨ ਹੋਇਆ ਕਰਦਾ ਹੈ, ਵਾਸ਼ਨਾ ਦਾ। ਵਾਸ਼ਨਾ ਬਹੁਤ ਸਾਰੀਆਂ ਨੇ। ਧਨ ਵਾਸ਼ਨਾ, ਲੋਕ ਵਾਸ਼ਨਾ, ਸਰੀਰ ਵਾਸ਼ਨਾ, ਸ਼ਾਸਤਰ ਵਾਸ਼ਨਾ, ਅਨੁਸ਼ਠਾਨ ਵਾਸ਼ਨਾ, ਜਿੰਨੀਆਂ desires ਨੇ ਆਦਮੀ ਦੇ ਅੰਦਰ, ਸਾਰੀਆਂ ਇਹਨੂੰ ਬੰਨ੍ਹਦੀਆਂ ਨੇ। ਮਹਾਰਾਜ ਕਹਿੰਦੇ, ਬੰਨ੍ਹਿਆਂ ਜਾਂਦਾ ਹੈ - ਵਾਸ਼ਨਾ ਦੇ ਨਾਲ।

***ਹਉਮੈ ਮਮਤਾ ਕਰਦਾ ਆਇਆ ॥***
***ਆਸਾ ਮਨਸਾ ਬੰਧਿ ਚਲਾਇਆ॥*** ***ਅੰਗ - 1031***

ਨਾ ਤਾਂ ਹਉਮੈ ਛਡਦਾ ਹੈ, ਨਾ ਮਮਤਾ ਛਡਦਾ ਹੈ। ਇਨ੍ਹਾਂ ਦੋਹਾਂ ਦਾ ਬੰਨ੍ਹਿਆ ਹੋਇਆ ਚਲਦਾ ਹੈ -

***ਮੇਰੀ ਮੇਰੀ ਕਰਤ ਕਿਆ ਲੇ ਚਾਲੇ***
***ਬਿਖੁ ਲਾਦੇ ਛਾਰ ਬਿਕਾਰਾ ਹੇ॥*** ***ਅੰਗ - 1031***

ਬਿਹੁ ਲੱਦ ਕੇ ਤੂੰ ਇਸ ਸੰਸਾਰ ਤੋਂ ਜਾ ਰਿਹਾ ਹੈਂ।

ਉਸ ਵੇਲੇ ਦੋਹਾਂ ਪ੍ਰੇਮੀਆਂ ਨੇ ਬੇਨਤੀ ਕੀਤੀ ਕਿ ਮਹਾਰਾਜ! ਆਸਾ ਮਨਸਾ ਵੀ ਦੂਰ ਹੋ ਜਾਂਦੀ ਹੈ? ਕਿਉਂਕਿ ਜੀਵ ਤਾਂ ਵਾਸ਼ਨਾ ਦਾ ਬੰਨ੍ਹਿਆ ਹੋਇਆ ਆਉਂਦਾ ਹੈ। ਜਦੋਂ ਤੱਕ ਆਦਮੀ ਦੇ ਅੰਦਰ ਵਾਸ਼ਨਾ ਹੈ ਇਹ still ਅਵਸਥਾ ਨੂੰ ਨਹੀਂ ਪਹੁੰਚ ਸਕਦਾ। ਚਾਹੇ ਸਵਰਗ ਦੀ ਵਾਸ਼ਨਾ ਹੈ, ਚਾਹੇ ਧਨ ਦੀ ਵਾਸ਼ਨਾ ਹੈ, ਕੋਈ ਵਾਸ਼ਨਾ ਹੈ। ਬੇਅੰਤ ਕਿਸਮ ਦੀਆਂ ਵਾਸ਼ਨਾਵਾਂ - ਪੁੱਤਰ ਵਾਸ਼ਨਾ, ਧਨ ਵਾਸ਼ਨਾ, ਸਾਰਿਆਂ ਨੂੰ ਲੱਗੀ ਹੋਈ ਹੈ ਬੀਮਾਰੀ ਇਹ। ਜਿੰਨਾਂ ਚਿਰ ਲੱਗੀ ਹੋਈ ਹੈ, ਓਨਾ ਚਿਰ ਇਹ ਬਚ ਨਹੀਂ ਸਕਦਾ। ਸੋ ਮਹਾਰਾਜ ਕਹਿੰਦੇ ਪਿਆਰਿਓ! ਜੇ ਗੁਰੂ ਦੀ ਓਟ ਵਿਚ ਆ ਜਾਵੇ, ਗੁਰੂ ਦੇ ਬਚਨ ਨੂੰ ਮੰਨ ਲਵੇ ਫੇਰ ਇਹ ਵਾਸ਼ਨਾ ਦਾ ਨਾਸ਼ ਹੋ ਜਾਂਦਾ ਹੈ -

***ਧਾਰਨਾ - ਪਿਆਰੇ ਜੀ, ਆਸਾ ਮਨਸਾ ਦੂਰ ਹੋ ਗਈ,***
***ਜਦੋਂ ਓਟ ਗੁਰਾਂ ਦੀ ਮਿਲ ਗਈ।***

ਜਦੋਂ ਗੁਰੂ ਦੀ ਓਟ ਵਿਚ ਆ ਗਿਆ, ਗੁਰੂ ਦੇ ਬਚਨ ਨੂੰ ਸਤਿ ਕਰਕੇ ਮੰਨ ਲਿਆ, ਸਾਧਸੰਗਤ ਜੀ! ਫੇਰ ਇਹ ਆਸਾ ਮਨਸਾ, ਤਿੰਨ ਗੁਣਾਂ ਦੇ ਵਿਚ ਜਿਹੜਾ ਜੀਵ ਰਹਿੰਦਾ ਹੈ, ਉਹਦੇ ਨਾਲ ਰਹਿੰਦੀ ਹੈ, ਜਦੋਂ ਚੌਥੇ ਪਦ ਵਿਚ ਚਲਿਆ ਜਾਵੇ, ਤੁਰੀਆ ਅਵਸਥਾ ਵਿਚ ਇਹਦੀ ਪਹੁੰਚ ਹੋ ਜਾਵੇ, ਫੇਰ ਆਸਾ ਮਨਸਾ ਖਤਮ ਹੋ ਜਾਂਦੀਆਂ ਹਨ -

***ਆਸਾ ਮਨਸਾ ਦੋਊ ਬਿਨਾਸਤ ਤ੍ਰਿਹੁ ਗੁਣ ਆਸ ਨਿਰਾਸ ਭਈ ॥***

***ਤੁਰੀਆਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਲਹੀ ॥***
***ਅੰਗ - 356***

ਸੋ ਮਹਾਰਾਜ ਕਹਿੰਦੇ, ਇਹ ਛੇ ਬੰਧਨ ਨੇ। ਸੱਤਵਾਂ ਬੰਧਨ ਹੋਇਆ ਕਰਦਾ ਹੈ ਜੰਮਣਾ। ਅੱਠਵਾਂ ਹੋਇਆ ਕਰਦਾ ਹੈ ਮਰਨਾ। ਇਹ ਬੰਧਨ ਜਿਹੜੇ ਨੇ ਇਹ ਸਾਡਾ ਪਿੱਛਾ ਨਹੀਂ ਛੱਡਦੇ, ਇਹ ਸਾਨੂੰ ਬਹੁਤ ਲੰਮਾ ਚੱਕਰ ਪੁਆ ਰਹੇ ਨੇ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਕੇਤੇ ਨਾਗ ਕੁਲੀ ਮਹਿ ਆਏ, ਕੇਤੇ ਪੰਖ ਉਡਾਏ ਨੇ।***

***ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥***
***ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥ ਅੰਗ - 156***

ਮਹਾਰਾਜ ਕਹਿੰਦੇ, ਜੰਮਣ ਤੇ ਮਰਨ ਦਾ ਜਿਹੜਾ ਸੰਸਾ ਪਿਆ ਹੋਇਆ ਹੈ, ਬੰਧਨ ਪਿਆ ਹੋਇਆ ਹੈ ਇਹ ਨਾ ਅਰਬਾਂ ਸਾਲ ਕਹਿ ਸਕਦੇ ਹਾਂ, ਨਾ ਖਰਬਾਂ ਸਾਲ ਕਹਿ ਸਕਦੇ ਹਾਂ। ਜਾਣਦੇ ਹੀ ਨਹੀਂ, ਕਿਹੜੇ ਵੇਲੇ ਤੋਂ ਅਸੀਂ ਜੰਮ ਪੈਂਦੇ ਹਾਂ, ਮਰ ਜਾਂਦੇ ਹਾਂ। ਜਿਵੇਂ ਪਾਣੀ ਦਾ ਬੁਲਬੁਲਾ ਨਜ਼ਰ ਆਉਂਦਾ ਹੈ, ਥੋੜ੍ਹੀ ਜਿਹੀ ਦਿਖਾਈ ਦੇ ਕੇ ਫੇਰ ਚਲੇ ਜਾਂਦੇ ਹਾਂ। ਓਨਾਂ ਚਿਰ 'ਚ ਅਸੀਂ ਮਸਤੀ 'ਚ ਆ ਜਾਂਦੇ ਹਾਂ। ਓਨੇ ਚਿਰ 'ਚ ਹੀ ਕਹਿੰਦੇ ਹਾਂ ਕਿ ਮੇਰੇ ਵਰਗਾ ਨਹੀਂ ਸੰਸਾਰ 'ਚ ਕੋਈ ਆਇਆ। ਮੇਰੇ ਜਿੰਨਾਂ ਅਮੀਰ ਕੋਈ ਨਹੀਂ, ਮੇਰੇ ਪੁੱਤਰ ਨੇ, ਮੇਰੀਆਂ ਧੀਆਂ ਨੇ, ਮੇਰਾ ਕਾਰੋਬਾਰ ਹੈ ਨਿੱਕਾ ਜਿਹਾ ਹੈ। ਮਹਾਰਾਜ ਕਹਿੰਦੇ, ਪਿਆਰਿਆ! ਕਿਉਂ ਭੁਲੇਖੇ ਵਿਚ ਪੈਂਦਾ ਹੈਂ। ਮੁਨਿਆਦ ਨਹੀਂ ਤੇਰੀ ਕੋਈ -

***ਧਾਰਨਾ - ਇਥੇ ਕੀ ਮੁਨਿਆਦਾਂ ਤੇਰੀਆਂ,***
***ਪਾਣੀ ਦਿਆ ਬੁਲਬਲਿਆ।***

***ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥***
***ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥***
***ਅੰਗ - 1427***

ਪਾਣੀ ਦਾ ਬੁਲਬੁਲਾ ਕਦੇ ਛੋਟਾ ਪਹਿਲਾਂ ਚਲਿਆ ਜਾਂਦਾ ਹੈ, ਫਟ ਜਾਂਦਾ ਹੈ, ਕਦੇ ਵੱਡਾ ਪਹਿਲਾਂ ਫਟ ਜਾਂਦਾ ਹੈ। ਥੋੜ੍ਹਾ ਜਿਹਾ ਸਮਾਂ ਸਾਨੂੰ ਮਿਲਦਾ ਹੈ, ਇੱਕ ਜਨਮ ਤੋਂ ਦੂਜੇ 'ਚ ਆ ਕੇ, ਸਰੀਰ ਧਾਰਨ ਕਰਦੇ ਹਾਂ ਫੇਰ ਭੁੱਲ ਜਾਂਦੇ ਹਾਂ। ਫੇਰ ਧਾਰਨ ਕਰਦੇ ਹਾਂ, ਫੇਰ ਭੁੱਲ ਜਾਂਦੇ ਹਾਂ। ਕਿੰਨੇ ਕੁ ਧਾਰ ਲਏ? ਮਹਾਰਾਜ ਕਹਿੰਦੇ - 'ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥' 24 ਹਜ਼ਾਰ ਕਿਸਮ ਦੀਆਂ ਜੜ੍ਹੀਆਂ ਬੂਟੀਆਂ, ਰੁੱਖ ਤੇ ਬਿਰਖ ਹੋਇਆ ਕਰਦੇ ਨੇ। ਚਾਰ ਲੱਖ ਚੌਪਾਏ, ਦੋਪਾਏ, ਇਕ ਪਾਏ, ਸੌ ਪੈਰ ਵਾਲਾ, ਹਜ਼ਾਰ ਪੈਰ ਵਾਲਾ, ਸਾਢੇ ਸੱਤ ਲੱਖ ਕਿਸਮ ਦੇ ਹੋਇਆ ਕਰਦੇ ਨੇ ਜਿਹੜੇ ਪੇਟ ਭਾਰ ਧਰਤੀ ਦੇ ਉਤੇ ਚਲਦੇ ਨੇ ਸੱਪਾਂ ਵਰਗੇ। ਸਾਢੇ ਸੱਤ ਲੱਖ ਕਿਸਮ ਦੇ ਹੁੰਦੇ ਨੇ ਜਿਹੜੇ ਫੰਘਾਂ ਨਾਲ ਉਡਦੇ ਨੇ। ਬਾਕੀ ਪਾਣੀ 'ਚ ਰਹਿੰਦੇ ਨੇ। ਕਹਿੰਦੇ, ਐਨਾ ਚੱਕਰ ਕੱਢਦਾ ਹੈ, ਜਦੋਂ ਫੇਰ ਆ ਕੇ ਸਰੀਰ ਧਾਰਨ ਕਰਦਾ ਹੈ, ਫੇਰ ਮੁੜ ਕੇ ਓਹੀ ਗੱਲ। ਫੇਰ ਧਾਰਨ

ਕਰਦਾ ਹੈ ਫੇਰ ਓਹੀ। ਕਿਤੇ ਫਿਰਦੇ-ਫਿਰਦੇ ਨੂੰ ਮਨੁੱਖ ਦਾ ਜਾਮਾ ਮਿਲ ਜਾਂਦਾ ਹੈ, ਫੇਰ ਤਾਂ ਬਿਲਕੁਲ ਹੀ ਸੌਂ ਜਾਂਦਾ ਹੈ। ਕੁਛ ਨਹੀਂ ਇਹਨੂੰ ਯਾਦ ਰਹਿੰਦਾ, ਜਗਾਉਂਦੇ ਨੇ ਗੁਰੂ। ਬਾਰ-ਬਾਰ ਜਗਾਉਂਦੇ ਨੇ -

*ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥*
*ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ॥ 1 ॥*
*ਰਹਾਉ ॥*
*ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ ॥*
*ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ ॥*

*ਅੰਗ - 727*

ਬਿਲਕੁਲ ਨਹੀਂ ਆਉਂਦੀ ਇਹਨੂੰ ਜਾਗ, ਐਸੀ ਗਾੜ੍ਹੀ ਨੀਂਦ ਇਸ 'ਤੇ ਸਵਾਰ ਹੋ ਗਈ, ਉਹ ਕਹਿੰਦਾ ਹੈ ਕਿ ਦੁਨੀਆਂ ਵਸਦੀ ਹੈ ਸਾਰੀ, ਇਹ ਸੱਚ ਹੈ, ਇਹਨੂੰ ਮੈਂ ਕਿਵੇਂ ਝੂਠ ਕਹਿ ਦੇਵਾਂ, ਮੇਰੇ ਪੁੱਤਰ, ਮੇਰਾ ਬਾਪ, ਮੇਰੇ ਪੋਤੇ, ਮੇਰਾ ਦਾਦਾ, ਪੜਦਾਦਾ; ਸੁਪਨਾ ਹੋਵੇ ਤਾਂ ਪਤਾ ਨਹੀਂ ਲਗਦਾ ਕਿ ਇਹ ਤਾਂ ਸਤਿ ਹੈ ਸੰਸਾਰ। ਉਹ ਕਹਿੰਦੇ ਜੇ ਸੰਸਾਰ ਸਤਿ ਤੂੰ ਮੰਨ ਵੀ ਲਵੇਂ ਦੋ ਘੜੀ ਵਾਸਤੇ, ਤੂੰ ਤਾਂ ਨਹੀਂ ਸਤਿ ਹੈਗਾ। ਤੂੰ ਤਾਂ ਬਦਲਦਾ ਹੀ ਰਹਿਣਾ ਹੈ, ਕਦੇ ਕੁਛ ਬਣ ਜਾਣਾ ਹੈ, ਕਦੇ ਕੁਛ ਬਣ ਜਾਣਾ ਹੈ। ਸੰਸਾਰ ਵੀ ਸਤਿ ਨਹੀਂ, ਇਹ ਤਾਂ ਇਕ ਖੇਡ ਹੈ, ਜਿੰਨਾਂ ਚਿਰ ਖੇਡ ਚਲਦੀ ਹੈ, ਸਤਿ ਹੈ, ਜਦੋਂ ਫੇਰ ਖੇਡ ਸੰਕੋਚ ਲਈ ਤਾਂ ਫੇਰ ਏਕੰਕਾਰ ਹੀ ਰਹਿ ਜਾਂਦਾ ਹੈ -

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥ ਜਾਪੁ ਸਾਹਿਬ*

ਜਦੋਂ ਖੇਲ ਨੂੰ ਅਖੇਲ ਵਿਚ ਬਦਲ ਦਿਤਾ ਉਸ ਵੇਲੇ ਇੱਕੋ ਹੀ ਫੇਰ ਜਾਂਦਾ ਹੈ। ਕਹਿੰਦੇ, ਜੇ ਸਤਿ ਹੁੰਦਾ ਤਾਂ ਇੱਕ ਕਿਉਂ ਬਣਦਾ? ਇਸ ਤਰ੍ਹਾਂ ਦੇ ਨਾਲ ਜਨਮ ਮਰਨ ਦਾ ਬੰਧਨ ਆਦਮੀ ਦੇ ਗਲ ਪਿਆ ਰਹਿੰਦਾ ਹੈ। ਟੁੱਟਦਾ ਕਦ ਹੈ? ਜਦੋਂ ਇਹ ਪ੍ਰਭੂ ਦੀ ਸ਼ਰਨ ਵਿਚ ਆਉਂਦਾ ਹੈ -

*ਆਠ ਪਹਰ ਗੁਨ ਗਾਈਅਹਿ ਤਜੀਅਹਿ ਅਵਰਿ ਜੰਜਾਲ ॥*
*ਜਮਕੰਕਰੁ ਜੋਹਿ ਨ ਸਕਈ ਨਾਨਕ ਪ੍ਰਭੂ ਦਇਆਲ ॥*

*ਅੰਗ - 298*

ਨੌਂਵਾਂ ਬੰਧਨ ਹੋਇਆ ਕਰਦਾ ਹੈ, ਆਹ ਜਿਹੜੀ ਸਾਢੇ ਤਿੰਨ ਹੱਥ ਦੀ ਦੇਹ ਹੈ, ਬਹੁਤ ਕਰੜਾ ਬੰਧਨ ਹੈ, ਇਹ ਨਹੀਂ ਟੁੱਟਦਾ। ਐਡਾ ਅਧਿਆਸ ਪੱਕਿਆ ਹੋਇਆ। ਗੁਰੂ ਸਾਹਿਬ ਕਹੀ ਜਾਂਦੇ ਨੇ ਕਿ ਜੇ ਤੂੰ ਮੇਰੀ ਗੱਲ ਨਾ ਮੰਨੀ ਤਾਂ ਤੇਰਾ ਉਧਾਰ ਨਹੀਂ ਹੋਣਾ, ਮੈਨੂੰ ਮੱਥੇ ਟੇਕੀ ਜਾਂਦਾ ਹੈ, ਰੁਮਾਲੇ ਚਾੜ੍ਹੀ ਜਾਂਦਾ ਹੈਂ, ਇਸ ਤਰ੍ਹਾਂ ਸਤਿਕਾਰ ਕਰੋ ਜੀ ਗੁਰੂ ਦਾ, ਉਤੋਂ-ਉਤੋਂ ਗੁਰੂ ਦਾ ਸਤਿਕਾਰ ਕਰੀ ਜਾਂਦਾ ਹੈ, ਤੂੰ ਸਤਿਕਾਰ ਗੁਰੂ ਦੇ ਬਚਨ ਦਾ ਤਾਂ ਕਰਦਾ ਨਹੀਂ। ਉਤੋਂ-ਉਤੋਂ ਸਤਿਕਾਰ-ਸਤਿਕਾਰ ਦਾ ਰੌਲਾ ਪਾਇਆ ਹੋਇਆ ਹੈ। ਆਪ ਨੂੰ ਵੀ ਧੋਖਾ ਦਿੰਦਾ ਹੈਂ ਤੇ ਸੰਸਾਰ ਨੂੰ ਵੀ ਧੋਖਾ ਦਿੰਦਾ ਹੈਂ। ਮੇਰਾ ਸਤਿਕਾਰ ਤਾਂ ਓਹੀ ਹੈ -

*ਆਗਿਆ ਸਮ ਨਹੀ ਸਾਹਿਬ ਸੇਵਾ।*

ਜੇ ਮੇਰੀ ਆਗਿਆ ਨੂੰ ਸਤਿ ਕਰਕੇ ਮੰਨੇਂ ਤਾਂ ਤੇਰੇ ਤੇ ਮੇਰਾ ਵਿਸ਼ਵਾਸ਼ ਬਣੇਂਗਾ। ਜੇ ਮੇਰਾ ਕਹਿਣਾ ਹੀ ਨਹੀਂ ਮੰਨਣਾ ਫੇਰ ਕੀ ਫਾਇਦਾ। ਸੋ ਗੁਰੂ ਕਹੀ ਜਾਂਦੇ ਨੇ ਕਿ ਤੂੰ ਆਪਣਾ ਮੂਲ ਪਛਾਣ। ਬਚਨ ਮੰਨ ਤੂੰ ਸਾਡਾ ਜੇ ਤੂੰ ਲੰਘਣਾ ਹੈ। ਇੱਕ ਤਰੀਕੇ ਨਾਲ ਨਹੀਂ, ਪਹਿਲੀ ਜਮਾਤ ਤੋਂ ਸਮਝਾਉਣ ਲਗਦੇ ਨੇ, ਨਿੱਕਾ ਜਿਹਾ ਬੱਚਾ ਹੁੰਦੇ ਤੋਂ ਕਿ ਤੈਨੂੰ ਆਹ ਮਿਲੇਗਾ, ਤੂੰ ਪ੍ਰਮੇਸ਼ਰ ਦਾ ਨਾਮ ਜਪ, ਤੂੰ ਜਮਦੂਤਾਂ ਕੋਲ ਨਹੀਂ ਜਾਏਂਗਾ। ਨਹੀਂ ਤਾਂ ਤੈਨੂੰ ਨਰਕ ਮਿਲਣਗੇ, ਫੇਰ ਤੂੰ ਔਖਾ ਹੋਏਂਗਾ, ਤੂੰ ਗੁਰੂ ਵਾਲਾ ਬਣ ਜਾ, ਗੁਰੂ ਵਾਲਾ ਬਣ ਕੇ ਤੂੰ ਬਾਣੀ ਪੜ੍ਹ। ਬਾਣੀ ਦੇ ਵਿਚੋਂ ਫੇਰ ਤੈਨੂੰ ਅੱਗੇ ਰਸਤਾ ਲੱਭੇਗਾ। ਹੌਲੀ-ਹੌਲੀ ਸਮਝਾਉਂਦੇ ਨੇ ਜਿਵੇਂ ਪਹਿਲੀ ਜਮਾਤ ਤੋਂ ਸ਼ੁਰੂ ਕਰਕੇ ਪੀ ਐਚ.ਡੀ ਤੇ ਡੀ.ਲਿਟ ਤੱਕ ਵਿਦਿਆਰਥੀ ਪਹੁੰਚਦਾ ਹੈ। ਹੌਲੀ-ਹੌਲੀ ਚੁੱਕਦੇ ਨੇ ਇਹਦੀ ਸੁਰਤ ਨੂੰ ਤੇ ਹੁਣ ਇਹ ਦਸਦੇ ਨੇ ਕਿ ਪਿਆਰਿਆ! ਆਹ ਜਿਹੜਾ ਤੇਰਾ ਸਰੀਰ ਹੈ। ਇਹ ਬੰਧਨ ਹੈ ਇਹ ਤੂੰ ਭੁਲੇਖੇ ਵਿਚ ਪਿਆ ਹੈਂ। ਇਹ ਇਕ ਕੰਪਿਊਟਰ ਦੀ ਤਰ੍ਹਾਂ ਹੈ, ਕੰਪਿਊਟਰ ਦੇ ਵਿਚ ਭਾਵ ਨਹੀਂ ਹੋਇਆ ਕਰਦੇ, ਗਿਣਤੀ ਮਿਣਤੀ ਪੂਰੀ ਹੋਇਆ ਕਰਦੀ ਹੈ। ਇਹਦੇ ਦਿਮਾਗ ਨਾਲੋਂ ਤੇਜ਼ ਹੋਇਆ ਕਰਦਾ ਹੈ। ਉਹਦੇ ਵਿਚ ਭਾਵ ਨਹੀਂ ਹੋਇਆ ਕਰਦੇ, ਉਹ ਤਰੱਕੀ ਨਹੀਂ ਕਰ ਸਕਦਾ। ਜਿੱਥੇ ਫਿੱਟ ਕਰ ਦਿਤਾ, ਕਰ ਦਿਤਾ। ਲੇਕਿਨ ਇਹ ਜਿਹੜਾ ਸਰੀਰ ਹੈ ਇਹਦੇ 'ਚ ਤਾਂ ਨਿਰੰਕਾਰ ਆਪ ਵਸ ਗਿਆ, ਕਣ-ਕਣ ਦੇ ਵਿਚ। ਆਪ ਹੀ ਉਸਨੇ ਇਹਦੀ ਵਿਉਂਤ ਬਣਾਈ ਹੈ। ਮਸਾਲਾ ਕਿਤੋਂ ਨਹੀਂ ਲਿਆ, ਆਪਣੇ ਵਿਚੋਂ ਹੀ ਆਪੇ ਹੀ ਪ੍ਰਗਟ ਕੀਤਾ ਹੈ -

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥*
*ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥*
*ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥*
*ਕਰਿ ਆਸਣੁ ਡਿਠੋ ਚਾਉ ॥* *ਅੰਗ - 463*

ਇਹਦੇ ਵਿਚ ਵੀ ਹੈ ਤੇ ਬਾਹਰ ਵੀ ਹੈ। ਮਹਾਰਾਜ ਕਹਿੰਦੇ, ਤੂੰ ਜਿਹਨੂੰ ਮੈਂ-ਮੈਂ ਕਰਦਾ ਹੈਂ, ਮੈਂ ਗਲਤੀ ਨਾਲ ਇਹਨੂੰ ਹੀ ਕਹਿੰਦਾ ਹੈਂ ਤੂੰ, ਹੋਰ ਨਹੀਂ ਮੰਨਦਾ ਸਾਡੀ ਗੱਲ। ਤੂੰ ਹੈਂ ਨਹੀਂ, ਇਹ ਤਾਂ ਤੇਰਾ ਸਰੀਰ ਹੈ। ਪੰਜ ਤੱਤ ਦੀ ਦੇਹ ਹੈ -

*ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ ॥ ਅੰਗ - 1427*

ਇਹ ਤਾਂ ਪੰਜਾਂ ਤੱਤਾਂ ਦੀ ਰਚੀ ਹੋਈ ਦੇਹ ਹੈ, ਤੂੰ ਤਾਂ ਨਹੀਂ ਹੈਂ, ਤੂੰ ਤਾਂ ਪ੍ਰਮੇਸ਼ਰ ਦੀ ਜੋਤ ਹੈਂ, ਕਿਉਂ ਗਲਤੀ ਨਾਲ ਆਪਣੇ ਆਪ ਨੂੰ ਸਰੀਰ ਮੰਨੀਂ ਜਾਂਦਾ ਹੈਂ। ਇਹਨੂੰ ਬਾਰ-ਬਾਰ ਕਹਿੰਦਾ ਹੈਂ, ਇਹ ਸੋਹਣੀ ਜਿਹੜੀ ਦੇਹੀ ਹੈ ਤੇਰੀ, ਜਿਹਨੂੰ ਸੰਵਾਰਦਾ ਰਹਿੰਦਾ ਹੈਂ ਇਹ ਰਹਿਣੀ ਨਹੀਂ ਹੈ, ਕਾਹਦਾ ਮਾਣ ਤੂੰ ਕਰਦਾ ਹੈਂ, ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ – ਸੋਹਣੀ ਦੇਹੀ ਨੇ ਖਾਕ ਬਣ ਜਾਣੈ,***
***ਕਾਹਦਾ ਮਾਣ ਕਰੇਂ ਬੰਦਿਆਂ।***

ਇਸ ਦੇਹੀ ਦਾ ਮਾਣ ਕਰਦਾ ਹੈਂ? ਇਹਨੂੰ ਹੀ ਮੈਂ-ਮੈਂ ਕਹਿੰਦਾ ਹੈਂ ਕਿ ਮੈਂ ਹਾਂ ਇਹ, ਮੈਂ ਹਾਂ। ਮਹਾਰਾਜ ਕਹਿੰਦੇ –

***ਪੁਤਰੀ ਤੇਰੀ ਬਿਧਿ ਕਰਿ ਥਾਟੀ ॥*** ***ਅੰਗ – 374***

ਬੜੀ ਵਿਧੀ ਦੇ ਨਾਲ ਬਣਾਈ ਹੈ, 2 ਖਰਬ 15 ਅਰਬ ਸੈੱਲ ਲੱਗਿਆ ਹੋਇਆ ਹੈ ਇਹਦੇ ਵਿਚ, ਜਿਵੇਂ ਇੱਟਾਂ ਨਾਲ ਮਹਿਲ ਬਣਦਾ ਹੈ, ਐਨੇ ਸੈੱਲ ਲਾ ਕੇ ਇਹ ਸਰੀਰ ਜੋੜਿਆ ਹੈ। 15 ਅਰਬ ਸੈੱਲ ਇਕੱਲੇ ਤੇਰੇ ਦਿਮਾਗ ਵਿਚ ਲੱਗਿਆ ਹੋਇਆ ਹੈ। ਪੰਜ ਤੱਤਾਂ ਦਾ ਆਟਾ ਗੁੰਨਿਆ ਗਿਆ ਹੈ, ਮਿੱਟੀ ਬਣਾਈ ਗਈ ਹੈ, ਕਿੰਨੀ ਸੁੰਦਰ ਮਿੱਟੀ ਹੈ ਇਹ। ਹੈ ਤਾਂ ਮਿੱਟੀ ਹੀ। ਪਾਣੀ, ਪਾਣੀ ਹੈ; ਹਵਾ, ਹਵਾ ਹੈ; ਅੱਗ, ਅੱਗ ਹੈ; ਅਕਾਸ਼, ਅਕਾਸ਼ ਹੈ ਤੇ ਇਕੱਲੇ-ਇਕੱਲੇ ਪਏ ਹੋਣ ਕੋਈ ਨਹੀਂ ਮੋਂਹਦੇ, ਜਦ ਇਕੱਠੀ ਕਰ ਦਿਤੀ ਜਾਂਦੀ ਹੈ, ਉਸ ਵੇਲੇ ਖਿੱਚ ਪਾਉਂਦੀ ਹੈ ਦੂਜੇ ਨੂੰ। ਕਿਉਂ ਵਿਉਂਤ ਨਾਲ ਬਣਾ ਦਿਤੀ। 25 ਪ੍ਰਾਕ੍ਰਿਤੀਆਂ ਦੇ ਨਾਲ ਤੇਰੇ ਕਰਮ ਇੰਦ੍ਰੇ ਬਣਾਏ ਨੇ, ਸਤੋ ਗੁਣ ਤੋਂ। 25 ਪ੍ਰਾਕ੍ਰਿਤੀਆਂ ਦੇ ਤਮੋ ਗੁਣ ਤੋਂ ਤੇਰੇ ਕਰਮ ਇੰਦਰੇ ਬਣਾਏ ਨੇ। ਪੰਜ vital forces ਤੇਰੇ ਅੰਦਰ ਪ੍ਰਾਣ, ਅਪਾਨ, ਉਦਾਨ, ਬਿਆਨ, ਸਮਾਨ ਪੰਜ ਮੋਟਰਾਂ ਲਾਈਆਂ ਨੇ। ਪਹਿਲੀ ਮੋਟਰ ਪ੍ਰਾਣ ਹੈ ਜਿਹੜੀ ਉਹ ਅੰਦਰ ਨੂੰ ਖਿੱਚਦੀ ਹੈ ਹਵਾ ਤੇ ਬਾਹਰ ਨੂੰ ਕੱਢ ਲੈਂਦੀ ਹੈ। ਜਦੋਂ ਫੇਲ੍ਹ ਹੋ ਜਾਂਦੀ ਹੈ ਮੋਟਰ ਕੱਢ ਕੇ ਦਿਖਾਓ ਹਵਾ। ਬਥੇਰੀ ਪੰਪ ਨਾਲ ਮਾਰਦੇ ਨੇ, ਕੁਛ ਨਹੀਂ ਬਣਦਾ, ਕਿਉਂਕਿ ਉਹ ਮੋਟਰ ਖੜ੍ਹ ਗਈ। ਜਿਹੜੀ maintain ਕਰਦੀ ਹੈ ਤੁਹਾਡੇ ਅੰਦਰ heat ਨੂੰ, ਸਾਢੇ 98 'ਤੇ ਰਖਦੀ ਹੈ। ਉਹ ਜਦੋਂ ਘਟ, ਵਧ ਜਾਂਦੀ ਹੈ, ਉਦੋਂ ਹੀ ਆਦਮੀ ਗਿਰ ਜਾਂਦਾ ਹੈ। ਵਧਣ 'ਤੇ ਵੀ ਗਿਰਦਾ ਹੈ ਘਟਣ 'ਤੇ ਵੀ ਗਿਰਦਾ ਹੈ। ਉਹ ਬੜੀ ਵਿਉਂਤ ਦੇ ਨਾਲ ਪ੍ਰੇਮੀਆਂ ਬਣਾਈਆਂ ਹੋਈਆਂ ਨੇ। ਇਨ੍ਹਾਂ ਦਾ ਸਾਰਿਆਂ ਦਾ ਜੋ ਤੱਤ ਹੈ ਉਹ ਮਨ ਹੈ। ਫੇਰ ਬੁੱਧੀ ਤੋਂ ਤੇਰੇ ਅੰਦਰ ਅੰਤਸ਼ਕਰਣ ਹੈ, ਇੱਕ ਮੈਂ ਭਾਵ ਤੇਰੇ ਅੰਦਰ ਵਾਧੂ ਦਾ ਪੈਦਾ ਹੋ ਗਿਆ। ਉਹ ਗਲਤ ਚੀਜ਼ ਹੈ –

***ਪੁਤਰੀ ਤੇਰੀ ਬਿਧਿ ਕਰਿ ਥਾਟੀ ॥***
***ਜਾਨੁ ਸਤਿ ਕਰਿ ਹੋਇਗੀ ਮਾਟੀ ॥ 1 ॥***
***ਮੂਲੁ ਸਮਾਲਹੁ ਅਚੇਤ ਗਵਾਰਾ ॥***
***ਇਤਨੇ ਕਉ ਤੁਮ੍ ਕਿਆ ਗਰਬੇ ॥ 1 ॥ ਰਹਾਉ ॥***

***ਅੰਗ – 374***

ਇਹ ਆਈ ਕਿੱਥੋਂ ਹੈ ਕੀਹਨੇ ਬਣਾਈ ਹੈ? ਉਹ ਮੂਲ ਕੀ ਹੈ? ਉਹ ਵਾਹਿਗੁਰੂ ਮੂਲ ਹੈ। ਉਹਨੂੰ ਅਚੇਤ ਗਵਾਰਾ ਮਹਾਰਾਜ ਕਹਿੰਦੇ ਤੂੰ ਐਨਾ ignorant ਹੈਂ ਉਸਦੀ ਸੰਭਾਲ ਨਹੀਂ ਤੂੰ ਕਰ ਰਿਹਾ। ਉਹਦੇ ਵਾਸਤੇ ਗਰਭ ਕਰਦਾ ਹੈਂ ਕਿ ਮੈਂ ਆਫੀਸਰ ਬਣ ਗਿਆ, ਮੇਰੇ ਕੋਲ ਐਨਾ ਪੈਸਾ ਹੈ। ਮੇਰੇ ਕੋਲ ਐਨੀਆਂ ਕੋਠੀਆਂ ਹੋ ਗਈਆਂ, ਮੇਰੇ ਆਹ ਬਿਜ਼ਨਸ

ਚਲਦੀ ਹੈ, ਐਨੀ ਮੇਰੀ ਟਰਾਂਸਪੋਰਟ ਚਲਦੀ ਹੈ। ਮੇਰੇ ਬੱਚੇ ਫਲਾਣੇ ਥਾਂ ਨੇ, ਢਿਮਕੇ ਥਾਂ ਨੇ, ਅਫਸਰ ਨੇ। ਕਹਿੰਦੇ, ਇਹਦੇ 'ਤੇ ਗਰਭ ਕਰਦਾ ਹੈਂ? ਤੂੰ ਤਾਂ –

***ਤੀਨਿ ਸੇਰ ਕਾ ਦਿਹਾੜੀ ਮਿਹਮਾਨੁ ॥ ਅੰਗ – 374***

ਪਾਣੀ ਤੇ ਆਟਾ ਵਗੈਰਾ ਇਕੱਠਾ ਕਰਕੇ, ਤਿੰਨ ਸੇਰ ਦਾ ਮਹਿਮਾਨ ਹੈਂ ਤੂੰ –

***ਅਵਰ ਵਸਤੁ ਤੁਝ ਪਾਹਿ ਅਮਾਨ ॥ ਅੰਗ – 374***

ਬਾਕੀ ਤਾਂ ਅਮਾਨਤਾਂ ਪਈਆਂ ਨੇ –

***ਬਿਸਟਾ ਅਸਤ ਰਕਤੁ ਪਰੇਟੇ ਚਾਮ ॥ ਅੰਗ – 374***

ਇਹ ਜਿਹਨੂੰ ਤੂੰ ਸੋਹਣੀ-ਸੋਹਣੀ ਕਹਿੰਦਾ ਹੈ, ਸ਼ਿੰਗਾਰਦਾ ਫਿਰਦਾ ਹੈਂ ਇਹ ਕੀ ਹੈ? ਇਹ ਇੱਕ ਗੰਦ-ਮੰਦ ਦਾ ਥੈਲਾ ਹੈ, ਇੱਕ ਬਹੁਤ ਸੋਹਣਾ ਕੂੜਾ ਸੁੱਟਣ ਵਾਲਾ ਥੈਲਾ ਲੈ ਆਓ, ਪਲਾਸਟਿਕ ਦਾ ਮਨੁੱਖ ਦੇ ਸਰੀਰ ਵਰਗਾ, ਉਹਦੇ 'ਚ ਤੁਸੀਂ ਵਿਸ਼ਟਾ ਪਾ ਕੇ ਰੱਖ ਦਿਓ, ਜੇ ਕੋਈ ਹੱਥ ਲਾ ਜਾਏ ਉਹਨੂੰ। ਦੱਸੋ ਲਾ ਦਏਗਾ ਕੋਈ ਹੱਥ ਉਹਨੂੰ? ਕੋਈ ਨਹੀਂ ਲਾਉਂਦਾ ਕਿ ਇਹਦੇ 'ਚ ਤਾਂ ਵਿਸ਼ਟਾ ਹੈ। ਖ਼ੂਨ ਪਾ ਕੇ ਰੱਖ ਦਿਓ, ਹੱਡੀਆਂ ਰੱਖ ਦਿਓ, ਕੋਈ ਨਹੀਂ ਛੂੰਹਦਾ ਨਹੀਂ ਹੈ ਕਿ ਇਹ ਤਾਂ ਅਪਵਿੱਤਰ ਚੀਜ਼ ਹੈ। ਮਹਾਰਾਜ ਕਹਿੰਦੇ, ਤੇਰਾ ਕੀ ਹੈ, ਤੂੰ ਕੌਣ ਹੈਂ? 'ਬਿਸਟਾ ਅਸਤ ਰਕਤੁ ਪਰੇਟੇ ਚਾਮ ॥' ਇਹਦੇ 'ਚ ਵਲੇਟੇ ਹੋਏ ਨੇ, ਹੈ ਵੀ ਬਹੁਤਾ ਹੀ ਪਤਲਾ, ਮਾੜਾ ਜਿਹਾ ਨਹੁੰ ਲਗ ਜਾਏ, ਉਸੇ ਵੇਲੇ ਖ਼ੂਨ ਨਿਕਲਣ ਲਗ ਜਾਂਦਾ ਹੈ –

***ਇਸੁ ਊਪਰਿ ਲੇ ਰਾਖਿਓ ਗੁਮਾਨ ॥ ਅੰਗ – 374***

ਇਹਦਾ ਮਾਣ ਕਰਦਾ ਹੈਂ ਤੂੰ।

***ਏਕ ਵਸਤੁ ਬੂਝਹਿ ਤਾ ਹੋਵਹਿ ਪਾਕ ॥ ਅੰਗ – 374***

ਜੇ ਤਾਂ ਤੂੰ ਆਪਣੇ ਆਪ ਨੂੰ ਬੁੱਝ ਗਿਆ, ਤਾਂ ਤੂੰ ਪਾਕ।

***ਬਿਨੁ ਬੂਝੇ ਤੂੰ ਸਦਾ ਨਾਪਾਕ ॥ ਅੰਗ – 374***

ਹਮੇਸ਼ਾ ਹੀ ਨਾਪਾਕ ਹੈ।

***ਕਹੁ ਨਾਨਕ ਗੁਰ ਕਉ ਕੁਰਬਾਨੁ ॥***
***ਜਿਸ ਤੇ ਪਾਈਐ ਹਰਿ ਪੁਰਖੁ ਸੁਜਾਨੁ ॥ ਅੰਗ – 374***

ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ, ਏਸ ਸਰੀਰ ਦੇ ਬੰਧਨ ਨੂੰ ਕੱਟਣ ਦਾ ਯਤਨ ਕਰ ਪਿਆਰਿਆ! ਇਹ ਬਹੁਤ ਵੱਡਾ ਬੰਧਨ ਹੈ ਤੇ ਫੁਰਮਾਨ ਕਰਦੇ ਨੇ ਕਿ ਹੇ ਮੂੜ੍ਹ ਬੁੱਧੀ ਵਾਲੇ ਪੁਰਸ਼! ਇਹ ਤਵੱਚਾ, ਮਾਸ, ਹੱਡੀ ਤੇ ਵਿਸ਼ਟਾ ਦੀ ਖਾਨ ਰੂਪੀ ਦੇਹ ਨੂੰ ਜਿਹੜੀ ਹੈ ਹੀ ਦੁੱਖਾਂ ਦੀ ਖਾਨ, ਕਦੇ ਸੁੱਖ ਦਾ ਸਾਹ ਇਹਦੇ ਵਿਚੋਂ ਆਉਂਦਾ ਹੀ ਨਹੀਂ ਹੈ। ਇਹਨੂੰ ਤੂੰ ਆਪਣਾ ਆਪ ਕਹਿੰਦਾ ਹੈਂ? ਕਿਉਂ ਤੈਨੂੰ ਭੁਲੇਖਾ ਐਨਾ ਜ਼ਬਰਦਸਤ ਪੈ ਗਿਆ। ਇਹਨੂੰ ਆਪਣੀ ਆਤਮਾ ਕਹਿੰਦਾ ਹੈਂ। ਇਹ ਆਤਮ ਬੁੱਧ ਇਹਦੇ ਵਿਚੋਂ

ਤਿਆਗ ਦੇ। ਜਿਸ ਥਾਂ ਦੇ ਉਤੇ ਆਤਮਾ ਦਾ ਨਿਵਾਸ ਹੈ, ਉਥੇ ਆਤਮ ਬੁੱਧ ਗ੍ਰਹਿਣ ਕਰ। ਇਹ ਬੁੱਧੀ ਤਿਆਗ ਦੇ ਅਤੇ ਸਰਬ ਆਤਮ ਨਿਰਵਿਕਲਪ ਬ੍ਰਹਮ ਵਿਖੇ ਆਪਣੀ ਆਤਮ ਬੁੱਧੀ, ਆਪਣੇ ਨਿਸ਼ਠੇ ਨੂੰ ਪੱਕਾ ਕਰ। ਉਹਨੂੰ ਧਾਰਨ ਕਰ, ਫੇਰ ਤੈਨੂੰ ਸ਼ਾਂਤੀ ਹੋ ਜਾਏਗੀ। ਦੇਖ, ਪਾਣੀ ਵਿਚ ਤੇਰਾ ਪਰਛਾਵਾਂ ਹੋਵੇ ਤੂੰ ਕਦੇ ਨਹੀਂ ਕਹਿੰਦਾ ਕਿ ਇਹ ਮੈਂ ਹਾਂ। ਸ਼ੀਸੇ ਵਿਚ ਤੇਰਾ ਅਕਸ ਦਿਸਦਾ ਹੋਵੇ ਤੂੰ ਕਦੇ ਨਹੀਂ ਕਹਿੰਦਾ ਇਹ ਮੈਂ ਹਾਂ। ਸੁਪਨੇ 'ਚ ਤੈਨੂੰ ਸਰੀਰ ਮਿਲਿਆ ਹੋਵੇ। ਤੂੰ ਕਦੇ ਨਹੀਂ ਕਹਿੰਦਾ ਕਿ ਇਹ ਮੈਂ ਹਾਂ। ਤੈਨੂੰ ਅਹੰ ਬੁੱਧੀ ਨਹੀਂ ਹੁੰਦੀ, ਤੂੰ ਉਸਦੇ ਵਾਸਤੇ ਨਹੀਂ ਕਿ ਮੈਨੂੰ ਇਹੋ ਜਿਹਾ ਸਰੂਪ ਮਿਲਿਆ ਹੋਇਆ ਸੀ ਕਿ ਰੋਂਦਾ ਫਿਰਦਾ ਹੈਂ ਉਹ ਕਿੱਧਰ ਗਿਆ ਮੇਰੇ ਸੁਪਨੇ ਵਾਲਾ ਸਰੂਪ। ਇਸੇ ਤਰ੍ਹਾਂ ਤੈਨੂੰ ਮਾਤਾ ਪਿਤਾ ਤੋਂ ਸਤਿ ਧਾਤਾਂ ਤੋਂ ਉਪਜੀ ਹੋਈ ਜਿਹੜੀ ਇਹ ਦੇਹ ਹੈ, ਇਹਦੇ ਵਿਚ ਤੂੰ ਅਹੰ ਬੁੱਧੀ ਕਿਉਂ ਧਾਰਨ ਕਰਦਾ ਹੈਂ। ਮਹਾਰਾਜ ਫੇਰ ਕਿਉਂ ਹੋ ਜਾਂਦੀ ਹੈ? ਮਹਾਰਾਜ ਕਹਿੰਦੇ, ਸਾਰਾ ਹੀ ਜਿਹੜਾ ਕ੍ਰਿਸ਼ਮਾ ਹੈ ਇਹ ਮਾਇਆ ਦਾ ਹੈ। ਇਹ ਮਾਇਆ ਨੇ ਸਾਰਾ ਸੰਸਾਰ ਭੁਲਾ ਦਿਤਾ। ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਭੁੱਲ ਗਿਆ ਜਗ ਸਾਰਾ ਜੀ,***
***ਮਾਇਆ ਇਹ ਮਮਤਾ ਮੋਹਣੀ।***

***ਮਾਇਆ ਐਸੀ ਮੋਹਨੀ ਭਾਈ ॥***
***ਜੇਤੇ ਜੀਅ ਤੇਤੇ ਡਹਕਾਈ ॥*** ***ਅੰਗ – 1060***

ਜਿੰਨੇ ਜੀਵ ਨੇ ਸਾਰੇ ਡਹਿਕਦੇ ਫਿਰਦੇ ਨੇ। ਭੁੱਲੇ ਫਿਰਦੇ ਨੇ ਮਾਇਆ ਦੇ ਅੰਦਰ –

***ਮਾਇਆ ਮੋਹੁ ਗੁਬਾਰੁ ਹੈ ਦੂਜੈ ਭਰਮਾਈ ॥*** ***ਅੰਗ – 786***

ਕਹਿਣ ਲੱਗੇ, ਮਾਇਆ ਦਾ ਅਸਰ ਹੋ ਗਿਆ ਇਹਦੇ ਉਤੇ। ਮਾਇਆ ਇਕ ਐਸੀ ਸ਼ਕਤੀ ਵਾਹਿਗੁਰੂ ਨੇ ਬਣਾਈ ਹੈ–

***ਇਨਿ ਮਾਇਆ ਜਗਦੀਸ ਗੁਸਾਈ ਤੁਮ੍ਰੇ ਚਰਨ ਬਿਸਾਰੇ ॥***
***ਅੰਗ – 857***

ਨਾਲ ਰਹਿੰਦਾ ਹੋਇਆ ਵਾਹਿਗੁਰੂ ਭੁੱਲ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗੇ, ਆਪਣੇ ਸਰੂਪ ਨੂੰ ਭੁੱਲ ਜਾਂਦਾ ਹੈ।

ਇੱਕ ਵਾਰੀ ਇਕ ਰਾਜਾ ਉਸ ਦੇ ਲੜਕਾ ਹੋਇਆ ਤਾਂ ਜੋਤਸ਼ੀਆਂ ਨੂੰ ਬੁਲਾਇਆ। ਜੋਤਸ਼ੀ ਕਹਿਣ ਲੱਗੇ, ਮਹਾਰਾਜ! ਇਹ ਲੜਕਾ ਨਾ ਤੁਹਾਡੇ ਰਾਜ ਵਿਚ ਰਹੇ, ਨਾ ਤੁਸੀਂ ਇਹਦੇ ਮੱਥੇ ਲੱਗੋਂ ਤਾਂ ਤੁਹਾਡਾ ਰਾਜ ਬਚਦਾ ਹੈ, ਨਹੀਂ ਤਾਂ ਨਹੀਂ ਰਾਜ ਬਚਦਾ। 18 ਸਾਲ ਦਾ ਇਹਦੇ ਉਤੇ ਗ੍ਰਹਿ ਹੈ। 18 ਸਾਲ ਕਿਸੇ ਪ੍ਰਦੇਸ ਵਿਚ ਇਹਨੂੰ ਭੇਜ ਦਿਓ। ਉਸ ਵੇਲੇ ਵਿਉਂਤ ਬਣਾਈ ਗਈ ਕਿ ਇਕ ਵੱਡਾ ਸਾਰਾ ਸੰਦੂਕ ਤਿਆਰ ਕਰੋ। ਉਹਦੇ ਵਿਚ 18 ਸਾਲ ਵਾਸਤੇ ਇਹਦੇ ਖਰਚ ਵਾਸਤੇ ਬੇਅੰਤ ਹੀਰੇ, ਜਵਾਹਰਾਤ, ਸੋਨਾ, ਚਾਂਦੀ, ਉਹਦੇ ਵਿਚ ਰੱਖ ਦਿਓ, ਤੇ ਉਹਨੂੰ ਨਦੀ ਵਿਚ ਰੱਖ ਦਿਓ।

ਜਿਹੜਾ ਵੀ ਇਹਨੂੰ ਫੜੇਗਾ, ਉਸ ਕੋਲ ਇਹਦੇ ਪਾਲਣ ਵਾਸਤੇ ਪੈਸੇ ਹੋਣਗੇ। ਨਾਲ ਦੀ ਨਾਲ ਇਕ ਤਵੀਤ ਬਣਾ ਕੇ ਉਹਦੇ ਗਲ ਵਿਚ ਪਾ ਦਿਤਾ, ਉਹਦੇ ਵਿਚ ਚਿੱਠੀ ਲਿਖ ਕੇ ਪਾ ਦਿਤੀ ਕਿ ਫਲਾਣੀ ਤਰੀਕ ਨੂੰ ਇਸ ਕਾਰਨ ਕਰਕੇ ਨਦੀ ਵਿਚ ਤੈਨੂੰ ਰੋੜ੍ਹਿਆ ਗਿਆ ਤੇ ਤੂੰ ਰਾਜੇ ਦਾ ਪੁੱਤਰ ਹੈਂ। ਸੀ.ਆਈ, ਡੀ ਨਾਲ ਲਾ ਦਿਤੀ ਕਿ ਦੇਖੋ ਇਹਨੂੰ ਕੌਣ ਫੜਦਾ ਹੈ, ਕਿੱਥੇ ਇਹ ਜਾਂਦਾ ਹੈ? ਉਸ ਵੇਲੇ ਸੰਦੂਕ ਰੁੜ੍ਹਦਾ-ਰੁੜ੍ਹਦਾ ਰਾਤ ਭਰ ਚਲਦਾ ਗਿਆ, ਦੂਸਰੇ ਦਿਨ ਵੀ ਚਲਦਾ ਗਿਆ, ਜੰਗਲ ਬਹੁਤ ਵੱਡਾ ਸੀ, ਉਹਦੀ ਹੱਦ 'ਚੋਂ ਲੰਘ ਗਿਆ, ਅੱਗੇ ਜਾ ਕੇ ਇੱਕ ਭੀਲ ਦਰਿਆ ਦੇ ਕੰਢੇ ਕੋਈ ਇਸ਼ਨਾਨ ਵਗੈਰਾ ਕਰਨ ਆਇਆ ਸੀ, ਉਹਨੇ ਦੇਖਿਆ ਕਿ ਕੋਈ ਚੀਜ਼ ਆ ਰਹੀ ਹੈ ਤੇ ਉਸਨੇ ਉਹ ਸੰਦੂਕ ਫੜ ਲਿਆ। ਗੁਪਤ ਤਰੀਕੇ ਨਾਲ ਘਰ ਲੈ ਗਿਆ। ਜਦੋਂ ਘਰ ਲਿਜਾ ਕੇ ਖੋਲਦਾ ਹੈ, ਹੈਰਾਨ ਹੁੰਦਾ ਹੈ ਕਿ ਇਹਦੇ ਵਿਚ ਤਾਂ ਬੱਚਾ ਪਿਆ ਹੈ ਤੇ ਨਾਲ ਐਨਾ ਧਨ ਹੈ ਕਿ ਇਸ ਬੱਚੇ ਦੀ ਪਾਲਣਾ, ਮੇਰੀ ਪਾਲਣਾ, ਮੇਰੀ ਗਰੀਬੀ ਸਭ ਧੋਤੀ ਜਾਣੀ ਹੈ। ਇਹ ਤਾਂ ਕਿਸਮਤ ਵਾਲਾ ਬੱਚਾ ਆ ਗਿਆ। ਉਸ ਨੇ ਬੱਚੇ ਨੂੰ ਪਾਲਣਾ ਸ਼ੁਰੂ ਕਰ ਦਿਤਾ। ਸੀ.ਆਈ.ਡੀ ਨੇ ਦਸ ਦਿਤਾ ਕਿ ਫਲਾਣੇ ਥਾਂ ਦੇ ਉਤੇ ਬੱਚਾ ਫੜਿਆ ਗਿਆ ਹੈ ਤੇ ਉਥੇ ਇਕ ਭੀਲ ਪਾਲ ਰਿਹਾ ਹੈ। ਭੀਲ ਨੇ ਬਹੁਤ ਸੋਹਣੇ ਤਰੀਕੇ ਨਾਲ ਉਸ ਨੂੰ ਪਾਲਿਆ। ਜਦੋਂ 18 ਸਾਲ ਦਾ ਹੋ ਗਿਆ, ਉਸ ਵੇਲੇ ਰਾਜੇ ਨੇ ਹੁਕਮ ਦਿਤਾ ਕਿ ਉਸ ਭੀਲ ਨੂੰ ਬੱਚੇ ਸਮੇਤ ਮੇਰੇ ਕੋਲ ਲੈ ਆਓ। ਰਾਜ ਦਰਬਾਰ 'ਚ ਹਾਜ਼ਰ ਕੀਤਾ, ਉਸ ਵੇਲੇ ਰਾਜਾ ਕਹਿਣ ਲੱਗਿਆ, ਬੇਟਾ! ਤੂੰ ਮੇਰਾ ਪੁੱਤਰ ਹੈਂ। ਕਹਿੰਦਾ, ਨਾ ਮਹਾਰਾਜ! ਮੈਂ ਤਾਂ ਇਹਦਾ ਪੁੱਤਰ ਹਾਂ। ਕਹਿੰਦਾ, ਦੇਖ ਤੂੰ ਕਸ਼ਤੱਰੀ ਹੈ, ਭੀਲ ਨਹੀਂ ਹੈਗਾ। ਕਹਿੰਦਾ, ਨਾ ਮਹਾਰਾਜ! ਮੈਂ ਤਾਂ ਭੀਲ ਹਾਂ, ਮੈਂ ਤਾਂ ਕਸ਼ਤੱਰੀ ਨਹੀਂ। ਬੜਾ ਉਸਨੂੰ ਮਨਾਉਣਾ ਕਰਦੇ ਨੇ, ਉਹ ਮੰਨਦਾ ਨਹੀਂ। ਕਹਿੰਦਾ, ਤੁਸੀਂ ਜ਼ੋਰ ਨਾਲ ਤਾਂ ਚਾਹੇ ਕੁਛ ਕਹਾ ਲਓ ਮੇਰੇ ਤੋਂ। ਪਰ ਮੈਂ ਦਿਲੋਂ ਨਹੀਂ ਇਹ ਗੱਲ ਕਹਿੰਦਾ। ਕਿਉਂਕਿ ਮੈਂ ਭੀਲ ਹਾਂ, ਇਹਦਾ ਪੁੱਤਰ ਹਾਂ, ਇਹਨੇ ਮੈਨੂੰ ਪਾਲਿਆ ਹੈ। ਅਖੀਰ ਇਹ ਹੋਇਆ ਕਿ ਜਿਹੜਾ ਤੇਰਾ ਤਵੀਤ ਹੈ ਇਹ ਖੋਲ੍ਹ ਕੇ ਦੇਖਦੇ ਹਾਂ। ਇਹਦੇ ਵਿਚ ਅਸੀਂ ਚਿੱਠੀ ਲਿਖੀ ਸੀ। ਫੇਰ ਤਾਂ ਮੰਨੇਗਾ? ਉਸ ਭੀਲ ਨੇ ਪੜ੍ਹਾ ਲਿਖਾ ਦਿਤਾ ਸੀ, ਰਾਜੇ ਨੇ ਗੁਪਤ ਤਰੀਕੇ ਨਾਲ ਬੰਦੋਬਸਤ ਕਰਾ ਦਿਤਾ ਸੀ ਸਾਰਾ। ਇਹਨੂੰ ਵਿਦਿਆ ਬਗੈਰ ਸਾਰਾ ਕੁਛ ਪ੍ਰਾਪਤ ਹੋ ਜਾਏ, ਸਾਰਾ ਕੁਛ ਇਹਨੂੰ ਪਤਾ ਲਗ ਜਾਏ। ਇਹਦੇ ਸਰੂਪ ਦਾ ਗਿਆਨ ਇਹਨੂੰ 18 ਸਾਲ ਤੋਂ ਬਾਅਦ ਕਰਾਵਾਂਗੇ। ਜਦੋਂ ਤਬੀਤ ਖੋਲ੍ਹਿਆ ਤੇ ਉਹਦੇ ਵਿਚੋਂ ਕਾਗਜ਼ ਨਿਕਲਿਆ, ਤੈਹਾਂ ਲਾ ਕੇ ਰੱਖਿਆ ਹੋਇਆ। ਉਸ 'ਤੇ ਲਿਖਿਆ ਹੋਇਆ ਸੀ ਕਿ ਬੇਟਾ! ਆਹ ਗ੍ਰਹਿਆਂ ਦੇ ਅਧੀਨ ਤੈਨੂੰ ਆਪਣੇ ਰਾਜ ਤੋਂ ਬਾਹਰ ਪਾਲਣ ਵਾਸਤੇ ਇਸ ਤਰੀਕੇ ਨਾਲ ਤੈਨੂੰ ਕੱਢਿਆ ਹੈ ਤੇ ਤੈਨੂੰ 18 ਸਾਲ ਦੇ ਨੂੰ ਵਾਪਸ ਬੁਲਾਵਾਂਗਾ। ਜਦੋਂ ਉਹਨੂੰ ਉਹ ਪੜ੍ਹਾਇਆ, ਉਹ ਫੇਰ ਵੀ ਯਕੀਨ ਨਹੀਂ ਕਰਦਾ। ਉਹਨੂੰ ਜਿਸਨੇ ਪਾਲਿਆ ਸੀ, ਉਸਦਾ ਪਿਆਰ ਆਉਂਦਾ ਹੈ। ਕਹਿੰਦਾ, ਨਹੀਂ ਮੈਂ ਤਾਂ ਇਹਦਾ ਪੁੱਤਰ ਹਾਂ।

ਇਸੇ ਤਰ੍ਹਾਂ ਨਾਲ ਇਸ ਵਾਹਿਗੁਰੂ ਨੇ ਇਸ ਜੀਵ ਨੂੰ ਮਾਇਆ ਦੇ ਵਿਚ ਭੇਜਿਆ ਹੋਇਆ ਹੈ। ਜਦੋਂ ਚਲਦਾ ਸੀ, ਉਸ ਵੇਲੇ ਖਤਰਾ ਸੀ ਕਿ ਤੂੰ ਭੁੱਲ ਜਾਏਂਗਾ। ਇਹ ਕਹਿੰਦਾ ਸੀ ਕਿ ਨਹੀਂ ਮੈਂ ਨਹੀਂ ਭੁੱਲਦਾ ਲੇਕਿਨ ਇਸ ਮਾਇਆ ਨੇ ਆ ਕੇ ਇਸਨੂੰ ਐਨਾ ਭੁਲਾ ਦਿਤਾ ਕਿ ਜੇ ਹੁਣ ਅਸੀਂ ਕਹਿੰਦੇ ਹਾਂ ਕਿ ਤੂੰ ਵਾਹਿਗੁਰੂ ਦੀ ਜੋਤ ਹੈਂ, ਗੁਰੂ ਕਹਿੰਦਾ ਹੈ ਕਿ ਤੂੰ ਜੋਤ ਹੈਂ, ਕਿਉਂ ਸਰੀਰ ਕਹਿੰਦਾ ਹੈਂ ਆਪਣੇ ਆਪ ਨੂੰ। ਸਰੀਰ ਹੀ ਨਹੀਂ ਇਕੱਲਾ ਕਹਿੰਦਾ, ਨਾਲ ਕਹਿੰਦਾ ਹੈ ਮੈਂ ਗੋਰਾ ਹਾਂ, ਮੈਂ ਅਮੀਰ ਹਾਂ, ਮੈਂ ਗਰੀਬ ਹਾਂ, ਮੈਂ ਕਾਲਾ ਹਾਂ, ਮੈਂ ਹਿੰਦੂ ਹਾਂ, ਮੈਂ ਸਿੱਖ ਹਾਂ, ਮੈਂ ਮੁਸਲਮਾਨ ਹਾਂ, ਇਹ ਬਿਆਧੀਆਂ ਤੂੰ ਆਪਣੀਆਂ ਆਤਮਾ ਦੇ ਉਤੇ ਕਾਹਦੇ ਵਾਸਤੇ ਚੰਮੇੜੀ ਜਾਂਦਾ ਹੈਂ, ਤੂੰ ਨਿਰੋਲ ਆਤਮਾ ਹੈਂ ਮੇਰੀ ਅੰਸ ਹੈਂ, ਮੇਰਾ ਪੁੱਤਰ ਹੈਂ, ਮੇਰਾ ਆਪਣਾ ਆਪ ਹੈਂ ਤੂੰ, ਮੇਰੇ ਵਲ ਨੂੰ ਤੂੰ ਕਿਉਂ ਨਹੀਂ ਆਉਂਦਾ, ਕਿਉਂ ਤੂੰ ਮਾਇਆ ਵਲ ਨੂੰ ਮੁੜ-ਮੁੜ ਕੇ ਜਾਂਦਾ ਹੈਂ।

ਸੋ ਇਸ ਤਰ੍ਹਾਂ ਦੇ ਨਾਲ ਸਾਧਸੰਗਤ ਜੀ! ਗੁਰੂ ਛੇਵੇਂ ਪਾਤਸ਼ਾਹ ਨੇ ਬੜੇ ਹੀ ਵਿਸਥਾਰ ਦੇ ਨਾਲ ਭਾਈ ਢੀਂਗਣ ਨੂੰ ਤੇ ਭਾਈ ਮੱਦੂ ਨੂੰ ਦੋਹਾਂ ਨੂੰ ਸਮਝਾਉਣ ਦਾ ਯਤਨ ਕੀਤਾ। ਨਾਲ ਇਹ ਦੱਸਿਆ ਕਿ ਭਾਈ ਗੁਰਮੁਖੋ! ਇਹ ਜਿੰਨੇ ਬੰਧਨ ਨੇ ਇਹ ਨਾ ਪੜ੍ਹਨ ਨਾਲ, ਨਾ ਸੁਣਨ ਨਾਲ ਖਤਮ ਹੋਣੇ ਨੇ। ਤੁਸੀਂ ਕਰਕੇ ਇਰਾਦਾ ਦੇਖ ਲਓ ਕਦੇ ਨਹੀਂ ਹੁੰਦਾ, ਦੀਵਾਨ ਤੋਂ ਬਾਹਰ ਜਾਵਾਂਗੇ ਉਸੇ ਵੇਲੇ ਅਸੀਂ ਭੁੱਲ ਜਾਣਾ ਹੈ। ਓਹੀ ਅਸਲੀ ਸਰੂਪ ਸਾਡਾ ਫੇਰ ਨਿਕਲ ਆਉਣਾ ਹੈ। ਕਿਉਂਕਿ ਅਸੀਂ ਉਹਦਾ ਅਧਿਆਸ ਪਕਾ ਲਿਆ, ਅਰਬਾਂ-ਖਰਬਾਂ ਜਨਮਾਂ ਤੋਂ, ਹੁਣ ਉਹ ਹਟ ਨਹੀਂ ਸਕਦਾ।

ਸੋ ਉਸ ਵੇਲੇ ਦੋਹਾਂ ਨੇ ਚਰਨ ਫੜ ਲਏ, ਕਹਿਣ ਲੱਗੇ ਸੱਚੇ ਪਾਤਸ਼ਾਹ! ਆਪ ਕ੍ਰਿਪਾ ਕਰਕੇ ਇਹ ਦੱਸੋ ਸਾਨੂੰ ਕਿ ਅਸੀਂ ਆਪਣੇ ਸਰੂਪ ਨੂੰ ਕਿਵੇਂ ਪਛਾਣ ਸਕਦੇ ਹਾਂ। ਕਿਵੇਂ ਅਸੀਂ ਓਸ ਥਾਂ 'ਤੇ ਟਿਕ ਸਕਦੇ ਹਾਂ ਜਿੱਥੇ ਆਪ ਸਾਨੂੰ ਉਪਦੇਸ਼ ਦੇ ਰਹੇ ਓਂ, ਤੇ ਜਿਸ ਥਾਂ ਸਾਨੂੰ ਲਿਜਾਉਣਾ ਚਾਹੁੰਦੇ ਓਂ। ਉਸ ਵੇਲੇ ਗੁਰੂ ਪਾਤਸ਼ਾਹ ਨੇ ਕਿਹਾ ਕਿ ਪਿਆਰਿਓ! ਇਥੇ ਪਹੁੰਚਣ ਦੀ ਇੱਕੋ ਵਿਧੀ ਹੈ, ਉਹ ਹੈ ਪ੍ਰਮੇਸ਼ਰ ਦਾ ਨਾਮ। ਜਦੋਂ ਪ੍ਰਮੇਸ਼ਰ ਦਾ ਨਾਮ ਸੁਰਤ ਦੇ ਨਾਲ ਜੁੜ ਜਾਂਦਾ ਹੈ, ਉਹ ਨਾਮ ਸੁਰਤ ਨੂੰ ਫੇਰ ਆਪਣੇ ਅਸਲੇ ਵਲ ਨੂੰ ਖਿੱਚਣਾ ਸ਼ੁਰੂ ਕਰ ਦਿੰਦਾ ਹੈ ਕਿਉਂਕਿ ਨਾਮ ਪ੍ਰਮੇਸ਼ਰ ਦਾ ਰੂਪ ਹੈ -

***ਨਾਵੈ ਅੰਦਰਿ ਹਉ ਵਸਾਂ ......॥*** ***ਅੰਗ - 55***

ਇਹ ਨਾਮ ਤੋਂ ਹੀ ਸਾਰੀ ਸ੍ਰਿਸ਼ਟੀ ਪੈਦਾ ਹੋਈ ਹੈ। ਜਦੋਂ ਤੁਸੀਂ ਨਾਮ ਦੇ ਨਾਲ ਸੁਰਤ ਲਾਵੋਂਗੇ ਉਸ ਵੇਲੇ ਇਹ ਸਾਰੇ ਬੰਧਨ ਆਪਣੇ ਆਪ ਕਟਦੇ ਜਾਣਗੇ ਤੇ ਫੇਰ ਤੁਸੀਂ ਆਪਣੇ ਸਵੈ ਸਰੂਪ ਦੇ ਵਿਚ ਪਹੁੰਚ ਜਾਓਂਗੇ। ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਨਾਨਕ ਨਾਮ ਵਖਾਣੈ ਜੀ,***
***ਸੁਰਤ ਸਬਦਿ ਭਵਸਾਗਰ ਤਰੀਐ।***

***ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥***
***ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥***
***ਅੰਗ - 938***

ਕਹਿਣ ਲੱਗੇ, ਪਿਆਰਿਓ! ਨਿਸ਼ਾਨਾ ਸਾਮ੍ਹਣੇ ਰੱਖੋ, ਤੁਸੀਂ ਗੁਲਜ਼ਰੀ ਦੇ ਵਿਚ ਫਾਇਰ ਕਰਨਾ ਹੈ। outer (ਵਿਚ) ਨਹੀਂ ਕਰਨਾ। ਆਪਣੇ ਸਰੂਪ ਦਾ ਧਿਆਨ ਰੱਖੋ ਕਿ ਆਹ ਸਾਡਾ ਸਰੂਪ ਹੈ। ਹੌਲੀ-ਹੌਲੀ ਦੇਹ ਤੋਂ, ਪੰਜਾਂ ਪ੍ਰਾਣਾਂ ਤੋਂ, ਮਨ ਤੋਂ, ਬੁੱਧੀ ਤੋਂ, ਚਿਤ ਤੋਂ, ਮੈਂ ਭਾਵ ਤੋਂ ਉੱਚਾ ਉਠ ਕੇ ਆਪਣੇ ਸਰੂਪ ਵਲ ਧਿਆਨ ਰੱਖੋ। ਨਿਰੰਕਾਰ ਵਸਦਾ ਹੈ। ਸ਼ੇਰ ਵਾਲੀ ਦ੍ਰਿਸ਼ਟੀ ਰੱਖੋ, ਕੁੱਤੇ ਵਾਲੀ ਦ੍ਰਿਸ਼ਟੀ ਛਡ ਦਿਓ। ਜਦੋਂ ਤੁਸੀਂ ਇਸ ਤਰ੍ਹਾਂ ਭਜਨ ਕਰੋਂਗੇ, ਤਾਂ ਫੇਰ ਤੁਹਾਡੀ ਸੁਰਤ ਜਿਹੜੀ ਹੈ ਉਹ ਬ੍ਰਹਮ ਦੇ ਵਿਚ ਲੀਨ ਹੋਣੀ ਸ਼ੁਰੂ ਹੋ ਜਾਏਗੀ। ਆਪਣਾ ਆਪ ਜਿਹੜਾ ਝੂਠਾ ਹੈ, ਇਹ ਮਿਟਦਾ ਚਲਿਆ ਜਾਏਗਾ। ਅਖੀਰ ਵੇਲੇ ਬ੍ਰਹਮ ਭਾਵ ਅੰਦਰ ਜਾਗ ਪਏਗਾ ਤੇ ਸਤਿ ਦਾ ਪ੍ਰਕਾਸ਼ ਹੋ ਜਾਏਗਾ। ਸੱਚ ਦੇ ਪ੍ਰਕਾਸ਼ ਲਈ ਕੁਝ ਰਹਿਤਾਂ ਜ਼ਰੂਰੀ ਹੁੰਦੀਆਂ ਹਨ, ਉਹ ਰਹਿਤਾਂ ਧਾਰਨ ਕਰੋ। ਹਿਰਦੇ ਦੀ ਸਚਾਈ ਹੋਵੇ, ਸ਼ਬਦ ਦੇ ਉਤੇ ਵਿਸ਼ਵਾਸ਼ ਹੋਵੇ, ਜੁਗਤਿ ਪੂਰੀ ਆਉਂਦੀ ਹੋਵੇ, ਗੁਰੂ ਦਾ ਭਰੋਸਾ ਹੋਵੇ, ਫੇਰ ਜਾ ਕੇ ਕਿਤੇ ਸਤਿ ਦਾ ਪ੍ਰਕਾਸ਼ ਹੋਇਆ ਕਰਦਾ ਹੈ। ਬਾਕੀ ਸੰਸਾਰ ਛੱਡਣਾ ਨਹੀਂ, ਸੰਸਾਰ ਦੇ ਵਿਚ ਆਪਾਂ ਰਹਿਣਾ ਹੈ ਤੇ ਜਿੰਨਾਂ ਚਿਰ ਸੰਸਾਰ 'ਚ ਰਹਿਣਾ ਹੈ -

***ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥***
***ਅੰਗ - 661***

ਬੰਧਨਾਂ 'ਚ ਰਹਿਣਾ ਹੈ, ਲੇਕਿਨ ਬੰਧਨ ਨਹੀਂ ਕਿਸੇ ਚੀਜ਼ ਨੂੰ ਬਣਨ ਦੇਣਾ। ਫਰਜ਼ ਪੂਰੇ ਕਰਨੇ ਨੇ, ਜ਼ਿੰਮੇਵਾਰੀਆਂ ਪੂਰੀਆਂ ਕਰਨੀਆਂ ਨੇ, ਪਕੜ ਵਿਚ ਨਹੀਂ ਕਿਸੇ ਵਿਚ ਆਉਂਣਾ, ਸੰਸਾਰ 'ਚ ਰਹਿਣਾ ਹੈ ਸਹਿਚਾਰ ਨਾਲ ਰਹਿਣਾ ਹੈ। ਬੜੇ ਆਦਰ ਤੇ ਸਤਿਕਾਰ ਨਾਲ ਰਹਿਣਾ ਹੈ। ਫਿੱਕੇ ਨਹੀਂ ਬਣਨਾ, ਨਮੋਹਰੇ ਨਹੀਂ ਮੰਨਣਾ, ਸਾਰਿਆਂ ਦਾ ਸਤਿਕਾਰ ਰੱਖਣਾ ਹੈ, ਸਭ ਨਾਲ ਪਿਆਰ ਰੱਖਣਾ ਹੈ ਲੇਕਿਨ ਅੰਦਰੋਂ ਨਿਰਲੇਪ ਰਹਿਣਾ ਹੈ ਰਹਿਣਾ ਹੈ -

***ਧਾਰਨਾ - ਠਾਠਾ ਬਾਗਾ ਜੀ, ਮੇਰਾ ਲੋਗਨ ਸਿਉ।***

***ਸਾਚਿ ਨਾਮਿ ਮੇਰਾ ਮਨੁ ਲਾਗਾ ॥***
***ਲੋਗਨ ਸਿਉ ਮੇਰਾ ਠਾਠਾ ਬਾਗਾ ॥*** ***ਅੰਗ - 384***

ਮਨ ਤਾਂ ਸੱਚੇ ਨਾਮ ਨਾਲ ਹਰ ਵਕਤ ਲੱਗਿਆ ਰਹਿੰਦਾ ਹੈ ਤੇ ਬਾਹਰਲਾ ਜਿਹੜਾ ਮੇਰਾ ਵਰਤਾਵ ਹੈ ਇਹ ਸਾਰਾ civilized ਹੈ, ਰੁੱਖਾ ਨਹੀਂ ਹੈ। ਹੱਸ ਕੇ ਮੈਂ ਬੋਲਦਾ ਹਾਂ, ਪਿਆਰ ਨਾਲ ਬੁਲਾਉਂਦਾ ਹਾਂ, ਲੇਕਿਨ ਹੈ ਸਾਰਾ detached, ਠਾਠਾ ਬਾਗਾ ਹੈ।

***ਬਾਹਰਿ ਸੂਤੁ ਸਗਲ ਸਿਉ ਮਉਲਾ ॥*** ***ਅੰਗ - 384***

ਖਿੜ ਕੇ ਬੋਲਦਾ ਹਾਂ, ਸਾਰਿਆ ਨਾਲ ਪਿਆਰ ਕਰਦਾ ਹਾਂ, ਸਾਰਿਆਂ

ਨੂੰ ਲਗਦਾ ਹੈ ਕਿ ਇਹ ਤਾਂ ਸਾਡਾ ਹੀ, ਲੇਕਿਨ ਅੰਦਰੋਂ –

*ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ ॥ ਅੰਗ – 384*

ਉਸ ਵੇਲੇ ਸਰੀਰ ਤੋਂ ਉਪਰ ਮੈਂ ਆਪਣੀ ਜੋਤ ਦੇ ਵਿਚ, ਆਪਣੇ ਸਰੂਪ ਦੇ ਵਿਚ ਰਹਿੰਦਾ ਹਾਂ, ਅਲਿਪਤ ਰਹਿੰਦਾ ਹਾਂ ਜਿਵੇਂ ਪਾਣੀ ਦੇ ਵਿਚ ਕੌਲ ਹੁੰਦਾ ਹੈ, ਪਾਣੀ ਦੇ ਵਿਚ ਗਲਦਾ ਨਹੀਂ ਹੈ, ਜਿੰਨਾਂ ਪਾਣੀ ਉੱਚਾ ਹੋ ਜਾਏ, ਓਨੀਂ ਉਹਦੀ ਡੰਡੀ ਉੱਚੀ ਹੋ ਜਾਂਦੀ ਹੈ –

*ਮੁਖ ਕੀ ਬਾਤ ਸਗਲ ਸਿਉ ਕਰਤਾ ॥ ਅੰਗ – 384*

ਮੂੰਹ ਦੇ ਨਾਲ ਮੈਂ ਗੱਲਾਂ ਸਾਰੀਆਂ ਹੀ ਕਰਦਾ ਹਾਂ, ਸਾਰਿਆਂ ਨਾਲ। ਲੇਕਿਨ ਅੰਦਰੋਂ ਮੇਰਾ ਅਭਿਆਸ ਐਨਾ ਪੱਕਾ ਹੈ ਕਿ ਹਰ ਵਕਤ ਧਿਆਨ ਮੇਰਾ ਵਾਹਿਗੁਰੂ 'ਚ ਰਹਿੰਦਾ ਹੈ। ਅੰਦਰ ਹਰ ਵਕਤ ਸਿਮਰਨ ਹੁੰਦਾ ਹੈ –

*ਜੀਅ ਸੰਗਿ ਪ੍ਰਭੁ ਅਪੁਨਾ ਧਰਤਾ ॥*
*ਦੀਸਿ ਆਵਤ ਹੈ ਬਹੁਤੁ ਭੀਹਾਲਾ ॥ ਅੰਗ – 384*

ਸਰੀਰ ਮੇਰਾ ਨਜ਼ਰ ਆਉਂਦਾ ਹੈ ਕਿ ਬੜਾ ਮਜ਼ਬੂਤ ਹੈ, ਵਧੀਆ ਸਰੀਰ ਹੈ। ਲੇਕਿਨ ਮੇਰਾ ਅੰਦਰ ਜਿਹੜਾ ਹੈ –

*ਸਗਲ ਚਰਨ ਕੀ ਇਹੁ ਮਨੁ ਰਾਲਾ ॥ ਅੰਗ – 384*

ਮੈਂ ਤਾਂ ਸਾਰਿਆਂ ਦੇ ਚਰਨਾਂ ਦੀ ਧੂੜੀ, ਖਾਕ ਬਣਿਆ ਰਹਿੰਦਾ ਹਾਂ।

*ਨਾਨਕ ਜਨਿ ਗੁਰੁ ਪੂਰਾ ਪਾਇਆ ॥*
*ਅੰਤਰਿ ਬਾਹਰਿ ਏਕੁ ਦਿਖਾਇਆ ॥ ਅੰਗ – 384*

ਅੰਦਰ ਬਾਹਰ ਹਰ ਵਕਤ ਇੱਕ ਨੂੰ ਦੇਖਦੇ ਰਹਿਣਾ ਹੈ, ਤੇ ਆਪਣਾ ਜਿਹੜਾ ਅਧਿਆਸ ਹੋ ਗਿਆ ਮੈਂ ਦਾ ਇਹਨੂੰ ਛੱਡਦੇ ਚਲੇ ਜਾਣਾ ਹੈ।

ਸੋ ਇਸ ਤਰ੍ਹਾਂ ਕਹਿਣ ਲੱਗੇ, ਸਿੱਖੋ! ਦਿਲ ਤੁਸੀਂ ਪ੍ਰਭੂ ਵਲ ਲਾਉਣਾ ਹੈ ਤੇ ਸੰਗਤ ਦੀ ਸੇਵਾ ਕਰਨੀ ਹੈ। ਜਦੋਂ ਤੁਸੀਂ ਸੰਗਤ ਦੀ ਸੇਵਾ ਕਰੋਂਗੇ। ਨਾਮ ਜਪਦੇ ਹੋਏ, ਸੇਵਾ ਕਰਦੇ ਹੋਏ, ਇਹ ਦੇਹ ਅਧਿਆਸ ਟੁੱਟਣਾ ਸ਼ੁਰੂ ਹੋ ਜਾਏਗਾ। ਇਹ ਜਿਹੜੇ ਬੰਧਨ ਨੇ ਇਹ ਢਿੱਲੇ ਪੈ ਜਾਣਗੇ। ਇਹ ਟੁੱਟਣ ਲਗ ਜਾਣਗੇ। ਜਦੋਂ ਤੁਸੀਂ ਅੰਦਰ ਬਾਹਰ ਇਕੋ ਪ੍ਰਭੂ ਨੂੰ ਤੱਕਣ ਲੱਗ ਗਏ, ਤੁਹਾਡਾ ਆਪਣਾ ਆਪ ਹੈ ਜੋ, ਜਿਹੜਾ ਸਭ ਕੁਛ ਦੇਖਦਾ ਹੈ, ਸਭ ਕੁਛ ਸੁਣਦਾ ਹੈ, ਸਾਖੀ ਰੂਪ ਹੋ ਕੇ ਵਰਤਦਾ ਹੈ ਤੇ ਆਪਾਂ ਉਸ ਪ੍ਰਭੂ ਦੀ ਅੰਸ ਹਾਂ। ਜਦੋਂ ਤੁਸੀਂ ਏਸ ਨਿਸ਼ਾਨੇ ਦੇ ਉਤੇ ਆਪਣਾ ਧਿਆਨ ਜਮਾ ਲਿਆ ਉਸ ਵੇਲੇ ਫੇਰ ਕੰਮ ਵੀ ਸੰਸਾਰ ਦੇ ਕਰਨੇ ਨੇ, ਚਿੱਤ ਦੇ ਵਿਚ ਹਰ ਵਕਤ ਨਾਮ ਜਪਣਾ ਹੈ।

*ਧਾਰਨਾ – ਚਿੱਤ ਹਰੀ ਦੇ ਨਾਮ ਨਾਲ ਲਾਈਏ,*
*ਹੱਥੀਂ ਪੈਰੀਂ ਕੰਮ ਕਰੀਏ।*
*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥*

***ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ ॥***

***ਅੰਗ - 1376***

ਸੋ ਉਪਦੇਸ਼ ਕਰ ਦਿਤਾ ਆਪ ਨੇ। ਨਾਮ ਦੀ ਦਾਤ ਬਖਸ਼ ਦਿਤੀ ਉਸ ਵੇਲੇ ਸ਼ਬਦ ਦੀ ਤੇ ਨਾਮ ਦੀ ਵਿਚਾਰ ਕਰਕੇ, ਅਵਸਥਾ ਵਧ ਗਈ। ਮਹਾਰਾਜ ਕਹਿੰਦੇ, ਸ਼ਬਦ ਵਿਚਾਰ ਕੇ ਨਿਰੰਕਾਰ ਦਾ ਰੂਪ ਬਣ ਗਏ -

***ਸਬਦੁ ਬੀਚਾਰਿ ਭਏ ਨਿਰੰਕਾਰੀ ॥***
***ਗੁਰਮਤਿ ਜਾਗੇ ਦੁਰਮਤਿ ਪਰਹਾਰੀ ॥ ਅੰਗ - 904***

ਗੁਰੂ ਦੀ ਮਤ ਵਿਚ ਜਾਗ ਪਏ ਤੇ ਜਿਹੜੀ ਮਾੜੀ ਮਤ ਸੀ, ਗਲਤ ਮਤ, ਆਪਣੇ ਆਪ ਨੂੰ ਸਰੀਰ ਸਮਝਣ ਦੀ, ਬੰਧਨਾਂ ਦੀ; ਉਹ ਸਾਰੀ ਛੱਡ ਦਿਤੀ।

***ਅਨਦਿਨੁ ਜਾਗਿ ਰਹੇ ਲਿਵ ਲਾਈ ॥ ਅੰਗ - 904***

ਦਿਨ ਰਾਤ ਜਾਗ ਰਹੇ ਨੇ ਤੇ ਲਿਵ ਲਾਈ ਹੋਈ ਹੈ।

***ਜੀਵਨ ਮੁਕਤਿ ਗਤਿ ਅੰਤਰਿ ਪਾਈ ॥ ਅੰਗ - 904***

ਜੀਵਨ ਮੁਕਤੀ ਦੀ ਗਤਿ ਮਿਲ ਗਈ -

***ਪ੍ਰਭ ਕੀ ਆਗਿਆ ਆਤਮ ਹਿਤਾਵੈ ॥***
***ਜੀਵਨ ਮੁਕਤਿ ਸੋਊ ਕਹਾਵੈ ॥ ਤੈਸਾ ਹਰਖੁ ਤੈਸਾ ਉਸੁ ਸੋਗੁ ॥***
***ਸਦਾ ਅਨੰਦੁ ਤਹ ਨਹੀ ਬਿਓਗੁ ॥***
***ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥***
***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥***
***ਤੈਸਾ ਮਾਨੁ ਤੈਸਾ ਅਭਿਮਾਨੁ ॥ ਤੈਸਾ ਰੰਕੁ ਤੈਸਾ ਰਾਜਾਨੁ ॥***
***ਜੋ ਵਰਤਾਏ ਸਾਈ ਜੁਗਤਿ ॥***
***ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥ ਅੰਗ - 275***

ਇਹ ਜੀਵਨ ਮੁਕਤੀ ਦੀ ਪਦਵੀ ਇਨ੍ਹਾਂ ਦੋਹਾਂ ਪ੍ਰੇਮੀਆਂ ਨੂੰ ਪ੍ਰਾਪਤ ਹੋ ਗਈ ਤੇ ਇਨ੍ਹਾਂ ਨੇ ਆਸਣ ਲਾ ਲਿਆ।

***ਅਲਿਪਤ ਗੁਫਾ ਮਹਿ ਰਹਹਿ ਨਿਰਾਰੇ ॥ ਅੰਗ - 904***

ਜਿਸ ਗੁਫਾ 'ਚ ਕੋਈ ਲੇਪ ਨਹੀਂ ਪਹੁੰਚਦਾ, ਦਸਵੇਂ ਦੁਆਰ 'ਚ, ਓਸ ਥਾਂ ਵਾਸਾ ਕਰ ਲਿਆ -

***ਤਸਕਰ ਪੰਚ ਸਬਦਿ ਸੰਘਾਰੇ ॥ ਅੰਗ - 904***

ਪੰਜੋ ਚੋਰ ਮਾਰ ਦਿਤੇ ਸ਼ਬਦ ਨੇ -

***ਪਰ ਘਰ ਜਾਇ ਨ ਮਨੁ ਡੋਲਾਏ ॥***
***ਸਹਜ ਨਿਰੰਤਰਿ ਰਹਉ ਸਮਾਏ ॥***
***ਗੁਰਮੁਖਿ ਜਾਗਿ ਰਹੇ ਅਉਧੂਤਾ ॥***
***ਸਦ ਬੈਰਾਗੀ ਤਤੁ ਪਰੋਤਾ ॥***
***ਜਗੁ ਸੂਤਾ ਮਰਿ ਆਵੈ ਜਾਇ ॥***
***ਬਿਨੁ ਗੁਰ ਸਬਦ ਨ ਸੋਝੀ ਪਾਇ ॥***
***ਅਨਹਦ ਸਬਦੁ ਵਜੈ ਦਿਨੁ ਰਾਤੀ ॥***

***ਅਵਿਗਤ ਕੀ ਗਤਿ ਗੁਰਮੁਖਿ ਜਾਤੀ ॥***
***ਤਉ ਜਾਨੀ ਜਾ ਸਬਦਿ ਪਛਾਨੀ ॥***
***ਏਕੋ ਰਵਿ ਰਹਿਆ ਨਿਰਬਾਨੀ ॥ ਅੰਗ - 904***

ਜਦੋਂ ਸ਼ਬਦ ਦੀ ਪਛਾਣ ਹੋ ਗਈ, ਪ੍ਰਮੇਸ਼ਰ ਦੀ ਪਛਾਣ ਹੋ ਗਈ ਓਸ ਵੇਲੇ ਜਾਗ ਪਏ -

***ਸੁੰਨ ਸਮਾਧਿ ਸਹਜਿ ਮਨੁ ਰਾਤਾ ॥ ਅੰਗ - 904***

ਅਫੁਰ ਅਵਸਥਾ 'ਚ ਪਹੁੰਚ ਗਏ, ਸਹਿਜ ਵਿਚ ਮਨ ਰੱਤਿਆ ਗਿਆ -

***ਤਜਿ ਹਉ ਲੋਭਾ ਏਕੋ ਜਾਤਾ ॥ ਅੰਗ - 904***

ਹਉਮੈ ਵੀ ਛੱਡ ਦਿਤੀ, ਪੰਜੇ ਚੋਰਾਂ ਨੂੰ ਛੱਡ ਦਿਤਾ। ਇੱਕ ਵਾਹਿਗੁਰੂ ਸਾਰੇ ਪਰੀਪੂਰਨ ਨਿਗ੍ਹਾ 'ਚ ਆ ਗਿਆ -

***ਗੁਰ ਚੇਲੇ ਅਪਨਾ ਮਨੁ ਮਾਨਿਆ ॥***
***ਨਾਨਕ ਦੂਜਾ ਮੇਟਿ ਸਮਾਨਿਆ ॥ ਅੰਗ - 904***

ਸੋ ਉਹ ਅਵਸਥਾ ਪ੍ਰਾਪਤ ਹੋ ਗਈ ਜਿੱਥੇ ਮਹਾਰਾਜ ਕਹਿੰਦੇ ਨੇ -

***ਮਨਿ ਸਾਚਾ ਮੁਖਿ ਸਾਚਾ ਸੋਇ ॥***
***ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥***
***ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥ ਅੰਗ - 272***

ਬ੍ਰਹਮਗਿਆਨ ਦੀ ਦਾਤ ਮਿਲ ਗਈ। ਉਸ ਵੇਲੇ ਸਾਰੀ ਜ਼ਿੰਦਗੀ ਗੁਰੂ ਦੀ ਸੇਵਾ 'ਚ ਲਾ ਦਿਤੀ। ਮੰਜੇ ਬਣਾਉਂਦੇ ਨੇ, ਚੌਂਕੀਆਂ ਬਣਾਉਂਦੇ ਨੇ, ਲੰਗਰ ਵਾਸਤੇ ਲੱਕੜਾਂ ਪਾੜਦੇ ਨੇ, ਕਿਸੇ ਨੂੰ ਜਣਾਉਂਦੇ ਨਹੀਂ।

ਜੇ ਕੋਈ ਕਹਿੰਦਾ ਹੈ ਭਾਈ ਮੱਦੂ! ਭਾਈ ਢੀਂਗਣ ਆਹ ਸਾਡਾ ਵੀ ਕੰਮ ਕਰ ਦਿਓ, ਆਹ ਫਰਨੀਚਰ ਬਣਾਉਣਾ ਹੈ। ਕਹਿਣਾ ਕੋਈ ਨਾ ਭਾਈ, ਘਰ ਬਣਾ ਦੇਵਾਂਗੇ ਅਸੀਂ। ਹੁਣ ਤਾਂ ਗੁਰੂ ਦੀ ਸੇਵਾ ਕਰਦੇ ਹਾਂ। ਘਰ ਜਾ ਕੇ ਉਨ੍ਹਾਂ ਦਾ ਬਣਾਉਣਾ, ਕੋਈ ਪੈਸਾ ਨਹੀਂ ਲੈਣਾ, ਮੁਫਤ ਹੀ ਸੇਵਾ ਕਰਦੇ ਸੀ, ਕਿਉਂਕਿ ਸਾਰਿਆਂ ਦੇ ਅੰਦਰ ਇੱਕ ਪ੍ਰਮੇਸ਼ਰ ਦੇਖਦੇ ਸੀ -

***ਧਾਰਨਾ - ਦੂਜਾ ਨਾ ਵੇਖਦੇ ਪ੍ਰਭ ਜੀ ਬਿਨ ਬ੍ਰਹਮਗਿਆਨੀ।***

ਅਵਸਥਾ ਪ੍ਰਾਪਤ ਹੋ ਗਈ, ਜਿਸਨੂੰ ਬ੍ਰਹਮਗਿਆਨ ਦੀ ਅਵਸਥਾ ਕਹਿੰਦੇ ਨੇ। ਕਿੱਡਾ ਉੱਚਾ ਦਰਜਾ ਪ੍ਰਾਪਤ ਕਰ ਲਿਆ। ਮਹਾਰਾਜ ਕਹਿੰਦੇ -

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ ਅੰਗ - 273***

ਆਪ ਹੀ ਪ੍ਰਮੇਸ਼ਰ ਦਾ ਰੂਪ ਬਣ ਗਏ -

***ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥***

*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥*
*(ਸਰਬ ਲੋਹ ਗ੍ਰੰਥ 'ਚੋਂ')*

ਸਾਰੀ ਜ਼ਿੰਦਗੀ ਗੁਜ਼ਾਰ ਕੇ, ਅੱਜ ਆਪ ਨੇ ਦੋਹਾਂ ਨੇ ਇਕੱਠਿਆਂ ਨੇ ਸੁਧਾਸਰ 'ਚ ਇਸ਼ਨਾਨ ਕੀਤਾ। ਉਸ ਤੋਂ ਬਾਅਦ ਕੰਢੇ 'ਤੇ ਬੈਠ ਕੇ ਨਿਤਨੇਮ ਕੀਤਾ। ਘਰ ਆ ਗਏ, ਬਹੁਤ ਸਾਰੇ ਲੋੜਵੰਦਾਂ ਨੂੰ ਬੁਲਾ ਲਿਆ, ਚੁੱਕ-ਚੁੱਕ ਕੇ ਜਿੰਨੀਆਂ ਚੀਜ਼ਾਂ ਸੀ ਵੰਡਣੀਆਂ ਸ਼ੁਰੂ ਕਰ ਦਿਤੀਆਂ। ਸਾਰਾ ਸਾਮਾਨ ਵੰਡ ਦਿਤਾ। ਕਿਸੇ ਨੇ ਕਿਹਾ, ਭਾਈ ਮੱਦੂ! ਤੁਸੀਂ ਤਾਂ ਆਪਣੇ ਬਿਸਤਰੇ ਵੀ ਵੰਡ ਦਿਤੇ, ਸਭ ਕੁਛ ਵੰਡ ਦਿਤਾ। ਕਹਿੰਦੇ, ਹਾਂ ਭਾਈ, ਹੁਣ ਅਸੀਂ ਛੁੱਟੀ ਲੈਣੀ ਹੈ। ਚੌਂਕੜਾ ਮਾਰ ਕੇ ਬੈਠ ਗਏ ਦੋਵੇਂ ਜਣੇ, ਦੋਹਾਂ ਨੇ ਇਕੱਠਿਆਂ ਨੇ ਆਪਣਾ ਸਰੀਰ ਤਿਆਗ ਦਿਤਾ ਕਿਉਂਕਿ ਐਸਾ ਫੁਰਮਾਨ ਹੈ -

*ਧਾਰਨਾ - ਆਵੇ ਜਾਇ ਨਿਸੰਗ*
*ਗੁਰਮੁਖ ਪਿਆਰਾ-ਗੁਰਮੁਖ ਪਿਆਰਾ।*

*ਗੁਰਮੁਖਿ ਆਵੈ ਜਾਇ ਨਿਸੰਗੁ ॥ ਅੰਗ - 932*

ਮਾਰੂ ਦੇ ਸ਼ਬਦ ਪੜ੍ਹਨੇ ਸ਼ੁਰੂ ਹੋ ਗਏ। ਗੁਰੂ ਮਹਾਰਾਜ ਨੇ ਆਵਾਜ਼ ਸੁਣੀ, ਪੁੱਛਿਆ ਕਿ ਕੀ ਗੱਲ ਹੈ ਇਹ ਸ਼ਬਦ ਪੜ੍ਹੇ ਜਾ ਰਹੇ ਨੇ। ਕਹਿਣ ਲੱਗੇ, ਮਹਾਰਾਜ! ਭਾਈ ਧੀਂਝਣ ਤੇ ਭਾਈ ਮੱਦੂ ਦੋਹਾਂ ਨੇ ਅੱਜ ਇਸ਼ਨਾਨ ਕਰਕੇ, ਸਾਰੀਆਂ ਚੀਜ਼ਾਂ ਵੰਡ ਕੇ, ਸਮਾਧੀ ਲਾ ਕੇ ਬੈਠ ਗਏ ਤੇ ਆਪਣਾ ਸਰੀਰ ਛੱਡ ਦਿਤਾ। ਮਹਾਰਾਜ ਕਹਿੰਦੇ, ਚਿਖਾ ਤਿਆਰ ਕਰੋ। ਚਿਖਾ ਤਿਆਰ ਕੀਤੀ ਗਈ, ਗੁਰੂ ਛੇਵੇਂ ਪਾਤਸ਼ਾਹ ਨੇ ਆਪ ਆਪਣੇ ਦਸਤ-ਏ-ਮੁਬਾਰਕ ਦੇ ਨਾਲ ਇਸ਼ਨਾਨ ਕਰਾਇਆ ਤੇ ਆਪ ਉਨ੍ਹਾਂ ਦੇ ਉਤੇ ਕਫਨ ਦਿਤੇ। ਆਪ ਹੀ ਚੁੱਕ ਕੇ ਨਾਲ, ਚਿਖਾ ਦੇ ਉਤੇ ਸਰੀਰ ਟਿਕਾ ਕੇ, ਆਪ ਲਾਂਬੂ ਦਿਤਾ ਤੇ ਕੀਰਤਨ ਸੋਹਿਲੇ ਦਾ ਪਾਠ ਕਰਿਆ। ਪਿੱਛੋਂ ਸਾਰਿਆਂ ਨੂੰ ਦੱਸਣ ਵਾਸਤੇ ਅੱਜ ਇਹ ਬਚਨ ਕੀਤਾ ਕਿ ਇਹ ਨਲ ਤੇ ਨੀਲ ਦਾ ਅਵਤਾਰ ਨੇ ਤੇ ਇਨ੍ਹਾਂ ਨੇ ਪੁੱਲ ਬਣਾਇਆ ਸੀ ਜਦ। ਇੱਕ ਵਾਰੀ ਇਨ੍ਹਾਂ ਨੇ ਸਾਨੂੰ ਬੇਨਤੀ ਕਰੀ ਕਿ ਸਾਨੂੰ ਭਗਤੀ ਦੇਵੋ ਤੇ ਬ੍ਰਹਮਗਿਆਨ ਦੇਵੋ। ਕਿਉਂਕਿ ਜਿਹੜਾ ਇਕੱਲਾ ਬ੍ਰਹਮਗਿਆਨ ਹੈ ਉਹ ਖੁਸ਼ਕ ਹੁੰਦਾ ਹੈ। ਜਿਹੜਾ ਭਗਤੀ ਸਹਿਤ ਹੁੰਦਾ ਹੈ ਉਹਨੂੰ ਕੋਈ ਮੋਹ ਨਹੀਂ ਸਕਦਾ, ਮਾਇਆ ਮੋਂਹਦੀ ਹੈ ਨਰ ਨੂੰ, ਜੇ ਇਸਤ੍ਰੀ ਹੋਵੇ ਉਹਨੂੰ ਮੋਹ ਨਹੀਂ ਸਕਦੀ। ਗੁਰੂ ਘਰ ਦੇ ਅੰਦਰ ਭਗਤੀ ਸਹਿਤ ਬ੍ਰਹਮਗਿਆਨ ਹੈ। ਸੋ ਇਹ ਦੋ ਚੀਜ਼ਾਂ ਮੰਗੀਆਂ। ਉਸ ਵੇਲੇ ਅਸੀਂ ਇਨ੍ਹਾਂ ਨੂੰ ਬਚਨ ਕਰਿਆ ਹੁਣ ਤਾਂ ਨਹੀਂ ਅਸੀਂ ਕਰਦੇ, ਪਰ ਤੁਹਾਡੀ ਕਾਮਨਾ ਅਸੀਂ ਪੂਰੀ ਜ਼ਰੂਰ ਕਰਾਂਗੇ। ਹੁਣ ਸਤਿਜੁਗ 'ਚੋਂ, ਤ੍ਰੇਤੇ 'ਚੋਂ, ਕਲਜੁਗ 'ਚ ਪੈਦਾ ਹੋ ਕੇ ਸਾਡੇ ਕੋਲ ਆਏ ਤੇ ਇਨ੍ਹਾਂ ਨੇ ਸ਼ਬਦ ਦੀ ਕਮਾਈ ਪੂਰੀ-ਪੂਰੀ ਕਰੀ। ਗੁਰੂ ਗ੍ਰੰਥ ਸਾਹਿਬ ਤਾਂ ਸਾਡੇ ਵੀ ਗੁਰੂ ਨੇ ਪਰ ਅਸੀਂ ਸ਼ਬਦ ਦੀ ਕਮਾਈ ਨਹੀਂ ਕਰਦੇ। ਬਿਲਕੁਲ ਨਹੀਂ ਮੰਨਦੇ ਸਾਧਸੰਗਤ ਜੀ! ਜਿਉਂ-ਜਿਉਂ ਪਤਾ ਲਗਦਾ ਹੈ, ਤਿਉਂ-ਤਿਉਂ ਇਸ ਗੱਲ ਦਾ ਵੀ ਗਿਆਨ ਆਉਂਦਾ ਹੈ ਕਿ ਅਸੀਂ ਗੁਰੂ ਦੀ ਬਾਣੀ ਨਹੀਂ ਮੰਨਦੇ।

ਐਵੇਂ ਪੜ੍ਹਦੇ ਹੀ ਪੜ੍ਹਦੇ ਹਾਂ, ਪੜ੍ਹੀ ਜਾਂਦੇ ਹਾਂ, ਬਥੇਰੀਆਂ ਪੜ੍ਹੀ ਜਾਂਦੇ ਹਾਂ, ਸਵੇਰ ਤੋਂ ਲਗ ਜਾਂਦੇ ਹਾਂ, ਰਾਤ ਤਕ ਪੜ੍ਹੀ ਜਾਂਦੇ ਹਾਂ। ਮੰਨਦੇ ਨਹੀਂ ਪਰ। ਜੇ ਮੰਨ ਲਈਏ ਤਾਂ ਸਾਡਾ ਉਧਾਰ ਹੋ ਜਾਏ।

ਕਹਿੰਦੇ, ਇਨ੍ਹਾਂ ਨੇ ਕਮਾਈ ਕਰੀ ਸ਼ਬਦ ਦੀ ਇਹ ਸੀਗੇ ਬ੍ਰਹਮਗਿਆਨੀ, ਪ੍ਰਮੇਸ਼ਰ ਦਾ ਰੂਪ, ਪਰ ਆਪਣਾ ਆਪ ਇਨ੍ਹਾਂ ਨੇ ਪ੍ਰਗਟ ਨਹੀਂ ਕਰਿਆ। ਹੁਣ ਇਨ੍ਹਾਂ ਨੂੰ ਅਬਚਲ ਪਦ, ਸੱਚਖੰਡ ਦੇ ਵਿਚ ਪ੍ਰਾਪਤ ਹੋਵੇਗਾ। ਸਾਰੇ ਕਰਮ ਫਲ ਜਿਹੜੇ ਸੀ, ਉਹ ਭੋਗ ਕੇ ਖੋ ਦਿਤੇ। ਹੁਣ ਇਨ੍ਹਾਂ ਦੇ ਉਤੇ ਕੋਈ ਕਰਮ ਬਕਾਇਆ ਨਹੀਂ ਰਿਹਾ –

***ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥ ਅੰਗ – 1195***

ਗੁਰੂ ਮਹਾਰਾਜ ਦੇ ਮੁਖਾਰਬਿੰਦ ਤੋਂ ਸੁਣ ਕੇ ਸਾਰੇ ਸਿੱਖ ਖੁਸ਼ੀ 'ਚ ਆ ਗਏ ਕਹਿਣ ਲੱਗੇ ਹੇ ਮਹਾਰਾਜ! ਸੱਚੇ ਪਾਤਸ਼ਾਹ! ਮੀਰੀ-ਪੀਰੀ ਦੇ ਮਾਲਕੋ, ਤੁਹਾਡੀ ਗਤਿ ਅਸੀਂ ਨਹੀਂ ਲਖ ਸਕਦੇ। ਜਿਹੜੀ ਤੁਹਾਡੀ ਮਹਾਂ-ਉਜਾਗਰ ਸੋਭਾ ਹੈ ਇਹਨੂੰ ਇਸ ਸੰਸਾਰ ਦੇ ਲੋਕ ਨਹੀਂ ਜਾਣਦੇ।

ਸੋ ਸਾਧਸੰਗਤ ਜੀ! ਇਸ ਤਰ੍ਹਾਂ ਦੇ ਨਾਲ ਬ੍ਰਹਮਗਿਆਨ ਦੀ ਪ੍ਰਾਪਤੀ ਕੀਤੀ। ਸੋ ਅਸੀਂ ਵੀ ਇਹ ਬਚਨ ਸੁਣੇ ਨੇ ਕਿ ਨੌਂ ਬੰਧਨ ਹੁੰਦੇ ਨੇ। ਤਰੀਕਾ ਵੀ ਨਾਲ ਦੀ ਨਾਲ ਬਾਣੀ ਵਿਚ ਦੱਸਿਆ ਹੋਇਆ ਹੈ। ਇਸ ਤਰ੍ਹਾਂ ਆਹ ਬੰਧਨ ਟੁੱਟਦਾ ਹੈ, ਆਹ ਟੁੱਟਦਾ ਹੈ। ਹੁਣ ਗੱਲ ਕਿੱਥੇ ਮੁੱਕਦੀ ਹੈ। ਉਹ ਇਥੇ ਮੁੱਕਦੀ ਹੈ ਕਿ ਅਸੀਂ ਚਾਹੁੰਦੇ ਨਹੀਂ, ਅਸੀਂ ਦੁਨੀਆਂ ਚਾਹੁੰਦੇ ਹਾਂ ਤੇ ਦੀਨ ਨਹੀਂ ਚਾਹੁੰਦੇ। ਉਹ ਚੀਜ਼ ਨਹੀਂ ਅਸੀਂ ਚਾਹੁੰਦੇ ਕਿਉਂਕਿ ਅਸੀਂ ਮੈਂ ਨੂੰ ਨਹੀਂ ਛੱਡਣਾ ਚਾਹੁੰਦੇ ਕਿਸੇ ਕੀਮਤ 'ਤੇ ਵੀ ਜੇ ਸੱਚਖੰਡ ਵਿਚ ਵੀ ਜਾਈਏ ਤਾਂ ਮੈਂ ਬਣਿਆ ਰਹਾਂ। ਮਹਾਰਾਜ ਕਹਿੰਦੇ, ਤੂੰ ਪ੍ਰਮੇਸ਼ਰ ਹੈਂ, ਤੂੰ ਕਿਉਂ ਮੈਂ-ਮੈਂ ਕਰੀਂ ਜਾਂਦਾ ਹੈ। ਤੇਰੇ ਵਿਚ ਤੇ ਪ੍ਰਮੇਸ਼ਰ ਵੀ ਭੇਦ ਨਹੀਂ ਹੈ।

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥***
***ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥***
***ਅੰਗ – 1375***

ਇਹ ਤਾਂ ਹੈ ਹੀ ਤੂੰ, ਮੈਂ ਇਹਦੇ ਵਿਚ ਕਿਉਂ ਲਿਆਉਂਦਾ ਹੈਂ। ਮੈਂ ਨਾ ਲੈ ਕੇ ਆ। ਮੈਂ ਨੂੰ ਖਤਮ ਕਰ। ਇਹ ਤਾਂ ਹੈ ਹੀ ਤੂੰ। ਮੈਂ ਇਹਦੇ ਵਿਚ ਕਿਉਂ ਲਿਆਉਂਦਾ ਹੈਂ, ਮੈਂ ਨਾ ਲਿਆ। ਆਹੀ ਤੇਰੇ ਜੀਵਨ ਦਾ ਮਨੋਰਥ ਹੈ –

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅੰਗ – 12***

ਰੱਬ ਨੇ ਤੇਰੇ ਸਾਮ੍ਹਣੇ ਖੜ੍ਹੇ ਹੋ ਕੇ ਨਹੀਂ ਆਉਣਾ, ਮਤਾ ਭੁਲੇਖੇ 'ਚ ਰਹੇਂ। ਇਹ ਤੇਰਾ ਆਪਣਾ ਆਪ ਜਿੱਥੇ ਤੂੰ ਅਖੀਰ 'ਤੇ ਜਾਂਦਾ ਹੈਂ ਉਹ ਪ੍ਰਮੇਸ਼ਰ ਹੀ ਹੈ ਸਭ ਕੁਛ। ਆਹ ਜਿਹੜਾ ਉਪਰਲਾ ਫਜ਼ੂਲ ਜਿਹਾ, ਸੋਚੀ ਜਾਂਦਾ ਹੈਂ, ਇਹਨੂੰ ਲਾਹ ਦੇ। ਅਸਲੀਅਤ ਦੇ ਵਿਚ ਪਹੁੰਚ ਜਾ। ਮਿਲਣਾ

ਕੀਹਦਾ ਜਿਹੜਾ ਹੈ ਹੀ ਮਿਲਿਆ ਹੋਇਆ, ਕੋਈ ਹੋਰ ਹੋਵੇ ਤਾਂ ਮਿਲੇ। ਉਹ ਤਾਂ ਆਪੇ ਹੀ ਆਪ ਹੈ, ਦੂਜਾ ਹੈ ਨਹੀਂ। ਸੋ ਇਸ ਕਰਕੇ ਇਹ ਚੀਜ਼ ਪ੍ਰਗਟ ਨਹੀਂ ਹੁੰਦੀ ਜਦੋਂ ਤੱਕ ਨਾਮ ਦੀ ਕਮਾਈ ਨਹੀਂ ਹੁੰਦੀ। ਸੋ ਨਾਮ ਦੀ ਕਮਾਈ ਕਰਕੇ ਇੱਥੇ ਪਹੁੰਚਣ ਦਾ ਯਤਨ ਕਰੋ, ਗੁਰੂ ਸਾਹਿਬ ਸਾਡੇ ਉਤੇ ਨਰਾਜ਼ ਨਹੀਂ। ਉਹ ਤਾਂ -

***ਸਦਾ ਸਦਾ ਸਦਾ ਦਇਆਲ ॥***
***ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥*** ***ਅੰਗ - 275***

ਜਿਹੜਾ ਹੈ ਹੀ ਸਦਾ ਦਇਆਲ -

***ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥***
***ਅੰਗ - 544***

ਸੋ ਇਸ ਤਰ੍ਹਾਂ ਆਪਣੇ ਜੀਵਨ ਨੂੰ ਮੋੜ ਦੇਵੋ। ਇਹ ਜਿਹੜੇ ਬਚਨ ਆਪ ਦੇ ਚਰਨਾਂ 'ਚ ਭੇਟ ਕੀਤੇ ਗਏ ਨੇ, ਕੋਸ਼ਿਸ਼ ਕਰੋ ਇਨ੍ਹਾਂ ਨੂੰ ਯਾਦ ਰੱਖਣ ਦੀ। ਕਿਉਂਕਿ ਐਸੇ ਬਚਨ ਮਿਲਿਆ ਨਹੀਂ ਕਰਦੇ, ਬਹੁਤ ਮੁਸ਼ਕਲ ਨੇ। ਕਿਸੇ ਸੰਤ ਦੀ ਸੇਵਾ, 50 ਸਾਲ ਕਰੀ ਜਾਓ ਤਾਂ ਕਿਤੇ ਬੋਲ ਪੈਣ ਤਾਂ ਬੋਲ ਪੈਣ, ਨਹੀਂ ਤਾਂ ਬੋਲਿਆ ਹੀ ਨਹੀਂ ਕਰਦੇ। ਗੁਰੂ ਬੋਲਦੇ ਨੇ, ਜੋ ਕੁਛ ਗੁਰੂ ਬੋਲ ਰਹੇ ਨੇ ਉਹ ਕੁਛ ਤੁਹਾਡੀ ਸੇਵਾ 'ਚ ਅਰਜ਼ ਕਰ ਦਿਤਾ। ਹੁਣ ਸਾਰੇ ਪ੍ਰੇਮੀ ਗੁਰ ਸਤੋਤਰ 'ਚ ਬੋਲੋ।

ਅਨੰਦ ਸਾਹਿਬ, ਅਰਦਾਸ, ਹੁਕਮਨਾਮਾ।

# ਅਨੁਭਵ ਪ੍ਰਕਾਸ਼

ਸ਼ਾਨ.............................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - 289*

*ਧਾਰਨਾ - ਤੁਮਹੀ ਪਿਤਾ ਤੁਮਹੀ ਫੁਨਿ ਮਾਤਾ,*
*ਤੁਮਹੀ ਮੀਤੁ ਹਿਤ ਭਰਾਤਾ ਜੀ।*

*ਰਸਨਾ ਜਪਤੀ ਤੂਹੀ ਤੂਹੀ ॥*
*ਮਾਤ ਗਰਭ ਤੁਮ ਹੀ ਪ੍ਰਤਿਪਾਲਕ*
*ਮ੍ਰਿਤ ਮੰਡਲ ਇਕ ਤੁਹੀ ॥ 1 ॥ ਰਹਾਉ ॥*
*ਤੁਮਹਿ ਪਿਤਾ ਤੁਮ ਹੀ ਫੁਨਿ ਮਾਤਾ*
*ਤੁਮਹਿ ਮੀਤ ਹਿਤ ਭ੍ਰਾਤਾ ॥*
*ਤੁਮ ਪਰਵਾਰ ਤੁਮਹਿ ਆਧਾਰਾ*
*ਤੁਮਹਿ ਜੀਅ ਪ੍ਰਾਨਦਾਤਾ ॥ 1 ॥*
*ਤੁਮਹਿ ਖਜੀਨਾ ਤੁਮਹਿ ਜਰੀਨਾ*
*ਤੁਮ ਹੀ ਮਾਣਿਕ ਲਾਲਾ ॥*
*ਤੁਮਹਿ ਪਾਰਜਾਤ ਗੁਰ ਤੇ ਪਾਏ*
*ਤਉ ਨਾਨਕ ਭਏ ਨਿਹਾਲਾ ॥ ਅੰਗ - 1215*

*ਧਾਰਨਾ - ਬਿਨ ਨਾਵੈ ਗਲ ਫੰਧਾ ਜੀ,*
*ਕਾਲੁ ਬਿਕਾਲੁ ਸਦਾ ਸਿਰਿ ਤੇਰੈ।*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਦੂਰ-ਦਰਾਜ਼ ਤੋਂ ਆਪ ਗੁਰੂ ਮਹਾਰਾਜ ਦੀ ਚਰਨ ਸ਼ਰਨ, ਸਤਿਸੰਗ ਦੇ ਵਿਚ ਸ਼ਾਮਲ ਹੋਣ ਵਾਸਤੇ, ਗੁਰੂ ਮਹਾਰਾਜ ਦੀ ਹਜ਼ੂਰੀ ਦੇ ਅੰਦਰ ਸਸ਼ੋਭਤ ਹੋਂ। ਮਹਾਰਾਜ ਨੇ ਫੁਰਮਾਨ ਕੀਤਾ ਹੈ ਕਿ ਨਾਮ ਤੋਂ ਬਗੈਰ ਗਲ ਦਾ ਫੰਧਾ ਕੱਟਿਆ ਨਹੀਂ ਜਾਂਦਾ।

*ਕਾਲੁ ਬਿਕਾਲੁ ਸਦਾ ਸਿਰਿ ਤੇਰੈ.........॥*

*ਅੰਗ - 1126*

ਜੰਮਣਾ ਤੇ ਮਰਨਾ ਸਦਾ ਹੀ ਸਿਰ ਦੇ ਉੱਤੇ ਚੜ੍ਹਿਆ ਰਹਿੰਦਾ ਹੈ। ਜਦੋਂ ਤੱਕ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ, ਨਾਮ ਪ੍ਰਗਟ ਨਹੀਂ ਹੁੰਦਾ। ਨਾਮ ਦੇ ਵਿਚ ਨਿਵਾਸ ਨਹੀਂ ਹੁੰਦਾ, ਜੰਮਣ-ਮਰਨ ਦਾ ਚੱਕਰ ਗਲੋਂ ਨਹੀਂ ਹਟਦਾ

ਤੇ ਹੁੰਦਾ ਕੀ ਹੈ? ਆਦਮੀ ਸੰਸਾਰ 'ਚ ਆਉਂਦਾ ਹੈ। ਬੜਾ ਲੰਮਾ ਸਫਰ ਕੱਟ ਕੇ ਆਉਂਦਾ ਹੈ। 84 ਲੱਖ ਜੂਨਾਂ ਦੇ ਵਿਚ, ਕੋਈ ਸੁਖਾਲੀ ਜਿਹੀ ਚੀਜ਼ ਨਹੀਂ ਹੈ। ਗੱਲ ਕਰਨ ਵਾਸਤੇ ਆਪਾਂ ਨੂੰ ਬਹੁਤ ਆਸਾਨ ਹੈ ਕਿ 84 ਲੱਖ ਜੂਨ ਭੋਗ ਕੇ ਆਏ ਹਾਂ। ਜੇ ਇੱਕ-ਇੱਕ ਜੂਨ ਦਾ ਧਿਆਨ ਦੇਈਏ ਤਾਂ ਪਤਾ ਲਗਦਾ ਹੈ ਕਿ ਕਿੰਨੇ ਦੁਖੀ ਹੋ ਕੇ ਇੱਥੇ ਤੱਕ ਪਹੁੰਚੇ ਹਾਂ।

ਇੱਕ ਕੋਈ ਮਹਾਤਮਾ ਹੋਏ ਨੇ ਜਿਨ੍ਹਾਂ ਦਾ ਨਾਮ ਸੁਖਦੇਵ ਸੀ। ਬਚਪਨ ਤੋਂ ਹੀ ਪ੍ਰਮੇਸ਼ਵਰ ਵਲ ਉਨ੍ਹਾਂ ਦਾ ਧਿਆਨ ਹੋਣ ਕਰਕੇ, ਛੋਟੀ ਉਮਰ ਅੰਦਰ ਹੀ ਪ੍ਰਭੂ ਦੇ ਵੈਰਾਗ ਵਿੱਚ ਆਏ ਹੋਏ, ਪ੍ਰਭੂ ਮਿਲਾਪ ਵਾਸਤੇ ਘਰ ਛੱਡ ਕੇ ਚਲੇ ਜਾਂਦੇ ਨੇ। ਪਿਤਾ ਉਨ੍ਹਾਂ ਦਾ ਰੋਕਦਾ ਹੈ ਕਿ ਬੇਟਾ, ਤੂੰ ਅਜੇ ਛੋਟਾ ਹੈਂ। ਐਨੀ ਛੇਤੀ ਤੂੰ ਜਾਣ ਦੀ ਤਿਆਰੀ ਕਰ ਲਈ। ਨਾਮ ਜਪਣ ਤੋਂ ਨਹੀਂ ਮੈਂ ਤੈਨੂੰ ਹਟਾਉਂਦਾ, ਪਰ ਤੇਰੀ ਤਾਂ ਉਮਰ ਬਹੁਤ ਛੋਟੀ ਹੈ। ਕਹਿਣ ਲੱਗਿਆ, ਪਿਤਾ ਜੀ! ਧਰੂੰ ਤੇ ਪ੍ਰਹਿਲਾਦ ਦੀ ਉਮਰ ਵੀ ਛੋਟੀ ਸੀ। ਉਮਰ ਦਾ ਸਵਾਲ ਨਹੀਂ ਹੋਇਆ ਕਰਦਾ, ਸਵਾਲ ਲਗਨ ਦਾ ਹੈ। ਜਿਹੜੇ ਵੱਡੇ-ਵੱਡੇ ਨੇ ਜਿਨ੍ਹਾਂ ਦੀਆਂ ਸਫੇਦ ਦਾੜ੍ਹੀਆਂ ਆ ਗਈਆਂ ਤੇ ਮਰਨ ਦੇ ਕਿਨਾਰੇ ਪਹੁੰਚੇ ਹੋਏ ਨੇ, ਉਨ੍ਹਾਂ ਦਾ ਮਨ ਨਹੀਂ ਅਜੇ ਮੰਨਦਾ ਪ੍ਰਮੇਸ਼ਵਰ ਦੀ ਭਗਤੀ ਕਰਨ ਵਾਸਤੇ। ਫੇਰ ਬੱਚਾ ਤਾਂ ਉਸ ਤੋਂ ਸਿਆਣਾ ਹੋਇਆ ਨਾ, ਜਿਹਨੂੰ ਪਤਾ ਹੈ ਕਿ ਮੈਨੂੰ ਕਾਲ ਦਾ ਡਰ ਹੈ।

ਇਕ ਕੋਈ ਸੇਠ ਸੀਗਾ, ਉਹਦੀ ਨੂੰਹ ਘਰ 'ਚ ਆਈ, ਉਹ ਭਜਨ ਬੰਦਗੀ ਕਰਨ ਵਾਲੀ ਸੀ ਤੇ ਇਧਰਲੇ ਪਾਸੇ ਜਿਹੜਾ ਪਰਿਵਾਰ ਸੀ ਉਹ ਨਾ ਦਾਨ ਕਰਦਾ ਸੀ, ਨਾ ਪ੍ਰਮੇਸ਼ਵਰ ਦਾ ਭਜਨ ਕਰਦਾ ਸੀ। ਉਹ ਕੇਵਲ ਇੱਕੋ ਹੀ ਬੀਬੀ ਸੀ ਜਿਹੜੀ ਅੰਮ੍ਰਿਤ ਵੇਲੇ ਉੱਠ ਕੇ ਹਰੀ ਦਾ ਜਸ ਕਰਦੀ, ਭਜਨ ਕਰਦੀ ਸੀ। ਸੇਠ ਵੀ ਬੈਠਾ ਹੈ ਤੇ ਐਨੇ ਨੂੰ ਆਵਾਜ਼ ਆਈ ਦਰ ਦੇ ਉੱਤੇ, ਸਤਿ ਕਰਤਾਰ ਦੀ ਆਵਾਜ਼ ਆਈ। ਬੀਬੀ ਨੇ ਆਵਾਜ਼ ਸੁਣੀ ਕਿ ਕੋਈ ਦਰ ਦੇ ਉੱਤੇ ਸਵਾਲੀ ਖੜ੍ਹਾ ਹੈ। ਥੋੜ੍ਹੀ ਜਿਹੀ ਖੁੱਲ੍ਹ ਲਈ ਉਸਨੇ, ਪ੍ਰਸ਼ਾਦਾ ਕੋਲ ਲਿਆ ਜਾਂ ਕੋਈ ਹੋਰ ਚੀਜ਼ ਕੋਲ ਲਈ। ਉਹ ਜਾ ਕੇ ਉਸਦੀ ਝੋਲੀ ਵਿਚ ਪਾ ਦਿਤੀ ਤੇ ਨਾਲ ਦੀ ਨਾਲ ਸਵਾਲ ਕਰ ਦਿਤਾ, ਕਹਿਣ ਲੱਗੀ ਬਾਲੇ! ਅਬਹੂੰ ਸਵੇਰ?

ਉਹ ਕਹਿਣ ਲੱਗੇ, "ਬੀਬੀ! ਡਰ ਕਾਲ ਕਾ।"

ਉਸ ਬੱਚੇ ਨੇ ਸਵਾਲ ਕਰ ਦਿਤਾ ਛੋਟੇ ਜਿਹੇ ਨੇ ਕਿ ਆਪ ਕੇ ਕੈਸੀ ਬੀਤਤੀ ਹੈ?

ਉਸ ਲੜਕੀ ਨੇ ਜਵਾਬ ਦੇ ਦਿਤਾ ਕਿ ਹਮਰੇ ਬਾਸੀ ਖਾਤ ਹੈ।

ਸੇਠ ਨੇ ਜਦ ਸੁਣਿਆ ਕਿ ਇਹ ਗੱਲਾਂ ਕਰਦੀ ਹੈ ਕੁਛ। ਹੋਰ ਤਾਂ ਗੱਲਾਂ ਸਮਝ 'ਚ ਨਾ ਪਈਆਂ। ਇੱਕ ਗੱਲ ਸਮਝ 'ਚ ਪੈ ਗਈ ਕਿ ਬਾਸੀ

ਖਾਂਦੇ ਨੇ ਸਾਡੇ ਘਰ 'ਚ। ਨਰਾਜ਼ ਹੋ ਗਿਆ, ਬੀਬੀ ਨੂੰ ਬੁਲਾਇਆ, ਕਹਿਣ ਲੱਗਿਆ, ਤੂੰ ਸਾਡੀ ਬਦਨਾਮੀ ਕਰਦੀ ਹੈਂ, ਇਨ੍ਹਾਂ ਮੰਗਤਿਆਂ ਦੇ ਕੋਲ?

ਕਹਿਣ ਲੱਗੀ, "ਨਹੀਂ ਪਿਤਾ ਜੀ! ਮੈਂ ਮੰਗਤਿਆਂ ਕੋਲ ਬਦਨਾਮੀ ਨਹੀਂ ਕਰਦੀ।"

ਕਹਿੰਦਾ, "ਮੈਂ ਕੰਨਾਂ ਨਾਲ ਸੁਣੀਆਂ ਨੇ ਗੱਲਾਂ?

ਝਗੜਾ ਬਹੁਤ ਵਧ ਗਿਆ, ਉਹਦੀ ਗੱਲ ਕੋਈ ਸੁਣਨ ਨੂੰ ਤਿਆਰ ਨਾ।

ਅਖੀਰ ਮਾਂ-ਬਾਪ ਬੁਲਾ ਲਏ, ਕਹਿਣ ਲੱਗੇ, ਦੇਖੋ ਤੁਹਾਡੀ ਲੜਕੀ ਆਈ ਹੈ, ਅਸੀਂ ਬੜੇ ਪਿਆਰ ਦੇ ਨਾਲ ਇਹਨੂੰ ਘਰ ਵਿਚ ਰੱਖਿਆ ਹੈ। ਇਹਨੂੰ ਖੁੱਲ੍ਹ ਦਿਤੀ ਹੈ, ਪਰ ਇਹ ਮੰਗਤਿਆਂ ਨਾਲ ਬਾਹਰ ਜਾ ਕੇ ਗੱਲਾਂ ਕਰਦੀ ਹੈ। ਉਹ ਵੀ ਛੋਟਿਆਂ-ਛੋਟਿਆਂ ਨਾਲ। ਅਖੀਰ ਕੁਛ ਸਿਆਣੇ ਬੰਦੇ ਸੀ। ਕਹਿਣ ਲੱਗੇ ਕਿ ਪਤਾ ਤਾਂ ਕਰੋ ਕਿ ਗੱਲ ਕੀ ਕਰੀ ਹੈ? ਵਾਦ-ਵਿਵਾਦ ਦਾ ਕੋਈ ਅਧਾਰ ਹੋਵੇ ਤਾਂ ਲੜਾਈ ਕਰਦਾ ਵੀ ਆਦਮੀ ਚੰਗਾ ਲਗਦਾ ਹੈ, ਜਦ ਕੋਈ ਗੱਲ ਨਾ ਵਿਚੋਂ ਹੋਵੇ, ਫੇਰ ਕਿਉਂ ਲੜਾਈ। ਤੁਸੀਂ ਪਹਿਲਾਂ ਇਸ ਗੱਲ ਦਾ ਨਿਰਣਾ ਕਰੋ ਕਿ ਕੀ ਕਹਿੰਦੀ ਹੈ।

ਕਹਿੰਦਾ, ਮੈਂ ਕੰਨਾਂ ਨਾਲ ਸੁਣੀ ਹੈ ਕਿ ਹਮਾਰੇ ਬਾਸੀ ਖਾਤ ਹੈ।

ਉਹ ਬੀਬੀ ਕਹਿਣ ਲੱਗੀ ਕਿ ਦੇਖੋਂ, ਆਪ ਸਿਆਣੇ ਪੁਰਸ਼ ਬੈਠੇ ਓਂ, ਮੈਂ ਇਸ ਤਰ੍ਹਾਂ ਗੱਲ ਨਹੀਂ ਕਹੀ। ਜਿਸ ਤਰ੍ਹਾਂ ਮੈਂ ਗੱਲ ਕਹੀ ਹੈ ਉਹ ਸੁਣ ਲਓ, ਸਮਝ ਲਓ। ਗੱਲ ਇਹ ਹੈ ਕਿ ਇਹ ਬੱਚਾ ਆਇਆ ਅੱਠ-ਨੌਂ ਸਾਲ ਦੀ ਉਮਰ ਹੈ ਤੇ ਏਸ ਨੇ ਆ ਕੇ ਸਤਿ ਕਰਤਾਰ ਦੀ ਆਵਾਜ਼ ਦਿਤੀ। ਮੈਂ ਇਸ ਕਰਕੇ ਕਿ ਇਸ ਘਰ ਦਾ ਭਲਾ ਹੁੰਦਾ ਰਹੇ, ਮੈਂ ਕੁਛ ਥੋੜ੍ਹਾ ਬਹੁਤ ਲੈ ਕੇ ਉਹਦੀ ਝੋਲੀ 'ਚ ਆਟਾ ਵਗੈਰਾ ਪਾਉਣ ਚਲੀ ਗਈ। ਉਹਦੀ ਉਮਰ ਦੇਖ ਕੇ ਮੇਰੇ ਮਨ 'ਚ ਖਿਆਲ ਆਇਆ ਕਿ ਵੱਡੇ-ਵੱਡੇ ਜਿਹੜੇ ਨੇ। ਉਨ੍ਹਾਂ ਨੂੰ ਨਹੀਂ ਸੋਝੀ ਆਉਂਦੀ, ਘਰ ਬਾਰ ਨਾਲ ਪਿਆਰ ਪਾਈਂ ਬੈਠੇ ਨੇ ਤੇ ਇਹ ਬੱਚੇ ਨੂੰ ਕਿੱਥੋਂ ਲਗਨ ਹੋ ਗਈ ਕਿ ਐਨੀ ਛੋਟੀ ਉਮਰ ਦੇ ਅੰਦਰ ਹੀ ਪ੍ਰਮੇਸ਼ਵਰ ਦਾ ਭਜਨ ਕਰਨ ਲੱਗ ਗਿਆ। ਉਸ ਵੇਲੇ ਕਹਿੰਦੀ ਮੈਂ ਸਵਾਲ ਕਰ ਦਿੱਤਾ, ਬਾਲੇ! ਅਬਹੂੰ ਸਵੇਰ।

ਮੈਂ ਕਿਹਾ ਬੱਚੇ! ਅਜੇ ਬਹੁਤ ਸਵੇਰਾ ਹੈ, ਤੇਰੀ ਉਮਰ ਬਹੁਤ ਛੋਟੀ ਹੈ। ਖਾਣ-ਪੀਣ, ਖੇਲ੍ਹਣ ਦੀ ਉਮਰ ਹੈ ਤੇ ਤੂੰ ਪ੍ਰਮੇਸ਼ਵਰ ਦਾ ਭਜਨ ਕਰਨ ਆ ਗਿਆ?

ਕਹਿੰਦੀ ਉਹਨੇ ਮੈਨੂੰ ਜਵਾਬ ਦੇ ਦਿਤਾ ਕਿ ਬਾਈ! ਡਰ ਕਾਲ ਕਾ। ਮੈਨੂੰ ਡਰ ਹੈ ਕਾਲ ਦਾ।

***ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥***

***ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥***

***ਅੰਗ- 254***

ਕਹਿਣ ਲੱਗਿਆ, ਮੈਂ ਮਹਾਂਪੁਰਸ਼ਾਂ ਦੀ ਸੰਗਤ ਛੋਟੇ ਹੁੰਦੇ ਤੋਂ ਕਰਦਾ ਹਾਂ। ਪੰਜ ਸਾਲ ਦੀ ਉਮਰ ਤੋਂ ਮੈਨੂੰ ਇਸ ਰਸਤੇ ਦਾ ਕੁਛ ਗਿਆਨ ਹੋ ਗਿਆ ਸੀ ਤੇ ਜਿੱਥੇ ਵੀ ਮਹਾਂਪੁਰਸ਼ਾਂ ਦਾ ਇਕੱਠ ਹੁੰਦਾ ਹੈ, ਮੈਂ ਚਲਿਆ ਜਾਂਦਾ ਸੀ ਤਾਂ ਉਸ ਵੇਲੇ ਮਹਾਂਪੁਰਸ਼ਾਂ ਨੇ ਇੱਕ ਬਚਨ ਕੀਤਾ ਕਿ ਕਾਲ ਦਾ ਕੋਈ ਭਰੋਸਾ ਨਹੀਂ ਹੈ ਕਿ ਕੀਹਦੇ ਪਹਿਲਾਂ ਝਪਟ ਮਾਰੇ ਤੇ ਮੇਰੇ ਜਿੱਥੇ ਤੱਕ ਯਾਦ ਹੈ ਉਨ੍ਹਾਂ ਦਾ ਬਚਨ ਹੈ, ਇਸ ਤਰ੍ਹਾਂ ਨਾਲ ਸੀਗਾ -

***ਧਾਰਨਾ - ਤੇਰੇ ਕਾਲ ਨੇ ਗੁਲੇਲਾ ਮਾਰਨੈ,***
***ਚੋਗਾ ਚੁਗਦੇ ਦੇ।***

***ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥***
***ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ ॥***

***ਅੰਗ - 631***

ਕਹਿਣ ਲੱਗਿਆ, ਬੀਬੀ! ਮੈਂ ਮਹਾਂਪੁਰਸ਼ਾਂ ਦਾ ਸਤਿਸੰਗ ਕਰਦਾ ਹਾਂ। ਸਤਿਸੰਗ ਕਰਨ ਦਾ ਤਰੀਕਾ ਹੋਇਆ ਕਰਦਾ ਹੈ। ਇੱਕ ਕੰਨਾਂ ਦੇ ਨਾਲ ਸੁਣ ਕੇ, ਬੁੱਧੀ ਦੇ ਅੰਦਰ ਕੁਛ ਜਾਣ ਪਛਾਣ ਵਧਾ ਕੇ ਚਲੇ ਜਾਂਦੇ ਨੇ। ਇੱਕ ਉਹ ਹੋਇਆ ਕਰਦੇ ਨੇ ਜਿਨ੍ਹਾਂ ਦੇ ਉੱਤੇ ਇਕੱਲੇ-ਇਕੱਲੇ ਬਚਨ ਦਾ ਅਸਰ ਹੋਣਾ ਸ਼ੁਰੂ ਹੁੰਦਾ ਹੈ ਤੇ ਉਸਨੂੰ ਮੰਨ ਕੇ ਹਿਰਦੇ 'ਚ ਵਿਚਾਰ ਕੇ ਧਾਰਨ ਕਰਨਾ। ਕਹਿਣ ਲੱਗੇ ਕਿ ਮੈਂ ਸੁਣਿਆ ਕਿ -

***ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥***
***ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥***

***ਅੰਗ - 254***

ਸੋ ਜਮਾਂ ਦੇ ਫੰਧੇ ਤੋਂ ਡਰਦਾ ਹੋਇਆ ਬੀਬੀ! ਮੈਂ ਏਸ ਉਮਰ ਦੇ ਅੰਦਰ ਬੈਰਾਗੀ ਹੋ ਕੇ ਪ੍ਰਮੇਸ਼ਵਰ ਦਾ ਭਜਨ ਕਰਨ ਲੱਗ ਗਿਆ। ਕਹਿਣ ਲੱਗੀ, ਮੇਰੇ ਸਵਾਲ ਦਾ ਜਵਾਬ ਉਸ ਬੱਚੇ ਨੇ ਇਹ ਦਿਤਾ, ਜਦ ਮੈਂ ਉਸਨੂੰ ਕਿਹਾ ਕਿ ਬਾਲੇ! ਅਜਹੂੰ ਸਵੇਰ।

ਉਹਨੇ ਕਿਹਾ, ਬਾਈ ਡਰ ਕਾਲ ਕਾ।

ਤੇ ਫੇਰ ਉਹਨੇ ਮੈਨੂੰ ਪੁੱਛ ਲਿਆ ਕਿ ਆਪ ਕੇ ਕੈਸੀ ਬੀਤਤੀ ਹੈ।

ਕਿਉਂਕਿ ਸਾਧੂਆਂ ਕੋਲ ਰਹਿੰਦਾ ਸੀ। ਸਾਧੂਆਂ ਕੋਲ ਰਹਿਣ ਵਾਲਿਆਂ ਦੇ ਕੋਲ ਰਮਜ਼ਾਂ ਹੋਇਆ ਕਰਦੀਆਂ ਨੇ। ਰਮਜ਼ ਨਾਲ ਗੱਲ ਕਰਦੇ ਹੁੰਦੇ ਨੇ, ਦੁਨੀਆਂਦਾਰਾਂ ਵਾਂਗ ਘੱਟ ਗੱਲ ਕਰਦੇ ਨੇ। ਰਮਜ਼ ਮਾਰਦੇ ਨੇ ਤੇ ਮੈਂ ਉਹਦੀ ਰਮਜ਼ ਸਮਝ ਗਈ। ਉਹਨੇ ਮੇਰੇ ਤੋਂ ਇਹ ਪੁੱਛਿਆ ਸੀ ਕਿ ਤੁਹਾਡੇ ਘਰ ਦੇ ਅੰਦਰ ਹੁਣ ਕੋਈ ਪੁੰਨ ਦਾਨ ਦਾ ਕੰਮ ਚੱਲ ਰਿਹਾ ਹੈ ਕਿ ਨਹੀਂ ਚੱਲ ਰਿਹਾ। ਕੋਈ ਭਜਨ ਬੰਦਗੀ ਦਾ ਪਰਵਾਹ ਚੱਲ ਰਿਹਾ ਹੈ

ਕਿ ਨਹੀਂ ਚੱਲ ਰਿਹਾ। ਮੈਂ ਉਹਦਾ ਜਵਾਬ ਦਿਤਾ ਕਿ ਜੋ ਕੁਛ ਇਹ ਘਰ ਖਾ ਰਿਹਾ ਹੈ, ਇਹ ਪਿਛਲਾ ਬੀਜਿਆ ਹੋਇਆ ਖਾ ਰਿਹਾ ਹੈ। ਹੁਣ ਨਹੀਂ ਬੀਜਦੇ ਇਹ। ਹੁਣ ਦਾ ਬੀਜਿਆ ਹੁੰਦਾ ਤਾਂ ਮੈਂ ਦਸ ਦਿੰਦੀ। ਸੋ ਹੁਣ ਇਸ ਘਰ ਦੇ ਵਿਚ ਪਿਛਲਾ ਪੁੰਨ ਦਾਨ ਹੋਣ ਕਰਕੇ, ਪਿਛਲਾ ਬੀਜਿਆ ਹੀ ਹੁਣ ਖਾ ਰਹੇ ਨੇ। ਤੇ ਮੈਂ ਕਹਿ ਦਿਤਾ ਕਿ ਬਾਸੀ ਖਾਤ ਹੈ। ਕਿ ਬਾਸੀ ਖਾ ਰਹੇ ਨੇ।

ਸੋ ਹੋਰ ਤਾਂ ਮੈਂ ਕੋਈ ਗੱਲ ਨਹੀਂ ਕਰੀ। ਐਨੀ ਗੱਲ ਹੋਈ ਤਾਂ ਸਿਆਣਿਆਂ ਨੇ ਸਮਝਾਇਆ ਕਿ ਸੇਠ ਜੀ! ਇਹ ਤਾਂ ਬੀਬੀ ਨੇ ਦਾਨ ਦੀ ਗੱਲ ਕਰੀ ਸੀ ਕਿ ਏਸ ਵੇਲੇ ਦਾਨ ਨਹੀਂ ਹੋ ਰਿਹਾ ਘਰ ਵਿਚੋਂ। ਪਿਛਲੇ ਜਨਮ ਦਾ ਬੀਜਿਆ ਹੋਇਆ ਹੁਣ ਅਸੀਂ ਖਾਂਦੇ ਹਾਂ। ਇਹਦੇ ਵਿਚ ਤਾਂ ਕੋਈ ਉਹਨੇ ਮਾੜੀ ਗੱਲ ਨਹੀਂ ਕਰੀ। ਰਫਾ ਦਫਾ ਹੋ ਗਈ ਗੱਲ।

ਉਸ ਤੋਂ ਬਾਅਦ ਸੇਠ ਕਹਿਣ ਲੱਗਿਆ, ਲੈ ਭਾਈ! ਠੀਕ ਹੈ, ਹੁਣ ਤੂੰ ਦਾਨ ਕਰ ਦਿਆ ਕਰ। ਪ੍ਰਸ਼ਾਦੇ ਦੇ ਦਿਆ ਕਰ। ਉਸ ਵੇਲੇ ਨਾਲ ਇਸ਼ਾਰਾ ਕਰ ਦਿਤਾ ਕਿ ਔਹ ਜਿਹੜਾ ਕੋਠਾ ਹੈ, ਉਹਦੇ 'ਚੋਂ ਦਾਣੇ ਕੱਢਣੇ ਨੇ। ਉਸ ਨੇ ਉਸੇ ਤਰ੍ਹਾਂ ਕੱਢਣੇ ਸ਼ੁਰੂ ਕਰ ਦਿਤੇ। ਉਸ ਕੋਠੇ 'ਚ ਕੀ ਸੀ? ਛੋਲੇ ਸੀ, ਪੁਰਾਣੇ ਸੀ, ਦੋ ਤਿੰਨ ਸਾਲ ਦੇ ਵਿਕੇ ਨਹੀਂ ਸੀ। ਇਸ ਲਾਲਚ 'ਤੇ ਰੱਖੇ ਹੋਏ ਸੀ ਕਿ ਜਦੋਂ ਮਹਿੰਗੇ ਹੋਣਗੇ ਤਾਂ ਫੇਰ ਮੈਂ ਬੇਚਾਂਗਾ। ਉਹ ਛੋਲੇ ਕੋੜੇ ਹੋ ਗਏ, ਪ੍ਰਸ਼ਾਦੇ ਛਕਣੇ ਔਖੇ ਹੋ ਗਏ ਸੀ। ਨਾ ਚੋਪੜਨ ਦੀ ਇਜਾਜ਼ਤ ਹੋਈ, ਨਾ ਕੋਈ ਸਬਜ਼ੀ ਦੀ ਇਜਾਜ਼ਤ ਹੋਈ। ਰੁੱਖੀਆਂ ਰੋਟੀਆਂ ਉਸ ਨੇ ਫੜਾ ਦੇਣੀਆਂ, ਜਦ ਕਿਸੇ ਨੇ ਆ ਕੇ ਮੰਗਣੀਆਂ।

ਇਕ ਦਿਨ ਉਸ ਨੇ ਆਪਣੇ ਪਿਤਾ ਜੋ ਸੀ, ਸਹੁਰਾ, ਉਸਨੂੰ ਥਾਲੀ ਵਿਚ ਅਨਚੋਪੜੀਆਂ ਰੋਟੀਆਂ, ਉਨ੍ਹਾਂ ਕੌੜੇ ਛੋਲਿਆਂ ਦੀਆਂ ਪਾ ਕੇ ਭੇਜ ਦਿਤੀਆਂ। ਜਦੋਂ ਉਸ ਨੇ ਦੇਖਿਆ ਤਾਂ ਉਸ ਵੇਲੇ ਬੜਾ ਲੋਹਾ-ਲਾਖਾ ਹੋ ਗਿਆ। ਪੁੱਤਰ ਨੂੰ ਬੁਲਾਇਆ, ਨੂੰਹ ਨੂੰ ਬੁਲਾਇਆ ਕਹਿੰਦਾ ਮੈਨੂੰ ਇਸ ਤਰ੍ਹਾਂ ਦੱਸੋ ਕਿ ਇੱਥੇ ਘਾਟਾ ਪੈ ਗਿਆ ਆਪਣੇ ਘਰ 'ਚ। ਆਹ ਕਿਹੋ ਜਿਹੀ ਰੋਟੀ ਹੈ ਜਿਹੜੀ ਤੁਸੀਂ ਮੈਨੂੰ ਦਿਤੀ ਹੈ? ਖਾ ਕੇ ਦਿਖਾਓ, ਗਲ ਨੂੰ ਪੈਂਦੀ ਹੈ ਐਨੀ ਕੌੜੀ ਹੈ। ਮੂੰਹ 'ਚ ਪਾ ਨਹੀਂ ਹੁੰਦੀ, ਇਹ ਤੂੰ ਕੀ ਕਰਿਆ ਹੈ?

ਉਹ ਕਹਿੰਦੀ, ਪਿਤਾ ਜੀ! ਅਸੂਲ ਇਹ ਹੈ ਕਿ -

***ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ਅੰਗ - 134***

ਜਿਹੋ ਜਿਹਾ ਬੀਜਿਆ ਜਾਂਦਾ ਹੈ, ਅੱਗੇ ਜਾ ਕੇ ਵੱਢਣ ਵਾਸਤੇ ਓਹੀ ਮਿਲਦਾ ਹੈ। ਖਾਣ ਵਾਸਤੇ ਓਹੀ ਮਿਲਦਾ ਹੈ। ਜੇ ਕਣਕ ਬੀਜੀ ਹੈ ਕਣਕ ਮਿਲੇਗੀ, ਜੇ ਕੰਡਿਆਈ ਬੀਜੀ ਹੈ ਤਾਂ ਕੰਡਿਆਈ ਆਏਗੀ। ਕੰਡਿਆਈ ਨੂੰ ਨਹੀਂ ਫਲ ਮਿਲਣਾ ਕਣਕ ਦਾ। ਕਿਉਂਕਿ ਐਸਾ ਅਸੂਲ ਹੈ, ਪੜ੍ਹੋ

ਪਿਆਰ ਨਾਲ -

***ਧਾਰਨਾ - ਕਿੱਥੋਂ ਭਾਲਦੈਂ ਤੂੰ ਦਾਖ ਬਿਜੌਰੀਆਂ,***
***ਕਿੱਕਰਾਂ ਦੇ ਬੀਜ ਬੀਜ ਕੇ।***

ਇਸ ਸੰਸਾਰ ਦੇ ਅੰਦਰ ਜਿਹੋ ਜਿਹਾ ਬੀਜੇਂਗਾ ਤੇ ਉਹੋ ਜਿਹੀ ਹਜ਼ਾਰਾਂ ਗੁਣਾਂ ਵਧ ਕੇ ਤੈਨੂੰ ਉਹ ਚੀਜ਼ ਮਿਲ ਜਾਏਗੀ। ਕੱਪੜਾ ਬੀਜੇਂਗਾ, ਕੱਪੜਾ ਮਿਲਣਾ ਸ਼ੁਰੂ ਹੋ ਜਾਏਗਾ। ਅਨਾਜ ਬੀਜੇਂਗਾ ਅਨਾਜ ਮਿਲਣਾ ਸ਼ੁਰੂ ਹੋ ਜਾਏਗਾ। ਅੰਨ ਦਾ ਦਾਨ ਬਹੁਤ ਵੱਡਾ ਦਾਨ ਗੁਰੂ ਘਰ ਦੇ ਅੰਦਰ ਗੁਰੂ ਨਾਨਕ ਪਾਤਸ਼ਾਹ ਨੇ ਬਾਰ-ਬਾਰ ਸਮਝਾਇਆ ਹੈ ਕਿ ਅੰਨ ਦਾਨ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ। ਇੱਕ ਐਸੀ ਰਵਾਇਤ ਤੁਰੀ ਆਉਂਦੀ ਹੈ ਕਿ ਰਾਜਾ 'ਕਰਨ' ਸਵਾ ਮਣ ਸੋਨਾ ਰੋਜ਼ ਦਾਨ ਕਰਿਆ ਕਰਦਾ ਸੀ। ਜਿਸ ਵਕਤ ਉਹ ਦਰਗਾਹ 'ਚ ਜਾਂਦਾ ਹੈ ਸਰੀਰ ਛੱਡਣ ਤੋਂ ਬਾਅਦ ਕਹਿੰਦੇ ਉਹਨੂੰ ਉਥੇ ਸੋਨਾ ਹੀ ਸੋਨਾ ਮਿਲੀ ਜਾਵੇ। ਸੋਨਾ ਹੁਣ ਕਿਸ ਕੰਮ ਆਉਂਦਾ ਹੈ। ਇਹ ਤਾਂ ਅਸੀਂ ਹੁਣ ਇੱਕ ਪੀਲੀ ਮਿੱਟੀ ਨੂੰ ਮਹੱਤਤਾ ਦੇ ਦਿਤੀ। ਸਿੱਕੇ ਦੇ ਵਿਚ ਗਿਣ ਲਈ ਤੇ ਉਸ ਮਿੱਟੀ ਨਾਲ ਸਾਡਾ ਮੋਹ ਪੈ ਗਿਆ। ਹੈ ਤਾਂ ਮਿੱਟੀ ਹੀ ਤੇ ਅੰਨ ਦਾ ਮੁਕਾਬਲਾ ਨਹੀਂ ਕਰ ਸਕਦੀ। ਕਹਿੰਦੇ, ਫੇਰ ਉਸਨੂੰ ਜਨਮ ਲੈਣਾ ਪਿਆ, ਜਿਹਦੇ ਵਿਚ ਆ ਕੇ ਉਹਨੇ ਅੰਨ ਦਾਨ ਕੀਤਾ। ਸੋ ਇਸ ਤਰ੍ਹਾਂ ਦੇ ਨਾਲ ਜੇ ਵਸਤਰ ਨਹੀਂ ਪੁੰਨ ਕਰਿਆ, ਵਸਤਰ ਨਹੀਂ ਪ੍ਰਾਪਤ ਹੁੰਦਾ।

ਸੋ ਕਹਿਣ ਲੱਗੀ, ਪਿਤਾ ਜੀ! ਮੈਂ ਤਾਂ ਆਹੀ ਗੱਲ ਕਹੀ ਸੀ ਕਿ ਬਾਸੀ ਖਾਂਦੇ ਨੇ, ਏਸ ਗੱਲ ਦੀ ਨਰਾਜ਼ਗੀ ਕਾਹਦੀ ਸੀ। ਤੇ ਹੁਣ ਜਿਹੜਾ ਮੈਂ ਤੁਹਾਨੂੰ ਪ੍ਰਸ਼ਾਦਾ ਭੇਜਿਆ ਹੈ, ਕੌੜੇ ਛੋਲਿਆਂ ਦਾ ਰੁੱਖਾ ਪ੍ਰਸ਼ਾਦਾ ਕਿਉਂਕਿ ਹਜ਼ਾਰਾਂ ਗੁਣਾਂ ਹੋ ਕੇ ਉਥੇ ਤੁਹਾਨੂੰ ਖਾਣ ਨੂੰ ਮਿਲਣਾ ਹੈ। ਮੈਂ ਤਾਂ ਭੇਜਿਆ ਕਿ ਤੁਹਾਨੂੰ ਹੁਣ ਤੋਂ ਆਦਤ ਹੋ ਜਾਵੇ, ਉਥੇ ਜਦੋਂ ਖਾਣਾ ਪੈਣਾ ਹੈ, ਫੇਰ ਤੁਹਾਨੂੰ ਔਖਾ ਨਾ ਹੋ ਜਾਏ। ਆਹੀ ਮਿਲਣਾ ਹੈ, ਕੌੜੇ ਛੋਲੇ ਹੀ ਮਿਲਣੇ ਨੇ ਖਾਣ ਨੂੰ। ਸਮਝ ਆ ਗਈ ਸੇਠ ਦੇ।

ਸੌ ਉਸ ਵੇਲੇ ਕਹਿਣ ਲੱਗਿਆ ਕਿ ਠੀਕ ਹੈ, ਸੋਹਣਾ ਦਾਨ ਕਰਿਆ ਕਰ। ਸਮਝ ਆ ਗਈ ਕਿ ਠੱਗੀ ਨਹੀਂ ਚਲਦੀ ਰੱਬ ਦੇ ਨਾਲ।

ਇਸ ਤਰ੍ਹਾਂ ਦੇ ਨਾਲ ਆਦਮੀ ਜਿਹੋ ਜਿਹਾ ਬੀਜਦਾ ਹੈ ਉਹੋ ਜਿਹਾ ਉਹਨੂੰ ਵੱਢਣਾ ਪੈਂਦਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਪ੍ਰੇਮੀਓਂ! ਏਸ ਸੰਸਾਰ ਦੇ ਅੰਦਰ ਤੁਸੀਂ ਨਾਮ ਜਪਣ ਵਾਸਤੇ ਆਏ ਓਂ। ਪ੍ਰਭੂ ਦਾ ਸਿਮਰਨ ਕਰਨ ਵਾਸਤੇ ਆਏ ਓਂ, ਤੁਹਾਡਾ ਸਮਾਂ ਲੰਘਦਾ ਤੁਰਿਆ ਜਾ ਰਿਹਾ ਹੈ। ਏਸ ਗੱਲ ਨੂੰ ਸੰਭਾਲੋ। ਉਹ ਬੱਚਾ ਜਿਹੜਾ ਸੀ ਜਿਸਦਾ ਮੈਂ ਜ਼ਿਕਰ ਕਰਦਾ ਸੀ। ਪੰਜ ਸਾਲ ਦਾ, ਘਰੋਂ ਜਾਣ ਲੱਗਿਆ। ਪਿਤਾ ਨੇ ਪੁੱਛਿਆ ਕਿ ਪੁੱਤਰ ਅਜੇ ਤਾਂ ਤੇਰੀ ਉਮਰ ਛੋਟੀ ਹੈ। ਕਹਿੰਦਾ, ਪਿਤਾ ਜੀ! ਮੈਨੂੰ ਸੌ ਜਨਮ ਦਾ ਗਿਆਨ ਹੈ ਕਿਉਂਕਿ ਬਾਕੀ ਸੰਸਾਰ ਦੇ ਉੱਤੇ ਮਾਇਆ ਪੈਂਦੀ ਹੈ। ਜਦੋਂ ਆਪਾਂ ਜਨਮ ਲੈਂਦੇ ਹਾਂ, ਮਾਇਆ ਪੈਂਦੀ ਹੈ

ਆਪਣੇ ਉੱਤੇ। ਉਹ ਕੀ ਕਰਦੀ ਹੈ, ਸਾਡਾ ਪਿਛਲਾ ਸਾਰਾ ਸਾਫ ਕਰ ਦਿੰਦੀ ਹੈ ਦਿਮਾਗ 'ਚੋਂ। ਜਿਵੇਂ ਆਹ ਵੀਡੀਓ ਫਿਲਮ ਹੁੰਦੀ ਹੈ, ਬਟਨ ਦੱਬ ਦਿਓ ਇੱਕ ਸਾਰੀ ਸਾਫ ਹੋ ਜਾਏਗੀ, ਕੁਛ ਨਹੀਂ ਇਹਦੇ ਉਤੇ ਰਹੇਗਾ।

ਇਸੇ ਤਰ੍ਹਾਂ ਜਿਹੜੀ ਸਾਡੀ ਯਾਦਾਸ਼ਤ ਹੈ ਉਹ ਜਦੋਂ ਮਾਂ ਦੇ ਪੇਟ 'ਚ ਹੁੰਦੇ ਹਾਂ, ਪੁੱਠੇ ਲਟਕਦੇ, ਉਸ ਵੇਲੇ ਜਿਹੜੀ ਸੁਰਤ ਹੈ ਸੁਖਮਨਾ ਨਾੜੀ 'ਚ ਕੇਂ54ਦਰਤ ਹੋਣ ਕਰਕੇ, ਸਾਨੂੰ ਅਗਲਾ ਪਿਛਲਾ ਜਨਮ ਸਾਰਾ ਹੀ ਪਤਾ ਹੁੰਦਾ ਹੈ। ਸਮਾਧੀ ਸਥਿਤ ਹੁੰਦਾ ਹੈ, ਬਿਰਤੀ ਇਕਾਗਰ ਹੁੰਦੀ ਹੈ। ਉਥੇ ਸੌ ਜਨਮ ਦਿਸਦਾ ਹੈ। ਹੁੰਦਾ ਕੀ ਹੈ ਜਦੋਂ ਪੈਦਾ ਹੁੰਦਾ ਹੈ -

***ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥***

***ਅੰਗ - 921***

ਮਾਇਆ ਪੈ ਜਾਂਦੀ ਹੈ ਤੇ ਉਹ ਲਿਵ ਟੁੱਟ ਜਾਇਆ ਕਰਦੀ ਹੈ। ਉਹ ਕਹਿਣ ਲੱਗਿਆ, ਮੇਰੇ ਸਮੇਂ ਮਾਇਆ ਥੰਮੀ ਹੋਈ ਸੀ। ਦੋ ਘੜੀ 'ਚ ਜਿੰਨੇ ਬੱਚਿਆਂ ਨੇ ਜਨਮ ਲਿਆ ਸਾਰਿਆਂ ਨੂੰ ਪਿਛਲਾ ਗਿਆਨ ਹੈ। ਸੋ ਮੈਂ ਪਿਛਲੇ ਜਨਮ ਦੇ ਅੰਦਰ ਬੜਾ ਦੁਖੀ ਹੋਇਆ। ਇੱਕ ਗਧੇ ਦਾ ਜਨਮ ਉਹਨੇ ਉਹਨੂੰ ਸੁਣਾਇਆ ਕਿ ਕਿਸ ਤਰ੍ਹਾਂ ਮੈਂ ਇੱਕ ਗਰੀਬ ਭਾਂਡੇ ਬਣਾਉਣ ਵਾਲੇ, ਇੱਟਾਂ ਬਣਾਉਣ ਵਾਲੇ ਦਾ ਗਧਾ ਸੀ, ਘੁਮਿਆਰ ਦਾ ਤੇ ਬਚਪਨ ਤੋਂ ਹੀ ਉਹ ਮੇਰੇ ਉੱਤੇ ਮਿੱਟੀ ਲੱਦਣੀ ਸ਼ੁਰੂ ਕਰ ਦਿੰਦਾ ਹੈ। ਮੇਰੀਆਂ ਲੱਤਾਂ ਵਿੰਗੀਆਂ ਹੋ ਗਈਆਂ, ਕਮਰ ਵੀ ਵਿੰਗੀ ਹੋ ਗਈ, ਲਾਗਾ ਲੱਗ ਗਿਆ ਤੇ ਕਾਵਾਂ ਨੇ ਮਾਸ ਪੁੱਟਣਾ ਸ਼ੁਰੂ ਕਰ ਦਿਤਾ। ਮੈਨੂੰ ਖਾਣ ਪੀਣ ਨੂੰ ਕੁਛ ਨਹੀਂ ਦਿੰਦਾ, ਕੰਮ ਤੋਂ ਬਾਅਦ ਡੰਡਾ ਮਾਰਦਾ ਹੈ। ਮੈਂ ਰੂੜੀਆਂ 'ਤੇ ਜਾ ਕੇ ਗੋਹੇ ਨਾਲ ਲਿੱਬੜੇ ਹੋਏ ਪੱਠੇ ਖਾਂਦਾ ਰਿਹਾ। ਇੱਕ ਰੁਪਏ 'ਚ ਉਹਨੇ ਮੈਨੂੰ ਧੋਬੀ ਕੋਲ ਵੇਚ ਦਿਤਾ, ਜਦੋਂ ਮੈਂ ਉਸ ਦੇ ਕੰਮ ਦਾ ਨਾ ਰਿਹਾ। ਉਹ ਧੋਬੀ ਘਰ ਤੋਂ ਹੀ ਗਿੱਲੇ ਕੱਪੜੇ ਮੇਰੇ 'ਤੇ ਲੱਦ ਕੇ ਲਿਜਾਂਦਾ ਸੀ ਤੇ ਮੈਂ ਇੱਕ ਦਿਨ ਦਲਦਲ 'ਚ ਫਸ ਗਿਆ, ਉਹਨੇ ਮੈਨੂੰ ਕੱਢਿਆ ਨਹੀਂ ਉਥੋਂ, ਕਿਉਂਕਿ ਮੇਰੀ ਕੋਈ ਕਦਰ ਨਹੀਂ ਸੀ ਰਹੀ। ਸੁੱਕ ਗਿਆ ਸੀ, ਖਾਣ ਨੂੰ ਕੁਛ ਨਹੀਂ ਸੀ ਮਿਲਦਾ, ਪੈਖੜ ਲਾ ਕੇ ਛੱਡ ਦਿੰਦਾ ਸੀ ਤੇ ਬਾੜ ਵਿਚ ਮੈਂ ਮੂੰਹ ਮਾਰ-ਮਾਰ ਕੇ ਕੋਈ ਘਾਹ ਦੀ ਤਿੜ ਫੜਨ ਦਾ ਯਤਨ ਕਰਦਾ ਸੀ, ਜੀਭ 'ਤੇ ਵੀ ਮੇਰੇ ਕੰਡੇ ਲਗਦੇ ਸੀ। ਮੇਰੇ ਨੱਕ 'ਚ ਵੀ ਕੰਡੇ ਲੱਗਦੇ ਸੀ। ਬਹੁਤ ਦੁਖੀ, ਨੱਕ ਪੱਕ ਗਿਆ ਤੇ ਮੇਰੇ ਤੋਂ ਖਾਣਾ ਛੁੱਟ ਗਿਆ। ਏਸ ਹਾਲਤ 'ਚ ਮੈਨੂੰ ਉਸ ਨੇ ਕੋਈ ਦਵਾ-ਦਾਰੂ ਤਾਂ ਕੀ ਦੇਣੀ ਸੀ ਤੇ ਮੈਂ ਦਲਦਲ 'ਚ ਫਸ ਗਿਆ ਤੇ ਉਥੋਂ ਮੈਨੂੰ ਕੱਢਿਆ ਨਾ, ਉਵੇਂ ਜਿਵੇਂ ਆਪ ਨੇ ਕੱਪੜੇ ਚੁੱਕੇ ਤੇ ਲੈ ਕੇ ਤੁਰਦਾ ਲੱਗਿਆ। ਉਥੇ ਨੇੜੇ ਡੰਡੀ ਸੀ, ਗਾਰਾ ਹੋਣ ਕਰਕੇ ਦੂਰ ਤੋਂ ਆਉਣਾ ਪੈਂਦਾ ਸੀ ਘੁੰਮ ਕੇ, ਜਦੋਂ ਮੈਂ ਉਸ ਵਿਚ ਗੱਡਿਆ ਗਿਆ, ਤਾਂ ਲੋਕਾਂ ਨੇ ਮੇਰੇ ਪਿੱਠ 'ਤੇ ਪੈਰ ਧਰ ਕੇ ਲੰਘਣਾ ਸ਼ੁਰੂ ਕਰ ਦਿਤਾ। ਕੱਢਿਆ ਮੈਨੂੰ ਕਿਸੇ ਨੇ ਨਹੀਂ। ਕਾਵਾਂ ਨੇ ਆ ਕੇ ਮੇਰੀ ਪਿੱਠ ਉਧੇੜ ਦਿਤੀ, ਮੇਰੀਆਂ ਅੱਖਾਂ ਜੀਉਂਦੇ ਦੀਆਂ ਖਾ

ਲਈਆਂ। ਜਿਉਂ-ਜਿਉਂ ਮੈਂ ਤੜਫ ਕੇ ਲੱਤ-ਪੈਰ ਹਿਲਾਉਂਦਾ, ਮੈਂ ਥੱਲੇ ਹੀ ਥੱਲੇ ਜਾਂਦਾ ਸੀ। ਅਖੀਰ ਮੇਰੇ ਮੂੰਹ ਵਿਚ ਗਾਰਾ ਪੈ ਗਿਆ। ਕੰਨਾਂ 'ਚ ਪੈ ਗਿਆ। ਪਿਤਾ ਜੀ! ਮੈਂ ਐਨਾ ਦੁਖੀ ਹੋ ਕੇ ਮਰਿਆ, ਜਦੋਂ ਮੈਂ ਉਹ ਜਨਮ ਯਾਦ ਕਰਦਾ ਹਾਂ, ਉਸ ਵੇਲੇ ਲੂੰ-ਕੰਢੇ ਖੜ੍ਹੇ ਹੋ ਜਾਂਦੇ ਹਨ। ਏਸ ਕਰਕੇ ਮੈਂ ਹੁਣ ਨਹੀਂ ਮੌਕਾ ਦੇਣਾ ਚਾਹੁੰਦਾ। ਜਿਹੜਾ ਲੰਘ ਗਿਆ, ਲੰਘ ਗਿਆ। ਮੈਨੂੰ ਪੂਰੀ ਦ੍ਰਿੜ੍ਹਤਾ ਦੇ ਨਾਲ ਏਸ ਗੱਲ ਦਾ ਨਿਹਚਾ ਹੋ ਗਿਆ -

*ਧਾਰਨਾ - ਇਹੋ ਤੇਰੀ ਵਾਰੀ ਹੈ ਗੋਬਿੰਦ ਮਿਲਣੇ ਦੀ।*

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥* *ਅੰਗ - 12*

ਕਹਿਣ ਲੱਗਿਆ, ਪਿਤਾ ਜੀ! ਆਪ ਮਹਾਂਪੁਰਸ਼ਾਂ ਤੋਂ ਹੀ ਮੈਂ ਇਹ ਸੁਣਿਆ ਹੈ ਕਿ ਆਹੀ ਜਨਮ ਹੈ ਜੇ ਲੰਘ ਗਿਆ -

*ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ॥*
*ਅੰਗ - 1075*

ਫੇਰ ਤਾਂ ਦੁੱਖ ਗਲ ਪੈ ਜਾਣਾ ਹੈ। ਇਸ ਕਰਕੇ ਮੈਂ ਇਸ ਦੁੱਖ ਦੀ ਨਵਿਰਤੀ ਕਰਨ ਵਾਸਤੇ ਜਾਣਾ ਹੈ ਇਕਾਂਤ ਥਾਂ ਦੇ ਉਤੇ ਤੇ ਕਿਸੇ ਮਹਾਂਪੁਰਸ਼ਾਂ ਨੂੰ ਮਿਲ ਕੇ ਭਜਨ ਬੰਦਗੀ ਕਰਨੀ ਹੈ। ਦੁਨੀਆਂ ਦੇ ਵਿਚ ਮੇਰੀ ਕੋਈ ਰੁਚੀ ਨਹੀਂ ਹੈ। ਬਥੇਰੀ ਦੁਨੀਆਂ ਹੈ ਜਿਹੜੀ ਉਲਾਦ ਪੈਦਾ ਕਰਦੀ ਹੈ। ਬਥੇਰੇ ਖੱਟਦੇ ਨੇ, ਬਥੇਰੇ ਮਕਾਨ ਬਣਾਉਂਦੇ ਨੇ। ਜੇ ਇੱਕ ਨਹੀਂ ਕਰੇਗਾ ਇਹ ਕੰਮ ਤਾਂ ਕੋਈ ਘਾਟਾ ਨਹੀਂ ਪੈਂਦਾ। ਸਾਰਿਆਂ ਨੂੰ ਨਾ ਏਸ ਕੰਮ 'ਤੇ ਲਾਓ। ਸੋ ਇਸ ਕਰਕੇ ਜੋ ਅਸਲੀ ਕੰਮ ਹੈ ਮੈਂ ਉਹ ਕਰਨਾ ਹੈ ਤੇ ਤੁਸੀਂ ਮੈਨੂੰ ਰੋਕੋ ਨਾ ਕਿਉਂਕਿ ਮੈਨੂੰ ਪਿਛਲਾ ਤਜਰਬਾ ਬਹੁਤ ਵੱਡਾ ਹੋਇਆ ਹੈ। ਬੜੇ ਦੁੱਖ ਨੇ ਤੇ ਇਹ ਦੁੱਖ ਮੈਨੂੰ ਬਾਰ-ਬਾਰ ਤੰਗ ਕਰਦਾ ਹੈ ਤੇ ਮੈਂ ਬਾਰ-ਬਾਰ ਅਰਦਾਸ ਕਰਦਾ ਹਾਂ। ਬਾਰ-ਬਾਰ ਸੋਚਦਾ ਹਾਂ ਏਸ ਦੁੱਖ ਨੂੰ ਦੂਰ ਕਰਨ ਵਾਸਤੇ-

*ਧਾਰਨਾ - ਕਿਉ ਛੂਟਹੁ ਦੁਖ ਭਾਰੀ, ਮਨ ਰੇ।*

ਬੜਾ ਭਾਰਾ ਦੁਖ ਹੈ। ਚਾਰ ਦੁੱਖ ਗਿਣੇ ਨੇ ਮਹਾਰਾਜ ਨੇ-

*ਦੁਖੁ ਵੇਛੋੜਾ ਇਕੁ ਦੁਖੁ ਭੂਖ ॥*
*ਇਕੁ ਦੁਖੁ ਸਕਤਵਾਰ ਜਮਦੂਤ ॥*
*ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥*
*ਵੈਦ ਨ ਭੋਲੇ ਦਾਰੂ ਲਾਇ ॥* *ਅੰਗ - 1256*

ਇਨ੍ਹਾਂ ਦੁੱਖਾਂ ਤੋਂ ਮੈਂ ਕਿਵੇਂ ਛੁਟਾਂ, ਪੰਜ ਕਲੇਸ਼ ਪੰਜ ਦੁਖ ਮਨ ਦੇ ਦੱਸੇ ਨੇ। ਅਵਿਦਿਆ ਹੈ, ਅਸਿਮਤਾ ਹੈ, ਅਭਿਨਿਵੇਸ਼ ਹੈ, ਰਾਗ ਹੈ,

ਦਵੈਸ਼ ਹੈ। ਸੋ ਇਨ੍ਹਾਂ ਸਾਰਿਆਂ ਤੋਂ ਛੁਟਕਾਰਾ ਕਿਵੇਂ ਹੋਵੇ ਆਦਮੀ ਦਾ। ਉਮਰ ਜਿਹੜੀ ਹੈ ਉਹ ਤਾਂ ਬੀਤ ਗਈ, ਮਹਾਰਾਜ ਕਹਿੰਦੇ –

***ਸਗਲੀ ਰੈਣਿ ਸੋਵਤ ਗਲਿ ਫਾਹੀ......॥*** ***ਅੰਗ- 1126***

ਸਾਰੀ ਰਾਤ ਸੌਂ ਕੇ ਗੁਜ਼ਾਰ ਦਿਤੀ ਗਲ 'ਚ ਫਾਹੀ ਪਈ ਹੋਈ ਹੈ –

***ਦਿਨਸੁ ਜੰਜਾਲਿ ਗਵਾਇਆ ॥*** ***ਅੰਗ – 1126***

ਦਿਨ ਕੰਮਾਂ-ਕਾਰਾਂ, ਗੱਪਾਂ ਮਾਰ ਕੇ ਗਵਾ ਲਿਆ ਤੂੰ ਆਪਣਾ ਭਾਈ।

***ਖਿਨੁ ਪਲੁ ਘੜੀ ਨਹੀ ਪ੍ਰਭੁ ਜਾਨਿਆ ...........॥***

***ਅੰਗ – 1126***

ਉਹ ਵਾਹਿਗੁਰੂ ਜਿਹੜਾ ਤੇਰੇ ਨਾਲ ਰਹਿੰਦਾ ਹੈ ਹਰ ਵਕਤ ਉਹਨੂੰ ਜਾਨਣ ਦੀ ਤਾਂ ਤੂੰ ਕੋਸ਼ਿਸ਼ ਹੀ ਨਾ ਕਰੀ। ਪਲ ਭਰ ਵੀ ਤੂੰ ਕੋਸ਼ਿਸ਼ ਨਾ ਕਰੀ। ਤੂੰ ਕਦੇ ਸੋਚਿਆ ਹੀ ਨਹੀਂ ਉਹਦੇ ਬਾਰੇ? ਉਹ ਪ੍ਰਭੂ ਹੈ ਕੈਸਾ? –

***ਜਿਨਿ ਇਹੁ ਜਗਤੁ ਉਪਾਇਆ ॥*** ***ਅੰਗ – 1126***

ਜਿਹਨੇ ਸਾਰੇ ਸੰਸਾਰ ਨੂੰ ਪੈਦਾ ਕਰਿਆ ਹੈ –

***ਮਨ ਰੇ ਕਿਉ ਛੂਟਸਿ ਦੁਖੁ ਭਾਰੀ ॥*** ***ਅੰਗ – 1126***

ਕਿਵੇਂ ਛੁਟੇਂਗਾ? ਦੱਸ ਕੋਈ ਤਰੀਕਾ ਹੈ ਤੇਰੇ ਕੋਲ? ਤੇਰੇ ਕੋਲ ਮਾੜਾ ਮੋਟਾ ਦੁਖ ਨਹੀਂ ਹੈ, ਬਹੁਤ ਭਾਰਾ ਦੁਖ ਹੈ। ਪਹਿਲਾਂ ਪਤਾ ਨਹੀਂ ਕਰੋੜਾਂ ਸਾਲ ਘੁੰਮਦੇ-ਘੁੰਮਦੇ ਮਾਣਸ ਜਨਮ 'ਚ ਆਏ ਹਾਂ –

***ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥***
***ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥***

***ਅੰਗ – 631***

ਬੜੇ ਚੱਕਰ ਤੂੰ ਖਾਧੇ ਨੇ ਪ੍ਰੇਮੀਆਂ! ਦੱਸ ਏਸ ਦੁੱਖ 'ਚ ਪਿਆ ਹੋਇਆ ਤੂੰ ਖੁਸ਼ ਹੈਂ, ਇਹ ਤਾਂ ਮਿਹਰ ਹੈ ਪ੍ਰਮੇਸ਼ਵਰ ਦੀ। ਇੱਕ ਜਨਮ ਲੰਘਣ ਤੋਂ ਬਾਅਦ ਦੂਸਰਾ ਸਾਡੇ ਯਾਦ ਨਹੀਂ ਰਹਿੰਦਾ। ਜਿਹੜਾ ਮਾਂ ਦੇ ਪੇਟ ਵਿਚ ਅਸੀਂ ਦੁਖੀ ਹੋਏ ਹਾਂ, ਹਨ੍ਹੇਰ ਗੁਬਾਰ 'ਚ। ਨਾ ਉਥੇ ਰੋਸ਼ਨੀ ਦੀ ਕਿਰਨ, ਨਾ ਕੋਈ ਸਾਹ ਲੈਣ ਨੂੰ ਹਵਾ, ਹੁਣ ਤਾਂ ਤੂੰ ਪੱਖਿਆਂ ਤੇ ਪੱਖੇ ਲਾਉਂਦਾ ਹੈਂ। air condition ਘਰ ਕਰਦਾ ਹੈਂ, ਉਥੇ ਤਾਂ ਅੱਗ ਦੇ ਵਿਚ ਪਿਆ ਸੀ ਤੂੰ। ਉਹ ਨਹੀਂ ਤੇਰੇ ਯਾਦ ਆ ਰਿਹਾ, ਭੁੱਲ ਗਿਆ ਕਹਿੰਦੇ ਓਸ ਚੀਜ਼ ਨੂੰ। ਉਸ ਦੁੱਖ ਦੇ ਵਿਚ ਫੇਰ ਤੂੰ ਪੈਣਾ ਹੈ, ਜਨਮ ਮਰਨ ਦਾ ਦੁੱਖ ਹੈ। ਮਰਨ ਦਾ ਦੁੱਖ ਕਹਿੰਦੇ ਐਨਾ ਹੁੰਦਾ ਹੈ, ਜਿਵੇਂ 400 ਫੱਟ ਤਲਵਾਰ ਦਾ ਇੱਕ ਥਾਂ 'ਤੇ ਲੱਗ ਜਾਵੇ, ਬਾਰ-ਬਾਰ ਉਥੇ ਹੀ ਮਾਰੀ ਜਾਓ ਤਲਵਾਰ। ਜੈਸਾ ਸੌ ਡੰਗ ਬਿੱਛੂ ਦਾ ਇੱਕ ਥਾਂ 'ਤੇ ਲੱਗ ਜਾਵੇ। ਜਿੰਨਾ ਇਹਦਾ ਦੁੱਖ ਹੈ, ਐਨਾ ਹੀ ਮਰਨ ਦਾ ਦੁੱਖ ਹੋਇਆ ਕਰਦਾ ਹੈ–

***ਕਬੀਰ ਜਮ ਕਾ ਠੇਂਗਾ ਬੁਰਾ ਹੈ ਓਹੁ ਨਹੀ ਸਹਿਆ ਜਾਇ ॥***

***ਏਕੁ ਜੁ ਸਾਧੂ ਮੋੁਹਿ ਮਿਲਿਓ ਤਿਨਿ ਲੀਆ ਅੰਚਲਿ ਲਾਇ ॥***

***ਅੰਗ - 1368***

ਕਹਿੰਦੇ, ਉਸ ਹੰਟਰ ਦੀ ਐਨੀ ਸ਼ਕਤੀ ਹੈ, ਉਹ ਸਹਿ ਨਹੀਂ ਹੁੰਦਾ, ਕੋਈ ਵੀ ਨਹੀਂ ਸਹਿ ਸਕਦਾ। ਕਿੱਡਾ ਵੱਡਾ ਦੁਖ ਹੁੰਦਾ ਹੈ, ਮੂਰਛਤ ਹੋ ਜਾਂਦਾ ਹੈ ਉਸੇ ਵੇਲੇ। ਵੱਡੇ ਤੋਂ ਵੱਡਾ ਜਿਹੜਾ ਕਹਿੰਦਾ ਹੈ, ਮੇਰੇ ਨਾਲ ਦਾ ਕੋਈ ਨਹੀਂ ਹੈ, ਉਹ ਵੀ ਮੂਰਛਤ ਹੋ ਜਾਂਦਾ ਹੈ। ਇਸ ਦੁੱਖ ਤੋਂ ਕਿਵੇਂ ਛੁਟੇਂਗਾ -

***ਕਿਆ ਲੇ ਆਵਸਿ ਕਿਆ ਲੇ ਜਾਵਸਿ***
***ਰਾਮ ਜਪਹੁ ਗੁਣਕਾਰੀ॥*** ***ਅੰਗ - 1126***

ਕੀ ਲੈ ਕੇ ਤੂੰ ਸੰਸਾਰ 'ਚ ਆਇਆ ਸੀ। ਖਾਲੀ ਹੱਥ ਆਇਆ ਸੀ। ਇਥੋਂ ਲੈ ਕੇ ਕੀ ਜਾਵੇਂਗਾ? ਖਾਲੀ ਹੱਥ ਜਾਵੇਂਗਾ-

***ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ ॥***
***ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥***

***ਅੰਗ - 1365***

ਲੱਖ ਕਰੋੜ ਕਹਿੰਦੇ ਨੇ, ਸੌ ਖਰਬ ਜਿਨ੍ਹਾਂ ਕੋਲ ਰੁਪਿਆ ਹੈ। ਸੌ ਖਰਬ ਡਾਲਰ ਹੈ ਜਿਹਦੇ ਕੋਲ, ਜਾਂ ਸੌ ਖਰਬ ਪੌਂਡ ਹੈ। ਉਹ ਵੀ ਜਦ ਇਥੋਂ ਜਾਊ ਤਾਂ ਖਾਲੀ ਹੱਥ ਤੇ ਨੰਗੇ ਪੈਰ। ਜੋੜਾ ਵੀ ਨਹੀਂ ਪਹਿਨਣ ਨੂੰ ਮਿਲਦਾ ਫੇਰ। ਆਹ ਤਾਂ ਤੇਰੀ ਹਾਲਤ ਹੁੰਦੀ ਹੈ ਤੇ ਤੈਨੂੰ ਹੁਣ ਜਾਗ ਕਿਉਂ ਨਹੀਂ ਆਉਂਦੀ? ਮਹਾਰਾਜ ਕਹਿੰਦੇ, ਉਲਟਾ ਹੋਇਆ-ਹੋਇਆ ਇਹਦਾ ਕੰਵਲ। ਕਹਿੰਦੇ -

***ਊਂਧਉ ਕਵਲੁ ਮਨਮੁਖ ਮਤਿ ਹੋਛੀ ਮਨਿ ਅੰਧੈ ਸਿਰਿ ਧੰਧਾ॥***

***ਅੰਗ - 1126***

ਮਤ ਇਹਦੀ ਹੋਛੀ ਹੋ ਗਈ, ਕਿਉਂਕਿ ਮਨ ਦੇ ਪਿੱਛੇ ਲੱਗ ਗਿਆ। ਅੰਨ੍ਹੇ ਦੇ ਉਤੇ ਧੰਦਾ ਪੈ ਗਿਆ ਜੰਮਣ ਮਰਨ ਦਾ। ਇੱਥੇ ਧੰਦਾ ਕਰੀ ਜਾਂਦਾ ਹੈ। ਜੇ ਕਿਸੇ ਨੂੰ ਕਹੋ ਕਿ ਨਾਮ ਜਪ? ਕਹਿੰਦੇ ਵਿਹਲ ਹੀ ਨਹੀਂ, ਇਥੇ ਮੇਰੇ ਕੋਲ ਸਾਰਾ ਦਿਨ ਆਉਂਦੇ ਨੇ ਪ੍ਰੇਮੀ, ਦੁਖੀ ਹੋਏ ਹੋਏ, ਬੀਮਾਰ ਹੋਏ ਹੋਏ। ਮੈਂ ਕਿਹਾ ਭਾਈ! 25 ਪਾਠ ਜਪੁਜੀ ਸਾਹਿਬ ਦੇ ਕਰ ਲਿਆ ਕਰ। ਕਹਿੰਦੇ ਨਾ ਜੀ ਇਹ ਤਾਂ ਹੁੰਦੇ ਨਹੀਂ ਸਾਡੇ ਤੋਂ। ਮੈਨੂੰ ਤਾਂ ਜੀ ਵਿਹਲ ਹੀ ਨਹੀਂ ਹੈ। ਫੇਰ ਕਹੀਦਾ ਹੈ ਕਿ ਚੰਗਾ ਤੂੰ ਫੇਰ ਸੇਵਾ ਕਰ ਲੈ, ਰਤਵਾੜਾ ਸਾਹਿਬ ਰਹਿ ਕੇ। ਕਹਿੰਦੇ ਜੀ, ਬੱਚਿਆਂ ਦਾ ਕੀ ਕਰਾਂਗੇ? ਮੈਂ ਕਹਿੰਦਾ ਹਾਂ ਕਿ ਫੇਰ ਜਾਓ ਮੇਰੇ ਕੋਲ ਕੀ ਕਰਨਾ ਹੈ, ਫੇਰ ਡਾਕਟਰਾਂ ਦੇ ਚਲੇ ਜਾਓ, ਪੀ.ਜੀ.ਆਈ ਜਾ ਕੇ ਉਥੇ ਪੈਸੇ ਖਰਚੀ ਜਾਓ, ਦਵਾਈਆਂ ਲਈ ਜਾਓ। ਯਾਨੀ ਤਿਆਰ ਨਹੀਂ, ਬੀਮਾਰੀ ਹਟਾਉਣ ਵਾਸਤੇ ਅਸੀਂ ਨਾਮ ਜਪਣ ਨੂੰ ਭੋਰਾ ਵੀ ਤਿਆਰ ਨਹੀਂ। ਜੇ ਬਾਣੀ 'ਚ ਐਨੀ ਤਾਕਤ ਹੈ ਕਿ ਬੀਮਾਰੀਆਂ ਹਟ ਸਕਦੀਆਂ ਨੇ, ਰੋਗ ਹਟ ਸਕਦੇ ਨੇ ਫੇਰ ਕੀ ਨਿਹਚਾ ਨਹੀਂ ਆਉਂਦਾ ਕਿ ਜਮਾਂ ਦਾ ਜਿਹੜਾ ਮੇਰੇ ਗਲ 'ਚ ਸੰਗਲ

ਪਿਆ ਹੈ, ਇਹ ਵੀ ਇਹ ਕੱਟਣ ਨੂੰ ਸਮਰੱਥ ਹੈ।

ਕਹਿੰਦੇ, ਅੰਨ੍ਹਾ ਹੋਇਆ ਹੋਇਆ ਹੈ। ਅੰਨ੍ਹੇ ਦੇ ਸਿਰ ਦੇ ਉਤੇ ਧੰਦੇ ਲੱਦੇ ਹੋਏ ਨੇ, ਧੰਦਿਆਂ 'ਚ ਜੀਵਨ ਬਰਬਾਦ ਕਰ ਰਹੇ ਨੇ ਸਾਰੇ –

***ਕਾਲੁ ਬਿਕਾਲੁ ਸਦਾ ਸਿਰਿ ਤੇਰੈ***
***ਬਿਨੁ ਨਾਵੈ ਗਲਿ ਫੰਧਾ ॥*** ***ਅੰਗ – 1126***

ਜੰਮਣਾ ਮਰਨਾ ਤੇਰੇ ਸਿਰ ਪਿਆ ਹੋਇਆ ਹੈ ਭਾਈ। ਨਾਮ ਤੋਂ ਬਗੈਰ ਤੇਰੇ ਗਲ ਵਿਚ ਫੰਧਾ ਪਿਆ ਹੋਇਆ ਹੈ –

***ਡਗਰੀ ਚਾਲ ਨੇਤ੍ਰ ਫੁਨਿ ਅੰਧੁਲੇ***
***ਸਬਦ ਸੁਰਤਿ ਨਹੀ ਭਾਈ ॥*** ***ਅੰਗ – 1126***

ਕਹਿੰਦੇ, ਇੱਕ ਤਾਂ ਲੰਗੜਾ ਕੇ ਤੁਰਦਾ ਹੈ। ਸਿੱਧਾ ਨਹੀਂ ਤੁਰਦਾ, ਲਗਦਾ ਹੈ ਕਿ ਹੁਣ ਗਿਰਿਆ ਹੁਣ ਗਿਰਿਆ। ਡਗਰੀ ਚਾਲ ਚਲਦਾ ਹੈ। ਕਈ ਪ੍ਰੇਮੀਆਂ ਦੇ ਸਰੀਰ ਐਸੇ ਹੁੰਦੇ ਨੇ ਕਿ ਇਸ ਤਰ੍ਹਾਂ ਲਗਦਾ ਹੈ ਕਿ ਹੁਣ ਗਿਰਿਆ, ਹੁਣ ਗਿਰਿਆ।

ਆਪਣੇ ਡੇਰੇ ਬੱਚਾ ਆਇਆ ਹੋਇਆ ਹੈ, ਉਹ ਪਹਿਲਾਂ ਗਿਰ ਜਾਂਦਾ ਸੀ, ਹੁਣ ਤਾਂ ਕੁਛ ਮਾੜਾ ਜਿਹਾ ਠੀਕ ਹੋ ਗਿਆ। ਮਾੜਾ ਜਿਹਾ ਤੁਰਨਾ ਉਹਨੇ, ਜਦੇ ਗਿਰ ਜਾਣਾ ਧਰਤੀ 'ਤੇ। ਇਹਨੂੰ ਡਗਰੀ ਚਾਲ ਕਹਿੰਦੇ ਨੇ। 'ਨੇਤ੍ਰ ਫੁਨਿ ਅੰਧੁਲੇ' ਕਿਉਂਕਿ ਜੇ ਸੁਜਾਖਾ ਹੋਵੇ, ਮੂਹਰੇ ਕਾਲ ਦਿਸੇ। ਕਾਲ ਦਿਸਦਾ ਹੀ ਨਹੀਂ, ਇਥੇ ਰਹਿਣਾ ਹੀ ਨਜ਼ਰ ਆਉਂਦਾ ਹੈ। ਕਾਲ ਨੂੰ ਭੁੱਲਿਆ ਬੈਠਾ ਹੈ, ਜਮਦੂਤ ਨਹੀਂ ਨਜ਼ਰ ਆ ਰਿਹਾ –

***.......ਸਬਦ ਸੁਰਤਿ ਨਹੀ ਭਾਈ ॥*** ***ਅੰਗ – 1126***

ਤੇ ਸ਼ਬਦ ਨਾਲ ਇਹਦੀ ਸੁਰਤ ਨਹੀਂ ਲੱਗੀ –

***ਸਾਸਤ੍ਰ ਬੇਦ ਤ੍ਰੈ ਗੁਣ ਹੈ ਮਾਇਆ ਅੰਧੁਲਉ ਧੰਧੁ ਕਮਾਈ ॥***
***ਅੰਗ – 1126***

ਸ਼ਾਸਤ੍ਰ ਤੇ ਵੇਦ ਜਿਹੜੇ ਨੇ ਇਹ ਤਿੰਨ ਗੁਣੀ ਮਾਇਆ ਦੇ ਵਿਚ ਦਸਦੇ ਨੇ –

***ਖੋਇਓ ਮੂਲੁ ਲਾਭੁ ਕਹ ਪਾਵਸਿ ਦੁਰਮਤਿ ਗਿਆਨ ਵਿਹੂਣੇ॥***
***ਅੰਗ – 1126***

ਤੂੰ ਤਾਂ ਮੂਲ ਹੀ ਖੋ ਲਿਆ। ਲਾਭ ਤੈਨੂੰ ਕਿੱਥੋਂ ਪ੍ਰਾਪਤ ਹੋਏਗਾ ਜਦ ਮੂਲ ਖੋ ਲਿਆ। ਜਿਹੜਾ ਬੈਂਕ ਤੋਂ ਪੈਸਾ ਲਿਆ ਸੀ ਬਿਜ਼ਨਸ ਵਾਸਤੇ, ਜੇ ਉਹ ਤੂੰ ਖਾ ਪੀ ਗਿਆ ਤਾਂ ਫੇਰ ਤੂੰ ਵਪਾਰ ਕਾਹਦਾ ਕਰੇਂਗਾ। ਚੌਵੀ ਹਜ਼ਾਰ ਸਵਾਸ ਤੇਰੇ ਰੋਜ਼ ਚਲੇ ਜਾਂਦੇ ਨੇ। ਖੋਟੀ ਮੱਤ ਹੋਈ-ਹੋਈ ਹੈ, ਗਿਆਨ ਤੋਂ ਖਾਲੀ ਹੋ ਗਿਆ –

***ਸਬਦੁ ਬੀਚਾਰਿ ਰਾਮ ਰਸੁ ਚਾਖਿਆ ਨਾਨਕ ਸਾਚਿ ਪਤੀਣੇ ॥***
***ਅੰਗ – 1126***

ਜਿਹਨੇ ਗੁਰੂ ਦੀ ਬਾਣੀ ਨੂੰ ਸੁਣ ਲਿਆ। ਉਹਨੇ ਫੇਰ ਸ਼ਬਦ ਦੀ ਵੀਚਾਰ ਕੀਤੀ ਤੇ ਨਾਮ ਦਾ ਰਸ ਚੱਖਿਆ ਤੇ ਸੱਚ ਨਾਲ ਉਨ੍ਹਾਂ ਨੂੰ ਪ੍ਰਤੀਤ ਆ ਗਈ। ਗੁਰੂ ਮਹਾਰਾਜ ਦੇ ਕੋਲ ਇੱਕ ਗੁਰਸਿੱਖ ਗੁਰੂ ਛੇਵੇਂ ਪਾਤਸ਼ਾਹ ਦੇ ਪਾਸ ਬਚਨ ਸੁਣਦਾ ਸੀ ਤੇ ਗੁਰੂ ਮਹਾਰਾਜ ਦੇ ਚਰਨਾਂ 'ਤੇ ਆ ਕੇ ਨਮਸ਼ਕਾਰ ਕੀਤੀ। ਦੋਵੇਂ ਹੱਥ ਜੋੜੇ, ਨੇਤਰਾਂ 'ਚ ਜਲ ਜਾ ਰਿਹਾ ਹੈ। ਮਹਾਰਾਜ ਕਹਿੰਦੇ, ਪ੍ਰੇਮੀਆਂ! ਕੀ ਗੱਲ ਹੈ? ਕਹਿੰਦਾ, ਸੱਚੇ ਪਾਤਸ਼ਾਹ! ਆਪ ਦੇ ਬਚਨ ਮੈਂ ਸੁਣੇ ਹੀ ਨਹੀਂ, ਮੇਰੇ ਅੰਦਰ ਘਾਵ ਕਰ ਗਏ। ਮੇਰੇ ਕਲੇਜੇ ਦੇ ਅੰਦਰ ਘਾਵ ਪੈ ਗਿਆ, ਆਪ ਦੇ ਬਚਨਾਂ ਦਾ। ਕਿਉਂਕਿ ਜਿਹੜੇ ਗੁਰੂ ਦੇ ਬਚਨ ਹੁੰਦੇ ਨੇ -

***ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥***
***ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥***

***ਅੰਗ - 1374***

ਕਹਿਣ ਲੱਗਿਆ, ਪਾਤਸ਼ਾਹ! ਮੈਂ ਸਾਰੀ ਵਿਚਾਰ ਕਰੀ ਹੈ ਤੇ ਕ੍ਰਿਪਾ ਕਰੋ ਆਪ ਮੇਰੇ ਉੱਤੇ। ਮੈਨੂੰ ਇਹ ਜਿਹੜਾ ਦੁੱਖ ਹੈ ਉਹ ਕੱਟ ਦਿਓ। ਇਸ ਤਰ੍ਹਾਂ ਬੇਨਤੀ ਕਰਦਾ ਹੈ -

***ਧਾਰਨਾ - ਕਾਟਹੁ ਮੇਰਾ, ਇਕ ਦੂਖ ਰਾਮਰਾਏ।***
***ਅਗਨਿ ਦਹੈ ਅਰੁ ਗਰਭ ਬਸੇਰਾ ॥***

ਪਾਤਸ਼ਾਹ! ਮੇਰੇ ਅੰਦਰ ਸੁਰਤ ਜਾਗ ਪਈ ਹੈ ਤੇ ਆਪ ਦੇ ਬਚਨ ਜਿਹੜੇ ਸੀ, ਪੂਰੀ ਤਰ੍ਹਾਂ ਨਾਲ ਮੇਰੇ ਹਿਰਦੇ ਨੂੰ ਵਿੰਨ੍ਹ ਕੇ ਚਲੇ ਗਏ ਨੇ ਤੇ ਮੈਂ ਇਹ ਵੀਚਾਰ ਕਰੀ ਹੈ -

***ਜਿਹ ਮੁਖਿ ਪਾਂਚਉ ਅੰਮ੍ਰਿਤ ਖਾਏ ॥***
***ਤਿਹ ਮੁਖ ਦੇਖਤ ਲੂਕਟ ਲਾਏ ॥*** ***ਅੰਗ - 329***

ਪਾਤਸ਼ਾਹ! ਇਸ ਤਰ੍ਹਾਂ ਮੂੰਹ ਦੇ ਨਾਲ ਅਸੀਂ ਦੁੱਧ, ਦਹੀਂ, ਘਿਉ, ਖੰਡ, ਸ਼ਹਿਦ; ਪੰਜ ਅੰਮ੍ਰਿਤ ਖਾਂਦੇ ਹਾਂ ਤੇ ਇਹਨੂੰ ਫੇਰ ਅੱਗ ਲਾ ਕੇ ਜਾਲ ਦਿੰਦੇ ਨੇ -

***ਇਕੁ ਦੁਖੁ ਰਾਮ ਰਾਇ ਕਾਟਹੁ ਮੇਰਾ ॥***
***ਅਗਨਿ ਦਹੈ ਅਰੁ ਗਰਭ ਬਸੇਰਾ ॥*** ***ਅੰਗ - 329***

ਇਹ ਦੁੱਖ ਕੱਟ ਦਿਓ ਮੇਰਾ। ਬਾਰ-ਬਾਰ ਮੈਂ ਮਾਂ ਦੇ ਪੇਟ 'ਚ ਆਉਂਦਾ ਹਾਂ। ਉਥੇ ਮੈਂ ਅੱਗ ਦੇ ਵਿਚ ਬਹੁਤ ਦੁਖੀ ਹੁੰਦਾ ਹਾਂ ਤੇ ਫੇਰ ਮੈਂ ਜੰਮ ਪੈਂਦਾ ਹਾਂ, ਫੇਰ ਮਰ ਜਾਂਦਾ ਹਾਂ। ਫੇਰ ਮੈਂ ਜੰਮ ਪੈਂਦਾ ਹਾਂ, ਫੇਰ ਮਰ ਜਾਂਦਾ ਹਾਂ -

***ਕਾਇਆ ਬਿਗੂਤੀ ਬਹੁ ਬਿਧਿ ਭਾਤੀ ॥***
***ਕੋ ਜਾਰੇ ਕੋ ਗਡਿ ਲੇ ਮਾਟੀ ॥*** ***ਅੰਗ - 329***

ਇਹ ਕਾਇਆ ਦਾ ਮੈਂ ਮਾਣ ਕਰਦਾ ਹਾਂ, ਇਹਨੂੰ ਕੋਈ ਜਾਲ ਦਿੰਦਾ ਹੈ। ਕੋਈ ਧਰਤੀ 'ਚ ਟੋਆ ਪੁੱਟ ਕੇ ਦੱਬ ਦਿੰਦਾ ਹੈ। ਕਬਰ

ਜਿਹਨੂੰ ਕਹਿੰਦੇ ਨੇ। ਕੋਈ ਪਾਣੀ 'ਚ ਰੋੜ ਦਿੰਦਾ ਹੈ।

> ***ਕਹੁ ਕਬੀਰ ਹਰਿ ਚਰਣ ਦਿਖਾਵਹੁ ॥***
> ***ਪਾਛੈ ਤੇ ਜਮੁ ਕਿਉ ਨ ਪਠਾਵਹੁ ॥*** ***ਅੰਗ - 329***

ਮੈਨੂੰ ਇੱਕ ਵਾਰੀ ਦਰਸ਼ਨ ਕਰਾ ਦਿਓ, ਪਿੱਛੋਂ ਚਾਹੇ ਜਮਦੂਤ ਹੀ ਭੇਜ ਦਿਓ। ਮੇਰਾ ਇੱਕ ਦੁੱਖ ਕੱਟ ਦਿਓ ਪਾਤਸ਼ਾਹ। ਮੈਂ ਬਹੁਤ ਦੁਖੀ ਹਾਂ। ਉਸ ਵੇਲੇ ਮਹਾਰਾਜ ਜੀ ਨੇ ਫੁਰਮਾਨ ਕੀਤਾ, ਕਹਿਣ ਲੱਗੇ, ਪ੍ਰੇਮੀਆਂ! ਬਾਣੀ ਪੜ੍ਹਦਾ ਹੁੰਦਾ ਹੈਂ?

ਕਹਿੰਦਾ, ਹਾਂ ਜੀ।

ਕਹਿੰਦੇ ਦੇਖ, ਬਾਣੀ ਪੜ੍ਹਨ ਦੇ ਭੇਦ ਹੋਇਆ ਕਰਦੇ ਨੇ। ਇੱਕ ਤਾਂ ਬਾਣੀ ਪੜ੍ਹਦਾ ਹੈ ਉਹਦਾ ਮਨ ਨਹੀਂ ਟਿਕਦਾ। ਇੱਕ ਉਹ ਬਾਣੀ ਪੜ੍ਹਦਾ ਹੈ, ਉਹਦਾ ਮਨ ਟਿਕ ਜਾਂਦਾ ਹੈ ਤੇ ਬਾਣੀ ਨੂੰ ਸਮਝਣ ਦਾ ਯਤਨ ਕਰਦਾ ਹੈ। ਇੱਕ ਬਾਣੀ ਪੜ੍ਹਦਾ ਹੈ ਉਹਦੇ ਅਰਥ ਸਮਝ ਲੈਂਦਾ ਹੈ। ਇੱਕ ਬਾਣੀ ਪੜ੍ਹਦਾ ਹੈ ਉਹਦੇ ਅਰਥ ਸਮਝ ਕੇ ਉਹਨੂੰ ਹਿਰਦੇ 'ਚ ਵਸਾ ਲੈਂਦਾ ਹੈ। ਇੱਕ ਬਾਣੀ ਪੜ੍ਹਦਾ ਹੈ ਤੇ ਹਿਰਦੇ 'ਚ ਵਸਾਈ ਹੋਈ ਬਾਣੀ ਨੂੰ ਕਮਾਉਂਦਾ ਹੈ ਉਹ। ਸੋ ਇਹ ਭੇਤ ਨੇ, ਪੰਜ ਭੇਤ ਬਾਣੀ ਪੜ੍ਹਨ ਦੇ। ਇਨ੍ਹਾਂ ਵਿਚੋਂ ਜਿਹੜੇ ਪਿਛਲੇ ਦੋ ਨੇ, ਉਹ ਤਾਂ ਜੀਵ ਦਾ ਬੰਧਨ ਕੱਟਣ ਨੂੰ ਸਮਰੱਥ ਹੋਇਆ ਕਰਦੇ ਨੇ। ਤੂੰ ਇਸ ਤੋਂ ਪਹਿਲਾਂ ਇਹ ਸਮਝ, ਆਪਣੇ ਆਪ ਨੂੰ ਜਾਨਣ ਦਾ ਯਤਨ ਕਰ ਕਿ ਮੈਂ ਕੌਣ ਹਾਂ। ਸੰਗਤ ਵੀ ਸਾਰੇ ਬਚਨ ਸੁਣ ਰਹੀ ਹੈ।

ਕਹਿੰਦੇ, ਦੇਖੋ, ਇਹ ਜਿਹੜਾ ਸਰੀਰ ਹੈ, ਇਹ ਦੋ ਚੀਜ਼ਾਂ ਦਾ ਬਣਿਆ ਹੋਇਆ ਹੈ। ਜਿਹਨੂੰ ਤੂੰ ਆਪਣਾ ਆਪ ਸਮਝੀਂ ਜਾਂਦਾ ਹੈਂ, ਗਲਤੀ ਦੇ ਨਾਲ ਸਾਢੇ ਤਿੰਨ ਹੱਥ ਦੀ ਦੇਹ ਸਮਝਦਾ ਹੈਂ ਪੰਜਾਂ ਤੱਤਾਂ ਦਾ ਬਣਿਆ ਹੋਇਆ। ਇਹ ਤਾਂ ਹੈਗਾ ਜੜ੍ਹ, ਮਿੱਟੀ ਹੈ, ਪੰਜ ਤੱਤ ਇਕੱਠੇ ਹੋਏ-ਹੋਏ ਨੇ। 25 ਪ੍ਰਕ੍ਰਿਤੀਆਂ ਦੇ ਨਾਲ ਤੇਰੇ ਗਿਆਨ ਇੰਦਰੇ ਤੇ ਕਰਮ ਇੰਦਰੇ। ਸਤੋਗੁਣੀ ਅੰਸ ਜਿਹੜੀ ਤੱਤਾਂ ਦੀ ਹੈ, ਉਹਦੇ ਨਾਲ ਤੇਰੇ ਗਿਆਨ ਇੰਦਰੇ ਬਣੇ ਹੋਏ ਨੇ। ਤਮੋ ਗੁਣੀ ਅੰਸ ਦੇ ਨਾਲ ਤੇਰੇ ਕਰਮ ਇੰਦਰੇ ਬਣੇ ਹੋਏ ਨੇ। ਇਹ ਇੱਕ ਬਣਤਰ ਹੈ ਇਹ ਜੜ੍ਹ ਹੈ। ਇਹਦੇ ਵਿਚ ਹੀ ਪੰਜ ਸ਼ਕਤੀਆਂ ਨੇ ਜਿਨ੍ਹਾਂ ਨੂੰ ਪ੍ਰਾਣ ਕਹਿੰਦੇ ਨੇ ਤੇ ਇਹ ਜਿਹੜਾ ਮੰਦਰ ਬਣਿਆ ਹੋਇਆ ਹੈ ਬੜਾ ਬਚਿੱਤਰ ਹੈ। ਇਹਦੇ 'ਚ ਦੋ ਖਰਬ ਪੰਦਰਾਂ ਅਰਬ ਸੈੱਲ ਲੱਗਿਆ ਹੋਇਆ ਹੈ। ਇਹ ਹੌਲੀ-ਹੌਲੀ ਮਿੱਟੀ 'ਚੋਂ ਅੰਨ੍ਹ 'ਚੋਂ ਬਣਿਆ ਹੈ। ਅੰਨ੍ਹ 'ਚੋਂ ਬਣਨ ਕਰਕੇ, ਇਹ ਸਰੀਰ ਠੋਸ ਬਣ ਗਿਆ। ਇਹਦੇ ਨਾਲ ਪ੍ਰੀਤੀ ਪੈ ਕੇ ਤੂੰ ਆਪਣੇ ਆਪ ਨੂੰ ਭੁੱਲ ਗਿਆ ਕਿ ਮੈਂ ਕੌਣ ਹਾਂ। ਤੂੰ ਗਲਤੀ ਦੇ ਨਾਲ ਇਹੀ ਸਮਝਣ ਲੱਗ ਗਿਆ। ਇਹਦਾ ਤੈਨੂੰ ਅਧਿਆਸ ਪੱਕ ਗਿਆ। ਪੱਕਿਆ ਹੋਇਆ, ਤੂੰ ਆਪਣੇ ਆਪ ਨੂੰ ਸਰੀਰ ਸਮਝ ਕੇ, ਸਰੀਰ ਦੇ ਭੋਗਾਂ 'ਚ ਗਲਤਾਨ ਹੋਇਆ ਪਿਆ ਹੈਂ। ਇਹ ਇੰਦਰੀਆਂ ਜਿਹੜੀਆਂ ਨੇ ਬੜੀਆਂ ਬਲਵਾਨ ਨੇ। ਅੱਖਾਂ, ਨੱਕ, ਕੰਨ,

ਸਪਰਸ਼ ਇੰਦਰੀਆਂ ਇਹ ਬੰਦੇ ਨੂੰ ਚੱਕਰ ਵਿਚ ਪਾ ਦਿੰਦੀਆਂ ਨੇ, ਕਿਉਂਕਿ ਉਹ ਭੋਗ ਭੋਗਦਾ ਹੈ। ਭੋਗਾਂ ਦੇ ਨਾਲ ਇਹਦੇ ਅੰਦਰ ਅਗਿਆਨ ਦਾ ਬੱਦਲ ਛਾ ਜਾਂਦਾ ਹੈ ਤੇ ਇਹ ਫੇਰ ਭੁੱਲ ਜਾਂਦਾ ਹੈ ਅਸਲੀ ਕੰਮ ਨੂੰ ਤੇ ਦੁਨੀਆਂ ਨੂੰ ਭੋਗ ਕੇ ਸੰਸਾਰ ਤੋਂ ਚਲਿਆ ਜਾਂਦਾ ਹੈ। ਵੱਡੇ-ਵੱਡੇ ਚਲੇ ਗਏ ਨੇ। ਮਹਾਰਾਜ ਨੇ ਵੱਡੇ ਕਿਹਾ ਹੈ -

*ਜੋਗੀ ਜਤੀ ਬ੍ਰਹਮਚਾਰੀ ਬਡੇ ਬਡੇ ਛਤ੍ਰਧਾਰੀ,*
*ਛਤ੍ਰ ਹੀ ਕੀ ਛਾਇਆ ਕਈ ਕੋਸ ਲੌ ਚਲਤ ਹੈਂ।*
*ਬਡੇ ਬਡੇ ਰਾਜਨ ਕੈ ਦਾਬਤ ਫਿਰਤਿ ਦੇਸ,*
*ਬਡੇ ਬਡੇ ਭੂਪਨ ਕੇ ਦ੍ਰਪ ਕੋ ਦਲਤੁ ਹੈਂ।*
*ਮਾਨ ਸੇ ਮਦੀਪ ਔ ਦਿਲੀਪ ਜੈਸੇ ਛਤ੍ਰਧਾਰੀ,*
*ਬਡੋ ਅਭਿਮਾਨ ਭੁਜ ਦੰਡ ਕੋ ਕਰਤ ਹੈਂ।*
*ਦਾਰਾ ਸੇ ਦਿਲੀਸਰ ਦ੍ਰਜੋਧਨ ਸੇ ਮਾਨਧਾਰੀ,*
*ਭੋਗ ਭੋਗ ਭੂਮ ਅੰਤ ਭੂਮ ਮੈ ਮਿਲਤ ਹੈਂ।*

***ਕਬਿੱਤ (ਅਕਾਲ ਉਸਤਤਿ)***

ਇਹ ਸਾਰੇ ਵੱਡੇ-ਵੱਡੇ ਰਾਜੇ ਗਿਣ ਕੇ ਮਹਾਰਾਜ ਨੇ ਕਿਹਾ, ਇਹ ਸਾਰੇ ਭੋਗ ਭੋਗ ਕੇ ਸੰਸਾਰ ਤੋਂ ਚਲੇ ਗਏ। ਖਤਮ ਹੋ ਗਏ। ਆਪਣਾ ਆਪ ਨਹੀਂ ਕਿਸੇ ਨੇ ਪਛਾਣਿਆ। ਇਹ ਸਰੀਰ ਜੜ੍ਹ ਹੈ। ਇਹ ਨਿਹਚੇਪੂਰਵਕ ਮੰਨ ਕਿ ਮੇਰਾ ਸਰੀਰ ਜਾਣਾ ਹੈ। ਇਹ ਚੇਤਨ ਕਰਕੇ ਤੈਨੂੰ ਜੀਉਂਦਾ ਜਾਗਦਾ ਮਹਿਸੂਸ ਦਿੰਦਾ ਹੈ। ਜੇ ਇਹਦੇ ਨਾਲੋਂ ਚੇਤਨ ਵੱਖ ਹੋ ਜਾਵੇ, ਜਿਹੜਾ ਤੇਰਾ ਅਸਲਾ, ਆਪਣਾ ਆਪ ਹੈ, ਤੂੰ ਹੈਂ, ਫੇਰ ਇਹ ਸਰੀਰ ਕਿਸੇ ਕੰਮ ਦਾ ਨਹੀਂ ਰਹਿੰਦਾ। ਲੇਕਿਨ ਤੇਰਾ ਅਧਿਆਸ ਐਨਾ ਪਰਪੱਕ ਹੋ ਗਿਆ, ਤੂੰ ਏਸ ਨੂੰ ਹੀ ਆਪਣਾ ਆਪ ਸਮਝਦਾ ਹੈ। ਇਸਦੀ ਜੇ ਆਪਾਂ ਵੀਚਾਰ ਕਰੀਏ, ਸਾਰੇ ਧਰਮਾਂ ਦੀ। ਗੀਤਾ ਦੇ ਅੰਦਰ ਕ੍ਰਿਸ਼ਨ ਅਰਜਨ ਨੂੰ ਜਦ ਸਮਝਾਉਣ ਲੱਗੇ, ਕਹਿਣ ਲੱਗੇ ਅਰਜਨ! ਤਿੰਨ ਭੇਤ ਨੇ ਇੱਥੇ, ਇੱਕ ਤਾਂ ਕਸ਼ਾਰਾ ਹੈ ਜਿਹਨੂੰ ਅੱਖਰ ਕਹਿੰਦੇ ਨੇ। ਦੂਸਰਾ ਹੈ ਜਿਹਨੂੰ ਅੱਖਸ਼ਰ ਕਹਿੰਦੇ ਨੇ, ਤੀਸਰਾ ਪਰਸ਼ੋਤਮ ਹੈ। ਪਰਸ਼ੋਤਮ ਵਾਹਿਗੁਰੂ ਨੂੰ ਕਹਿੰਦੇ ਨੇ। ਸ਼ੁੱਧ ਚੇਤਨ, ਕਸ਼ਰ ਜਿਹੜਾ ਹੈ ਉਹ ਜੜ੍ਹ ਹੈ, ਅਨਿੱਤ ਹੈ, ਸਦਾ ਇਕ ਰਸ ਨਹੀਂ ਰਿਹਾ ਕਰਦਾ। ਉਹਦੀ ਸ਼ਕਲ ਬਦਲਦੀ ਰਹਿੰਦੀ ਹੈ। ਇਹ ਤਿੰਨਾਂ ਗੁਣਾਂ ਦੇ ਵਿਚ 'ਤੇ ਅੱਠ ਇਹਦੇ ਵਿਚ ਅੰਗ ਨੇ। ਤਿੰਨ ਗੁਣ ਨੇ, ਇਹਦੇ ਵਿਚ ਰਜੋ ਗੁਣ, ਤਮੋ ਗੁਣ, ਸਤੋ ਗੁਣ। ਅੱਠ ਇਹਦੇ ਵਿਚ ਅੰਗ ਨੇ। ਪੰਜ ਤਾਂ ਤੱਤ ਨੇ ਇਹਦੇ 'ਚ, ਇੱਕ ਇਹਦੇ 'ਚ ਮਨ ਹੈ, ਇੱਕ ਬੁੱਧੀ ਹੈ, ਇੱਕ ਹੰਕਾਰ ਹੈ। ਇਹ ਪੰਜਾਂ ਤੱਤਾਂ ਦੇ ਨਾਲ, ਅੱਠਾਂ ਅੰਗਾਂ ਵਾਲਾ ਜਿਹਨੂੰ ਜੜ੍ਹ ਪ੍ਰਕ੍ਰਿਤੀ ਕਹਿੰਦੇ ਨੇ ਤੇ ਇਸਨੂੰ ਉਹ ਅਪਰਾ ਪ੍ਰਾਕ੍ਰਿਤੀ ਕਹਿੰਦੇ ਨੇ ਕਿ ਅਪਰਾ ਪ੍ਰਾਕ੍ਰਿਤੀ ਹੈ। ਦੂਸਰਾ ਇਹਦੇ ਵਿਚ ਹੈ ਅਖਸ਼ਰ ਤੱਤਵ ਉਹ ਜੀਵ ਤੇ ਬ੍ਰਹਮ ਹੈ, ਉਹ ਪਰਾ ਪ੍ਰਾਕ੍ਰਿਤੀ ਹੈ। ਜੀਵ ਹੈਗਾ ਵਾਹਿਗੁਰੂ ਦੀ ਅੰਸ ਤੇ ਜੀਵ ਉਪਾਧੀ ਇਸ ਕਰਕੇ ਮਿਲੀ ਹੈ ਕਿਉਂਕਿ ਅਵਿਦਿਆ ਦੇ ਹਨ੍ਹੇਰੇ ਨੇ ਉਸ ਨੂੰ ਘੇਰ ਲਿਆ। ਘੇਰਨ ਦੇ ਨਾਲ

ਉਹ ਜੀਵ ਬਣ ਗਿਆ ਤੇ ਉਸ ਜੀਵ ਨੇ ਬਿਜਾਏ ਇਸਦੇ ਕਿ ਪ੍ਰਮੇਸ਼ਰ ਵਲ ਰੁਖ ਕਰਦਾ, ਉਹਦਾ ਪ੍ਰਾਕ੍ਰਿਤੀ ਵਲ ਰੁਖ ਹੋ ਗਿਆ ਕਿਉਂਕਿ ਜਿਹੜੀਆਂ ਉਹਨੂੰ ਪ੍ਰਾਕ੍ਰਿਤੀ ਦੀਆਂ ਇੰਦਰੀਆਂ ਮਿਲੀਆਂ, ਮਨ ਮਿਲਿਆ, ਬੁੱਧੀ ਮਿਲੀ, ਅੰਤਸ਼ਕਰਣ, ਚਿੱਤ ਮਿਲਿਆ ਤੇ ਮੈਂ ਭਾਵ ਮਿਲਿਆ, ਉਹਦੀ ਅੰਸ ਹੋਣ ਕਰਕੇ ਓਧਰ ਨੂੰ ਜ਼ਿਆਦਾ ਖਿੱਚਦੀਆਂ ਨੇ। ਪ੍ਰਮੇਸ਼ਵਰ ਵਲ ਨੂੰ ਨਹੀਂ ਜਾਣ ਦਿੰਦੀਆਂ। ਪਿੱਛੇ ਨੂੰ ਨਹੀਂ ਮਿਲਦੀਆਂ, ਕਬੀਰ ਸਾਹਿਬ ਕਹਿੰਦੇ –

***ਕਬੀਰ ਨਿਰਮਲ ਬੂੰਦ ਅਕਾਸ ਕੀ***
***ਪਰਿ ਗਈ ਭੂਮਿ ਬਿਕਾਰ ॥***
***ਬਿਨੁ ਸੰਗਤਿ ਇਉ ਮਾਂਨਈ ਹੋਇ ਗਈ ਭਠ ਛਾਰ ॥***

***ਅੰਗ – 1375***

ਜਿਵੇਂ ਭੱਠ ਦੀ ਸੁਆਹ ਬਣਦੀ ਹੈ। ਇਸ ਤਰ੍ਹਾਂ ਦੇ ਨਾਲ ਇਹ ਹੋ ਗਈ। ਇਸ ਗੱਲ ਨੂੰ ਕਹਿੰਦੇ, ਸਮਝਣ ਦਾ ਯਤਨ ਕਰੋ। ਦੂਸਰਾ ਪ੍ਰਮੇਸ਼ਰ ਸ਼ੁੱਧ ਬ੍ਰਹਮ। ਇਸ ਤਰ੍ਹਾਂ ਦੇ ਨਾਲ ਤੇਰਾ ਜਿਹੜਾ ਸਰੂਪ ਹੈ, ਉਹ ਅਣਹੋਇਆ ਸਰੂਪ ਤੂੰ ਆਪਣੇ ਆਪ ਨੂੰ ਜੀਵ ਮੰਨਦਾ ਹੈਂ। ਸਾਰੇ ਹੀ ਮੱਤਾਂ ਨੇ ਕਿਹਾ ਹੈ। ਸਾਂਖ ਸਾਸ਼ਤਰ ਦੀ ਬੜੀ ਮਨੌਤ ਹੈ। ਉਹ ਕਹਿੰਦਾ ਹੈ ਕਿ ਇਹ ਦੋ ਚੀਜ਼ਾਂ ਸੀ, ਇੱਕ ਤਾਂ ਵਾਹਿਗੁਰੂ ਸੀ। ਉਹਦਾ ਪ੍ਰਤੀਬਿੰਬ, ਪ੍ਰਕਾਸ਼ ਪੈ ਗਿਆ ਬੁੱਧੀ ਦੇ ਉੱਤੇ। ਬੁੱਧੀ 'ਮੈਂ' ਤੱਤ ਨੂੰ ਕਹਿੰਦੇ ਨੇ। ਇਹਦੇ ਉੱਤੇ ਪ੍ਰਕਾਸ਼ ਪੈ ਕੇ ਚੇਤਨ ਦੇ ਵਿਚ ਹਰਕਤ ਆ ਗਈ, ਹਿੱਲਣ ਲੱਗ ਗਿਆ। ਜਦੋਂ ਇਹ ਮਨ ਦੇ ਵਿਚ ਥੱਲੇ ਉਤਰੀ ਬੁੱਧੀ, ਉਸ ਵੇਲੇ ਇਹਦੇ ਮਨ ਦੇ ਵਿਚ ਫੁਰਨਾ ਆਉਣ ਲੱਗ ਗਿਆ, ਫੁਰਨਾ ਆਉਣ ਦੇ ਨਾਲ ਕੁਛ ਬਣਨਾ ਸ਼ੁਰੂ ਹੋ ਗਿਆ, ਜਿੰਨੀ ਸ੍ਰਿਸ਼ਟੀ ਹੈ ਉਥੋਂ ਪੈਦਾ ਹੋਈ ਹੈ ਸਾਰੀ। ਇਸੇ ਤਰ੍ਹਾਂ ਇੱਕ ਵੱਡੇ ਮਹਾਤਮਾ ਹੋਏ ਨੇ ਜਿਨ੍ਹਾਂ ਨੂੰ ਸ਼ੰਕਰ ਕਹਿੰਦੇ ਨੇ। ਉਹ ਕਹਿੰਦੇ ਕਿ ਜਿਹੜੀ ਆਤਮ ਜੋਤ ਹੈ, ਇਹ ਪੰਜ ਮੰਜ਼ਲਾਂ 'ਚੋਂ ਹੇਠਾਂ ਉਤਰੀ ਹੈ। ਪਹਿਲਾਂ ਤਾਂ ਇਹ ਗਿਆਨਮਯ ਕੋਸ਼ 'ਚ ਗਈ। ਫੇਰ ਇਹ ਵਿਗਿਆਨਮਯ ਕੋਸ਼ 'ਚ ਗਈ। ਪਹਿਲਾਂ ਅਨੰਦਮਯ ਕੋਸ਼ 'ਚ ਆਈ। ਇੱਕ ਤਰ੍ਹਾਂ ਨਾਲ ਸ਼ੁੱਧ ਸੀ, ਲੇਕਿਨ ਪ੍ਰਮੇਸ਼ਰ ਨਾਲੋਂ ਟੁੱਟ ਕੇ ਆਪਣੇ ਆਪ ਨੂੰ ਵੱਖਰਾ ਸਮਝਣਾ ਸ਼ੁਰੂ ਕਰ ਦਿਤਾ। ਇਸ ਤੋਂ ਅੱਗੇ ਅੰਤਸ਼ਕਰਣ 'ਚ ਆ ਗਈ। ਬੁੱਧੀ ਦੇ ਨਾਲ ਰਲ ਕੇ ਵਿਗਿਆਨਮਯ ਕੋਸ਼ 'ਚ ਆ ਗਈ। ਮਨ ਦੇ ਫੁਰਨਿਆਂ 'ਚ ਰਲ ਕੇ ਮਨੋਮਯ ਕੋਸ਼ 'ਚ ਪੈ ਗਈ। ਉਸ ਤੋਂ ਬਾਅਦ ਇਹਦੇ ਉਤੇ ਇੱਕ ਹੋਰ ਪੜ੍ਹਦਾ ਜਿਵੇਂ ਕੜਾਹਾ ਮੂਧਾ ਮਾਰ ਦੇਈਏ ਜੋਤ ਦੇ ਉਤੇ, ਉਹ ਪ੍ਰਾਣਾਂ ਦਾ ਮਾਰ ਦਿਤਾ। ਉਹਦੇ ਉਤੇ ਹੋਰ ਜ਼ਿਆਦਾ ਮਿੱਟੀ ਪਾ ਕੇ ਦੱਬ ਦੇਈਏ ਵਿਚ। ਇਹ ਸਰੀਰ ਦਾ ਕੋਸ਼ ਬਣ ਗਿਆ। ਪੰਜ ਪਰਦੇ ਪਏ ਹੋਏ ਨੇ। ਇਹਨੇ ਜੀਵ ਨੂੰ ਘੇਰਿਆ ਹੋਇਆ ਹੈ, ਨਿਕਲ ਨਹੀਂ ਸਕਦਾ। ਗੁਰਮਤਿ ਇਹ ਕਹਿੰਦੀ ਹੈ ਕਿ ਆਹ ਸਰੀਰ ਤਾਂ ਹੈਗਾ ਜੜ੍ਹ, ਜਿਹੜਾ ਗੁਰੂ ਮਹਾਰਾਜ ਦਾ ਮੱਤ ਹੈ। ਉਹ ਕਹਿੰਦੇ, ਇਸ ਸਰੀਰ ਦੇ ਵਿਚ ਵਾਹਿਗੁਰੂ ਨੇ ਆਪਣੀ ਅੰਸ ਰੱਖ ਦਿਤੀ, ਲੇਕਿਨ ਅੰਸ ਆਪਣੇ ਆਪ ਨੂੰ ਭੁੱਲ ਕੇ ਸਰੀਰ ਸਮਝੀ ਜਾਂਦੀ ਹੈ, ਇਸੇ ਕਰਕੇ ਕਰੋੜਾਂ ਜਨਮਾਂ ਦੇ ਵਿਚ ਇਹ ਚੱਕਰ ਕੱਟਦੀ ਫਿਰਦੀ ਹੈ, ਮਹਾਰਾਜ

ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਇਹ ਸਰੀਰਾ ਮੇਰਿਆ, ਹਰਿ ਤੁਮ ਮੈ ਜੋਤ ਰੱਖੀ।***
***ਤਾਂ ਤੂੰ ਜਗ ਮਹਿ ਆਇਆ – 2***

ਕਹਿਣ ਲੱਗੇ, ਦੇਖ ਪ੍ਰੇਮੀਆਂ! ਦੇਖ ਭਾਈ ਜਮਾਲ! ਤੁਰਨ ਤੋਂ ਪਹਿਲਾਂ ਗੱਲ ਸਮਝਣੀ ਚਾਹੀਦੀ ਹੈ। ਪਹਿਲਾਂ ਆਪਣੇ ਆਪ ਨੂੰ ਸਮਝ। ਫੇਰ ਪ੍ਰਮੇਸ਼ਰ ਦੀ ਸਮਝ ਆਏਗੀ। ਜਿੰਨਾਂ ਚਿਰ ਤੂੰ ਆਪਣੇ ਆਪ ਨੂੰ ਨਹੀਂ ਸਮਝਦਾ, ਵਾਹਿਗੁਰੂ ਦੀ ਸਮਝ ਨਹੀਂ ਆਉਣੀ, ਨਾ ਇਹ ਦੁੱਖ ਕੱਟ ਹੋਣਾ ਹੈ। ਇਹ ਸਰੀਰ ਦੇ ਦੋ ਹਿੱਸੇ ਨੇ ਤੇਰੇ, ਜਿਹਨੂੰ ਤੂੰ ਕਹਿੰਦਾ ਹੈਂ। ਇੱਕ ਤਾਂ ਜੜ੍ਹ ਹਿੱਸਾ ਹੈ, ਇੱਕ ਹੈ ਚੇਤਨ –

***ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ***
***ਤਾ ਤੂ ਜਗ ਮਹਿ ਆਇਆ ॥***
***ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥***

***ਅੰਗ – 921***

ਇਹਦੇ ਵਿਚ ਪ੍ਰਮੇਸ਼ਰ ਦੀ ਅੰਸ ਹੈ। ਉਹ ਪ੍ਰਮੇਸ਼ਰ ਦੀ ਜਿਹੜੀ ਅੰਸ ਹੈ, ਉਹ ਪ੍ਰਾਕ੍ਰਿਤੀ ਦੇ ਨਾਲ ਰਲ ਕੇ ਇਹਦੇ ਸੁਭਾਅ ਵਿਚ ਖਲਤ ਮਲਤ ਹੋ ਗਈ। ਹੁਣ ਕੱਢੀ ਨਹੀਂ ਜਾਂਦੀ –

***ਕਬੀਰ ਨਿਰਮਲ ਬੂੰਦ ਅਕਾਸ ਕੀ ਲੀਨੀ ਭੂਮਿ ਮਿਲਾਇ ॥***
***ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ ॥***

***ਅੰਗ – 1375***

ਬੇਅੰਤ ਸਿਆਣੇ ਸੋਚ-ਸੋਚ ਕੇ, ਫਿਲਾਸਫੀਆਂ ਨੂੰ ਵਿਚਾਰ-ਵਿਚਾਰ ਕੇ ਖਪ ਗਏ, ਲੇਕਿਨ ਅੱਡ ਨਹੀਂ ਹੋ ਸਕਦੇ। ਕਿਉਂਕਿ ਉਨ੍ਹਾਂ ਦੇ ਕੋਲ ਕੋਈ ਸਾਧਨ ਨਹੀਂ ਹੈ, ਜਿਹਦੇ ਨਾਲ ਇਹ ਅੱਡ ਕਰੀ ਜਾਵੇ। ਸੋ ਕਹਿਣ ਲੱਗੇ ਕਿ ਇਹ ਦੋ ਚੀਜ਼ਾਂ ਦਾ, ਜਿਹੜਾ ਦੂਜਾ ਹਿੱਸਾ ਹੈ ਉਹ ਮਰਦਾ ਨਹੀਂ। ਇੱਕ ਮਰ ਜਾਂਦਾ ਹੈ। ਮਿੱਟੀ-ਮਿੱਟੀ 'ਚ ਰਲ ਜਾਂਦੀ ਹੈ। ਪਾਣੀ-ਪਾਣੀ 'ਚ ਰਲ ਜਾਂਦਾ ਹੈ, ਅੱਗ-ਅੱਗ 'ਚ ਰਲ ਜਾਂਦੀ ਹੈ। ਸੋ ਉਹ ਵਜੂਦ ਨੂੰ ਤਾਂ ਆਪਣਾ ਆਪ ਮੰਨਣਾ ਬਿਲਕੁਲ ਗਲਤੀ ਹੈ। ਲੇਕਿਨ ਦੂਸਰਾ ਜਿਹੜਾ ਹੈਗਾ –

***ਮਰਣਹਾਰੁ ਇਹੁ ਜੀਅਰਾ ਨਾਹੀ ॥*** ***ਅੰਗ – 188***

ਇਹ ਜਨਮਾਂ-ਜਨਮਾਂਤਰਾਂ 'ਚ ਘੁੰਮਦਾ ਫਿਰਦਾ ਹੈ। ਦਰਅਸਲ ਇਹਦੇ ਵਿਚ ਵਾਹਿਗੁਰੂ ਵਸਦਾ ਹੈ –

***ਖਿਨ ਮਹਿ ਨੀਚ ਕੀਟ ਕਉ ਰਾਜ ॥***
***ਪਾਰਬ੍ਰਹਮ ਗਰੀਬ ਨਿਵਾਜ ॥***
***ਜਾ ਕਾ ਦ੍ਰਿਸਟਿ ਕਛੂ ਨ ਆਵੈ ॥***
***ਤਿਸੁ ਤਤਕਾਲ ਦਹ ਦਿਸ ਪ੍ਰਗਟਾਵੈ ॥***
***ਜਾ ਕਉ ਅਪੁਨੀ ਕਰੈ ਬਖਸੀਸ ॥***
***ਤਾ ਕਾ ਲੇਖਾ ਨ ਗਨੈ ਜਗਦੀਸ ॥***

***ਜੀਉ ਪਿੰਡੁ ਸਭ ਤਿਸ ਕੀ ਰਾਸਿ ॥***
***ਘਟਿ ਘਟਿ ਪੂਰਨ ਬ੍ਰਹਮ ਪ੍ਰਗਾਸ ॥*** ***ਅੰਗ - 277***

ਹਰੇਕ ਘਟ ਦੇ ਵਿਚ ਵਾਹਿਗੁਰੂ ਦਾ ਪ੍ਰਕਾਸ਼ ਹੈ। ਜਿਹੜਾ ਜੀਵ ਤੇ ਸਰੀਰ ਹੈ। ਦੋਵੇਂ ਚੀਜ਼ਾਂ ਨੇ, ਇਹ ਵਾਹਿਗੁਰੂ ਦੀ ਮਲਕੀਅਤ ਹੈ -

***ਅਪਨੀ ਬਣਤ ਆਪਿ ਬਨਾਈ ॥***
***ਨਾਨਕ ਜੀਵੈ ਦੇਖਿ ਬਡਾਈ ॥*** ***ਅੰਗ - 277***

ਇਹਦੇ 'ਚ ਆਪਣੇ ਆਪ ਨੂੰ ਪਛਾਣ। ਸੋ ਵੱਡੀ ਗੱਲ ਇਹ ਹੈ ਕਿ ਜਿਹੜਾ ਤੈਨੂੰ ਅਸੀਂ ਦੱਸਣਾ ਹੈ ਰਸਤਾ, ਉਹ ਇਹ ਹੈ ਕਿ ਗੁਰਬਾਣੀ ਦੀ ਵੀਚਾਰ ਕਰਨੀ ਸ਼ੁਰੂ ਕਰ। ਪੰਜਾਂ ਤਰੀਕਿਆਂ ਨਾਲ ਬਾਣੀ ਸਾਰਾ ਸੰਸਾਰ ਪੜ੍ਹਦਾ ਹੈ। ਇਕਨਾਂ ਦਾ ਤਾਂ ਮਨ ਨਹੀਂ ਟਿਕਦਾ, ਪੜ੍ਹਦੇ ਹੀ ਚਲੇ ਜਾਂਦੇ ਨੇ, ਪੜ੍ਹਦੇ ਹੀ ਚਲੇ ਜਾਂਦੇ ਨੇ।

ਗੁਰੂ ਦਸਵੇਂ ਪਾਤਸ਼ਾਹ ਪਾਸ ਆਏ, ਕਹਿੰਦੇ ਮਹਾਰਾਜ! ਅਨੰਦ ਨਹੀਂ ਆਉਂਦਾ ਬਾਣੀ ਪੜ੍ਹ ਕੇ। ਮਹਾਰਾਜ ਕਹਿੰਦੇ, ਮਹਾਰਾਜ ਪੜ੍ਹਦੇ ਨਹੀਂ ਹੋਣੇ। ਜਿਸ ਤਰੀਕੇ ਨਾਲ ਬਾਣੀ ਪੜ੍ਹਨੀ ਚਾਹੀਦੀ ਹੈ, ਉਸ ਨਾਲ ਨਹੀਂ ਤੁਸੀਂ ਪੜ੍ਹਦੇ ਹੋਣੇ। ਜੇ ਪੜ੍ਹਦੇ ਹੋਵੋਂ ਤਾਂ ਬਾਣੀ ਵਿਚ ਤਾਂ ਅਸਰ ਹੋਇਆ ਕਰਦਾ ਹੈ। ਇਸ ਤਰ੍ਹਾਂ ਦੇ ਨਾਲ ਫੁਰਮਾਨ ਹੈ -

***ਧਾਰਨਾ - ਚੜ੍ਹੀ ਰਹੇ ਦਿਨ ਰਾਤ,***
***ਨਾਮ ਖੁਮਾਰੀ-ਨਾਮ ਖੁਮਾਰੀ।***

***ਪੋਸਤ ਮਧ ਅਫੀਮ ਭੰਗ, ਉਤਰ ਜਾਇ ਪਰਭਾਤਿ।***
***ਨਾਮ ਖੁਮਾਰੀ ਨਾਨਕਾ, ਚੜ੍ਹੀ ਰਹੇ ਦਿਨ ਰਾਤ।***

***ਜਨਮ ਸਾਖੀ***

ਮਹਾਰਾਜ ਕਹਿੰਦੇ, ਇਸ ਤਰ੍ਹਾਂ ਖੁਮਾਰੀ ਚੜ੍ਹਦੀ ਹੈ, ਪ੍ਰੇਮੀਓ! ਬਾਣੀ ਨੂੰ ਸਹੀ ਤਰੀਕੇ ਨਾਲ ਪੜ੍ਹਿਆ ਜਾਵੇ। ਤੁਸੀਂ ਪੜ੍ਹਦੇ ਨਹੀਂ, ਮਹਾਰਾਜ ਨੇ ਦ੍ਰਿਸ਼ਟਾਂਤ ਦੇ ਨਾਲ, ਸੁਖ ਨਿਧਾਨ ਨੂੰ ਦੋ ਹਿੱਸਿਆਂ 'ਚ ਵੰਡਿਆ ਕਿ ਇੱਕ ਤਾਂ ਦੋ-ਦੋ ਘੁੱਟਾਂ ਪੀ ਲਓ ਤੇ ਇਕ ਉਥੇ ਕੁਰਲੀਆਂ ਕਰ ਲਓ। ਵਾਪਸ ਆਇਆਂ 'ਤੇ ਪੁੱਛਿਆ ਕਿ ਦੱਸੋ ਕੋਈ ਤੁਹਾਨੂੰ ਨਸ਼ਾ ਹੋਇਆ। ਕਹਿੰਦੇ ਨਾ ਮਹਾਰਾਜ। ਜਿਨ੍ਹਾਂ ਨੇ ਪੀਤਾ ਸੀ, ਉਨ੍ਹਾਂ ਨੂੰ ਪੁੱਛਿਆ ਕਿ ਤੁਹਾਨੂੰ? ਕਹਿੰਦੇ, ਸਾਡਾ ਤਾਂ ਸਿਰ ਚੱਕਰ ਖਾਂਦਾ ਹੈ। ਮਹਾਰਾਜ ਕਹਿੰਦੇ, ਇਸੇ ਤਰ੍ਹਾਂ ਹੀ ਜੇ ਬਾਣੀ ਥੋੜ੍ਹੀ ਜਿਹੀ ਵੀ ਪੜ੍ਹ ਲਓ, ਪਰ ਸਹੀ ਤਰੀਕੇ ਨਾਲ ਪੜ੍ਹੋ, ਉਹਦਾ ਨਸ਼ਾ ਆਉਂਦਾ ਹੀ ਆਉਂਦਾ ਹੈ। ਫੇਰ ਇਹ ਬਾਣੀ ਜਮਦੂਤਾਂ ਤੋਂ ਛੁਡਾ ਦਿੰਦੀ ਹੈ। ਕੋਈ ਵੱਡੀ ਬਾਤ ਨਹੀਂ ਮਾਮੂਲੀ ਬਾਤ ਹੈ। ਇਹ ਜੀਵ ਦੇ ਬੰਧਨ ਕੱਟ ਦਿੰਦੀ ਹੈ। ਇਹਨੂੰ ਆਪਣੇ ਸਰੂਪ 'ਚ ਪਹੁੰਚਾ ਦਿੰਦੀ ਹੈ ਤੇ ਇਸ ਬਾਣੀ ਨੂੰ ਕਮਾਉਣਾ ਪੈਂਦਾ ਹੈ।

***ਜਨ ਨਾਨਕੁ ਬੋਲੇ ਬ੍ਰਹਮ ਬੀਚਾਰੁ ॥***
***ਜੋ ਸੁਣੇ ਕਮਾਵੈ ਸੁ ਉਤਰੈ ਪਾਰਿ ॥*** ***ਅੰਗ - 370***

ਪਹਿਲਾਂ ਸੁਣਨ ਦੀ ਮਹਾਨਤਾ 'ਜਪੁਜੀ ਸਾਹਿਬ' ਦੀਆਂ ਚਾਰ ਪਉੜੀਆਂ 'ਚ ਹੈ। ਫੇਰ ਮੰਨਣ ਦੀ ਹੈ, ਫੇਰ ਕਮਾਉਣ ਦੀ ਆਉਂਦੀ ਹੈ। ਸੁਣ ਤਾਂ ਲੈਂਦੇ ਹਾਂ ਅਸੀਂ, ਪੜ੍ਹ ਲੈਂਦੇ ਹਾਂ। ਇਥੇ ਕੁ ਤੱਕ ਤਾਂ ਅਸੀਂ ਚਲੇ ਗਏ। ਹੁਣ ਜਿਹੜਾ ਮੰਨਣਾ ਹੈ ਇਹ ਗੱਲ ਬੜੀ ਮੁਸ਼ਕਲ ਹੈ, ਬਹੁਤ ਔਖੀ ਹੈ, ਮੰਨ ਨਹੀਂ ਸਕਦੇ ਕਿਉਂਕਿ ਇਹਦੇ ਨਾਲ ਜੇ ਮੰਨ ਲਵੇ ਤੇ ਕਮਾ ਲਵੇ -

***ਜਨਮਿ ਨ ਮਰੈ ਨ ਆਵੈ ਨ ਜਾਇ ॥***
***ਹਰਿ ਸੇਤੀ ਓਹੁ ਰਹੈ ਸਮਾਇ ॥*** ***ਅੰਗ - 370***

***ਅੰਮ੍ਰਿਤ ਬਚਨ ਸਾਧ ਕੀ ਬਾਣੀ ॥***
***ਜੋ ਜੋ ਜਪੈ ਤਿਸ ਕੀ ਗਤਿ ਹੋਵੈ***
***ਹਰਿ ਹਰਿ ਨਾਮੁ ਨਿਤ ਰਸਨ ਬਖਾਨੀ ॥***

***ਅੰਗ - 744***

ਸੋ ਬਾਣੀ ਕਮਾਉਣੀ ਜਿਹੜੀ ਹੈ, ਉਹ ਮੁਸ਼ਕਲ ਹੈ।

ਇੱਕ ਵਾਰੀ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਦੇ ਪਾਸ ਇੱਕ ਗੁਰਸਿੱਖ ਆਉਂਦਾ ਹੈ। ਜਦੋਂ ਸੰਗਰਾਂਦ ਦੇ ਦੀਵਾਨ ਲੱਗਦੇ ਨੇ, ਉਸ ਵੇਲੇ ਉਹ ਆਉਂਦਾ ਹੈ। ਪਹਿਲਾਂ ਹੀ ਚਲਿਆ ਜਾਂਦਾ ਹੈ। ਭੋਗ ਵੀ ਨਹੀਂ ਪੈਣ ਦਿੰਦਾ। ਅਚਾਨਕ ਗੁਰੂ ਮਹਾਰਾਜ ਦੇ ਨੋਟਿਸ 'ਚ ਆ ਗਿਆ ਕਿ ਆਹ ਸਿੱਖ ਪਹਿਲਾਂ ਚਲਿਆ ਜਾਂਦਾ ਹੈ। ਕਹਿਣ ਲੱਗੇ, ਇਹਨੂੰ ਜਾਣ ਨਹੀਂ ਦੇਣਾ ਐਤਕੀ। ਰੋਕ ਲਿਆ, ਰੋਕ ਕੇ ਕਹਿਣ ਲੱਗੇ, ਓ ਗੁਰਸਿੱਖਾ! ਅਰਦਾਸ ਹੋਣ ਤੋਂ ਪਹਿਲਾਂ ਹੀ ਕਿਉਂ ਤੁਰ ਜਾਂਦਾ ਹੈਂ?

ਕਹਿੰਦਾ, ਸੱਚੇ ਪਾਤਸ਼ਾਹ! ਮੇਰਾ ਪਿੰਡ ਬੜੀ ਦੂਰ ਹੈ ਤੇ ਮੈਂ ਗਰੀਬ ਆਦਮੀ ਹਾਂ, ਮਿਹਨਤ ਕਰਕੇ ਦੋ ਡੰਗ ਦਾ ਪ੍ਰਸ਼ਾਦਾ ਮਿਲਦਾ ਹੈ। ਜੇ ਮੈਂ ਨਾ ਕਰਾਂ, ਦੂਜੇ ਦਿਨ ਅਸੀਂ ਭੁੱਖੇ ਰਹਿ ਜਾਂਦੇ ਹਾਂ। ਇਸ ਕਰਕੇ ਮੈਂ ਛੇਤੀ ਚਲਿਆ ਜਾਂਦਾ ਹਾਂ। ਮਹਾਰਾਜ ਜੀ! ਰਾਤ ਨੂੰ ਪਹੁੰਚ ਕੇ, ਸਾਝਰੇ-ਸਾਝਰੇ ਜਾ ਕੇ ਦਿਹਾੜੀ ਲਾਉਂਦਾ ਹਾਂ ਤਾਂਕਿ ਸਾਨੂੰ ਕੁਛ ਖਾਣ ਜੋਗਾ ਮਿਲ ਜਾਵੇ। ਉਸ ਵੇਲੇ ਮਹਾਰਾਜ ਜੀ ਕਹਿੰਦੇ, ਬਾਣੀ ਪੜ੍ਹਦਾ ਹੁੰਦਾ ਹੈਂ? ਕਹਿੰਦਾ, ਹਾਂ ਜੀ। ਅਰਥ ਵੀ ਵਿਚਾਰਦਾ ਹੁੰਦਾ ਹੈਂ? ਕਹਿੰਦਾ, ਮਹਾਰਾਜ! ਮੈਂ ਪਿੰਡ 'ਚ ਕਥਾ ਕਰਦਾ ਹੁੰਦਾ ਹਾਂ। ਸੰਗਤ ਆਪ ਦੀ ਕਾਫੀ ਹੈ ਤੇ ਮੈਂ ਕਥਾ ਕਰਕੇ ਉਨ੍ਹਾਂ ਨੂੰ ਬਾਣੀ ਦੇ ਅਰਥ ਸਮਝਾਉਂਦਾ ਹਾਂ।

ਪੁੱਛਿਆ ਕਿ ਰਹਿਰਾਸ ਸਾਹਿਬ ਪੜ੍ਹਦਾ ਹੁੰਦਾ ਹੈਂ?

ਕਹਿੰਦਾ, ਹਾਂ।

ਕਹਿੰਦੇ, ਕਦੇ ਬਾਣੀ ਦੀ ਵੀਚਾਰ ਕਰੀ ਹੈ ਤੂੰ?

ਕਹਿੰਦਾ, ਮਹਾਰਾਜ! ਮੈਂ ਅਰਥ ਕਰਦਾ ਹਾਂ, ਬਾਣੀ ਦੀ ਵੀਚਾਰ ਤਾਂ ਆਪੇ ਹੀ ਹੋ ਜਾਂਦੀ ਹੈ, ਜਦ ਮੈਂ ਅਰਥ ਜਾਣਦਾ ਹਾਂ।

ਕਹਿੰਦੇ, ਕਦੇ ਕਮਾਈ ਤਾਂ ਨਹੀਂ ਬਾਣੀ?

ਕਹਿੰਦਾ, ਸੱਚੇ ਪਾਤਸ਼ਾਹ! ਅਸੀਂ ਤਾਂ ਯਤਨ ਕਰਦੇ ਹਾਂ, ਕਮਾ ਲਈਏ।

ਮਹਾਰਾਜ ਕਹਿੰਦੇ ਕਿ ਅਸੀਂ ਤੇਰੀ ਨਾਲ ਸਾਦੀ ਜਿਹੜੀ ਗੱਲ ਕਰਦੇ ਹਾਂ, ਕੋਈ ਬਹੁਤੀ ਫਿਲਾਸਫੀ ਦੀ ਗੱਲ ਨਹੀਂ ਕਰਦੇ। ਗਹਿਰੀ ਗੱਲ ਨਹੀਂ ਕਰਦੇ। ਉਹ ਇਹ ਹੈ ਕਿ –

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ ॥***
***ਸੈਲ ਪਥਰ ਮਹਿ ਜੰਤ ਉਪਾਏ***
***ਤਾ ਕਾ ਰਿਜਕੁ ਆਗੈ ਕਰਿ ਧਰਿਆ ॥ ਅੰਗ – 10***

ਕਹਿੰਦੇ, ਇਹ ਦ੍ਰਿੜ੍ਹ ਹੋਈ ਹੈ ਕਿ ਤੈਨੂੰ ਨਹੀਂ। ਇਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਰੋਜ਼ੀ ਦਿੰਦਾ ਹੈ ਪੱਥਰ ਦੇ ਕੀੜੇ ਨੂੰ,***
***ਤੈਨੂੰ ਕਿਉਂ ਨਾ ਦੇਵੇ ਬੰਦਿਆ।***

ਪ੍ਰੇਮੀਆਂ! ਇਹਦੀ ਵੀਚਾਰ ਕਰੀ ਹੈ, ਕਹਿੰਦਾ, ਮਹਾਰਾਜ! ਮੈਂ ਤਾਂ ਇਹਦੇ ਅਰਥ ਬਹੁਤ ਸੁਣਾਉਂਦਾ ਹੁੰਦਾ ਹਾਂ, ਸਾਰਿਆਂ ਨੂੰ, ਜਿੰਨੇ ਵੀ ਪ੍ਰੇਮੀ ਇਕੱਠੇ ਹੁੰਦੇ ਨੇ।

ਕਹਿੰਦੇ, ਫੇਰ ਤੂੰ ਮੰਨਦਾ ਨਹੀਂ ਇਸ ਚੀਜ਼ ਨੂੰ?

ਕਹਿੰਦਾ, ਦੇਖੋ, ਸੱਚੇ ਪਾਤਸ਼ਾਹ! ਆਦਮੀ ਨੂੰ ਬੁੱਧੀ ਦਿਤੀ ਹੈ ਪ੍ਰਮੇਸ਼ਰ ਨੇ। ਬੁੱਧੀ ਇਸ ਕਰਕੇ ਦਿਤੀ ਹੈ ਕਿ ਵੀਚਾਰ ਕੇ ਚੱਲੇ ਤੇ ਮੈਂ ਜੇ ਕੰਮ ਛੱਡ ਦੇਵਾਂ। ਮੈਂ ਨਾ ਮਜੂਰੀ ਕਰਾਂ ਤਾਂ ਮੇਰਾ ਤਾਂ ਟੱਬਰ ਭੁੱਖਾ ਮਰ ਜਾਏਗਾ।

ਮਹਾਰਾਜ ਕਹਿਣ ਲੱਗੇ ਕਿ ਫੇਰ ਪ੍ਰਮੇਸ਼ਰ 'ਤੇ ਤੇਰਾ ਵਿਸ਼ਵਾਸ਼ ਨਾ ਹੋਇਆ?

ਤੂੰ ਗੁਰੂ ਸਿਧਾਂਤ ਨੂੰ ਮੰਨਿਆ ਨਹੀਂ। ਚੰਗਾ, ਸਾਡੀ ਚਿੱਠੀ ਲੈ ਜਾ। ਸੰਗਤ ਦੇ ਇਕ ਬੰਦੇ ਦੇ ਨਾਂ 'ਤੇ ਇੱਕ ਚਿੱਠੀ ਲਿਖ ਦਿਤੀ ਤੇ ਉਥੇ ਉਹਦੇ ਵਿਚ ਲਿਖ ਦਿਤਾ ਕਿ ਇਸ ਸਿੱਖ ਨੂੰ ਛੇ ਮਹੀਨੇ ਨਹੀਂ ਜਾਣ ਦੇਣਾ। ਕਥਾ ਕਰਾਓ ਇਸ ਤੋਂ। ਚਿੱਠੀ ਲੈ ਕੇ ਚਲਿਆ ਜਾਂਦਾ ਹੈ, ਸੰਗਤ ਨੂੰ ਜਦੋਂ ਦਿਖਾਈ, ਉਹ ਕਹਿੰਦੇ ਲੈ ਬਈ ਪ੍ਰੇਮੀਆਂ! ਨੱਠੀਂ ਨਾ, ਭੱਜੀ ਨਾ, ਅਸੀਂ ਪਹਿਰਾ ਲਾ ਦੇਣਾ ਹੈ ਤੇਰੇ 'ਤੇ। ਆਹ ਹੁਕਮ ਹੈ ਗੁਰੂ ਸਾਹਿਬ ਦਾ।

ਕਹਿੰਦਾ, ਗੁਰੂ ਵੀ ਇਸ ਤਰ੍ਹਾਂ ਠੱਗੀ-ਵੱਗੀ ਕਰ ਲੈਂਦੇ ਨੇ? ਕਿ ਮੇਰੇ ਟੱਬਰ ਨੂੰ ਮਾਰਨ ਦਾ ਹੀ ਪ੍ਰਬੰਧ ਕਰ ਲਿਆ। ਮੈਂ ਕਹਿ ਤਾਂ ਬੈਠਿਆ।

ਬੜਾ ਨਰਾਜ਼ ਹੋਇਆ। ਉਹ ਕਹਿੰਦੇ ਕਿ ਨਰਾਜ਼ ਹੋ ਚਾਹੇ ਨਾ ਹੋ, ਪਰ ਅਸੀਂ ਜਾਣ ਨਹੀਂ ਤੈਨੂੰ ਦੇਣਾ। ਬੰਦ ਕਰ ਦੇਵਾਂਗੇ, ਨਹੀਂ ਆਪਣੇ ਆਪ ਰਹਿ। ਤੇਰਾ ਸਤਿਕਾਰ ਵੀ ਕਰਾਂਗੇ, ਖਾਣ ਪੀਣ ਨੂੰ ਦੇਵਾਂਗੇ। ਕਥਾ

ਸੁਣਾਇਆ ਕਰ ਤੂੰ ਕਥਾ ਬੜੀ ਸੋਹਣੀ ਕਰਦਾ ਹੈਂ।

ਸਮਾਂ ਲੰਘਦਾ ਜਾਂਦਾ ਹੈ ਏਧਰ। ਓਧਰ ਮਹਾਰਾਜ ਦਾ ਭਾਣਾ ਹੋਇਆ ਕਿ ਪਹਿਲਾਂ ਤਾਂ ਪਿੰਡ ਵਾਲਿਆਂ ਨੇ ਕਿਹਾ ਕਿ ਇਹ ਗੁਰੂ ਦੀ ਸੇਵਾ 'ਚ ਚਲਿਆ ਗਿਆ। ਗਰੀਬ ਆਦਮੀ ਹੈ ਇਹਦੇ ਪਰਿਵਾਰ ਨੂੰ ਦਾਣੇ ਇਕੱਠੇ ਕਰਕੇ ਦੇ ਦੇਈਏ। ਪਿੰਡ ਨੇ ਕਣਕ ਦੀ ਬੋਰੀ ਇਕੱਠੀ ਕਰ ਦਿਤੀ। ਹੋਰ ਚੀਜ਼ਾਂ ਇਕੱਠੀਆਂ ਕਰ ਦਿਤੀਆਂ। ਕਿਸੇ ਚੰਗੇ ਬੰਦੇ ਨੇ ਕਿਹਾ ਕਿ ਬੀਬੀ, ਤੂੰ ਦੁੱਧ ਸਾਡੇ ਤੋਂ ਲੈ ਜਾਇਆ ਕਰ, ਬੱਚਿਆਂ ਜੋਗਾ। ਦੂਸਰਿਆਂ ਦੇ ਮਨ ਨੂੰ ਪ੍ਰੇਰਿਆ ਵਾਹਿਗੁਰੂ ਨੇ, ਜਿਹੜੀਆਂ ਚੀਜ਼ਾਂ ਦੀ ਲੋੜ ਸੀ, ਸਭ ਲੋਕਾਂ ਨੇ ਦੇ ਦਿਤੇ। ਥੋੜ੍ਹੇ ਦਿਨ ਲੰਘ ਗਏ। ਉਹ ਵੀ ਇੰਤਜ਼ਾਰ ਕਰੀ ਗਏ।

ਜਦੋਂ ਮਹੀਨਾ ਲੰਘ ਗਿਆ ਤਾਂ ਲੜਕੀ ਆਪਣੀ ਮਾਂ ਨੂੰ ਕਹਿਣ ਲੱਗੀ, ਆਪਾਂ ਦੂਜਿਆਂ ਦੇ ਦਾਨ 'ਤੇ ਨਾ ਪਲੀਏ। ਆਪਾਂ ਮਿਹਨਤ ਕਰੀਏ। ਉਸ ਨੇ ਕਿਸੇ ਚੰਗੇ ਰੱਜੇ ਪੁੱਜੇ ਘਰ ਦੇ ਵਿਚ ਜਾ ਕੇ ਕਿਹਾ ਕਿ ਅਸੀਂ ਕੁਛ ਕੰਮ ਕਰਨਾ ਚਾਹੁੰਦੀਆਂ ਹਾਂ। ਰੋਟੀ ਜੋਗਾ ਤੁਸੀਂ ਸਾਨੂੰ ਦੇ ਦਿਓ। ਅਸੀਂ ਬਹੁਤਾ ਲਾਲਚ ਨਹੀਂ ਕਰਦੀਆਂ।

ਉਹ ਬੀਬੀ ਦੇ ਘਰ ਵਿਆਹ ਹੋਣ ਵਾਲਾ ਸੀ, ਡੇਢ ਦੋ ਮਹੀਨੇ ਨੂੰ, ਉਹਨੇ ਕਿਹਾ ਕਿ ਠੀਕ ਹੈ, ਤੁਸੀਂ ਆਹ ਛੋਲਿਆਂ ਦੀ ਦਾਲ, ਕਣਕ ਦੇ ਦਾਣੇ ਇਹ ਸਾਰੀਆਂ ਚੀਜ਼ਾਂ ਤੁਸੀਂ ਕਰੋ। ਘਰ ਲਿਪਣਾ ਹੈ, ਹੋਰ ਵਸਤਰ ਧੋਣੇ, ਤੁਹਾਨੂੰ ਮੈਂ ਤਨਖਾਹ ਦੇ ਦਿਆ ਕਰਾਂਗੀ। ਭਲੀ ਸੀ ਬੀਬੀ। ਤੁਸੀਂ ਇਸ ਤਰ੍ਹਾਂ ਕਰੋ ਪਹਿਲਾਂ ਘਰ ਲਿਪਣ ਦੀ ਤਿਆਰੀ ਕਰੋ। ਪਾਂਡੂ ਵਗੈਰਾ ਲਿਆਓ, ਪਹਿਲਾਂ ਤਲੀਆਂ ਦੇ ਲਓ, ਫੇਰ ਪਾਂਡੂ ਕਰਾ ਲਵਾਂਗੇ। ਕਲੀਆਂ ਤਾਂ ਹੁੰਦੀਆਂ ਹੀ ਨਹੀਂ ਸੀ ਉਨ੍ਹਾਂ ਦਿਨਾਂ 'ਚ। ਉਸ ਵੇਲੇ ਜਾ ਕੇ ਕਿਸੇ ਮਠਿਆਨੇ ਦੇ ਵਿਚ, ਧਰਤੀ ਪੁੱਟਣ ਲੱਗੀਆਂ, ਧੀ ਵੀ ਨਾਲ ਹੈ, ਮਾਂ ਵੀ ਨਾਲ ਹੈ। ਲੜਕੀ ਨੇ ਕਹੀ ਮਾਰੀ। ਖੜਕਾ ਜਿਹਾ ਹੋਇਆ ਕੁਛ। ਹੌਲੀ-ਹੌਲੀ ਕੱਢਿਆ ਤਾਂ ਇੱਕ ਗਾਗਰ ਨਿਕਲ ਆਈ। ਮੂੰਹ ਖੋਲ੍ਹ ਕੇ ਦੇਖਿਆ, ਮੋਹਰਾਂ ਦੀ ਭਰੀ ਹੋਈ ਹੈ। ਬੜੀਆਂ ਪ੍ਰਸੰਨ ਹੋਈਆਂ ਕਿ ਦੇਖੋ, ਉਹ ਤਾਂ ਸੇਵਾ ਕਰਨ ਗਏ ਨੇ, ਮਹਾਰਾਜ ਨੇ ਸਾਨੂੰ ਓਥੇ ਬੈਠਿਆਂ ਨੇ ਰਿਜ਼ਕ ਪਹੁੰਚਾ ਦਿਤਾ। ਉਹ ਲੈ ਕੇ ਆ ਗਈਆਂ। ਬੀਬੀ ਨੂੰ ਆ ਕੇ ਦੱਸਿਆ ਕਿ ਸਾਨੂੰ ਆਹ ਲੱਭ ਗਈ। ਉਹ ਕਹਿੰਦੀ, ਤੁਸੀਂ ਤਾਂ ਬਹੁਤ ਭਾਗਾਂ ਵਾਲੀਆਂ ਓਂ, ਤੁਹਾਡੇ 'ਤੇ ਗੁਰੂ ਨੇ ਕ੍ਰਿਪਾ ਕੀਤੀ ਹੈ। ਹੁਣ ਤੁਹਾਨੂੰ ਇਸ ਤਰ੍ਹਾਂ ਨਹੀਂ ਪਤਾ ਕਿ ਇਹਨੂੰ ਖਰਚੀਦਾ ਕਿਵੇਂ ਹੁੰਦਾ। ਮੈਂ ਤੁਹਾਡੇ ਲਈ ਖਰਚਦੀ ਹਾਂ ਇਹਨੂੰ। ਸਿਆਣੀ ਸੀ ਉਸਨੇ, ਕਈ ਖੂਹਾਂ ਦੀ ਜ਼ਮੀਨ ਲੈ ਕੇ ਦੇ ਦਿਤੀ ਉਹਨੂੰ ਤੇ ਨਾਲ ਨੌਕਰ ਰੱਖ ਦਿਤੇ। ਘਰ ਪਾ ਦਿਤਾ, ਦੋ ਮੰਜ਼ਲਾ। ਏਧਰ ਛੇ ਮਹੀਨੇ ਲੰਘ ਗਏ ਤੇ ਉਹ ਕਹਿਣ ਲੱਗੇ, ਲੈ ਬਈ ਪ੍ਰੇਮੀਆਂ! ਹੁਕਮ ਹੋ ਗਿਆ ਪੂਰਾ ਤੇ ਹੁਣ ਤੂੰ ਜਾ ਸਕਦਾ ਹੈਂ। ਕਹਿੰਦਾ, ਮੈਂ ਕਿੱਥੇ ਜਾਣਾ ਹੈ। ਉਹ ਤਾਂ ਮਰ ਗਏ ਹੋਣੇ ਵਿਚਾਰੇ।

ਕਹਿੰਦੇ, ਤੂੰ ਸਾਨੂੰ ਰੋਜ਼ ਸੁਣਾਉਂਦਾ ਹੁੰਦਾ ਕਿ ਵਾਹਿਗੁਰੂ ਰਾਜ਼ਕ ਹੈ।

*ਦੀਨਨ ਕੀ ਪ੍ਰਤਿਪਾਲ ਕਰੈ ਨਿਤ*
*ਸੰਤ ਉਬਾਰ ਗਨੀਮਨ ਗਾਰੈ॥*
*ਪੱਛ ਪਸੂ ਨਗ ਨਾਗ ਨਰਾਧਪ*
*ਸਰਬ ਸਮੈ ਸਭ ਕੋ ਪ੍ਰਤਿਪਾਰੈ॥*
*ਪੋਖਤ ਹੈ ਜਲ ਮੈ ਥਲ ਮੈ*
*ਪਲ ਮੈ ਕਲਿ ਕੇ ਨਹੀਂ ਕਰਮ ਬਿਚਾਰੈ॥* *ਤ੍ਵਪ੍ਰਸਾਦਿ ਸ੍ਵਯੇ*

ਹਰ ਥਾਂ ਦੇ ਉਤੇ ਉਹ ਪਾਲਦਾ ਹੈ, ਪਾਣੀ ਵਿਚ, ਧਰਤੀ ਵਿਚ, ਆਕਾਸ਼ ਵਿਚ। ਜਿਹੜਾ ਅਨਲ ਪੰਛੀ ਅਕਾਸ਼ ਦੇ ਵਿਚ ਧਰਤੀ ਦੀ ਖਿੱਚ ਤੋਂ ਉਪਰ ਫਿਰਦਾ ਹੈ। ਉਹਨੂੰ ਵੀ ਰੋਜ਼ੀ ਦਿੰਦਾ ਹੈ ਉਸ ਥਾਂ ਦੇ ਉਤੇ। ਇਸ ਤਰ੍ਹਾਂ ਨਾ ਕਰ, ਜਾਹ ਤੂੰ ਘਰ ਜਾ ਆ। ਟੁੱਟੇ ਹੋਏ ਦਿਲ ਨਾਲ ਤੁਰਿਆ ਆਉਂਦਾ ਹੈ ਕਿ ਉਨ੍ਹਾਂ ਦਾ ਤਾਂ ਪਤਾ ਨਹੀਂ ਕੀ ਹਾਲ ਹੋਇਆ ਹੋਣਾ ਹੈ। ਮਰ ਗਏ ਹੋਣੇ ਨੇ, ਕਿਸੇ ਨੇ ਉਨ੍ਹਾਂ ਦਾ ਸਸਕਾਰ ਕੀਤਾ ਹੈ ਕਿ ਨਹੀਂ ਕੀਤਾ। ਕਰਦਾ-ਕਰਦਾ ਜਦੋਂ ਪਿੰਡ ਦੇ ਨੇੜੇ ਆ ਕੇ ਆਪਣੇ ਘਰ ਵਲ ਦੇਖਦਾ ਹੈ, ਉਥੇ ਦੋ-ਮੰਜ਼ਲਾਂ ਮਕਾਨ ਖੜ੍ਹਾ ਹੈ। ਕਹਿੰਦਾ, ਲੈ ਬਈ ਉਹ ਤਾਂ ਗਏ ਮਰ। ਘਰ ਕਿਸੇ ਨੇ ਦੱਬ ਲਿਆ ਤੇ ਹੁਣ ਦੋ-ਮੰਜ਼ਲਾਂ ਮਕਾਨ ਬਣਾ ਲਿਆ। ਉਹ ਜਦੋਂ ਨੇੜੇ ਆਉਂਦਾ ਹੈ ਘਰ ਦੇ, ਉਥੇ ਮੁੰਡਾ ਖੇਲ੍ਹਦਾ ਫਿਰਦਾ ਹੈ ਉਹਦਾ। ਪਛਾਣ ਲਿਆ ਕਿ ਮੁੰਡਾ ਤਾਂ ਹੈਗਾ। ਕਾਹਲੀ-ਕਾਹਲੀ ਮੁੰਡੇ ਦੇ ਪਿੱਛੇ ਤੁਰਿਆ, ਮੁੰਡਾ ਨੱਠ ਕੇ ਪੌੜੀਆਂ ਚੜ੍ਹ ਗਿਆ। ਇੱਕ ਦਮ ਖਬਰ ਦੇ ਦਿਤੀ। ਇਹ ਵੀ ਨੱਠ ਕੇ ਚੜ੍ਹ ਗਿਆ ਕਿ ਮੈਂ ਬੱਚੇ ਨਾਲ ਤਾਂ ਗੱਲ ਕਰ ਲਵਾਂ। ਅਜੇ ਆਪ ਦੇਹਲੀ ਵਿਚ ਹੈ, ਬੱਚਾ ਅੰਦਰ ਚਲਿਆ ਗਿਆ। ਜਾ ਕੇ ਕਹਿੰਦਾ, ਬੇਬੇ! ਬੇਬੇ! ਕਹਿੰਦਾ, ਬਾਪੂ ਫੇਰ ਆ ਗਿਆ, ਆਪਾਂ ਫੇਰ ਭੁੱਖੇ ਮਰਾਂਗੇ।

ਉਹ ਅੰਦਰ ਚਲਿਆ ਗਿਆ, ਕਹਿੰਦਾ, ਬੇਬੇ? ਆਹ ਤਾਂ ਚੁਬਾਰਿਆਂ 'ਚ ਬੈਠੀ ਹੈ। ਉਹ ਕਹਿੰਦੀ, ਛੁੱਟੀ ਲੈ ਕੇ ਆਇਆ ਹੈਂ ਗੁਰੂ ਸਾਹਿਬ ਤੋਂ? ਕਹਿੰਦਾ, ਕੀ ਹੋਇਆ?

ਕਹਿੰਦੀ, ਉਨ੍ਹਾਂ ਨੇ ਤਾਂ ਬਰਕਤਾਂ ਹੀ ਬਰਕਤਾਂ ਪਾ ਦਿਤੀਆਂ। ਸਾਰੀ ਗੱਲ ਦੱਸੀ।

ਕਹਿੰਦੀ, ਜਾਹ ਤੂੰ ਗੁਰੂ ਦੀ ਸੇਵਾ ਕਰ ਜਾ ਕੇ। ਗੁਰੂ ਦੀ ਸੇਵਾ 'ਚੋਂ ਹੀ ਸਾਨੂੰ ਸਭ ਕੁਛ ਲੱਭਿਆ ਹੈ। ਉਸ ਵੇਲੇ ਸਮਝ ਆਈ ਕਿ ਗੁਰੂ ਮਹਾਰਾਜ ਮੈਨੂੰ ਕੀ ਕਹਿੰਦੇ ਸੀ -

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ ॥* *ਅੰਗ - 10*

ਪਾਲਣ ਵਾਲਾ ਕੌਣ ਹੈ ਸੰਸਾਰ 'ਚ। ਪੰਛੀਆਂ ਨੂੰ ਕੌਣ ਪਾਲਦਾ ਹੈ?

ਜਿਸ ਵਕਤ ਬਾਬੇ ਫਰੀਦ ਨੇ ਦੇਖਿਆ ਵਜਦ 'ਚ ਚਲੇ ਗਏ, ਕਹਿੰਦੇ ਦੇਖ ਮਨੁੱਖ ਕਿੱਡਾ ਵੱਡਾ ਗੁਨਹਗਾਰ ਬੰਦਾ ਹੈ। ਪ੍ਰਮੇਸ਼ਰ 'ਤੇ ਭਰੋਸਾ ਨਹੀਂ

ਰੱਖਦਾ। ਇਨ੍ਹਾਂ ਦਾ ਨਾ ਕੋਈ ਸਟੋਰ ਹੈ। ਨਾ ਕੁਛ ਇਹ ਜਮ੍ਹਾ ਕਰਦੇ ਨੇ। ਨਾ ਹਲ ਚਲਾਉਂਦੇ ਨੇ, ਨਾ ਹੋਰ ਕੁਛ ਕਰਦੇ ਨੇ। ਦਾਣਿਆਂ ਵਾਲਿਆਂ ਨੂੰ ਦਾਣੇ ਮਿਲ ਜਾਂਦੇ ਨੇ। ਦੂਜਿਆਂ ਨੂੰ ਦੂਜੀ ਚੀਜ਼ ਮਿਲ ਜਾਂਦੀ ਹੈ। ਅੱਜ ਖਾ ਕੇ, ਫੰਗ ਉਡਾਉਂਦੇ ਨੇ, ਖੁਸ਼ੀ ਦੇ ਨਾਲ ਜਾ ਕੇ ਬੈਠ ਜਾਂਦੇ ਨੇ ਤੇ ਦੂਸਰੇ ਦਿਨ ਫੇਰ ਆ ਜਾਂਦੇ ਨੇ। ਰਿਜ਼ਕ ਉਨ੍ਹਾਂ ਦਾ ਉਸ ਥਾਂ 'ਤੇ ਪਿਆ ਹੁੰਦਾ ਹੈ। ਕੋਈ ਭੁੱਖ ਨਾਲ ਮਰਿਆ ਨਹੀਂ ਕਦੇ। ਮਨੁੱਖ ਨੂੰ ਬੇਵਿਸ਼ਵਾਸ਼ੀ ਹੈ। ਇਹ ਨਹੀਂ ਮੰਨਦਾ। ਉਸ ਵੇਲੇ ਵਜਦ ਵਿਚ ਆ ਕੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਕੰਕਰ ਚੁਗਦੇ ਥਲਾਂ ਦੇ ਵਸਦੇ,***
***ਰੱਬ ਦੀ ਨਾ ਆਸ ਛੱਡਦੇ, ਪੰਛੀ।***

***ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿੰਨ੍ਾ ਵਾਸੁ ॥***
***ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ ॥***

***ਅੰਗ – 1383***

ਸੋ ਬਾਣੀ ਜਿਨ੍ਹਾਂ ਮਹਾਂਪੁਰਸ਼ਾਂ ਨੇ ਮੰਨੀ ਹੈ, ਉਨ੍ਹਾਂ ਦੇ ਸਭ ਦੇ ਜੀਵਨ ਸਾਨੂੰ ਪ੍ਰੇਰਨਾ ਦਿੰਦੇ ਹਨ।

ਮਸਤੂਆਣੇ ਵਾਲੇ ਮਹਾਂਪੁਰਸ਼ ਬਾਬਾ ਅਤਰ ਸਿੰਘ ਜੀ, ਆਪ ਦੇ ਮਨ ਵਿਚ ਬੜਾ ਵੈਰਾਗ ਪੈਦਾ ਹੋਇਆ ਕਿ ਅਖੰਡ ਜਾਪ ਕਰੀਏ। ਹਜ਼ੂਰ ਸਾਹਿਬ ਗਏ ਹੋਏ ਨੇ। ਸਵਾ ਲੱਖ ਜਪੁਜੀ ਸਾਹਿਬ ਦਾ ਪਾਠ ਆਪ ਨੇ ਉਥੇ ਬੈਠ ਕੇ ਕੀਤਾ। ਉਸ ਤੋਂ ਬਾਅਦ ਅਖੰਡ ਜਾਪ ਕਰਨ ਵਾਸਤੇ ਆਪ ਦਰਿਆ ਗੋਦਾਵਰੀ ਦੇ ਅੰਦਰ ਚਾਰ ਮੀਲ ਜਾ ਕੇ ਬੈਠ ਜਾਂਦੇ ਨੇ। ਪਹਿਲਾ ਦਿਨ ਲੰਘ ਗਿਆ, ਦੂਸਰਾ ਦਿਨ ਲੰਘ ਗਿਆ।

ਦੂਸਰੇ ਦਿਨ ਉਥੇ ਦੇ ਹੈੱਡ ਗ੍ਰੰਥੀ ਨੂੰ ਸੁਪਨੇ 'ਚ ਮਹਾਰਾਜ ਕਹਿੰਦੇ ਕਿ ਸਾਡਾ ਪ੍ਰੇਮੀ ਬੈਠਾ ਹੈ। ਜਾਹ, ਪ੍ਰਸ਼ਾਦਾ ਦੇ ਕੇ ਆ। ਉਸਨੇ ਗੌਲਿਆ (ਧਿਆਨ ਨਾ ਦਿਤਾ) ਨਾ। ਤੀਸਰਾ ਦਿਨ ਆਇਆ, ਫੇਰ ਆ ਗਈ ਆਵਾਜ਼। ਉੱਠ ਕੇ ਘਰਵਾਲੀ ਨੂੰ ਕਿਹਾ ਕਿ ਕੱਲ੍ਹ ਵੀ ਮੈਨੂੰ ਸੁਪਨਾ ਆਇਆ ਸੀ, ਅੱਜ ਵੀ ਆਇਆ ਸੀ। ਉਹ ਕਹਿਣ ਲਗੀ ਐਵੇਂ ਆ ਗਿਆ ਤੈਨੂੰ ਸੁਪਨਾ, ਇਥੇ ਸਿੱਖ ਆਉਂਦੇ ਹੀ ਨੇ, ਤੁਹਾਨੂੰ ਇਹੋ ਜਿਹੇ ਹੀ ਸੁਪਨੇ ਆਉਣੇ ਨੇ, ਹੋਰ ਕਿਹੜਾ ਆਉਣਾ ਹੈ।

ਚੌਥਾ ਦਿਨ ਆ ਗਿਆ, ਫੇਰ ਆਵਾਜ਼ ਆਈ ਕਿ ਜਾਹ, ਪ੍ਰਸ਼ਾਦਾ ਦੇ ਕੇ ਆ। ਪ੍ਰਸ਼ਾਦਾ ਲੈ ਕੇ ਤੁਰਦਾ ਹੈ। ਫੇਰ ਮਨ 'ਚ ਆਉਂਦਾ ਹੈ ਕਿ ਐਵੇਂ ਹੀ ਸੁਪਨੇ ਦੇ ਉਤੇ ਮੈਂ ਵਿਸ਼ਵਾਸ਼ ਕਰੀ ਜਾਂਦਾ ਹਾਂ। ਇਹ ਤਾਂ ਅਧਿਆਸ ਹੁੰਦਾ ਹੈ, ਕੋਈ ਗੱਲ ਮਨ ਦੇ ਅੰਦਰ ਆ ਗਈ ਡੂੰਘੀ, ਉਹ ਹੁਣ ਆਈ ਜਾਂਦਾ ਹੈ ਮੈਨੂੰ। ਨੇੜਿਓਂ ਹੀ ਮੁੜ ਆਇਆ। ਪੰਜਵਾਂ ਦਿਨ ਹੋ ਗਿਆ, ਕਹਿੰਦੇ ਪ੍ਰੇਮੀਆਂ! ਤੈਨੂੰ ਅਸੀਂ ਰੋਜ਼ ਕਹਿੰਦੇ ਹਾਂ, ਚਾਰ ਮੀਲ ਦੇ ਉੱਤੇ ਸਾਡਾ ਪ੍ਰੇਮੀ ਬੈਠਾ ਹੈ। ਫੇਰ ਜਾਂਦਾ ਹੈ, ਨੇੜੇ ਤੋਂ ਫੇਰ ਮੁੜ ਆਇਆ। ਫੇਰ ਤਾੜਨਾ ਹੋਈ ਛੇਵੇਂ ਦਿਨ, ਚਾਰ ਮੀਲ 'ਤੇ ਚਲਿਆ

ਗਿਆ, ਮਹਾਂਪੁਰਸ਼ ਉਥੋਂ ਚਾਰ ਮੀਲ ਹੋਰ ਅੱਗੇ ਚਲੇ ਗਏ। ਫੇਰ ਆਇਆ ਸੁਪਨਾ ਕਿ ਉਹ ਚਾਰ ਮੀਲ ਅੱਗੇ ਚਲੇ ਗਏ ਨੇ। ਜਦੋਂ ਸੱਤਵੇਂ ਦਿਨ ਉਸ ਥਾਂ 'ਤੇ ਪਹੁੰਚਦਾ ਹੈ, ਕੀ ਦੇਖਦਾ ਹੈ ਕਿ ਦਰਿਆ ਵਿਚ ਬੈਠੇ ਨੇ। ਅਖੰਡ ਸਮਾਧੀ ਲੱਗੀ ਹੋਈ ਹੈ, ਗਲ-ਗਲ ਪਾਣੀ ਦੇ ਵਿਚ ਚੌਂਕੜਾ ਮਾਰਿਆ ਹੋਇਆ ਹੈ। ਜਾ ਕੇ ਆਵਾਜ਼ ਦਿਤੀ, ਸਾਰੀ ਵਿਥਿਆ ਦੱਸੀ ਮਹਾਂਪੁਰਸ਼ਾਂ ਨੂੰ।

ਸੋ ਦੇਣ ਵਾਲਾ ਤਾਂ ਪ੍ਰਮੇਸ਼ਵਰ ਹੈ ਸਾਧਸੰਗਤ ਜੀ! ਬੇਅੰਤ ਮਹਾਤਮਾ ਸਾਰਿਆਂ ਨੇ ਅਜਮਾ-ਅਜਮਾ ਕੇ ਦੇਖਿਆ ਹੋਇਆ ਹੈ। ਬਾਣੀ ਕੋਈ ਐਸੀ ਨਹੀਂ, ਅਗਰ-ਮਗਰ ਨਹੀਂ ਇਹਦੇ 'ਚ ਹੁੰਦਾ। ਇਹ ਬਿਲਕੁਲ ਗਲਤ ਹੈ, ਅਸੀਂ ਬੇਵਿਸ਼ਵਾਸ਼ੇ ਹੋ ਜਾਂਦੇ ਹਾਂ। ਜਦੋਂ ਬਾਣੀ ਦੇ ਅਰਥ ਅਸੀਂ ਅਗਰ-ਮਗਰ ਕਰਕੇ ਕਰਦੇ ਹਾਂ, ਮਤਲਬ ਆਹ ਹੈ, ਆਹ ਮਤਲਬ ਹੈ, ਮਤਲਬ ਕੋਈ ਨਹੀਂ, ਜੋ ਕੁਛ ਲਿਖਿਆ ਹੋਇਆ ਹੈ, ਉਹਦਾ ਅਰਥ ਸਹੀ ਹੀ ਹੈ। ਉਹਨੂੰ ਮੰਨਣਾ ਹੈ ਅਸੀਂ, ਕਮਾਉਣਾ ਹੈ। ਜਿੰਨਾਂ ਚਿਰ ਅਸੀਂ ਕਮਾਉਂਦੇ ਨਹੀਂ ਹਾਂ, ਅਸੀਂ ਲੰਘ ਨਹੀਂ ਸਕਦੇ।

ਸੋ ਮੈਂ ਬੇਨਤੀ ਕਰਦਾ ਸੀ ਕਿ ਜਮਾਲ ਨੂੰ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਫੁਰਮਾਨ ਲੱਗੇ ਕਿ ਪਿਆਰਿਆ! ਪਹਿਲਾਂ ਤੂੰ ਆਪਣੇ ਆਪ ਨੂੰ ਸਮਝਣ ਦਾ ਯਤਨ ਕਰ ਕਿ ਤੂੰ ਕੌਣ ਹੈਂ। ਦੇਖ ਇਹ ਸਰੀਰ ਪੰਜਾਂ ਤੱਤਾਂ ਦਾ ਬਣਿਆ ਹੋਇਆ ਹੈ। ਦੋ ਤਰ੍ਹਾਂ ਦੇ ਖਿਆਲਾਂ ਵਾਲੇ ਬੰਦੇ ਨੇ ਇੱਕ ਤਾਂ ਨਾਸਤਕ ਬਿਰਤੀਆਂ ਵਾਲੇ ਨੇ, ਅਸੀਂ ਉਨ੍ਹਾਂ 'ਚੋਂ ਆਉਂਦੇ ਹਾਂ, ਨਾਸਤਕ ਬਿਰਤੀਆਂ 'ਚ। ਇੱਕ ਹੈਗੇ ਭੌਤਿਕਵਾਦੀ, ਜਿਹੜੇ ਭੌਤਕ ਬਿਰਤੀ ਦੇ ਬੰਦੇ ਨੇ, ਭੌਤਕਵਾਦੀ ਉਨ੍ਹਾਂ ਨੂੰ ਕਹਿੰਦੇ ਨੇ, ਉਹਦੇ 'ਚ ਇਹ ਛੇ ਸੰਪਰਦਾਵਾਂ ਸੀ ਭਾਰਤ ਵਰਸ਼ ਵਿਚ। ਚਾਲਵਾਕ ਵਗੈਰਾ। ਇਹ ਕਹਿੰਦੇ ਸੀ ਕਿ ਰੱਬ ਕੋਈ ਚੀਜ਼ ਨਹੀਂ। ਘਾਹ, ਘਾਹ ਤੋਂ ਪੈਦਾ ਹੁੰਦਾ ਹੈ, ਜਾਨਵਰ, ਜਾਨਵਰ ਤੋਂ ਪੈਦਾ ਹੁੰਦੇ ਨੇ। ਨਾ ਕੋਈ ਨਰਕ ਹੈ, ਨਾ ਕੋਈ ਸਵਰਗ ਹੈ ਤੇ ਕੱਟਰੂ ਬੱਛਰੂ ਪੈਦਾ ਹੋ ਜਾਂਦਾ ਨੇ। ਇਸੇ ਤਰ੍ਹਾਂ ਬੰਦੇ ਹੋ ਜਾਂਦੇ ਨੇ। ਮਰਨ ਤੋਂ ਬਾਅਦ ਖਤਮ ਹੈ। ਲੇਖਾ ਕੀਹਨੇ ਦੇਣਾ ਹੈ, ਕੀਹਦਾ ਦੇਣਾ ਹੈ।

Eat drink and be merry for we shall have to die.

ਖਾਣ-ਪੀਣ ਦਾ ਤੇ ਵਿਭਚਾਰ ਦਾ ਉਥੋਂ ਜ਼ੋਰ ਚੱਲਿਆ, ਏਸ ਖਿਆਲ ਦੇ ਨਾਲ, ਕਿਉਂਕਿ ਅੱਗੇ ਜਾਣਦੇ ਨਹੀਂ ਸੀ। ਜੇ ਬੰਨ੍ਹੇ ਹੋਏ ਸੀ ਤਾਂ ਕਾਨੂੰਨ ਨਾਲ ਬੰਨ੍ਹੇ ਹੋਏ ਸੀ। ਅੰਦਰੋਂ ਨਹੀਂ ਸੀ ਅੰਦਰੋਂ ਚੋਰੀ ਕਰ ਸਕਦਾ ਸੀ ਆਦਮੀ। ਕਾਨੂੰਨ ਦਾ ਬੰਨਿਆ ਕਿੱਥੇ ਹਟਦਾ ਹੈ ਆਦਮੀ, ਇਹ ਤਾਂ ਧਰਮ ਬੰਨ੍ਹ ਦੇਵੇ ਤਾਂ ਆਦਮੀ ਬੁਰਿਆਈਆਂ ਤੋਂ ਹਟਦਾ ਹੈ। ਜਿੱਥੇ ਕਾਨੂੰਨ ਦਾ ਹੱਥ ਨਾ ਪਹੁੰਚੇ ਉਥੇ, ਬੁਰਿਆਈ ਕਰ ਲੈਂਦਾ ਹੈ। ਉਸ ਥਾਂ 'ਤੇ ਮਿਲਾਵਟਾਂ ਕਰ ਲਏਗਾ, ਉਥੇ ਹੀ ਇਨਕਮ ਟੈਕਸ ਰੋਕ ਲਏਗਾ। ਗਲਤ ਕੰਮ ਕਰ ਲਏਗਾ ਕਿ ਏਥੇ ਕਾਨੂੰਨ ਨਹੀਂ ਆ ਸਕਦਾ। ਕਾਨੂੰਨ ਦਾ ਬੰਨ੍ਹਿਆ ਕਦੇ ਸਦਾਚਾਰ ਨਹੀਂ ਆਇਆ ਕਰਦਾ। ਸਦਾਚਾਰ ਹਮੇਸ਼ਾ ਪੈਦਾ

ਹੁੰਦਾ ਹੈ ਧਰਮ ਤੋਂ। ਇਸੇ ਕਰਕੇ ਕਹਿੰਦੇ ਨੇ ਕਿ ਧਰਮ ਤੋਂ ਬਗੈਰ ਜਿਹੜਾ ਰਾਜ ਹੋਇਆ ਕਰਦਾ ਹੈ। ਉਹ ਐਵੇਂ ਹੁੰਦਾ ਹੈ, ਡਕੈਤਾਂ ਦਾ ਇਕੱਠੇ ਹੋ ਕੇ ਰਾਜ ਕਰਨਾ। ਕਿਉਂਕਿ ਉਨ੍ਹਾਂ ਦੇ ਅੰਦਰ ਧਰਮ ਦੀ ਕਿਰਿਆ ਨਾ ਹੋਣ ਕਰਕੇ, ਉਨ੍ਹਾਂ ਦਾ ਜੀਵਨ ਜਿਹੜਾ ਹੈ ਉਹ ਅਧੂਰਾ ਤੇ ਆਪ-ਹੁਦਰਾ ਹੋਇਆ ਕਰਦਾ ਹੈ। ਸੋ ਇਹ ਉਨ੍ਹਾਂ ਦਾ ਖਿਆਲ ਹੋਇਆ ਕਰਦਾ ਹੈ।

ਸੋ ਇਸੇ ਤਰ੍ਹਾਂ ਦੇ ਨਾਲ ਮਹਾਤਮਾ ਆਪਣੇ ਬੁੱਧ ਧਰਮ, ਜੈਨ ਧਰਮ, ਨਿਆਏ ਸ਼ਾਸਤਰ, ਵਿਸ਼ੇਸ਼ਕ, ਮੀਮਾਂਸਾ ਇਹ ਸਾਰੇ ਚਾਰ ਤੱਤਵ ਮੰਨਦੇ ਨੇ। ਉਹ ਕਹਿੰਦੇ ਜੀਵ ਕੋਈ ਨਹੀਂ ਹੈ। ਇਹ ਤਾਂ ਅਣੂਆਂ ਦੀ ਆਪਸ ਵਿਚ ਹਿਲਜੁਲ ਹੈ ਜਿਹਦੇ ਨਾਲ, ਇਹਦੇ ਵਿਚ ਚੇਤਨਤਾ ਆ ਜਾਂਦੀ ਹੈ। ਉਨ੍ਹਾਂ ਸਾਰਿਆਂ ਦਾ ਗੁਰੂ ਹੈਗਾ ਸਾਇੰਸ ਅੱਜ ਦੀ, ਇਹ ਕਹਿੰਦੇ ਨੇ ਕਿ ਪਹਿਲਾਂ ਪ੍ਰਮਾਣੂਆਂ ਤੋਂ, ਇਲੈਕਟ੍ਰਾਨ, ਪ੍ਰੋਟਾਨ ਤੇ ਨਿਊਟਰਾਨ ਦੇ ਆਪਸ ਵਿਚ ਲਹਿਰਾਂ ਦੇ ਨਾਲ ਮਗਨੈਟਿਕ ਲਹਿਰਾਂ ਦੇ ਨਾਲ ਜਦੋਂ ਇਹ ਰਲਦੀਆ ਨੇ। ਦਿਮਾਗ ਦੇ ਵਿਚ ਜਾਗਰਤਾ ਆ ਜਾਂਦੀ ਹੈ। ਹੈ ਤਾਂ ਗੱਲ ਉਨ੍ਹਾਂ ਦੀ ਠੀਕ, ਲੇਕਿਨ ਲਹਿਰਾਂ ਦਾ ਬਟਨ ਕੌਣ ਦੱਬਦਾ ਹੈ? ਉਹਦੇ ਨਾਲ ਫੇਰ ਜਾਗਰਤਾ ਆ ਕੇ, ਦਿਮਾਗ ਸੋਚਣ, ਸਮਝਣ ਲੱਗ ਜਾਇਆ ਕਰਦਾ ਹੈ। ਜਦੋਂ ਸਬੰਧ ਟੁੱਟ ਜਾਂਦਾ ਹੈ, ਉਦੋਂ ਆਦਮੀ ਮਰ ਜਾਂਦਾ ਹੈ, ਇਹ ਸਾਇੰਸ ਦਾ ਮੱਤ ਹੈ। ਹੁਣ ਕਹਿੰਦੇ ਕਿ ਨਹੀਂ ਇਹ ਐਨਰਜੀ 'ਚੋਂ ਹੋਇਆ ਹੈ ਸਾਰਾ, ਹੁਣ ਕਹਿੰਦੇ ਐਨਰਜੀ ਨੂੰ ਐਕਸ਼ਨ 'ਚ ਕੀਹਨੇ ਲਿਆਂਦਾ। ਕਹਿੰਦੇ, ਵੱਡਾ ਧਮਾਕਾ ਹੋਇਆ ਸੀ। ਧਮਾਕਾ ਕੀਹਨੇ ਕਰ ਦਿਤਾ, ਇੱਥੇ ਜਾ ਕੇ ਰੁਕ ਜਾਂਦੇ ਨੇ। ਜਿਹੜੇ ਆਤਮਵਾਦੀ ਨੇ ਉਹ ਕਹਿੰਦੇ ਕਿ ਪੰਜ ਤੱਤ ਜੜ੍ਹ ਨੇ, ਜੀਵ ਦਾ ਅਸਤਿਤ੍ਵ ਪੰਜਾਂ ਤੱਤਾਂ ਤੋਂ ਵੱਖਰਾ ਹੈ। ਇਹ ਪ੍ਰਮੇਸ਼ਰ ਦੀ ਅੰਸ ਹੈ, ਵਿਛੁੜਿਆ ਹੋਇਆ ਹੈ ਪ੍ਰਮੇਸ਼ਰ ਤੋਂ, ਜੜ੍ਹ ਦੇਹੀ ਦੇ ਵਿਚ ਨਿਵਾਸ ਰੱਖਣ ਕਰਕੇ ਇਹ ਆਪਣੇ ਆਪ ਨੂੰ ਜੀਵ ਕਹਾਉਂਦਾ ਹੈ। ਗੁਰੂ ਮਹਾਰਾਜ ਵੀ ਇਸੇ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਦੇਹੀ ਦੇ ਵਿਚ ਆਇਆ ਜੀਵ ਬੰਨ੍ਹਿਆਂ ਹੁਕਮ ਦਾ।***

***ਸੰਜੋਗੁ ਵਿਜੋਗੁ ਧੁਰਹੁ ਹੀ ਹੂਆ ॥ ਅੰਗ - 1007***

ਮਹਾਰਾਜ ਕਹਿੰਦੇ, ਮਿਲਣਾ ਤੇ ਵਿਛੁੜਨਾ, ਦਰਗਾਹ ਤੋਂ ਹੀ ਹੁੰਦਾ ਹੈ। ਸੋ ਇਹਦੇ ਨਾਲ -

***ਪੰਚ ਧਾਤੁ ਕਰਿ ਪੁਤਲਾ ਕੀਆ ॥ਅੰਗ - 1007***

ਪੰਜਾਂ ਤੱਤਾਂ ਨੂੰ ਜੋੜ ਕੇ ਇੱਕ ਪੁਤਲਾ ਬਣਾ ਦਿਤਾ-

***ਸਾਹੈ ਕੈ ਫੁਰਮਾਇਅੜੈ ਜੀ***
***ਦੇਹੀ ਵਿਚਿ ਜੀਉ ਆਇ ਪਇਆ ॥ ਅੰਗ - 1007***

ਵਾਹਿਗੁਰੂ ਦਾ ਹੁਕਮ ਹੋਇਆ। ਉਹਦੇ ਨਾਲ ਇਹ ਜਿਹੜਾ ਜੀਵ ਸੀ ਦੇਹੀ ਵਿਚ ਆ ਕੇ ਇਸ ਨੇ ਨਿਵਾਸ ਕਰਿਆ। ਜਿਹੜੇ ਧਰਮ ਨੇ ਉਹ ਵੀ ਇਸੇ ਤਰ੍ਹਾਂ ਨਾਲ ਕਹਿੰਦੇ ਨੇ ਕਿ ਵਾਹਿਗੁਰੂ ਨੇ ਜਦੋਂ ਜੀਵ ਦਾ

ਦੇਹੀ ਦੇ ਅੰਦਰ ਪ੍ਰਵੇਸ਼ ਕਰਿਆ। ਤਾਂ ਉਸ ਵੇਲੇ ਇਹ ਬਾਹਰ ਆ ਗਿਆ। ਕਹਿਣ ਲੱਗੇ, ਕੀ ਗੱਲ? ਕਹਿੰਦਾ, ਹਨ੍ਹੇਰਾ ਪਿਆ ਹੈ, ਸੁੰਨ-ਮੁੰਨ ਪਿਆ ਹੈ। ਕਹਿੰਦੇ, ਜਾਹ ਮੈਂ ਆਪਣੀ ਦਰਗਾਹ ਦੇ ਨਾਲ ਜੋੜ ਦਿੰਦਾ ਹਾਂ। ਜਦੋਂ ਅੰਦਰ ਗਿਆ ਤਾਂ ਫੇਰ ਉਥੇ ਮਿਊਜ਼ਿਕ ਵੀ ਹੈ ਤੇ ਪ੍ਰਕਾਸ਼ ਵੀ ਹੈ। ਮਹਾਰਾਜ ਕਹਿੰਦੇ -

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥***
***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥***

***ਅੰਗ - 954***

cosmic ਮਿਊਜ਼ਿਕ ਜਿਹਨੂੰ ਆਤਮਕ ਸੰਗੀਤ ਕਹਿੰਦੇ ਨੇ, ਇਹਦੇ ਵਿਚ ਦਿਨ ਰਾਤ ਬਗੈਰ ਵਜਾਏ ਹਰ ਵਕਤ ਲਗਾਤਾਰ ਵੱਜਦਾ ਹੈ -

***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥***

***ਅੰਗ - 954***

ਇਹਦੇ ਅੰਦਰ ਪ੍ਰਕਾਸ਼ ਹੀ ਪ੍ਰਕਾਸ਼ ਹੈ। ਹਨ੍ਹੇਰਾ ਨਹੀਂ ਹੈ। ਜਦੋਂ ਪ੍ਰਕਾਸ਼ ਹੈ ਉਹਦੇ ਵਿਚ ਦਿਸਦਾ ਕੀ ਹੈ? -

***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥***

***ਅੰਗ - 954***

***ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥ ਅੰਗ - 947***

ਸੋ ਵਾਹਿਗੁਰੂ ਦੇ -

***ਸਾਹੈ ਕੈ ਫੁਰਮਾਇਅੜੈ ਜੀ***
***ਦੇਹੀ ਵਿਚਿ ਜੀਉ ਆਇ ਪਇਆ ॥***
***ਜਿਥੈ ਅਗਨਿ ਭਖੈ ਭੜਹਾਰੇ ॥ ਅੰਗ - 1007***

ਕਹਿੰਦੇ, ਭੜ-ਭੜ ਕਰਕੇ ਅੱਗ ਮੱਚਦੀ ਸੀ।

***ਊਰਧ ਮੁਖ ਮਹਾ ਗੁਬਾਰੇ ॥ ਅੰਗ - 1007***

ਪੁੱਠਾ ਮੂੰਹ ਸੀਗਾ, ਮਹਾਂ ਹਨ੍ਹੇਰੇ ਦੇ ਵਿਚ। ਉਥੇ ਫੇਰ -

***ਸਾਸਿ ਸਾਸਿ ਸਮਾਲੇ ਸੋਈ***
***ਓਥੈ ਖਸਮਿ ਛਡਾਇ ਲਇਆ ॥ ਅੰਗ - 1007***

ਹਰ ਸਵਾਸ ਵਿਚ ਵਾਹਿਗੁਰੂ ਵਸਦਾ ਸੀ। ਜਦੋਂ ਵਾਹਿਗੁਰੂ ਨੂੰ ਯਾਦ ਕਰਦਾ ਸੀ, ਵਾਹਿਗੁਰੂ ਨੇ ਉਹਨੂੰ ਛੁਡਾ ਲਿਆ।

***ਵਿਚਹੁ ਗਰਭੈ ਨਿਕਲਿ ਆਇਆ ॥***
***ਖਸਮੁ ਵਿਸਾਰਿ ਦੁਨੀ ਚਿਤੁ ਲਾਇਆ ॥ ਅੰਗ - 1007***

ਕਹਿੰਦੇ, ਉਥੋਂ ਤਾਂ ਆ ਗਿਆ। ਹੁਣ ਹੋਇਆ ਕੀ? ਜਿਹਨੇ ਰੱਖਿਆ ਸੀ, ਉਹਨੂੰ ਭੁੱਲ ਗਿਆ। ਇਹ ਤਾਂ ਸਾਡੀ ਪ੍ਰਾਕ੍ਰਿਤੀ ਹੈ ਪੱਕੀ। ਕਿੰਨਾ ਹੀ ਉਪਕਾਰ ਕਰ ਲਓ। ਵਾਹਿਗੁਰੂ ਨਾਲੋਂ ਤਾਂ ਕਿਸੇ ਨੇ ਨਹੀਂ ਉਪਕਾਰ ਵੱਡਾ ਕਰਨਾ, ਗੁਰੂ ਨਾਲੋਂ ਕਿਸੇ ਨੇ ਨਹੀਂ ਵੱਡਾ ਉਪਕਾਰਾ ਕਰਨਾ, ਬਾਣੀ ਨਾਲੋਂ ਵੱਡਾ ਉਪਕਾਰ ਕਿਸੇ ਨੇ ਨਹੀਂ ਕਰਨਾ। ਲੇਕਿਨ ਸਾਡਾ ਕੀ ਹੈ, ਦੁਨੀਆਂਦਾਰੀ

ਦੇ ਵਿਚ ਵੀ ਕੋਈ ਆਦਮੀ ਕਿਸੇ ਦੇ ਉਤੇ ਅਹਿਸਾਨ ਕਰੇ, ਕੋਈ ਭਲਾ ਕਰੇ, ਉਦੋਂ ਮੁੱਕਰ ਜਾਣਾ ਤੇ ਅਹਿਸਾਨ ਫਰਾਮੋਸ਼ ਹੋ ਜਾਣਾ, ਇਹ ਸਾਡੀ ਪ੍ਰਾਕ੍ਰਿਤੀ ਦੇ ਵਿਚ ਪ੍ਰਮੇਸ਼ਰ ਦਾ ਹੀ ਸ਼ਾਮਲ ਕੀਤਾ ਹੋਇਆ ਹੈ –

***ਧਾਰਨਾ – ਲਾ ਲਿਆ ਗਾਫਲਾ, ਚਿੱਤ ਨਾਲ ਦੁਨੀਆਂ ਦੇ।***

ਭੁੱਲ ਗਿਆ ਉਸਨੂੰ ਜਿਹਨੇ ਰੱਖਿਆ ਸੀ –

***ਆਵੈ ਜਾਇ ਭਵਾਈਐ***
***ਜੋਨੀ ਰਹਣੁ ਨ ਕਿਤਹੀ ਥਾਇ ਭਇਆ ॥ ਅੰਗ – 1007***

ਹੁਣ ਨਤੀਜਾ ਕੀ ਹੋਇਆ? ਜੰਮੀ ਜਾਹ, ਮਰੀ ਜਾਹ।

ਸੋ ਮਹਾਰਾਜ ਕਹਿੰਦੇ, ਇਸ ਤਰ੍ਹਾਂ ਦੇ ਨਾਲ ਪ੍ਰੇਮੀਆਂ! ਆਹ ਦੇਹੀ ਦੇ ਵਿਚ ਹੁਕਮ ਦੇ ਨਾਲ ਪ੍ਰਮੇਸ਼ਰ ਦੀ ਅੰਸ ਆ ਕੇ ਨਿਵਾਸ ਕਰਦੀ ਹੈ, ਉਹਨੂੰ ਜੀਵ ਕਹਿੰਦੇ ਨੇ। ਫਿਲਹਾਲ ਤੂੰ ਇਹ ਮੰਨ ਲੈ ਕਿ ਮੈਂ ਜੀਵ ਹਾਂ, ਮੈਂ ਸਰੀਰ ਨਹੀਂ ਹੈਗਾ। ਇਸ ਗੱਲ ਨੂੰ ਬੁੱਝਣ ਦਾ ਯਤਨ ਕਰ ਤੇ ਸਰੀਰ ਨੇ ਤਾਂ ਇੱਥੇ ਰਹਿਣਾ ਨਹੀਂ –

***ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥***
***ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ ॥***
***ਅੰਗ – 999***

ਸੁਣ ਕਹਿੰਦੇ ਤੂੰ ਕੌਣ ਹੈਂ, ਕਿੱਥੋਂ ਤੂੰ ਆਇਆ ਹੈ? ਪਤਾ ਲਗਦਾ ਹੈ ਸਾਨੂੰ, ਪਹਿਲਾਂ ਅਸੀਂ ਸੋਚਦੇ ਹੀ ਨਹੀਂ ਕਿ ਕਿੱਥੋਂ ਆਏ ਹਾਂ। ਕਿੰਨਾਂ ਚਿਰ ਹੋ ਗਿਆ, ਕਿਤੇ ਜਾ ਕੇ ਸਾਡਾ ਟਿਕਾਣਾ ਹੈ ਵੀ ਕਿ ਨਹੀਂ। ਐਨੇ ਗਾਫਲ ਹੋਏ ਹਾਂ, ਇੰਨੇ ਕਮਲੇ ਹੋਏ ਹਾਂ, ਇੰਨੇ ਪਾਗਲਪਣ 'ਚ ਚਲੇ ਗਏ, ਕਦੇ ਸਾਨੂੰ ਵਿਹਲ ਹੀ ਨਹੀਂ ਹੈ ਇਸ ਗੱਲ ਨੂੰ ਸੁਣਨ ਦਾ। ਉਸ ਤਰ੍ਹਾਂ ਅਸੀਂ ਦੁਨੀਆਂ ਦੇ ਵੱਡੇ ਸਿਆਣੇ ਹਾਂ। ਵੱਡੇ ਅਕਲ ਵਾਲੇ ਬਣਦੇ ਹਾਂ, ਫੈਸਲੇ ਅਸੀਂ ਕਰਾਉਣ ਵਾਲੇ, ਗੱਲਾਂ ਅਸੀਂ ਦੱਸਣ ਵਾਲੇ। ਵੱਡੀਆਂ-ਵੱਡੀਆਂ ਫਿਲਾਸਫੀਆਂ ਅਸੀਂ ਦੱਸਣ ਵਾਲੇ ਤੇ ਸਾਨੂੰ ਇਸੇ ਗੱਲ ਦਾ ਨਹੀਂ ਪਤਾ ਲਗਦਾ। ਅਸੀਂ ਆਏ ਕਿੱਥੋਂ, ਮਹਾਰਾਜ ਜੀ ਆਪ ਹੀ ਦੱਸ ਦਿਓ –

***ਧਾਰਨਾ – ਕੇਤੇ ਨਾਗ ਕੁਲੀ ਮਹਿ ਆਏ,***
***ਕੇਤੇ ਪੰਖ ਉਡਾਏ ਨੇ।***

***ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥***
***ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥***
***ਅੰਗ – 156***

***ਕਈ ਜਨਮ ਭਏ ਕੀਟ ਪਤੰਗਾ ॥***
***ਕਈ ਜਨਮ ਗਜ ਮੀਨ ਕੁਰੰਗਾ ॥***
***ਕਈ ਜਨਮ ਪੰਖੀ ਸਰਪ ਹੋਇਓ ॥***
***ਕਈ ਜਨਮ ਹੈਵਰ ਬ੍ਰਿਖ ਜੋਇਓ ॥ 1 ॥***
***ਮਿਲੁ ਜਗਦੀਸ ਮਿਲਨ ਕੀ ਬਰੀਆ ॥***
***ਚਿਰੰਕਾਲ ਇਹ ਦੇਹ ਸੰਜਰੀਆ ॥ 1 ॥ ਰਹਾਉ ॥***
***ਅੰਗ – 176***

ਮਹਾਰਾਜ ਕਹਿੰਦੇ, ਤੇਰਾ ਆਹ ਸਫਰ ਹੈ ਭਾਈ। 'ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥' ਮੰਨਦੇ ਹਾਂ ਅਸੀਂ ਏਸ ਚੀਜ਼ ਨੂੰ? ਅਸੀਂ ਤਾਂ ਇਹ ਸਮਝਦੇ ਹਾਂ ਕਿ ਮੁੱਢ ਤੋਂ ਹੀ ਮੈਂ ਮਨੁੱਖ ਬਣਦਾ ਆ ਰਿਹਾ ਹਾਂ ਤੇ ਮਨੁੱਖ ਹੀ ਬਣੀ ਜਾਣਾ ਹੈ।' ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ ॥' ਤੈਨੂੰ ਹੈ ਕੋਈ ਪਤਾ? ਕਿਤੇ ਪੱਥਰ ਬਣਿਆ, ਕਿਤੇ ਗਰਭ ਦੇ ਵਿਚ ਹੀ ਫਿਰਦੇ ਰਹੇ, ਜੂਨਾਂ ਦੇ ਵਿਚ ਫਿਰਦੇ ਹਾਂ -

***ਕਈ ਜਨਮ ਸੈਲ ਗਿਰਿ ਕਰਿਆ ॥***
***ਕਈ ਜਨਮ ਗਰਭ ਹਿਰਿ ਖਰਿਆ ॥***
***ਕਈ ਜਨਮ ਸਾਖ ਕਰਿ ਉਪਾਇਆ ॥***
***ਲਖ ਚਉਰਾਸੀਹ ਜੋਨਿ ਭ੍ਰਮਾਇਆ ॥ ਅੰਗ - 176***

ਜੂਨਾਂ ਦੇ ਵਿਚ ਘੁੰਮਦੇ ਫਿਰਦੇ ਹਾਂ ਤੇ ਹੁਣ ਕੀ ਹੈ ਤੂੰ? ਹੁਣ ਤੈਨੂੰ ਮਨੁੱਖ ਕਹਿੰਦੇ ਨੇ -

***ਧਾਰਨਾ - ਤੇਰਾ ਰੱਖਿਆ ਮਾਨਸ ਨਾਉਂ,***
***ਪੁਤਲਾ ਹੈ ਤੂੰ ਖਾਕ ਦਾ।***

***ਕਬੀਰ ਮਾਟੀ ਕੇ ਹਮ ਪੂਤਰੇ ਮਾਨਸੁ ਰਾਖਿਉ ਨਾਉ ॥***
***ਚਾਰਿ ਦਿਵਸ ਕੇ ਪਾਹੁਨੇ ਬਡ ਬਡ ਰੂੰਧਹਿ ਠਾਉ ॥***
***ਅੰਗ - 1367***

ਮਿੱਟੀ ਦੇ ਪੁਤਲਿਆਂ ਦਾ ਨਾਮ ਮਨੁੱਖ ਰੱਖ ਦਿਤਾ। ਇਹ ਮਨੁੱਖ ਫੇਰ ਅੱਗੇ ਵਧ ਗਿਆ। ਸਰਦਾਰ ਬਹਾਦਰ, ਫਲਾਣਾ, ਢਿਮਕਾ; ਪਤਾ ਹੀ ਨਹੀਂ ਕਿੰਨੀਆਂ ਕੁ ਉਪਾਧੀਆਂ ਹੋਰ ਨਾਲ ਲਈਆਂ। ਚਾਰ ਦਿਨ ਦਾ ਪ੍ਰਾਹੁਣਾ ਆਇਆ ਸੀ ਸੰਸਾਰ ਦੇ ਉੱਤੇ ਤੇ ਇਥੇ ਬੜੇ ਹੀ ਝਗੜੇ ਝਾਟੇ, ਲੜਾਈਆਂ, ਪਤਾ ਨਹੀਂ ਕੀ-ਕੀ ਕਰਦਾ ਹੈ। ਇਹਦੇ ਨਾਲੋਂ ਕਮਲਾ ਕੌਣ ਹੋਏਗਾ।

ਮਹਾਰਾਜ ਕਹਿਣ ਲੱਗੇ, ਜਮਾਲ! ਇਸ ਤਰ੍ਹਾਂ ਦੇ ਨਾਲ ਸਰੀਰ ਦੀ ਬਣਤਰ ਹੈ। ਇਹਦੇ ਵਿਚ ਪ੍ਰਮੇਸ਼ਰ ਨੇ ਆਪਣੀ ਜੋਤ ਪਾ ਦਿਤੀ। ਹੈ ਤਾਂ ਤੂੰ ਜੋਤ ਪ੍ਰਮੇਸ਼ਰ ਦੀ। ਸਰੀਰ ਨਹੀਂ ਹੈਂ, ਸਰੀਰ ਤਾਂ ਪੰਜਾਂ ਤੱਤਾਂ ਦਾ ਹੈ। ਤੇਰਾ ਅਸਲਾ ਜੋਤ ਹੈ ਲੇਕਿਨ ਇਹਦੇ ਵਿਚ ਪ੍ਰਮੇਸ਼ਰ ਨਾਲੋਂ ਅੱਡ ਹੋ ਗਿਆ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਜਦੋਂ ਮੈਂ ਵਾਹਿਗੁਰੂ ਦੇ ਨਾਲ ਜੁੜਿਆ ਹੋਇਆ ਸੀ, ਫੇਰ ਮੈਂ ਅੱਡ ਕਿਵੇਂ ਹੋ ਗਿਆ। ਮੈਨੂੰ ਫੇਰ ਪ੍ਰਮੇਸ਼ਰ ਭੁੱਲ ਕਿਵੇਂ ਗਿਆ ਕਿਉਂਕਿ ਮੇਰੇ ਵਿਚ ਵੀ ਓਹੀ ਸ਼ਕਤੀਆਂ ਨੇ ਜਿਹੜੀਆਂ ਵਾਹਿਗੁਰੂ ਵਿਚ ਨੇ। ਜੇ ਮੈਂ ਉਹਦੀ ਜੋਤ ਹਾਂ, ਉਹਦਾ ਪੁੱਤਰ ਹਾਂ ਤਾਂ ਸ਼ਕਤੀਆਂ ਤਾਂ ਮੇਰੇ ਵਿਚ ਵੀ ਓਹੀ ਚਾਹੀਦੀਆਂ ਨੇ ਤੇ ਪ੍ਰਮੇਸ਼ਰ ਦੇ ਉਤੇ ਮਾਇਆ ਹੈ ਨਹੀਂ ਤੇ ਮੇਰੇ ਉੱਤੇ ਮਾਇਆ ਕਿਵੇਂ ਪੈ ਗਈ?

ਮਹਾਰਾਜ ਕਹਿਣ ਲੱਗੇ, ਜਮਾਲ! ਜਿਹਨੇ ਇਹ ਸਰੀਰ ਬਣਾਇਆ ਹੈ। ਉਹਨੇ ਨਾਲ ਹੀ ਹੰਕਾਰ ਦਾ ਜਜ਼ਬਾ ਇਹਦੇ ਵਿਚ ਪਾ ਦਿਤਾ, ਸਰੀਰ 'ਚ, ਪ੍ਰਾਕ੍ਰਿਤੀ 'ਚ। ਉਹ ਜਿਸ ਵਕਤ ਜੋਤ ਨੇ ਆ ਕੇ ਇਹਦੇ

ਵਿਚ ਪ੍ਰਕਾਸ਼ ਕਰਿਆ, ਇਹਦੇ ਵਿਚ ਜਾਗਰਤ ਆਈ , ਉਸ ਵੇਲੇ ਉਹਨੂੰ ਤਾਂ ਭੁੱਲ ਗਈ, ਉਸ ਵੇਲੇ ਹੰਕਾਰ ਦੇ ਘੇਰੇ ਵਿਚ ਹੋ ਕੇ ਉਹਨੇ ਆਪਣਾ ਵੱਖਰਾ ਵਿਅਕਤੀਤ੍ਵ ਬਣਾ ਲਿਆ, ਵੱਖਰੀ ਹਸਤੀ ਬਣਾ ਲਈ ਤੇ ਇਹਦੇ ਵਿਚ ਹਉਮੈ ਪਾ ਦਿਤੀ –

***ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥***
***ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥***

***ਅੰਗ – 999***

ਹੁਣ ਮਹਾਰਾਜ ਨੇ ਸਾਫ ਕਰ ਦਿਤੀ ਗੱਲ ਕਿ ਉਹ ਜੋਤ ਨਹੀਂ ਜੰਮਦੀ ਮਰਦੀ। ਉਹ ਜਿਹੜੀ ਹਉਮੈ ਦੇ ਵਿਚ ਜਾਗਰਤਾ ਹੈ, ਉਹ ਜੀਵ ਕਹਾਉਣ ਲੱਗ ਗਈ। ਉਹ ਜੀਵ ਜੰਮਦਾ ਮਰਦਾ ਤੁਰਿਆ ਫਿਰਦਾ ਹੈ। ਇੱਥੇ ਹੈ ਕੌਣ? ਇਕੱਲਾ ਨਿਰੰਕਾਰ ਆਪੇ ਹੀ, ਕੋਈ ਹੋਰ ਚੀਜ਼ ਨਹੀਂ। –

***ਬਾਜੀਗਰਿ ਜੈਸੇ ਬਾਜੀ ਪਾਈ ॥ ਨਾਨਾ ਰੂਪ ਭੇਖ ਦਿਖਲਾਈ ॥***
***ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥ ਤਬ ਏਕੋ ਏਕੰਕਾਰਾ ॥***

***ਅੰਗ – 736***

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥ ਜਾਪੁ ਸਾਹਿਬ***

ਖੇਲ੍ਹ ਹੋ ਰਹੀ ਹੈ ਕਹਿੰਦੇ।

***ਬਰਨੁ ਚਿਹਨੁ ਨਾਹੀ ਕਿਛੁ ਰਚਨਾ ਮਿਥਿਆ ਸਗਲ ਪਸਾਰਾ ॥***
***ਭਣਤਿ ਨਾਨਕੁ ਜਬ ਖੇਲੁ ਉਝਾਰੈ ਤਬ ਏਕੈ ਏਕੰਕਾਰਾ ॥***

***ਅੰਗ – 1000***

ਜਦੋਂ ਉਹ ਖੇਲ੍ਹ ਨੂੰ ਉਜਾੜ ਦਿੰਦਾ ਹੈ, ਖਤਮ ਕਰ ਦਿੰਦਾ ਹੈ, ਉਸ ਵੇਲੇ ਇਕੱਲਾ ਹੀ ਵਾਹਿਗੁਰੂ ਰਹਿ ਜਾਂਦਾ ਹੈ। ਇਹ ਸਾਰਾ ਪਸਾਰਾ ਹੁੰਦਾ ਹੈ –

***ਜਬ ਉਦਕਰਖ ਕਰਾ ਕਰਤਾਰਾ॥***
***ਪ੍ਰਜਾ ਧਰਤ ਤਬ ਦੇਹ ਅਪਾਰਾ॥***
***ਜਬ ਆਕਰਖ ਕਰਤ ਹੋ ਕਬਹੂੰ॥***
***ਤੁਮ ਮੈਂ ਮਿਲਤ ਦੇਹ ਧਰ ਸਭਹੂੰ॥***

***ਕਬਯੋ ਬਾਚ ਬੇਨਤੀ ਚੌਪਈ, ਪਾ: 10***

ਸਾਰੇ ਉਹਦੇ ਵਿਚ ਹੀ ਸਮਾ ਜਾਂਦੇ ਨੇ –

***ਏਕੈ ਰੂਪ ਅਨੂਪ ਸਰੂਪਾ ਰੰਕ ਭਯੋ ਰਾਵ ਕਹੀ ਭੂਪਾ॥***

***ਕਬਯੋ ਬਾਚ ਬੇਨਤੀ ਚੌਪਈ, ਪਾ: 10***

ਸਰੂਪ ਅਨੂਪ ਨੇ, ਹੈਗਾ ਇੱਕੋ ਹੀ। ਕਿਤੇ ਗਰੀਬ ਹੋ ਗਿਆ, ਕਿਤੇ ਰਾਵ ਹੋ ਗਿਆ, ਕਿਤੇ ਬਾਦਸ਼ਾਹ ਬਣ ਗਿਆ।

***ਅੰਡਜ ਜੇਰਜ ਸੇਤਜ ਕੀਨੀ॥***
***ਉਤਭੁਜ ਖਾਨਿ ਬਹੁਰਿ ਰਚਿ ਦੀਨੀ॥***

*ਕਹੂੰ ਫੂਲਿ ਰਾਜਾ ਹ੍ਵੈ ਬੈਠਾ॥*
*ਕਹੂੰ ਸਿਮਟਿ ਭਯੋ ਸੰਕਰ ਇਕੈਠਾ॥*

***ਕਬਯੋ ਬਾਚ ਬੇਨਤੀ ਚੌਪਈ, ਪਾ: 10***

ਕਿਤੇ ਫੁੱਲਿਆ ਪਿਆ ਹੈ ਰਾਜਾ ਬਣਿਆ ਹੋਇਆ ਹੈ। ਕਿਤੇ ਸਮਾਧੀ 'ਚ ਬੈਠਾ ਹੈ।

*ਸਿਗਰੀ ਸ੍ਰਿਸਟਿ ਦਿਖਾਇ ਅਚੰਭਵ॥*
*ਆਦਿ ਜੁਗਾਦਿ ਸਰੂਪ ਸੁਯੰਭਵ॥*

***ਕਬਯੋ ਬਾਚ ਬੇਨਤੀ ਚੌਪਈ, ਪਾ: 10***

ਹਉਮੈ ਕਰਕੇ ਅੰਤਸ਼ਕਰਣ ਦੀ ਜਿਹੜੀ ਚੇਤਨ ਸੱਤਾ ਹੈ, ਸਾਧਸੰਗਤ ਜੀ! ਇਹ ਗੱਲ ਸਮਝਣ ਦਾ ਯਤਨ ਕਰੋ, ਇਹਦੇ ਵਿਚ ਮੈਂ ਭਾਵ ਆ ਜਾਂਦਾ ਹੈ। ਮੈਂ ਦ੍ਰਿੜ੍ਹ ਹੋ ਜਾਂਦੀ ਹੈ, ਉਹ ਦ੍ਰਿੜ੍ਹ ਜਿਹਨੂੰ ਅਭਿਆਸ ਕਹਿੰਦੇ ਨੇ ਉਹ ਹਟਦਾ ਨਹੀਂ। ਇਹ ਦਿਮਾਗ ਦੀ ਇੱਕ ਸਥਿਤੀ ਹੈ। ਇੱਕ ਦਿਮਾਗ ਦੀ ਸਥਿਤੀ ਉਹ ਹੈ ਜਿਹਦੇ 'ਚ ਵਾਹਿਗੁਰੂ-ਵਾਹਿਗੁਰੂ ਨਜ਼ਰ ਆਉਂਦਾ ਹੈ। ਇੱਕ ਇਹ ਹੈ ਕਿ ਆਪਣਾ ਆਪ ਨਜ਼ਰ ਆਉਂਦਾ ਹੈ, ਬੇਗਾਨੇ, ਗੈਰ, ਚੰਗੇ-ਮਾੜੇ, ਨਜ਼ਰ ਆਉਂਦੇ ਨੇ, ਦੁਸ਼ਮਣ ਨਜ਼ਰ ਆਉਂਦੇ ਨੇ, ਮਿੱਤਰ ਨਜ਼ਰ ਆਉਂਦੇ ਨੇ। ਹਿੱਤ ਨਜ਼ਰ ਆਉਂਦਾ ਹੈ, ਅਹਿਤ ਨਜ਼ਰ ਆਉਂਦਾ ਹੈ, ਲਾਭ-ਹਾਨ ਨਜ਼ਰ ਆਉਂਦਾ ਹੈ, ਦੁੱਖ-ਸੁੱਖ ਨਜ਼ਰ ਆਉਂਦਾ ਹੈ ਕਿਉਂਕਿ ਦਿਮਾਗ ਦੀ ਸਥਿਤੀ ਨਾਲ ਸਬੰਧ ਰਖਦਾ ਹੈ। ਇਹ ਦਿਮਾਗ ਦੀ ਸਥਿਤੀ ਨੂੰ ਅਧਿਆਸ ਕਿਹਾ ਜਾਂਦਾ ਹੈ ਕਿ ਅਧਿਆਸ ਪੱਕ ਗਿਆ। ਬਾਰ-ਬਾਰ ਜੰਮਦਿਆਂ-ਮਰਦਿਆਂ ਦਾ ਸਾਡਾ ਅਧਿਆਸ ਪੱਕ ਗਿਆ। ਅਸੀਂ ਓਸ ਚੀਜ਼ ਨੂੰ ਤਾਂ ਗਏ ਭੁੱਲ ਤੇ ਅਧਿਆਸ ਵਿਚ ਅਸੀਂ ਫਸ ਗਏ। ਹਉਮੈ ਨੇ ਸਾਨੂੰ ਅੱਡ ਕਰ ਦਿਤਾ।

ਇੱਕ ਮਹਾਂਪੁਰਸ਼ ਸਾਖੀ ਸੁਣਾ ਕੇ ਗੱਲ ਦੱਸਿਆ ਕਰਦੇ ਨੇ। ਦਸਦੇ ਤਾਂ ਬਹੁਤ ਤਰੀਕਿਆਂ ਦੇ ਨਾਲ ਹੈ। ਮਹਾਂਪੁਰਸ਼ਾਂ ਦੇ ਜਿਹੜੇ ਬਚਨ ਹੁੰਦੇ ਨੇ ਉਹ ਜੀਵ ਨੂੰ ਸਮਝਾਉਣ ਵਾਸਤੇ ਹੁੰਦੇ ਨੇ। ਇੱਕ ਕੋਈ ਪੇਂਜਾ ਸੀ, ਉਨ੍ਹਾਂ ਕੋਲ ਸੰਤ ਆ ਕੇ ਹਰ ਸਾਲ ਰਜਾਈ ਨਵੀਂ ਉਨ੍ਹਾਂ ਨੇ ਪਿੰਜਾ ਲੈ ਲੈਣੀ। ਉਹਨੇ ਬੜੇ ਪ੍ਰੇਮ ਨਾਲ ਰਜਾਈ ਬਣਵਾਉਣੀ। ਉਸ ਤੋਂ ਬਾਅਦ ਉਹ ਫੇਰ ਇੱਕ ਸਾਲ ਨਹੀਂ ਸੀ ਆਉਂਦੇ। ਇੱਕ ਦਿਨ ਏਸ ਨੂੰ ਕਿ ਪ੍ਰਤੱਖ ਵਰਗਾ ਸੁਪਨਾ ਆਇਆ। ਸੁਪਨਾ ਵਿਚ ਇਹ ਆਇਆ ਕਿ ਰਾਜੇ ਦਾ ਦੂਤ ਆਇਆ, ਉਸ ਨੇ ਕਿਹਾ ਏ ਪੇਂਜੇ! ਰੂੰ ਆ ਰਹੀ ਹੈ। 50 ਗੱਡੇ ਰੂੰ ਦੇ ਪਿੰਜਣੇ ਨੇ, ਸੰਤਾਂ ਨੇ ਕਿਹਾ ਹੈ ਕਿ ਐਤਕੀਂ ਤੇਰੇ ਤੋਂ ਸਾਰੀ ਰੂੰ ਪਿੰਜਾਉਣੀ ਹੈ ਤੇ ਰਜਾਈਆਂ ਭਰਾਉਣੀਆਂ ਨੇ ਤੇ ਹਰਿਦੁਆਰ ਜਾ ਕੇ ਮਹਾਤਮਾ ਨੂੰ ਪੁੰਨ ਅਰਥੀ ਦੇਣੀ ਹੈ ਤੇ ਇਹਦੇ 'ਚ ਤੈਨੂੰ ਮਿਹਨਤ ਵਗੈਰਾ ਕੋਈ ਨਹੀਂ ਮਿਲਣੀ। ਉਹ ਕਹਿੰਦਾ, ਮੈਂ ਤਾਂ ਇਕੱਲਾ ਬੰਦਾ ਹਾਂ, ਮੈਂ ਪੰਜਾਹ ਗੱਡੇ ਕਿਵੇਂ ਪਿੰਜ ਦੇਵਾਂਗਾ ਰੂੰ ਦੇ? ਕਿਵੇਂ 50 ਗੱਡੇ ਰੂੰ ਦੀਆਂ ਰਜਾਈਆਂ ਭਰ ਦੇਵਾਂਗਾ? ਮੇਰੇ ਤੋਂ ਨਹੀਂ ਇਹ ਹੋਣਾ।

ਉਹ ਕਹੀ ਜਾਂਦਾ ਹੈ ਕਿ ਤੈਨੂੰ ਫੇਰ ਰਾਜ ਦੰਡ ਮਿਲੇਗਾ, ਤੈਨੂੰ ਕੈਦ

ਹੋਏਗੀ, ਤੈਨੂੰ ਕੋਰੜੇ ਲੱਗਣਗੇ। ਜਿਉਂ ਝਗੜਾ ਵਧਿਆ, ਬਹੁਤ ਜ਼ਿਆਦਾ ਝਗੜਾ ਵੱਧ ਗਿਆ। ਝਗੜਾ ਵਧਿਆ ਹੋਇਆ, ਦਿਮਾਗ ਤੇ ਅਸਰ ਹੋ ਗਿਆ ਸੁਪਨੇ 'ਚ। ਜਦੋਂ ਜਾਗ ਆ ਗਈ, ਤਾਂ ਅਧਿਆਸ ਓਧਰਲਾ ਪੱਕ ਗਿਆ, ਏਧਰਲਾ ਹਟ ਗਿਆ। ਇੱਕੋ ਗੱਲ ਕਰੀ ਜਾਂਦਾ ਹੈ ਉਠ ਕੇ ਕਿ ਮੇਰੇ ਤੋਂ ਨਹੀਂ ਐਨੀ ਰੂੰ ਪਿੰਜ ਹੋਣੀ। ਕੰਮ ਛੱਡ ਦਿਤਾ, ਘਰ ਛੱਡ ਦਿਤਾ, ਚਲਿਆ ਗਿਆ। ਹਰ ਵਕਤ ਇਹੀ ਕਹੀ ਜਾਂਦਾ, ਮੇਰੇ ਤੋਂ ਨਹੀਂ ਰੂੰ ਪਿੰਜ ਹੋਣੀ।

ਏਥੇ ਆਪਾਂ ਵੀ ਕਈ ਕਮਲੇ ਦੇਖੇ ਨੇ, ਉਨ੍ਹਾਂ ਦੇ ਦਿਮਾਗ ਤੇ ਅਸਰ ਹੋ ਜਾਂਦਾ ਹੈ, ਜੇ ਕਿਸੇ ਦਾ ਕਰਜ਼ਾ ਦੇਣਾ ਹੋਵੇ, ਜਾਂ ਪੈਸਾ ਮਾਰਿਆ ਜਾਵੇ। ਉਹ ਇਹੀ ਕਹੀ ਜਾਣਗੇ ਕਿ ਮੇਰਾ ਪੈਸਾ ਖਾ ਲਿਆ। ਕਿਉਂਕਿ ਦਿਮਾਗ ਦੀ ਸਥਿਤੀ ਹੋ ਜਾਂਦੀ ਹੈ ਸਾਧਸੰਗਤ ਜੀ। ਇਹ ਕੋਈ ਗਰੰਟੀ ਨਹੀਂ ਹੈ ਕਿ ਦਿਮਾਗ ਸਾਡਾ ਸਹੀ ਰਹੇ। ਪਤਾ ਨਹੀਂ ਕਿਹੜੇ ਵੇਲੇ ਚੱਕਰ ਖਾ ਜਾਵੇ। ਕਿੰਨੇ ਬੰਦੇ ਆਪਾਂ ਦੇਖਦੇ ਹਾਂ।

ਸੋ ਇਸ ਤਰ੍ਹਾਂ ਦੇ ਨਾਲ ਉਹ ਅਧਿਆਸ ਪੱਕਿਆ ਹੋਇਆ, ਜਦੋਂ ਸਾਲ ਬਾਅਦ ਮਹਾਤਮਾ ਆਏ ਤਾਂ ਉਨ੍ਹਾਂ ਨੇ ਆ ਕੇ ਪੁੱਛਿਆ ਕਿ ਉਹ ਪੇਂਜਾ ਕਿੱਥੇ ਚਲਿਆ ਗਿਆ? ਉਹ ਕਹਿੰਦੇ, ਮਹਾਰਾਜ! ਉਹ ਤਾਂ ਕਮਲਾ ਹੋ ਗਿਆ।

ਕਹਿੰਦੇ, ਹੈਂ! ਉਹ ਤਾਂ ਚੰਗਾ ਭਲਾ ਸੀ?

ਕੋਈ ਕਾਰਨ ਹੈ? ਕੋਈ ਗੱਲ ਕਹਿੰਦਾ ਹੈ?

ਉਹ ਕਹਿੰਦੇ, ਇਸ ਤਰ੍ਹਾਂ ਕਹੀ ਜਾਂਦਾ ਹੈ ਮਹਾਰਾਜ ਕਿ ਮੈਂ ਨਹੀਂ ਪੰਜਾਹ ਗੱਡੇ ਰੂੰ ਪਿੰਜਣੀ, ਮੈਂ ਨਹੀਂ ਰਜਾਈਆਂ ਭਰਨੀਆਂ।

ਮਹਾਤਮਾ ਨੇ ਸੋਚਿਆ ਕਿ ਇਹਨੂੰ ਕੋਈ ਬਹੁਤ ਭਿਆਨਕ ਸੁਪਨਾ ਆਇਆ ਹੈ। ਉਸ ਭਿਆਨਕ ਸੁਪਨੇ ਦਾ ਅਸਰ ਇਹਦੇ ਦਿਮਾਗ 'ਤੇ ਚਲਿਆ ਗਿਆ। ਦਿਮਾਗ ਦੇ ਵਿਚ ਅਧਿਆਸ ਪੱਕ ਗਿਆ। ਅਧਿਆਸ ਪੱਕਣ ਨਾਲ ਹੁਣ ਉਹ ਐਸੀ ਸਥਿਤੀ 'ਚ ਆ ਗਿਆ ਕਿ ਨਾ ਉਹ ਅਕਲ ਵਾਲਾ ਰਿਹਾ ਤੇ ਨਾ ਪਾਗਲ। ਯਾਨਿ ਉਸ ਮਾਮਲੇ 'ਤੇ ਪਾਗਲ ਹੋ ਗਿਆ। ਜਿਹੜੇ ਕਮਲੇ ਤੁਸੀਂ ਦੇਖੋਂਗੇ, ਉਨ੍ਹਾਂ 'ਤੇ ਇੱਕ ਅੱਧੀ ਚੀਜ਼ ਹਾਵੀ ਹੁੰਦੀ ਹੈ, ਉਹੀ ਗੱਲ ਬਾਰ-ਬਾਰ ਕਹੀ ਜਾਂਦੇ ਹੁੰਦੇ ਨੇ। ਸੋ ਮਹਾਤਮਾ ਨੇ ਟੋਲ੍ਹਿਆ, ਟੋਲ੍ਹ ਕੇ ਕਹਿਣ ਲੱਗੇ ਕਿ ਏ ਪੇਂਜੇ। ਕਹਿੰਦਾ, ਮੇਰੇ ਤੋਂ ਨਹੀਂ ਰੂੰ ਪਿੰਜ ਹੋਣੀ ਪੰਜਾਹ ਗੱਡੇ। ਕਹਿੰਦੇ, ਤੈਨੂੰ ਖੁਸ਼ਖਬਰੀ ਦੇਣ ਆਇਆ ਹਾਂ।

ਕਾਹਦੀ ਖੁਸ਼ਖਬਰੀ।

ਕਹਿੰਦੇ, ਜਿਹੜੇ ਰਾਜੇ ਨੇ ਗੱਡੇ ਭੇਜੇ ਸੀ, ਉਹ ਇੱਕ ਥਾਂ 'ਤੇ ਆ ਕੇ ਜਦੋਂ ਪੜਾਅ ਕਰਿਆ ਉਨ੍ਹਾਂ ਨੇ, ਤੇਰੇ ਵਲ ਨੂੰ ਆਉਣ ਵਾਸਤੇ।

ਕਹਿੰਦਾ, ਅੱਛਾ ਫੇਰ ਕੀ ਹੋਇਆ?

ਕਹਿੰਦੇ, ਗੱਡੇ ਦੇ ਨੇੜੇ ਰੋਟੀਆਂ ਪਕਾਉਣ ਲੱਗ ਗਿਆ, ਗੱਡਾ ਚਲਾਉਣ ਵਾਲਾ। ਹਵਾ ਜ਼ੋਰ ਨਾਲ ਆਈ, ਉਹ ਅੱਗ ਜਿਹੜੀ ਸੀ ਉਹ ਜਾ ਕੇ ਰੂੰ ਦੇ ਗੱਡੇ ਨੂੰ ਲੱਗ ਗਈ। ਕਹਿੰਦੇ ਤੂੰ ਦੇਖ ਲੈ, ਰੂੰ ਤਾਂ ਦੇਖ ਲੈ ਕਿਵੇਂ ਅੱਗ ਫੜਦੀ ਹੈ।

ਕਹਿੰਦਾ, ਹਾਂ ਜੀ, ਬਹੁਤ ਫੜਦੀ ਹੈ। ਕਹਿੰਦਾ, ਫੇਰ ਕੀ ਹੋਇਆ, ਛੇਤੀ ਦੱਸੋ?

ਕਹਿੰਦੇ, ਫੇਰ ਕੀ ਹੋਣਾ ਸੀ ਗੱਡਾ ਜਲ ਗਿਆ, ਉਥੋਂ ਹਵਾ ਨੇ ਰੂੰ ਉਡਾਈ, ਪਿਛਲਾ ਗੱਡਾ, ਉਸ ਤੋਂ ਪਿਛਲਾ ਗੱਡਾ, ਪੰਜਾਹ ਦੇ ਪੰਜਾਹ ਗੱਡੇ ਰੂੰ ਦੇ ਜਲ ਗਏ। ਹੁਣ ਰਾਜੇ ਨੂੰ ਰੂੰ ਕਿਤੋਂ ਮਿਲੀ ਨਹੀਂ ਹੈ। ਅਸੀਂ ਗਏ ਸੀ। ਸਾਨੂੰ ਉਹਨੇ ਕਿਹਾ ਕਿ ਪੇਂਜੇ ਨੂੰ ਕਹਿ ਦਿਓ ਕਿ ਹੁਣ ਨਹੀਂ ਅਸੀਂ ਪਿੰਜਾਉਣੀ ਰੂੰ। ਹੁਣ ਸਾਡਾ ਖਿਆਲ ਹਟ ਗਿਆ। ਜਦੋਂ ਸੰਤਾਂ ਨੇ ਇਹ ਗੱਲ ਕਹੀ, ਉਹਦੀ ਹੋਸ਼ ਪਰਤ ਆਈ।

ਇਹਨੂੰ ਅਧਿਆਸ ਕਹਿੰਦੇ ਨੇ, ਇਹ ਸਾਡਾ ਅਧਿਆਸ ਪੱਕ ਗਿਆ। ਮੈਂ ਵਿਚ ਦ੍ਰਿੜ੍ਹ ਹੋ ਗਏ, ਮੈਂ 'ਚ ਦ੍ਰਿੜ੍ਹ ਹੋ ਕੇ ਅਸੀਂ ਆਪਣੇ ਆਪ ਨੂੰ ਵਾਹਿਗੁਰੂ ਦੇ ਨਾਲੋਂ ਅੱਡ ਕਰ ਲਿਆ ਤੇ ਸਾਨੂੰ ਹੁਣ ਗੁਰੂ ਸਾਹਿਬ ਮਹਾਰਾਜ ਸਮਝਾਉਂਦੇ ਨੇ ਕਿ ਇਹ ਤਾਂ ਅਕਾਲਪੁਰਖ ਦਾ ਖੇਲ੍ਹ ਹੋ ਰਿਹਾ ਹੈ ਪ੍ਰੇਮੀਆਂ। ਤੂੰ ਅੱਡ ਹੋਇਆਂ ਕਿਉਂ ਬੈਠਾ ਹੈਂ? ਇਸ ਸਰੀਰ 'ਚ ਕੋਈ ਨਹੀਂ ਵਸਦਾ, ਇਸ 'ਚ ਵਾਹਿਗੁਰੂ ਵਸਦਾ ਹੈ। ਤੂੰ ਬੁੱਝਣ ਦਾ ਯਤਨ ਕਰ, ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਬੁੱਝ ਬੰਦਿਆ, ਅੰਦਰ ਕੌਣ ਤੇਰੇ ਵਸਦਾ।*
*ਨਾ ਇਹੁ ਮਾਨਸੁ ਨਾ ਇਹੁ ਦੇਉ ॥*
*ਨਾ ਇਹੁ ਜਤੀ ਕਹਾਵੈ ਸੇਉ ॥*
*ਨਾ ਇਹੁ ਜੋਗੀ ਨਾ ਅਵਧੂਤਾ ॥*
*ਨਾ ਇਸੁ ਮਾਇ ਨ ਕਾਹੂ ਪੂਤਾ ॥*
*ਇਆ ਮੰਦਰ ਮਹਿ ਕੌਨ ਬਸਾਈ ॥*
*ਤਾ ਕਾ ਅੰਤੁ ਨ ਕੋਊ ਪਾਈ ॥ ਅੰਗ – 871*

ਕਹਿੰਦੇ, ਜਿਹੜਾ ਤੇਰੇ ਅੰਦਰ ਵਸਦਾ ਹੈ ਇਹ ਨਾ ਤਾਂ ਮਾਨਸ ਹੈ, ਨਾ ਦੇਵਤਾ ਹੈ। ਬੁੱਝ ਕਹਿੰਦੇ, ਕੌਣ ਵਸਦਾ ਹੈ ਇਹਦੇ ਅੰਦਰ। ਕਹਿੰਦੇ, ਉਹ ਵਸਦਾ ਹੈ –

*ਧਾਰਨਾ – ਬ੍ਰਹਮਾ ਬਿਸ਼ਨ ਨਾ ਅੰਤ ਜਿਹਦਾ ਜਾਣਦੇ,*
*ਦੇਹੀ ਅੰਦਰ ਉਹ ਵਸਦਾ।*
*ਇਆ ਮੰਦਰ ਮਹਿ ਕੌਨ ਬਸਾਈ ॥*
*ਤਾ ਕਾ ਅੰਤੁ ਨ ਕੋਊ ਪਾਈ ॥ 1 ॥ ਰਹਾਉ ॥*
*ਨਾ ਇਹੁ ਗਿਰਹੀ ਨਾ ਓਦਾਸੀ ॥*
*ਨਾ ਇਹੁ ਰਾਜ ਨ ਭੀਖ ਮੰਗਾਸੀ ॥*

*ਨਾ ਇਸੁ ਪਿੰਡੁ ਨ ਰਕਤੂ ਰਾਤੀ ॥*
*ਨਾ ਇਹੁ ਬ੍ਰਹਮਨੁ ਨਾ ਇਹੁ ਖਾਤੀ ॥ 2 ॥*
*ਨਾ ਇਹੁ ਤਪਾ ਕਹਾਵੈ ਸੇਖੁ ॥*
*ਨਾ ਇਹੁ ਜੀਵੈ ਨ ਮਰਤਾ ਦੇਖੁ ॥*
*ਇਸੁ ਮਰਤੇ ਕਉ ਜੇ ਕੋਊ ਰੋਵੈ ॥*
*ਜੋ ਰੋਵੈ ਸੋਈ ਪਤਿ ਖੋਵੈ ॥ 3 ॥*
*ਗੁਰ ਪ੍ਰਸਾਦਿ ਮੈ ਡਗਰੋ ਪਾਇਆ ॥*
*ਜੀਵਨ ਮਰਨੁ ਦੋਊ ਮਿਟਵਾਇਆ ॥*
*ਕਹੁ ਕਬੀਰ ਇਹੁ ਰਾਮ ਕੀ ਅੰਸੁ ॥*
*ਜਸ ਕਾਗਦ ਪਰ ਮਿਟੈ ਨ ਮੰਸੁ ॥* *ਅੰਗ - 871*

ਕਹਿਣ ਲੱਗੇ, ਪ੍ਰੇਮੀਆਂ! ਏਸ ਸਰੀਰ ਦੇ ਅੰਦਰ ਕੋਈ ਨਹੀਂ ਵਸਦਾ, ਕਿਉਂਕਿ ਵਾਹਿਗੁਰੂ ਆਪੇ ਹੀ ਆਪ ਸੀਗਾ। ਕੋਈ ਦੂਜੀ ਚੀਜ਼ ਇੱਥੇ ਨਹੀਂ ਆਈ, ਜੜ੍ਹ ਵੀ ਓਹੀ ਹੈ ਤੇ ਚੇਤਨ ਵੀ ਓਹੀ ਹੈ। ਜਦੋਂ ਜੜ੍ਹ 'ਤੇ ਚੇਤਨ ਦਾ ਭੇਤ ਮਿਟ ਜਾਏਗਾ, ਉਸ ਵੇਲੇ ਇਹ ਗੱਲ ਤੈਨੂੰ ਸਮਝ 'ਚ ਆ ਜਾਏਗੀ। ਲੇਕਿਨ ਅਕਲ ਨਾਲ ਨਹੀਂ ਇਹ ਮਿਲ ਸਕਦਾ।

**ਕ੍ਰਿਸ਼ਨ ਮਹਾਰਾਜ ਇਹੀ ਗੱਲ ਅਰਜੁਨ ਨੂੰ ਸਮਝਾਉਂਦੇ ਹੋਏ ਫੁਰਮਾਉਂਦੇ ਨੇ ਕਿ ਹੇ ਅਰਜੁਨ! ਮਾਤ ਲੋਕ ਵਿਚ ਜੀਵ ਹਨ, ਇਹ ਮੇਰੀ ਹੀ ਅੰਸ ਹਨ। ਇਹ ਜੀਵ ਪ੍ਰਾਣੀ ਅਨਾਦੀ ਕਾਲ ਤੋਂ ਹੋ ਰਹੇ ਨੇ ਅਤੇ ਮਨ ਆਦੀ। ਜੋ ਛੇ ਪ੍ਰਕਾਰ ਇੰਦਰੇ ਨੇ, ਉਨ੍ਹਾਂ ਨੂੰ ਪ੍ਰਾਕਿਰਤੀ ਆਪਣੀ ਤਰਫ ਖਿੱਚੀ ਜਾਂਦੀ ਹੈ। ਉਹਦੇ ਨਾਲ ਜਿਹੜੀ ਇਹਦੀ ਚੇਤਨਤਾ ਹੈ, ਉਹ ਜੰਮਦੀ-ਮਰਦੀ ਰਹਿੰਦੀ ਹੈ, ਜੀਵ ਆਤਮਾ ਬੁੱਧੀ ਦੇ ਵਸ ਹੈ। ਬੁੱਧੀ ਮਨ ਦੇ ਵਸ ਹੈ, ਮਨ ਇੰਦਰੀਆਂ ਦੇ ਵਸ ਹੈ ਤੇ ਜਿਹੜੀਆਂ ਇੰਦਰੀਆਂ ਨੇ ਉਹ ਭੋਗਾਂ ਦੇ ਵਸ ਨੇ, ਹੁਣ ਇਸ ਤਰ੍ਹਾਂ ਅਸੀਂ ਥੱਲੇ ਉਤਰ ਆਏ, ਜਿਹੜੇ ਭੋਗ ਨੇ ਸਾਡੇ, ਉਹ ਸਾਡੇ ਸੰਸਕਾਰ ਬਣ ਜਾਂਦੇ, ਕਰਮ ਬਣ ਜਾਂਦੇ ਨੇ, ਉਹਦੇ ਬੰਨ੍ਹੇ ਹੋਏ ਅਸੀਂ ਜੰਮਦੇ ਰਹਿੰਦੇ ਹਾਂ, ਮਰਦੇ ਰਹਿੰਦੇ ਹਾਂ। ਉਹ ਸਾਰਾ ਝਗੜਾ ਹਉਮੈ ਦਾ ਹੈ -**

*ਧਾਰਨਾ - ਜੰਮਦਾ ਤੇ ਮਰਦਾ ਹੈ,*
*ਹਉਮੈ ਦਾ ਬੰਨਿਆ ਹੋਇਆ।*

ਕਹਿਣ ਲੱਗੇ, ਭਾਈ ਜਮਾਲ! ਆਹ ਜਿਹੜਾ ਹੰਕਾਰ ਦਾ ਤੱਤ ਆ ਗਿਆ, ਜਿਹਨੂੰ ਹੰਗਤਾ ਤੇ ਮਮਤਾ ਕਹਿੰਦੇ ਨੇ, ਗੁਰੂ ਮਹਾਰਾਜ ਇਹਨੂੰ ਹਉਮੈ ਕਹਿੰਦੇ ਨੇ। ਇਹਦੇ ਕਰਕੇ ਸੰਸਾਰ ਜੰਮੀ ਜਾਂਦਾ ਹੈ ਤੇ ਮਰੀ ਜਾਂਦਾ ਹੈ। ਜੰਮਦਾ-ਮਰਦਾ, ਆਪਣੇ ਸਿਰ ਲੈ ਲੈਂਦਾ ਹੈ। ਵੱਖਰਾ ਹੋ ਜਾਂਦਾ ਹੈ, ਉਸ ਕਰਕੇ ਦੁੱਖ ਦਾ ਖਾਤਮਾ ਨਹੀਂ ਹੁੰਦਾ। ਬਾਕੀ ਇਹ ਮਨ ਜਿਹੜਾ ਹੈ, ਇਹ ਅੰਨ੍ਹਾ ਹੋਇਆ-ਹੋਇਆ ਹੈ ਕਿਉਂਕਿ ਇਹਦੇ ਉੱਤੇ ਮੈਲ ਪੈ ਗਈ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*

***ਕਾਲਾ ਹੋਆ ਸਿਆਹੁ ॥***
***ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥***
***ਅੰਗ - 651***

ਐਨਾ ਕਾਲਾ ਹੋ ਗਿਆ ਕਿ ਆਪਣਾ ਸਰੂਪ ਹੀ ਨਹੀਂ ਇਹਨੂੰ ਦਿਸਦਾ। ਅੰਨ੍ਹਾ ਹੋ ਗਿਆ।

ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਮੈਲ ਕਿਵੇਂ ਜਾਵੇ?"

ਮਹਾਰਾਜ ਕਹਿੰਦੇ, "ਮੈਲ ਜਾਂਦੀ ਹੈ ਪ੍ਰਭੂ ਦੀ ਕ੍ਰਿਪਾ ਦੇ ਨਾਲ, ਸਾਧੂ ਦੀ ਸੰਗਤ ਨਾਲ। ਇਹ ਮਨ ਜਿਹੜਾ ਹੈ ਫੇਰ ਜੀਵ ਆਤਮਾ ਦੇ ਵਸ ਵਿਚ ਆ ਜਾਂਦਾ ਹੈ। ਨਹੀਂ ਤਾਂ ਜੀਵ ਆਤਮਾ ਨੇ ਬੁੱਧੀ ਨੂੰ ਥੱਲੇ ਕਰਿਆ ਹੋਇਆ ਹੈ। ਬੁੱਧੀ ਨੂੰ ਮਨ ਨੇ ਕਰਿਆ ਹੋਇਆ ਹੈ, ਮਨ ਨੂੰ ਇੰਦਰੀਆਂ ਨੇ ਕਰਿਆ ਹੋਇਆ, ਇੰਦਰਿਆਂ ਨੂੰ ਭੋਗਾਂ ਨੇ ਕਰਿਆ ਹੋਇਆ ਹੈ। ਉਲਟਾ process ਹੈ। ਜਦ ਉਲਟਾ ਜਾਵੇਂਗਾ ਤਾਂ ਇਸ ਸਰੀਰ ਦਾ ਅਸਲੀ ਮਾਲਕ ਜੋ ਹੈ, ਜੀਵ ਆਤਮਾ, ਉਹ ਫੇਰ ਮਨ ਨੂੰ ਵੀ ਤਾੜਨਾ ਕਰਦਾ ਹੈ -

***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥*** ***ਅੰਗ - 274***

***ਕਰਨ ਨ ਸੁਨੈ ਕਾਹੂ ਕੀ ਨਿੰਦਾ ॥*** ***ਅੰਗ - 274***

ਨਹੀਂ ਸੁਣਨ ਦਿੰਦਾ ਕਿਉਂਕਿ ਵਸ ਨੇ ਉਹਦੇ। ਹੱਥਾਂ ਨੂੰ ਮਾੜੇ ਥਾਂ ਕੰਮ ਨਹੀਂ ਕਰਨ ਦਿੰਦਾ। ਪੈਰਾਂ ਨੂੰ ਮਾੜੇ ਥਾਂ ਜਾਣ ਨਹੀਂ ਦਿੰਦਾ। ਕਿਉਂਕਿ ਕੰਟਰੋਲ ਕਰ ਲਿਆ, ਘਰ ਦੇ ਵਿਚ ਅਸਲੀ ਰਾਜਾ ਜਾਗ ਪਿਆ।

ਸੋ ਮਹਾਰਾਜ ਕਹਿੰਦੇ, ਮਨ ਜੀਵ ਆਤਮਾ ਦੇ ਵਸ 'ਚ ਆਇਆ ਹੋਇਆ, ਮੈਲਾ ਹੋਇਆ ਹੋਇਆ ਹੈ ਤੇ ਇਹ ਸਾਫ ਨਹੀਂ ਹੁੰਦਾ, ਨਾ ਹੀ ਤੀਰਥਾਂ 'ਤੇ ਜਾ ਕੇ ਇਹਦੀ ਕੁਛ ਸਫਾਈ ਹੋ ਸਕਦੀ ਹੈ। ਇਹ ਹੰਕਾਰ, ਹਉਮੈ ਹਟਦੀ ਨਹੀਂ ਹੈ -

***ਮਨ ਕਾਮਨਾ ਤੀਰਥ ਦੇਹ ਛੁਟੈ ॥***
***ਗਰਬੁ ਗੁਮਾਨੁ ਨ ਮਨ ਤੇ ਹੁਟੈ ॥***
***ਸੋਚ ਕਰੈ ਦਿਨਸੁ ਅਰੁ ਰਾਤਿ ॥***
***ਮਨ ਕੀ ਮੈਲੁ ਨ ਤਨ ਤੇ ਜਾਤਿ ॥*** ***ਅੰਗ - 265***

ਦਿਨ ਰਾਤ ਕਹਿੰਦੇ ਨ੍ਹਾਈ ਜਾਵੇ ਤੀਰਥਾਂ 'ਚ -

***ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥***
***ਮਨ ਤੇ ਕਬਹੂ ਨ ਬਿਖਿਆ ਟਰੈ ॥*** ***ਅੰਗ - 265***

ਇਸ ਤਰ੍ਹਾਂ ਕਹਿੰਦੇ ਕਿ ਜੇ ਮੈਲ ਲਾਹੁਣੀ ਹੈ, ਪ੍ਰੇਮੀਆਂ! ਉਹਦੀ ਤੈਨੂੰ ਅਸੀਂ ਜੁਗਤ ਦਸ ਦਿੰਦੇ ਹਾਂ -

***ਧਾਰਨਾ - ਮੈਲ ਲਹਿ ਜਾਂਦੀ ਹੈ,***
***ਪ੍ਰਭ ਜੀ ਦਾ ਸਿਮਰਨ ਕਰਕੇ।***

ਕਹਿਣ ਲੱਗੇ, ਜੇ ਪ੍ਰਭੂ ਨੂੰ ਯਾਦ ਰੱਖੋ, ਉਹ ਪਰਮ ਨਿਰਮਲ ਹੈ।

ਜਦੋਂ ਨਿਰਮਲ ਦਾ ਸ੍ਰੋਤ ਇਹਦੇ ਵਿਚ ਪੈਣਾ ਸ਼ੁਰੂ ਜਾਂਦਾ ਹੈ। ਜਿਸ ਤਰ੍ਹਾਂ ਦੇ ਨਾਲ ਇੱਕ ਟੇਪ ਦੇ ਥੱਲੇ ਮੈਲਾ ਪਾਣੀ ਦਾ ਬਰਤਨ ਰੱਖ ਦਿਓ, ਉਤੋਂ ਟੇਪ ਖੋਲ੍ਹ ਦਿਓ, ਜਿਉਂ-ਜਿਉਂ ਪਾਣੀ ਉਹਦੇ ਵਿਚ ਪੈਂਦਾ ਜਾਏਗਾ, ਤਿਉਂ-ਤਿਉਂ ਮੈਲਾ ਪਾਣੀ ਨਿਕਲਦਾ ਜਾਏਗਾ। ਚੁਬੱਚਾ ਹੈ, ਬਟਨ ਦੱਬ ਦਿਓ ਬਿਜਲੀ ਦਾ, ਜਦੋਂ ਟਿਊਬਵੈੱਲ ਚੱਲੇਗਾ, ਮੈਲਾ ਪਾਣੀ ਆਪਣੇ ਆਪ ਬਾਹਰ ਨਿਕਲ ਜਾਏਗਾ ਤੇ ਚੁਬੱਚਾ ਨਿਰਮਲ ਜਲ ਨਾਲ ਭਰ ਜਾਏਗਾ। ਇਸੇ ਤਰ੍ਹਾਂ ਸਾਡੇ ਜਿਹੜੇ ਮੈਲੇ ਸੰਸਕਾਰ ਨੇ, ਜਦੋਂ ਵਾਹਿਗੁਰੂ ਦੀ ਯਾਦ, ਵਾਹਿਗੁਰੂ ਦਾ ਪਿਆਰ, ਵਾਹਿਗੁਰੂ ਦੀ ਸੋਝੀ ਸਾਡੇ ਹਿਰਦੇ 'ਚ ਸਮਾਏਗੀ, ਇਹ ਮੈਲ ਬਾਹਰ ਨਿਕਲਣ ਲੱਗ ਜਾਏਗੀ -

***ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥***
***ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥ ਅੰਗ - 263***

ਉਸ ਵੇਲੇ ਅੰਮ੍ਰਿਤ ਨਾਮ ਨੇ ਮਨ ਵਿਚ ਵਸਣਾ ਹੈ। ਜਿੰਨਾਂ ਚਿਰ ਤੱਕ ਮਨ ਮੈਲਾ ਹੈ, ਓਨੀ ਦੇਰ ਤੱਕ ਤਾਂ ਮੈਲ ਨੂੰ ਦੂਰ ਕਰਦਾ ਹੈ -

***ਭਰੀਐ ਮਤਿ ਪਾਪਾ ਕੈ ਸੰਗਿ ॥***
***ਓਹੁ ਧੋਪੈ ਨਾਵੈ ਕੈ ਰੰਗਿ ॥ ਅੰਗ - 4***

ਸੋ ਇਸ ਤਰ੍ਹਾਂ ਬੁੱਧੀ ਜਿਹੜੀ ਹੈ ਇਹ ਸਤੋ ਗੁਣੀ ਅੰਸ ਹੈ, ਪ੍ਰਕ੍ਰਿਤੀ ਹੈ ਸਾਧਸੰਗਤ ਜੀ, ਜਿਹਨੂੰ ਅਸੀਂ ਅਕਲ ਕਹਿੰਦੇ ਹਾਂ, ਮਨ ਕਹਿੰਦੇ ਹਾਂ, ਚਿੱਤ ਕਹਿੰਦੇ ਹਾਂ, ਅਹੰਭਾਵ ਕਹਿੰਦੇ, ਇਹ ਸਾਰਾ ਜੜ੍ਹ ਹੈ, ਇਹ ਚੇਤਨ ਦੀ ਸਤਾ ਪੈਂਦੀ ਹੈ, ਪ੍ਰਕਾਸ਼ ਪੈਂਦਾ ਹੈ, ਉਹਦੇ ਨਾਲ ਇਹ ਉੱਠ ਕੇ ਪ੍ਰਮੇਸ਼ਰ ਤੋਂ ਬੇਮੁਖ ਹੋ ਜਾਂਦੇ ਨੇ। ਉਹਦਾ ਪ੍ਰਤੀਬਿੰਬ ਪੈਣ ਕਰਕੇ ਇਹ ਬੁੱਧੀ ਨੂੰ ਢੱਕ ਲੈਂਦੇ ਨੇ। ਮਹਾਰਾਜ ਕਹਿੰਦੇ ਬੁੱਧੀ ਨਹੀਂ ਪਹੁੰਚਦੀ ਉਥੇ। ਉਹਦੇ ਪਹੁੰਚਣ ਵਾਸਤੇ ਤੁਹਾਨੂੰ ਕਿਸੇ ਅਵਸਥਾ 'ਚ ਪਹੁੰਚਣਾ ਪੈਂਦਾ ਹੈ-

***ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥***
***ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥ ਅੰਗ - 8***

ਸਰਮ ਖੰਡ 'ਚ ਜਾ ਕੇ ਇਹ ਬੁੱਧੀ ਬਦਲਣੀ ਸ਼ੁਰੂ ਹੁੰਦੀ ਹੈ -

***ਕਹਿ ਕਬੀਰ ਬੁਧਿ ਹਰਿ ਲਈ ਮੇਰੀ***
***ਬੁਧਿ ਬਦਲੀ ਸਿਧਿ ਪਾਈ ॥ ਅੰਗ - 339***

ਉਹ ਹੋਰ ਬੁੱਧੀ ਹੈ, ਆਤਮ ਵਿਸ਼ੈਣੀ ਬੁੱਧੀ, ਅਨੇਕਾਂ ਨਾਮ ਨੇ ਉਹਦੇ, ਉਹਨੂੰ ਕੋਈ ਤੀਸਰੀ ਅੱਖ ਕਹਿੰਦਾ ਹੈ, ਕੋਈ ਉਹਨੂੰ ਗਿਆਨ ਇੰਦਰਾ ਕਹਿੰਦਾ ਹੈ, ਮਹਾਰਾਜ ਜੀ ਉਹਨੂੰ ਬਿਅੰਨ ਅੱਖੜੀਆਂ ਕਹਿੰਦੇ ਨੇ। ਉਹ ਖੁਲ੍ਹ ਜਾਂਦੀਆਂ ਨੇ ਪ੍ਰਮੇਸ਼ਰ ਦਾ ਦਰਸ਼ਨ ਕਰਕੇ, ਉਹਨੂੰ ਮਹਾਰਾਜ ਵਿਵੇਕ ਬੁੱਧੀ ਵੀ ਕਹਿੰਦੇ ਨੇ -

***ਬਿਬੇਕ ਬੁਧਿ ਸਭ ਜਗ ਮਹਿ***
***ਨਿਰਮਲ ਬਿਚਰਿ ਬਿਚਰਿ ਰਸੁ ਪੀਜੈ ॥***
***ਗੁਰ ਪਰਸਾਦਿ ਪਦਾਰਥੁ ਪਾਇਆ***
***ਸਤਿਗੁਰ ਕਉ ਇਹੁ ਮਨੁ ਦੀਜੈ ॥ ਅੰਗ - 1325***

ਸੋ ਇਹ ਹਉਮੈ ਕਰਕੇ ਆਦਮੀ ਫਸਦਾ ਹੈ, ਕਿਉਂਕਿ ਜਿਹੜਾ ਅੰਤਸ਼ਕਰਣ ਹੈ, ਇਹਦੇ ਵਿਚ ਹਉਮੈ ਕਰਕੇ ਪੁਰਸ਼, ਇਸ ਤਰ੍ਹਾਂ ਕਹਿੰਦਾ ਹੈ ਕਿ ਮੈਂ ਕਰਿਆ, ਜੇ ਮੈਂ ਆਹ ਗੱਲ ਨਾ ਕਰਦਾ, ਸਭ ਫਸ ਜਾਂਦੇ। ਇਹ ਮੈਂ ਕੰਮ ਕਰਿਆ, ਮੈਂ ਦਾਨ ਦਿਤਾ ਤਾਂ ਸਕੂਲ ਬਣਿਆ, ਇਹ ਮੈਂ ਦਾਨ ਦਿਤਾ ਤਾਂ ਗੁਰਦੁਆਰਾ ਬਣਿਆ, ਮੈਂ ਕੀਰਤਨ ਕਰਿਆ ਤਾਂ ਇੱਥੇ ਸਿੱਖੀ ਫੈਲੀ ਹੈ। ਮਹਾਰਾਜ ਕਹਿੰਦੇ, ਇਹ ਸਾਰੀਆਂ ਚੀਜ਼ਾਂ ਲੇਖੇ 'ਚ ਪੈਣ ਵਾਲੀਆਂ ਨਹੀਂ, ਇਸ ਤਰ੍ਹਾਂ ਫੁਰਮਾਉਂਦੇ ਨੇ –

*ਜਬ ਇਹ ਜਾਨੈ ਮੈਂ ਕਿਛੁ ਕਰਤਾ॥*
*ਜਬ ਲਗੁ ਜਾਨੈ ਮੁਝ ਤੇ ਕਛੁ ਹੋਇ ॥*
*ਤਬ ਇਸ ਕਉ ਸੁਖੁ ਨਾਹੀ ਕੋਇ ॥*
*ਜਬ ਇਹ ਜਾਨੈ ਮੈ ਕਿਛੁ ਕਰਤਾ ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥*
*ਜਬ ਧਾਰੈ ਕੋਊ ਬੈਰੀ ਮੀਤੁ ॥*
*ਤਬ ਲਗੁ ਨਿਹਚਲੁ ਨਾਹੀ ਚੀਤੁ ॥*
*ਜਬ ਲਗੁ ਮੋਹ ਮਗਨ ਸੰਗਿ ਮਾਇ ॥*
*ਤਬ ਲਗੁ ਧਰਮੁ ਰਾਇ ਦੇਇ ਸਜਾਇ ॥*
*ਪ੍ਰਭ ਕਿਰਪਾ ਤੇ ਬੰਧਨ ਤੂਟੈ ॥*
*ਗੁਰ ਪ੍ਰਸਾਦਿ ਨਾਨਕ ਹਉ ਛੂਟੈ ॥ ਅੰਗ – 278*

ਇਹ ਹਉਮੈ ਦੇ ਰੂਪ ਦੱਸੇ ਨੇ ਮਹਾਰਾਜ ਨੇ, ਅੱਡ-ਅੱਡ। ਜਦ ਇਹਦੇ ਮਨ 'ਚ ਖਿਆਲ ਆਉਂਦਾ ਹੈ ਕਿ ਮੈਂ ਕੁਛ ਕਰਦਾ ਹਾਂ, ਮੈਂ ਕਰ ਦੇਵਾਂ, ਮੈਂ ਇਨ੍ਹਾਂ ਦਾ ਭਲਾ ਕਰ ਦੇਵਾਂ। ਮੈਂ ਇਨ੍ਹਾਂ ਵਾਸਤੇ ਆਹ ਬਣਾ ਜਾਵਾਂ। ਕਹਿੰਦੇ, ਇਹ ਮੈਂ ਦੇ ਉਤੇ ਆਸਰਾ ਰੱਖ ਕੇ ਗੱਲ ਕਰ ਰਿਹਾ ਹੈ। ਇੱਥੇ ਤਾਂ ਸਾਰਾ ਕੁਛ ਮਹਾਰਾਜ ਗੁਰੂ ਦਸਵੇਂ ਪਾਤਸ਼ਾਹ ਨੇ, ਬੁੱਧੂਸ਼ਾਹ ਪੀਰ ਨੂੰ ਦੱਸਿਆ ਸੀ ਕਿ ਹੁਕਮ ਦੀ ਖੇਡ ਹੋ ਰਹੀ ਹੈ। ਇੱਥੇ ਕੁਛ ਨਹੀਂ ਕੋਈ ਕਰਦਾ। ਇਹ ਜਦੋਂ ਕਹਿੰਦਾ ਹੈ ਕਿ ਮੈਂ ਕਰਦਾ ਹਾਂ, ਮੈਂ ਕਰਿਆ, ਮੈਂ ਸਕੂਲ ਬਣਾਇਆ, ਮੈਂ ਗੁਰਦੁਆਰਾ ਬਣਾਇਆ ਹੈ। ਕੰਮ ਤਾਂ ਬਹੁਤ ਵਧੀਆ ਹੈ। ਨੇਕ ਕੰਮ ਕਰਿਆ ਹੈ, ਪਰ ਕੰਮ ਦੇ ਫਲ ਵਿਚ ਫਸ ਗਿਆ ਉਹ। ਫਲ ਭੋਗੇਗਾ, ਚਾਹੇ ਬੈਕੁੰਠ ਧਾਮ 'ਚ ਜਾ ਕੇ ਭੋਗੇ, ਚਾਹੇ ਇਸੇ ਸੰਸਾਰ 'ਚ ਆ ਕੇ, ਵੱਡੀ ਪਦਵੀ ਪ੍ਰਾਪਤ ਕਰਕੇ ਆ ਕੇ ਭੋਗੇ, ਕਿਉਂਕਿ ਬੰਨ੍ਹਿਆ ਗਿਆ ਏਸ ਚੀਜ਼ ਨਾਲ। ਇਸ ਤਰ੍ਹਾਂ ਬੰਨ੍ਹਿਆ ਜਾਂਦਾ ਹੈ ਆਦਮੀ। ਮੇਰਾ ਫਲਾਣਾ ਵੈਰੀ ਹੈ, ਇਹਨੇ ਮੈਨੂੰ ਬੜਾ ਤੰਗ ਕਰਿਆ ਹੈ, ਆਹ ਤਾਂ ਮੇਰਾ ਮਿੱਤਰ ਹੈ, ਸਾਡਾ ਹਿਤੀ ਹੈ, ਮਹਾਰਾਜ ਕਹਿੰਦੇ – 'ਤਬ ਲਗੁ ਨਿਹਚਲੁ ਨਾਹੀ ਚੀਤੁ ॥' ਗਿਆਨ ਨਹੀਂ ਹੋਇਆ, ਦੋ ਵਿਚ ਚੱਲ ਰਿਹਾ ਹੈਂ ਤੂੰ। ਸੋ ਦੋਹਾਂ ਦੇ ਵਿਚ ਜਿੰਨੀ ਦੇਰ ਤੱਕ ਹੈਂ, ਤੂੰ ਓਨੀਂ ਦੇਰ ਤੱਕ ਜੰਮਦਾ ਮਰਦਾ ਰਹੇਂਗਾ – 'ਜਬ ਲਗੁ ਮੋਹ ਮਗਨ ਸੰਗਿ ਮਾਇ ॥' ਜਿੰਨਾਂ ਚਿਰ ਮੋਹ ਦੇ ਵਿਚ ਮਗਨ ਹੈਂ, ਚਾਹੇ ਪੈਸੇ ਦਾ ਮੋਹ ਹੈ, ਚਾਹੇ ਪਰਿਵਾਰ ਦਾ ਮੋਹ ਹੈ, ਚਾਹੇ ਬੱਚਿਆਂ ਦਾ ਮੋਹ ਹੈ। ਚਾਹੇ ਕੋਠੀਆਂ ਦਾ ਮੋਹ ਹੈ, ਚਾਹੇ ਆਪਣੇ ਸਾਥੀਆਂ ਦਾ ਮੋਹ ਹੈ। ਮਹਾਰਾਜ

ਕਹਿੰਦੇ ਪਤਾ ਹੈ ਕੀ ਹੋਏਗਾ? 'ਤਬ ਲਗੁ ਧਰਮੁ ਰਾਇ ਦੇਇ ਸਜਾਇ ॥' ਓਨਾਂ ਚਿਰ ਤੂੰ ਸਦਾ ਵਾਸਤੇ ਤਿਆਰ ਹੋਈ ਜਾਹ। ਕਿਉਂਕਿ ਕਰਮ ਚੰਗੇ ਵੀ ਹੁੰਦੇ ਨੇ, ਮਾੜੇ ਵੀ ਹੁੰਦੇ ਨੇ। 'ਪ੍ਰਭ ਕਿਰਪਾ ਤੇ ਬੰਧਨ ਤੂਟੈ ॥ ਗੁਰ ਪ੍ਰਸਾਦਿ ਨਾਨਕ ਹਉ ਛੂਟੈ ॥ ' ਗੁਰੂ ਦੀ ਕ੍ਰਿਪਾ ਹੋ ਜਾਵੇ ਤਾਂ ਇਹ ਹਉਮੈ ਛੁਟਦੀ ਹੈ। ਇਹ ਪੈਦਾ ਕਿੱਥੋਂ ਹੋਈ ਕਹਿੰਦੇ? -

***ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥***

***ਅੰਗ - 466***

ਮਹਾਰਾਜ ਕਹਿੰਦੇ, ਹੁਕਮ ਤੋਂ ਹੋਈ ਹੈ -

***ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥***
***ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥***

***ਅੰਗ - 466***

ਇਹਦੇ ਵਿਚ ਹੀ ਦਾਰੂ ਰੱਖ ਦਿਤੀ। ਕਿਹੜੀ ਹੈ? ਕਹਿੰਦੇ -

***ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥***
***ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥***

***ਅੰਗ- 466***

ਸੋ ਹਉਮੈ ਦੋਹੀਂ ਪਾਸੀ ਹੁੰਦੀ ਹੈ, ਮੋਟੀ ਹਉਮੈ ਨੂੰ ਤਾਂ ਆਪਾਂ ਸਾਰੇ ਹੀ ਜਾਣਦੇ ਹਾਂ। ਸੂਖਮ ਹਉਮੈ ਵੀ ਹੁੰਦੀ ਹੈ, ਜਿਵੇਂ ਮੈਂ ਐਨਾ ਭਜਨ ਕਰਦਾ ਹਾਂ, ਮੈਂ ਐਨੇ ਵਜੇ ਉਠਦਾ ਹੈ, ਭਜਨ ਸਿਮਰਨ ਕਰਨਾ, ਤਪ ਕਰਨਾ, ਸੇਵਾ ਕਰਨੀ, ਕੁਰਬਾਨੀ ਦਾ ਅਹੰਭਾਵ ਲਿਆਉਣਾ, ਇਹ ਹਉਮੈ ਹੋਇਆ ਕਰਦੀ ਹੈ। ਸਥੂਲ ਹਉਮੈ ਹੁੰਦੀ ਹੈ, ਰਾਜ ਦੀ, ਜੋਬਨ ਦੀ, ਸੁੰਦਰਤਾ ਦੀ, ਵਿਦਿਆ ਦੀ, ਹੁਨਰ ਦੀ, ਕੁਲ ਦੀ, ਜਾਤੀ ਦੀ, ਇਹ ਮੁੱਕਦੀ ਨਹੀਂ, ਜਿਹੜੀ ਸਥੂਲ ਹਉਮੈ ਹੈ। ਸੋ ਹਉਮੈ ਦੇ ਵਿਚ ਜੀਵ ਫਸਿਆ ਹੋਇਆ, ਇਹ ਹਸਦਾ ਰਹਿੰਦਾ ਹੈ ਤੇ ਇਹਦੇ ਰੂਪ ਨੇ ਬਹੁਤ ਜ਼ਿਆਦਾ ਮਹਾਰਾਜ ਨੇ ਖੋਲ੍ਹ-ਖੋਲ੍ਹ ਕੇ ਦਸੇ ਨੇ, ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਸਮਝ ਲੈ ਮਨਾਂ, ਓ ਵੱਖੋ ਵੱਖ ਰੂਪ ਹਉਮੈ ਦੇ।***

***ਜਿਸ ਕੈ ਅੰਤਰਿ ਰਾਜ ਅਭਿਮਾਨੁ ॥***
***ਸੋ ਨਰਕਪਾਤੀ ਹੋਵਤ ਸੁਆਨੁ ॥*** ***ਅੰਗ - 278***

ਮਹਾਰਾਜ ਸਾਨੂੰ ਵੱਖਰੇ-ਵੱਖਰੇ ਰੂਪ ਦਸਦੇ ਨੇ ਹਉਮੈ ਦੇ। ਰਾਜ ਦੇ ਅਭਿਮਾਨ ਵਿਚ ਕੁੱਤਾ ਬਣਦਾ ਹੈ। ਰਾਜ ਦਾ ਮਾਣ, ਚਾਹੇ ਕੋਈ ਰਾਜਸੀ ਅਫਸਰ ਹੈ, ਚਾਹੇ ਉਹ ਰਾਜਸੀ ਕਰਮਚਾਰੀ ਹੈ, ਅਭਿਮਾਨ ਉਹਦੇ ਮਨ ਵਿਚ ਹੋਵੇ ਕਿ ਮੈਂ ਫਲਾਣਾ, ਮੇਰੇ ਕੋਲ ਆਹ ਅਖਤਿਆਰ ਨੇ, ਕਹਿੰਦੇ, ਨਤੀਜਾ ਕੀ ਕਰਨਾ ਹੈ ਇਸ ਹਉਮੈ ਨੇ। ਕੁੱਤਾ ਬਣਾ ਦਏਗੀ ਅਤੇ ਨਰਕ ਵਿਚ ਜਾਏਗਾ -

***ਜੋ ਜਾਨੈ ਮੈ ਜੋਬਨਵੰਤੁ ॥ ਸੋ ਹੋਵਤ ਬਿਸਟਾ ਕਾ ਜੰਤੁ ॥***

***ਅੰਗ - 278***

ਕਿੱਥੇ ਗਿਆ ਦੇਖ ਲਓ, ਵਿਸ਼ਟਾ ਦਾ ਜੰਤ ਬਣ ਗਿਆ -

*ਆਪਸ ਕਉ ਕਰਮਵੰਤੁ ਕਹਾਵੈ ॥*
*ਜਨਮਿ ਮਰੈ ਬਹੁ ਜੋਨਿ ਭ੍ਰਮਾਵੈ ॥*
*ਧਨ ਭੂਮਿ ਕਾ ਜੋ ਕਰੈ ਗੁਮਾਨੁ ॥* *ਅੰਗ - 278*

ਹੋ ਜਾਂਦਾ ਹੈ ਸਾਨੂੰ ਗੁਮਾਨ ਕਿ ਮੇਰੇ ਕੋਲ ਜ਼ਮੀਨ ਹੈ। ਇਹਦੇ ਨਾਲੋਂ ਮੇਰੀਆਂ ਕੋਠੀਆਂ ਜ਼ਿਆਦਾ। ਮੈਨੂੰ ਤਾਂ ਕਈ ਆਹੀ ਦਸਦੇ ਨੇ, ਜਿਥੇ ਜਾਓ ਕਹਿਣਗੇ, ਚੰਡੀਗੜ੍ਹ 'ਚ ਤਾਂ ਮੇਰੇ shop cum flat ਨੇ, ਸਾਡੇ ਕੋਲ ਤਾਂ ਜੀ ਕਾਰਾਂ ਬੜੀਆਂ ਨੇ, ਮੇਰੇ ਬੱਚੇ ਤਾਂ ਏਸ ਤਰ੍ਹਾਂ ਨੇ ਜੀ, ਸਾਰੀਆਂ ਹਉਮੈ ਦੀਆਂ ਗੱਲਾਂ ਨੇ।

*ਧਨ ਭੂਮਿ ਕਾ ਜੋ ਕਰੈ ਗੁਮਾਨੁ ॥*
*ਸੋ ਮੂਰਖੁ ਅੰਧਾ ਅਗਿਆਨੁ ॥*
*ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥*
*ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥* *ਅੰਗ - 278*

*ਧਨਵੰਤਾ ਹੋਇ ਕਰਿ ਗਰਬਾਵੈ ॥*
*ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ ॥*
*ਬਹੁ ਲਸਕਰ ਮਾਨੁਖ ਊਪਰਿ ਕਰੇ ਆਸ ॥*
*ਪਲ ਭੀਤਰਿ ਤਾ ਕਾ ਹੋਇ ਬਿਨਾਸ ॥*
*ਸਭ ਤੇ ਆਪ ਜਾਨੈ ਬਲਵੰਤੁ ॥*
*ਖਿਨ ਮਹਿ ਹੋਇ ਜਾਇ ਭਸਮੰਤੁ ॥*
*ਕਿਸੈ ਨ ਬਦੈ ਆਪਿ ਅਹੰਕਾਰੀ ॥*
*ਧਰਮ ਰਾਇ ਤਿਸੁ ਕਰੇ ਖੁਆਰੀ ॥*
*ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ ॥*
*ਸੋ ਜਨੁ ਨਾਨਕ ਦਰਗਹ ਪਰਵਾਨੁ ॥ 2 ॥*
*ਕੋਟਿ ਕਰਮ ਕਰੈ ਹਉ ਧਾਰੇ ॥*
*ਸ੍ਰਮੁ ਪਾਵੈ ਸਗਲੇ ਬਿਰਥਾਰੇ ॥* *ਅੰਗ - 278*

ਸਾਰੇ ਨੇਕ ਕਰਮ ਕਰਕੇ, ਸੇਵਾ ਕਰਕੇ, ਦਾਨ ਕਰਕੇ, ਤੀਰਥ ਕਰਕੇ, ਕਰੋੜਾਂ ਹੀ ਕਰਮ ਕਰੇ, ਮਹਾਰਾਜ ਕਹਿੰਦੇ ਇੱਕ ਦੋ ਚਾਰ ਨਹੀਂ, ਲੇਕਿਨ ਫੇਰ ਕਹੇ ਕਿ ਮੈਂ ਕਰੇ। ਉਹਦੇ ਨਾਲ ਕੀ ਹੁੰਦਾ ਹੈ, ਕਹਿੰਦੇ, ਥਕੇਵਾਂ ਪੱਲੇ ਪਿਆ -

*ਅਨਿਕ ਤਪਸਿਆ ਕਰੇ ਅਹੰਕਾਰ ॥* *ਅੰਗ - 278*

ਮੈਂ ਇਸ ਤਰ੍ਹਾਂ ਤਪਸਿਆ ਕਰੀ, ਫਲਾਣੇ ਥਾਉਂ ਐਨਾ ਨਾਮ ਜਪਿਆ, ਐਨਾ ਭਜਨ ਕਰਿਆ। ਉਹਦਾ ਮਾਣ ਕਰਦਾ ਹੈ ਕਿ, ਮੈਂ ਕਰਿਆ ਹੈ। ਮਹਾਰਾਜ ਕਹਿੰਦੇ ਫੇਰ ਕੀ ਹੋਏਗਾ?

*ਨਰਕ ਸੁਰਗ ਫਿਰਿ ਫਿਰਿ ਅਵਤਾਰ ॥* *ਅੰਗ - 278*

ਕਦੇ ਨਰਕ 'ਚ ਜਾਏਗਾ, ਕਦੇ ਸਵਰਗ 'ਚ ਤੇ ਮੁੜ-ਮੁੜ ਕੇ ਜੰਮਦਾ-ਮਰਦਾ ਰਹੇਂਗਾ -

*ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ ॥*

*ਹਰਿ ਦਰਗਹ ਕਹੁ ਕੈਸੇ ਗਵੈ ॥* *ਅੰਗ - 278*

ਜੇ ਆਤਮਾ ਨਹੀਂ ਦ੍ਰਵੀ, ਇਹਦੇ ਵਿਚ ਫਰਕ ਨਹੀਂ ਪਿਆ ਕੋਈ, ਤਾਂ ਕਹਿੰਦੇ ਦਰਗਾਹ ਦੇ ਵਿਚ ਕਿਵੇਂ ਜਾਏਂਗਾ? -

*ਆਪਸ ਕਉ ਜੋ ਭਲਾ ਕਹਾਵੈ ॥*
*ਤਿਸਹਿ ਭਲਾਈ ਨਿਕਟਿ ਨ ਆਵੈ ॥*
*ਸਰਬ ਕੀ ਰੇਨ ਜਾ ਕਾ ਮਨੁ ਹੋਇ ॥*
*ਕਹੁ ਨਾਨਕ ਤਾ ਕੀ ਨਿਰਮਲ ਸੋਇ ॥* *ਅੰਗ - 278*

ਕਹਿਣ ਲੱਗੇ, ਭਾਈ ਜਮਾਲ! ਤੈਨੂੰ ਅਸੀਂ ਹਉਮੈ ਦਾ ਰੂਪ ਦਸਿਆ ਹੈ, ਤੈਨੂੰ ਅਸੀਂ ਜੀਵ ਦਾ ਰੂਪ ਦੱਸਿਆ ਹੈ ਤੇ ਜੀਵ ਜਿਹੜਾ ਹੈ ਇਹ ਸਤਿ ਨਹੀਂ ਹੋਇਆ ਕਰਦਾ। ਕਹਿੰਦਾ ਫੇਰ ਮਹਾਰਾਜ ਮੈਂ ਹੈ ਹੀਂ ਨਹੀਂ? ਮਹਾਰਾਜ ਕਹਿੰਦੇ, ਅਧਿਆਸ ਪੱਕ ਗਿਆ, ਤਾਂ ਤੈਨੂੰ ਤੂੰ ਲਗਦਾ ਹੈਂ। ਤੂੰ ਨਹੀਂ ਹੈਂ, ਇਹ ਤਾਂ ਕੂੜੀ ਹਉਮੈ ਹੈ। ਦਿਨ ਚੜ੍ਹਨ 'ਤੇ ਰਾਤ ਨਹੀਂ ਰਿਹਾ ਕਰਦੀ। ਹਨ੍ਹੇਰਾ ਉਸੇ ਵੇਲੇ ਖਤਮ ਹੋ ਜਾਂਦਾ ਹੈ। ਜੇ ਰਾਤ ਸੱਚੀ ਹੋਵੇ ਤਾਂ ਦਿਨ ਵਿਚ ਵੀ ਰਹੇ। ਕਹਿੰਦੇ ਰਾਤ ਸੱਚੀ ਨਹੀਂ ਹੈ, ਚਾਨਣਾ ਹੋਇਆ ਤੇ ਰਾਤ ਖਤਮ ਹੋ ਗਈ। ਇਸੇ ਤਰ੍ਹਾਂ ਜਦੋਂ ਸੱਚ ਦਾ ਸੂਰਜ ਚੜ੍ਹ ਜਾਂਦਾ ਹੈ, ਝੂਠੀ ਮੈਂ ਮਰ ਜਾਂਦੀ ਹੈ, ਫੇਰ ਉਥੇ ਕੀ ਹੁੰਦਾ ਹੈ? ਸੱਚ ਆ ਕੇ ਪ੍ਰਵੇਸ਼ ਕਰ ਲੈਂਦਾ ਹੈ। ਸੱਚ ਇਹ ਹੈ ਕਿ ਸਾਰਿਆਂ ਦੇ ਅੰਦਰ ਪ੍ਰਮੇਸ਼ਰ ਆਪੇ ਹੀ ਖੇਲ੍ਹ ਕਰ ਰਿਹਾ ਹੈ। ਇਥੇ ਦੂਜਾ ਨਹੀਂ ਕੋਈ, ਸਾਰਿਆਂ ਦੇ ਅੰਦਰ ਇੱਕ ਪ੍ਰਮੇਸ਼ਰ ਲੇਕਿਨ ਇਹਦਾ ਜਿਹੜਾ ਜੜ੍ਹ ਹਿੱਸਾ ਹੈ, ਜਿਹਨੂੰ ਅੰਤਸ਼ਕਰਣ ਕਹਿੰਦੇ ਨੇ, ਉਹਨੇ ਜਾਗਰੁਕਤਾ ਆਉਣ ਤੇ 'ਮੈਂ' ਬਣਾ ਲਈ, 'ਮੈਂ' ਬਣਾਉਣ ਨਾਲ ਉਹ ਫਸਿਆ ਫਿਰਦਾ ਹੈ, ਦੁੱਖ ਸੁਖ ਭੋਗਦਾ ਹੈ। ਜੇ ਉਹ ਮੈਂ ਨੂੰ ਛੱਡ ਦੇਵੇ, ਮੈਂ ਤਾਂ ਕੁਛ ਨਹੀਂ -

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ ॥ 1 ॥ ਰਹਾਉ ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ ॥* *ਅੰਗ - 827*

ਕਹਿੰਦੇ, ਆਪੇ ਹੀ ਰਾਜਾ ਬਣਿਆ ਹੋਇਆ ਹੈ, ਆਪੇ ਹੀ ਰੰਕ ਬਣਿਆ ਹੋਇਆ ਹੈ, ਆਪੇ ਹੀ ਰਿਆਇਆ ਬਣਿਆ ਹੋਇਆ ਹੈ, ਆਪੇ ਹੀ ਹਾਕਮ ਬਣਿਆ ਹੋਇਆ ਹੈ ਤੇ ਜਦੋਂ ਇਹ ਪਛਾਣ ਵਿਚ ਆ ਜਾਂਦੀ ਹੈ ਗੱਲ, ਫੇਰ ਮਹਾਰਾਜ ਕਹਿੰਦੇ, ਸੋਝੀ ਜਾਗਦੀ ਹੈ -

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ ॥*
*ਅੰਗ - 610*

ਜਦੋਂ ਸੱਚ ਦੀ ਪਛਾਣ ਹੋ ਗਈ ਤੇ ਜੜ੍ਹ ਨੂੰ ਜੜ੍ਹ ਨਾ ਸਮਝਿਆ। ਚੇਤਨ ਨੂੰ ਚੇਤਨ ਨਾ ਸਮਝਿਆ। ਜੜ੍ਹ ਤੇ ਚੇਤਨ ਦੋਹਾਂ ਨੂੰ ਇਕੱਠੇ ਕਰ ਦਿਤਾ ਕਿ ਆਪੇ ਹੀ ਪ੍ਰਮੇਸ਼ਰ ਆਪਣੇ ਰੰਗਾਂ 'ਚ ਖੇਲ੍ਹਦਾ ਹੈ, ਇੱਥੇ ਦੂਜਾ ਕੋਈ ਨਹੀਂ ਹੈ। ਇਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਵੇਖ ਪਿਆਰਿਆ! ਸਭਨਾਂ ਅੰਦਰ ਏਕੋ ਰਾਮ ਹੈ।***

ਮਹਾਰਾਜ ਕਹਿਣ ਲੱਗੇ, ਦੇਖ ਪਿਆਰਿਆ! –

***ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥***
***ਕਲਾ ਧਾਰਿ ਜਿਨਿ ਸਗਲੀ ਮੋਹੀ ॥***
***ਅਪਨੇ ਚਰਿਤ ਪ੍ਰਭਿ ਆਪਿ ਬਨਾਏ ॥***
***ਅਪੁਨੀ ਕੀਮਤਿ ਆਪੇ ਪਾਏ ॥***
***ਹਰਿ ਬਿਨੁ ਦੂਜਾ ਨਾਹੀ ਕੋਇ ॥***
***ਸਰਬ ਨਿਰੰਤਰਿ ਏਕੋ ਸੋਇ ॥***
***ਓਤਿ ਪੋਤਿ ਰਵਿਆ ਰੂਪ ਰੰਗ ॥*** ***ਅੰਗ – 287***

ਇਸ ਤਰ੍ਹਾਂ ਰਮਿਆ ਹੋਇਆ ਹੈ ਜਿਵੇਂ ਕੱਪੜਾ ਬੁਣਿਆ ਹੁੰਦਾ ਹੈ, ਪਰ ਪ੍ਰਗਾਸ ਕਦੋਂ ਹੁੰਦਾ ਹੈ –

***ਭਏ ਪ੍ਰਗਾਸ ਸਾਧ ਕੈ ਸੰਗ ॥*** ***ਅੰਗ – 287***

ਕੋਈ ਪੂਰਾ ਮਿਲ ਜਾਵੇ, ਉਹਦੀ ਸੰਗਤ ਦੇ ਨਾਲ ਉਹਦਾ ਪ੍ਰਕਾਸ਼ ਹੁੰਦਾ ਹੈ, ਨਹੀਂ ਤਾਂ ਹਉਮੈ ਦਾ ਜਿਹੜਾ ਕਾਲਾ ਬੱਦਲ ਹੈ, ਢੱਕ ਕੇ ਰੱਖਦਾ ਹੈ ਉਹਨੂੰ।

***ਰਚਿ ਰਚਨਾ ਅਪਨੀ ਕਲ ਧਾਰੀ ॥***
***ਅਨਿਕ ਬਾਰ ਨਾਨਕ ਬਲਿਹਾਰੀ ॥*** ***ਅੰਗ – 287***

ਸਮਝਾ ਦਿਤਾ, ਸਮਝਣ ਦੇ ਨਾਲ ਕਹਿਣ ਲੱਗਿਆ, ਪਾਤਸ਼ਾਹ! ਇੱਕ ਸ਼ੰਕਾ ਰਹਿ ਗਿਆ।

ਮਹਾਰਾਜ ਕਹਿਣ ਲੱਗੇ, ਉਹ ਵੀ ਦੱਸ ਦੇ।

ਮਹਾਰਾਜ ਜੇ ਸਾਰਿਆਂ ਦੇ ਅੰਦਰ ਇੱਕ ਵਾਹਿਗੁਰੂ ਹੈ, ਫੇਰ ਇੱਕ ਦੇ ਦੁੱਖੀ ਹੋਣ ਨਾਲ ਸਾਰੇ ਦੁਖੀ ਹੋਣੇ ਚਾਹੀਦੇ ਨੇ। ਉਹ ਤਾਂ ਇੱਕੋ ਹੀ ਹੈ। ਇੱਕ ਦੀ ਭੁੱਖ ਨਵਿਰਤ ਹੋ ਜਾਏ, ਸਾਰੇ ਰੱਜ ਜਾਣੇ ਚਾਹੀਦੇ ਨੇ। ਇੱਕ ਦੇ ਅੰਦਰ ਗਿਆਨ ਦਾ ਪ੍ਰਕਾਸ਼ ਹੋ ਜਾਵੇ, ਸਾਰਿਆਂ ਦੇ ਅੰਦਰ ਪ੍ਰਕਾਸ਼ ਹੋ ਜਾਣਾ ਚਾਹੀਦਾ ਹੈ।

ਮਹਾਰਾਜ ਕਹਿੰਦੇ, ਦੇਖ ਅਕਾਸ਼ ਹੈ ਨਾ ਸਾਰੇ ਪਰੀਪੂਰਨ।

ਕਹਿੰਦਾ ਹਾਂ।

ਕਹਿੰਦੇ, ਸਾਰੇ ਭਾਂਡਿਆਂ ਦੇ ਵਿਚ ਵੀ ਆਕਾਸ਼ ਹੈ। ਆਕਾਸ਼ space ਨੂੰ ਕਹਿੰਦੇ ਨੇ। ਕੋਠੀ ਦੇ ਅੰਦਰ ਵੀ ਪ੍ਰਕਾਸ਼ ਹੈ। ਸਾਰੀਆਂ ਕੋਠੀਆਂ ਦੇ ਅੰਦਰ ਇੱਕੋ ਹੀ ਪ੍ਰਕਾਸ਼ ਹੈ, ਜਿਹਦੇ ਅੰਦਰ ਕੋਈ ਬਟਨ ਦਬਾਏਗਾ, ਸਵਿੱਚ ਦੱਬੇਗਾ, ਪ੍ਰਕਾਸ਼ ਉਹਦੇ ਅੰਦਰ ਹੀ ਆਏਗਾ, ਦੂਜਿਆਂ 'ਚ ਨਹੀਂ

ਆਉਂਦਾ ਹੁੰਦਾ ਹੈਗਾ ਵਾਹਿਗੁਰੂ ਹੀ ਸਾਰਿਆਂ ਦੇ ਅੰਦਰ, ਜਿਸ ਘਟ 'ਚ ਉਹਨੇ ਪ੍ਰਗਟ ਹੋਣਾ ਹੈ, ਉਥੇ ਹੀ ਹੁੰਦਾ ਹੈ। ਬਾਕੀ ਘਟਾਂ ਦੇ ਵਿਚ ਨਹੀਂ ਪ੍ਰਗਟ ਹੋਇਆ ਕਰਦਾ ਤੇ ਇਸੇ ਤਰ੍ਹਾਂ ਦੇ ਨਾਲ ਤਾਰਿਆਂ ਦਾ ਪਰਛਾਵਾਂ ਸਾਰੇ ਜਲਾਂ 'ਚ ਪੈਂਦਾ ਹੈ, ਦਿਸਦਾ ਹੈ ਪਰ ਉਹ ਨਿਆਰਾ ਹੈ ਸਾਰਿਆਂ ਤੋਂ। ਉਹਦੇ ਵਿਚ ਹੁੰਦਾ ਹੋਇਆ, ਦਿਸਦਾ ਹੋਇਆ ਵੀ, ਨਿਆਰਾ ਰਹਿੰਦਾ ਹੈ। ਇਸੇ ਤਰ੍ਹਾਂ ਨਿਰਗੁਣ ਬ੍ਰਹਮ ਸਭ ਕੁਛ ਹੁੰਦਾ ਹੋਇਆ, ਸਾਰਿਆਂ ਤੋਂ ਅਸੰਗ ਤੇ ਨਿਆਰਾ ਰਹਿੰਦਾ ਹੈ। ਹੈਗਾ ਸਾਰਿਆਂ ਦੇ ਅੰਦਰ –

***ਕਾਹੇ ਰੇ ਬਨ ਖੋਜਨ ਜਾਈ ॥***
***ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥ ਰਹਾਉ ॥***
***ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥***
***ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥***
***ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥***
***ਅੰਗ – 684***

ਅੰਦਰ ਵੀ ਉਹਨੂੰ ਦੇਖ, ਬਾਹਰ ਵੀ ਹੈ –

***ਜਨ ਨਾਨਕ ਬਿਨੁ ਆਪਾ ਚੀਨੈ***
***ਮਿਟੈ ਨ ਭ੍ਰਮ ਕੀ ਕਾਈ ॥*** ***ਅੰਗ – 678***

ਹੁਣ ਗੱਲ ਇਥੇ ਆ ਕੇ ਮੁੱਕ ਗਈ। ਜਿੰਨਾਂ ਚਿਰ ਆਪਾ ਨਹੀਂ ਚੀਨਦਾ, ਭਰਮ ਦੀ ਕਾਈ ਨਹੀਂ ਮੁੱਕਦੀ, ਓਨੀਂ ਦੇਰ ਤੱਕ ਹਉਮੈ ਦਾ ਨਾਸ਼ ਨਹੀਂ ਹੁੰਦਾ।

ਸੋ ਉਸ ਵੇਲੇ ਭਾਈ ਜਮਾਲ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਆਪ ਨੇ ਬਹੁਤ ਤਰੀਕੇ ਦੇ ਨਾਲ, ਆਪ ਦੀ ਬਾਣੀ ਨੂੰ ਪੜ੍ਹ ਕੇ, ਵੀਚਾਰ ਕੇ, ਬੜਾ ਕੁਛ ਸਮਝ 'ਚ ਆ ਗਿਆ।

ਮਹਾਰਾਜ ਕਹਿਣ ਲੱਗੇ, ਭਾਈ ਜਮਾਲ! ਆਹੀ ਅਸੀਂ ਕਿਹਾ ਸੀ ਕਿ ਬਈ ਬਾਣੀ ਪੜ੍ਹਨ ਦੇ ਵਿਚ ਭੇਦ ਹੈ। ਬਾਣੀ ਸੁਣਨ ਵਿਚ ਭੇਦ ਹੈ, ਬਾਣੀ ਮੰਨਣ ਵਿਚ ਭੇਦ ਹੈ। ਬਾਣੀ ਕਮਾਉਣ ਵਿਚ ਭੇਦ ਹੈ। ਸੋ ਹੁਣ ਤੂੰ ਏਸ ਬਾਣੀ ਨੂੰ ਕਮਾ, ਸੁਣਿਆ ਹੈ ਤੂੰ ਤੇ ਸੁਣ ਕੇ ਮੰਨ ਲਿਆ।

ਜੇ ਅਸੀਂ ਵੀ ਸੁਣ ਲਈਏ ਸਾਧਸੰਗਤ ਜੀ! ਬਾਣੀ ਤਾਂ ਓਹੀ ਹੈ ਬੜੀ ਸੁਖਾਲੀ, ਸੁਣ ਕੇ ਮੰਨ ਲਈਏ, ਸਾਡਾ ਵੀ ਉਧਾਰ ਹੋ ਸਕਦਾ ਹੈ। ਕਿੱਡਾ ਵੱਡਾ ਗੁਰਸਿੱਖ ਹੋਇਆ ਕਿ ਗੁਰੂ ਇਤਿਹਾਸ 'ਚ ਉਨ੍ਹਾਂ ਸਿੱਖਾਂ ਦੇ ਨਾਉਂ ਆਉਂਦੇ ਨੇ ਜਿਹੜੇ ਪੂਰਨ ਪਦਵੀ ਨੂੰ ਪਹੁੰਚੇ ਹੋਏ ਸੀ, ਬ੍ਰਹਮਗਿਆਨ ਅਵਸਥਾ ਨੂੰ। ਜਿਨ੍ਹਾਂ ਦੇ ਅੰਦਰ –

***ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***
***(ਸਰਬ ਲੋਹ ਗ੍ਰੰਥ 'ਚੋਂ')***

ਭੇਦ ਮਿਟਾ ਦਿਤਾ ਸੀ, ਗੁਰੂ ਦੀ ਜੋਤ ਨਾਲ ਜੋਤ ਹੋ ਕੇ ਇੱਕੋ ਓਤ

ਪੋਤ ਹੋ ਗਏ ਸੀ। ਸੋ ਐਸੇ ਗੁਰਸਿੱਖਾਂ ਦਾ ਹੁੰਦਾ ਹੈ, ਸੋ ਕਹਿਣ ਲੱਗਿਆ, ਪਾਤਸ਼ਾਹ! ਕੋਈ ਸਾਧਨ ਦੱਸੋ। ਹੁਣ ਇਹ ਐਨਾ ਵਜ਼ਨ ਮੇਰੇ ਤੋਂ ਚੁੱਕਿਆ ਨਹੀਂ ਜਾਂਦਾ ਤੇ ਬਾਣੀ ਕਮਾਈ ਨਹੀਂ ਜਾਂਦੀ। ਕੋਈ ਆਪ ਸਾਧਨ ਦੱਸੋ, ਜਿਸ ਦੇ ਨਾਲ ਮੈਂ ਬਾਣੀ ਕਮਾ ਲਵਾਂ। ਮਹਾਰਾਜ ਕਹਿੰਦੇ, ਪਿਆਰਿਆ! ਉਹ ਸਾਧਨ ਹੈ ਸਿਮਰਨ। ਸਿਮਰਨ ਕਹਿੰਦੇ ਨੇ, ਯਾਦ ਨੂੰ ਤੇ ਵਾਹਿਗੁਰੂ ਉਹਦਾ ਨਾਉਂ ਅਸੀਂ ਰੱਖਿਆ ਹੈ। ਗੁਰੂ ਨਾਨਕ ਪਾਤਸ਼ਾਹ ਨੇ ਨਾਮ ਦਿਤਾ, ਵਾਹਿਗੁਰੂ ਕਹਿੰਦੇ ਹਾਂ ਜਦ ਅਸੀਂ ਤਾਂ ਖੰਡਾਂ-ਬ੍ਰਹਿਮੰਡਾਂ 'ਚ ਪਰੀਪੂਰਨ ਜੋਤ –

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨਾ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥***

***ਅਕਾਲ ਉਸਤਤਿ***

ਜਦੋਂ ਤੇਰਾ ਧਿਆਨ ਇਹਦੇ ਵਿਚ ਪਰਪੱਕ ਹੋਣ ਲੱਗ ਜਾਏਗਾ, ਦੁਨੀਆਂ ਵਲੋਂ ਪਿੱਛੇ ਹਟਣ ਲੱਗ ਜਾਏਗਾ। ਉਸ ਵੇਲੇ ਇਹ ਯਾਦ ਵਧਦੀ ਜਾਏਗੀ, ਓਧਰਲਾ ਅਧਿਆਸ ਘਟਦਾ ਜਾਏਗਾ। ਜਿਸ ਵਕਤ ਇਹ ਯਾਦ 24 ਘੰਟੇ ਦੀ ਬਣ ਜਾਏਗੀ ਤੇ ਅਵਸਥਾ ਐਸੀ ਆ ਜਾਏਗੀ, ਜੈਸੀ ਗੁਰੂ ਮਹਾਰਾਜ ਨੇ ਵਰਣਨ ਕੀਤੀ ਹੈ, ਪੜ੍ਹੋ ਪਿਆਰ ਨਾਲ –

***ਧਾਰਨਾ – ਨਹੀਂਓਂ ਜੀਂਵਦੀ, ਮੱਛੀ ਨੀਰ ਤੋਂ ਬਿਨਾਂ।***

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥***

***ਅੰਗ – 708***

ਕਹਿਣ ਲੱਗੇ, ਭਾਈ ਜਮਾਲ! ਇਹਦਾ ਇਲਾਜ ਇਹੀ ਹੈ ਕਿ ਓਧਰਲਾ ਅਧਿਆਸ ਘਟਾਉਣਾ ਸ਼ੁਰੂ ਕਰ ਦੇ। ਇਧਰਲਾ ਵਧਾਉਣਾ ਸ਼ੁਰੂ ਕਰ ਦੇ। ਇਹ ਸਿਮਰਨ ਨਾਲ ਹੋਇਆ ਕਰਦਾ ਹੈ। ਜਿਉਂ-ਜਿਉਂ ਸਿਮਰਨ ਵਧਦਾ ਜਾਏਗਾ, ਤਿਉਂ-ਤਿਉਂ ਪ੍ਰਮੇਸ਼ਰ ਦੀ ਯਾਦ, ਸਤਿ ਦੀ ਯਾਦ ਪੱਕਦੀ ਜਾਏਗੀ ਤੇ ਝੂਠ ਦੀ ਰਾਤ ਖਤਮ ਹੁੰਦੀ ਜਾਏਗੀ। ਅਖੀਰ ਜਦੋਂ ਝੂਠ 'ਚੋਂ ਉੱਠ ਕੇ, ਹਉਮੈ 'ਚੋਂ ਉੱਠ ਕੇ, ਸੁਰਤ ਨੇ ਸਤਿ ਦੇ ਨਾਲ ਜੁੜ ਜਾਣਾ ਹੈ, ਉਸ ਵੇਲੇ ਪੁਲ ਬਣ ਜਾਏਗਾ। ਉਸ ਵੇਲੇ ਉਧਰ ਵੀ ਪ੍ਰਕਾਸ਼ ਹੋ ਜਾਏਗਾ, ਓਧਰੋਂ ਝੂਠੀ ਮੈਂ ਮਰ ਜਾਏਗੀ। ਏਧਰ ਸਤਿ ਦੀ ਪ੍ਰਾਪਤੀ ਹੋ ਜਾਏਗੀ। ਸੋ ਇਹਦਾ ਜਤਨ ਇਹੀ ਹੈ ਕਿ ਸਿਮਰਨ ਜਿਹਨੂੰ ਕਹਿੰਦੇ ਨੇ, ਨਾਮ ਜਪਣਾ –

***ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।***

***ਭਾਈ ਗੁਰਦਾਸ ਜੀ, ਵਾਰ 13/2***

ਇਹਨੂੰ ਜਪੋ, ਜਪਣ ਦੇ ਨਾਲ ਹਉਮੈ ਦਾ ਨਾਸ਼ ਹੋ ਜਾਏਗਾ। ਨਾ ਪੜ੍ਹਨ ਦੇ ਨਾਲ ਜਾਂਦੀ ਹੈ, ਨਾ ਵਿਚਾਰਨ ਦੇ ਨਾਲ ਜਾਂਦੀ ਹੈ। ਕੋਈ

ਸਾਧਨ ਨਹੀਂ, ਹਉਮੈ ਨੂੰ ਕੱਟਣ ਦਾ, ਸਿਰਫ ਇੱਕ ਵਾਹਿਗੁਰੂ ਦਾ ਨਾਮ ਸਾਧਨ ਹੈ। ਸੋ ਇਸ ਤਰ੍ਹਾਂ ਤੂੰ ਸਾਵਧਾਨ ਹੋ ਕੇ ਨਾਮ ਜਪ, ਸਾਮ੍ਹਣੇ ਹੋ ਗਿਆ ਬੈਠ ਗਿਆ। ਮਹਾਰਾਜ ਨੇ ਕ੍ਰਿਪਾ ਕਰੀ, ਹੱਥ ਰੱਖ ਦਿਤਾ ਸੀਸ ਦੇ ਉਤੇ। ਨਾਲ ਹੁਕਮ ਦਿਤਾ, ਕਹਿਣ ਲੱਗੇ, ਭਾਈ ਜਮਾਲ! ਕਹੁ ਵਾਹਿਗੁਰੂ! ਕਹੁ ਵਾਹਿਗੁਰੂ! ਕਹੁ ਵਾਹਿਗੁਰੂ। ਤਿੰਨ ਵਾਰੀ ਵਾਹਿਗੁਰੂ ਕਹਾ ਕੇ, ਹਉਮੈ ਦਾ ਨਾਸ਼ ਕਰ ਦਿਤਾ ਤੇ ਸਿੱਖ ਨੇ ਫੇਰ ਕਮਾਈ ਕੀਤੀ ਬਾਣੀ ਦੀ, ਨਾਮ ਦੀ ਕਮਾਈ ਕੀਤੀ। ਸੋ ਇਸ ਤਰ੍ਹਾਂ ਜੇ ਅਸੀਂ ਬਾਣੀ ਦੀ ਕਮਾਈ ਕਰੀਏ। ਬਾਣੀ ਪੜ੍ਹਨੀ ਪਹਿਲਾਂ, ਫੇਰ ਬਾਣੀ ਦੇ ਅਰਥ ਵੀਚਾਰ ਕਰਨੇ, ਫੇਰ ਬਾਣੀ ਦੇ ਭਾਵ ਵਿਚ ਜਾਣਾ। ਫੇਰ ਬਾਣੀ ਨੂੰ ਮੰਨਣਾ। ਭਾਵ 'ਚ ਤਾਂ ਚਲੇ ਜਾਂਦਾ ਹੈ ਆਦਮੀ, ਲੇਕਿਨ ਮੰਨਦਾ ਨਹੀਂ ਹੈ। ਮੰਨੇਗਾ ਕਿਵੇਂ, ਬਾਣੀ ਵਿਚ ਤਾਂ ਬਹੁਤ ਗੱਲਾਂ ਹੁੰਦੀਆਂ ਨੇ। ਮੰਨਣਾ ਹੌਲੀ-ਹੌਲੀ ਸ਼ੁਰੂ ਕਰੋ, ਫੇਰ ਮੰਨ ਕੇ ਉਹਦੀ ਕਮਾਈ ਕਰੋ। ਮੰਨਣ ਤੇ ਨਹੀਂ ਖਹਿੜਾ ਛੁਟਦਾ। ਇਸ ਤੋਂ ਬਾਅਦ ਫੇਰ ਨਿਧਿਆਸਣ ਕਰਨਾ ਪੈਂਦਾ ਹੈ, ਕਮਾਈ ਕਰਨੀ ਪੈਂਦੀ ਹੈ। ਕਮਾਈ ਤੋਂ ਬਾਅਦ ਨਤੀਜਾ ਸਾਮ੍ਹਣੇ ਆਉਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਸਾਡਾ ਵੀ ਉਧਾਰ ਹੋ ਸਕਦਾ ਹੈ, ਉਸ ਗੁਰਸਿੱਖ ਦਾ ਉਧਾਰ ਹੋਇਆ ਹੈ, ਜਿਸ ਦੀ ਬਦੌਲਤ ਸਾਨੂੰ ਵੀ ਬਹੁਤ ਕੁਛ ਪਤਾ ਲੱਗਿਆ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

ਅਨੰਦ ਸਾਹਿਬ, ਗੁਰਸਤੋਤਰ, ਅਰਦਾਸ, ਹੁਕਮਨਾਮਾ।

# ਭਗਤ ਸਧਨਾ ਜੀ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289*

*ਧਾਰਨਾ - ਪ੍ਰੀਤਮ ਮੇਰਾ ਪਿਆਰਾ ਕੋਈ ਆਣ ਕੇ ਮਿਲਾਵੇ।*

*ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ*
*ਹਉ ਤਿਸੁ ਪਹਿ ਆਪੁ ਵੇਚਾਈ ॥ 1 ॥*
*ਦਰਸਨੁ ਹਰਿ ਦੇਖਣ ਕੈ ਤਾਈ ॥*
*ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ*
*ਹਰਿ ਹਰਿ ਨਾਮੁ ਧਿਆਈ ॥ 1 ॥ ਰਹਾਉ ॥*
*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥*
*ਤਨੁ ਮਨੁ ਕਾਟਿ ਕਾਟਿ ਸਭੁ ਅਰਪੀ*
*ਵਿਚਿ ਅਗਨੀ ਆਪੁ ਜਲਾਈ ॥ 4 ॥*
*ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥*
*ਨਾਨਕੁ ਗਰੀਬੁ ਢਹਿ ਪਇਆ ਦੁਆਰੈ*
*ਹਰਿ ਮੇਲਿ ਲੈਹੁ ਵਡਿਆਈ ॥ ਅੰਗ- 757*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਚਿੱਤ ਬਿਰਤੀਆਂ ਇਕਾਗਰ ਕਰੋ, ਦੂਰ ਦਰਾਜ ਤੋਂ ਆਪ ਗੁਰੂ ਦਰਬਾਰ ਵਿਚ ਪਹੁੰਚੇ ਹੋਂ। ਥੋੜ੍ਹੀ ਦੇਰ ਮਨ ਦੀਆ ਬਿਰਤੀਆਂ ਰੋਕ ਕੇ, ਫੁਰਨੇ ਰੋਕ ਕੇ ਗੁਰਮਤਿ ਵਿਚਾਰਾਂ ਸ੍ਰਵਣ ਕਰੋ। ਉਹਨਾਂ ਦਾ ਮੰਨਣ ਕਰੋ, ਹਿਰਦੇ 'ਚ ਧਾਰਨ ਕਰੋ। ਤੁਹਾਡੀ ਯਾਤਰਾ ਸਫਲ ਰਹੇਗੀ ਤੇ ਮਨ ਬਾਂਛਤ ਫਲ ਗੁਰੂ ਮਹਾਰਾਜ ਦੇਣਗੇ।

ਮਨੁੱਖ ਦਾ ਜਨਮ ਬਹੁਤ ਹੀ ਕੀਮਤੀ ਹੈ। ਇਹ ਅਚਾਨਕ ਨਹੀਂ ਸਾਨੂੰ ਮਿਲਿਆ, ਬਹੁਤ ਚੱਕਰ ਲੱਗਣ ਤੋਂ ਬਾਅਦ ਪ੍ਰਾਪਤ ਹੋਇਆ-

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥*
*ਅੰਗ- 631*

ਬੜੇ ਯੁੱਗ ਲੰਘ ਗਏ ਫਿਰਦਿਆਂ ਨੂੰ। ਪਤਾ ਨਹੀਂ ਕਿਹੜੀਆਂ-ਕਿਹੜੀਆਂ ਜੂਨਾਂ 'ਚ ਰਹੇ। ਫੇਰ ਜਾ ਕੇ ਮਨੁੱਖ ਦਾ ਜਾਮਾ ਪ੍ਰਾਪਤ ਹੁੰਦੈ। ਇਹ ਪ੍ਰਾਪਤ ਇਸ ਕਰਕੇ ਹੋਇਆ ਕਰਦੈ ਕਿ -

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅੰਗ- 12***

ਗੋਬਿੰਦ ਨੂੰ ਮਿਲਣ ਦੀ ਵਾਰੀ ਆ ਗਈ। ਬਾਕੀ ਜਿਹੜੇ ਕੰਮਾਂ 'ਚ ਲੱਗਿਆ ਹੋਇਐ ਮਹਾਰਾਜ ਕਹਿੰਦੇ-

***ਅਵਰਿ ਕਾਜ ਤੇਰੈ ਕਿਤੈ ਨ ਕਾਮ ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ- 12***

ਉਹ ਕੰਮ ਤੇਰੇ ਫਜ਼ੂਲ ਨੇ, ਕਿਸੇ ਕੰਮ ਨਹੀਂ ਆਉਣੇ। ਜੋ ਤੇਰੀ ਪਰਾਲਬਧ ਹੈ, ਉਹ ਦਰਗਾਹ ਤੋਂ ਤੇਰੇ ਮਸਤਕ 'ਚ ਲਿਖ ਕੇ ਭੇਜੀ ਹੋਈ ਹੈ। ਨਾ ਘਟਦੀ ਹੈ, ਨਾ ਵਧਦੀ ਹੈ। ਮਾੜੇ ਕਰਮ ਕਰ ਲਓ, ਘਟ ਜਾਇਆ ਕਰਦੀ ਹੈ। ਚੰਗੇ ਕੰਮ, ਸਤਿਸੰਗ ਕਰੋ, ਗੁਰੂ ਦੇ ਦਰਸ਼ਨ ਕਰੋ, ਹਰੀ ਦਾ ਜਸ ਸਰਵਣ ਕਰੋ, ਪੁੰਨ ਦਾਨ, ਸੇਵਾ ਕਰੋ ਉਸ ਦੇ ਨਾਲ ਵਧ ਜਾਇਆ ਕਰਦੀ ਹੈ। ਸੋ ਉਹਦਾ ਫਿਕਰ ਨਹੀਂ ਕਰਨਾ ਚਾਹੀਦਾ। ਮਹਾਰਾਜ ਕਹਿੰਦੇ, ਜਿਹੜਾ ਬਾਕੀ ਕੰਮਾਂ 'ਚ ਲਿਪਤ ਹੋਇਆ-ਹੋਇਆ ਹੈਂ ਨਾ ਤੂੰ, ਉਹ ਤੇਰੇ ਕਿਸੇ ਕੰਮ ਨਹੀਂ ਹੈਗੇ। ਸਭ ਚੀਜ਼ਾਂ ਦੁਨੀਆਂ ਦੀਆਂ ਕੰਮ ਆਉਂਦੀਆਂ ਨੇ। ਕੀ ਰੇਤਾ ਹੈ, ਇਹ ਵੀ ਕੰਮ ਆਉਂਦਾ ਹੈ। ਚੁੱਕਦੇ ਫਿਰਦੇ ਨੇ, ਸੁਆਹ ਵੀ ਕੰਮ ਆਉਂਦੀ ਹੈ। ਮਹਾਰਾਜ ਕਹਿੰਦੇ, ਜਿਹੜੇ ਤੂੰ ਕੰਮ ਕਰਨ ਲੱਗਿਆਂ ਹੈਂ ਨਾ ਸੰਸਾਰ 'ਚ, ਵਾਹਿਗੁਰੂ ਨੂੰ ਮਿਲਣ ਤੋਂ ਬਗੈਰ ਹੋਰ ਗੱਲਾਂ ਬਾਤਾਂ, ਇਥੇ ਤਾਂ ਤੈਨੂੰ ਲਗਦੈ ਕਿ ਕੰਮ ਦੀਆਂ ਨੇ, ਪਰ ਦਰਗਾਹੀ ਰਾਹ ਦੇ ਵਿਚ ਕਿਸੇ ਵੀ ਕੰਮ ਦੀਆਂ ਨਹੀਂ ਹਨ। ਇਸ ਕਰਕੇ, ਹਿੰਮਤ ਕਰਕੇ ਤੂੰ ਸਤਿਸੰਗ ਕਰ, ਭਜਨ ਕਰਨ ਲੱਗ, ਪੁੱਛ ਕਿਸੇ ਤੋਂ ਕਿ ਭਜਨ ਕਿਵੇਂ ਕਰੀਦੈ? ਮਹਾਂਪੁਰਸ਼ਾਂ ਦੀ ਸੰਗਤ ਕਰ। ਉਹਨਾਂ ਦੀ ਸੰਗਤ ਕਰਕੇ ਤੈਨੂੰ ਕੁਛ ਗਿਆਨ ਹੋਏਗਾ, ਤੇਰੇ ਅੰਦਰ ਕੁਛ ਚਾਨਣਾ ਹੋਏਗਾ। ਕਿਉਂਕਿ ਬਹੁਤ ਜਨਮ ਲੰਘ ਗਏ। ਜੇ ਮਨੁੱਖ ਦੇ ਜਾਮੇ ਵਿਚ ਵੀ ਅਸੀਂ ਆਉਂਦੇ ਹਾਂ, ਪਹਿਲਾਂ-ਪਹਿਲਾਂ ਆਦਮੀ ਛੋਟੇ-ਛੋਟੇ ਪੁੰਨ ਕਰਦੈ। ਕੀੜਿਆਂ ਨੂੰ ਤਿਲ-ਚੋਲੀ ਪਾ ਦਿਤੀ, ਚੌਣੇ ਵਿਚ ਜਾ ਕੇ ਨਮਕ ਰਖ ਆਇਆ, ਪਾਣੀ ਦਾ ਬੰਦੋਬਸਤ ਕਰ ਦਿਤਾ, ਪਸ਼ੂ ਪੀਣਗੇ, ਪੰਛੀ ਪੀਣਗੇ। ਚੋਗਾ ਲੈ ਕੇ ਪੰਛੀਆਂ ਨੂੰ ਪਾ ਦਿਤਾ। ਇਸ ਤਰ੍ਹਾਂ ਦੇ ਨਿੱਕੇ-ਨਿੱਕੇ ਕਰਮ ਕਰਨ ਨਾਲ, ਮਨੁੱਖਾ ਦੇਹੀ ਮਿਲ ਜਾਇਆ ਕਰਦੀ ਹੈ, ਜੇ ਭਾਵ ਨਾਲ ਕਰੇ। ਦੂਸਰਾ ਜਨਮ ਆ ਜਾਂਦੈ, ਦੂਸਰੇ ਜਨਮ ਦੇ ਅੰਦਰ ਰੁਚੀ ਜਾਗਦੀ ਹੈ ਅੰਦਰ, ਕਰਮ ਫਲ ਦੇਣ ਨੂੰ ਤਿਆਰ ਹੁੰਦੇ ਨੇ। ਕਿਤੇ ਸਤਿਸੰਗ ਦੇ ਬਾਰੇ ਸੁਣਦੈ, ਮਹਾਂਪੁਰਸ਼ਾਂ ਬਾਰੇ ਸੁਣਦੈ, ਹਿੰਮਤ ਕਰਕੇ ਉਥੇ ਸੰਗਤ ਕਰਨ ਵਾਸਤੇ ਜਾਂਦੈ। ਕੁਝ ਪੱਲੇ ਬੱਝ ਜਾਂਦੈ, ਕੁਝ ਭੁੱਲ ਜਾਂਦੈ। ਇਸ ਤਰ੍ਹਾਂ ਹੀ ਜੀਵਨ ਬਤੀਤ ਹੋ ਜਾਂਦੈ। ਚੜ੍ਹਾਈ ਕਰ ਜਾਂਦੈ। ਫੇਰ ਆ ਕੇ ਤੀਸਰਾ ਜਨਮ ਆ ਗਿਆ ਤਾਂ ਉਹਦੇ ਵਿਚ ਬਚਪਨ ਤੋਂ ਹੀ ਖਿਆਲ ਹੋਣੇ ਸ਼ੁਰੂ ਹੋ ਜਾਂਦੇ ਨੇ ਕਿ ਮੈਂ ਭਜਨ ਕਰਾਂ, ਬਾਣੀ ਪੜ੍ਹਾਂ। ਇਸੇ ਤਰ੍ਹਾਂ ਫੇਰ ਰਹਿ ਜਾਂਦੈ। ਫੇਰ ਚੌਥਾ ਜਨਮ ਆ ਜਾਂਦੈ। ਚੌਥੇ ਜਨਮ ਦੇ ਵਿਚ ਜਾ ਕੇ ਇਹ ਖਿਆਲ ਆਉਂਦੈ ਕਿ ਕਿਸੇ ਤੱਤ ਬੇਤੇ ਮਹਾਂਪੁਰਸ਼ ਦੀ ਮੈਂ ਸੰਗਤ ਕਰਾਂ।

ਕਿਸੇ ਮਹਾਂਪੁਰਸ਼ ਨਾਲ ਮੇਰਾ ਸੰਪਰਕ ਜੁੜ ਜਾਵੇ। ਉਹਦੇ ਦਿਲ ਵਿਚ ਖਿੱਚ ਹੁੰਦੀ ਹੈ, ਪਿਆਰ ਹੁੰਦੈ। ਸਮਝ ਲਓ ਕਿ ਤਿੰਨ ਜਨਮ ਪਹਿਲਾਂ, ਚੌਥਾ ਜਨਮ ਹੈ, ਲੇਕਿਨ ਫੇਰ ਵੀ ਸੰਤਾਂ ਦੇ ਨਾਲ ਰਹਿ ਕੇ ਫੇਰ ਨਹੀਂ ਪੁੱਛਦਾ ਅਗਲੀ ਗੱਲ। ਨੇਕ ਕੰਮ ਕਰਦੈ, ਸੇਵਾ ਕਰਦੈ, ਬਾਣੀ ਪੜ੍ਹਦੈ, ਜਨਮ-ਮਰਨ ਦਾ ਚੱਕਰ ਨਹੀਂ ਹਟਿਆ। ਮੁੜ ਕੇ ਫੇਰ ਮਨੁੱਖ ਬਣਾ ਦਿਤਾ। ਪੰਜਵੇਂ ਜਨਮ 'ਚ ਜਾ ਕੇ ਸੋਝੀ ਹੁੰਦੀ ਹੈ ਕਿ ਗੁਰੂ ਧਾਰਨ ਕਰੀਏ ਤੇ ਗੁਰੂ ਤੋਂ ਮੰਤਰ ਲੈ ਕੇ ਉਹਦੀ ਸਾਧਨਾ ਕਰੀਏ, ਸੇਵਾ ਕਰੀਏ। ਸੰਪਰਕ ਜੁੜ ਗਿਆ ਕਿਸੇ ਨਾਲ, ਉਸ ਸੰਪਰਕ ਦੇ ਵਿਚ ਅੱਗੇ ਵਧੀਏ, ਪਿੱਛੇ ਨਾ ਹਟੀਏ। ਸੋ ਇਸ ਤਰ੍ਹਾਂ ਦੇ ਨਾਲ ਕਿੰਨੇ ਜਨਮ ਲੰਘ ਜਾਂਦੇ ਨੇ। ਫੇਰ ਜਾ ਕੇ ਕਿਤੇ ਐਸੀ ਅਵਸਥਾ ਆਉਂਦੀ ਹੈ ਕਿ ਅੰਮ੍ਰਿਤ ਵੇਲੇ ਜਾਗ ਕੇ ਦੋ-ਢਾਈ ਘੰਟੇ ਬੈਠ ਕੇ ਭਜਨ ਕਰਦੈ। ਰਾਤ ਨੂੰ ਪੈਣ ਤੋਂ ਪਹਿਲਾਂ ਭਜਨ ਕਰਦੈ। ਦਿਨ ਵਿਚ ਸਤਿ ਦੇ ਵਿਚਾਰ ਆਪਣੇ ਹਿਰਦੇ ਵਿਚ ਧਾਰਨ ਕਰਦੈ। ਕਿਸੇ ਦੀ ਨਿੰਦਿਆ ਨਹੀਂ ਕਰਦਾ, ਚੁਗਲੀ ਨਹੀਂ ਕਰਦਾ, ਈਰਖਾ ਨਹੀਂ ਕਰਦਾ, ਵਲ ਛਲ ਨਹੀਂ ਕਰਦਾ, ਕਪਟ ਨਹੀਂ ਕਰਦਾ, ਧੋਖੇ ਨਹੀਂ ਦਿੰਦਾ। ਕਿਉਂਕਿ ਅੰਦਰੋਂ ਮੈਲ ਨਿਕਲ ਚੁਕੀ ਹੈ, ਥੋੜ੍ਹੀ ਰਹਿ ਗਈ ਹੈ। ਸੋ ਉਸ ਵੇਲੇ ਜਾ ਕੇ ਫੇਰ ਇਹਦੇ ਮਨ ਵਿਚ ਉਤਸ਼ਾਹ ਉਠਦੈ ਕਿ ਮੈਂ ਸੰਗਤ ਕਰਾਂ, ਮਹਾਂਪੁਰਸ਼ਾਂ ਦੇ ਦਰਸ਼ਨ ਕਰਾਂ। ਸਾਰੇ ਕੰਮ ਛੱਡ ਕੇ ਦੂਰ-ਦਰਾਜ ਜਿੱਥੇ ਵੀ ਪਤਾ ਲਗਦੈ, ਉਥੇ ਪਹੁੰਚਦੈ। ਮਹਾਂਪੁਰਸ਼ਾਂ ਜਿਹਨਾਂ ਦਿਨਾਂ 'ਤੇ ਵਿਸ਼ੇਸ਼ ਸੰਬੋਧਨ ਕਰਦੇ ਸੰਗਤਾਂ ਨੂੰ, ਉਹਨਾਂ ਦੇ ਉਤੇ ਇਹ ਜਾਂਦੈ। ਸੋ ਇਹ ਪੂਰਬਲੇ ਕਰਮਾਂ ਦਾ ਫਲ ਹੋਇਆ ਕਰਦੈ। ਅਚਾਨਕ ਨਹੀਂ ਕੋਈ ਸਤਿਸੰਗ 'ਚ ਲਗਦਾ। ਪਿੱਛੇ ਕਰਮਾਂ ਦਾ ਬਲ ਹੋਇਆ ਕਰਦੈ। ਕਿਰਤ ਕਿਹੋ ਜਿਹੀ ਵੀ ਹੋਵੇ, ਕਿਹੋ ਜਿਹੇ ਥਾਂ ਰਹਿੰਦਾ ਹੋਵੇ ਲੇਕਿਨ ਕਰਮਾਂ ਦਾ ਬਲ ਸਤਿਸੰਗ 'ਚ ਲੈ ਆਉਂਦੈ ਉਹਨੂੰ।

ਇਸੇ ਤਰ੍ਹਾਂ ਦੇ ਨਾਲ ਇਕ ਪ੍ਰੇਮੀ ਰਾਜਸਥਾਨ ਦੇ ਵਿਚ ਰਹਿਣ ਵਾਲਾ, ਹੈਦਰਾਬਾਦ ਦੇ ਨੇੜੇ ਹੀ, ਸੱਖਰ ਤੋਂ 125 ਕਿਲੋਮੀਟਰ ਦੂਰ, ਸੇਵਾਨ ਪਿੰਡ ਹੈ, ਉਥੇ ਇਕ ਲੜਕਾ ਕਿਸੇ ਕਰਮ ਦੇ ਵਸ ਕਰਕੇ, ਕੋਈ ਕਰਮ ਮਾੜਾ ਰਹਿੰਦਾ ਸੀ, ਕਸਾਈਆਂ ਦੇ ਘਰ ਜਨਮ ਲੈ ਲਿਆ। ਕਸਾਈਆਂ ਦਾ ਕੰਮ ਹੁੰਦੈ, ਜਾਨਵਰ ਮਾਰਨੇ, ਖੱਲਾਂ ਲਾਹ ਕੇ ਪਾਸੇ ਰਖ ਦੇਣੀਆਂ। ਉਹਨਾਂ ਦਾ ਮਾਸ ਕੱਟ-ਕੱਟ ਕੇ ਵੇਚਣਾ। ਉਹ ਇਸ ਗੱਲ ਤੋਂ ਅਗਿਆਤ ਹੁੰਦੇ ਨੇ ਕਿ ਇਹ ਜਿਹੜਾ ਮੈਂ ਜਾਨਵਰ ਮਾਰਦਾਂ, ਇਹਦਾ ਮੈਨੂੰ ਪਾਪ ਲਗਦੈ ਤੇ ਮੈਂ ਕਿਸ ਤਰ੍ਹਾਂ ਦੇ ਨਾਲ ਲੇਖੇ ਦੇਵਾਂਗਾ। ਉਹਨਾਂ ਨੂੰ ਕੋਈ ਪਤਾ ਨਹੀਂ ਹੁੰਦਾ। ਭਾਵੇਂ ਗੁਰੂ ਮਹਾਰਾਜ, ਮਹਾਂਪੁਰਸ਼ ਬਾਰ-ਬਾਰ ਦਸਦੇ ਨੇ ਕਿ ਪਿਆਰਿਆ! ਇਹ ਜੀਵ ਸਾਰੇ ਪ੍ਰਮੇਸ਼ਰ ਦੇ ਨੇ, ਧੱਕਾ ਨਾ ਕਰ, ਜਵਾਬ ਦੇਣਾ ਪਵੇਗਾ ਤੈਨੂੰ ਪ੍ਰਮੇਸ਼ਰ ਕੋਲ ਜਾ ਕੇ। ਜੇ ਤੂੰ ਵੱਢ-ਵੱਢ ਖਾਨੈਂ ਤਾਂ ਇਕ ਦਿਨ ਐਸਾ ਆਏਗਾ, ਕਰਮ ਦੇ ਫਲ ਦੇਣ ਵਾਸਤੇ, ਤੇ ਤੇਰਾ ਗਲ ਵੱਢ ਕੇ, ਇਹ ਤੈਨੂੰ ਖਾਣਗੇ। ਇਹ ਮਨੁੱਖ ਹੋਣਗੇ ਤੇ ਤੂੰ ਜਾਨਵਰ ਹੋਏਂਗਾ। ਉਹਦੇ ਵਿਚ ਇਸ ਤਰ੍ਹਾਂ ਦੇ ਨਾਲ ਬਾਣੀ ਵਿਚ ਆਉਂਦੈ। ਪੜ੍ਹੋ ਪਿਆਰ

ਨਾਲ –

*ਧਾਰਨਾ – ਗਲਾ ਕਟਾਵੇਂਗਾ, ਪਿਆਰਿਆ*
*ਖਾ ਕੇ ਮਾਸ ਬੇਗਾਨੇ।*

***ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥***
***ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥***

***ਅੰਗ- 1374***

ਕਹਿੰਦੇ, ਜਿਹੜਾ ਸਾਦਾ ਭੋਜਨ ਅਸੀਂ ਖਾਂਦੇ ਹਾਂ, ਬਹੁਤ ਅੱਛਾ ਹੈ। ਕੋਈ ਸਵਾਦ ਨਹੀਂ ਲਾਉਂਦੇ। ਸਵਾਦ ਲਾਉਣ ਵਾਲਾ ਆਦਮੀ ਬਿਮਾਰ ਹੁੰਦੈ। ਕਹਿੰਦੇ, ਜਿਹੜਾ ਜਾਨਵਰ ਮਾਰ ਕੇ ਖਾਨੈਂ, 'ਹੇਰਾ' ਕਹਿੰਦੇ ਨੇ ਸ਼ਿਕਾਰ ਕਰਨ ਨੂੰ। ਸ਼ਿਕਾਰ ਕਰਨ ਨਾਲ ਜਿਹੜਾ ਫੇਰ ਤੂੰ ਮਾਸ ਖਾਨੈਂ, ਬੇਗਾਨੇ ਜੀਵਾਂ ਦਾ ਉਹ ਤੇਰਾ ਐਵੇਂ ਨਹੀਂ ਜਾਣਾ ਕਰਮ। ਉਹਦਾ ਫਲ ਤੈਨੂੰ ਭੋਗਣਾ ਹੀ ਪੈਣੈ। ਇਸੇ ਤਰ੍ਹਾਂ ਜਿਵੇਂ ਤੂੰ ਕਰਦੈਂ, ਉਹਨੇ ਤੇਰੇ ਤੋਂ ਬਦਲਾ ਲੈ ਲੈਣੈ। ਅਕਾਲ ਪੁਰਖ ਦਾ ਹੁਕਮ ਹੀ ਐਸਾ ਹੈ ਸੰਸਾਰ ਦੇ ਅੰਦਰ ਕਿ ਅਦਲੇ ਦਾ ਬਦਲਾ ਦੇਣਾ ਹੀ ਪੈਂਦੈਂ। ਸੋ ਇਸ ਤਰ੍ਹਾਂ ਦੀ ਕਿਰਤ ਵਿਚ ਰਹਿਣ ਵਾਲਾ ਬੰਦਾ ਜਿਸ ਦਾ ਨਾਮ ਸਧਨਾ ਸੀ, ਕਸਾਈਆਂ ਦਾ ਕੰਮ ਕਰਦੈ। ਲੇਕਿਨ ਅੰਦਰਲੇ ਪਾਸੇ ਬਹੁਤ ਗਿਲਾਨੀ ਆਉਂਦੀ ਹੈ। ਵੈਰਾਗ ਹੈ। ਸੰਸਾਰ ਦਾ ਜਦੋਂ ਹਾਲ ਚਾਲ ਦੇਖਦੈ ਕਿ ਇਥੇ ਤੁਰੇ ਹੀ ਜਾ ਰਹੇ ਨੇ। ਸਤਿਸੰਗ ਦੇ ਵਿਚ ਜਾਂਦੈ ਜਿਥੇ ਵੀ ਮਹਾਤਮਾ ਆਉਂਦੇ ਨੇ, ਜਾ ਕੇ ਸੁਣਦੈ। ਮਨ ਵਿਚ ਸ਼ੌਕ ਜਾਗਦੈ। ਕੁਛ ਆਪਣੀ ਕਿਰਤ ਦੇ ਉਤੇ ਗਿਲਾਨੀ ਆਉਂਦੀ ਹੈ ਕਿ ਮੇਰੀ ਕਿਰਤ ਕਿਹੋ ਜਿਹੀ ਮਾੜੀ ਹੈ। ਮੈਂ ਬੀਜ ਬੀਜੀ ਜਾਂਦਾ ਹਾਂ, ਭੋਗਣੇ ਮੈਨੂੰ ਕਿੰਨੇ ਔਖੇ ਹੋ ਜਾਣੇ ਨੇ। ਉਸ ਵੇਲੇ ਮਨ ਵਿਚ ਖਿਆਲ ਆਉਂਦੇ ਨੇ ਕਿ ਮੈਂ ਕਿਸੇ ਚੰਗੇ ਮਹਾਂਪੁਰਸ਼ ਨੂੰ ਮਿਲਾਂ। ਉਹਦੇ ਕੋਲ ਮੈਂ ਬੇਨਤੀ ਕਰਾਂ ਤੇ ਮੈਨੂੰ ਪ੍ਰਭੂ ਦੇ ਮਿਲਾਪ ਦਾ ਰਸਤਾ ਦਸ ਦੇਵੇ ਉਹ ਤੇ ਫੇਰ ਮੈਂ ਆਪਣਾ ਭਜਨ ਬੰਦਗੀ ਕਰਾਂ। ਸੋ ਇਸ ਤਰ੍ਹਾਂ ਕਰਦਾ-ਕਰਦਾ, ਇਕ ਵਾਰੀ ਕੋਈ ਮਹਾਂਪੁਰਸ਼ਾਂ ਦਾ ਸਤਿਸੰਗ ਹੋ ਰਿਹਾ ਸੀ। ਉਸ ਦੇ ਮਨ ਵਿਚ ਬੜਾ ਵੈਰਾਗ ਹੈ, ਮਨ ਵਿਚ ਬੜਾ ਦ੍ਰਿੜ੍ਹ ਇਰਾਦਾ ਹੈ ਕਿ ਮੈਂ ਭਜਨ ਕਰਾਂਗਾ, ਬਚਨ ਸੁਣ ਕੇ ਪੱਲੇ ਬੰਨ੍ਹ ਲੈਂਦੈ। ਮਹਾਂਪੁਰਸ਼ਾਂ ਨੂੰ ਮਿਲੇ ਚਾਹੇ ਨਾ ਮਿਲੇ ਲੇਕਿਨ ਉਹਨਾਂ ਦੇ ਬਚਨ ਸੁਣ ਕੇ ਹਿਰਦੇ 'ਚ ਧਾਰਨ ਕਰ ਲੈਂਦੈ ਤੇ ਅੱਜ ਜਿਸ ਵਕਤ ਜਾ ਕੇ ਸਤਿਸੰਗ 'ਚ ਬੈਠਦੈ। ਉਸ ਵੇਲੇ ਮਹਾਂਪੁਰਸ਼ਾਂ ਦੇ ਮੁਖਾਰਬਿੰਦ ਤੋਂ ਐਸਾ ਉਚਾਰਨ ਹੁੰਦੈ-

*ਧਾਰਨਾ – ਪੈ ਜੂ ਅਚਿੰਤਾ ਜਾਲ,*
*ਇਕ ਦਿਨ ਪੈ ਜਾਣਾ।*

***ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥***
***ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥***

***ਅੰਗ- 254***

ਮਹਾਂਪੁਰਸ਼ਾਂ ਤੋਂ ਬਚਨ ਸੁਣਦੈ, ਮਨ ਦੇ ਅੰਦਰ ਵਿਚਾਰ ਚਲਦੈ ਕਿ ਮਨਾਂ! ਮੈਨੂੰ ਤਾਂ ਹਾਲੇ ਭਜਨ ਕਰਨ ਦਾ ਹੀ ਨਹੀਂ ਪਤਾ। ਕੀ ਪਤੈ ਕਾਲ

ਕਿਹੜੇ ਵੇਲੇ ਆ ਕੇ ਗ੍ਰਸ ਲਵੇ। ਕੋਈ ਉਹਦਾ ਤਾਂ ਇਤਬਾਰ ਹੋਇਆ ਹੀ ਨਹੀਂ ਕਰਦਾ।

ਕਾਲ ਦਾ ਸਾਧਸੰਗਤ ਜੀ! ਕੋਈ ਇਤਬਾਰ ਨਹੀਂ ਹੈ। ਜਦੋਂ ਮੈਂ ਯੂ.ਪੀ ਹੁੰਦਾ, ਨਾਨਕ ਮਤੇ ਤੋਂ ਅਸੀਂ ਗੱਡੀਆਂ ਦੇ ਵਿਚ ਆ ਰਹੇ ਸੀ ਤੇ ਮੇਰੇ ਨਾਲ ਨਵਾਬ ਨਗਰ ਵਾਲੇ ਸਰਦਾਰ ਪੂਰਨ ਸਿੰਘ ਸੀ। ਰਸਤੇ 'ਚ ਉਤਰ ਕੇ ਬੜੀ ਦੇਰ ਅਸੀਂ ਖੜ੍ਹੇ ਰਹੇ। ਉਸ ਤੋਂ ਬਾਅਦ ਬਚਨ ਕਰਦੇ ਰਹੇ, ਕਿਉਂਕਿ ਉਥੇ ਸਤਿਸੰਗ ਮੱਸਿਆ ਦਾ ਹੋਇਆ ਕਰਦਾ ਹੈ। ਦੂਸਰੇ ਦਿਨ ਵਾਸਤੇ ਪ੍ਰੋਗਰਾਮ ਬਣਾਇਆ। ਉਹ ਕਹਿਣ ਲੱਗੇ ਕਿ ਮੈਂ ਆਪੇ ਹੀ ਆ ਜਾਵਾਂਗਾ। ਮੈਂ ਕਿਹਾ, ਚੰਗਾ ਭੁੱਲ ਨਾ ਜਾਇਓ, ਸਤਿਸੰਗ ਹੈ, ਆਪਾਂ ਜਾਣੈ ਉਥੇ। ਘਰ ਚਲੇ ਗਏ ਤੇ ਜਾ ਕੇ ਅੱਧੀ ਰਾਤ ਜਦੋਂ ਹੋ ਗਈ, ਢਲ ਗਈ ਰਾਤ। ਉਸ ਵੇਲੇ ਲਾਈਟ ਕਰ ਲਈ, ਤੇ ਉਹਨਾਂ ਦੀ ਬਾਂਹ ਦੁਖਣ ਲਗ ਗਈ । ਭਰਾ ਨੂੰ ਪਤਾ ਲੱਗਿਆ, ਕਹਿਣ ਲੱਗੇ ਕੀ ਗੱਲ ਤੁਸੀਂ ਲਾਈਟ ਕਰੀ ਹੈ? ਕਹਿੰਦੇ ਆਹ ਬਾਂਹ ਜਿਹੀ ਦੁਖਦੀ ਹੈ ਮਾੜੀ-ਮਾੜੀ। ਉਹ ਕਹਿਣ ਲੱਗੇ ਕਿ ਆਪਾਂ ਹਸਪਤਾਲ ਚੱਲਦੇ ਹਾਂ।

ਕਹਿਣ ਲੱਗੇ, ਜਦ ਦਿਨ ਚੜ੍ਹੇਗਾ ਫੇਰ ਆਪਾਂ ਚਲੇ ਚਲਾਂਗੇ। ਕੋਈ ਗੱਲ ਤਾਂ ਹੈ ਨਹੀਂ। ਪਰ ਮੈਂ Toilet ਜਾ ਆਵਾਂ। ਤੇ ਦਸਤਾਰ ਬੰਨ ਲਵਾਂ ਥੋੜ੍ਹਾ ਦਿਨ ਚੜ੍ਹਦੇ ਹੀ ਆਪਾਂ ਚਲ ਪਵਾਂਗੇ। ਉਹ Toilet (ਸ਼ੋਚਾਲਯ) ਚਲੇ ਗਏ, ਭਰਾ ਬਾਹਰ ਖੜ੍ਹਾ ਸੀ ਉਹਨਾਂ ਦਾ। ਕਹਿਣ ਲੱਗਿਆ, ਜੀ ਪਾਣੀ ਦੇਵਾਂ।

ਹਾਂ, ਕਹਿੰਦੇ, ਪਹਿਲਾ ਤਾਂ ਡੁਲ੍ਹ ਗਿਆ, ਥੋੜ੍ਹਾ ਮੈਨੂੰ ਹੋਰ ਦੇ ਦਿਓ।

ਉਹਨਾਂ ਦਿਨਾਂ 'ਚ ਫਲੱਸ਼ਾਂ ਵਗੈਰਾ, ਇਸ ਤਰ੍ਹਾਂ ਮਾਮਲਾ ਜੰਗਲਾਂ 'ਚ ਹੈ ਨਹੀਂ ਸੀ। ਉਹਨੇ ਪਾਣੀ ਦੇ ਦਿਤਾ, ਪਾਣੀ ਡੁਲ੍ਹਿਆ ਨਾ।

ਅਵਾਜ਼ ਮਾਰੀ ਭਰਾ ਨੇ ਕਿ ਕੀ ਗੱਲ ਤੁਸੀਂ ਪਾਣੀ ਨਹੀਂ ਡੋਲ੍ਹਿਆ?

ਕੋਈ ਅਵਾਜ਼ ਨਹੀਂ ਆਈ? ਦਰਵਾਜ਼ਾ ਖੋਲ੍ਹਿਆ ਉਹਨਾਂ ਨੇ। ਕੀ ਦੇਖਦੇ ਨੇ ਕਿ ਪਿੱਠ ਨਾਲ ਲੱਗੀ ਪਈ ਹੈ ਕੰਧ ਦੇ ਪਿਛਲੇ ਪਾਸੇ। ਆਪ ਵਿਚ ਹੈ ਹੀ ਨਹੀਂ। ਯਾਨਿ ਐਨਾ ਵੀ ਸਮਾਂ ਨਹੀਂ ਮਿਲਿਆ ਕਿ ਮੈਂ ਦਸ ਦੇਵਾਂ ਕਿ ਮੈਂ ਜਾ ਰਿਹਾ ਹਾਂ।

ਇਸੇ ਹੀ ਤਰ੍ਹਾਂ ਦੇ ਨਾਲ ਉਥੇ ਹੀ ਇਕ ਹੋਰ ਹੋਇਆ ਕਰਦੇ ਸੀ ਮੇਰੇ ਮਿਲਣ ਵਾਲੇ ਕਰਨਲ ਲਾਲ ਸਿੰਘ। ਉਹਨਾਂ ਦੇ ਨਾਲ ਵਿਚਾਰ ਕਰੀ। ਪ੍ਰਚਾਰ ਕਰਨ ਦਾ ਕੋਈ ਬਾਨਣੂੰ ਬੰਨ੍ਹਿਆ ਯੂ.ਪੀ ਦੇ ਅੰਦਰ ਕਿ ਇਸ ਤਰ੍ਹਾਂ ਆਪਾਂ ਕਰਨਾ ਹੈ। ਉਹ ਕਹਿਣ ਲੱਗਿਆ, ਆਪਾਂ ਦੋ ਤਿੰਨ ਦਿਨ ਨੂੰ ਮਿਲਾਂਗੇ ਤੇ ਵੱਡੇ ਪੱਧਰ 'ਤੇ ਪ੍ਰੋਗਰਾਮ ਬਣਾਵਾਂਗੇ। ਦਾਸ ਨੂੰ ਕਿਹਾ ਕਿ ਦੇਖੋ ਧਾਨ ਤੁਹਾਡੇ ਕੋਲ ਬਹੁਤ ਹੋ ਜਾਂਦੈ, ਮੇਰੇ 'ਤੇ ਵੀ ਮਹਾਰਾਜ ਨੇ ਕ੍ਰਿਪਾ ਕੀਤੀ ਹੋਈ ਹੈ ਕਿ ਆਪਾਂ ਦਸ-ਦਸ ਬੋਰੀਆਂ, ਤੁਸੀਂ 40-50 ਕੱਢਿਆ ਕਰੋ, ਇਹ ਜਿਹੜੇ ਭਈਆਂ ਦੇ ਪਿੰਡ ਨੇ ਇਹਨਾਂ 'ਚ ਜਾ ਕੇ ਚੌਲ

ਵਗੈਰਾ ਕੜਾਹੇ 'ਚ ਪਾ ਕੇ ਇਹਨਾਂ ਨੂੰ ਕਿਹਾ ਕਿ ਉਬਾਲੋ। ਇਕੱਠੇ ਕਰਕੇ ਸ੍ਰੀ ਗੁਰੂ ਨਾਨਕ ਸਾਹਿਬ ਬਾਰੇ ਇਹਨਾਂ ਨੂੰ ਦੱਸਿਆ ਕਰੋ। ਇਹ ਤਾਂ ਬਹੁਤ ਵਧੀਆ ਸਕੀਮ ਹੈ।

ਮੈਨੂੰ ਸੁਨੇਹਾ ਆਇਆ ਕਿ ਕਰਨਲ ਸਾਹਿਬ ਬਿਮਾਰ ਹੋ ਗਏ। ਛੇ ਡਾਕਟਰ ਨੇ ਉਹਨਾਂ ਦੇ ਪਰਿਵਾਰ ਦੇ ਤੇ ਮਿੱਤਰ। ਉਥੋਂ ਚੁੱਕ ਕੇ ਹਾਸਪੀਟਲ ਲੈ ਗਏ। ਡਾਕਟਰਾਂ ਨੇ ਜ਼ੋਰ ਲਾ ਲਿਆ। ਅਖੀਰ ਹੋਇਆ ਕਿ ਉਹ ਚੜ੍ਹਾਈ ਕਰ ਗਏ। ਉਹ ਬਾਤ ਸਿਰੇ ਚੜ੍ਹੀ ਹੀ ਨਾ, ਵਿਚਾਲੇ ਹੀ ਰਹਿ ਗਈ।

ਸੋ ਸੰਸਾਰ ਦੇ ਵਿਚ ਐਸਾ ਹੈ ਕਿ ਜੇ ਆਦਮੀ ਕਹੇ ਕਿ ਮੈਂ ਭਜਨ ਫੇਰ ਕਰੂੰਗਾ, ਆਹ ਕੰਮ ਕਰ ਲਵਾਂ, ਔਹ ਕਰ ਲਵਾਂ। ਮਹਾਰਾਜ ਕਹਿੰਦੇ, ਫੇਰ ਨਹੀਂ ਪਿਆਰਿਆ ਹੋਣਾ। ਕਿਉਂਕਿ ਜਿਵੇਂ ਮੱਛੀ ਤੈਰਦੀ ਫਿਰਦੀ ਹੈ, ਕਦੇ ਹੇਠਾਂ ਨੂੰ ਜਾਂਦੀ ਹੈ, ਕਦੇ ਸੱਜੇ ਜਾਂਦੀ ਹੈ, ਕਦੇ ਖੱਬੇ ਜਾਂਦੀ ਹੈ, ਕਦੇ ਉਤੇ ਨੂੰ ਆ ਜਾਂਦੀ ਹੈ। ਆਪਣੀ ਮੌਜ ਵਿਚ ਫਿਰਦੀ ਹੈ ਪਰ ਉਸ ਨੂੰ ਇਹ ਨਹੀਂ ਪਤਾ ਕਿ ਜਾਲ ਪਾ ਦਿਤਾ, ਬੱਧਕ ਨੇ। ਜਾਲ ਦੇ ਵਿਚ ਜਾ ਕੇ ਫਸ ਜਾਂਦੀ ਹੈ। ਮਹਾਰਾਜ ਕਹਿੰਦੇ, ਇਸੇ ਤਰ੍ਹਾਂ ਦੇ ਨਾਲ ਹੈ -

***ਭਾਈ ਰੇ ਇਉ ਸਿਰਿ ਜਾਣਹੁ ਕਾਲੁ ॥***
***ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ ॥***

***ਅੰਗ- 55***

ਇਹ ਤਾਂ ਜਾਲ ਪੈਣਾ ਹੀ ਪੈਣਾ ਹੈ। ਇਹ ਕੋਈ ਪਤਾ ਨਹੀਂ ਕਿ ਕਿਹੜੇ ਵੇਲੇ ਪੈ ਜਾਣੈ।

***ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ ॥***
***ਹਸਤੀ ਘੋੜੇ ਪਾਖਰੇ ਲਸਕਰ ਲਖ ਅਪਾਰ ॥***
***ਕਿਸ ਹੀ ਨਾਲਿ ਨ ਚਲਿਆ ਖਪਿ ਖਪਿ ਮੁਏ ਅਸਾਰ ॥***

***ਅੰਗ- 63***

ਇਹ ਨਾਲ ਨਹੀਂ ਜਾਂਦੀ ਕੋਈ ਚੀਜ਼ ਵੀ, ਆਦਮੀ ਖਪ-ਖਪ ਕੇ ਮਰ ਜਾਂਦੈ। ਬਹੁਤ ਵੱਡੀ ਜੋ ਭੁੱਲ ਹੈ ਇਨਸਾਨ ਦੇ ਅੰਦਰ ਉਹ ਇਹ ਹੈ ਉਹ ਜਾਣਦਾ ਹੋਇਆ ਵੀ ਨਹੀਂ ਜਾਣਨਾ ਚਾਹੁੰਦਾ ਕਿ ਸੰਸਾਰ ਉਤੇ ਰਹਿਣਾ ਨਹੀਂ ਹੈ। ਸੰਸਾਰ ਰਹਿਣ ਦਾ ਥਾਉਂ ਨਹੀਂ ਹੈ। ਇਥੇ ਵੱਡੀਆਂ-ਵੱਡੀਆਂ ਉਮਰਾਂ ਵਾਲੇ ਆਏ। ਗੁਰੂ ਮਹਾਰਾਜ ਨੇ ਬਹੁਤ ਵੱਡੀਆਂ ਉਮਰਾਂ ਵਾਲਿਆਂ ਦਾ ਜ਼ਿਕਰ ਕੀਤਾ ਹੈ, ਪੜ੍ਹੋ ਇਸ ਤਰ੍ਹਾਂ ਨਾਲ -

***ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,***
***ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥***
***ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,***
***ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥***
***ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ***
***ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥***

***ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ***
***ਭੂਮ ਹੀ ਤੇ ਹੋਇਕੈ ਫੇਰੇ ਭੂਮ ਹੀ ਮਿਲਏ ਹੈਂ॥***
***ਤ੍ਵਪ੍ਰਸਾਦਿ ਕਬਿਤ (ਅਕਾਲ ਉਸਤਤਿ)***

ਚਾਹੇ ਥੋੜ੍ਹੀ ਦੇਰ ਵਾਸਤੇ, ਚਾਹੇ ਬਹੁਤੀ ਵਾਸਤੇ ਆਇਆ ਹੈ। ਇਕ ਸੁਪਨਾ ਹੈ ਸੰਸਾਰ ਦਾ ਜੀਵਨ, ਲੰਘ ਜਾਂਦੈ, ਜਿਹੜਾ ਤੁਰ ਗਿਆ ਮੁੜ ਕੇ ਨਹੀਂ ਆਇਆ ਕਰਦਾ ਅੱਜ ਤੱਕ, ਐਸਾ ਵਾਹਿਗੁਰੂ ਦਾ ਖੇਲ੍ਹ ਹੈ। ਉਹਦਾ ਨਾਉਂ ਲਈ ਜਾਂਦੇ ਨੇ, ਉਹਦੀ ਜਾਣ ਪਛਾਣ ਕਾਇਮ ਰਹਿੰਦੀ ਹੈ, ਪਰ ਉਹ ਮੁੜ ਕੇ ਨਹੀਂ ਆਉਂਦਾ। ਸਮਰੱਥ ਕਿੰਨਾ ਹੀ ਹੋਵੇ। ਸੋ ਐਸਾ ਜੋ ਸੰਸਾਰ ਹੈ, ਐਨੀ ਸਚਾਈ ਦੇ ਹੁੰਦਿਆਂ ਹੋਇਆਂ, ਇਹ ਬੰਦਾ ਨਹੀਂ ਜਾਣਦਾ। ਬੰਦਾ ਦ੍ਰਿੜ੍ਹ ਕਰਕੇ ਰਹਿੰਦੈ। ਮਹਾਰਾਜ ਕਹਿੰਦੇ -

***ਕਾਲੁ ਨ ਆਵੈ ਮੂੜੇ ਚੀਤਿ ॥ ਅੰਗ- 267***

ਐਨਾ ਮੂੜ੍ਹ ਹੈ ਕਿ ਇਹਨੂੰ ਇਸ ਗੱਲ ਦਾ ਪਤਾ ਹੀ ਨਹੀਂ ਲਗਦਾ ਕਿ ਮੈਂ ਇਥੋਂ ਚਲਿਆ ਜਾਣਾ ਹੈ। ਇਥੇ ਰਹਿਣ ਵਾਸਤੇ ਬੜਾ ਕੁਛ ਕਰਦੈ, ਬੜੇ ਵਲ ਛਲ ਕਰਦੈ, ਬੜੀਆਂ ਯੋਜਨਾਵਾਂ ਬਣਾਉਂਦੈ ਕਿ ਮੈਂ ਨਹੀਂ ਇਥੋਂ ਜਾਣਾ। ਮੁੜ ਕੇ ਤਾਂ ਸੰਸਾਰ ਨਾਲ ਸਬੰਧ ਪੈਂਦਾ ਹੀ ਨਹੀਂ ਸਾਧਸੰਗਤ ਜੀ। ਅੱਜ ਤਕ ਤਾਂ ਕਿਸੇ ਦਾ ਪਿਆ ਨਹੀਂ ਹੈ। ਜੇ ਪੈ ਵੀ ਗਿਆ ਤਾਂ ਗੁਰੂ ਮਹਾਰਾਜ ਦੇ ਫੁਰਮਾਨ ਤੋਂ ਆਪਾਂ ਨੂੰ ਪਤਾ ਲਗ ਜੂ ਕਿ ਕਿਵੇਂ ਸਬੰਧ ਪੈਂਦੈ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜਾ ਰਹੇ ਨੇ, ਘੋੜੇ 'ਤੇ ਸਵਾਰ ਨੇ ਨਾਲ ਸਿੰਘ ਨੇ। ਖੇਤਾਂ 'ਚੋਂ ਜਾ ਰਹੇ ਨੇ। ਖੱਬੇ ਪਾਸੇ ਇਕ ਤਿੱਤਰ ਬਹੁਤ ਤੇਜ਼ੀ ਨਾਲ ਬੋਲ ਰਿਹੈ। ਮਹਾਰਾਜ ਮੁਸਕਰਾਉਂਦੇ ਨੇ। ਅਚਾਨਕ ਆਪ ਦੇ ਮੁਖਾਰਬਿੰਦ ਤੋਂ ਐਸਾ ਫੁਰਮਾਨ ਹੋਣ ਲਗ ਗਿਆ -

***ਧਾਰਨਾ - ਭੂਮੀਆ ਭੂਮਿ ਊਪਰਿ ਨਿਤ ਲੁਝੈ।***
***ਛੋਡਿ ਚਲੈ ਤ੍ਰਿਸ਼ਨਾ ਨਹੀਂ ਬੁਝੈ।***

***ਭੂਮੀਆ ਭੂਮਿ ਊਪਰਿ ਨਿਤ ਲੁਝੈ ॥***
***ਛੋਡਿ ਚਲੈ ਤ੍ਰਿਸਨਾ ਨਹੀ ਬੁਝੈ ॥ ਅੰਗ- 188***

ਕਾਫੀ ਦੂਰ ਤਕ ਇਕ ਤੁਕ ਮਹਾਰਾਜ ਜੀ ਪੜ੍ਹ ਰਹੇ ਨੇ, ਇਸੇ ਤਰ੍ਹਾਂ ਨਾਲ ਗਾ ਕੇ। ਸਿੰਘ ਨਾਲ ਨੇ ਇਕ ਦੂਜੇ ਵਲ ਦੇਖਿਆ। ਕਹਿਣ ਲੱਗੇ, ਮਹਾਰਾਜ ਅਚਾਨਕ ਕਿਉਂ ਇਸ ਤਰ੍ਹਾਂ ਦਾ ਸ਼ਬਦ ਪੜ੍ਹਨ ਲਗ ਗਏ। ਉਧਰਲੇ ਪਾਸੇ ਤਿੱਤਰ ਹੋਰ ਜ਼ੋਰ ਦੀ ਬੋਲਣ ਲਗ ਗਿਆ। ਅਖੀਰ ਮਹਾਰਾਜ ਨੇ ਘੋੜਾ ਰੋਕਿਆ 'ਤੇ ਖੜ੍ਹੇ ਹੋ ਗਏ।

ਸਿੰਘ ਕਹਿਣ ਲੱਗੇ, ਸੱਚੇ ਪਾਤਸ਼ਾਹ! ਆਪ ਨੇ ਜੋ ਤੁਕਾਂ ਸ਼ਬਦ ਦੀਆ ਪੜ੍ਹੀਆਂ ਨੇ ਇਹਦਾ ਸਾਨੂੰ ਵੀ ਕੋਈ ਮਤਲਬ ਸਮਝਾ ਦਿਓ। ਮਹਾਰਾਜ ਕਹਿਣ ਲੱਗੇ ਪਿਆਰਿਓ! ਆਹ ਤਿੱਤਰ ਬੋਲਦਾ ਸੁਣਦੇ ਹੋਂ ਤੁਸੀਂ? ਕਹਿੰਦੇ, ਆਪਾਂ ਨੂੰ ਗਾਲ੍ਹਾਂ ਕੱਢ ਰਿਹੈ। ਮਾੜੀਆਂ ਗੱਲਾਂ ਕਹਿ ਰਿਹੈ ਆਪਣੀ ਜ਼ੁਬਾਨ ਦੇ ਅੰਦਰ ਕਿ ਤੁਸੀਂ ਮੇਰੇ ਖੇਤਾਂ 'ਚੋਂ ਕਿਉਂ ਲੰਘੇ ਜਾਂਦੇ

ਹੋਂ।

ਕਹਿੰਦੇ, ਇਹ ਇਥੇ ਦਾ ਛੋਟਾ ਜਿਹਾ ਰਾਜਾ ਸੀ। ਇਹ ਉਹਦਾ ਨਿਜ ਦਾ ਫਾਰਮ ਸੀ ਤੇ ਚੜ੍ਹਾਈ ਕਰ ਗਿਆ, ਤਿੱਤਰ ਦੀ ਜੂਨੀ 'ਚ ਪੈ ਗਿਆ। ਅਜੇ ਵੀ ਮੇਰ ਨਹੀਂ ਇਹਦੀ ਟੁੱਟਦੀ। ਜੇ ਕੋਈ ਜੀਵ ਦੁਬਾਰਾ ਆਉਂਦੈ ਤਾਂ ਇਸ ਹਾਲਤ 'ਚ ਆਉਂਦੈ। ਜੇ ਤਿੱਤਰ ਬਣ ਕੇ ਆ ਗਿਆ, ਜ਼ਮੀਨ ਦਾ ਫੁਰਨਾ, ਵਾਸ਼ਨਾ ਵਿਚ ਰਹਿ ਗਈ। ਇਸ ਤਰ੍ਹਾਂ ਨਹੀਂ ਹੁੰਦਾ ਕਿ ਦੁਬਾਰਾ ਫੇਰ ਉਸੇ ਸ਼ਕਲ ਵਿਚ ਆ ਜਾਏ।

ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ) ਰਾੜਾ ਸਾਹਿਬ ਵਾਲੇ ਬਹੁਤ ਹੀ ਵੈਰਾਗ ਸੀ ਆਪ ਦੇ ਮਨ 'ਚ। ਐਨਾ ਵੈਰਾਗ ਸ਼ਾਇਦ ਹੀ ਕਿਸੇ ਸੰਤ ਮਹਾਂਪੁਰਸ਼ ਦਾ ਹਿਰਦੇ 'ਚ ਹੋਵੇ। ਕਿਉਂਕਿ ਮੈਂ ਦੇਖਦਾ ਰਿਹਾ ਹਾਂ, ਬਚਪਨ ਤੋਂ ਹੀ। ਜਦੋਂ ਤਕ ਮੈਂ ਮਿਲਿਆ ਨਹੀਂ ਸੀ, ਉਸ ਵੇਲੇ ਤੱਕ ਮਾਂ-ਬਾਪ ਜਾਇਆ ਕਰਦੇ ਸੀ। ਬੇਬੇ ਜਾਇਆ ਕਰਦੀ ਸੀ। ਉਹ ਆ ਕੇ ਬਚਨ ਦਸਿਆ ਕਰਦੇ ਸੀ। ਰਾਹ ਵਿਚ ਪੈਂਦਾ ਸੀ ਉਹਨਾਂ ਦੇ ਪੇਕਿਆਂ ਦੇ ਤੇ ਮਹਾਰਾਜ ਜੀ ਦੇ ਦਰਸ਼ਨ ਕਰਨੇ, ਬਚਨ ਸੁਣਨੇ ਤੇ ਆ ਕੇ ਬਚਨ ਕਰਨੇ ਤੇ ਐਉਂ ਲੱਗਣਾ ਕਿ ਬਹੁਤ ਭਾਰੀ ਤਪ ਕਰ ਰਹੇ ਨੇ।

ਇਕ ਵਾਰੀ ਆਪ ਨੇ ਫੁਰਮਾਇਆ, ਮੈਨੂੰ ਦਸਿਆ ਕਿ ਅਸੀਂ ਨੌਂ ਸਾਲ ਪਿੱਠ ਨਹੀਂ ਲਾਈ ਧਰਤੀ ਨਾਲ।

ਗੱਲ ਕਹਿਣੀ ਸੁਖਾਲੀ ਹੈ। ਨੌਂ ਸਾਲ ਕਰਕੇ ਦੇਖ ਲਓ। ਪਿੱਠ ਲਾਏ ਤੋਂ ਬਗੈਰ, ਕੋਈ ਬੰਦਾ ਦੱਸੇ ਕਿ ਕਿੰਨਾ ਔਖਾ ਹੈ। ਉਹ ਭਜਨ ਵਿਚ ਲੀਨ ਰਹਿੰਦੇ ਸੀ ਹਰ ਵਕਤ। ਕਿਉਂਕਿ ਧੁਰੋਂ ਆਏ ਸੀ, ਧੁਰੋਂ ਆਉਣ ਕਰਕੇ ਇਹਨਾਂ ਦਾ ਬਹੁਤ ਵੱਡਾ ਕਿਰਦਾਰ ਸੀ, ਜ਼ਿੰਮੇਵਾਰੀ ਸੀ। ਲੇਕਿਨ ਸਾਨੂੰ ਦਸਦੇ ਸੀ ਕਿ ਇਸ ਤਰ੍ਹਾਂ ਦੇ ਨਾਲ ਭਜਨ ਕਰੀਦੈ।

ਫੁਲਕਾ ਕਈ ਦਿਨਾਂ ਬਾਅਦ ਇਕ ਅੱਧਾ ਛਕ ਲੈਣਾ ਤਾਂ ਛਕ ਲੈਣਾ। ਅਖੀਰ ਐਸੀ ਹਾਲਤ ਹੋ ਗਈ ਕਿ ਡਾਕਟਰਾਂ ਨੇ ਕਿਹਾ ਕਿ ਇਹਨਾਂ ਦੇ ਅੰਦਰ ਸਿਰਫ ਇਕ ਬੋਤਲ ਖ਼ੂਨ ਦੀ ਬਚਦੀ ਹੈ ਜੇ ਇਹ ਵੀ ਘਟ ਗਈ ਸਰੀਰ ਨੇ ਨਹੀਂ ਚਲਣਾ, ਸਰੀਰ ਲੱਕੜ ਬਣ ਜਾਏਗਾ। ਖਤਮ ਹੋ ਜਾਏਗਾ। ਸੋ ਐਨੀ ਘੋਰ ਤਪਸਿਆ ਆਪ ਕਰਿਆ ਕਰਦੇ ਸੀ।

ਚਾਰ ਫੁੱਟ ਮੁਰੱਬੇ ਦਾ ਟੋਆ ਪੁੱਟਿਆ ਹੁੰਦਾ। ਉਹਦੇ 'ਚ ਰਾਤ ਨੂੰ ਉਤਰ ਕੇ ਬਹਿ ਜਾਂਦੇ ਸੀ। ਸਾਰਿਆਂ ਨੂੰ ਇਸ ਤਰ੍ਹਾਂ ਬਠਾਲਦੇ ਸੀ। ਨਾ ਤਾਂ ਪੈਣ ਨੂੰ ਕੋਈ ਥਾਂ ਸੀ। ਜ਼ਿਆਦਾ ਤੋਂ ਜ਼ਿਆਦਾ ਜਿਹਨੂੰ ਨੀਂਦ ਆਏਗੀ ਉਹ ਬੈਠਾ-ਬੈਠਾ ਸੌਂ ਲਊ। ਉਸ ਤੋਂ ਬਾਅਦ ਥੋੜ੍ਹੇ ਵੱਡੇ ਭੋਰੇ ਬਣਾ ਲਏ, 8-8 ਫੁੱਟ ਦੇ, ਉਹਦੇ ਉਤੇ ਧਰਤੀ ਦੇ ਨਾਲ ਲਗਦੇ ਹੀ ਛੱਪਰ ਪਾ ਲਏ ਤੇ ਆਪ ਉਸ ਛੱਪਰ ਦੇ ਵਿਚ ਬੈਠ ਕੇ ਭਜਨ ਕਰਿਆ ਕਰਦੇ ਸੀ। ਸੇਵਾਦਾਰ ਨੇ ਕਿਹਾ ਕਿ ਮਹਾਰਾਜ! ਅੱਜ ਅੰਮ੍ਰਿਤ ਵੇਲੇ ਇਕ ਸੱਪ ਸਿੱਧਾ

ਹੀ ਆਇਆ ਹੈ ਤੇ ਮੈਂ ਪਹਿਰੇ 'ਤੇ ਸੀ। ਉਹ ਆਪ ਦੇ ਦਰਵਾਜ਼ੇ ਦੇ ਅੱਗੇ, ਫੂਸ ਦਾ ਹੀ ਖਿੜਕਾ ਜਿਹਾ ਮੂਹਰੇ ਲਾਇਆ ਹੁੰਦਾ ਸੀ। ਮਹਾਰਾਜ ਜੀ! ਇਥੇ ਸਾਮ੍ਹਣੇ ਖੜ੍ਹਾ ਰਿਹਾ ਫਣ ਤਾਣ ਕੇ। ਹੁਕਮ ਹੋਵੇ ਤਾਂ ਜੇ ਫੇਰ ਆਇਆ ਤਾਂ ਮਾਰ ਦੇਈਏ?

ਮਹਾਰਾਜ ਜੀ ਨੇ ਕਿਹਾ ਕਿ ਨਹੀਂ, ਮਾਰਨਾ ਨਹੀਂ ਹੈ। ਮਸਤ ਰਹੋ ਤੁਸੀਂ। ਉਹਦਾ ਆਉਣਾ ਵੀ ਜਿਹੜਾ ਹੈ, ਉਹ ਕਿਸੇ ਮਤਲਬ ਵਾਸਤੇ ਹੈ। ਦੂਸਰਾ ਤੀਸਰਾ, ਚੌਥਾ, ਪੰਜਵਾਂ, ਛੇ, ਸੱਤ ਦਿਨ ਲੰਘ ਗਏ, ਰੋਜ਼ ਆਇਆ ਕਰੇ, ਦਰਵਾਜ਼ੇ ਮੂਹਰੇ ਖੜ੍ਹ ਜਾਇਆ ਕਰੇ। ਅੱਠਵੇਂ ਨੌਂਵੇਂ ਦਿਨ ਸੇਵਾਦਾਰ ਆਇਆ ਜਿਹੜਾ ਮਹਾਰਾਜ ਜੀ ਦਾ ਗੜਵਈ ਸੀ। ਉਹ ਕਹਿਣ ਲੱਗਿਆ, ਮਹਾਰਾਜ! ਅੱਜ ਸੱਪ ਆਪ ਦੇ ਪਿਛਲੇ ਪਾਸੇ, ਛੱਪਰ ਨਾਲ ਮੂੰਹ ਲਾ ਕੇ ਲੰਮਾ ਪਿਐ। ਉਹ ਹਿਲਿਆ ਨਹੀਂ, ਅਸੀਂ ਡੰਡੇ ਨਾਲ ਵੀ ਹਿਲਾਇਐ ਤੇ ਪੁੱਠਾ ਹੋਇਆ ਪਿਐ।

ਮਹਾਰਾਜ ਜੀ ਕਹਿਣ ਲੱਗੇ, ਭਾਈ! ਉਹ ਚੜ੍ਹਾਈ ਕਰ ਗਿਆ। ਸਾਰਿਆਂ ਨੇ ਪੁੱਛਿਆ ਕਿ ਮਹਾਰਾਜ ਜੀ! ਸਾਨੂੰ ਵੀ ਕੋਈ ਸਮਝਾ ਦਿਓ ਕਿ ਇਹ ਕੀ ਗੱਲ ਹੈ?

ਕਹਿਣ ਲੱਗੇ, ਪਿਆਰਿਓ! ਇਹ ਇਸ ਜ਼ਮੀਨ ਦਾ ਮਾਲਕ ਸੀ ਪਿਛਲੇ ਜਨਮ 'ਚ। ਜਦੋਂ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਇਥੇ ਆਏ ਨੇ, ਉਸ ਵੇਲੇ ਇਹ ਆਪਣੀ ਚੌਧਰ ਦੀ ਮਸਤੀ ਦੇ ਵਿਚ ਮਿਲਿਆ ਨਾ ਗੁਰੂ ਮਹਾਰਾਜ ਨੂੰ। ਮਹਾਰਾਜ ਜੀ ਕੋਲ ਆ ਕੇ ਉਹਨਾਂ ਦੇ ਪਲੰਘ 'ਤੇ ਬੈਠਣ ਦਾ ਯਤਨ ਕਰਦਾ ਸੀ। ਗੁਰੂ ਛੇਵੇਂ ਪਾਤਸ਼ਾਹ ਕਾਫੀ ਦੇਰ ਰਹੇ ਨੇ ਉਥੇ। ਤਿੰਨ ਚਾਰ ਮਹੀਨੇ ਰਹੇ ਨੇ ਤਾਂ ਸੇਵਾਦਾਰ ਨੇ ਉਹਨੂੰ ਹਟਾਇਆ ਕਿ ਚੌਧਰੀ! ਇਸ ਤਰ੍ਹਾਂ ਨਹੀਂ ਕਰੀਦਾ ਹੁੰਦਾ, ਸਤਿਗੁਰਾਂ ਨਾਲ ਤੇਰਾ ਕੀ ਮੇਚ ਹੈ। ਇਹ ਤਾਂ ਸੱਚੇ ਪਾਤਸ਼ਾਹ ਨੇ ਤੇ ਤੂੰ ਇਕ ਮਾਮੂਲੀ ਚੌਧਰੀ ਹੈਂ। ਉਸ ਨੇ ਗੁੱਸਾ ਕਰਿਆ ਤੇ ਚਲਿਆ ਗਿਆ।

ਕਹਿੰਦੇ, ਅਭਿਮਾਨੀ ਬਹੁਤ ਸੀ, ਹੰਕਾਰੀ ਸੀ ਬਹੁਤ ਜ਼ਿਆਦਾ। ਕਹਿੰਦੇ, ਇਹਨੂੰ ਸੱਪ ਦੀ ਜੂਨੀ ਮਿਲੀ ਹੈ ਤੇ ਹੁਣ ਇਹਦੇ ਜਿਹੜੇ ਪਾਪ ਸੀ, ਉਹਦੇ ਬਾਰੇ ਪਛਤਾਉਂਦਾ ਸੀ, ਰੋਜ਼ ਆਉਂਦਾ ਸੀ ਤੇ ਅੱਜ ਆਪੇ ਹੀ ਸਰੀਰ ਛੱਡ ਗਿਆ।

ਸੋ ਮੇਰਾ ਬੇਨਤੀ ਕਰਨ ਤੋਂ ਇਹ ਭਾਵ ਹੈ ਕਿ ਜਿਹੜਾ ਚਲਿਆ ਗਿਆ, ਉਹ ਵਾਪਸ ਨਹੀਂ ਆਉਂਦਾ। ਜੇ ਆ ਵੀ ਜਾਵੇ, ਸੱਪ ਬਣ ਕੇ ਗਿਆ, ਫੇਰ ਕੀ ਫਾਇਦਾ। ਉਹਨੂੰ ਕੋਈ ਜਾਇਦਾਦ ਦਏਗਾ ਫੇਰ, ਜ਼ਮੀਨ ਦਏਗਾ? ਮਾਰਨ ਨੂੰ ਨੱਠਣਗੇ।

ਸੋ ਐਨਾ ਕੁਛ ਜਾਣਦਾ ਹੋਇਆ ਵੀ ਮਨੁੱਖ ਫੇਰ ਦੁਨੀਆਦਾਰੀ 'ਚ ਫਸ ਕੇ ਆਪਣੇ ਜੀਵਨ ਨੂੰ ਬਰਬਾਦ ਕਰਨਾ ਚਾਹੁੰਦੈ। ਪਕੜ 'ਚ ਆਉਂਦੈ, ਮੇਰਾ-ਮੇਰਾ ਕਰਦੈ ਤੇ ਨਾ ਭਜਨ ਹੁੰਦੈ ਇਸ ਤੋਂ।

ਗੁਰੂ ਨੌਵੇਂ ਪਾਤਸ਼ਾਹ ਫੁਰਮਾਉਂਦੇ ਨੇ ਕਿ ਪਿਆਰਿਓ! ਭਜਨ ਨਾ ਹੋਣ ਦਾ ਕਾਰਨ ਸਿਰਫ ਐਨਾ ਹੈ ਕਿ ਬੰਦਾ ਸੰਸਾਰ ਤੋਂ ਜਾਣਾ ਨਹੀਂ ਮੰਨਦਾ। ਦ੍ਰਿੜ੍ਹ ਕਰਕੇ ਪ੍ਰਤੀਤ ਰਖਦੈ ਕਿ ਮੈਂ ਇਥੇ ਹੀ ਰਹਿਣੈ। ਇਸ ਮਹਾਂ ਮੂਰਖ ਨੂੰ ਕਾਲ ਚੇਤੇ ਨਹੀਂ ਆਉਂਦਾ। ਹਾਲਾਂਕਿ ਕਿ ਸਚਾਈ ਹੈ। ਇਸੇ ਕਰਕੇ ਇਹਦੀ ਤਰੱਕੀ ਨਹੀਂ ਹੁੰਦੀ। ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਨਹੀਓਂ ਮਰਨ ਪਛਾਣਦਾ,***
***ਝੂਠੇ ਲਾਲਚ ਲਗ ਕੇ ਬੰਦਾ।***

***ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥***
***ਛਿਨੁ ਛਿਨੁ ਅਉਧ ਬਿਹਾਤੁ ਹੈ***
***ਫੂਟੈ ਘਟ ਜਿਉ ਪਾਨੀ ॥ 1 ॥ ਰਹਾਉ ॥***
***ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥***
***ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥ 1 ॥***
***ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥***
***ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥ 2 ॥ 1 ॥***

***ਅੰਗ- 726***

ਵੱਡਾ ਕਾਰਨ ਮਹਾਰਾਜ ਕਹਿੰਦੇ ਸੰਸਾਰ ਤੇ ਰਹਿਣਾ ਮੰਨਦੈ ਬੰਦਾ, ਜਾਣਾ ਨਹੀਂ ਮੰਨਦਾ। ਜਿੰਨਾ ਰੌਲਾ-ਗੌਲਾ ਇਸ ਗੱਲ ਦਾ ਹੈ ਕਿ ਮੈਂ ਰਹਿਣੈ, ਮੈਂ ਇਸ ਤਰ੍ਹਾਂ ਰਹਿਣੈ। ਇਹ ਪਤਾ ਹੀ ਨਹੀਂ ਕਿ ਉਸ ਵਾਹਿਗੁਰੂ ਨੇ ਤਾਂ ਸਭ ਕੁਛ ਲਿਖਿਆ ਪਿਐ ਹੈ। ਵਾਧੂ ਦਾ ਰੌਲਾ-ਗੌਲਾ ਹੈ ਤੇਰਾ ਸੰਸਾਰ ਦੇ ਅੰਦਰ।

ਸੋ ਐਸੇ ਸਤਿਸੰਗ ਦੇ ਵਿਚ ਆਉਂਦੈ ਤੇ ਮਹਾਤਮਾ ਫੁਰਮਾਨ ਕਰਦੇ ਨੇ ਕਿ ਪਿਆਰਿਓ! ਇਹ ਨਾਮ ਜਪਣ ਵਾਸਤੇ ਸੰਸਾਰ 'ਤੇ ਆਇਆ ਸੀ। ਦੂਸਰਾ ਸੀ ਕਿ ਪੂਰੇ ਗੁਰੂ ਦੀ ਸੇਵਾ ਕਰਕੇ ਆਪਣਾ ਜਨਮ ਜੋ ਸੀ ਉਸ ਨੂੰ ਲੇਖੇ ਵਿਚ ਲਾਉਣਾ -

***ਗੁਰ ਸੇਵਾ ਤੇ ਭਗਤਿ ਕਮਾਈ ॥***
***ਤਬ ਇਹ ਮਾਨਸ ਦੇਹੀ ਪਾਈ ॥*** ***ਅੰਗ- 1159***

ਜੇ ਇਹ ਕੰਮ ਇਥੇ ਆ ਕੇ ਇਸ ਨੇ ਨਹੀਂ ਕਰਿਆ। ਮਹਾਰਾਜ ਕਹਿੰਦੇ, ਉਹਨੂੰ ਪੁਛੋ ਫੇਰ। ਉਹਦੇ ਆਉਣ ਦਾ ਫੇਰ ਕੀ ਮਤਲਬ ਹੈ? ਜੇ ਕਹੇ ਕਿ ਮੈਂ ਪੈਸੇ ਕਮਾਉਣ ਆਇਆ ਹਾਂ, ਪੈਸਾ ਤਾਂ ਨਾਲ ਜਾਂਦਾ ਨਹੀਂ ਕਿਸੇ ਦੇ -

***ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ ॥***
***ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥***

***ਅੰਗ- 1365***

ਜੇ ਕਹੇ ਕਿ ਮੈਂ ਸ਼ਰਾਬਾਂ ਪੀਣ ਵਾਸਤੇ ਆਇਆ ਹਾਂ, ਨਸ਼ੇ ਪੀਣ ਵਾਸਤੇ ਆਇਆ ਹਾਂ ਫੇਰ ਤਾਂ ਤੂੰ ਆਪਣਾ ਸਰੀਰ ਖਰਾਬ ਕਰ ਲਏਂਗਾ।

ਦੁਖੀ ਹੋਏਂਗਾ, ਸੈੱਲ ਮਰ ਜਾਣਗੇ, ਫੇਰ ਕੁਛ ਵੀ ਨਹੀਂ ਹੋਣਾ, ਰੋਗੀ ਹੋਇਆ ਤੁਰਿਆ ਫਿਰੀਂ। ਇਹ ਵੀ ਕੋਈ ਆਉਣ ਦਾ ਮਤਲਬ ਹੈ। ਜੇ ਕਹੇ ਕਿ ਮੈਂ ਬਹੁਤ ਪੜ੍ਹਨ ਵਾਸਤੇ ਆਇਆ ਹਾਂ, ਮੈਂ ਬੇਅੰਤ ਪੜ੍ਹਾਈ ਕਰਨੀ ਹੈ। ਮਹਾਰਾਜ ਕਹਿੰਦੇ, ਜੇ ਪੜ੍ਹਾਈ ਕਰਕੇ ਤੈਨੂੰ ਤੱਤ ਦਾ ਪਤਾ ਨਹੀਂ ਲੱਗਿਆ ਤਾਂ ਫੇਰ ਪੜ੍ਹਨ ਦਾ ਕੀ ਫਾਇਦਾ। ਐਵੇਂ ਹੀ ਖਪ-ਖਪ ਕੇ ਸੰਸਾਰ ਤੋਂ ਜਾ ਰਿਹੈਂ। ਆਉਣਾ ਸਫਲ ਸਿਰਫ ਉਸ ਦਾ ਹੈ -

*ਆਇਆ ਸਫਲ ਤਾਹੂ ਕੋ ਗਨੀਐ ॥*
*ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥ ਅੰਗ- 252*

ਜਿਹਦੀ ਰਸਨਾ ਵਿਚੋਂ, ਤੁਰਦੇ ਫਿਰਦੇ ਹਰ ਵਕਤ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਅੱਖਰ ਨਿਕਲਦੇ ਰਹਿੰਦੇ ਨੇ। ਬਾਕੀਆਂ ਦੇ ਆਉਣ ਦਾ ਕੋਈ ਕੰਮ ਨਹੀਂ ਹੈ। ਉਹਦੇ ਉਤੇ ਮਹਾਰਾਜ ਸਵਾਲ ਕਰਦੇ ਨੇ। ਇਸ ਤਰ੍ਹਾਂ ਪੜ੍ਹ ਲਓ-

*ਧਾਰਨਾ - ਕਾਹੇ ਜਗ ਆਏ ਨੇ,*
*ਭਗਤੀ ਤੋਂ ਹੀਣੇ ਜਿਹੜੇ।*

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ ॥*
*ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ ॥*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ ॥*
*ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥*
*ਅੰਗ- 450*

*ਭਾਈ ਰੇ ਭਗਤਿਹੀਣੁ ਕਾਹੇ ਜਗਿ ਆਇਆ ॥*
*ਪੂਰੇ ਗੁਰ ਕੀ ਸੇਵ ਨ ਕੀਨੀ ਬਿਰਥਾ ਜਨਮੁ ਗਵਾਇਆ ॥*
*ਅੰਗ- 32*

ਜਨਮ ਬਿਰਥਾ ਗਵਾ ਕੇ ਸੰਸਾਰ ਤੋਂ ਚਲਿਆ ਗਿਆ ਤੇ ਬਣਦਾ ਕੁਛ ਨਹੀਂ। ਸੋ ਇਸ ਤਰ੍ਹਾਂ ਦੇ ਨਾਲ ਤਰਨ ਦਾ ਜੋ ਤਰੀਕਾ ਹੈ, ਮਹਾਰਾਜ ਕਹਿੰਦੇ, ਇਕੋ ਤਰੀਕਾ ਹੈ ਉਹਨੂੰ ਦਿਮਾਗ ਦੇ ਵਿਚ ਵਸਾ ਲਓ -

*ਧਾਰਨਾ - ਪਿਆਰੇ ਜੀ, ਸੰਗਤ ਕਰ ਲੈ ਸਾਧੂਆਂ ਦੀ,*
*ਜੇ ਤੈਂ ਭਵਜਲ ਬਿਖੜਾ ਤਰਨੈਂ।*

ਇਕੋ ਤਰੀਕਾ ਹੈ ਕਿ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਪ੍ਰਾਪਤ ਹੋ ਜਾਵੇ, ਪਰ ਇਹ ਬਹੁਤ ਦੁਰਲੱਭ ਹੈ। ਹੋਇਆ ਨਹੀਂ ਕਰਦੀ। ਇਹਦੇ 'ਚ ਪੜਦਾ ਰਹਿ ਜਾਂਦੈ। ਪੜਦਾ ਰਹਿਣ ਦੇ ਨਾਲ ਗੱਲ ਬਣਿਆ ਨਹੀਂ ਕਰਦੀ। ਜਿਵੇਂ ਕਾਰਾਂ ਚਲਦੀਆਂ ਨੇ, ਗੱਡੀਆਂ ਚਲਦੀਆਂ ਨੇ, ਜਿਥੋਂ ਕਰੰਟ ਪੈਦਾ ਹੁੰਦੀ ਹੈ, ਜੇ ਪਤਲਾ ਜਿਹਾ ਕਾਗਜ਼ ਉਹਦੇ ਵਿਚ ਰੱਖ ਦਿਓ। ਕਰੰਟ ਤਾਂ ਪਿਛੋਂ ਆਉਂਦੀ ਹੈ ਪਰ ਅਗਾਂਹਾਂ ਨਹੀਂ ਜਾਂਦੀ ਕਿਉਂਕਿ ਵਿਚਾਲੇ ਪੜਦਾ ਪੈ ਗਿਆ। ਉਹ ਕੁਦਰਤੀ ਬਾਤ ਹੈ, ਕਲਜੁਗ ਦੇ ਹਮਲੇ ਹੁੰਦੇ ਨੇ, ਭੁੱਲ ਪੈਂਦੀ ਹੈ, ਭੁੱਲ ਪੈਣ ਨਾਲ ਪੜਦਾ ਪੈ ਜਾਂਦੈ ਤੇ ਸੰਗਤ ਨਹੀਂ ਮਿਲਿਆ

ਕਰਦੀ। ਜੇ ਕੋਈ ਕਹੇ ਕਿ ਮੈਂ ਇਸ ਤਰ੍ਹਾਂ ਲੰਘ ਜਾਊਂਗਾ। ਮਹਾਰਾਜ ਕਹਿੰਦੇ, ਬਿਲਕੁਲ ਨਹੀਂ -

***ਮਨਹਠਿ ਕਿਤੈ ਉਪਾਇ ਨ ਛੂਟੀਐ***
***ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ ॥*** ***ਅੰਗ- 65***

ਕਹਿੰਦੇ ਤੁਸੀਂ ਪਹਿਲਾਂ ਬਚਨ ਵੱਡੇ-ਵੱਡੇ ਗ੍ਰੰਥ ਸਿਮ੍ਰਤੀਆਂ ਨੇ, ਸ਼ਾਸਤ੍ਰ ਨੇ, ਵੇਦ ਨੇ ਇਹਨਾਂ ਨੂੰ ਸੋਧ ਕੇ ਦੇਖੋ, ਜ਼ੋਰ ਲਾਉਣ 'ਤੇ ਕੋਈ ਨਹੀਂ ਛੁਟ ਸਕਦਾ। ਛੁਟਣ ਦਾ ਤਾਂ ਇਕੋ ਹੀ ਤਰੀਕਾ ਹੈ -

***ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ ॥***
***ਅੰਗ- 65***

ਪੂਰੇ ਸਾਧੂ ਦੀ ਸੰਗਤ ਮਿਲ ਜਾਵੇ ਤਾਂ ਉਹਨੂੰ ਮਿਲ ਕੇ ਫੇਰ ਪਾਰ ਉਤਾਰਾ ਹੋ ਜਾਂਦੈ, ਨਹੀਂ ਤਾਂ ਬੰਦਾ ਵਿਚੀ ਰਹਿ ਜਾਂਦੈ। ਸੋ ਇਸ ਤਰ੍ਹਾਂ ਦੇ ਬਚਨ ਸਧਨਾ ਸੁਣਦੈ, ਸਰਲ ਸੁਭਾਅ ਹੈ ਉਸਦਾ। ਤਰਕ ਨਹੀਂ ਹੈ ਦਿਲ ਦੇ ਅੰਦਰ, ਜਿਸ ਥਾਂ ਤੋਂ ਬਾਣੀ ਆਉਂਦੀ ਹੈ ਉਸ ਥਾਂ ਦੇ ਉਤੇ ਉਹਦੀ ਸੁਰਤ ਚੱਕਰ ਮਾਰਦੀ ਹੈ ਕਿਉਂਕਿ ਸੁਣ ਰਿਹੈ। ਅਸਲੀ ਸਰੋਤਾ ਹੈ। ਚਾਰ ਕਿਸਮ ਦੇ ਸਰੋਤੇ ਹੁੰਦੇ ਨੇ, ਇਕ ਤਾਂ ਉਹ ਹੁੰਦੇ ਨੇ ਜਿਹੜੇ ਆਉਂਦੇ ਨੇ ਆ ਕੇ ਸਤਿਸੰਗ ਦੇ ਵਿਚ ਅੱਖਾਂ ਮੀਚੀਆਂ, ਗਰਦਨ ਹੇਠਾਂ ਨੂੰ ਕਰ ਲਈ, ਠੋਡੀ ਲਗ ਗਈ ਛਾਤੀ ਨਾਲ ਤੇ ਪਤਾ ਹੀ ਨਹੀਂ ਕੁਛ, ਸੌਂ ਗਏ ਅਰਾਮ ਨਾਲ, ਤੁੰਦਰਾ ਕਹਿੰਦੇ ਨੇ ਇਹਨੂੰ, ਤੁੰਦਰਾ ਪੈ ਜਾਂਦੀ ਹੈ। ਉਹਨਾਂ ਨੂੰ ਊਂਘੇ ਕਹਿੰਦੇ ਨੇ। ਦੂਸਰੇ ਸਰੋਤੇ ਉਹ ਹੋਇਆ ਕਰਦੇ ਨੇ ਜਿਹੜੇ ਦੇਖਣ ਵਾਸਤੇ ਆਉਂਦੇ ਨੇ ਕਿ ਉਹਦਾ ਕੀਰਤਨ ਕਿਹੋ ਜਿਹਾ ਹੈ, ਇਹਦਾ ਕਿਹੋ ਜਿਹਾ ਹੈ। ਉਹ ਸੂੰਘੇ ਹੁੰਦੇ ਨੇ। ਉਹ ਪਰਖ ਕਰਨ ਆਏ ਹੁੰਦੇ ਨੇ। ਤੀਸਰੇ ਹੋਇਆ ਕਰਦੇ ਨੇ ਜਿਨ੍ਹਾਂ ਦਾ ਚਿੱਤ ਨਹੀਂ ਲਗਦਾ। ਕਦੇ ਮੱਥਾ ਟੇਕਣ ਵਾਲਿਆਂ ਨੂੰ ਦੇਖਣ ਲਗ ਗਏ, ਕਦੇ ਏਧਰ ਨੂੰ, ਓਧਰ ਨੂੰ, ਕਦੇ ਘੜੀ ਦੇਖ ਲਈ, ਕਦੇ ਕੁਛ ਕਰ ਲਿਆ, ਕਦੇ ਪਿੱਛੇ ਨੂੰ ਦੇਖਣਾ ਸ਼ੁਰੂ ਕਰ ਦਿਤਾ, ਕਦੇ ਗੋਡਾ ਉਪਰ ਨੂੰ ਕਰ ਲਿਆ, ਨਾ ਆਪ ਟਿਕਣਾ ਨਾ ਦੂਜਿਆਂ ਦੀ ਬਿਰਤੀ ਲਗਣ ਦੇਣੀ ਹੈ। ਉਹ ਜਿਹੜੇ ਸਰੋਤੇ ਨੇ ਉਹਨਾਂ ਨੂੰ ਠੂੰਗੇ ਕਹਿੰਦੇ ਨੇ। ਚੌਥੇ ਉਹ ਹੁੰਦੇ ਨੇ ਜਿਹੜੇ ਬਚਨ ਨੂੰ ਹਿਰਦੇ 'ਚ ਵਸਾਉਂਦੇ ਨੇ। ਉਹ ਹਿਰਦੇ 'ਚ ਵਸਾਉਣ ਵਾਲੇ ਜਿਹੜੇ ਹੈਗੇ, ਉਹ ਚੂੰਘੇ ਕਹਾਉਂਦੇ ਨੇ ਉਹ ਟਾਂਵੇਂ-ਟਾਂਵੇਂ ਹੋਇਆ ਕਰਦੇ ਨੇ ਸਤਿਸੰਗ 'ਚ। ਬਾਕੀ ਨਹੀਂ ਹੁੰਦੇ। ਕਹਿੰਦੇ, ਸਤਿਸੰਗ 'ਚ ਪੂਰਨ ਇਕਾਗਰਤਾ ਹੋਣੀ ਚਾਹੀਦੀ ਹੈ। ਮੈਂ ਇਕ ਬੇਨਤੀ ਕਰਾਂ ਜੇ ਅਸੀਂ ਲਿਖ ਵੀ ਲਈਏ, ਜਿਵੇਂ ਸਕੂਲ ਦੇ ਬੱਚੇ ਲਿਖ ਲੈਂਦੇ ਨੇ ਤੇ ਮਹਾਂਪੁਰਸ਼ ਬਚਨ ਹੀ ਕਰਦੇ ਨੇ, ਅਸੀਂ ਲਿਖਦੇ ਹਾਂ। ਉਹਨਾਂ ਦੀ ਬੁੱਧੀ ਮੰਡਲ ਤੋਂ ਅਗਾਂਹਾਂ ਨਹੀਂ ਗੱਲ ਜਾਇਆ ਕਰਦੀ, ਉਰ੍ਹੇ ਹੀ ਰਹਿ ਜਾਂਦੀ ਹੈ। ਜਿੱਥੇ ਗੱਲ ਆ ਰਹੀ ਉਸ ਥਾਂ 'ਤੇ ਬਿਰਤੀ ਨਹੀਂ ਉਹਨਾਂ ਦੀ ਜਾਂਦੀ, ਵਿਚ ਰਹਿ ਜਾਂਦੀ ਹੈ। ਕਿਉਂਕਿ ਲਿਖਣ ਲਗ ਗਏ। ਉਹ ਜਿਹੜਾ ਉਸ ਦਾ ਪ੍ਰਭਾਵ ਸੀ ਉਥੇ ਖਤਮ ਹੋ ਗਿਆ ਟੁੱਟ ਗਿਆ। ਉਹ ਕੇਵਲ ਗਿਆਨੀ ਤਾਂ ਬਣ ਸਕਦੈ, ਅਨੁਭਵੀ ਮਹਾਂਪੁਰਸ਼

ਨਹੀਂ ਬਣ ਸਕਦਾ ਕਿਉਂਕਿ ਅਨੁਭਵ ਉਹਨੇ ਕੀਤਾ ਹੀ ਨਹੀਂ। ਜਿਸ ਅਨੁਭਵ ਵਿਚੋਂ ਮਹਾਂਪੁਰਸ਼ ਬੋਲਦੇ ਨੇ ਉਸ ਅਨੁਭਵ ਦੇ ਵਿਚ ਬਿਰਤੀ ਨਹੀਂ ਪਹੁੰਚਦੀ। ਸੋ ਇਸ ਤਰ੍ਹਾਂ ਦੇ ਨਾਲ ਕਈ ਵਿਘਨ ਪੈ ਜਾਂਦੇ ਨੇ।

ਇਹ ਜੋ ਹੈ ਬੱਚਾ, ਇਹ ਕਸਾਈ ਦਾ ਕੰਮ ਕਰਦਾ ਹੈ। ਇਹਦੇ ਮਨ ਦੇ ਅੰਦਰ ਪਿਛਲੇ ਕਰਮਾਂ ਦਾ ਐਨਾ ਵੇਗ ਸੀ ਜ਼ਬਰਦਸਤ ਕਿ ਵੈਰਾਗ ਵਿਚ ਰਹਿੰਦਾ ਸੀ ਹਰ ਵਕਤ। ਨਾਲ ਕਹਿੰਦਾ ਸੀ ਹੇ ਪ੍ਰਭੂ! ਮੈਂ ਕੀ ਕਰਾਂ, ਹੋਰ ਮੈਨੂੰ ਕਿਰਤ ਆਉਂਦੀ ਕੋਈ ਨਹੀਂ ਤੇ ਹੁਣ ਮੈਂ ਕਰਾਂ ਤਾਂ ਕੀ ਕਰਾਂ।

ਇਕ ਦਿਨ ਦੀ ਗੱਲ ਹੈ ਕਿ ਓਸ ਸ਼ਹਿਰ ਦਾ ਜਿੱਥੇ ਇਹ ਰਿਹਾ ਕਰਦਾ ਸੀ, ਸੇਵਾਨ ਪਿੰਡ ਦਾ ਚੌਧਰੀ ਜੋ ਸੀ ਉਹ ਬਿਮਾਰ ਹੋ ਗਿਆ। ਕਿਸੇ ਨੇ ਉਸ ਨੂੰ ਕਿਹਾ ਕਿ ਥੋੜ੍ਹਾ ਜਿਹਾ ਮਾਸ ਲਿਆ ਕੇ ਉਹਦੀ ਤਰੀ ਪਿਲਾਉਣੀ ਚਾਹੀਦੀ ਹੈ ਤਾਂ ਠੀਕ ਹੋਊ। ਸ਼ਾਮ ਹੋ ਚੁੱਕੀ ਸੀ, ਗਰਮੀ ਦਾ ਮਹੀਨਾ ਸੀ, ਉਹਦੇ ਬੰਦੇ ਸਧਨੇ ਕੋਲ ਆ ਗਏ। ਸਧਨੇ ਨੂੰ ਕਹਿਣ ਲੱਗੇ ਕਿ ਦੇਖ ਭਾਈ! ਐਨਾ ਕੁ ਮਾਸ ਚਾਹੀਦੈ ਸਾਨੂੰ। ਇਹ ਤੂੰ ਜ਼ਰੂਰ ਕਰ ਕਿਉਂਕਿ ਜ਼ਿੰਦਗੀ ਦਾ ਸਵਾਲ ਹੈ। ਉਹ ਕਹਿਣ ਲੱਗਿਆ ਕਿ ਦੇਖੋ ਕੱਲ੍ਹ ਨੂੰ ਹੈਗੀ ਦਸਵੀਂ। ਕੱਲ੍ਹ ਨੂੰ ਕੋਈ ਮਾਸ ਨਹੀਂ ਕੱਟਣਾ। ਤੇ ਅੱਜ ਨੌਵੀਂ ਹੈ, ਜੇ ਮੈਂ ਅੱਜ ਕਟਿਆ ਤਾਂ ਇਕਾਦਸ਼ੀ 'ਚ ਆ ਕੇ ਵਿਕਣੈ, ਗਰਮੀ ਦਾ ਮਹੀਨਾ ਹੈ। ਮੇਰਾ ਮਾਸ ਸਾਰਾ ਖਰਾਬ ਜਾਏਗਾ। ਜਦ ਉਹ ਬਾਰ-ਬਾਰ ਕਹਿੰਦੈ ਤਾਂ ਇਹ ਕਹਿਣ ਲੱਗਿਆ, ਚੰਗਾ! ਬਾਹਰ ਬੈਠ। ਅੰਦਰ ਚਲਿਆ ਗਿਆ ਤੇ ਜਾ ਕੇ ਛੁਰੀ ਚੁੱਕ ਲਿਆਇਆ। ਜਿਸ ਵਕਤ ਚਲਾਉਣ ਲੱਗਿਆ ਕਿ ਲੱਤ ਕੱਟ ਕੇ ਮੈਂ ਦੇ ਦੇਵਾਂ, ਕੱਲ੍ਹ ਦਾ ਦਿਨ ਇਹ ਕੱਟ ਜਾਏਗਾ। ਪਰਸੋਂ ਨੂੰ ਮੈਂ ਵੱਢ ਹੀ ਲੈਣੈ ਇਸ ਨੂੰ। ਇਹਦੇ ਅਚਾਨਕ ਅੰਦਰ ਪ੍ਰਕਾਸ਼ ਹੋ ਗਿਆ ਕਿ ਹੈਂ ਮੈਂ ਐਸਾ ਕਰਮ ਕਰਨ ਲੱਗਿਆਂ। ਇਸ ਕਰਮ ਦਾ ਫਲ ਤਾਂ ਮੈਨੂੰ ਭੋਗਣਾ ਪੈਣੈ। ਮਹਾਂਪੁਰਸ਼ ਕਹਿੰਦੇ ਨੇ।

***ਭੋਗੇ ਬਿਨ ਭਾਗਹਿ ਨਹੀ ਕਰਮ ਗਤੀ ਬਲਵਾਨ।***

ਜਿਹੜਾ ਤੂੰ ਕਰਮ ਕਰ ਲਿਆ ਉਹਦਾ ਤਾਂ ਲੇਖਾ ਤੈਨੂੰ ਦੇਣਾ ਹੀ ਪੈਣੈ। ਉਹ ਭੋਗਣਾ ਪੈਣੈ। ਚਾਹੇ ਕਿਸੇ ਤਰ੍ਹਾਂ ਕਰ ਲੈ। ਭੋਗੇ ਤੋਂ ਬਗੈਰ ਨਹੀਂ ਜਾਇਆ ਕਰਦਾ, ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਫਲ ਦਿਤਿਆਂ ਬਾਜ ਨਾ ਜਾਣਾ,***
***ਤੇਰਿਆਂ ਕਰਮਾਂ ਨੇ ਫਲ ਦਿਤਿਆਂ।***

ਕਹਿਣ ਲੱਗਿਆਂ, ਅੱਜ ਤੂੰ ਇਹਦਾ ਪੱਟ ਵੱਢ ਰਿਹੈਂ। ਕਲ੍ਹ ਨੂੰ ਤੂੰ ਬੱਕਰਾ ਬਣ ਗਿਆ, ਤੇਰਾ ਇਹ ਵੱਢੇਗਾ। ਕਿੰਨੀ ਤੜਫਣ ਹੋਏਗੀ, ਕਿੰਨਾ ਦੁਖ ਹੋਏਗਾ। ਛੁਰੀ ਸੁੱਟ ਦਿਤੀ। ਅੰਦਰ ਜ਼ਮੀਰ ਦੇ ਵਿਚ ਰੋਸ਼ਨੀ ਹੋ ਗਈ। ਬਦਲ ਗਿਆ ਉਸੇ ਵੇਲੇ। ਬਾਹਰ ਆ ਗਿਆ। ਕਹਿੰਦਾ, ਕਿ ਮੈਂ ਨਹੀਂ ਕਰ ਸਕਦਾ ਇਹ। ਉਸ ਤੋਂ ਬਾਅਦ ਮੁੱਲ ਲੈ ਆਉਂਦਾ, ਲਿਆ ਕੇ ਵੇਚਣ ਚਲਿਆ ਜਾਂਦੈ। ਕਿਉਂਕਿ ਕਿਰਤ ਸੀ। ਟੋਕਰੇ 'ਚ ਪਾ ਲੈਂਦੈ ਤੇ

ਜਿੱਥੇ-ਜਿੱਥੇ ਕੋਈ ਲੈਣ ਵਾਲਾ ਖਰੀਦਦਾਰ ਸੀ, ਉਥੇ ਵੇਚ ਦਿੰਦੈ।

ਅੱਜ ਮਹਾਂਪੁਰਸ਼ਾਂ ਦੀ ਇਕ ਮੰਡਲੀ ਆ ਰਹੀ ਹੈ। ਦੂਰੋਂ ਇਹਦੇ ਕੰਨ ਵਿਚ ਅਵਾਜ਼ ਪਈ। ਸਮਝਣ ਦਾ ਯਤਨ ਕਰਿਆ ਲੇਕਿਨ ਅਜੇ ਸ਼ਬਦ ਸਮਝ 'ਚ ਨਹੀਂ ਪੈ ਰਿਹਾ। ਅੱਖਾਂ ਦੇ ਵਿਚ ਜਲ ਜਾਣਾ ਸ਼ੁਰੂ ਹੋ ਗਿਆ ਕਿ ਮਨਾ! ਤੇਰਾ ਤਾਂ ਜਨਮ ਹੀ ਬਰਬਾਦ ਹੋ ਗਿਆ। ਤੂੰ ਕਿਸੇ ਮਹਾਂਪੁਰਸ਼ ਨੂੰ ਨਹੀਂ ਮਿਲਿਆ। ਕੀ ਕਰੇਂਗਾ? ਕਾਲ ਦਾ ਕੋਈ ਪਤਾ ਨਹੀਂ ਹੈ। ਬਚਨ ਤੂੰ ਸੁਣਦੈਂ ਸੰਗਤ 'ਚ ਬੈਠ ਕੇ, ਤੇਰਾ ਸੰਪਰਕ ਤਾਂ ਕਿਸੇ ਮਹਾਂਪੁਰਸ਼ ਨਾਲ ਹੋਇਆ ਨਹੀਂ ਹੈ। ਸੋ ਜਦੋਂ ਨੇੜੇ ਆਉਂਦੇ ਨੇ, ਰੁਖ ਬਦਲ ਲਿਆ, ਡੰਡੀ ਬਦਲ ਕੇ ਉਸ ਪਾਸੇ ਨੂੰ ਚਲ ਪਿਆ ਕਿ ਕੋਈ ਗੱਲ ਨਹੀਂ ਮਹਾਂਪੁਰਸ਼ਾਂ ਦੇ ਦਰਸ਼ਨ ਵੀ ਕਰਾਂਗੇ ਤੇ ਸੁਣਦੇ ਵੀ ਹਾਂ। ਦਿਲ ਖਿੱਚਵੀਂ ਆਵਾਜ਼ ਆ ਰਹੀ ਆ ਰਹੀ ਹੈ ਇਸ ਤਰ੍ਹਾਂ ਦੀ -

***ਧਾਰਨਾ - ਸਿਮਰਨ ਭਜਨ ਦਇਆ ਨਹੀਂ ਕੀਨੀ,***
***ਤਉ ਮੁਖ ਚੋਟਾ ਖਾਵੇਂਗਾ।***

***ਸਿਮਰਨੁ ਭਜਨੁ ਦਇਆ ਨਹੀ ਕੀਨੀ***
***ਤਉ ਮੁਖਿ ਚੋਟਾ ਖਾਹਿਗਾ ॥*** ***ਅੰਗ- 1106***

ਸ਼ਬਦ ਸਮਝ ਲਿਆ। ਸਿਮਰਨ, ਭਜਨ ਨਹੀਂ ਕੀਤਾ ਤੇ ਦਇਆ ਨਹੀਂ ਕੀਤੀ। ਫੇਰ ਹੋਏਗਾ ਕੀ? -

***ਧਰਮ ਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੈ ਜਾਹਿਗਾ ॥***
***ਅੰਗ- 1106***

ਜਦੋਂ ਲੇਖਾ ਹੋਣੈ। ਉਥੇ ਕੀ ਕਹੇਂਗਾ? ਤੇਰੇ ਕੋਲ ਕੁਛ ਕਹਿਣ ਨੂੰ ਹੈ? ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਜਦੋਂ ਕੱਢ ਕੇ ਵਹੀ ਲੇਖਾ ਮੰਗਿਆ,***
***ਫੇਰ ਕੀ ਜਵਾਬ ਦੇਵੇਂਗਾ।***

***ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥***
***ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥***
***ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥***
***ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥***
***ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥***
***ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥***
***ਅੰਗ- 953***

ਮਹਾਂਪੁਰਸ਼ਾਂ ਤੋਂ ਸੁਣਿਆ ਕਿ ਫੇਰ ਕੀ ਜਵਾਬ ਦੇਵੇਂਗਾ -

***ਧਰਮ ਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੈ ਜਾਹਿਗਾ ॥***
***ਅੰਗ- 1106***

ਕੀ ਮੁੱਖ ਲੈ ਕੇ ਜਾਏਂਗਾ? ਫੇਰ ਤਾਂ ਸ਼ਰਮਿੰਦਾ ਹੀ ਹੋਣਾ ਪੈਣੈ -

***ਕਬੀਰ ਲੇਖਾ ਦੇਣਾ ਸੁਹੇਲਾ ਜਉ ਦਿਲ ਸੂਚੀ ਹੋਇ ॥***

*ਅੰਗ- 1375*

ਜਿਸ ਦੇ ਅੰਦਰ ਸਚਾਈ ਹੈ, ਛਲ ਨਹੀਂ, ਕੋਈ ਕਪਟ ਨਹੀਂ; ਤਾਂ, ਤਾਂ ਲੇਖਾ ਦੇਣਾ ਸੌਖਾ ਹੈ। ਨਹੀਂ ਤਾਂ ਬਹੁਤ ਔਖਾ ਹੈ। ਇਕੱਲੀ-ਇਕੱਲੀ ਗੱਲ ਦਾ ਲੇਖਾ ਮੰਗਦੇ ਨੇ -

***ਲੇਖਾ ਲੀਜੈ ਤਿਲ ਜਿਉ ਪੀੜੀ ॥*** *ਅੰਗ- 1028*

ਜਿਵੇਂ ਤਿਲ ਨੂੰ ਪੀੜਦੇ ਨੇ ਇਸ ਤਰ੍ਹਾਂ ਲੇਖਾ ਲੈਂਦੇ ਨੇ। ਬੜਾ ਔਖਾ ਹੁੰਦੈ ਲੇਖਾ ਦੇਣਾ। ਸਾਰੇ ਡਰਦੇ ਨੇ ਲੇਖਾ ਦੇਣ ਤੋਂ। ਕਹਿੰਦੇ, ਫੇਰ ਕੀ ਲੇਖਾ ਦੇਵੇਂਗਾ?

ਸੰਤ ਈਸ਼ਰ ਸਿੰਘ ਜੀ ਮਹਾਰਾਜ (ਰਾੜਾ ਸਾਹਿਬ) ਦਸਿਆ ਕਰਦੇ ਸੀ। ਇਕ ਮਜਿਸਟਰੇਟ ਫੈਸਲਾ ਕਰ ਰਿਹਾ ਸੀ। ਰਿਸ਼ਵਤ ਲੈ ਲਈ ਸੀ। ਨਿਰਦੋਸ਼ ਬੰਦੇ ਨੂੰ ਦੋਸ਼ ਲਾ ਕੇ ਸਜ਼ਾ ਦੇ ਰਿਹਾ ਸੀ। ਦੋਸ਼ੀਆਂ ਨੂੰ ਛੱਡ ਰਿਹਾ ਸੀ। ਉਹ ਬੰਦਾ ਬਹੁਤ ਭਜਨ ਕਰਦਾ ਸੀ, ਕਿਸੇ ਮਹਾਂਪੁਰਸ਼ ਨੇ ਦਸ ਦਿਤਾ ਕਿ ਤੂੰ ਇਸ ਤਰ੍ਹਾਂ ਭਜਨ ਕਰੀ ਜਾਹ, ਕਰਦਾ ਹੀ ਚਲਿਆ ਜਾਹ, ਆਪੇ ਵਾਹਿਗੁਰੂ ਜੀ ਕਰਨਗੇ ਤੇਰੀ ਮਦਦ।

ਮਹਾਂਪੁਰਸ਼ਾਂ ਦਾ ਤਾਂ ਬਚਨ ਹੀ ਹੁੰਦਾ ਹੈ। ਇਕ ਤਾਂ ਐਸੇ ਮੈਂ ਦੇਖੇ ਨੇ ਕਿ ਜਦੋਂ ਸੰਕਟ ਹੋਵੇ, ਜੇ ਮੈਂ ਕਿਹਾ ਕਿ 42 ਦਿਨ ਪਾਠ ਕਰ ਲਓ। 42ਵੇਂ ਦਿਨ ਹੀ ਆ ਜਾਣਗੇ। ਕਹਿਣਗੇ ਜੀ ਬੱਸ, ਹੁਣ ਤਾਂ ਸਾਡਾ ਕੰਮ ਹੋ ਗਿਆ ਜੀ। ਪਾਠ ਛੱਡ ਦਿੰਦੇ ਨੇ ਓਸੇ ਵੇਲੇ। ਬਹੁਤੇ ਕਹਿੰਦੇ ਨੇ ਕਿ ਜੀ ਐਨੇ ਤਾਂ ਹੋ ਗਏ ਜੀ, ਅਗਾਂਹਾਂ ਤਾਂ ਹੁੰਦੇ ਨਹੀਂ ਹੁਣ। ਅਸੀਂ ਕਰ ਨਹੀਂ ਸਕਦੇ, ਐਸਾ ਹੀ ਸਾਡਾ ਸੁਭਾਅ ਹੈ। ਫਸੇ ਹੋਏ ਕਰਦੇ ਹਾਂ। ਫੇਰ ਨਹੀਂ ਅਸੀਂ ਰੱਬ ਨੂੰ ਜਾਣਦੇ। ਕਹਿੰਦੇ ਨੇ, 'ਨੈਂ ਲੰਘੀਂ ਖ਼ੁਆਜਾ ਵਿਸਰਿਆ।' ਤੇ ਜੇ ਭਜਨ ਕਰੇ ਤਾਂ ਸੰਕਟ ਦੂਰ ਹੋ ਜਾਂਦੇ ਨੇ।

ਸੰਤ ਮਹਾਰਾਜ ਜੀ ਦੇ ਪਾਸ ਕਈ ਪ੍ਰੇਮੀ ਆਏ। ਕਹਿਣ ਲੱਗੇ, ਮਹਾਰਾਜ! ਸਾਡਾ ਇਕ ਰਿਸ਼ਤੇਦਾਰ ਕਤਲ ਦੇ ਕੇਸ 'ਚ ਫਸ ਗਿਆ। ਕ੍ਰਿਪਾ ਕਰੋ ਆਪ। ਮਹਾਰਾਜ ਜੀ ਚੁੱਪ ਰਹੇ ਕਿ ਇਹਦੇ ਵਿਚ ਅਸੀਂ ਕੀ ਕਰਨੈਂ। ਉਹ ਕਈ ਵਾਰੀ ਆਏ, ਹੋਰ ਬਹੁਤ ਬੰਦਿਆਂ ਨੂੰ ਨਾਲ ਲਿਆਇਆ ਕਰਨ। ਅਖੀਰ ਮਹਾਰਾਜ ਜੀ ਕਹਿਣ ਲੱਗੇ ਕਿ ਚੰਗਾ, ਜੁਗਤ ਅਸੀਂ ਦਸ ਦਿੰਦੇ ਹਾਂ। ਇਹ ਸਵੇਰੇ ਹੀ ਉੱਠ ਕੇ ਜਪੁਜੀ ਸਾਹਿਬ ਦੇ ਪਾਠ ਕਰੀ ਜਾਇਆ ਕਰੇ, ਰਾਤ ਜਦੋਂ ਪੈਂਦੇ ਨੇ ਉਸ ਵੇਲੇ ਤਕ ਕਰੀ ਜਾਣ, ਅਰਦਾਸ ਕਰੀ ਜਾਇਆ ਕਰਨ, ਜਿਹਨੂੰ ਮਾਰਿਆ ਉਹਦੇ ਨਮਿੱਤ। ਅੱਠ ਸਾਲ, ਕੱਚੀ ਕੈਦ, ਸਟੇਟਾਂ 'ਚ ਇਸ ਤਰ੍ਹਾਂ ਹੀ ਹੁੰਦਾ ਸੀ। ਅੱਠ ਸਾਲ ਲੰਘ ਗਏ ਪਾਠ ਕਰਦਿਆਂ ਨੂੰ। ਅੱਠੀਂ ਸਾਲੀਂ ਉਹਨੂੰ ਸੁਪਨਾ ਆਇਆ ਕਿ ਜਿਹੜਾ ਮਾਰਿਆ ਸੀ ਉਹ ਸੁਪਨੇ 'ਚ ਆਇਆ। ਆ ਕੇ ਕਹਿਣ ਲੱਗਿਆ ਕਿ ਲੈ ਬਈ ਮੇਰਾ ਤਾਂ ਭਲਾ ਹੋ ਗਿਆ ਤੇਰੇ ਪਾਠ ਕਰਨ ਦੇ ਨਾਲ ਤੇ ਹੁਣ ਮੈਂ ਵੀ ਤੇਰੇ ਤੋਂ ਬਦਲਾ ਨਹੀਂ ਲੈਂਦਾ। ਮੈਂ ਵੀ ਇਸ ਕਰਮ ਦਾ ਫਲ, ਜਵਾਬ ਲੈਣਾ ਛੱਡ ਦਿਤਾ। ਉਧਰੋਂ ਫਾਈਲ ਉਹਦੀ ਨਿਕਲ ਆਈ, ਪੇਸ਼ੀ ਹੋਈ ਤੇ ਪੇਸ਼ੀ ਦੇ ਵਿਚ ਬਰੀ ਹੋ ਗਿਆ। ਮਹਾਰਾਜ ਜੀ ਦੇ ਕੋਲ ਆ

ਗਏ। ਸਾਰੀ ਗੱਲ ਦੱਸੀ।

ਪਾਠ ਕਰਕੇ ਵੱਡੇ ਤੋਂ ਵੱਡਾ ਸੰਕਟ ਟਲ ਜਾਇਆ ਕਰਦੈ। ਸੋ ਉਹ ਪ੍ਰੇਮੀ ਪਾਠ ਕਰਦਾ ਸੀ, ਭਜਨ ਕਰਦਾ ਸੀ ਕਿ ਹੇ ਪ੍ਰਭੂ! ਮੈਨੂ ਪਤਾ ਲੱਗਿਆ ਹੈ ਕਿ ਮੈਂ ਨਿਰਦੋਸ਼ਾ ਫਸ ਰਿਹਾ ਹਾਂ ਤੇ ਜਿਹੜੇ ਦੋਸ਼ੀ ਨੇ, ਉਹ ਉਹਨਾਂ ਨੂੰ ਛੱਡ ਰਿਹਾ ਹੈ। ਉਸ ਨੇ ਜ਼ਿਆਦਤੀ ਕਰੀ ਹੈ, ਉਹਨਾਂ ਨੂੰ ਤਾਂ ਸਾਰਿਆਂ ਨੂੰ ਛੱਡ ਰਿਹੈ ਤੇ ਮੈਨੂੰ ਇਹ ਸਜ਼ਾ ਦੇ ਰਿਹੈ। ਸਜ਼ਾ ਵੀ ਬਹੁਤ ਕਰੜੀ, ਸਜ਼ਾਏ ਮੌਤ ਦੇ ਰਿਹੈ ਤੇ ਤੇਰੇ ਬਿਨਾਂ ਮੇਰਾ ਕੋਈ ਸਹਾਇਕ ਨਹੀਂ।

ਪ੍ਰਭੂ ਨੇ ਥੋੜ੍ਹਾ ਜਿਹਾ ਪਰਦਾ ਚੁੱਕ ਦਿਤਾ। ਕਿਉਂਕਿ ਸਾਡੇ ਨਾਲ ਹੀ ਹੈ। ਸਾਨੂੰ ਪਤਾ ਹੀ ਨਹੀਂ ਕਿ ਸਾਡੇ ਨਾਲ ਦੁਨੀਆਂ ਕੀ ਕਰ ਰਹੀ ਹੈ? ਕਿਹੋ ਜਿਹੀ ਦੁਨੀਆਂ ਹੈ। ਉਹ ਦੁਨੀਆਂ 'ਚੋਂ ਪੜਦਾ ਲਾਹ ਦਿਤਾ। ਜਦ ਫੈਸਲਾ ਲਿਖਣ ਲੱਗਿਆ ਤਾਂ ਕੀ ਦੇਖਦੈ, ਸਾਮ੍ਹਣੇ ਇਕ ਬੰਦਾ ਖੜ੍ਹੈ। ਕਹਿਣ ਲੱਗਿਆ, ਤੂੰ ਕਿੱਥੋਂ ਦੀ ਆ ਗਿਆ। ਚਿਟਕਣੀ ਵਲ ਦੇਖਿਆ ਤਾਂ ਚਿਟਕਣੀ ਲੱਗੀ ਹੋਈ ਹੈ। ਕਹਿੰਦਾ, ਮੈਂ ਕਿੱਥੋਂ ਆਉਣਾ ਸੀ, ਮੈਂ ਤਾਂ ਹਰ ਵਕਤ ਤੇਰੇ ਨਾਲ ਰਹਿੰਦਾਂ।

ਕਹਿੰਦਾ, ਇਥੇ ਪਹਿਲਾਂ ਤਾਂ ਦੇਖਿਆ ਨਹੀਂ?

ਕਹਿੰਦਾ, ਮੈਂ ਨਾਲ ਹੁੰਦਾ, ਪਰ ਅੱਜ ਤੈਨੂੰ ਦਿਖਾਈ ਦਿਤਾ ਹਾਂ ਕਿ ਮੈਂ ਵੀ ਤੇਰੇ ਨਾਲ ਹਾਂ।

ਕਹਿੰਦਾ, ਤੇਰਾ ਨਾਉਂ ਕੀ ਹੈ?

ਕਹਿੰਦਾ, ਮੈਨੂੰ ਗੁਪਤ ਫੋਟੋਗ੍ਰਾਫਰ, ਚਿੱਤਰਗੁਪਤ ਕਹਿੰਦੇ ਨੇ। ਮੈਂ ਤੇਰੇ ਕਿਰਦਾਰ ਦੀਆਂ ਫੋਟੋਆਂ ਲੈਂਦਾ ਹਾਂ। ਜੋ ਕੁਛ ਤੂੰ ਗਲਤ ਕੰਮ ਕਰਦੈਂ ਸਾਰਿਆਂ ਦੀ ਮੇਰੇ ਕੋਲ ਫਿਲਮ ਬਣੀ ਪਈ ਹੈ।

ਕਹਿਣ ਲੱਗਿਆ, ਮੈਨੂੰ ਦੀਵਾਰਾਂ ਵਗੈਰਾ ਕੁਛ ਨਹੀਂ ਹਨ, ਮੈਂ ਹੁਣ ਤੈਨੂੰ ਦਿਸ ਰਿਹਾਂ, ਹੁਣ ਤੈਨੂੰ ਦਿਸਣ ਤੋਂ ਹਟ ਜਾਣੈ। ਉਹ ਹਟ ਗਿਆ, ਫੇਰ ਦਿਸਣ ਲੱਗ ਗਿਆ।

ਕਹਿੰਦਾ, ਤੂੰ ਨਜਾਇਜ਼ ਰਿਸ਼ਵਤ ਲੈ ਕੇ ਨਿਰਦੋਸ਼ ਬੰਦੇ ਨੂੰ ਫਸਾ ਰਿਹੈਂ। ਉਹਦੀ ਦਰਗਾਹ 'ਚ ਸੁਣੀ ਗਈ ਹੈ। ਇਹਦਾ ਤੈਨੂੰ ਫਲ ਮਿਲੇਗਾ, ਨਰਕਾਂ 'ਚ ਜਾਏਂਗਾ, ਦੁਖੀ ਹੋਏਂਗਾ। ਤੂੰ ਅੱਜ ਤਕ ਨੇਕ ਕੰਮ ਤਾਂ ਕੋਈ ਨਹੀਂ ਕਰਿਆ। ਮਾੜੇ ਹੀ ਕੰਮ ਕਰੇ ਨੇ। ਦੋ ਕਾਪੀਆਂ ਸੀ ਉਹਦੇ ਹੱਥ ਵਿਚ।

ਕਹਿੰਦਾ, ਇਹਦੇ 'ਚ ਕੀ ਹੈ?

ਕਹਿੰਦਾ, ਤੇਰੇ ਕਿਰਦਾਰ ਦੀਆਂ ਕਾਪੀਆਂ ਨੇ। ਕਾਲੀ ਕਾਪੀ ਖੋਲ੍ਹ ਲਈ, ਤਾਂ ਉਹਦੇ ਵਿਚ ਕਹਿਣ ਲੱਗਿਆ, ਸਾਢੇ 1100 ਪਾਪ ਤੂੰ ਹੁਣ ਤਕ ਕਰ ਚੁੱਕਿਆ ਹੈਂ ਵੱਡੇ-ਵੱਡੇ। ਜਿਹਨਾਂ ਦਾ ਤੈਨੂੰ ਲੇਖਾ ਦੇਣਾ ਪਵੇਗਾ,

ਨਰਕਾਂ 'ਚ ਸਜ਼ਾਵਾਂ ਮਿਲਣਗੀਆਂ। ਉਥੇ ਫੇਰ ਕੋਈ ਬੇਲੀ ਨਹੀਂ ਹੁੰਦਾ–

*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥*
*ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥*

***ਅੰਗ– 1281***

ਉਥੇ ਮਾਰ ਪੈਂਦੀ ਹੈ, ਤੇਰੇ ਕੀਤੇ ਹੋਏ ਕਰਮਾਂ ਦਾ ਤੈਨੂੰ ਫਲ ਭੋਗਣਾ ਪੈਣੈ ਤੇ ਫੇਰ ਤੇਰੀ ਸਹਾਇਤਾ ਵੀ ਕਿਸੇ ਨੇ ਨਹੀਂ ਕਰਨੀ –

*ਧਾਰਨਾ – ਜਿੰਦੇ ਰੋਵੇਂਗੀ ਤੇ ਰੋ–ਰੋ ਪਛੋਤਾਵੇਂਗੀ,*
*ਫੇਰ ਤੇਰਾ ਕੋਈ ਨਾ ਬਣੇ।*

*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥*
*ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥*

***ਅੰਗ– 464***

ਕਹਿਣ ਲੱਗੇ, ਸਾਹਿਬ ਬਹਾਦਰ! ਤੂੰ ਇਥੇ ਹੀ ਅਫਸਰ ਹੈਂ, ਜਦੋਂ ਤੈਨੂੰ ਲੇਖਾ ਦੇਣਾ ਪੈ ਗਿਆ, ਘੜੀਸੀਂ ਲਿਜਾਣਗੇ ਇਥੋਂ। ਰੋਵੇਂਗਾ, ਪਛਤਾਵੇਂਗਾ, ਫੇਰ ਤੇਰਾ ਕੋਈ ਨਹੀਂ ਬਣਨਾ। ਜਿਹਨਾਂ ਦੇ ਨਾਮ 'ਤੇ ਤੂੰ ਪਾਪ ਕਰਦੈਂ ਉਹ ਵੀ ਨਹੀਂ ਤੇਰੀ ਸਹਾਇਤਾ ਕਰ ਸਕਦੇ –

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥*
*ਸੁਤ ਦਾਰਾ ਪਹਿ ਆਨਿ ਲੁਟਾਵੈ ॥ 1 ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥ 1 ॥ ਰਹਾਉ ॥*
*ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ ॥*
*ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ ॥* ***ਅੰਗ– 656***

ਲੇਖਾ ਤਾਂ ਤੈਨੂੰ ਹੀ ਦੇਣਾ ਪੈਣਾ ਹੈ ਆਪਣੇ ਕਰਮਾਂ ਦਾ। ਫੇਰ ਰੋਵੇਂਗਾ। ਕਹਿੰਦੇ, ਦਿਖਾ ਦਿੰਦੇ ਹਾਂ ਤੈਨੂੰ, ਅੱਖਾਂ ਮੀਚ। ਤੇਰਾ ਹੀ ਹਾਲ ਦਿਖਾ ਦਿੰਦੇ ਹਾਂ ਤੇਰੇ ਨਾਲ ਕੀ ਬਣਨੀਂ ਹੈ। ਡਰ ਕੇ ਅੱਖਾਂ ਖੋਲ੍ਹ ਲਈਆਂ। ਕਹਿਣ ਲੱਗਿਆ, ਇਹ ਤਾਂ ਬੜਾ ਭਿਆਨਕ ਹੈ।

ਕਹਿੰਦੇ, ਇਵੇਂ ਜਿਵੇਂ ਹੋਣੈਂ।

ਕਿੰਨੇ ਕੁ ਪਾਪ ਕਰੇ ਨੇ?

ਕਹਿੰਦੇ, ਤੂੰ 1150 ਪਾਪ ਕਰੇ ਨੇ। ਪੜ੍ਹ ਕੇ ਸੁਣਾਵਾਂ? ਦੋ ਚਾਰ ਪੜ੍ਹੇ –

ਕਹਿੰਦਾ, ਠੀਕ ਹੈ। ਮੈਨੂੰ ਯਕੀਨ ਆ ਗਿਆ। ਕਹਿੰਦਾ, ਮੈਂ ਕੀ ਹੁਣ ਛੁਟ ਵੀ ਸਕਦਾ ਹਾਂ ਕਿਸੇ ਤਰੀਕੇ ਨਾਲ। ਇਹ ਤਾਂ ਹੋ ਗਿਆ, ਲੇਖਾ ਦੇਣਾ ਪੈਣੈ। ਬੜੀਆਂ ਭਾਰੀਆ ਸਜ਼ਾਵਾਂ ਮਿਲਣੀਆਂ ਨੇ। ਕਹਿਣ

ਲੱਗੇ, ਇਕ ਤਾਂ ਤੂੰ ਜਿੰਨਾਂ ਰਿਸ਼ਵਤਾਂ ਦਾ ਪੈਸਾ ਕਮਾਇਐ, ਸਾਰਾ ਵੰਡ ਦੇ। ਫੇਰ ਤੂੰ ਕਿਸੇ ਮਹਾਂਪੁਰਸ਼ ਦੀ ਸੰਗਤ ਕਰ, ਉਥੋਂ ਕਰਮਾਂ ਨੂੰ ਮਿਟਾਉਣ ਵਾਲਾ ਨਾਮ ਲੈ ਲੈ। ਉਸ ਨਾਮ ਦੀ ਸਾਧਨਾ ਕਰ, ਫੇਰ ਤੇਰਾ ਪਾਪ ਮਿਟ ਜਾਏਗਾ।

ਉਸੇ ਵੇਲੇ ਮਨ 'ਚ ਖਿਆਲ ਆਉਣ ਲਗ ਗਏ ਕਿ ਮੈਂ ਕੋਠੀ ਵੇਚ ਦੇਵਾਂ। ਜਾਇਦਾਦ ਖਰੀਦੀ ਹੋਈ ਸੀ ਜਿਹੜੀ ਪਾਪ ਦੇ ਧਨ ਨਾਲ, ਉਹ ਵੇਚ ਦੇਵਾਂ।

ਉਹ ਲਿਖਣ ਲਗ ਗਿਆ ਦੂਸਰੀ ਕਾਪੀ 'ਤੇ।

ਕਹਿੰਦਾ, ਇਹ ਕੀ ਕਰਦੈਂ?

ਕਹਿਣ ਲੱਗਿਆ ਕਿ ਤੇਰੇ ਮਨ 'ਚ ਸ਼ੁਭ ਖਿਆਲ ਚਲਦੇ ਨੇ ਮੈਂ ਉਹ ਨੋਟ ਕਰ ਰਿਹਾਂ। ਮਾੜੇ ਖਿਆਲਾਂ ਦਾ ਕਰਮ ਕਰਨ ਤੋਂ ਬਾਅਦ ਲਗਦੈ। ਕਿਉਂਕਿ ਕਲਜੁਗ ਦਾ ਸਮਾਂ ਹੈ। ਹਰੇਕ ਦਾ ਮਨ ਦੂਸ਼ਿਤ ਹੋ ਜਾਇਆ ਕਰਦੈ। ਬੜੀ ਮੁਸ਼ਕਲ ਹੈ ਅੰਦਰ ਸਤਿ ਦੀ ਬਾਤ ਆਉਣੀ। ਕਿਉਂਕਿ ਤੂੰ ਸ਼ੁਭ ਸੋਚ ਰਿਹੈਂ, ਹੁਣ ਇਸ ਕਰਕੇ ਮੈਂ ਲਿਖ ਰਿਹਾ ਹਾਂ। ਐਨਾ ਕਹਿ ਕੇ ਕਹਿਣ ਲੱਗਿਆ ਕਿ ਮੈਂ ਹੁਣ ਜਾਨਾਂ। ਤੂੰ ਸਹੀ ਇਨਸਾਫ ਕਰ।

ਉਹਨੇ ਰਿਸ਼ਵਤਾਂ ਵਾਪਸ ਕਰ ਦਿਤੀਆਂ। ਜਿਥੇ ਕੁ ਤਕ ਜਾਣਦਾ ਸੀ, ਧਨ ਵਾਪਸ ਕਰ ਦਿਤੇ। ਮਾਫੀਆਂ ਮੰਗੀਆਂ 'ਤੇ ਜਾਇਦਾਦ ਵੇਚ ਦਿਤੀ। ਸਾਰੀ ਵੰਡ ਦਿਤੀ। ਚੋਲਾ ਪਾ ਲਿਆ। ਸਾਧੂ ਦੀ ਤਲਾਸ਼ ਵਿਚ ਤੁਰ ਗਿਆ। ਕਿਸਮਤ ਚੰਗੀ ਸੀ ਕਿ ਕੋਈ ਮਹਾਂਪੁਰਸ਼ ਮਿਲ ਗਏ। ਉਹਨਾਂ ਨੇ ਕਰਮ, ਉਪਾਸ਼ਨਾ, ਗਿਆਨ, ਵਿਗਿਆਨ ਦੇ ਚਾਰੋਂ ਦਰਜਿਆਂ 'ਚੋਂ ਲੰਘਾ ਦਿਤਾ।

ਸੋ ਮਹਾਰਾਜ ਜੀ ਦਸਿਆ ਕਰਦੇ ਸੀ ਕਿ ਬਹੁਤ ਚੰਗਾ ਸਾਧੂ ਹੋਇਆ ਫੇਰ ਉਹ।

ਸੋ ਇਹ ਲੇਖੇ ਦੇਣੇ ਪੈਂਦੇ ਨੇ। ਸਧਨੇ ਦੇ ਮਨ ਦੇ ਉਤੇ ਬਹੁਤ ਅਸਰ ਹੋਇਆ –

***ਧਰਮ ਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੈ ਜਾਹਿਗਾ ॥***
***ਕਹਤੁ ਕਬੀਰੁ ਸੁਨਹੁ ਰੇ ਸੰਤਹੁ ਸਾਧਸੰਗਤਿ ਤਰਿ ਜਾਂਹਿਗਾ ॥***

***ਅੰਗ- 1106***

ਸਾਧੂਆਂ ਦੀ ਸੰਗਤ ਕਰ। ਸੁਣਦਾ ਹੈ ਐਨੀ ਚੋਟ ਲੱਗੀ ਉਸ ਦੇ, ਬੇਹੋਸ਼ ਹੋ ਗਿਆ। ਗਿਰ ਗਿਆ ਉਸ ਦਾ ਟੋਕਰਾ। ਧਰਤੀ 'ਤੇ ਬੇਹੋਸ਼ ਹੋਇਆ ਪਿਐ, ਦੰਦਲ ਪੈ ਗਈ। ਇੱਲ੍ਹਾਂ ਜੋ ਉਤੇ ਘੁੰਮਦੀਆਂ ਸੀ, ਜਾ ਕੇ ਮਾਸ ਦਾ ਟੁਕੜਾ ਚੁੱਕ ਲਿਆਈਆਂ। ਸੰਤਾਂ ਨੇ ਕਿਹਾ ਕਿ ਇਥੇ ਕੋਈ ਬੰਦਾ ਆਉਂਦਾ ਸੀ ਸਾਧਸੰਗਤ ਜੀ। ਹੁਣ ਨਜ਼ਰ ਨਹੀਂ ਆਉਂਦਾ? ਕਹਿੰਦੇ,

ਗਿਰ ਗਿਆ ਲਗਦੈ।

ਨੇੜੇ ਆ ਗਏ। ਨੇੜੇ ਆ ਕੇ ਦੇਖਿਆ ਕਿ ਇਕ ਬੰਦਾ ਗਿਰਿਆ ਪਿਐ। ਥੋੜ੍ਹੇ ਹੱਥ ਪੈਰ ਮਲੇ, ਉਸ ਤੋਂ ਬਾਅਦ ਸੁਰਤ 'ਚ ਆਇਆ। ਉਸ ਵੇਲੇ ਜਾ ਕੇ ਉਸ ਨੇ ਇਹ ਗੱਲ ਕਹੀ ਕਿ ਮਹਾਰਾਜ! ਮੈਨੂੰ ਬਖਸ਼ ਲਓ। ਮੇਰੇ ਤੋਂ ਬੜੀ ਭੁੱਲ ਹੋਈ ਹੈ, ਮੇਰਾ ਸਾਰਾ ਜੀਵਨ ਮਾਸ ਕੱਟਦੇ ਦਾ, ਮਾਸ ਵੇਚਦੇ, ਜਾਨਵਰ ਮਾਰਦੇ ਦਾ ਲੰਘ ਗਿਆ। ਮੇਰਾ ਵੀ ਕਿਸੇ ਤਰੀਕੇ ਉਧਾਰ ਹੋ ਸਕਦੈ?

ਉਸ ਵੇਲੇ ਮਹਾਂਪੁਰਸ਼ ਅੰਤਰ ਧਿਆਨ ਹੋ ਗਏ। ਦੇਖਿਆ ਕਿ ਇਹ ਜੀਵ ਕੌਣ ਹੈ? ਉਸ ਵੇਲੇ ਧਿਆਨ 'ਚ ਆਇਆ ਕਿ ਇਹ ਤਾਂ ਬੜਾ ਭਜਨ ਕਰਨ ਵਾਲਾ ਸੀ ਪਿਛਲੇ ਜਨਮ ਵਿਚ। ਕੋਈ ਸੰਸਕਾਰ ਐਸਾ ਮਾੜਾ ਰਹਿ ਗਿਆ। ਜਿਹਦੇ ਕਰਕੇ ਇਹਨੂੰ ਕਸਾਈ ਦਾ ਜਾਮਾ ਮਿਲ ਗਿਆ। ਇਹਨੂੰ ਤਾਂ ਇਹਦੇ ਵਿਚੋਂ ਕੱਢਣਾ ਹੀ ਪੈਣੈ। ਉਸ ਵੇਲੇ ਮਹਾਂਪੁਰਸ਼ਾਂ ਨੇ ਕ੍ਰਿਪਾ ਕਰਕੇ ਨਾਮ ਦੀ ਦਾਤ ਦੇ ਦਿਤੀ। ਭਜਨ ਕਰਨ ਦੀ ਜੁਗਤੀ ਸਮਝਾ ਦਿਤੀ। ਉਸ ਵੇਲੇ ਤੋਂ ਹੀ ਨਾਮ ਜਪਣਾ ਸ਼ੁਰੂ ਕਰ ਦਿਤਾ। ਇਹ ਸਾਰਾ ਕਾਰ-ਵਿਹਾਰ ਛੱਡ ਕੇ ਭਜਨ ਕਰਨ ਲਗ ਗਿਆ। ਭਜਨ ਕੋਈ ਕਰਨ ਲੱਗ ਜਾਓ, ਪ੍ਰਸ਼ਾਦੇ ਤਾਂ ਆਪਣੇ ਆਪ ਹੀ ਆ ਜਾਂਦੇ ਨੇ। ਨਾ ਕਰਨ ਵਾਲਿਆਂ ਨੂੰ ਆਈ ਜਾਂਦੇ ਨੇ, ਭਜਨ ਕਰਨ ਵਾਲਿਆਂ ਨੂੰ ਤਾਂ ਆਉਣੇ ਹੀ ਆਉਣੇ ਨੇ। ਮਾੜਾ ਜਿਹਾ ਭੇਖ ਧਾਰ ਕੇ ਬਹਿ ਜਾਓ, ਪੈਸਾ ਵੀ ਆਉਂਦੈ, ਪ੍ਰਸ਼ਾਦੇ ਵੀ ਆਉਂਦੇ ਨੇ। ਜੇ ਕੋਈ ਸੱਚੀ ਮੁੱਚੀਂ ਭਜਨ ਕਰੇ, ਫੇਰ ਤਾਂ ਪ੍ਰਮੇਸ਼ਰ ਨੇ ਭੇਜਣਾ ਹੀ ਭੇਜਣਾ ਹੈ -

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ ॥***
***ਸੈਲ ਪਥਰ ਮਹਿ ਜੰਤ ਉਪਾਏ***
***ਤਾ ਕਾ ਰਿਜਕੁ ਆਗੈ ਕਰਿ ਧਰਿਆ ॥*** ***ਅੰਗ- 10***

ਉਸ ਵੇਲੇ ਬਹੁਤ ਭਜਨ ਕੀਤਾ, ਨਾਮ ਜਪਦੈ। ਦਿਨ ਰਾਤ ਨਾਮ ਜਪੀ ਜਾਂਦੈ ਕਿਉਂਕਿ ਕੋਈ-ਕੋਈ ਦ੍ਰਿੜ੍ਹ ਪੁਰਸ਼ ਹੁੰਦੈ, ਜਿਹਨੂੰ ਜੁਗਤ ਮਿਲ ਜਾਵੇ ਫੇਰ ਉਹ ਹਟਿਆ ਨਹੀਂ ਕਰਦਾ। ਨਹੀਂ ਤਾਂ ਇਸ ਤਰ੍ਹਾਂ ਹੁੰਦੈ ਕਿ ਥੋੜ੍ਹੇ ਦਿਨ ਕਰੀ, ਉਸ ਤੋਂ ਬਾਅਦ ਜਿਹੜਾ ਜੋਸ਼ ਮੱਠਾ ਪੈ ਗਿਆ, ਹੌਲੀ-ਹੌਲੀ ਹੁੰਦਾ-ਹੁੰਦਾ ਮੁੜ ਕੇ ਫੇਰ ਉਥੇ ਹੀ ਪਹੁੰਚ ਜਾਂਦੈ ਜਿਥੋਂ ਕੱਢਿਆ ਸੀ। ਆਮ ਦੁਨੀਆਂ ਦਾ ਇਹ ਸੁਭਾਅ ਹੈ। ਪਰ ਜੇ ਕੋਈ ਵੈਰਾਗੀ ਹੋਵੇ, ਉਹਦੀ ਦਸ਼ਾ ਹੋਰ ਹੋਇਆ ਕਰਦੀ ਹੈ। ਉਹ ਤਾਂ ਦਿਨੋ-ਦਿਨ ਚੜ੍ਹਦਾ ਹੀ ਜਾਂਦੈ। ਸੋ ਇਸ ਤਰ੍ਹਾਂ ਸਮਾਂ ਬੀਤਦਾ ਗਿਆ। ਸਧਨੇ ਦਾ ਆਦਰ ਸਤਿਕਾਰ ਹੋਣ ਲੱਗ ਗਿਆ। ਸਤਿਸੰਗ ਵਾਲੇ ਆਉਣ ਲਗ ਗਏ ਤੇ ਅਖੀਰ ਬਿਰਤੀ ਉਹਦੀ ਚੜ੍ਹਦੀ-ਚੜ੍ਹਦੀ ਅਨੁਭਵ ਦੇ ਮੰਡਲ 'ਚ ਪਹੁੰਚ ਗਈ। ਅਨੁਭਵ ਦੇ ਮੰਡਲ 'ਚ ਬਿਰਤੀ ਜਦੋਂ ਪਹੁੰਚ ਜਾਂਦੀ ਹੈ, ਉਸ ਵੇਲੇ ਗਿਆਨ ਆਪਣੇ ਆਪ ਹੀ ਹੋ ਜਾਇਆ ਕਰਦੈ ਸਾਰੀਆਂ ਕਿਤਾਬਾਂ ਦਾ, ਸਾਰੇ ਬਚਨ ਆਪੇ

ਹੀ ਅੰਦਰੋਂ ਆਉਂਦੇ ਨੇ। ਉਸ ਵੇਲੇ ਬਚਨ ਕਰਦੈ, ਬਚਨ ਉਸ ਵੇਲੇ ਸੰਗਤਾਂ ਸੁਣਦੀਆਂ ਨੇ ਤੇ ਇਹਦੀ ਮਾਨਤਾ ਹੈ ਸਭ ਕੁਛ ਹੈ, ਹੋਰ ਸੰਗਤ ਜੁੜ ਗਈ, ਪਰ ਇਹਦੇ ਮਨ ਵਿਚ ਇਹ ਹੈ ਕਿ ਪਿਆਰਿਆ! ਰੱਬ ਤਾਂ ਮਿਲਿਆ ਨਾ। ਗੱਲ ਤਾਂ ਕੋਈ ਬਣੀ ਨਹੀਂ ਅਜੇ। ਮੈਂ ਮੰਨਦਾ ਹਾਂ ਕਿ ਵਾਹਿਗੁਰੂ ਮੇਰੇ ਨਾਲ ਹੈ, ਮੇਰੇ ਸਰੀਰ ਵਿਚ ਹੈ, ਪਰ ਅਜੇ ਤਾਂ ਗੱਲ ਬਣੀ ਨਹੀਂ ਹੈ। ਵੈਰਾਗ ਦੀ ਅਵਸਥਾ 'ਚ ਹਰ ਵਕਤ ਰਹਿੰਦੈ ਤੇ ਅੱਜ ਮਨ ਵਿਚ ਆਇਆ ਕਿ ਮੈਂ ਦਰਸ਼ਨ ਕਰਾਂ ਜਗਨਨਾਥ ਦੇ ਜਾ ਕੇ ਤੇ ਮੈਂ ਉਥੇ ਟਿਕ ਕੇ ਭਜਨ ਕਰਾਂ। ਹੋ ਸਕਦੈ ਕਿ ਕ੍ਰਿਪਾਲੂ ਦਇਆਲੂ ਮੈਨੂੰ ਦਰਸ਼ਨ ਦੇ ਦੇਵੇ। ਮੇਰਾ ਵੀ ਪਾਰ ਉਤਾਰਾ ਹੋ ਜਾਵੇ।

ਸਾਧਸੰਗਤ ਜੀ! ਧੰਨ ਹੈ ਇਹ ਪੁਰਸ਼, ਇਹੋ ਜਿਹੀ ਮਾੜੀ ਕਿਰਤ 'ਚੋਂ ਨਿਕਲ ਕੇ ਭਜਨ ਕਰਦੈ, ਨਾਮ ਜਪਦੈ, ਆਸਾ ਰਖਦੈ ਮਨ ਦੇ ਅੰਦਰ। ਐਵੇਂ ਤਾਂ ਨਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆ ਕੇ ਬਿਰਾਜਮਾਨ ਹੋ ਗਿਆ ਸਧਨਾ। ਉਹਨੇ ਕੋਈ ਕਮਾਈ ਕਰੀ ਹੈ ਬੜੀ ਜ਼ਬਰਦਸਤ। ਉਹ ਕਮਾਈ ਐਨਾ ਉੱਚਾ ਲੈ ਗਈ ਉਸ ਨੂੰ ਜਿੱਥੇ ਸਾਧੂ ਸੰਤਾਂ ਦੀ ਮੰਜ਼ਿਲ ਹੋਇਆ ਕਰਦੀ ਹੈ। ਅੱਜ ਖਿਆਲ ਆਇਆ ਕਿ ਮੈਂ ਦਰਸ਼ਨ ਕਰਾਂ, ਅਸਥਾਨਾਂ 'ਤੇ ਜਾਵਾਂ। ਉਸ ਵੇਲੇ ਘਰ 'ਚੋਂ ਤੁਰ ਪੈਂਦੈ ਤੇ ਤੁਰਦਾ ਹੋਇਆ ਮਨ ਦੇ ਅੰਦਰ ਚਾਉ ਹੈ ਤੇ ਐਸੇ ਭਾਵ ਪ੍ਰਗਟ ਹੁੰਦੇ ਨੇ ਪੜ੍ਹੋ ਪਿਆਰ ਨਾਲ।

***ਧਾਰਨਾ – ਹਰਿ ਦਰਸ਼ਨ ਕੀ ਆਸਾ,***
***ਮੇਰੇ ਮਨ ਹਰਿ ਦਰਸ਼ਨ ਕੀ ਆਸਾ।***

***ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ ॥***
***ਉਰ ਨਾ ਭੀਜੈ ਪਗੁ ਨ ਖਿਸੈ ਹਰਿ ਦਰਸਨ ਕੀ ਆਸਾ ॥***
***ਉਡਹੁ ਨ ਕਾਗਾ ਕਾਰੇ ॥***
***ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ ॥ ਅੰਗ- 338***

ਸੋ ਐਸੇ ਵੈਰਾਗ ਦੇ ਵਿਚ ਸ਼ਬਦ ਪੜ੍ਹਦਾ, ਭਜਨ ਗਾਉਂਦਾ ਤੁਰਿਆ ਜਾਂਦੈ ਤੇ ਮੰਜ਼ਿਲ ਥੋੜ੍ਹੀ ਜਿਹੀ ਰਹਿ ਗਈ। ਅਹਿਮਦਾਬਾਦ ਦੇ ਨੇੜੇ ਜਾ ਪਹੁੰਚਿਆ ਤੇ ਅੱਜ ਵਿਘਨ ਪੈ ਗਿਆ, ਕੋਈ ਪਿਛਲਾ ਕਰਮ ਜਾਗ ਪਿਆ। ਲੇਖਾ ਪੱਤਾ ਕਰਨ ਦਾ, ਹੋਣ ਦਾ, ਦਿਨ ਪਹੁੰਚ ਗਿਆ। ਉਸ ਵੇਲੇ ਇਕ ਪਿੰਡ ਦੇ ਵਿਚ ਚਲਿਆ ਜਾਂਦੈ। ਉਥੇ ਇਕ ਸੋਹਣਾ ਥਾਂ ਦੇਖਿਆ ਦਰਖਤ ਦੇ ਥੱਲੇ, ਸਫਾਈ ਕੀਤੀ, ਚੌਂਤਰਾ ਸੀ। ਉਸ ਦੇ ਉਤੇ ਬੈਠ ਗਿਆ ਤੇ ਸਾਮ੍ਹਣੇ ਜੋ ਘਰ ਸੀ, ਬੀਬੀ ਜਵਾਨ ਸੀ। ਇਧਰ ਜੋ ਸਧਨਾ ਸੀ ਬੜਾ ਹੀ ਸੋਹਣਾ, ਰਿਸ਼ਟ-ਪੁਸ਼ਟ ਸਰੀਰ, ਚਿਹਰਾ ਲਾਲ, ਦਗ-ਦਗ ਕਰੇ ਭਜਨ ਦੇ ਬਲ ਨਾਲ। ਨੇਤਰਾਂ ਦੇ ਵਿਚ ਰਸ ਹੈ। ਉੱਚੇ ਨੇਤਰ ਨਹੀਂ ਕਰਦਾ, ਹੇਠਾਂ ਹੀ ਝਾਕਦੈ। ਕਿਸੇ ਵਲ ਦੇਖਦਾ ਨਹੀਂ, ਭਜਨ ਦੇ ਵਿਚ ਲੀਨ ਹੋਇਆ-ਹੋਇਐ।

ਮਨ ਦੇ ਅੰਦਰ ਉਸ ਬੀਬੀ ਦੇ ਬੁਰਿਆਈਆਂ ਆਉਣ ਲੱਗ ਗਈਆਂ। ਰਾਤ ਪੈ ਗਈ। ਪ੍ਰਸ਼ਾਦਾ ਜਾ ਕੇ ਦਿਤਾ ਉਸ ਨੇ। ਉਸ ਵੇਲੇ ਜਾ ਕੇ ਬਹੁਤ ਮਾੜੀ ਗੱਲ ਕਹੀ ਉਸ ਨੂੰ ਕਿ ਮੈਂ ਜਵਾਨ ਹਾਂ, ਮੇਰਾ ਪਤੀ ਐਵੇਂ ਹੀ ਹੈ। ਚੰਗਾ ਹੋਇਆ ਤੂੰ ਆ ਗਿਆ ਤੇ ਮੈਨੂੰ ਕਿਤੇ ਲੈ ਚੱਲ, ਮੈਂ ਤੇਰੇ ਨਾਲ ਚਲਦੀ ਹਾਂ, ਤੇਰੀ ਸੇਵਾ ਕਰੂੰਗੀ ਜ਼ਿੰਦਗੀ ਭਰ।

ਉਹ ਕਹਿਣ ਲੱਗਿਆ, ਬੀਬੀ! ਮੇਰੇ 'ਤੇ ਮਿਹਰ ਕਰ। ਮੈਂ ਤਾਂ ਫੱਟੜ ਹੋਇਆ-ਹੋਇਆ ਹਾਂ। ਮੇਰਾ ਦੁਨੀਆਂ ਦੀ ਕਿਸੇ ਚੀਜ਼ ਨੂੰ ਕੋਈ ਜੀਅ ਨਹੀਂ ਕਰਦਾ, ਕੋਈ ਮੇਰੇ ਅੰਦਰ ਵਾਸ਼ਨਾ ਨਹੀਂ। ਬੀਬਾ! ਇਹੋ ਜਿਹੇ ਪੁੱਠੇ ਖਿਆਲ ਤੇਰੇ ਮਨ ਵਿਚ ਕਿਉਂ ਪੈਦਾ ਹੋ ਗਏ ਤੇ ਮੈਨੂੰ ਇਹਦਾ ਪਤੈ ਕਿ ਇਹਦਾ ਨਤੀਜਾ ਕੀ ਹੁੰਦੈ। ਬੜੀ ਮੁਸ਼ਕਲ ਦੇ ਨਾਲ ਮੈਂ ਪ੍ਰਮੇਸ਼ਰ ਦੇ ਵਲ ਲੱਗਿਆ ਹਾਂ ਤੇ ਇਹ ਤਾਂ ਸਾਰੇ ਹੀ ਕਰਮ ਭ੍ਰਿਸ਼ਟ ਹੋ ਜਾਣਗੇ।

ਵਸਿਸ਼ਟ ਜੀ ਕਹਿੰਦੇ ਨੇ, ਹੇ ਰਾਮ ਜੀ! ਜਿਹੜਾ ਜਗਿਆਸੂ ਹੈ, ਉਹ ਮਾਇਆ ਤੋਂ ਬਚ ਸਕਦੈ। ਲੇਕਿਨ ਇਹ ਜੋ ਹੈ ਸਾਰੇ ਕਰਮ ਧਰਮ ਭ੍ਰਿਸ਼ਟ ਕਰ ਦਿੰਦੀ ਹੈ। ਜਿਸ ਤਰ੍ਹਾਂ ਦੇ ਨਾਲ ਇਸਪਾਤ ਦੇਖਣ ਨੂੰ ਬਹੁਤ ਸੋਹਣਾ ਲਗਦੈ। ਪਰ ਜਦੋਂ ਅਸੀਂ ਉਹਦੇ ਨਾਲ ਸਪਰਸ਼ ਕਰਦੇ ਹਾਂ ਤੇਜ਼ ਤਲਵਾਰ ਦੀ ਧਾਰ ਨਾਲ, ਕਹਿੰਦੇ ਉਸੇ ਵੇਲੇ ਕੱਟਿਆ ਜਾਂਦੈ। ਕਹਿੰਦੇ, ਇਸਤ੍ਰੀ ਆਦਿ ਭੋਗਾਂ ਵਿਚ ਬੰਨ੍ਹਿਆ ਹੋਇਆ ਜੀਵ, ਹੇ ਰਾਮ ਜੀ! ਮੂੜ੍ਹ ਅਵਸਥਾ ਨੂੰ ਪ੍ਰਾਪਤ ਹੋ ਜਾਂਦੈ। ਮਹਾਂਅਰਧ ਅਵਸਥਾ 'ਚ ਫਸ ਕੇ, ਪਰਮ ਸੁੱਖ ਦੇਣ ਵਾਲੀ ਆਤਮ ਅਨੰਦ ਦਾ ਮੰਡਲ ਹੈ ਉਸ ਨੂੰ ਭੁਲ ਜਾਂਦੈ। ਧਿਆਨ ਉਹਦਾ ਅਛਾਦਨ ਹੋ ਜਾਂਦੈ, ਜਿਸ ਤਰ੍ਹਾਂ ਚੰਦ ਬੱਦਲਾਂ ਥੱਲੇ ਆ ਕੇ ਅਛਾਦਨ ਹੋ ਜਾਂਦੈ। ਇਸੇ ਤਰ੍ਹਾਂ ਦੇ ਨਾਲ ਉਹਦਾ ਜੋ ਗਿਆਨ ਬੜੀਆਂ ਹੀ ਮੁਸ਼ਕਲਾਂ ਨਾਲ ਪ੍ਰਾਪਤ ਕਰਿਐ, ਇਸਤ੍ਰੀ ਦੇ ਸੰਗ ਦੇ ਨਾਲ ਉਹ ਨਸ਼ਟ ਹੋ ਜਾਂਦੈ। ਖੜਗ ਦੇਖਣ ਨੂੰ ਸੁੰਦਰ ਹੁੰਦੀ ਹੈ ਪਰ ਜਦੋਂ ਸਪਰਸ਼ ਕਰਦੀ ਹੈ, ਗਲ ਵੱਢ ਕੇ ਰੱਖ ਦਿੰਦੀ ਹੈ।

ਸੋ ਗੁਰੂ ਮਹਾਰਾਜ ਵੀ ਕਹਿੰਦੇ ਨੇ ਕਿ ਪਿਆਰਿਓ! ਇਸ ਚੀਜ਼ ਤੋਂ ਬਚੋ, ਉੱਚੇ ਨਿਕਲੋ। ਰਹਿਤਨਾਮੇ 'ਚ ਆਉਂਦੈ -

***ਮਾਂਇ ਭੈਣ ਜੋ ਆਵੈ ਸੰਗਤਿ, ਦ੍ਰਿਸ਼ਟਿ ਬੁਰੀ ਦੇਖੇ ਤਿਸ ਪੰਗਤਿ।***

ਮਾੜੀ ਨਿਗ੍ਹਾ ਦੇ ਨਾਲ ਜੇ ਕੋਈ ਬੰਦਾ ਦੇਖਦੈ ਸਤਿਸੰਗ 'ਚ ਆਈ ਹੋਈ ਬੀਬੀ ਨੂੰ। ਕਹਿੰਦੇ -

***ਸਿੱਖ ਹੋਇ ਜੋ ਕਰੇ ਕਰੋਧ, ਕੰਨਿਆ ਮੂਲ ਨ ਦੇਵੈ ਸੋਧ।***

ਬਰਾਬਰ ਹੀ ਕਰ ਦਿਤਾ ਕਾਮ ਵੀ ਕ੍ਰੋਧ ਵੀ। ਰਹਿਤਨਾਮੇ ਦੇ ਅੰਦਰ। ਕਹਿੰਦੇ, ਜੇ ਸਿੱਖ ਹੋ ਕੇ ਜੇ ਕੋਈ ਕ੍ਰੋਧ ਕਰਦੈ।

***ਧੀਅ ਭੈਣ ਕਾ ਪੈਸਾ ਖਾਇ, ਗੋਬਿੰਦ ਸਿੰਘ, ਧੱਕੇ ਯਮ ਲਾਇ।***
***ਪਰਨਾਰੀ, ਜੂਆ, ਅਸੱਤ, ਚੋਰੀ, ਮਦਿਰਾ ਜਾਨ,***

***ਪਾਂਚ ਐਬ ਯੇ ਜਗਤ ਮੋ ਤਜੈ ਸੁ ਸਿੰਘ ਸੁਜਾਨ।***

***(ਭਾਈ ਦੇਸਾ ਸਿੰਘ)***

ਪਰ ਨਾਰੀ, ਜੂਆ ਖੇਡਣਾ ਤੇ ਇਕ ਝੂਠ ਬੋਲਣਾ। ਇਕ ਚੋਰੀ ਕਰਨੀ ਤੇ ਸ਼ਰਾਬ ਪੀਣੀ। ਕਹਿੰਦੇ ਜਿਹੜਾ ਸਿੰਘ ਪੰਜੇ ਐਬ ਛੱਡ ਦੇਵੇ। ਉਹ ਸੁਜਾਨ ਸਿੰਘ ਹੈ। ਸੋ ਇਸ ਤਰ੍ਹਾਂ ਦੇ ਨਾਲ ਇਕ ਸਾਖੀ ਆਉਂਦੀ ਹੈ।

ਗੁਰੂ ਛੇਵੇਂ ਪਾਤਸ਼ਾਹ ਦਾ ਇਕ ਗੁਰਸਿੱਖ ਸੀ ਸੰਤ ਰਾਮ ਨਾਮ ਸੀ। ਛੇ ਫੁੱਟ ਤੋਂ ਉੱਚਾ ਕੱਦ ਸੀ ਸਵਾ ਛੇ ਫੁੱਟ। ਜਵਾਨ ਸੀ ਭਰਵਾਂ। ਫੌਜ ਦੇ ਵਿਚ ਗਿਣਿਆ ਚੁਣਿਆ ਜਵਾਨ ਸੀ। ਮਹਿਲਾਂ ਦੇ ਦੁਆਲੇ ਪਹਿਰਾ ਲਗਦੈ। ਵਾਰੀ 'ਤੇ ਘੁੰਮ ਰਿਹੈ ਤੇ ਜਹਾਂਗੀਰ? ਦੀ ਲੜਕੀ ਨੇ ਉਪਰੋਂ ਖਿੜਕੀ 'ਚੋਂ ਦੇਖ ਲਿਆ ਤੇ ਮਨ ਵਿਚ ਧਾਰ ਲਿਆ ਕਿ ਮੈਂ ਤਾਂ ਸ਼ਾਦੀ ਇਹਦੇ ਨਾਲ ਹੀ ਕਰਨੀ ਹੈ, ਹੋਰ ਨਹੀਂ ਕਿਸੇ ਨਾਲ ਕਰਨੀ। ਆਪਣੀ ਮਾਂ ਨੂੰ ਕਹਿ ਦਿਤਾ, ਆਪਣੇ ਪਿਤਾ ਤਕ ਗੱਲ ਪਹੁੰਚ ਗਈ। ਅਖੀਰ ਉਸ ਨੂੰ ਬਹੁਤ ਰੋਕਿਆ। ਜਦੋਂ ਨਾ ਰੁਕੀ ਤਾਂ ਉਹ ਕਹਿਣ ਲੱਗੇ, ਇਹ ਜਵਾਨ ਫੌਜ ਵਿਚ ਹੈ, ਇਸ ਨੂੰ ਇਸਲਾਮ ਵਿਚ ਲੈ ਆਉਂਦੇ ਹਾਂ। ਕੋਈ ਡਰ ਨਹੀਂ ਹੈ, ਜੇ ਗਰੀਬ ਹੈ ਤਾਂ ਮੈਂ ਇਹਨੂੰ ਗਵਰਨਰੀ ਦੇ ਦੇਵਾਂਗਾ, ਸੂਬਾ ਬਣਾ ਦੇਵਾਂਗਾ। ਬੇਅੰਤ ਜਾਇਦਾਦ ਜਗੀਰਾਂ ਦੇ ਦੇਵਾਂਗਾ, ਆਪੇ ਅਮੀਰ ਹੋ ਜਾਏਗਾ। ਠੀਕ ਹੈ।

ਗੱਲਬਾਤ ਚਲਦੀ ਹੈ ਤੇ ਉਹਨਾਂ ਦਾ ਜੋ ਸੇਵਾਦਾਰ ਸੀ ਨਿਕਟਵਰਤੀ ਪਹਿਰੇਦਾਰ, ਉਹਨੇ ਆ ਕੇ ਬਾਹਰ ਵਧਾਈਆਂ ਦਿਤੀਆਂ ਕਹਿੰਦਾ, ਸੰਤ ਰਾਮ! ਬਈ ਤੇਰੀ ਤਾਂ ਕੱਲ੍ਹ ਨੂੰ ਬੜੀ ਵੱਡੀ ਤਰੱਕੀ ਹੋ ਜਾਣੀ ਹੈ। ਸਾਨੂੰ ਤਾਂ ਤੂੰ ਪੁੱਛਣਾ ਹੀ ਨਹੀਂ, ਤੂੰ ਤਾਂ ਸੂਬਾ ਲਗ ਜਾਣੈ। ਬਹੁਤ ਸਾਰੀ ਜਾਇਦਾਦ ਤੈਨੂੰ ਕੱਲ੍ਹ ਨੂੰ ਮਿਲ ਜਾਣੀ ਹੈ।

ਕਹਿੰਦਾ, ਕੀ ਗੱਲ?

ਕਹਿੰਦਾ, ਆਹ ਗੱਲ ਕਰਦੇ ਸੀ ਅੱਜ।

ਕਹਿੰਦਾ, ਮੇਰਾ ਤਾਂ ਧਰਮ ਹੈ, ਮੈਂ ਨਹੀਂ ਇਸ ਚੀਜ਼ 'ਚ ਫਸਦਾ। ਉਹ ਕਹਿੰਦੇ, ਤੈਨੂੰ ਕੀ ਹਰਜ਼ ਹੁੰਦੈ, ਵਿਆਹ ਤਾਂ ਤੂੰ ਕਰਾਉਣਾ ਹੀ ਹੈ। ਇਹਦੇ 'ਚ ਕੀ ਮਾੜੈ? ਜਹਾਂਗੀਰ ਦੀ ਲੜਕੀ ਦੇ ਨਾਲ ਸ਼ਾਦੀ ਕਰਾ ਲੈ। ਉਹ ਕਹਿਣ ਲੱਗਿਆ ਜੇ ਇਹ ਗੱਲ ਬਿਲਕੁਲ ਸੱਚੀ ਹੈ ਤਾਂ ਮੈਂ ਇਸ ਦੇਸ਼ ਵਿਚੋਂ ਨਿਕਲ ਜਾਂਦਾ ਹਾਂ। ਉਸੇ ਵੇਲੇ ਚਲਿਆ ਗਿਆ ਤੇ ਜਹਾਂਗੀਰ ਨੇ ਜਦੋਂ ਉਸ ਨੂੰ ਬੁਲਾਇਆ, ਪਤਾ ਲੱਗਿਆ ਕਿ ਉਹ ਤਾਂ ਭਗੌੜਾ ਹੋ ਗਿਆ। ਅਖੀਰ ਪੇਸ਼ਾਵਰ ਦੇ ਕੋਲ ਜਾ ਕੇ ਸਰਹੱਦ ਪਾਰ ਕਰਦਾ ਫੜਿਆ ਗਿਆ। ਲਾਹੌਰ ਲਿਆ ਕੇ ਫੇਰ ਪੁੱਛਿਆ ਗਿਆ ਉਸਨੂੰ। ਜਦੋਂ ਉਹ ਨਾ ਮੰਨਿਆ ਤਾਂ ਹੁਕਮ ਹੋ ਗਿਆ ਕਿ ਇਸ ਦਾ ਸਿਰ ਕੱਟ ਕੇ ਥਾਲ ਵਿਚ ਪੇਸ਼ ਕੀਤਾ ਜਾਵੇ ਤੇ ਸ਼ਹਿਜ਼ਾਦੀ ਦੇਖ ਲਵੇ। ਜਿਸ ਵਕਤ ਉਹਦਾ ਸਿਰ

ਕੱਟ ਕੇ ਲਿਆਏ। ਉਸ ਵੇਲੇ ਰੁਮਾਲ ਪਾਏ ਹੋਏ ਨੇ ਢਕਿਆ ਹੋਇਐ। ਸ਼ਹਿਜ਼ਾਦੀ ਨੂੰ ਕਿਹਾ ਕਿ ਆਹ ਸਿਰ ਪਿਐ ਉਹਦਾ। ਉਹ ਜਦੋਂ ਹੱਥ ਲਾਉਣ ਲੱਗੀ ਤਾਂ ਸਿਰ ਇਕ ਦਮ ਉੱਚਾ ਉਠ ਗਿਆ। ਉਹਦੇ ਕੱਦ ਤੋਂ ਸਵਾ ਗਿੱਠ ਹੋਰ ਉੱਚਾ ਉੱਠ ਗਿਆ। ਦਸਮ ਗ੍ਰੰਥ 'ਚ ਲਿਖਿਐ ਕਿ -

*ਸਵਾ ਗਲਿਸ਼ਠ ਸਿਰ ਊਠਿਯੋ ਤਬ ਨ ਕਬੂਲੀ ਨਾਰ।*

ਤਾਂ ਵੀ ਉਸ ਨੇ ਪਰਾਈ ਨਾਰੀ ਨੂੰ ਕਬੂਲਿਆ ਨਾ। ਸੋ ਇਸ ਤਰ੍ਹਾਂ ਦੇ ਸੁਖ ਦਾ ਸਾਧਨ ਘਰ 'ਚ ਸਾਧਸੰਗਤ ਜੀ ਤਾਂ ਹੁੰਦੈ ਜੇ ਪੁੱਤਰ ਵੀ ਆਗਿਆਕਾਰ ਹੋਵੇ, ਮਿੱਠਾ ਬੋਲਣ ਵਾਲੀ ਪਤਨੀ ਹੋਵੇ, ਧਨ ਪੱਲੇ ਹੋਵੇ, ਤਾਂ ਕਹਿੰਦੇ ਸਵਰਗ ਹੋਇਆ ਕਰਦੈ ਉਹ ਘਰ।

*ਆਗਿਆਕਾਰੀ ਪੁੱਤਰ ਹੋਵੇ, ਅਰ ਮਿੱਠ ਬੋਲੜੀ ਨਾਰ।*
*ਧਨ ਆਪਣਾ ਸੰਤੋਖ ਹੋਵੇ, ਚਾਰ ਸਵਰਗ ਸੰਸਾਰ।*

ਇਹ ਚਾਰ ਸੰਸਾਰ ਦੇ ਸਵਰਗ ਨੇ। ਦੂਜੇ ਪਾਸੇ-

*ਕਿੱਕਰ ਘਰ, ਕਪੂਤ ਘਰ, ਘਰ ਕਲਿਹਣੀ ਨਾਰ।*
*ਤ੍ਰਿਅ ਅੱਗੈ ਚਲਣਾ ਚਾਰੋ ਨਰਕ ਸੰਸਾਰ।*

ਗੁਰੂ ਘਰ ਦੇ ਅੰਦਰ, ਬਹੁਤ ਬੁਰਾ ਮੰਨਿਆ ਗਿਐ, ਪਰ ਇਸਤ੍ਰੀ ਦਾ ਸੰਗ। ਇਸ ਤਰ੍ਹਾਂ ਦੇ ਨਾਲ ਪੜ੍ਹ ਲਓ -

*ਧਾਰਨਾ - ਇਹ ਤਾਂ ਵਿਹੁ ਦੀਆਂ ਭਰੀਆਂ ਹੋਈਆਂ ਗੰਦਲਾਂ,*
*ਖੰਡ 'ਚ ਲਬੇੜ ਰੱਖੀਆਂ।*

*ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ ॥*
*ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ ॥*

*ਅੰਗ- 1379*

ਚਾਹੇ ਮਾੜਾ ਪੁਰਸ਼ ਹੈ, ਚਾਹੇ ਮਾੜੀ ਇਸਤ੍ਰੀ ਹੈ। ਕੁਛ ਵੀ ਨਹੀਂ ਹੈ, ਕਹਿੰਦੇ, ਦੋਖ-ਦ੍ਰਿਸ਼ਟੀ ਨਾਲ ਦੇਖੋ, ਕੀ ਐ ਸਰੀਰ ਦੇ ਅੰਦਰ, ਜਿਹਨੂੰ ਤੁਸੀਂ ਸੁੰਦਰ ਸਰੀਰ ਕਹਿੰਦੇ ਓਂ। ਮਨੁੱਖ ਦਾ ਸਰੀਰ, ਬੀਬੀ ਦਾ ਸਰੀਰ। ਵਾਸ਼ਨਾ ਮਾੜੀਆਂ ਉਠਾਉਂਦੇ ਹੋਂ! ਕਹਿੰਦੇ ਹਨ ਕਿ ਸਰੀਰ ਦੇ ਵਿਚ -

*ਬਿਸਟਾ ਅਸਤ ਰਕਤੁ ਪਰੇਟੇ ਚਾਮ ॥*
*ਇਸੁ ਊਪਰਿ ਲੇ ਰਾਖਿਓ ਗੁਮਾਨ ॥ ਅੰਗ- 374*

ਬਿਸਟਾ ਪਿਆ ਹੈ, ਮਾਸ ਪਿਐ, ਖ਼ੂਨ ਪਿਐ, ਮੈਲਾਂ ਹਜ਼ਾਰਾਂ ਕਿਸਮ ਦੀਆਂ ਪਈਆਂ ਨੇ। ਉਹ ਤਾਂ ਬਾਹਰੋਂ ਕੱਪੜੇ ਵਗੈਰਾ ਪਾ ਕੇ, ਪਲਾਸਟਿਕ ਦਾ ਪਤਲਾ ਜਿਹਾ ਪੜਦੈ, ਉਹਦੇ ਵਿਚ ਇਹ ਚੀਜ਼ਾਂ ਪਈਆਂ ਨੇ। ਕਹਿੰਦੇ, ਦੋਖ ਦ੍ਰਿਸ਼ਟੀ ਨਾਲ ਦੇਖ ਪਿਆਰਿਆ, ਆਪਣਾ ਧਰਮ ਨਸ਼ਟ ਨਾ ਕਰ। ਸੋ ਸਧਨੇ ਨੇ ਕਿਹਾ ਕਿ ਬੀਬਾ! ਦੇਖ ਮੈਂ ਤੇਰੇ ਪੈਰੀਂ ਹੱਥ ਲਾਉਂਦਾ, ਬੜੀ ਮੁਸ਼ਕਲ ਦੇ ਨਾਲ ਮੈਨੂੰ ਰਾਹ ਮਿਲਿਐ ਹੈ, ਮੈਂ ਕਸਾਈ ਸੀ, ਜਾਨਵਰ ਪਤਾ ਨਹੀਂ ਕਿੰਨੇ ਹੀ ਮਾਰੇ ਨੇ। ਲੇਖਾ ਪੱਤਾ ਮੈਨੂੰ ਕਿੰਨਾ ਦੇਣਾ ਪੈਣੈ। ਤੂੰ ਇਕ ਹੋਰ ਪਾਪ ਮੇਰੇ ਸਿਰ 'ਤੇ ਚਾੜ੍ਹ ਰਹੀ ਹੈਂ। ਜਾਹ, ਤੂੰ ਆਪਣਾ ਕੰਮ ਕਰ।

ਸੁਖੀ ਵਸ, ਬੀਬਾ! ਸਾਧਾਂ ਨੂੰ ਨਹੀਂ ਤੰਗ ਕਰੀਦਾ। ਉਸ ਵੇਲੇ ਗਈ ਅੰਦਰ, ਹੋਰ ਹੀ ਕੁਛ ਸਮਝੀ ਕਿ ਡਰਦਾ ਹੈ ਇਹ ਮੇਰੇ ਪਤੀ ਤੋਂ। ਸੁੱਤਾ ਪਿਆ ਸੀ ਪਤੀ, ਵੱਡਾ ਸਾਰਾ ਛੁਰਾ ਲਿਆ ਤੇ ਲੈ ਕੇ ਜ਼ੋਰ ਦੀ ਮਾਰਿਆ ਤੇ ਸਿਰ ਕੱਟ ਲਿਆ। ਸਿਰ ਕੱਟ ਕੇ ਰੱਖ ਲਿਆ ਥਾਲ ਦੇ ਵਿਚ, ਲਿਆ ਕੇ ਸਧਨੇ ਦੇ ਅੱਗੇ ਰੱਖ ਦਿਤਾ, ਕਹਿੰਦੀ ਲੈ ਸੰਤ ਜੀ! ਹੁਣ ਤਾਂ ਡਰ ਹੀ ਖਤਮ ਕਰ ਦਿਤਾ ਮੈਂ ਤੇਰਾ। ਆਹ ਤੂੰ ਦੇਖ ਲੈ ਮਾਰ ਦਿਤਾ ਮੈਂ ਤੇ ਹੁਣ ਤਾਂ ਨਿਸੰਗ ਹੋ ਕੇ ਮੈਨੂੰ ਲੈ ਚੱਲ, ਜਿੱਥੇ ਤੇਰਾ ਜੀਅ ਕਰਦੈ।

ਉਸ ਵੇਲੇ ਕਹਿਣ ਲੱਗਿਆ, ਬੀਬਾ! ਤੂੰ ਬਹੁਤ ਮਾੜਾ ਕੰਮ ਕਰਿਆ। ਕਹਿੰਦੀ ਜੇ ਇਸ ਤਰ੍ਹਾਂ ਕਰਨੈ ਤਾਂ ਛੱਡਦੀ ਮੈਂ ਤੈਨੂੰ ਵੀ ਨਹੀਂ। ਉਸ ਵੇਲੇ ਰੌਲਾ ਪਾ ਦਿਤਾ, ਮੈਂ ਲੁੱਟੀ ਗਈ, ਮੈਂ ਮਾਰੀ ਗਈ, ਮੈਨੂੰ ਆਹ ਸਾਧ ਨੇ ਧੋਖਾ ਦੇ ਦਿਤਾ। ਮੇਰਾ ਪਤੀ ਮਾਰ ਦਿਤਾ। ਆਹ ਦੇਖੋ ਇਹਦੇ ਕੋਲ ਸਿਰ ਪਿਐ।

ਦਿਨ ਚੜ੍ਹ ਗਿਆ, ਪੁਲਿਸ ਨੇ ਬੰਨ੍ਹ ਲਿਆ, ਬੰਨ੍ਹ ਕੇ ਰਾਜੇ ਦੇ ਪੇਸ਼ ਕਰ ਦਿਤਾ। ਰੋਂਦੀ ਜਾਂਦੀ ਹੈ। ਜਾ ਕੇ ਸਾਰੀ ਗੱਲ ਕਹੀ ਤੇ ਸਜ਼ਾ ਦੇ ਦਿਤੀ ਸਧਨੇ ਨੂੰ ਕਿ ਰਾਜਾ ਜੋ ਕਿਲ੍ਹਾ ਚਿਣਵਾ ਰਿਹੈ ਉਸ ਕਿਲ੍ਹੇ ਦੇ ਵਿਚ ਬੰਦੇ ਦੀ ਬਲੀ ਚਾਹੀਦੀ ਹੈ।

ਵੈਸੇ ਅੰਦਰੋਂ ਪਤਾ ਸੀ ਕਿ ਇਕ ਨਵਾਂ-ਨਵਾਂ ਭਗਤ ਪੈਦਾ ਹੋਇਐ ਜਿਸ ਦਾ ਨਾਮ ਸਧਨਾ ਹੈ।

***ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥ ਅੰਗ- 265***

ਕਾਜ਼ੀ ਵੀ ਖਿਝਦੇ ਸੀ, ਬ੍ਰਾਹਮਣ ਵੀ ਖਿਝਦੇ ਸੀ। ਦੋਹਾਂ ਨੂੰ ਪਤਾ ਲੱਗਿਆ ਕਿ ਇਹੀ ਸਧਨਾ ਹੈ। ਕਹਿੰਦੇ, ਹੁਣ ਇਹਨੂੰ ਸਜ਼ਾ ਦਿਵਾ ਦੇਈਏ ਤੇ ਜਿਉਂਦਾ ਹੀ ਇਹਦੇ ਵਿਚ ਚਿਣਾ ਦੇਈਏ। ਉਹ ਕੰਧ ਰਹਿੰਦੀ ਨਹੀਂ ਸੀ।

ਉਸ ਵੇਲੇ ਸਧਨੇ ਨੂੰ ਕਹਿਣ ਲੱਗੇ, ਲੈ ਬਈ ਸਧਨਿਆ! ਤੇਰੀ ਸਜ਼ਾ ਇਹੀ ਹੈ ਕਿ ਤੈਨੂੰ ਜਿਉਂਦੇ ਨੂੰ ਕਿਲ੍ਹੇ ਦੀ ਕੰਧ ਵਿਚ ਚਿਣ ਦਿਤਾ ਜਾਵੇ। ਸੋ ਕੰਧ ਦੇ ਵਿਚ ਚਿਣਨਾ ਸ਼ੁਰੂ ਕਰ ਦਿਤਾ। ਰਾਜ ਆ ਗਏ, ਰਾਜ ਆ ਕੇ ਇੱਟਾਂ ਲਾਉਣ ਲਗ ਗਏ। ਉਸ ਵੇਲੇ ਸਧਨੇ ਨੇ ਪ੍ਰਮੇਸ਼ਰ ਦਾ ਧਿਆਨ ਕਰਿਆ, ਹੇ ਪ੍ਰਭੂ! ਤੂੰ ਤਾਂ ਬੜਾ ਦਿਆਲੂ ਹੈਂ, ਮੰਨਿਆ ਮੈਂ ਪਾਪੀ ਹਾਂ, ਕਸਾਈ ਸੀ। ਪਰ ਮੈਨੂੰ ਇਹ ਵੀ ਪਤੈ ਕਿ ਤੇਰੇ ਨਾਮ ਦੇ ਅੰਦਰ ਬਹੁਤ ਸ਼ਕਤੀ ਹੈ -

***ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥ ਅੰਗ- 1195***

ਹੁਣ ਮੈਂ ਤੇਰਾ ਬੰਦਾ ਬਣ ਗਿਆ ਪ੍ਰਭੂ, ਕ੍ਰਿਪਾ ਕਰ ਤੂੰ ਤਾਂ ਮਾੜੇ ਬੰਦਿਆਂ ਦੀ ਵੀ ਰਾਖੀ ਕਰਦਾ ਰਿਹੈਂ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਜਿਵੇਂ ਭੇਖ ਧਾਰੀਆਂ ਨੂੰ ਰੱਖਿਆ,***
***ਇਵੇਂ ਮੇਰੀ ਰੱਖ ਲੱਜਿਆ।***

***ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥***
***ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥ਅੰਗ- 858***

ਹੇ ਪ੍ਰਭੂ! ਇਕ ਰਾਜੇ ਦੀ ਲੜਕੀ ਪਿੱਛੇ, ਇਕ ਭੇਖ ਧਾਰ ਕੇ, ਤੇਰਾ ਰੂਪ ਬਣ ਕੇ ਚਲਿਆ ਗਿਆ ਸੀ ਤੇ ਉਹਦੀ ਤੂੰ ਲੱਜਿਆ ਰੱਖੀ।

ਇਕ ਲੜਕੀ ਸੀ ਵਿਸ਼ਨੂੰ ਜੀ ਮਹਾਰਾਜ ਦੀ ਭਗਤੀ ਕਰਿਆ ਕਰਦੀ ਸੀ। ਭਗਤੀ ਹਮੇਸ਼ਾ ਪਿਆਰ ਨਾਲ ਹੋਇਆ ਕਰਦੀ ਹੈ। ਗੁਰੂ ਦੀ ਕਰੋ ਤਾਂ ਪਿਆਰ ਹੋਇਆ ਕਰਦੈ, ਕਿਸੇ ਦੇਵਤੇ ਦੀ ਕਰੋ ਤਾਂ ਪਿਆਰ ਹੋਇਆ ਹੈ। ਪਿਆਰ ਬਿਨਾਂ ਭਗਤੀ ਭੈ-ਗਤੀ ਕਹਿੰਦੇ ਨੇ। ਪਿਆਰ ਹੀ ਹੋਇਆ ਕਰਦੈ ਨਿਰਾ ਭਗਤੀ। ਪ੍ਰੇਮਾ ਭਗਤੀ ਇਹਦਾ ਫਲ ਹੋਇਐ ਕਰਦੈ। ਉਹ ਐਨੀ ਭਗਤੀ 'ਚ ਲੀਨ ਹੋ ਗਈ। ਉਹਨੇ ਆਪਣੀ ਮਾਤਾ ਨੂੰ ਕਿਹਾ ਕਿ ਮਾਤਾ! ਮੈਂ ਸ਼ਾਦੀ ਨਹੀਂ ਕਰਾਉਣੀ, ਜੇ ਕਰਾਉਣੀ ਹੈ ਤਾਂ ਵਿਸ਼ਨੂੰ ਭਗਵਾਨ ਨਾਲ ਕਰਾਉਣੀ ਹੈ। ਉਸ ਨੇ ਕਿਹਾ ਬੇਟਾ! ਕਲਜੁਗ ਦਾ ਸਮਾਂ ਹੈ, ਅੱਗੇ ਤਾਂ ਦੇਵਤੇ ਪ੍ਰਗਟ ਹੋ ਜਾਂਦੇ ਸੀ। ਹੁਣ ਤਾਂ ਆਉਂਦੇ ਹੀ ਨਹੀਂ, ਕਿਉਂਕਿ ਲੋਕਾਂ ਦੇ ਕਰਮ ਐਨੇ ਮੰਦ ਹੋ ਗਏ, ਦੇਵਤਿਆਂ ਦੇ ਦਰਸ਼ਨ ਨਹੀਂ ਹੁੰਦੇ। ਸੋ ਇਹ ਗੱਲ ਤਾਂ ਹੋਣੀ ਨਹੀਂ।

ਕਹਿੰਦੀ, ਚਾਹੇ ਮੈਂ ਕੁਆਰੀ ਸਾਰੀ ਜ਼ਿੰਦਗੀ ਰਹਾਂ। ਪਰ ਮੈਂ ਸ਼ਾਦੀ ਵਿਸ਼ਨੂੰ ਭਗਵਾਨ ਨਾਲ ਕਰਾਉਣੀ ਹੈ। ਉਥੇ ਹੀ ਇਕ ਤਰਖਾਣ ਦਾ ਲੜਕਾ ਮਹਿਲਾਂ 'ਚ ਕੰਮ ਕਰਿਆ ਕਰਦਾ ਸੀ। ਹੌਲੀ-ਹੌਲੀ ਉਸ ਨੂੰ ਇਸ ਗੱਲ ਦਾ ਪਤਾ ਲਗ ਗਿਆ ਤੇ ਉਹਦੇ ਮਨ ਵਿਚ ਆਵੇ ਕਿ ਮੈਂ ਕਿਸੇ ਛਲ ਨਾਲ ਇਹਦੇ ਨਾਲ ਸ਼ਾਦੀ ਕਰਾ ਲਵਾਂ। ਵਿਸ਼ਨੂੰ ਬਣਾਂ। ਉਹਦਾ ਇਕ ਮਿੱਤਰ ਸੀ ਟੈਕਨੀਕਲ ਬੰਦਾ, ਉਹ ਇਸ ਨੂੰ ਕਹਿਣ ਲੱਗਿਆ ਕਿ ਕੀ ਗੱਲ ਤੂੰ ਚੁੱਪ ਰਹਿੰਦੈਂ?

ਕਹਿਣ ਲੱਗਿਆ, ਕਿ ਚੁੱਪ ਕਾਹਦਾ ਰਹਿਨਾਂ। ਰਾਜੇ ਦੀ ਲੜਕੀ ਨੇ ਇਹ ਪ੍ਰਣ ਕਰਿਐ ਕਿ ਮੈਂ ਵਿਸ਼ਨੂੰ ਭਗਵਾਨ ਨਾਲ ਸ਼ਾਦੀ ਕਰਾਉਣੀ ਹੈ ਤੇ ਉਪਾਅ ਕੋਈ ਬਣਦਾ ਨਹੀਂ ਹੈ। ਮੈਂ ਚਾਹੁੰਦਾ ਹਾਂ ਕਿ ਮੇਰੀ ਹੀ ਸ਼ਾਦੀ ਹੋ ਜਾਵੇ। ਉਹ ਕਹਿੰਦਾ, ਇਹ ਤਾਂ ਮੈਂ ਕਰ ਦੂੰ।

ਇਕ ਬਨਾਵਟੀ ਗਰੁੜ ਹੈ ਮੇਰੇ ਕੋਲ, ਉਡਾਰੀ ਮਾਰਦੈ ਤੇ ਉਸ ਦੀਆਂ ਮੈਂ ਦੋ ਬਾਹਾਂ ਹੋਰ ਲਾ ਦੂੰ। ਪੂਰਾ ਹੀ ਵਿਸ਼ਨੂੰ ਦਾ ਰੂਪ ਬਣਾ ਦੂੰਗਾ। ਉਸੇ ਤਰ੍ਹਾਂ ਦੇ ਨਾਲ ਕਰਿਆ, ਕਹਿਣ ਲੱਗਿਆ, ਤੂੰ ਹੁਣ ਉਹਦੇ ਮਹਿਲਾਂ 'ਤੇ ਜਾ ਕੇ ਉਤਰ ਜਾ। ਉਥੇ ਉਤਰਿਆ, ਖੜਕਾ ਹੋਇਆ, ਲੜਕੀ ਦੇ ਮਹਿਲ ਸੀ। ਉਤੇ ਆਈ, ਆ ਕੇ ਖੁਸ਼ ਹੋਈ ਕਿ ਵਿਸ਼ਨੂੰ ਭਗਵਾਨ ਆ ਗਏ। ਉਹ ਕਹਿਣ ਲੱਗਿਆ ਕਿ ਲੜਕੀ! ਮੈਂ ਤੇਰੀ ਭਗਤੀ 'ਤੇ ਪ੍ਰਸੰਨ ਹੋ ਕੇ ਪਹੁੰਚਿਆਂ ਹਾਂ। ਜਾਹ, ਆਪਣੇ ਮਾਤਾ ਪਿਤਾ ਨੂੰ ਵੀ ਬੁਲਾ ਲੈ। ਮਾਤਾ ਪਿਤਾ ਵੀ ਬੁਲਾ ਲਏ ਆ ਕੇ ਉਹ ਨਮਸ਼ਕਾਰਾਂ ਕਰਦੇ ਨੇ, ਹੱਥ ਜੋੜੀਂ ਖੜ੍ਹੇ ਨੇ, ਕਹਿਣ ਲੱਗੇ, ਰਾਜਨ! ਤੇਰੀ ਲੜਕੀ ਦੇ ਮਨ ਵਿਚ ਇਹ ਭਾਵਨਾ ਹੈ ਕਿ ਮੇਰੇ ਨਾਲ ਉਹਨੇ ਸ਼ਾਦੀ ਕਰਾਉਣੀ ਹੈ। ਸੋ ਮੈਂ ਆ ਗਿਆ, ਪਰ ਮੈਂ ਮਨੁੱਖ ਰੂਪ 'ਚ ਇਥੇ ਰਿਹਾ ਕਰਾਂਗਾ। ਦੇਵ

ਰੂਪ 'ਚ ਨਹੀਂ ਰਹਿਣਾ। ਸੋ ਹੁਣ ਤਾਂ ਮੈਂ ਜਾਨਾਂ ਤੇ ਮੈਂ ਸਵੇਰੇ ਮਨੁੱਖ ਰੂਪ ਵਿਚ ਆਵਾਂਗਾ। ਗਰੁੜ ਉੜਾਇਆ ਤੇ ਉਸ ਤੋਂ ਬਾਦ ਦੂਸਰਾ ਦਿਨ ਹੋਇਆ, ਫੇਰ ਜਾ ਪਹੁੰਚਿਆ, ਸ਼ਾਦੀ ਹੋ ਗਈ। ਸਮਾਂ ਲੰਘ ਗਿਆ। ਤੇ ਦੂਸਰੇ ਰਾਜੇ ਨੂੰ ਪਤਾ ਲਗ ਗਿਆ ਕਿ ਇਕ ਬਨਾਵਟੀ ਬੰਦੇ ਨੇ ਵਿਸ਼ਨੂੰ ਦਾ ਰੂਪ ਧਾਰ ਕੇ ਸ਼ਾਦੀ ਕਰਾ ਲਈ। ਰਾਜੇ ਨੇ ਫੌਜਾਂ ਹਟਾ ਦਿਤੀਆਂ, ਕਿਉਂ ਨਾ ਇਹਦਾ ਰਾਜ ਮੈਂ ਖੋਹ ਲਵਾਂ। ਫੌਜਾਂ ਚਾੜ੍ਹ ਦਿਤੀਆਂ। ਵਜ਼ੀਰਾਂ ਨੇ ਕਿਹਾ, ਮਹਾਰਾਜ! ਫਲਾਣੇ ਰਾਜੇ ਨੇ ਫੌਜ ਚਾੜ੍ਹ ਦਿਤੀ। ਕਹਿੰਦਾ, ਕੋਈ ਗੱਲ ਨਹੀਂ ਵਿਸ਼ਨੂੰ ਜੀ ਹੈਗੇ। ਜਮਾਤਰਾ ਮੇਰਾ ਵਿਸ਼ਨੂੰ ਹੈ ਤੇ ਹੁਣ ਮੈਨੂੰ ਕਾਹਦਾ ਫਿਕਰ ਹੈ, ਆਪੇ ਰਾਖੀ ਕਰਨਗੇ।

ਉਹ ਰਾਜਾ ਨੇੜੇ ਆ ਗਿਆ, ਕਹਿਣ ਲੱਗੇ ਕਿ ਹੁਣ ਤਾਂ ਸ਼ਹਿਰ ਦੀ ਬਾਹਰਲੀ ਤਸੀਲ 'ਚ ਆ ਗਿਆ, ਦਰਵਾਜ਼ੇ ਭੰਨ ਰਿਹੈ।

ਰਾਜਾ, ਫਿਕਰ ਹੀ ਨਾ ਕਰੋ। ਵਿਸ਼ਨੂੰ ਭਗਵਾਨ ਜੀ ਸਭ ਕੁਛ ਜਾਣਦੇ ਨੇ। ਆਪੇ ਮੇਰੀ ਰਾਖੀ ਕਰਨਗੇ। ਉਸ ਵੇਲੇ ਇਹ ਜਿਹੜਾ ਲੜਕਾ ਸੀ ਤਰਖਾਣ ਦਾ ਇਹਨੇ ਕਿਹਾ ਕਿ ਮਰਨਾ ਤਾਂ ਮੈਂ ਫੇਰ ਵੀ ਹੈ। ਕਿਉਂ ਨਾ ਮੈਂ ਆਪੇ ਹੀ ਮਰ ਜਾਵਾਂ। ਛੱਤ ਨਾਲ ਰੱਸਾ ਬੰਨ੍ਹਿਆ, ਜਦੋਂ ਗਲ 'ਚ ਪਾਉਣ ਲੱਗਿਆ, ਵਿਸ਼ਨੂੰ ਭਗਵਾਨ ਪ੍ਰਗਟ ਹੋ ਗਏ। ਕਹਿੰਦੇ, ਹੁਣ ਕਿਉਂ ਮਰਦੈਂ? ਕਹਿੰਦੇ, ਤੂੰ ਤਾਂ ਮਰ ਜਾਏਂਗਾ, ਮੇਰੀ ਬਦਨਾਮੀ ਹੋਏਗੀ ਸਾਰੇ। ਤੇ ਜਾਹ, ਤੈਨੂੰ ਮੈਂ ਸ਼ਕਤੀ ਦਿੰਦਾ, ਇਕ ਗਰੁੜ ਦਿੰਨਾਂ ਇਸ 'ਤੇ ਚੜ੍ਹ ਕੇ ਲੜਾਈ ਕਰ ਤੂੰ। ਐਨਾ ਕਹਿ ਕੇ ਵਿਸ਼ਨੂੰ ਜੀ ਗਾਇਬ ਹੋ ਗਏ।

ਰਾਜਾ ਆਇਆ, ਕਹਿਣ ਲੱਗਿਆ ਕਿ ਮਹਾਰਾਜ! ਹੁਣ ਤਾਂ ਦੀਵਾਰਾਂ ਤੋੜਨ ਲੱਗੇ ਨੇ।

ਕਹਿਣ ਲੱਗਿਆ, ਫਿਕਰ ਹੀ ਨਾ ਕਰੋ, ਮੈਂ ਹੁਣੇ ਜਾਨਾਂ। ਗਰੁੜ ਤੇ ਸ਼ਸਤਰ ਦਿਤੇ ਹੋਏ ਸੀ ਇਸਨੂੰ। ਇਹ ਚਲਿਆ ਗਿਆ, ਜਿਧਰ ਨੂੰ ਜਾਵੇ ਫੌਜਾਂ ਨੱਠ ਜਾਣ, ਜਿੱਧਰ ਨੂੰ ਜਾਵੇ ਨੱਠ ਜਾਣ। ਦੂਸਰੇ ਰਾਜੇ ਨੇ ਕਿਹਾ ਕਿ ਇਹ ਤਾਂ ਸੱਚੀਂ ਵਿਸ਼ਨੂੰ ਜੀ ਆ ਗਏ।

ਸੋ ਕਹਿਣ ਲੱਗਿਆ, ਸਧਨਾ ਕਿ ਹੇ ਪ੍ਰਭੂ! ਤੂੰ ਤਾਂ ਐਨਾ ਦਇਆਲੂ ਹੈਂ ਕਿ ਭੇਖਧਾਰੀ ਦੀ ਵੀ ਰੱਖਿਆ ਕਰੀ ਤੂੰ ਮੇਰੀ ਵੀ ਕਰ। ਇੱਟਾਂ ਚਿਣੀਆਂ ਜਾ ਰਹੀਆਂ ਨੇ। ਫੇਰ ਕੀ ਹੋਏਗਾ?

ਆਵਾਜ਼ ਆਈ, ਕਹਿਣ ਲੱਗੇ, ਸਧਨਿਆਂ! ਪਿਆਰਿਆ! ਇਹ ਤਾਂ ਕਰਮ ਨੇ, ਤੂੰ ਦੋਸ਼ ਨਾ ਦੇ, ਇਹ ਤਾਂ ਤੇਰੇ ਹੀ ਕਰਮ ਨੇ ਤੈਨੂੰ ਹੀ ਭੋਗਣੇ ਪੈਣੇ ਨੇ।

***ਧਾਰਨਾ – ਪਿਆਰੇ ਦੋਸ਼ ਨਾ ਕਿਸੇ ਨੂੰ ਦੇਵੀਂ,***
***ਦੋਸ਼ ਤੇਰੇ ਕਰਮਾਂ ਦਾ।***

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥***

***ਅੰਗ– 433***

ਹੇ ਪ੍ਰਭੂ! ਐਸਾ ਕਿਹੜਾ ਕਰਮ ਹੈ?

ਕਹਿਣ ਲੱਗੇ ਕਿ ਤੂੰ ਪਿਛਲੇ ਜਨਮ ਦਾ ਕਰਮ ਕੀਤਾ ਸੀ, ਦਸ ਦਿੰਦੇ ਹਾਂ ਤੈਨੂੰ, ਦੇਖ, ਦਿੱਬਯ ਦ੍ਰਿਸ਼ਟੀ ਖੋਲ੍ਹ ਦਿਤੀ।

ਕੀ ਦੇਖਦੈ, ਪਿਛਲੇ ਜਨਮ ਦੇ ਅੰਦਰ ਮੋਨੀ ਸੰਤ ਸੀ, ਬੋਲਦਾ ਨਹੀਂ ਸੀ ਹੁੰਦਾ। ਤਪ ਕਰ ਰਿਹੈ ਤੇ ਕਸਾਈ ਗਊ ਲਈਂ ਜਾ ਰਿਹੈ। ਗਊ ਛੁਟ ਕੇ ਨੱਠ ਆਈ ਇਹਦੇ ਪਿਛੇ, ਡੂੰਘਾ ਥਾਂ ਸੀ ਉਥੇ ਆ ਕੇ ਛੁਪ ਗਈ। ਕਸਾਈ ਨੇ ਆ ਕੇ ਪੁਛਿਆ ਕਿ ਭਗਤ ਜੀ! ਇਥੇ ਗਊ ਆਈ ਹੈ? ਦੇਖ ਲਿਆ ਕਿ ਛੁਰਾ ਵੀ ਇਹਦੇ ਹੱਥ ਵਿਚ ਹੈ। ਮਾਰਨ ਲੱਗਿਐ। ਉਸ ਵੇਲੇ ਬਿਨਾਂ ਵਿਚਾਰੇ ਹੀ ਦੋਵੇਂ ਹੱਥ ਬੰਨ੍ਹ ਕੇ ਪਿੱਛੇ ਨੂੰ ਕਰ ਦਿਤੇ। ਕਿਉਂਕਿ ਬੋਲਣਾ ਤਾਂ ਹੈ ਨਹੀਂ ਸੀ। ਕਸਾਈ ਨੇ ਗਊ ਫੜੀ ਤੇ ਫੜ ਕੇ ਮਾਰ ਦਿਤੀ।

ਉਧਰਲੇ ਪਾਸੇ ਸ਼ੇਰ ਆਇਆ, ਸ਼ੇਰ ਨੇ ਆ ਕੇ ਕਸਾਈ ਮਾਰ ਦਿਤਾ। ਉਹ ਵੀ ਮਰਿਆ ਪਿਐ, ਉਹ ਵੀ ਮਰੀ ਪਈ ਤੇ ਉਪਰਲੇ ਪਾਸੇ ਮਹਾਂਪੁਰਸ਼ਾਂ ਦਾ ਆਸ਼ਰਮ ਸੀ। ਉਥੇ ਸਾਧੂ ਇਸ਼ਨਾਨ ਕਰਦੇ ਸੀ, ਉਥੇ ਇਕ ਕੁੰਡ ਭਰਿਆ ਪਿਆ ਸੀ। ਗੰਗਾ ਦੇ ਕਿਨਾਰੇ ਸੀ, ਬਰਸਾਤ ਹੋਈ, ਗੰਗਾ ਦਾ ਪਾਣੀ ਉਛਲੀ ਜਾਂਦੈ ਤੇ ਪਾਣੀ ਨਾਲ ਰਲਾ ਕੇ ਜਿਥੇ ਇਹ ਦੋਵੇਂ ਪਏ ਸੀ ਇਹਨਾਂ ਦੇ ਉਤੇ ਦੀ ਲੰਘ ਗਿਆ ਪਾਣੀ। ਸੰਤਾਂ ਦੀ ਧੂੜੀ ਤੇ ਸੰਤਾਂ ਦੇ ਇਸ਼ਨਾਨ ਦੇ ਪਾਣੀ ਦਾ ਫਲ ਇਹ ਹੋਇਆ ਕਿ ਦੋਵਾਂ ਨੂੰ ਮਨੁੱਖ ਜਾਮਾ ਮਿਲ ਗਿਆ। ਕਹਿਣ ਲੱਗਿਆ, ਸਧਨਿਆਂ! ਦੇਖ ਹੁਣ ਇਹ ਜਿਹੜੀ ਔਰਤ ਸੀ ਤੇਰੇ ਪਿੱਛੇ ਪਈ, ਕਹਿੰਦੇ ਇਹ ਓਹੀ ਗਊ ਹੈ। ਉਹ ਜਿਹੜਾ ਕਸਾਈ ਹੈ ਉਹ ਇਹਦਾ ਪਤੀ ਹੈ ਤੇ ਤੂੰ ਓਹੀ ਸਾਧੂ ਹੈਂ ਤੇ ਹੁਣ ਵੀ ਸਾਧੂ ਹੈਂ। ਕਰਮ ਨੇ ਤੁਹਾਨੂੰ ਤਿੰਨਾਂ ਨੂੰ ਇਕੱਠਾ ਕਰ ਦਿਤਾ। ਹੁਣ ਕਰਮ ਆਪਣੀ ਕਿਰਿਆ 'ਚ ਆ ਗਿਐ, ਹੁਣ ਤਾਂ ਪਿਆਰਿਆ! ਭੋਗਣਾ ਹੀ ਪੈਣੈ। ਕਰਮ ਦਾ ਫਲ ਇਹ ਹੈ ਕਿ ਤੈਨੂੰ ਦੀਵਾਰ ਦੇ ਵਿਚ ਚਿਣਿਆ ਜਾ ਰਿਹੈ।

ਸਧਨਾ ਕਹਿਣ ਲੱਗਿਆ, ਹੇ ਪ੍ਰਭੂ! ਸ਼ੇਰ ਦੀ ਸ਼ਰਨ ਵਿਚ ਚਲਿਆ ਜਾਵੇ ਕੋਈ ਬੰਦਾ, ਗਿੱਦੜ ਆ ਕੇ ਉਹਨੂੰ ਦਬਾਉਣ, ਫੇਰ ਤਾਂ ਗੱਲ ਚੰਗੀ ਨਹੀਂ ਨਾ ਹੈ।

***ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ ॥***
***ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ ॥***

***ਅੰਗ- 858***

ਫੇਰ ਤੇਰੀ ਸ਼ਰਨ ਵਿਚ ਆਉਣ ਦਾ ਕੀ ਫਾਇਦਾ ਹੋਇਆ। ਤੇਰੀ ਸ਼ਰਨ ਵਿਚ ਆ ਕੇ ਫੇਰ ਵੀ ਗਿੱਦੜਾਂ ਦਾ ਡਰ ਹੈ। ਕਰਮ ਫੇਰ ਵੀ ਭੋਗਣਾ ਪੈਣੈ। ਆਵਾਜ਼ ਨਹੀਂ ਫੇਰ ਕੋਈ ਆਈ।

ਦੂਜੇ ਪਾਸੇ ਜਿਹੜੀ ਬੁਨਿਆਦ ਸੀ ਉਹ ਗੋਡਿਆਂ ਤੋਂ ਉਤੇ ਚਿਣੀ

ਗਈ। ਫੇਰ ਬੇਨਤੀਆਂ ਕਰਦੈ।

ਕਹਿੰਦੇ, ਸਧਨਿਆਂ! ਕੁਛ ਦਮ ਰੱਖ। ਕੁਛ ਸਬਰ 'ਚ ਆ, ਕੋਈ ਗੱਲ ਨਹੀਂ।

ਉਸ ਵੇਲੇ ਕਹਿਣ ਲੱਗਿਆ, ਮਹਾਰਾਜ! ਮੇਰੇ ਤਾਂ ਪ੍ਰਾਣ ਨਿਕਲਣ ਨੂੰ ਤਿਆਰ ਹੋਏ-ਹੋਏ ਨੇ। ਲੱਕ ਤੱਕ ਮੇਰੇ ਦੀਵਾਰ ਆ ਗਈ ਹੈ। ਹੋਰ ਦੋ ਇੱਟਾਂ ਲੱਗਣੀਆਂ ਨੇ ਤੇ ਮੇਰਾ ਪੇਟ ਘੁੱਟਿਆ ਜਾਣੈ। ਸਾਹ ਮੈਂ ਕਿਵੇਂ ਲਵਾਂਗਾ? ਫੇਰ ਕੀ ਕਰੇਂਗਾ? ਇਕ ਬੂੰਦ ਵਾਸਤੇ ਇਕ ਪਪੀਹਾ ਪ੍ਰਿਹੁ-ਪ੍ਰਿਹੁ ਕਰਦਾ ਮਰ ਗਿਆ। ਜਦੋਂ ਮਰਨ ਤੋਂ ਫੇਰ ਉਹਨੂੰ ਚਾਹੇ ਸਮੁੰਦਰ ਮਿਲ ਜਾਏ। ਉਹਦੇ ਕਿਹੜੇ ਕੰਮ ਆਏਗਾ -

***ਧਾਰਨਾ - ਪ੍ਰਾਣ ਗਿਆਂ 'ਤੇ ਸਾਗਰ ਮਿਲ ਜਾਏ,***
***ਫੇਰ ਕਿਹੜੇ ਕੰਮ ਆਵਣਾ।***

***ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ ॥***
***ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ ॥***

***ਅੰਗ - 858***

ਐਨੇ ਨੂੰ ਇੱਟਾਂ ਹੋਰ ਲਗ ਗਈਆਂ। ਦੁਬਾਰਾ ਫੇਰ ਇਸ ਤਰ੍ਹਾਂ ਦੇ ਨਾਲ ਬੇਨਤੀ ਕਰਦੈ -

***ਧਾਰਨਾ - ਕਹੁ ਕਾਹਿ ਚਢਾਵਉ ਜੀ,***
***ਬੂਡਿ ਮੂਏ ਨਉਕਾ ਮਿਲੈ।***

***ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ ॥***
***ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ ॥***

***ਅੰਗ- 858***

ਹੇ ਪ੍ਰਭੂ! ਪ੍ਰਾਣ ਤਾਂ ਮੇਰੇ ਨਿਕਲਣ ਵਾਲੇ ਨੇ। ਉਹ ਥਿਰੁ ਨਹੀਂ ਹੈਗੇ, ਤੁਸੀਂ ਕਹਿੰਦੇ ਹੋਂ ਕਿ ਤੇਰੀ ਰਾਖੀ ਕਰੂੰਗਾ। ਜੇ ਡੁੱਬ ਕੇ ਮਰ ਗਿਆ, ਫੇਰ ਕਿਸ਼ਤੀ ਲਈ ਫਿਰਿਓ, ਫੇਰ ਕੀ ਫਾਇਦਾ।

ਅਵਾਜ਼ ਆਈ ਸਧਨਿਆਂ! ਇਹ ਤਾਂ ਸ਼ਰਾਕਤ ਵਾਲੀਆਂ ਗੱਲਾਂ ਤੂੰ ਕਰਨ ਲਗ ਗਿਆ। ਭਗਤਾਂ ਵਾਲੀਆਂ ਬਾਤਾਂ ਨਹੀਂ। ਉਸ ਵੇਲੇ ਸੋਝੀ ਪਈ।

ਕਹਿਣ ਲੱਗਿਆ, ਹੇ ਪ੍ਰਭੂ! ਮੇਰੇ ਤੋਂ ਬੜੀ ਭਾਰੀ ਭੁੱਲ ਹੋ ਗਈ ਕ੍ਰਿਪਾ ਕਰੋ। ਹੁਣ ਤਾਂ ਮੈਂ ਤੇਰਾ ਹਾਂ। ਤੂੰ ਆਪਣਾ ਜਾਣ ਕੇ ਹੁਣ ਮੇਰੀ ਰਾਖੀ ਕਰ ਲੈ -

***ਧਾਰਨਾ - ਵਾਹਿਗੁਰੂ! ਅਉਸਰੁ ਮੇਰੀ ਰੱਖ ਲੱਜਿਆ,***
***ਪਿਆਰੇ ਮੈਂ ਸਧਨਾ ਜਨ ਤੇਰਾ।***

***ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥***
***ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥ ਅੰਗ- 858***

ਜਦ ਨਿਮਰਤਾ ਦੇ ਨਾਲ ਬੇਨਤੀ ਕੀਤੀ, ਕੀ ਦੇਖਦੈ ਕਿ ਸਾਮ੍ਹਣੇ

ਬਹੁਤ ਵੱਡਾ ਪ੍ਰਕਾਸ਼ ਹੋਇਆ। ਹੁਕਮ ਹੋ ਗਿਆ ਤੇ ਕਿਲ੍ਹੇ ਦੀ ਦੀਵਾਰ ਜਿਹੜੀ ਚਿਣੀ ਜਾ ਰਹੀ ਸੀ, ਸਾਰੀ ਹੀ ਦੀਵਾਰ ਸੁੱਟ ਦਿਤੀ। ਜਿਹੜੇ ਦੋਖੀ ਖੜ੍ਹੇ ਸੀ, ਸਾਰੇ ਹੀ ਥੱਲੇ ਆ ਕੇ ਮਰ ਗਏ।

ਰਾਜਾ ਬੇਨਤੀਆਂ ਕਰਦੈ। ਉਸੇ ਵੇਲੇ ਉਹ ਜਿਹੜੀ ਬੀਬੀ ਸੀ, ਦੌੜੀ ਆਉਂਦੀ ਹੈ। ਪਾਗਲ ਹੋਈ-ਹੋਈ ਹੈ, ਕਹਿੰਦੀ ਮਾਰੋ ਨਾ ਇਹਨੂੰ, ਮਾਰੋ ਨਾ। ਮੈਂ ਹੀ ਆਪਣੇ ਪਤੀ ਨੂੰ ਮਾਰਿਆ ਹੈ। ਲੱਜਾ ਰਹਿ ਗਈ। ਕਿਉਂਕਿ -

***ਹਰਿ ਜੁਗੁ ਜੁਗੁ ਭਗਤ ਉਪਾਇਆ***
***ਪੈਜ ਰਖਦਾ ਆਇਆ ਰਾਮ ਰਾਜੇ ॥*** ***ਅੰਗ - 451***

***ਧਾਰਨਾ - ਹਰਿ ਜੀ ਛੱਡ ਕੇ ਸਿੰਘਾਸ਼ਨ ਆਉਂਦੇ,***
***ਬੰਨ੍ਹੇ ਹੋਏ ਸੱਚੇ ਪਿਆਰ ਦੇ।***

***ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥***
***ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥***
***ਅੰਗ- 403***

ਰਾਜਾ ਚਰਨਾਂ 'ਤੇ ਢਹਿ ਪਿਆ, ਕਿ ਭਗਤ ਜੀ! ਮੈਂ ਬੜਾ ਬੁਰਾ ਕੰਮ ਕਰਿਐ। ਤੁਹਾਨੂੰ ਤਕਲੀਫ ਦਿਤੀ, ਇਸ ਔਰਤ ਨੂੰ ਮੈਂ ਕੁੱਤਿਆਂ ਤੋਂ ਪੜਵਾਵਾਂਗਾ।

ਸਧਨਾ ਜੀ ਕਹਿਣ ਲੱਗੇ, ਨਾ ਇਹਦਾ ਕੋਈ ਕਸੂਰ ਨਹੀਂ ਹੈ। ਇਹ ਕਰਮਾਂ ਦੀ ਬੰਨ੍ਹੀ ਹੋਈ ਨੇ ਇਸ ਤਰ੍ਹਾਂ ਕੀਤਾ ਹੈ। ਮੈਨੂੰ ਕੋਈ ਦਵੈਸ਼ ਨਹੀਂ ਇਹਦੇ ਨਾਲ ਤੇ ਇਹਨੂੰ ਵੀ ਕੁਛ ਨਾ ਕਹਿ।

ਇਸ ਤਰ੍ਹਾਂ ਦੇ ਨਾਲ ਕਿੱਡੀ ਭਗਤੀ ਕੀਤੀ ਇਕ ਕਸਾਈ ਨੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਗੁਰੂ ਰੂਪ ਹੋ ਕੇ ਬੈਠੇ ਨੇ। ਇਕੋ ਹੀ ਸ਼ਬਦ ਹੈ ਇਹਨਾਂ ਦਾ। ਜਿੰਨੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਸ਼ਬਦ ਨੇ ਇਹ ਸਤਿਗੁਰੂ ਸਰੂਪ ਨੇ ਸਾਰੇ।

ਕਿਸ ਅਵਸਥਾ ਤੋਂ, ਕਿਹੜੀ ਥਾਂ ਤੋਂ ਉੱਠੇ, ਕਿੱਥੇ ਜਾ ਕੇ ਪਹੁੰਚੇ, ਨਾਮ ਜਪਿਆ। ਮਹਾਰਾਜ ਕਹਿੰਦੇ ਪਿਆਰਿਓ! ਤੁਸੀਂ ਵੀ ਨਾਮ ਜਪ ਲਓ। ਅਜੇ ਸਮਾਂ ਹੈ, ਕਾਲ ਦਾ ਕੋਈ ਪਤਾ ਨਹੀਂ, ਕਿਹੜੇ ਵੇਲੇ ਆ ਕੇ ਝਪਟਾ ਮਾਰੇ। ਮਾਨਸ ਜਨਮ ਮਿਲਿਆ ਹੈ, ਐਵੇਂ ਹੀ ਨਿਕਲ ਜਾਏਗਾ। ਸਾਨੂੰ ਬਾਰ-ਬਾਰ ਇਸ ਤਰ੍ਹਾਂ ਦੇ ਨਾਲ ਤਾਕੀਦ ਕਰਦੇ ਨੇ, ਪੜ੍ਹੋ ਪਿਆਰ ਨਾਲ -

***ਧਾਰਨਾ - ਵੇਖੀਂ ਵਾਰੀ ਨਾ ਗਵਾਂ ਲਈਂ,***
***ਤੇਰਾ ਜਨਮ ਅਮੋਲ।***

ਸੋ ਇਸ ਤਰ੍ਹਾਂ ਧਿਆਨ ਰੱਖੋ ਭਾਈ, ਜੇ ਸਧਨਾ ਕਸਾਈ ਲੰਘ ਸਕਦੈ। ਤੁਸੀਂ ਤਾਂ ਕਿਰਤ ਕਰਨ ਵਾਲੇ ਬੰਦੇ ਹੋਂ। ਨਾ ਐਨੇ ਜਾਨਵਰ ਮਾਰੇ ਨੇ। ਜੇ ਉਹਦੇ ਉਤੇ ਦਇਆ ਹੋ ਸਕਦੀ ਹੈ, ਸਾਡੇ 'ਤੇ ਵੀ ਕ੍ਰਿਪਾ

ਹੋ ਸਕਦੀ ਹੈ।

ਹੁਣ ਸਮਾਂ ਇਜਾਜ਼ਤ ਨਹੀਂ ਦਿਤਾ। ਇਥੇ ਹੀ ਸਮਾਪਤੀ ਹੈ।

***ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।***

# ਅਸ਼ਟਾਂਗ ਯੋਗ ਅਤੇ ਗੁਰਮਤਿ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ਅੰਗ - 256*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289.*

*ਧਾਰਨਾ - ਲੇਖੇ ਵਿਚ ਲਾ ਲਓ ਜੀ,*
*ਜਨਮ ਤੁਮਾਰੇ ਲੇਖੇ।*

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ ॥*
*ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥ 1 ॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥*
*ਕਾਰਨ ਕਵਨ ਅਬੋਲ ॥ ਰਹਾਉ ॥*
*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥ ਅੰਗ- 694*

*ਧਾਰਨਾ - ਆਸਾ ਲਗ ਜੀ ਜੀਵਾਂ ਵਾਹਿਗੁਰੂ,*
*ਮੈਨੂੰ ਚਿਰ ਭਇਆ ਦਰਸ਼ਨ ਦੇਖੇ।*

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ 1 ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ- 176*

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥*
*ਅੰਗ- 156*
*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥*
*ਅੰਗ- 631*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋਂ। ਇਕ ਸਵਾਲ, ਇਕ ਮਸਲਾ ਹੈ ਇਸ ਜੀਵ ਦੇ ਸਾਮ੍ਹਣੇ, ਜੋ ਅਰਬਾਂ-ਖਰਬਾਂ ਸਾਲਾਂ ਤੋਂ, ਅਣਗਿਣਤ

ਸਮੇਂ ਤੋਂ ਹੱਲ ਨਹੀਂ ਹੋ ਰਿਹਾ। ਕਾਰਨ ਕੀ ਹੈ ਇਸ ਦਾ? ਕਿ ਕਿਉਂ ਨਹੀਂ ਹੱਲ ਹੋ ਰਿਹਾ? ਵੱਡੇ-ਵੱਡੇ ਆਦਮੀਆਂ ਨੂੰ ਪੇਸ਼ ਆਉਂਦੇ ਨੇ। ਆਦਮੀ ਕੋਸ਼ਿਸ਼ ਕਰਦੇ ਨੇ ਕਿ ਹੱਲ ਹੋ ਜਾਵੇ। ਇਹ ਮਸਲਾ ਬਹੁਤ ਭਿਅੰਕਰ ਹੈ, ਭਿਆਨਕ ਹੈ; ਫੇਰ ਹੱਲ ਨਹੀਂ ਹੋ ਰਿਹਾ। ਵਿਚੇ ਇਹਦੇ ਪੜ੍ਹੇ ਲਿਖੇ ਨੇ, ਵਿਚੇ ਅਣਜਾਣ ਨੇ, ਵਿਚੇ ਅਮੀਰ ਨੇ-ਗਰੀਬ ਨੇ। ਇਕ ਤਾਂ ਐਨਾ ਇਹਦੇ ਵਿਚ ਡੁੱਬ ਗਏ ਕਿ ਉਹਨਾਂ ਨੂੰ ਪਤਾ ਹੀ ਨਹੀਂ ਹੈ ਕਿ ਕੋਈ ਮਸਲਾ ਵੀ ਹੈ ਸਾਡੇ ਸਾਮ੍ਹਣੇ। ਇਕ ਉਹ ਨੇ ਜਿਹੜੇ ਸਹਿਕਦੇ ਨੇ ਤੇ ਸਾਹ ਲੈਂਦਿਆਂ ਜਿਹਨਾਂ ਦੀ ਹੋਸ਼ ਕਾਇਮ ਹੈ, ਉਹ ਸੋਚਦੇ ਨੇ ਮਸਲਾ ਬਹੁਤ ਵੱਡਾ ਹੈ। ਅਰਬਾਂ-ਖਰਬਾਂ ਸਾਲ ਲੰਘ ਗਏ। ਬੇਅੰਤ ਸਰੀਰ, ਕਈ-ਕਈ ਵਾਰੀ ਧਾਰਨ ਕਰਕੇ, ਕਿੰਨੇ ਵਾਰੀ ਸੱਪਾਂ ਦੇ ਸਰੀਰ ਧਾਰਨ ਕਰੇ, ਕਿੰਨੇ ਵਾਰੀ ਮਛਲੀਆਂ ਦੇ ਕਰੇ। ਕਿੰਨੇ ਵਾਰੀ ਹਰਨਾਂ ਦੇ ਕਰੇ, ਕਿੰਨੇ ਵਾਰੀ ਹਾਥੀਆਂ ਦੇ ਕਰੇ। ਬਹੁਤ ਵਾਰੀ ਮਨੁੱਖ ਵੀ ਬਣੇ ਹਾਂ। ਮਹਾਰਾਜ ਕਹਿੰਦੇ ਜਦੋਂ ਮਨੁੱਖ ਬਣਦੈ -

***ਬੈਰ ਬਿਰੋਧ ਕਾਮ ਕ੍ਰੋਧ ਮੋਹ ॥ ਝੂਠ ਬਿਕਾਰ ਮਹਾ ਲੋਭ ਧ੍ਰੋਹ ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ ॥***
***ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥ ਅੰਗ- 268***

ਜਦੋਂ ਵੀ ਮਨੁੱਖ ਬਣਦੈ ਉਸੇ ਵੇਲੇ ਜਜ਼ਬੇ ਖੜ੍ਹੇ ਹੋ ਜਾਂਦੇ ਨੇ ਤੇ ਇਹ ਹਾਰ ਜਾਂਦੈ, ਸਦਾ ਹੀ ਹਾਰ ਹੁੰਦੀ ਹੈ। ਕੋਈ ਵਿਰਲਾ ਪੁਰਸ਼ ਹੈ ਜਿਸ ਦੇ ਪੱਲੇ ਜਿੱਤ ਪੈਂਦੀ ਹੈ। ਨਹੀਂ ਤਾਂ ਸੰਸਾਰ ਹਾਰਦਾ ਹੀ ਹਾਰਦਾ ਚਲਿਆ ਜਾਂਦੈ। ਉਹ ਇਹ ਹੈ ਕਿ ਜਦੋਂ ਇਹ ਜੂਨਾਂ 'ਚੋਂ ਘੁੰਮ ਕੇ ਆਉਂਦੈ, ਮਨੁੱਖ ਬਣਦੈ ਤਾਂ ਇਹਦੇ ਅੰਤਸ਼ਕਰਣ ਦੇ ਅੰਦਰ ਬਹੁਤ ਕਿਸਮ ਦੇ ਸੁਭਾਅ ਜਮ੍ਹਾਂ ਹੋ ਚੁੱਕੇ ਹੁੰਦੇ ਨੇ। ਭੂਤਾਂ, ਪ੍ਰੇਤਾਂ ਦੇ ਵੀ ਕਿਉਂਕਿ ਭੂਤ ਬਣਦੈ। ਬੇਅੰਤ ਕਿਸਮਾਂ ਨੇ ਭੂਤਾਂ-ਪ੍ਰੇਤਾਂ ਦੀਆਂ। ਅਸੀਂ ਤਾਂ ਬਸ ਸੱਤ-ਅੱਠ ਜਾਣਦੇ ਹਾਂ। ਇਸ ਤੋਂ ਵੱਧ ਸਾਨੂੰ ਪਤਾ ਨਹੀਂ ਹੈ। ਲੇਕਿਨ ਹਿਸਾਬ ਕਿਤਾਬ ਤੋਂ ਬਾਹਰ ਹੈ। ਪ੍ਰੇਤ ਨੇ, ਕੋਈ ਖਵੀਸ ਨੇ, ਕੋਈ ਜਿੰਨ ਨੇ, ਕੋਈ ਕੁਛ ਨੇ, ਕੋਈ ਕੁਛ ਨੇ, ਉਹਨਾਂ ਦਾ ਸੁਭਾਅ ਵੀ ਇਹਦੇ ਕੋਲ ਹੁੰਦੈ, ਪਸ਼ੂਆਂ ਦਾ ਸੁਭਾਅ ਵੀ ਕੋਲ ਹੁੰਦੈ। ਸੱਪਾਂ ਦਾ ਸੁਭਾਅ ਵੀ ਇਹਦੇ ਹਿਰਦੇ 'ਚ ਹੁੰਦੈ ਇਹਦੇ ਅੰਤਸ਼ਕਰਣ ਦੇ ਅੰਦਰ। ਕੁੱਤਿਆਂ, ਬਿੱਲਿਆਂ ਦਾ ਸੁਭਾਅ ਵੀ ਇਹਦੇ ਅੰਦਰ ਹੁੰਦੈ, ਬਲਦਾਂ ਦਾ ਵੀ ਇਹਦੇ ਅੰਦਰ ਹੁੰਦੈ, ਮੱਝਾਂ ਝੋਟਿਆਂ ਦਾ ਇਹਦੇ ਅੰਦਰ ਸੁਭਾਅ ਹੁੰਦੈ। 83 ਲੱਖ ਜੂਨਾਂ ਦਾ ਸੁਭਾਅ ਇਹਦੇ ਅੰਦਰ ਜਮ੍ਹਾਂ ਹੁੰਦੈ। ਉਹਨਾਂ ਜੂਨਾਂ 'ਚ ਜਿਹੜੇ ਜੀਵ ਹੁੰਦੇ ਹਨ, ਉਹਨਾਂ 'ਚ ਆਪਣਾ ਹੀ ਸੁਭਾਅ ਹੁੰਦੈ, ਬਾਕੀ ਨਹੀਂ ਹੁੰਦਾ। ਜੇ ਬਲਦ ਹੈ ਤਾਂ ਉਹਨਾਂ 'ਚ ਬਲਦ ਦਾ ਹੀ ਸੁਭਾਅ ਹੋਏਗਾ, ਸੱਪ ਦਾ ਨਹੀਂ ਆਏਗਾ। ਭੂਤ ਦਾ ਨਹੀਂ ਹੋਏਗਾ। ਇਹ ਕੇਵਲ ਮਨੁੱਖ ਹੈ ਜਿਹਦੇ ਅੰਤਸ਼ਕਰਣ ਦੇ ਅੰਦਰ ਸਾਰੇ ਸੁਭਾਅ ਜਮ੍ਹਾਂ ਹੋਏ ਪਏ ਹੁੰਦੇ ਨੇ। ਇਸ ਕਰਕੇ ਹੀ ਜਿਹੜਾ ਇਹ ਜੀਵ ਹੈ ਇਹਦੇ ਅੰਦਰ ਟਿਕਾਅ ਨਹੀਂ ਹੁੰਦਾ। ਕਦੇ ਇਹ ਉਪਰ ਚੜ੍ਹਦੈ ਕਦੇ ਫੇਰ ਥੱਲੇ ਆ ਜਾਂਦੈ -

***ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥***
***ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥***

***ਅੰਗ- 876***

ਇਹ ਥਿਰ ਨਹੀਂ ਰਿਹਾ ਕਰਦਾ। ਸੋ ਮੁਸ਼ਕਲ ਹੈ ਕਿ ਆਦਮੀ ਦਾ ਸੁਭਾਅ ਵੀ ਇਹਦੇ ਵਿਚ ਹੁੰਦੈ ਤੇ ਮਹਾਂਪੁਰਸ਼ ਕਹਿੰਦੇ ਨੇ ਕਿ ਇਸ ਤੋਂ ਵੀ ਉੱਚੇ ਸੁਭਾਅ ਇਹਦੇ ਵਿਚ ਹੁੰਦੇ ਨੇ ਕਿਉਂਕਿ ਇਹਦੇ ਵਿਚ ਵਾਹਿਗੁਰੂ ਰਹਿੰਦੈ। ਜੂਨਾਂ ਸਾਰੀਆਂ 'ਚ ਪ੍ਰਮੇਸ਼ਰ ਦਾ ਵਾਸਾ ਹੈ। ਪਰ ਪ੍ਰਗਟ ਨਹੀਂ ਹੈ ਕਿਸੇ ਜੂਨ ਦੇ ਅੰਦਰ। ਕੇਵਲ ਮਨੁੱਖ ਦੇ ਸਰੀਰ ਦੇ ਅੰਦਰ ਪ੍ਰਮੇਸ਼ਰ ਪ੍ਰਗਟ ਹੈ। ਪਰ ਢਕਿਆ ਹੋਇਆ ਹੈ, ਸੰਸਕਾਰਾਂ ਨਾਲ। ਮਹਾਰਾਜ ਕਹਿੰਦੇ, ਇਹਦੇ ਅੰਦਰ ਹੀ ਹੈ -

***ਕਾਇਆ ਨਗਰੁ ਨਗਰ ਗੜ ਅੰਦਰਿ ॥***
***ਸਾਚਾ ਵਾਸਾ ਪੁਰਿ ਗਗਨੰਦਰਿ ॥***
***ਅਸਥਿਰੁ ਥਾਨੁ ਸਦਾ ਨਿਰਮਾਇਲੁ***
***ਆਪੇ ਆਪੁ ਉਪਾਇਦਾ ॥ 1 ॥***
***ਅੰਦਰਿ ਕੋਟ ਛਜੇ ਹਟਨਾਲੇ ॥***
***ਆਪੇ ਲੇਵੈ ਵਸਤੁ ਸਮਾਲੇ ॥***
***ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥***
***ਭੀਤਰਿ ਕੋਟ ਗੁਫਾ ਘਰ ਜਾਈ ॥***
***ਨਉ ਘਰ ਥਾਪੇ ਹੁਕਮਿ ਰਜਾਈ ॥***
***ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥***

***ਅੰਗ- 1033***

ਸੋ ਇਹਦੇ ਵਿਚ ਨਿਰਮਲ ਸੁਭਾਅ ਵੀ ਹੈਗੇ। ਦੇਵਤਿਆਂ ਦੇ ਵੀ ਸੁਭਾਅ ਹੈਗੇ। ਅਵਤਾਰਾਂ ਦੇ ਵੀ ਸੁਭਾਅ ਨੇ, ਸਾਧੂਆਂ ਦੇ ਵੀ ਸੁਭਾਅ ਨੇ। ਕਿਹੜਾ ਉਥੇ ਆਉਂਦੈ, ਵਾਹਿਗੁਰੂ ਜਾਣੇ। ਮੁੜ ਕੇ ਆਦਮੀ ਫੇਰ ਉਥੇ ਹੀ ਗਿਰ ਜਾਂਦੈ। ਪਹਿਲਾਂ ਚੜ੍ਹਦੈ, ਚੜ੍ਹਾਈ ਕਰਦੈ, ਬਾਣੀ ਪੜ੍ਹਦੈ, ਰਸ ਆਉਂਦੈ, ਬਾਣੀ ਵਿਚਾਰਦੈ ਤੇ ਜਦੋਂ ਇਕ ਦਮ ਕੋਈ ਸੰਕਟ ਆ ਪੈਂਦੈ, ਮੁੜ ਕੇ ਪਸ਼ੂਆਂ ਦੇ ਸੁਭਾਅ 'ਚ ਫੇਰ ਜਾ ਵੜਦੈ। ਜਿਵੇਂ ਪਸ਼ੂ ਇਕ ਦੂਜੇ ਨੂੰ ਮਾਰਦੇ ਨੇ ਇਹ ਮਾਰਨ ਲਗ ਜਾਂਦੈ। ਜਿਵੇਂ ਸ਼ੇਰ ਇਕ ਦੂਜੇ ਨੂੰ ਖਾਂਦੇ ਨੇ, ਵੱਢ ਕੇ, ਮਾਰ-ਮਾਰ ਸੁੱਟੀ ਜਾਂਦੇ ਨੇ ਜਾਨਵਰਾਂ ਨੂੰ, ਬਘਿਆੜ ਪਾੜ-ਪਾੜ ਸੁੱਟੀ ਜਾਂਦੇ ਨੇ। ਆਹ ਸੁਭਾਅ ਵੀ ਇਹਦੇ ਵਿਚ ਆ ਜਾਂਦੈ। ਕਦੇ ਬਹੁਤ ਉਚਾ ਗਿਆ ਹੁੰਦੈ। ਇਹਦੇ ਕਰਕੇ ਗੇੜੇ ਖਾਂਦੈ। ਜਿਸ ਤਰ੍ਹਾਂ ਹਲਟ ਮਾਲ੍ਹ ਗੇੜੇ ਖਾਂਦੀ ਹੈ, ਟਿੰਡ ਭਰ ਕੇ ਉਤੇ ਆ ਜਾਂਦੀ ਹੈ ਪਾਣੀ ਡੋਲ੍ਹ ਜਾਂਦੀ ਹੈ, ਮੁੜ ਕੇ ਫੇਰ ਥੱਲੇ ਨੂੰ ਚਲੀ ਜਾਂਦੀ ਹੈ। ਸੋ ਇਹ ਜਿੰਨੀ ਦੇਰ ਤੱਕ ਪ੍ਰਮੇਸ਼ਰ ਦੇ ਨਾਲ ਨਹੀਂ ਮਿਲਦਾ, ਓਨੀਂ ਦੇਰ ਤੱਕ ਇਸਦਾ ਛੁਟਕਾਰਾ ਨਹੀਂ ਹੁੰਦਾ। ਸੋ ਮਸਲਾ ਸਾਡੇ ਸਾਮ੍ਹਣੇ ਹੈ -

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥***

***ਅਵਰਿ ਕਾਜ ਤੇਰੈ ਕਿਤੈ ਨ ਕਾਮ ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥*** ***ਅੰਗ - 12***

ਸਾਧੂ ਦੀ ਸੰਗਤ ਦਸ ਦਿਤੀ ਮਹਾਰਾਜ ਨੇ ਕਿ ਸਾਧੂ ਦੀ ਸੰਗਤ ਵਿਚ ਜਾ ਕੇ ਤੂੰ ਨਾਮ ਜਪ, ਭਜਨ ਕਰ। ਕਿਉਂਕਿ ਬਾਕੀ ਜਿਹੜੇ ਕੰਮਾਂ 'ਚ ਪਰਚਿਆ ਹੋਇਐਂ - 'ਅਵਰਿ ਕਾਜ ਤੇਰੈ ਕਿਤੈ ਨ ਕਾਮ॥' ਇਹ ਕਿਸੇ ਕੰਮ ਦੇ ਨਹੀਂ, ਫਜ਼ੂਲ ਨੇ ਇਹ। ਰੋਟੀ ਪਾਣੀ ਪ੍ਰਮੇਸ਼ਰ ਸਭ ਨੂੰ ਦਿੰਦੈ। ਲੇਕਿਨ ਅਸਲੀ ਕੰਮ ਜਿਹੜਾ ਨਾਮ ਜਪਣ ਦਾ ਪ੍ਰਮੇਸ਼ਰ ਨੂੰ ਮਿਲਣ ਦਾ, ਉਹ ਨਹੀਂ ਹੁੰਦਾ। ਕਿਉਂਕਿ ਇਹਨੂੰ ਪਤਾ ਨਹੀਂ ਹੈ ਕਿ ਪ੍ਰਮੇਸ਼ਰ ਕਿੱਥੇ ਹੈ? ਕਿੱਥੇ ਮਿਲਦੈ? ਦੋ ਤਰ੍ਹਾਂ ਦੀ ਵਿਦਿਆ ਹੈ, ਇਕ ਵਿਦਿਆ ਉਹ ਹੈ ਜਿਹੜੀ ਪੁਸਤਕਾਂ 'ਚੋਂ ਪੜ੍ਹੀ ਜਾਂਦੀ ਹੈ ਜਿਹਨਾਂ ਨੂੰ ਪ੍ਰੋਫੈਸਰ ਲੋਕ ਪੜ੍ਹਾਉਂਦੇ ਨੇ, ਮਾਸਟਰ, ਟੀਚਰ, ਉਸਤਾਦ ਸਿਖਾਉਂਦੇ ਨੇ। ਕਿਸੇ ਨੇ ਮਕੈਨਿਕ ਬਣਨੈ, ਟੈਕਨੀਸ਼ਨ ਬਣਨੈ, ਉਹਦਾ ਉਸਤਾਦ ਉਹਨੂੰ ਸਿਖਾ ਦਏਗਾ, ਛੇਤੀ ਨਾਲ। ਉਹ ਵਿਦਿਆ ਬਾਹਰੋਂ ਆਉਂਦੀ ਹੈ। ਅਪਰਾ ਵਿਦਿਆ ਉਸ ਨੂੰ ਆਖਦੇ ਨੇ, ਇਕ ਪਰਾ ਵਿਦਿਆ ਹੈ ਜਿਹੜੀ ਆਦਮੀ ਦੇ ਅੰਦਰ ਹੋਇਆ ਕਰਦੀ ਹੈ, ਅੰਦਰੋਂ ਆਉਂਦੀ ਹੈ, ਉਹਦੀ ਨਾ ਕੋਈ ਕਿਤਾਬ ਹੈ, ਨਾ ਕੋਈ ਅੱਖਰ ਹੈ, ਲੇਕਿਨ ਅੰਦਰ ਹੈ ਉਹਨੂੰ ਪੜ੍ਹਾਉਣ ਵਾਲੇ ਮਹਾਂਪੁਰਸ਼ ਹੋਇਆ ਕਰਦੇ ਨੇ ਜਿਹਨਾਂ ਨੇ ਆਪ ਪੜ੍ਹਾਈ ਕਰੀ ਹੋਵੇ। ਮਾਹਿਰ ਹੋਣ, ਅਨਜਾਣ ਨਹੀਂ। ਮਹਾਂਪੁਰਸ਼ ਤਾਂ ਅਵਸਥਾ ਨੂੰ ਕਹਿੰਦੇ ਨੇ, ਨਾ ਕਿਸੇ ਭੇਖ ਨੂੰ ਕਹਿੰਦੇ ਨੇ, ਨਾ ਕਿਸੇ ਡੇਰੇ ਨੂੰ ਕਹਿੰਦੇ ਨੇ। ਉਹ ਤਾਂ ਅਵਸਥਾ ਹੋਇਆ ਕਰਦੀ ਹੈ, ਉਹਦੇ ਅੰਦਰ ਉਹ ਪ੍ਰਗਟ ਹੋ ਗਿਆ। ਜਿਹਦੇ ਅੰਦਰ ਪ੍ਰਗਟ ਹੋ ਜਾਵੇ ਉਹ ਸਾਧੂ ਸੰਤ ਹੁੰਦੈ। ਉਹ ਵਿਦਿਆ ਅੰਦਰੋਂ ਆਉਂਦੀ ਹੈ ਬਾਹਰੋਂ ਨਹੀਂ ਆਉਂਦੀ, ਬਾਹਰਲੀ ਵਿਦਿਆ ਹੋਰ ਹੈ, ਅੰਦਰਲੀ ਵਿਦਿਆ ਹੋਰ ਹੈ। ਜੇ ਅੰਦਰਲੀ ਪੂਰੀ ਵਿਦਿਆ ਪੜ੍ਹ ਲਵੇ ਤਾਂ ਸਾਰੀਆਂ ਹੀ ਵਿਦਿਆ ਉਹਦੇ ਵਿਚ ਆ ਜਾਇਆ ਕਰਦੀਆਂ ਨੇ। ਇਹ ਗੱਲ ਸਾਨੂੰ ਬੜੀ ਅਜੀਬ ਲਗਦੀ ਹੈ ਕਿ ਬਿਨਾਂ ਪੜ੍ਹੇ? ਬਿਨਾਂ ਦੇਖੇ ਵਿਦਿਆ ਕਿਵੇਂ ਆ ਜਾਏਗੀ? ਉਹ ਜੜ੍ਹ ਦੀ ਵਿਦਿਆ ਸਾਧੂ ਸੰਤਾਂ ਕੋਲ ਹੁੰਦੀ ਹੈ। ਇਕ ਅਵਸਥਾ ਹੁੰਦੀ ਹੈ ਜਿਥੇ ਸਭ ਕੁਝ ਹੀ ਜਾਣ ਜਾਂਦੈ। ਇਸੇ ਕਰਕੇ 50% ਤੋਂ 75% ਦਿਮਾਗੀ ਤੌਰ 'ਤੇ ਮਨੁੱਖ ਦੇ ਵਿਚ ਹੁੰਦੀ ਹੈ। 25% ਤੋਂ 50% ਤੱਕ ਪਸ਼ੂਆਂ, ਪੰਛੀਆਂ ਦੇ ਵਿਚ ਹੁੰਦੀ ਹੈ। 25% ਤੱਕ ਜੜ੍ਹੀਆਂ ਬੂਟੀਆਂ, ਦਰਖਤਾਂ ਦੇ ਵਿਚ ਹੁੰਦੀ ਹੈ। ਹੁਣ ਜਿਹੜੀ 75% ਤੋਂ ਉਪਰਲੀ ਹੈ 100% ਤੱਕ, ਉਹ ਸੋਝੀ ਕੀਹਦੇ 'ਚ ਹੁੰਦੀ ਹੈ? ਉਹ ਕਹਿੰਦੇ, ਸਾਧੂਆਂ 'ਚ ਹੁੰਦੀ ਹੈ। ਕਿਉਂਕਿ ਉਹਨਾਂ ਨੇ ਅੰਦਰਲੀ ਵਿਦਿਆ ਪੜ੍ਹੀ ਹੁੰਦੀ ਹੈ। ਬਾਹਰਲੀ ਵਿਦਿਆ ਪਿੱਛੇ ਲਗ ਜਾਂਦੀ ਹੈ। ਜੋ ਸ਼ਾਇਰ ਹੈ, ਉਹਨੇ ਕਵਿਤਾ ਬਣਾਉਣੀ ਹੋਵੇ, ਉਡਾਰੀ ਮਾਰਦੈ, ਲਿਖ ਲੈਂਦੈ ਕਾਗਜ਼ 'ਤੇ, ਫੇਰ ਅੱਖਾਂ ਮੀਚ ਕੇ ਬਹਿੰਦੈ, ਫੇਰ ਲਿਖ ਲੈਂਦੈ। ਥੋੜ੍ਹੀ ਦੇਰ ਬਾਅਦ ਹੀ ਲਿਖੀਆਂ ਹੋਈਆਂ ਲਾਈਨਾਂ ਕੱਟ ਦਏਗਾ, ਫੇਰ ਹੋਰ ਤਰ੍ਹਾਂ ਲਗ ਜਾਂਦੈ ਲਿਖਣ। ਕਿਉਂਕਿ ਇਕ ਸੀਮਾ ਦੇ ਵਿਚੋਂ ਆ ਰਹੀ ਹੈ ਵਿਦਿਆ। ਉਪਰੋਂ ਨਹੀਂ ਆ ਰਹੀ। ਜਿਹੜੀ ਉਪਰੋਂ ਆਉਂਦੀ ਹੈ ਉਸ ਵਿਦਿਆ ਦਾ ਨਾਮ ਹੈ ਅਲਹਾਮ,

ਅਗੰਮੀ ਸ਼ਬਦ ਆ ਰਿਹੈ, ਬਾਣੀ ਆ ਰਹੀ ਹੈ, ਉਹਦੇ 'ਚ ਕੱਟ-ਕਟਾਈ ਨਹੀਂ ਹੁੰਦੀ ਹੈ। ਕਿਉਂਕਿ ਉਹ ਸ਼ੁੱਧ ਹੋ ਕੇ ਪੂਰੀ ਤਰ੍ਹਾਂ ਦੇ ਨਾਲ ਤੁਲਵੀਂ ਹੁੰਦੀ ਹੈ, ਕਿਤੇ ਵੀ, ਚਾਹੇ ਹਜ਼ਾਰ ਸਾਲ ਨੂੰ ਉਹਨੂੰ ਪੜ੍ਹ ਲਓ, ਉਹ ਬਦਲਿਆ ਨਹੀਂ ਕਰਦੀ, ਅਬਦਲ ਹੁੰਦੀ ਹੈ, ਉਹਨੂੰ ਸਤਿ ਬਾਣੀ ਕਹਿੰਦੇ ਨੇ। ਉਹ ਸਦਾ ਹੀ ਸਤਿ ਰਹਿੰਦੀ ਹੈ। ਜਿਹੜੀ ਦੂਸਰੀ ਹੈ, ਇਹ ਸਾਰੀ ਕੱਚੀ ਬਾਣੀ ਹੁੰਦੀ ਹੈ ਕਿਉਂਕਿ ਕੱਚੇ ਮੰਡਲ 'ਚੋਂ ਆਉਂਦੀ ਹੈ, ਕੱਚੀ ਬਾਣੀ ਹੁੰਦੀ ਹੈ। ਜਿਹੜੀ ਸਤਿ ਦੇ ਮੰਡਲ 'ਚੋਂ ਆਉਂਦੀ ਹੈ, ਚਾਹੇ ਨਸਰ ਵਿਚ ਆਵੇ, ਚਾਹੇ ਉਹ ਕਵਿਤਾ ਵਿਚ ਆਵੇ, ਉਹ ਸਤਿ ਬਾਣੀ ਹੋਇਆ ਕਰਦੀ ਹੈ। ਸਤਿਗੁਰ ਦੀ ਬਾਣੀ ਹੁੰਦੀ ਹੈ। ਪ੍ਰਭੂ ਦੀ ਬਾਣੀ ਹੁੰਦੀ ਹੈ। ਆਪਣੇ ਆਪ ਹੀ ਉਹਦਾ ਵਹਾਅ ਹੁੰਦੈ, ਕਿਉਂਕਿ ਅੰਦਰਲੀ ਵਿਦਿਆ ਪੜ੍ਹ ਕੇ ਜਿਹੜੇ ਬੈਰੀਅਰ ਸੀ, ਉਹ ਟੁੱਟ ਗਏ ਮਹਾਰਾਜ ਕਹਿੰਦੇ, ਮਰਦਾਨਿਆ ਰਬਾਬ ਵਜਾ ਬਾਣੀ ਆ ਰਹੀ ਹੈ ਤੇ ਕਹਿੰਦੇ ਕੀ ਨੇ? -

***ਜੈਸੀ ਮੈ ਆਵੈ ਖਸਮ ਕੀ ਬਾਣੀ***
***ਤੈਸੜਾ ਕਰੀ ਗਿਆਨੁ ਵੇ ਲਾਲੋ ॥*** ***ਅੰਗ - 722***

ਬਾਣੀ ਪਹਿਲਾਂ ਆ ਗਈ। 32 ਸਾਲ ਪਹਿਲਾਂ ਬਾਣੀ ਆ ਗਈ। ਉਤਰਨੀ ਸ਼ੁਰੂ ਹੋ ਗਈ 32 ਸਾਲ ਪਹਿਲਾਂ। 13 ਸਾਲ ਪਹਿਲਾਂ ਪਹਿਲੀ ਘਟਨਾ ਤੋਂ, 19 ਸਾਲ ਪਹਿਲਾਂ ਦੂਜੀ ਘਟਨਾ ਤੋਂ, ਬਾਣੀ ਆ ਰਹੀ ਹੈ, ਵਹਿਣ ਆ ਰਿਹੈ। ਜੋ ਕੁਛ ਸੰਸਾਰ 'ਤੇ ਵਰਤਣ ਵਾਲਾ ਹੈ -

***ਕਾਇਆ ਕਪੜੁ ਟੁਕੁ ਟੁਕੁ ਹੋਸੀ***
***ਹਿਦੁਸਤਾਨੁ ਸਮਾਲਸੀ ਬੋਲਾ ॥*** ***ਅੰਗ- 723***

ਬਾਣੀ ਆ ਰਹੀ ਹੈ, ਇਹ ਗੁਰੂ ਦੀ ਬਾਣੀ ਹੁੰਦੀ ਹੈ। ਇਹਦੇ ਵਿਚ ਤਰਮੀਮ ਨਹੀਂ ਹੁੰਦੀ, ਬਦਲੀ ਨਹੀਂ ਹੋਇਆ ਕਰਦੀ। ਜਿਵੇਂ ਆਈ ਹੈ ਉਵੇਂ ਜਿਵੇਂ ਰਹਿੰਦੀ ਹੈ। ਇਹਦੇ 'ਚ ਨਾ ਇਕ ਅੱਖਰ ਘਟਾਇਆ ਜਾ ਸਕਦੈ, ਨਾ ਇਕ ਅੱਖਰ ਵਧਾਇਆ ਜਾ ਸਕਦੈ। ਇਹ ਸਤਿ ਬਾਣੀ ਹੋਇਆ ਕਰਦੀ ਹੈ।

ਜਿਹੜੀ ਅੰਦਰਲੀ ਵਿਦਿਆ ਹੈ ਇਹਨੂੰ ਅਸੀਂ ਪੜ੍ਹਦੇ ਨਹੀਂ, ਪੜ੍ਹਨ ਤੋਂ ਅਣਜਾਣ ਹਾਂ ਤੇ ਸਾਨੂੰ ਅੰਦਰਲੀ ਗੱਲ ਦਾ ਪਤਾ ਨਹੀਂ ਲਗਦਾ। ਜਦੋਂ ਤੱਕ ਅੰਦਰਲਾ ਅਨੁਭਵ ਨਹੀਂ ਜਾਗਦਾ ਓਨੀਂ ਦੇਰ ਤਕ ਜੰਮਣ-ਮਰਨ ਦਾ ਜਿਹੜਾ ਚੱਕਰ ਹੈ ਉਹ ਖਤਮ ਨਹੀਂ ਹੁੰਦਾ। ਕਿਉਂਕਿ ਹਉਮੈ ਦੇ ਮੰਡਲ ਦੇ ਅੰਦਰ ਇਹ ਕਰਮ ਕਰਦੈ, ਕਰਮ ਕਰਿਆ ਤਾਂ ਇਹ ਬੰਨ੍ਹਿਆਂ ਜਾਂਦੈ। ਪੂਰਾ ਸਮਰੱਥ ਗੁਰੂ ਮਿਲ ਜਾਵੇ, ਉਹ ਗੁਰੂ ਲਾ ਦੇਵੇ ਮਿਹਰ ਕਰਕੇ ਇਸ ਪਾਸੇ, ਤਾਂ ਛੁਟਕਾਰਾ ਹੁੰਦੈ।

ਸੋ ਇਹ ਮਸਲਾ ਸਾਧਸੰਗਤ ਜੀ! ਸਾਨੂੰ ਸਾਰਿਆਂ ਨੂੰ ਹੈ। ਨਾ ਇਹ ਹੱਲ ਹੁੰਦੈ, ਸਮਾਂ ਮੁੱਕ ਜਾਂਦੈ ਸਾਡਾ, ਇਕ ਜਨਮ ਦੋ ਜਨਮ, ਦੱਸ ਜਨਮ, ਵੀਹ ਜਨਮ, ਕਦੇ ਗਰੀਬੀ 'ਚ ਆ ਗਏ, ਕਦੇ ਅਮੀਰੀ 'ਚ ਆ ਗਏ, ਕਦੇ ਕਿਤੇ ਸ਼ਾਹੀ ਖਾਨਦਾਨ 'ਚ ਹੋ ਗਏ, ਕਦੇ ਮੰਗਤਿਆਂ ਦੇ ਖਾਨਦਾਨ

'ਚ ਚਲੇ ਗਏ। ਪਤਾ ਨਹੀਂ ਲਗਦਾ ਕਿੱਥੇ-ਕਿੱਥੇ ਪ੍ਰਮੇਸ਼ਰ ਭੇਜਦੈ। ਗੱਲ ਉਥੇ ਦੀ ਓਥੇ ਰਹਿ ਜਾਂਦੀ ਹੈ। ਸਮਝਾਉਣ ਵਾਲੇ ਸਮਝਾਉਂਦੇ ਨੇ ਲੇਕਿਨ ਸਮਝ ਵਿਚ ਨਹੀਂ ਆ ਰਹੀ। ਪਤਾ ਨਹੀਂ ਲਗ ਰਿਹਾ। ਸੋ ਇਸੇ ਕਰਕੇ ਮਹਾਂਪੁਰਸ਼ ਇਸ ਤਰ੍ਹਾਂ ਦੇ ਨਾਲ ਫੁਰਮਾਉਂਦੇ ਨੇ। ਪੜ੍ਹੋ ਪਿਆਰ ਨਾਲ -

***ਧਾਰਨਾ - ਭਾਗ ਜਿਹਨਾਂ ਦੇ ਮੰਦੇ,***
***ਦਿਤੀਆਂ ਬਾਂਗਾਂ ਤੋਂ ਨਾ ਜਾਗਦੇ।***

***ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥***
***ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥***

***ਅੰਗ- 1378***

ਕਹਿੰਦੇ, ਜਿਹਨਾਂ ਦੇ ਮਨਾਂ ਦੇ ਅੰਦਰ ਮਨਮੁਖਤਾਈ ਹੈ, ਸਾਕਤਪੁਣਾ ਹੈ, ਉਹਨਾਂ ਨੂੰ ਜਾਗ ਨਹੀਂ ਆਉਂਦੀ, ਮਹਾਤਮਾ ਹਿਤ ਦੀ ਬਾਤ ਕਹਿੰਦੇ ਨੇ। ਬਹੁਤ ਸਮਝਾ-ਸਮਝਾ ਕੇ ਕਹਿੰਦੇ ਨੇ - ਚਾਰੋਂ ਵੇਦ, ਛੇਈਂ ਸ਼ਾਸਤਰ, ਸਤਾਈ ਸਿਮ੍ਰਤੀਆਂ, ਉਪਨਿਸ਼ਦਾਂ, ਕੁਰਾਨ ਸਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ, ਹੋਰ ਧਰਮ ਗ੍ਰੰਥ, ਗੁਰੂ ਗ੍ਰੰਥ ਸਾਹਿਬ ਮਹਾਰਾਜ, ਬਹੁਤ ਸਮਝਾ ਕੇ ਇਸ ਜੀਵ ਨੂੰ ਕਹਿੰਦੇ ਨੇ। ਪਰ ਕੀ ਮਜਾਲ ਕਿ ਟਸ ਤੋਂ ਮਸ ਹੋ ਜਾਏ। ਉਥੇ ਹੀ ਰਹਿੰਦੇ ਨੇ। ਕਈ ਤਾਂ ਚੁੱਪ ਕਰ ਗਏ ਮਹਾਤਮਾ ਕਿ ਕੀ ਐਵੇਂ ਟੱਕਰਾਂ ਮਾਰਨੀਆਂ ਨੇ, ਇਹਨਾਂ ਦੇ ਭਾਗ ਮੰਦੇ ਨੇ, ਗੇੜੇ ਖਾਣ ਦਿਓ ਇਹਨਾਂ ਨੂੰ। ਪਰ ਜਿਹੜੇ ਹਿਤੂ ਨੇ, ਉਤਮ ਅਵਸਥਾ ਦੇ ਵਿਚ ਨੇ ਉਹ ਕਹਿੰਦੇ ਨੇ ਕਿ ਨਹੀਂ ਬਈ, ਇਹਨਾਂ ਨੂੰ ਪਤਾ ਨਹੀਂ ਹੈ, ਇਹਨਾਂ ਨੂੰ ਰਾਹੇ ਪਾਉ ਕਿਸੇ ਤਰੀਕੇ ਨਾਲ। ਸਿੱਖਿਆ ਦੇਵੋ ਇਹਨਾਂ ਨੂੰ ਕਿ ਸਮਝ ਆਵੇ, ਆਪਣਾ ਭਲਾ ਤੇ ਬੁਰਾ ਪਛਾਣ ਲੈਣ। ਸੋ ਇਸ ਤਰ੍ਹਾਂ ਦੇ ਨਾਲ ਬੰਦੇ ਨੂੰ ਨਹੀਂ ਪਤਾ ਲਗਦਾ, ਨਾ ਲੱਗਣ ਕਰਕੇ ਇਹ ਗੇੜੇ ਖਾਂਦਾ ਫਿਰਦੈ। ਵੱਡੀਆਂ-ਵੱਡੀਆਂ ਸੋਚਾਂ ਵੀ ਇਹਦੇ ਅੰਦਰ ਪੈਦਾ ਹੋ ਜਾਂਦੀਆਂ ਨੇ, ਪੁਸਤਕਾਂ ਵੀ ਬੇਅੰਤ ਪੜ੍ਹ ਲੈਂਦੈ, ਲੇਕਿਨ ਰਹਿੰਦਾ ਉਥੇ ਦਾ ਉਥੇ ਹੈ। ਕਿਉਂਕਿ ਅੰਦਰਲੀ ਪੜ੍ਹਾਈ ਨਹੀਂ ਪੜ੍ਹੀ। ਉਹ ਪੜ੍ਹਾਈ ਹੋਰ ਹੈ, ਉਹਦਾ ਤਰੀਕਾ ਹੋਰ ਹੈ। ਉਹਦਾ ਸਕੂਲ ਹੋਰ ਹੈ, ਚਾਟਸਾਲ ਹੋਰ ਹੈ ਉਹਦੀ। ਉਹਦੀ ਫੀਸ ਹੋਰ ਹੈ। ਸੋ ਸਾਰੀ ਗੱਲ ਨਾ ਹੋਣ ਕਰਕੇ ਉਹ ਪੜ੍ਹਾਈ ਨਹੀਂ ਹੁੰਦੀ। ਜੀਵਨ ਨੇ ਸਾਡੇ ਸਾਮ੍ਹਣੇ ਗੁਰਸਿੱਖਾਂ ਦੇ। ਜਦੋਂ ਅਸੀਂ ਉਹਨਾਂ ਦੇ ਜੀਵਨਾਂ ਨੂੰ ਵਿਚਾਰਦੇ ਹਾਂ ਫੇਰ ਸਾਨੂੰ ਕੁਛ ਸੇਧ ਲੱਭਦੀ ਹੈ ਕਿ ਉਹ ਇਸ ਤਰੀਕੇ ਦੇ ਨਾਲ ਲੰਘਿਆ ਹੈ। ਗੁਰੂ ਘਰ ਦੇ ਅੰਦਰ ਦੋ ਚੀਜ਼ਾਂ ਨੇ ਇਕ ਸੇਵਾ ਹੈ, ਇਕ ਸਿਮਰਨ ਹੈ। ਸਿਮਰਨ ਕਹਿੰਦੇ ਨੇ ਯਾਦ ਨੂੰ। ਯਾਦ ਰੱਖਣੈ ਵਾਹਿਗੁਰੂ ਨੂੰ। ਵਾਹਿਗੁਰੂ ਨਾਲ ਹੈ ਹਰੇਕ ਦੇ। ਪਹਿਲਾਂ ਤਾਂ ਅਸੀਂ ਮੰਨਦੇ ਹੀ ਨਹੀਂ। ਰੌਲਾ ਪਾ ਲਵਾਂਗੇ ਕਿ ਸਾਡੇ ਗੁਰੂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ। ਜੇ ਕੋਈ ਕਹਿ ਦੇਵੇ ਕਿ ਸਾਡਾ ਫਲਾਣਾ ਸੰਤ ਗੁਰੂ ਹੈ, ਉਹਨੂੰ ਮਾਰਨ ਤਕ ਜਾਵਾਂਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਗੱਲ ਵੀ ਸਾਡੇ ਹਿਰਦੇ 'ਚ ਨਹੀਂ ਬਹਿੰਦੀ, ਇਕ ਵੀ ਨਹੀਂ ਮੰਨਦੇ ਅਸੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਕਹਿੰਦੇ ਨੇ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ 1 ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥*

*ਅੰਗ- 677*

ਨਹੀਂ ਮੰਨ ਸਕਦੇ ਅਸੀਂ। ਕਹਿੰਦੇ, ਜਿੱਥੇ ਵੀ ਦੇਖਦੇ ਹਾਂ ਹਰ ਵਕਤ ਸਾਡੇ ਨਾਲ ਹੈ ਪ੍ਰਮੇਸ਼ਰ। ਨਾਲ ਹੀ ਨਹੀਂ ਹੈ, ਸਾਡੀ ਉਹ ਸਹਾਇਤਾ ਵੀ ਕਰਦਾ ਹੈ। ਜਦੋਂ ਅਸੀਂ ਉਸ ਤੋਂ ਸਹਾਇਤਾ ਮੰਗਦੇ ਹਾਂ, ਉਸੇ ਵੇਲੇ ਸਾਡੀ ਗੱਲ ਸੁਣ ਲੈਂਦੈ। ਕੇਵਲ ਸਾਡੀ ਹੀ ਨਹੀਂ ਸੁਣਦਾ, ਜੋ ਕੁਛ ਵੀ ਬਣਾਇਆ ਹੈ, ਸਾਰੀ ਕਾਇਨਾਤ 'ਚ -

*ਹਾਥੀ ਕੀ ਚਿੰਗਾਰ ਪਰ ਪਾਛੈ ਪਹੁਚਤ ਤਾਹਿ।*
*ਚੀਟੀ ਕੀ ਪੁਕਾਰ ਪਹਿਲੇ ਹੀ ਸੁਨੀਅਤ ਹੈ।*

*ਅਕਾਲ ਉਸਤਤਿ*

ਕੀੜੀ ਦੀ ਵੀ ਪੁਕਾਰ ਸੁਣ ਲੈਂਦੈ। ਕਿਉਂਕਿ ਉਹ ਨਾਲ ਹੈ, ਕੀੜੀ ਦੇ ਵੀ ਨਾਲ ਹੈ, ਹਾਥੀ ਦੇ ਵੀ ਨਾਲ ਹੈ। ਸੋ ਐਨਾ ਜਿਹੜਾ ਨਾਲ ਹੈ, ਮਹਾਰਾਜ ਕਹਿੰਦੇ ਤੂੰ ਤਾਂ ਮੂਰਖ ਹੈਂ, ਤੂੰ ਇਸ ਗੱਲ ਨੂੰ ਮੰਨਦਾ ਹੀ ਨਹੀਂ ਹੈਂ। ਇਕੋ ਗੱਲ ਅਸੀਂ ਤੈਨੂੰ ਕਹਿੰਦੇ ਹਾਂ। ਬਾਕੀ ਜਿਹੜੀਆਂ ਗੱਲਾਂ ਨੇ ਉਹ ਲੇਖੇ 'ਚ ਨਹੀਂ ਪਿਆ ਕਰਦੀਆਂ -

*ਧਾਰਨਾ - ਲੇਖੇ ਤੇਰੇ ਓ ਇਕ ਗੱਲ ਹੈ,*
*ਹੋਰ ਹਉਮੈ ਝਖਣਾ ਝਾਖ।*

*ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥*
*ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥*
*ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥*
*ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥*
*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥*

*ਅੰਗ- 467*

ਪੜ੍ਹ ਗਿਆ, ਵੱਡਾ ਆਦਮੀ ਬਣ ਗਿਆ, ਬੇਅੰਤ ਧਨ ਕਮਾ ਲਿਆ, ਬੇਅੰਤ ਜਾਇਦਾਦ ਬਣਾ ਲਈ, ਰਾਜਸੀ ਸ਼ਕਤੀ ਬਣਾ ਲਈ, ਲੋਕਾਂ 'ਚ ਨਾਉਂ ਬਣ ਗਿਆ। ਟੈਲੀਵੀਜ਼ਨਾਂ ਦੇ ਉਤੇ ਪ੍ਰੋਗਰਾਮ ਆਉਣ ਲਗ ਗਏ। ਕਿਸੇ ਦੇਸ਼ ਵਿਚ ਜਾਂਦੈ। ਸਾਰਾ ਦੇਸ਼ ਉਲਟ ਕੇ ਆ ਜਾਂਦੈ ਦੇਖਣ ਵਾਸਤੇ। ਮਹਾਰਾਜ ਕਹਿੰਦੇ, ਕੁਛ ਵੀ ਨਹੀਂ ਕਰਿਆ -

*ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥* *ਅੰਗ- 2*

ਉੱਚਾ ਨਹੀਂ ਹੋਇਆ -

*ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥*
*ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥*
*ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥*

***ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥***
***ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥*** ***ਅੰਗ- 2***

ਕੀੜਿਆਂ ਦੇ ਵਿਚ ਜਿਹੜੇ ਕੀੜੇ ਪੈਂਦੇ ਨੇ, ਉਹ ਅਵਸਥਾ ਹੈ ਜੇ ਪ੍ਰਮੇਸ਼ਰ ਦੇ ਮਨਜ਼ੂਰ ਨਾ ਹੋਵੇ। ਸੋ ਗੱਲ ਕਿਹੜੀ ਹੈ ਜਿਹਨੂੰ ਮਹਾਰਾਜ ਇਸ਼ਾਰਾ ਕਰੀ ਜਾਂਦੇ ਨੇ। ਮਹਾਰਾਜ ਤਾਂ ਖੋਲ੍ਹ-ਖੋਲ੍ਹ ਦਸੀ ਜਾਂਦੇ ਨੇ -

***ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥***
***ਅੰਗ- 612***

ਉਹ ਨਾਲੇ ਮੈਨੂੰ ਦੇਖਦੈ, ਨਾਲੇ ਮੇਰੀ ਗੱਲ ਸੁਣਦੈ, ਨਾਲੇ ਮੇਰੇ ਨਾਲ ਰਹਿੰਦੈ। ਜੇ ਭੂਤ ਨਾਲ ਰਹਿੰਦਾ ਹੋਵੇ, ਡਰ ਜਾਂਦੈ ਬੰਦਾ। ਪਤਾ ਨਹੀਂ ਕਿਹੜੇ ਥਾਂ ਮੈਨੂੰ ਫੜ ਲਵੇ। ਕਿੱਥੇ ਮੈਨੂੰ ਸੁੱਟ ਦੇਵੇ, ਕਿਸੇ ਖੂਹ 'ਚ ਸੁੱਟ ਦੇਵੇ, ਕਿਸੇ ਰੇਲ ਦੇ ਸਾਮ੍ਹਣੇ, ਕਿਸੇ ਕਾਰ-ਮੋਟਰ ਦੇ ਸਾਮ੍ਹਣੇ। ਡਰਦੇ ਨੇ ਨਾਲ ਜਾਂਦੇ ਨੇ ਕਿ ਨਾ ਬਈ ਇਹਨੂੰ ਤਾਂ ਦੌਰਾ ਪੈਂਦੈ, ਭੂਤ ਆ ਜਾਂਦੈ, ਪਰ ਜਿਹੜਾ ਪ੍ਰਮੇਸ਼ਰ ਨਾਲ ਹੀ ਰਹਿੰਦੈ, ਉਹਦਾ ਕਿਸੇ ਨੂੰ ਗਿਆਨ ਹੀ ਨਹੀਂ। ਕਿਉਂ ਨਹੀਂ ਹੈ? ਕਿਉਂਕਿ ਉਹ ਪਿਆਰ ਹੈ ਨਿਰਾ ਪਿਆਰ। ਉਹ ਡਰਾਉਂਦਾ ਨਹੀਂ ਉਹ ਪਾਲਦੈ। ਉਹ ਸਿੱਧਾ ਰਾਹ ਦਿਖਾਉਂਦੈ ਇਹਨੂੰ।

***ਸੰਗਿ ਸਹਾਈ ਸੁ ਆਵੈ ਨ ਚੀਤਿ ॥***
***ਜੋ ਬੈਰਾਈ ਤਾ ਸਿਉ ਪ੍ਰੀਤਿ ॥*** ***ਅੰਗ- 267***

ਜਿਹੜੇ ਵੈਰ ਕਰਨ ਵਾਲੇ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ, ਬਖੀਲੀ, ਝੂਠ, ਛਲ, ਨੇ ਉਹਨਾਂ ਨੂੰ ਤਾਂ ਮਿੱਤਰ ਬਣਾਈਂ ਫਿਰਦੈ। ਜਿਹੜੇ ਪ੍ਰਮੇਸ਼ਰ ਨੇ ਇਹਨੂੰ ਲੰਘਾਉਣੈ, ਉਹਨੂੰ ਜਾਣਦਾ ਹੀ ਨਹੀਂ, ਪਛਾਣਦਾ ਹੀ ਨਹੀਂ, ਉਹਦੇ ਵਲੋਂ ਪਿੱਠ ਕਰੀ ਫਿਰਦੈ। ਸ੍ਰੀ ਗੁਰੂ ਗ੍ਰੰਥ ਸਾਹਿਬ ਪਿੱਛੇ ਲੜਦੈ, ਗੋਲੀ ਮਾਰਨ ਨੂੰ ਤਿਆਰ ਹੋ ਜਾਂਦੈ ਕਿ ਹੈਂ ਉਹ ਕਿਉਂ ਇੰਝ ਕਹਿੰਦੈ ਗੁਰੂ ਨੂੰ। ਬਈ ਤੈਨੂੰ ਗੁਰੂ ਦਾ ਫਾਇਦਾ ਕੀ ਹੋਇਆ? ਉਹ ਗੁਰੂ ਦਾ ਕੀ ਫਾਇਦਾ ਜਿਹਦੇ ਮਿਲੇ ਤੇ ਤੇਰੇ ਅੰਦਰੋਂ ਹਨ੍ਹੇਰਾ ਨਾ ਗਿਆ। ਤੇਰਾ ਕਸੂਰ ਹੈ ਕਿ ਗੁਰੂ ਦਾ? ਮਹਾਰਾਜ ਕਹਿੰਦੇ ਤੇਰਾ ਹੈ ਪਹਿਲਾਂ ਤਾਂ। ਕਿਉਂਕਿ ਤੂੰ ਅਜੇ ਆਇਆ ਨਹੀਂ -

***ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥***
***ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥***
***ਅੰਗ- 1372***

ਗੁਰੂ ਤਾਂ ਪੂਰਾ ਹੈ ਤੇ ਜਿਹੜਾ ਮਗਰ ਲੱਗਿਆ ਹੈ ਉਹ ਅਧੂਰਾ ਹੈ ਪੂਰੀ ਤਰ੍ਹਾਂ ਨਾਲ। ਉਹ ਤਾਂ ਅਜੇ ਅਧਿਕਾਰੀ ਨਹੀਂ ਹੋਇਆ ਕਿ ਉਹ ਗੁਰੂ ਬਣਾ ਲਵੇ। ਪਹਿਲਿਆਂ ਸਮਿਆਂ ਦੇ ਅੰਦਰ ਬੜੀ-ਬੜੀ ਦੇਰ ਤਕ ਆਪਣਾ ਸੇਵਕ ਨਹੀਂ ਸੀ ਬਣਾਉਂਦੇ, ਚੇਲਾ ਨਹੀਂ ਸੀ ਬਣਾਉਂਦੇ। 12-12 ਸਾਲ ਸੇਵਾ ਕਰਾ ਕੇ, ਫੇਰ ਵੀ ਦੇਖਦੇ ਸੀ ਕਿ ਇਹ ਪੂਰਾ ਹੈ ਕਿ ਅਧੂਰਾ ਹੈ।

ਕਬੀਰ ਸਾਹਿਬ ਦੇ ਪਾਸ ਅਫਗਾਨਿਸਤਾਨ ਦਾ ਬਾਦਸ਼ਾਹ ਰਾਜ ਛੱਡ

ਕੇ ਆਇਆ ਜਿਸ ਦਾ ਨਾਮ ਇਬਰਾਹੀਮ ਆਦਮ ਸੂਫੀ ਹੋਇਐ ਬਹੁਤ ਵੱਡਾ। ਛੇ ਸਾਲ ਸੇਵਾ ਕਰਦੇ ਨੂੰ ਲੰਘ ਗਏ। ਮਾਤਾ ਲੋਈ ਜੀ ਨੇ ਕਿਹਾ ਕਿ ਤੁਸੀਂ ਨਾਮ ਦੀ ਦਾਤ ਨਹੀਂ ਦਿਤੀ ਇਹਨੂੰ। ਰਾਜਾ ਹੈ ਰਾਜ ਛੱਡ ਕੇ ਆਇਆ ਹੈ। ਦੇਖੋ ਝਾੜੂ ਦਿੰਦੈ, ਵਸਤਰ ਧੋਂਦੈ, ਸਾਰੀ ਸੇਵਾ ਕਰਦੈ। ਬਰਤਨ ਮਾਂਜਦੈ, ਸਾਧੂ ਆਇਆਂ ਦੀ ਮੁੱਠੀ ਚਾਪੀ ਕਰਦੈ; ਮਹਾਰਾਜ! ਇਹਨੂੰ ਵੀ ਕੁਛ ਦੇ ਦਿਓ।

ਕਬੀਰ ਸਾਹਿਬ ਕਹਿਣ ਲੱਗੇ, ਲੋਈ! ਇਹ ਅਜੇ ਅਧਿਕਾਰੀ ਨਹੀਂ ਹੋਇਆ। ਅਧਿਕਾਰੀ ਤੋਂ ਬਗੈਰ ਜਿਹੜੀ ਚੀਜ਼ ਹੈ, ਉਹ ਸਸਤੀ ਜਾਂਦੀ ਹੈ।

***ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ ॥***

***ਅੰਗ- 1086***

ਜੇ ਤਾਂ ਗੁਣਾਂ ਦਾ ਗਾਹਕ ਹੈ ਤਾਂ, ਤਾਂ ਲੱਖਾਂ 'ਚ ਚਲਿਆ ਗਿਆ। ਨਹੀਂ ਤਾਂ ਫੇਰ -

***ਕਬੀਰਾ ਏਕੁ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ ॥***
***ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ ॥***

***ਅੰਗ- 1372***

ਕੌਡੀਆਂ ਦੇ ਭਾਅ ਚਲਿਆ ਜਾਂਦੈ। ਕਹਿੰਦੇ, ਅਜੇ ਇਹ ਅਧਿਕਾਰੀ ਨਹੀਂ ਹੋਇਆ। ਇਹਨੂੰ ਅਜੇ ਪਤਾ ਨਹੀਂ ਹੈ। ਅਜੇ 'ਮੈਂ' ਇਹਦੇ ਵਿਚ ਜਿਉਂਦਾ ਹੈ। ਅਜੇ ਨਹੀਂ ਮੈਂ ਇਹਨੂੰ ਚੇਲਾ ਬਣਾਉਣਾ।

ਕਹਿੰਦੀ, ਮਹਾਰਾਜ! ਪਤਾ ਕਿਵੇਂ ਲੱਗੇ?

ਕਹਿੰਦੇ, ਜਦੋਂ ਅੱਜ ਇਹ ਨਹਾ ਕੇ ਆਊ ਗੰਗਾ ਤੋਂ ਦੁਪਿਹਰੇ। ਘਰ ਦਾ ਕੂੜਾ ਪਾ ਦੇਈਂ ਉਤੇ। ਉਸੇ ਤਰ੍ਹਾਂ ਕੀਤਾ ਗਿਆ। ਜਦੋਂ ਕੋਠੇ 'ਤੇ ਖੜ੍ਹ ਕੇ ਮਾਤਾ ਲੋਈ ਨੇ ਕੂੜਾ ਸੁੱਟ ਦਿਤਾ। ਇਕ ਦਮ ਝੁੰਜਲਾ ਗਿਆ, ਬਾਦਸ਼ਾਹੀ ਅੰਦਰੋਂ ਨਿਕਲ ਆਈ। ਜਿਹੜਾ ਸਾਧੂਪੁਣਾ ਸੀ ਉਹ ਦਬ ਗਿਆ ਥੱਲੇ ਹੀ। ਕਿਉਂਕਿ ਸੁਭਾਅ ਤਾਂ ਉਹ ਵੀ ਅੰਦਰ ਹੀ ਸੀ। ਉਹੀ ਨਿਕਲ ਆਇਆ। ਕਹਿੰਦਾ, ਲੈ, ਮੇਰੇ ਰਾਜ ਵਿਚ ਪਾਉਂਦਾ ਨਾ ਕੋਈ ਮੇਰੇ ਸਿਰ 'ਤੇ ਕੂੜਾ, ਦੇਖਿਆ ਨਹੀਂ ਕਿ ਮਾਤਾ ਲੋਈ ਹੈ, ਭੁੱਲ ਗਿਆ, ਲਿਹਾਜ਼ ਹੀ ਭੁੱਲ ਗਿਆ। ਸੁਭਾਅ ਉਹਦਾ ਆਪਣਾ ਅੰਦਰੋਂ ਆ ਗਿਆ।

ਕਬੀਰ ਸਾਹਿਬ ਪੁੱਛਣ ਲੱਗੇ ਕਿ ਕੀ ਕਹਿੰਦਾ ਸੀ?

ਮਾਤਾ ਲੋਈ ਜੀ ਨੇ ਕਿਹਾ, ਕਹਿੰਦਾ ਕਿ ਜੇ ਮੇਰਾ ਰਾਜ ਹੁੰਦਾ, ਤਾਂ ਪਾ ਕੇ ਦੇਖਦਾ ਮੇਰੇ 'ਤੇ ਕੋਈ ਕੂੜਾ।

ਕਹਿੰਦੇ, ਫੇਰ ਹੈ ਨਾ ਜਿਉਂਦਾ? ਜਿਹੜੇ ਜਿਉਂਦੇ ਨੇ ਸੰਤਾਂ ਦੇ ਨਾਲ ਉਹਨਾਂ ਦਾ ਕੋਈ ਸਬੰਧ ਨਹੀਂ ਹੋਇਆ। ਸੰਤਾਂ ਦੇ ਨਾਲ ਸਬੰਧ ਜੁੜਦੈ ਮਰਿਆਂ ਹੋਇਆ ਦਾ -

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥***

***ਅੰਗ- 1102***

ਛੇ ਸਾਲ ਹੋਰ ਲੰਘ ਗਏ। ਕਬੀਰ ਸਾਹਿਬ ਕਹਿੰਦੇ ਹੁਣ ਅਧਿਕਾਰੀ ਹੋ ਗਿਆ ਇਹ। ਕਿਉਂਕਿ ਜੇ ਅਧਿਕਾਰੀ ਨਾ ਹੋਵੇ -

***ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ਹ ॥***
***ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥***

***ਅੰਗ- 1365***

ਚਾਰ 'ਨਹੀਂ' ਕਹੇ ਨੇ। ਕਹਿੰਦੇ, ਬਹੁਤ ਕੀਮਤੀ ਚੀਜ਼ ਹੈ ਜਿਹੜੀ ਤੇਰੇ ਕੋਲ ਹੈ ਨਾਮ ਦੀ। ਇਹ ਨਾ ਐਵੇਂ ਲੁਟਾ। ਐਵੇਂ ਨਾ ਦਿਓ। ਕਿਉਂਕਿ ਇਹਦਾ ਗਾਹਕ ਨਹੀਂ ਹੈ ਕੋਈ। ਬਾਰ੍ਹਾਂ ਸਾਲ ਲੰਘ ਗਏ। ਕਹਿੰਦੇ, ਅੱਜ ਪਾਈਂ ਕੂੜਾ। ਟੋਕਰੀ 'ਚ ਰੱਖ ਛੱਡਿਆ। ਜਦੋਂ ਇਸ਼ਨਾਨ ਕਰਕੇ ਆਇਆ, ਉਵੇਂ ਜਿਵੇਂ ਕੂੜਾ ਸੁੱਟ ਦਿਤਾ, ਜਿਵੇਂ ਛੇ ਸਾਲ ਪਹਿਲਾਂ ਸੁੱਟਿਆ ਸੀ। ਕੂੜਾ ਗਿਰਿਆ, ਵਜਦ 'ਚ ਆ ਗਿਆ, ਨੱਚਣਾ ਸ਼ੁਰੂ ਕਰ ਦਿਤਾ। ਕਹਿੰਦਾ, ਕਿੰਨੀ ਚੰਗੀ ਮਾਤਾ ਹੈ ਮੇਰੀ। ਪੁੱਤਰਾਂ ਦਾ ਕਿੰਨਾ ਖਿਆਲ ਹੈ ਮਾਂ ਨੂੰ। ਸਾਰੇ ਮਹਾਂਪੁਰਸ਼ਾਂ ਦੀ ਚਰਨ ਧੂੜ ਮੇਰੇ ਸੀਸ ਦੇ ਵਿਚ ਪਾ ਦਿਤੀ। ਤੁਸੀਂ ਤਾਂ ਮੇਰੇ ਜਨਮਾਂ-ਜਨਮਾਂਤਰਾਂ ਦੇ ਪਾਪ ਕੱਟ ਦਿਤੇ। ਬਹੁਤ ਦਿਆਲੂ ਹੋ ਤੁਸੀਂ, ਕ੍ਰਿਪਾ ਕੀਤੀ ਹੈ ਆਪ ਨੇ। ਨੱਚ ਰਿਹੈ।

ਕਬੀਰ ਸਾਹਿਬ ਦੇ ਕੋਲ ਮਾਤਾ ਲੋਈ ਆਈ। ਕਹਿੰਦੀ, ਉਹ ਤਾਂ ਵਜਦ 'ਚ ਆਇਆ ਪਿਐ। ਨੱਚ ਰਿਹੈ। ਆਹ ਬਚਨ ਕਹਿ ਰਿਹੈ। ਕਹਿੰਦੇ, ਹੁਣ ਅਧਿਕਾਰੀ ਹੈ ਇਹ। ਉਸ ਵੇਲੇ ਉਹਨੂੰ ਪੂਰਨ ਗਿਆਨ ਕਰਾ ਕੇ ਰਿੱਧੀਆਂ-ਸਿੱਧੀਆਂ ਦੇ ਭੰਡਾਰੇ ਬਖਸ਼ ਕੇ, ਭੇਜ ਦਿਤਾ ਅਫਗਾਨਿਸਤਾਨ, ਕਹਿੰਦੇ ਜਾਹ, ਪੁਰਖਾ! ਹੁਣ ਆਪਣੇ ਦੇਸ਼ ਵਿਚ, ਆਪਣੀ ਬੋਲੀ ਦੇ ਵਿਚ ਉਹਨਾਂ ਲੋਕਾਂ ਦੇ ਕੋਲ ਪ੍ਰਮੇਸ਼ਰ ਦਾ ਪ੍ਰਚਾਰ ਕਰ।

ਸੋ ਅਸੀਂ ਅਧਿਕਾਰੀ ਨਹੀਂ ਹੁੰਦੇ, ਐਵੇਂ ਹੀ ਬਣੀ ਜਾਂਦੇ ਹਾਂ। ਸਾਨੂੰ ਪਤਾ ਹੀ ਨਹੀਂ। ਇਹ ਪ੍ਰਦੂਸ਼ਣਤਾ ਆ ਜਾਂਦੀ ਹੁੰਦੀ ਹੈ ਧਰਮ ਦੇ ਅੰਦਰ। ਜਦੋਂ ਇਹ ਰਸਮ ਬਣ ਜਾਵੇ। ਜਿਹਨੂੰ conversion (ਬਦਲਾਉ) ਕਹਿੰਦੇ ਨੇ, ਜਿਸ ਵਕਤ ਉਹ ਅਵਸਥਾ ਆ ਜਾਂਦੀ ਹੈ। ਬਈ ਬਣਾ ਲਓ ਸਿੱਖ, ਬਣਾ ਲਓ ਹਿੰਦੂ, ਬਣਾ ਲਓ ਮੁਸਲਮਾਨ; ਉਸ ਵੇਲੇ ਖੋਟ ਹੀ ਖੋਟ ਰਲ ਜਾਇਆ ਕਰਦੈ। ਉਸ ਤੋਂ ਬਾਅਦ ਜਿਹੜੀ ਧਰਮ ਦੀ ਅਸਲੀ ਸ਼ਕਲ ਹੈ, ਉਹ ਬਿਲਕੁਲ ਬਦਲ ਜਾਂਦੀ ਹੈ, ਪ੍ਰਦੂਸ਼ਿਤ ਹੋ ਜਾਂਦੀ ਹੈ। ਅਸਲੀ ਸ਼ਕਲ ਨਹੀਂ ਰਹਿੰਦੀ, ਉਹ ਬੇਅੰਤ ਅਗਿਆਨੀਆਂ ਦੇ ਹੱਥਾਂ 'ਚ ਆ ਕੇ, ਬੇਅੰਤ ਕਿਸਮ ਦਾ ਉਹਦੇ ਵਿਚ ਦਿਖਾਵਾ, ਵਹਿਮ-ਪ੍ਰਸਤੀ ਆ ਜਾਏਗੀ। ਰਸਮ-ਰਿਵਾਜ ਆ ਜਾਣਗੇ। ਉਹ ਜਿਹੜਾ ਪ੍ਰਮੇਸ਼ਰ ਦੀ ਨੇੜਤਾ ਤੇ ਸਤਿ ਦਾ ਉਪਦੇਸ਼ ਹੈ, ਉਹ ਤਾਂ ਪਾਸੇ ਹੀ ਰਹਿ ਜਾਏਗਾ। ਕਿਤਾਬਾਂ ਵਾਲਿਆਂ ਦੀਆਂ ਗੱਲਾਂ ਮੰਨਣੀਆਂ ਸ਼ੁਰੂ ਕਰ ਦਿੰਦੈ। ਇਹ ਸਾਰੇ ਧਰਮ ਜਿੰਨੇ ਦੁਨੀਆਂ ਦੇ ਨੇ, ਪੜ੍ਹ ਕੇ ਦੇਖ ਲਓ, ਖੋਜ ਕਰਕੇ ਦੇਖ ਲਓ। ਧਰਮ ਜਿਹੜਾ ਹੈ

ਫੇਰ ਫਿਕਾ ਪੈ ਜਾਂਦੈ। ਫੇਰ ਮਹਾਂਪੁਰਸ਼ ਕਿਸੇ ਨੂੰ ਆਉਣੈ ਪੈਂਦੈ ਕਿ ਇਹ ਤਾਂ ਬਿਲਕੁਲ ਹੀ ਗਿਰ ਗਏ ਫੇਰ। ਸੋ ਇਸ ਤਰ੍ਹਾਂ ਦੇ ਨਾਲ ਇਕ ਗੱਲ ਜਿਹੜੀ ਸਮਝਾਉਂਦੇ ਨੇ ਕਿ - ***'ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥' (ਅੰਗ-677)*** ਇਹ ਸਾਡੇ ਵਿਸ਼ਵਾਸ਼ ਦੇ ਵਿਚ ਨਹੀਂ ਬੈਠ ਸਕਦੀ ਗੱਲ। ਅਸੀਂ ਮੰਨ ਨਹੀਂ ਸਕਦੇ ਕਿ ਪ੍ਰਮੇਸ਼ਰ ਮੇਰੇ ਨਾਲ ਰਹਿੰਦੈ ਤੇ ਮੇਰੀ ਗੱਲ ਸੁਣਦੈ। ਨਾ ਬਿਲਕੁਲ ਨਹੀਂ ਮੰਨਦੇ। ਨਾ ਮੰਨਣ ਕਰਕੇ ਫੇਰ ਸਾਡਾ ਗੁਰੂ ਨਾਲ ਸਬੰਧ ਕੀ ਰਹਿ ਗਿਆ। ਜਦੋਂ ਅਸੀਂ ਉਹਦੀ ਗੱਲ ਹੀ ਨਹੀਂ ਮੰਨਦੇ। ਗੁਰੂ 'ਤੇ ਹੀ ਕਿੰਤੂ ਕਰਦੇ ਹਾਂ, ਨਾ ਮਹਾਰਾਜ! ਸਾਡੇ ਨਾਲ ਤਾਂ ਕੋਈ ਨਹੀਂ ਰੱਬ ਰਹਿੰਦਾ। ਆਪਣੀਆਂ ਹੀ ਦਲੀਲਾਂ ਦੇਵਾਂਗੇ।

ਸੋ ਐਸੀ ਹਾਲਤ ਹੈ ਸਾਧਸੰਗਤ ਜੀ! ਇਹ ਪੂਰਾ ਗੁਰੂ, ਸਮਰੱਥ ਗੁਰੂ ਮਿਲੇ ਤਾਂ ਉਹ ਇਸ ਖਿਆਲ ਨੂੰ ਮਿਟਾਏ, ਤਾਂ ਜਾ ਕੇ ਕਿਤੇ ਇਸ ਗੱਲ ਦਾ ਵਿਸ਼ਵਾਸ਼ ਹੋਇਆ ਕਰਦੈ। ਨਹੀਂ ਤਾਂ ਨਹੀਂ ਹੋਇਆ ਕਰਦਾ। ਸੋ ਤਾਂ ਕਹਿੰਦੇ ਨੇ ਮਹਾਰਾਜ ਕਿ -

***ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥***
***ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥***

***ਅੰਗ- 1372***

ਪਾਠਾਂ ਦੇ ਪਾਠ ਹੋ ਰਹੇ ਨੇ, ਬੇਅੰਤ ਪਾਠ, ਅਖੰਡਪਾਠ, ਕੋਈ ਅਸਰ ਪੈਂਦੈ ਕਿਸੇ 'ਤੇ। ਉਥੇ ਦੇ ਉਥੇ ਖੜ੍ਹੇ ਨੇ ਸਾਰੇ। ਮਨਮੁਖ ਨੂੰ ਮਨਮੁਖ ਕਹਿ ਕੇ ਕੋਸਦੇ ਨੇ। ਆਪਣੇ ਆਪ ਨੂੰ ਕਹਿੰਦੇ ਨੇ ਕਿ ਅਸੀਂ ਗੁਰੂ ਦੇ ਪਿਆਰੇ ਹਾਂ ਪਰ ਲਾਈਨ ਇਕੋ 'ਤੇ ਖੜ੍ਹੇ ਨੇ ਦੋਵੇਂ। ਉਹਨੇ ਪਿੱਠ ਕਰੀ ਹੋਈ ਹੈ, ਉਹ ਮੂੰਹ; ਨਾ ਉਹ ਚਲਦੈ, ਨਾ ਇਹ ਚਲਦੈ। ਲਾਈਨ ਇੱਕੋ 'ਤੇ ਖੜ੍ਹੇ ਨੇ, ਤਰੱਕੀ ਨਹੀਂ ਹੈ ਕਿਸੇ ਦੀ। ਸੋ ਗੁਰੂ ਘਰ ਦੇ ਗੁਰਸਿੱਖਾਂ ਦੇ ਜੀਵਨ ਅਸੀਂ ਪੜ੍ਹਦੇ ਹਾਂ, ਵਿਚਾਰਦੇ ਹਾਂ ਫੇਰ ਸਾਨੂੰ ਪਤਾ ਲਗਦੈ ਕਿ ਕੀ ਜੀਵਨ ਹੈ, ਕਿਸ ਤਰ੍ਹਾਂ ਸਾਨੂੰ ਚਲਣਾ ਚਾਹੀਦਾ ਹੈ।

ਗੁਰੂ ਦਸਵੇਂ ਪਾਤਸ਼ਾਹ ਵੇਲੇ ਲਾਹੌਰ ਦੇ ਅੰਦਰ ਇਕ ਬਹੁਤ ਭਲਾ ਪੁਰਸ਼, ਘਰ ਦੇ ਅੰਦਰ ਪਰਿਵਾਰ 'ਚ ਰਹਿੰਦੈ, ਦੋ ਬੱਚੇ ਨੇ। ਘਰਵਾਲੀ ਹੈ ਬਹੁਤ ਸੁਸ਼ੀਲ, ਹਰ ਵਕਤ ਸਾਥ ਦੇਣ ਵਾਲੀ, ਪਿਆਰ ਕਰਨ ਵਾਲੀ, ਕੋਈ ਕਲਾ ਤੇ ਕਲੇਸ਼ ਨਹੀਂ ਪਾਉਂਦੀ ਤੇ ਮਨ ਉਹਦਾ ਸ਼ਾਂਤ ਹੈ। ਦੋਵੇਂ ਬੜੇ ਪਿਆਰ ਨਾਲ ਰਹਿੰਦੇ ਨੇ। ਪੈਸਾ ਟਕਾ ਬਹੁਤ ਹੈ। ਹਿਕਮਤ ਦਾ, ਵੈਦਕ ਦਾ ਕੰਮ ਕਰਦੈ। ਸਮਾਜ ਦੇ ਵਿਚ ਬੜੀ ਇੱਜ਼ਤ ਹੈ। ਲੇਕਿਨ ਅੰਦਰੋਂ ਜਾਣਦੈ ਕਿ ਅੰਦਰ ਮੇਰੇ ਕੋਈ ਚੀਜ਼ ਖਾਲੀ ਪਈ ਹੈ, ਖੇੜਾ ਕਿਉਂ ਨਹੀਂ ਆਉਂਦਾ, ਖੁਸ਼ੀ ਕਿਉਂ ਨਹੀਂ ਆਉਂਦੀ? ਪੈਸਾ ਵੀ ਬੇਅੰਤ ਹੈ। ਬੱਚਿਆਂ ਦੇ ਥਾਂ ਬੱਚੇ ਨੇ, ਘਰਵਾਲੀ ਸੁਸ਼ੀਲ ਹੈ। ਇੱਜ਼ਤ ਹੈ, ਚਾਰ ਲੋਕ ਮੈਨੂੰ ਮੰਨਦੇ ਨੇ। ਹੱਥ ਜੋੜ ਕੇ ਨਮਸ਼ਕਾਰ ਕਹਿੰਦੇ ਨੇ ਜਦੋਂ ਮੈਂ ਲੰਘਦਾ। ਫੇਰ ਕੀ ਵਜ੍ਹਾ ਹੈ, ਅੰਦਰ ਖੇੜਾ ਕਿਉਂ ਨਹੀਂ। ਕੁਛ ਕਮੀ ਹੈ। ਉਸ ਵੇਲੇ ਗੁਰੂ ਦਸ਼ਮੇਸ਼ ਪਿਤਾ ਦੇ ਪਾਸੋਂ ਇਕ ਕਵੀ ਅੰਮ੍ਰਿਤ ਰਾਏ ਇਸ ਦਾ ਜਾਣ

ਪਛਾਣ ਵਾਲਾ ਤੇ ਮਿੱਤਰ ਹੈ। ਉਸ ਨੂੰ ਕਹਿਣ ਲੱਗਿਆ ਕਿ ਮੈਂ ਬੜਾ ਯਤਨ ਕਰਦਾ ਹਾਂ ਮੈਨੂੰ ਤੰਗੀ ਕੋਈ ਨਹੀਂ ਹੈ ਘਰ ਵਿਚ ਸਾਰਾ ਸੁਖ ਹੈ। ਜੋ ਗ੍ਰਿਹਸਤੀ ਕੋਲ ਹੋ ਸਕਦੈ। ਉਹ ਮੇਰੇ ਕੋਲ ਹੈ ਪਰ ਮੇਰਾ ਮਨ ਸ਼ਾਂਤ ਕਿਉਂ ਨਹੀਂ ਹੁੰਦਾ? ਵਜ੍ਹਾ ਕੀ ਹੈ ਇਸ ਗੱਲ ਦੀ ਮੈਨੂੰ ਸਮਝ ਨਹੀਂ ਆਉਂਦੀ।

ਇਹ ਸਵਾਲ ਬਾਣੀ ਦੇ ਅੰਦਰ ਵੀ ਆਉਂਦੈ? ਪੜ੍ਹੋ ਪਿਆਰ ਨਾਲ –

***ਧਾਰਨਾ – ਕਿਤੁ ਬਿਧ ਮਨ ਧੀਰੇ ਜੀ,***
***ਬਿਨੁ ਹਰਿ ਨਾਮ ਨ ਸ਼ਾਂਤ ਹੋਏ।***

***ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥***
***ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥***
***ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥***
***ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥***
***ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥***

***ਅੰਗ– 707***

ਪਤਾ ਨਹੀਂ ਲਗਦਾ ਕਿ ਕਿਸ ਚੀਜ਼ ਦੀ ਘਾਟ ਹੈ ਮੇਰੇ ਅੰਦਰ, ਸਭ ਚੀਜ਼ਾਂ ਜੋ ਦੁਨੀਆਂਦਾਰਾਂ ਕੋਲ ਹੁੰਦੀਆਂ ਨੇ, ਮੇਰੇ ਕੋਲ ਨੇ। ਸੋ ਉਹ ਕਹਿਣ ਲੱਗਿਆ, ਮਿੱਤਰ! ਮੈਨੂੰ ਇਸ ਗੱਲ ਦਾ ਪਤਾ ਨਹੀਂ ਹੈ।

ਕਹਿਣ ਲੱਗਿਆ, ਕੋਈ ਸਾਧਨ ਵੀ ਕਰੇ ਨੇ ਤੂੰ?

ਕਹਿੰਦਾ, ਹਾਂ, ਮੈਂ ਰਾਜ ਯੋਗ ਜਿਸ ਨੂੰ ਕਹਿੰਦੇ ਨੇ ਜਾਂ ਅਸ਼ਟਾਂਗ ਯੋਗ ਕਹਿੰਦੇ ਨੇ। ਉਹ ਮੈਂ ਪੂਰੀ ਤਰ੍ਹਾਂ ਦੇ ਨਾਲ ਸਿੱਧ ਕਰਿਆ ਹੋਇਐ। ਸਮਾਧੀ ਦੇ ਅੰਦਰ ਕੁਝ ਸ਼ਾਂਤੀ ਹੁੰਦੀ ਹੈ। ਜਦੋਂ ਸਮਾਧੀ ਤੋਂ ਉਥਾਨ ਹੁੰਦੇ ਹਾਂ, ਫੇਰ ਇਸ ਤਰ੍ਹਾਂ ਲਗਦੈ ਕਿ ਕੁਛ ਘਟਿਆ-ਘਟਿਆ ਹੈ। ਇਹ ਪੱਕਾ ਸੁਖ ਕਿਉਂ ਨਹੀਂ ਹੁੰਦਾ, ਇਹ ਗੱਲ ਮੇਰੀ ਸਮਝ ਤੋਂ ਬਾਹਰ ਹੈ।

ਅਸ਼ਟਾਂਗ ਯੋਗ ਕੀ ਹੁੰਦੈ? ਰਾਜ ਯੋਗ ਜਿਸ ਨੂੰ ਆਖਦੇ ਨੇ। ਕਿਉਂਕਿ ਬਹੁਤ ਵੱਡੀ ਚੀਜ਼ ਹੈ। ਜੋ ਪਾਤੰਜਲ ਰਿਸ਼ੀ ਹੋਇਐ, ਉਸ ਨੇ ਅਸ਼ਟਾਂਗ ਯੋਗ ਦਾ ਮਾਰਗ ਉਲੀਕਿਐ। ਬੜਾ ਉੱਚਾ ਲੈ ਗਿਆ ਪਰ ਥੋੜ੍ਹਾ ਜਿਹਾ ਦੋ-ਚਾਰ ਡੰਡੇ ਹੇਠਾਂ ਰਹਿਣ ਕਰਕੇ ਉਹ ਜਿਹੜੀ ਗੱਲ ਅਸਲੀ ਚੀਜ਼ ਚਾਹੀਦੀ ਸੀ ਉਹ ਮਿਲੀ ਨਹੀਂ ਹੈ। ਸਮਾਧੀ ਤਾਂ ਲਾ ਲੈ, ਚਾਹੇ ਦਸ ਸਾਲ ਦੀ ਲਾ ਲੈ, ਵੀਹ ਸਾਲ, ਪੰਜਾਹ ਸਾਲ। ਜਿਵੇਂ ਮੈਂ ਪਿਛੇ ਦਸਿਆ ਸੀ ਕਿ ਜੋਗੀਪੁਰੇ ਇਕ ਸਾਧੂ ਸੀਗਾ, ਯੋਗੀ, ਉਹਦੀ ਉਮਰ ਗੁਰੂ ਮਹਾਰਾਜ ਨੇ ਦੱਸੀ ਸੀ ਕਿ 5113 ਸਾਲ ਦਾ ਹੈ। ਜਿਹੜਾ ਨਿਕਲਿਆ ਸੀ ਅੰਮ੍ਰਿਤਸਰ ਸੰਤੋਖਸਰ ਤੋਂ, ਉਹਦੇ ਉਤੇ ਹੀ ਐਨੀ ਮਿੱਟੀ ਪੈ ਗਈ ਸੀ, ਮੱਠ ਉਤੇ ਹੋਰ ਦਸ-ਦਸ ਫੁੱਟ ਮਿੱਟੀ ਪੈ ਗਈ। ਉਹਦਾ ਆਪਾਂ ਲੱਖਾਂ ਸਾਲ ਕਹਿ ਦੇਈਏ ਤਾਂ ਵੀ ਥੋੜ੍ਹਾ ਹੈ। ਲੇਕਿਨ ਸ਼ਾਂਤੀ ਉਸ ਨੂੰ ਵੀ ਨਹੀਂ ਸੀ, ਸ਼ਾਂਤੀ ਇਹ 5113 ਸਾਲ ਵਾਲੇ ਨੂੰ ਵੀ ਨਹੀਂ ਸੀ। ਪਹਿਲੇ ਨੇ ਵੀ ਗੁਰੂ ਪੰਜਵੇਂ

ਪਾਤਸ਼ਾਹ ਮਹਾਰਾਜ ਨੂੰ ਕਿਹਾ ਕਿ ਮਹਾਰਾਜ! ਪਰਮ ਸ਼ਾਂਤ ਨਹੀਂ ਹੋਇਆ ਮੇਰਾ ਮਨ। ਸਮਾਧੀ ਤੋਂ ਉਥਾਨ ਹੁੰਦੈ, ਮੁੜ ਕੇ ਫੇਰ ਉਥੇ ਹੀ ਆ ਜਾਂਦੈ। ਕੋਈ ਕਮੀ ਹੈ ਇਹਦੇ ਵਿਚ। ਜੋਗੀਪੁਰ ਵਾਲੇ ਸਾਧੂ ਨੇ ਵੀ ਕਿਹਾ, ਗੁਰੂ ਦਸਮੇਸ਼ ਪਿਤਾ ਨੂੰ ਕਿ ਮਹਾਰਾਜ! ਸ਼ਾਤੀ ਨਹੀਂ ਆਈ ਅਜੇ ਵੀ। ਜੋ ਸ਼ਾਂਤੀ ਸ਼ਾਸਤਰਾਂ 'ਚ ਸਤਿ, ਚਿਤ, ਅਨੰਦ ਦੇ ਬਾਰੇ ਲਿਖੀ ਹੋਈ ਹੈ ਉਹ ਮੈਨੂੰ ਨਹੀਂ ਪ੍ਰਾਪਤ। ਕੋਈ ਕਮੀ ਰਹਿ ਗਈ ਇਸ ਕਰਕੇ ਨਹੀਂ ਪ੍ਰਾਪਤ ਹੋਈ। ਕੀ ਹੁੰਦਾ ਹੈ ਇਹ? ਇਹ ਸਾਡੇ ਨਾਲ ਮਿਲਦੈ, ਗੁਰਮਤਿ ਨਾਲ। ਬਹੁਤ ਦੂਰ ਤਕ ਸਾਡੇ ਨਾਲ ਜਾਂਦੈ। ਇਸ ਤਰ੍ਹਾਂ ਸਮਝ ਲਓ 95 ਡੰਡੇ ਸਾਡੇ ਨਾਲ ਹੀ ਚਲ ਰਹੇ ਨੇ। ਤਿੰਨ ਡੰਡੇ ਅਸੀਂ ਹੋਰ ਚੜ੍ਹਦੇ ਹਾਂ ਇਹਦੇ ਉਤੇ। ਜਿੱਥੇ ਜਾ ਕੇ ਪੂਰਨ ਹੁੰਦੈ। ਕਿਉਂਕਿ 'ਨਾਮ' ਦਾ ਮਾਰਗ ਹੋਰ ਹੈ ਤੇ ਅਸ਼ਟਾਂਗ ਯੋਗ ਹੋਰ ਹੈ। ਇਹਦੇ ਵਿਚ ਅੱਠ ਅੰਗ ਹੁੰਦੇ ਨੇ। ਪਹਿਲਾ ਹੁੰਦੈ ਜਿਹਨੂੰ 'ਯਮ' ਕਹਿੰਦੇ ਨੇ, ਰਹਿਤਾਂ ਕਹਿੰਦੇ ਹਾਂ ਆਪਾਂ ਮੋਟੀਆਂ। ਦੋ ਤਰ੍ਹਾਂ ਦੀਆਂ ਰਹਿਤਾਂ ਨੇ ਇਕ ਤਾਂ ਮਨ ਨਾਲ ਸਬੰਧ ਰੱਖਣ ਵਾਲੀਆਂ ਨੇ, ਇਕ ਪੰਜਾਂ ਗਿਆਨ ਇੰਦਰਿਆਂ ਨਾਲ ਸਬੰਧ ਰੱਖਣ ਵਾਲੀਆਂ ਨੇ। ਜਿਹੜਾ ਯਮ ਹੈ ਇਹਦਾ ਮਨ ਨਾਲ ਜ਼ਿਆਦਾ ਸਬੰਧ ਹੁੰਦੈ। ਉਹਦੇ ਵਿਚ ਸਭ ਤੋਂ ਪਹਿਲਾਂ ਆਉਂਦੀ ਹੈ 'ਅਹਿੰਸਾ'। ਇਕ ਹਿੰਸਾ ਹੁੰਦੀ ਹੈ। ਹਿੰਸਾ, ਦੂਜੇ ਦਾ ਨੁਕਸਾਨ ਕਰ ਦੇਣਾ। ਪੰਜ ਤਰ੍ਹਾਂ ਦੀ ਹਿੰਸਾ ਹੁੰਦੀ ਹੈ ਉਹ। ਮਾਨਸਿਕ ਹਿੰਸਾ ਹੁੰਦੀ ਹੈ, ਸਰੀਰਕ ਹਿੰਸਾ ਹੁੰਦੀ ਹੈ। ਵਾਚਕ ਹਿੰਸਾ ਹੁੰਦੀ, ਬੁੱਧੀ ਦੀ ਹਿੰਸਾ ਤੇ ਅਨੁਸ਼ਠਾਨ ਹਿੰਸਾ ਹੁੰਦੀ ਹੈ। ਪੰਜ ਤਰ੍ਹਾਂ ਦੇ ਨਾਲ ਅਸੀਂ ਦੂਸਰੇ ਦਾ ਨੁਕਸਾਨ ਕਰਦੇ ਹਾਂ। ਮੰਤਰ ਸਿੱਧ ਕਰਕੇ, ਮੰਤਰ ਦੇ ਬਲ ਨਾਲ ਦੂਸਰੇ ਦਾ ਨੁਕਸਾਨ ਕਰਨਾ। ਉਹਨੂੰ ਅਨੁਸ਼ਠਾਨ ਹਿੰਸਾ ਕਹਿੰਦੇ ਨੇ। ਬੁੱਧੀ ਦੇ ਬਲ ਨਾਲ ਕਿਸੇ ਨੂੰ ਕੁਰਾਹੇ ਪਾ ਦੇਣਾ, ਬੁੱਧੀ ਦੀ ਹਿੰਸਾ ਹੈ। ਮਨ ਨਾਲ ਬੁਰਾ ਚਿਤਵਦੇ ਹੀ ਰਹਿਣਾ, ਇਹ ਮਾਨਸਿਕ ਹਿੰਸਾ ਹੁੰਦੀ ਹੈ। ਬਚਨ ਦੇ ਨਾਲ ਦੂਜੇ ਨੂੰ ਰੁੱਖਾ ਬੋਲਣਾ, ਕੌੜਾ ਬੋਲਣਾ, ਗਾਲ੍ਹਾਂ ਕੱਢਣੀਆਂ, ਮਿਹਣੇ ਦੇਣੇ ਇਹ ਵਾਚਕ ਹਿੰਸਾ ਹੈ। ਸਰੀਰ ਦੇ ਤੌਰ 'ਤੇ ਕਿਸੇ ਦੇ ਥੱਪੜ ਮਾਰਿਆ, ਧੱਕਾ ਮਾਰਿਆ, ਗਲ ਘੁਟ ਦਿਤਾ ਇਹ ਸਰੀਰਕ ਹਿੰਸਾ ਹੈ। ਸੋ ਇਹ ਪੰਜਾਂ ਤੋਂ ਰਹਿਤ ਹੋ ਕੇ ਦਿਲੋਂ, ਅੰਦਰੋਂ ਕਹੇ –

***ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਕਾ ਭਲਾ।***

ਜਦੋਂ ਇਹ ਚੀਜ਼ ਆਏਗੀ, ਇਹ ਅਹਿੰਸਾ ਪੂਰੀ ਤਰ੍ਹਾਂ ਨਾਲ ਧਾਰਨ ਕਰ ਲਏਗਾ। ਨਹੀਂ ਤਾਂ ਨਹੀਂ ਕਰ ਸਕਦਾ। ਆਉਣੀ ਚਾਹੀਦੀ ਹੈ ਇਹ ਚੀਜ਼। ਦੂਸਰਾ ਹੋਇਆ ਕਰਦਾ ਹੈ 'ਝੂਠ'। ਝੂਠ ਜ਼ਿੰਦਗੀ ਦੇ ਅੰਦਰ ਆਉਣ ਹੀ ਨਾ ਦੇਵੇ। ਨਾ ਝੂਠੀ ਗੱਲ ਬੋਲਣੀ, ਨਾ ਝੂਠ ਬਾਰੇ ਸੋਚਣਾ, ਸੱਚ ਦਾ ਧਾਰਨੀ ਹੋਣਾ। ਕਿਸੇ ਵੀ ਪੱਧਰ 'ਤੇ ਝੂਠ ਨੂੰ ਅੰਦਰ ਦਾਖਲ ਨਾ ਹੋਣ ਦੇਣਾ। ਤੀਸਰਾ ਹੋਇਆ ਕਰਦੈ 'ਅਚੋਰੀ।' ਚੋਰੀ ਹੁੰਦੀ ਹੈ ਬਹੁਤ ਕਿਸਮ ਦੀ। ਗੁਰੂ ਮਹਾਰਾਜ ਨੇ ਤਾਂ ਇਕ ਚੋਰੀ ਹੋਰ ਵੀ ਬਹੁਤ ਵੱਡੀ ਲਿਖੀ ਹੈ ਜਿਹਦੇ 'ਚ ਅਸੀਂ ਸਾਰੇ ਹੀ ਕਸੂਰਵਾਰ ਹਾਂ। ਉਹਦਾ ਸਾਨੂੰ ਧਿਆਨ ਨਹੀਂ ਹੈ। ਮਹਾਰਾਜ ਕਹਿੰਦੇ ਨੇ –

*ਧਾਰਨਾ - ਵੱਡੇ ਉਹ ਚੋਰ ਨੇ,*
*ਨਾਮ ਨਾ ਜਪਦੇ ਜਿਹੜੇ।*

ਨਾਮ ਜਿਹੜੇ ਨਹੀਂ ਜਪਦੇ, ਮਹਾਰਾਜ ਕਹਿੰਦੇ ਉਹ ਛੋਟੇ ਚੋਰ ਨਹੀਂ ਹਨ, ਵੱਡੇ ਚੋਰ ਨੇ।

ਸੋ ਚੋਰੀ ਜੋ ਹੈ ਇਹ ਨਾ ਹੋਵੇ। ਚੋਰੀ ਬਹੁਤ ਕਿਸਮ ਦੀ ਹੈ। ਖਿਆਲ ਨੋਟ ਕਰ ਲੈਣੇ, ਆਪਣੇ ਬਣਾ ਕੇ ਸੁਣਾ ਦੇਣੇ। ਖਿਆਲਾਂ ਦੀ ਚੋਰੀ ਕਹਿੰਦੇ ਨੇ। ਕਿਸੇ ਨੇ ਕਵਿਤਾ ਲਿਖੀ ਹੋਈ ਹੈ, ਉਹਦੇ 'ਚੋਂ ਬੰਦ ਤੇ ਖਿਆਲ ਨੋਟ ਕਰਕੇ, ਹੋਰ ਤਰ੍ਹਾਂ ਦੇ ਨਾਲ ਆਪਣੀ ਬਣਾ ਕੇ ਸੁਣਾ ਦੇਣੀ। ਇਹਨੂੰ ਕਵਿਤਾ ਦਾ ਚੋਰ ਕਹਿੰਦੇ ਨੇ। ਇਸ ਤਰ੍ਹਾਂ ਦੇ ਨਾਲ ਬਹੁਤ ਕਿਸਮ ਦੇ ਚੋਰ ਗਿਣੇ ਗਏ ਨੇ। ਮਹਾਂਪੁਰਸ਼ਾਂ ਨੇ ਬਹੁਤ ਗਿਣੇ ਨੇ। ਇਸ ਤੋਂ ਬਚਣ ਦਾ ਤਰੀਕਾ ਇਹ ਹੁੰਦੈ ਕਿ ਬਾਈ! ਫਲਾਣੇ ਮਹਾਂਪੁਰਸ਼ ਇਸ ਤਰ੍ਹਾਂ ਦਸਿਆ ਕਰਦੇ ਸੀ। ਜਦੋਂ ਸਾਡੇ ਮਹਾਂਪੁਰਸ਼ ਇਸ ਤਰ੍ਹਾਂ ਦਸਿਆ ਕਰਦੇ ਸੀ। ਇਹ ਨਹੀਂ ਕਿ ਆਪਣੀ ਬਣਾ ਕੇ ਦਸ ਦਿਓ। ਲਿਖਦੇ ਹੋਂ ਤਾਂ ਦੱਸੋ ਕਿ ਅਸੀਂ ਫਲਾਣੇ ਬੰਦੇ ਦੀ ਲਿਖਤ ਦੇ ਵਿਚੋਂ ਲਈ ਹੈ। ਉਹਨੇ ਇਹ ਖਿਆਲ ਦਿਤਾ ਹੈ ਤਾਂ ਮਾਣ ਉਹਨੂੰ ਜਾਵੇ ਨਹੀਂ ਤਾਂ ਚੋਰੀ ਲਗਦੀ ਹੈ। ਕਾਨੂੰਨ ਤਾਂ ਆਪਣੀ ਥਾਂ 'ਤੇ ਰਹਿੰਦੈ, ਲੇਕਿਨ ਨਾਮ ਜਪਣ ਵਿਚ ਇਹ ਬਾਧਾ ਪਾਉਂਦੀ ਹੈ।

ਉਸ ਤੋਂ ਬਾਅਦ ਆਉਂਦੈ 'ਸਤਿ ਦਾ ਜੀਵਨ'। ਸਤਿ ਦੀ ਬਾਤ ਕਰਨੀ, ਸਤਿ ਦੇ ਵਿਚ ਰਹਿਣਾ, ਸਤਿ ਦਾ ਧਿਆਨ ਧਾਰਨਾ। ਸੱਚ ਦਾ ਜੀਵਨ ਜੀਉਣਾ। ਉਸ ਤੋਂ ਅੱਗੇ ਹੁੰਦੈ 'ਧੀਰਜ'। ਧੀਰਜੀ ਬਣਨਾ ਕਾਹਲੇ ਨਾ ਹੋਣਾ। ਫੇਰ ਖਿਮਾ ਦਾ ਜਜ਼ਬਾ। ਭੁੱਲ ਜਾਂਦੈ ਬੰਦਾ, ਗਲਤੀ ਕਰ ਜਾਂਦੈ। ਜੇ ਉਹ ਆ ਕੇ ਕਹੇ ਕਿ ਮੈਨੂੰ ਖਿਮਾ ਕਰ ਦਿਓ, ਖਿਮਾ ਦਾ ਜਜ਼ਬਾ ਜਿਹਦੇ ਅੰਦਰ ਹੁੰਦੈ, ਖਿਮਾਵੰਤ ਬਹੁਤ ਵੱਡਾ ਸਤਿਕਾਰ ਵਾਲਾ ਹੁੰਦੈ। ਦਰਗਾਹ 'ਚ ਮਾਣ ਪਾਇਆ ਕਰਦੈ। ਫੇਰ 'ਦਇਆ' - ਜਿੰਨਾਂ ਚਿਰ ਅੰਦਰ ਦਇਆ ਨਹੀਂ ਆਉਂਦੀ, ਓਨੀਂ ਦੇਰ ਤਕ ਧਰਮ ਨਹੀਂ ਪੈਦਾ ਹੁੰਦਾ -

*ਧੌਲੁ ਧਰਮੁ ਦਇਆ ਕਾ ਪੂਤੁ ॥* *ਅੰਗ- 3*

ਬੱਕਰੇ ਵੱਢ ਕੇ ਜਿਹੜਾ ਖਾਂਦੈ, ਕੀ ਉਹਦੇ ਅੰਦਰ ਦਇਆ ਹੈ? ਮਹਾਰਾਜ ਕਹਿੰਦੇ, ਕਿਉਂ ਭੋਲਿਆ! ਲੋਕਾਂ ਨੂੰ ਧੋਖਾ ਦਿੰਦੈਂ। ਤੂੰ ਸਿੱਧਾ ਕਹਿ ਕਿ ਮੈਂ ਖਾਣੈ ਤੇ ਤੂੰ ਤਿਆਰ ਹੋ ਜਾ, ਬਦਲਾ ਦੇਣ ਵਾਸਤੇ -

*ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥*
*ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥*

*ਅੰਗ- 1374*

ਕਹਿੰਦੇ, ਪਹਿਲਾਂ ਜਾਨਵਰ ਮਾਰ ਕੇ ਖਾਈਏ ਤੇ ਫੇਰ ਉਹਨਾਂ ਤੋਂ ਆਪਣਾ ਗਲ ਵਢਾਈਏ। ਇਹਦੇ ਨਾਲੋਂ ਤਾਂ ਸਾਦਾ ਹੀ ਪ੍ਰਸ਼ਾਦਾ ਛਕ ਲੈਣਾ, ਬਹੁਤ ਅੱਛੀ ਚੀਜ਼ ਹੈ। ਸੋ ਜੇ ਇਹਨੂੰ ਠੀਕ ਸਿੱਧ ਕਰਨੈ, ਮਹਾਰਾਜ

ਕਹਿੰਦੇ–

***ਜੀਅ ਬਧਹੁ ਸੁ ਧਰਮੁ ਕਰਿ ਥਾਪਹੁ***
***ਅਧਰਮੁ ਕਹਹੁ ਕਤ ਭਾਈ ॥***
***ਆਪਸ ਕਉ ਮੁਨਿਵਰ ਕਰਿ ਥਾਪਹੁ***
***ਕਾ ਕਉ ਕਹਹੁ ਕਸਾਈ॥*** ***ਅੰਗ– 1103***

ਜੀਵਾਂ ਨੂੰ ਮਾਰ ਕੇ ਤੂੰ ਕਹਿਨੈਂ ਕਿ ਮੈਂ ਧਰਮੀ ਹਾਂ, ਮੈਂ ਦਇਆਵੰਤ ਹਾਂ, ਮੈਂ ਦਇਆ ਕਰਦਾ ਹਾਂ।

ਕੀ ਦਇਆ ਕਰਦੈਂ?

ਕਹਿੰਦਾ, ਮੈਂ ਇਹਨਾਂ ਦੀ ਜੂਨਾਂ ਕੱਟਦਾਂ।

ਕਹਿੰਦੇ, ਤੈਨੂੰ ਪਤੈ ਜਿੰਨਾਂ ਚਿਰ ਆਦਮੀ ਦੀ ਹਉਮੈ ਦਾ ਨਾਸ਼ ਨਾ ਹੋਵੇ ਗੱਲ ਨਹੀਂ ਬਣਦੀ। ਉਹ ਕਹਿੰਦੈ ਕਿ ਮੈਂ ਇਹਨਾਂ ਦੀਆਂ ਜੂਨਾਂ ਕੱਟਦਾਂ, ਤੇਰੇ ਸਿਰ ਦੇ ਉਤੇ ਪਾਪ ਚੜ੍ਹ ਰਿਹੈ। ਬੰਨ੍ਹਿਆ ਗਿਆ ਤੂੰ? ਕਿਉਂਕਿ ਤੂੰ ਪਾਪ ਬੀਜ ਲਏ। ਗੱਲ ਤਾਂ ਤੂੰ ਉਹਨਾਂ ਸਤਿਪੁਰਸ਼ਾਂ ਦੀ ਕਰ ਦਿਤੀ ਜਿਹੜੇ ਸੱਚਮੁੱਚ ਉਧਾਰ ਕਰਦੇ ਨੇ। ਜੇ ਗੁਰੂ ਮਹਾਰਾਜ ਨੇ ਸ਼ੇਰ ਮਾਰਿਆ ਪਾਉਂਟਾ ਸਾਹਿਬ ਤਾਂ ਰਾਜੇ ਨੂੰ ਦੱਸ ਦਿਤਾ ਕਿ ਇਹ ਜੈਦਰਥ ਹੈ। ਜੇ ਛੇਵੇਂ ਪਾਤਸ਼ਾਹ ਮਹਾਰਾਜ ਨੇ ਆਗਰੇ ਸ਼ੇਰ ਮਾਰਿਆ ਬਹੁਤ ਵੱਡਾ ਤਾਂ ਜਹਾਂਗੀਰ ਨੂੰ ਦਸ ਦਿਤਾ ਕਿ ਜਹਾਂਗੀਰ ਇਹ ਤੇਰਾ ਚਾਚਾ ਹੈ ਕਾਸਮ ਬੇਗ। ਗੱਲ ਕਰਨੀ ਹੈ?

ਕਹਿੰਦਾ, ਹਾਂ।

ਕਹਿੰਦੇ, ਪੁੱਛ ਲੈ ਕਿਉਂ ਬਣਿਐ ਸ਼ੇਰ?

ਜਦੋਂ ਪੁੱਛਦੈ, ਆਵਾਜ਼ ਆਈ, ਕਹਿੰਦੇ ਜਹਾਂਗੀਰ ਮੈਂ ਤੇਰੇ ਅੱਬਾ ਜਾਨ ਦੇ ਨਾਲ ਗੁਰੂ ਤੀਸਰੇ ਪਾਤਸ਼ਾਹ ਦੇ ਪਾਸ ਗਿਆ। ਉਹ ਪੰਗਤ 'ਚ ਬੈਠ ਕੇ ਪ੍ਰਸ਼ਾਦਾ ਛਕਣ ਲਗ ਗਿਆ ਤੇ ਸ਼ਰਾ ਦੀ ਓਟ ਦੇ ਵਿਚ ਮੈਂ ਤੇਰੇ ਪਿਤਾ ਨੂੰ ਬੁਰਾ ਭਲਾ ਕਿਹਾ ਤੇ ਗੁਰੂ ਉਤੇ ਵੀ ਮੈਂ ਤਰਕ ਕੀਤੀ ਤੇ ਮੈਂ ਰੋਟੀ ਨਹੀਂ ਖਾਧੀ ਜਾ ਕੇ। ਤਰਕ ਦਾ ਫਲ ਇਹ ਹੋਇਆ ਕਿ ਰਾਤ ਨੂੰ ਮੇਰੇ ਗੱਲ ਵਿਚ ਮਾਸ ਦਾ ਟੁਕੜਾ ਫਸ ਗਿਆ ਤੇ ਅੰਦਰ ਹਵਾ ਦੀ ਨਾਲੀ 'ਚ ਚਲਿਆ ਗਿਆ ਤੇ ਮੈਂ ਉਥੇ ਹੀ ਮਰ ਗਿਆ। ਕਹਿਣ ਲੱਗਿਆ, ਮੇਰਾ ਪੁੰਨ ਕਰਮ ਵੀ ਸੀ ਕਿ ਮੈਂ ਗੁਰੂਆਂ ਦੇ ਦਰਸ਼ਨ ਕਰ ਲਏ ਸੀ। ਚਾਹੇ ਮੈਂ ਤਰਕ ਕਰ ਦਿਤੀ ਸੀ ਪਰ ਦਰਸ਼ਨ ਦਾ ਫਲ ਮੈਨੂੰ ਮਿਲਣਾ ਸੀ, ਉਹ ਮੈਨੂੰ ਛੇਵੇਂ ਜਾਮੇ ਦੇ ਅੰਦਰ ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਮੇਰੀ ਨਜਾਤ ਕਰਾ ਦਿਤੀ। ਉਹ ਜਿਹੜਾ ਮੈਂ ਕਸੂਰ ਕਰਿਆ ਸੀ ਉਹ ਮਾਫ ਕਰਾ ਦਿਤਾ ਤੇ ਮੈਂ ਸ਼ੇਰ ਦੀ ਜੂਨੀ ਤੇ ਕਈ ਜੂਨੀਆਂ 'ਚ ਘੁੰਮਿਆ।

ਸੋ ਉਹਨਾਂ ਦੀ ਕੀ ਰੀਸ ਕਰ ਲਵਾਂਗੇ ਅਸੀਂ? ਬਈ ਜੀ ਮੈਂ ਤਾਂ ਇਹਨਾਂ ਦੀਆਂ ਜੂਨਾਂ ਕੱਟਦਾਂ। ਤੂੰ ਆਪਣੀ ਤਾਂ ਕੱਟ ਲੈ ਪਹਿਲਾਂ। ***'ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ ॥***

***ਆਪਸ ਕਉ ਮੁਨਿਵਰ ਕਰਿ ਥਾਪਹੁ ਕਾ  ਕਉ ਕਹਹੁ ਕਸਾਈ ॥***
' ਫੇਰ ਕਸਾਈ ਦੀ ਕੋਈ ਯੋਗਤਾ ਹੋਣੀ ਚਾਹੀਦੀ ਹੈ। ਦਇਆ ਜਿੱਥੇ ਆਉਂਦੀ ਹੈ, ਦਇਆ ਤਾਂ ਦਇਆ ਹੈ, ਜੀਵਾਂ 'ਤੇ ਦਇਆ ਕਰਨੀ।

ਬੀਬੀ ਰਾਵੀਆ ਨੇ ਦਇਆ ਕੀਤੀ - ਪਿਆਸੀ ਕੁੱਤੀ ਦੇ ਕਤੂਰਿਆਂ ਨੂੰ ਕੁੱਤੀ ਸਮੇਤ, ਆਪਣੇ ਸਾਰੇ ਕੱਪੜੇ ਪਾੜ ਕੇ, ਖੂਹੀ ਲੱਜ ਬਣਾ ਕੇ, ਪੱਲਾ ਗਿੱਲਾ ਕਰ-ਕਰ ਕੇ ਕੱਢ ਕੇ ਉਹਨਾਂ ਦੀ ਪਿਆਸ ਬੁਝਾਈ। ਇਸਲਾਮ ਦੇ ਵਿਚ ਹੀ ਆਉਂਦਾ ਹੈ ਕਿ ਉਹਦੀ ਦਇਆ ਪ੍ਰਵਾਨ ਹੋ ਗਈ, ਦਰਗਾਹ ਦੇ ਅੰਦਰ। ਹੋਇਆ ਕੀ, ਉਹਦੇ ਕੋਲ ਵਸਤਰ ਕੋਈ ਨਹੀਂ ਸੀ, ਉਹ ਰੇਤੇ ਵਿਚ ਟੋਆ ਪੁੱਟ ਕੇ ਬੈਠ ਗਈ ਤੇ ਕਾਹਬੇ ਦਾ ਹੱਜ ਸ਼ੁਰੂ ਹੋ ਗਿਆ ਤੇ ਹਾਜੀਆਂ ਨੂੰ ਕਾਹਬਾ ਨਜ਼ਰ ਨਹੀਂ ਆਉਂਦਾ। ਆਵਾਜ਼ ਦਿਤੀ ਕਿ ਹੇ ਅੱਲਾ ਤਾਲਾ! ਕਾਹਬਾ ਨਜ਼ਰ ਨਹੀਂ ਆਉਂਦਾ? ਕਹਿੰਦੇ, ਐ ਹਾਜੀਓ! ਕਾਹਬਾ ਰਾਵੀਆ ਦਾ ਹੱਜ ਕਰਨ ਗਿਐ, ਰਾਵੀਆ ਨੂੰ ਦਰਸ਼ਨ ਦੇਣ ਗਿਐ। ਕਹਿਣ ਲੱਗੇ, ਕਿੱਡੀ ਦੂਰ ਹੈ। ਕਹਿੰਦੇ, 60 ਕੋਹ 'ਤੇ ਹੈ। ਜਾਓ ਉਥੇ ਹੱਜ ਕਰੋ। ਬਹੁਤ ਮਸ਼ਹੂਰ ਉਥੇ ਦੀ ਇਤਿਹਾਸਿਕ ਰੂਹਾਨੀ ਘਟਨਾ ਹੈ - ਦਇਆ ਦੇ ਉਤੇ ਪ੍ਰਮੇਸਰ ਰੀਝਦੈ। ਉਹਦੇ ਜੀਵਾਂ 'ਤੇ ਦਇਆ ਕਰੋ, ਤੁਹਾਡੇ ਉਤੇ ਪ੍ਰਮੇਸ਼ਰ ਦਇਆ ਕਰਦੈ।

ਕੀ ਮਾਮੂਲੀ ਗੱਲਾਂ ਨੇ, ਆਹ ਪੰਛੀ ਨੇ ਵਿਚਾਰੇ, ਸ਼ਹਿਰ ਦੇ ਅੰਦਰ ਦੌੜੇ ਫਿਰਦੇ ਨੇ। ਕੋਈ ਕੁਛ ਚੁਗਣ ਨੂੰ ਨਹੀਂ ਹੈ। ਕੋਈ ਰੱਬ ਦਾ ਪਿਆਰਾ ਦਾਣਾ ਪਾ ਦਿੰਦੈ। ਕੋਈ ਰੱਬ ਦਾ ਪਿਆਰਾ ਦੇਖ ਲੈਂਦੈ ਕਿ ਇਹਨਾਂ ਨੂੰ ਪਿਆਸ ਲਗਦੀ ਹੈ। ਕੋਈ ਪ੍ਰਮੇਸ਼ਰ ਦਾ ਪਿਆਰਾ ਦੇਖ ਲੈਂਦੈ ਕਿ ਦੂਜੇ ਜਿਹੜੇ ਫਿਰਦੇ ਨੇ ਨੱਠੇ ਇਹਨਾਂ ਨੂੰ ਵੀ ਪਿਆਸ ਲਗਦੀ ਹੈ। ਉਹ ਦਇਆ ਦਾ ਜਜ਼ਬਾ ਹੁੰਦੈ, ਇਹ ਪ੍ਰਮੇਸ਼ਰ ਨੂੰ ਭਾਉਂਦੈ। ਸੋ ਦਇਆ ਹਿਰਦੇ 'ਚ ਹੋਣੀ। ਸੋ ਉਸ ਤੋਂ ਬਾਅਦ ਕੋਮਲ ਚਿੱਤ ਹੋਣਾ, ਕਿਸੇ ਦਾ ਬੁਰਾ ਨਾ ਮੰਗਣਾ। ਯਥਾਸ਼ਕਤ ਜਿੰਨੀ ਤਾਕਤ ਵਾਹਿਗੁਰੂ ਨੇ ਦਿਤੀ ਹੈ -

***ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ ॥***

***ਅੰਗ - 679***

ਦੂਸਰੇ ਦੀ ਮਦਦ ਕਰਕੇ ਉਹਦਾ ਸੰਕਟ ਦੂਰ ਕਰਨਾ। ਸੋ ਅਲਪ ਆਹਾਰ ਮਰਿਆਦਾ ਦੇ ਨਾਲ ਪ੍ਰਸ਼ਾਦਾ ਛਕਣਾ। ਪਵਿੱਤਰਤਾ ਰੱਖਣੀ, ਮਨ ਦੀ ਪਵਿੱਤਰਤਾ, ਖਿਆਲਾਂ ਦੀ ਪਵਿੱਤਰਤਾ, ਸਰੀਰ ਦੀ ਪਵਿੱਤਰਤਾ, ਆਪਣੇ ਚੌਗਿਰਦੇ ਦੀ ਪਵਿੱਤਰਤਾ। ਜੇ ਮੁਹੱਲੇ ਦੀ ਪਵਿੱਤਰਤਾ, ਸ਼ਹਿਰ 'ਚ ਰਹਿੰਦੈ ਸ਼ਹਿਰ ਦੀ ਪਵਿੱਤਰਤਾ। ਮਨ ਦੀ ਪਵਿੱਤਰਤਾ, ਬੁੱਧੀ ਦੀ ਪਵਿੱਤਰਤਾ, ਜੀਵ ਆਤਮਾ ਦੀ ਪਵਿੱਤਰਤਾ। ਫੇਰ ਵਸਤਰ ਜਿਹੜੇ ਨੇ, ਸਾਦੇ ਵਸਤਰ ਪਹਿਨਣੇ ਤੇ ਬਾਤਚੀਤ ਮਰਿਆਦਾ ਦੇ ਵਿਚ ਕਰਨੀ। ਇਹਨਾਂ ਸਾਰੀਆਂ ਚੀਜ਼ਾਂ ਨੂੰ ਯਮ ਕਹਿੰਦੇ ਨੇ। ਰਹਿਤ ਹੈ ਇਹ।

ਦੂਸਰੀ ਰਹਿਤ ਹੁੰਦੀ ਹੈ 'ਨੇਮ'। ਇਹਦੇ ਵਿਚ ਪਹਿਲਾ ਸੇਵਾ ਹੈ

ਜਿਹਨੂੰ ਤਪ ਕਹਿੰਦੇ ਨੇ, ਦੂਸਰਾ ਸੰਤੋਖ ਹੈ। ਸਾਰੇ ਇੰਦਰਿਆਂ ਦਾ ਸੰਤੋਖ। ਅੱਖਾਂ ਦਾ ਸੰਤੋਖ -

***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ ਅੰਗ - 274***

ਕੰਨਾਂ ਦਾ ਸੰਤੋਖ -

***ਕਰਨ ਨ ਸੁਨੈ ਕਾਹੂ ਕੀ ਨਿੰਦਾ ॥ ਅੰਗ- 274***

ਹੱਥਾਂ ਦਾ ਸੰਤੋਖ - ਹੱਥਾਂ ਨਾਲ ਕਿਸੇ ਦਾ ਬੁਰਾ ਨਾ ਕਰੇ, ਪੈਰਾਂ ਦਾ ਸੰਤੋਖ, ਮਾੜੇ ਥਾਂ ਕਿਤੇ ਚੱਲ ਕੇ ਨਾ ਜਾਵੇ।

ਸੋ ਇਸ ਤਰ੍ਹਾਂ ਤੀਸਰਾ ਹੁੰਦੈ। ਵਾਹਿਗੁਰੂ ਦੇ ਉਤੇ ਭਰੋਸਾ। ਉਹਨੂੰ ਹਾਜ਼ਰ ਨਾਜ਼ਰ ਸਮਝਣਾ ਕਿ ਮੇਰੇ ਨਾਲ ਹੈ। ਉਸ ਤੋਂ ਬਾਅਦ ਹੁੰਦੈ ਦਾਨ। ਆਪਣੀ ਕਮਾਈ ਦੇ ਵਿਚੋਂ ਪ੍ਰਮੇਸ਼ਰ ਦੇ ਨਮਿੱਤ ਕੱਢਣਾ। ਕਿਉਂਕਿ ਉਹਦੀ ਕ੍ਰਿਪਾ ਦੇ ਨਾਲ ਅਸੀਂ ਕਮਾ ਰਹੇ ਹਾਂ। ਜੇ ਕਰੋਪੀ ਹੋ ਜਾਏ, ਸਰੀਰ ਬਿਮਾਰ ਹੋ ਜਾਵੇ, ਫੇਰ ਕਮਾ ਕੇ ਦਿਖਾਓ ਤਾਂ ਕੋਈ। ਫੇਰ ਪੂਜਾ ਹੁੰਦੀ ਹੈ, ਨਿਤਨੇਮ ਕਰਨਾ, ਮਰਿਆਦਾ ਦੇ ਨਾਲ। ਚੌਂਕੜਾ ਮਾਰ ਕੇ ਬੈਠਣਾ, ਪੂਰੀ ਸ਼ਰਧਾ ਦੇ ਨਾਲ ਨਿਤਨੇਮ ਕਰਨਾ। ਪਖੰਡ ਤੋਂ ਰਹਿਤ ਰਹਿਣਾ, ਸਾਂਤਕੀ ਬਿਰਤੀ ਰੱਖਣੀ। ਝੂਠੀਆਂ, ਬੇਮਤਲਬੀਆਂ ਗੱਲਾਂ ਤੋਂ ਮੌਨ ਧਾਰ ਕੇ ਰੱਖਣਾ ਤੇ ਆਏ-ਗਏ ਨੂੰ ਭੁੱਖੇ ਨੂੰ ਪ੍ਰਸ਼ਾਦਾ ਦੇਣਾ। ਸੋ ਦੂਸਰੀ ਰਹਿਤ ਹੋਇਆ ਕਰਦੀ ਹੈ ਅਸ਼ਟਾਂਗ ਯੋਗ ਦੀ।

ਤੀਸਰਾ ਹੁੰਦਾ ਹੈ - 'ਆਸਣ' ਇਕ ਥਾਂ ਦੇ ਉਤੇ ਨਿਯਤ ਕਰ ਲੈਣਾ ਕਿ ਇਥੇ ਬੈਠ ਕੇ ਮੈਂ ਭਜਨ ਕਰਨੈ। ਕੋਈ ਗੱਦੀ ਲੈ ਲਓ, ਕੋਈ ਚੌਂਕੀ ਲੈ ਲਓ, ਚੌਂਕੜਾ ਲਾ ਲਓ, ਸਿੱਧਾ ਬੈਠਣਾ, ਰੀੜ੍ਹ ਦੀ ਹੱਡੀ ਸਿੱਧੀ ਕਰਕੇ ਤੇ ਢੰਗ ਹੁੰਦੈ ਇਹਦਾ, ਉਸ ਢੰਗ ਦੇ ਨਾਲ ਬੈਠਣਾ। ਉਹਦੇ ਨਾਲ ਨੀਂਦ ਨਹੀਂ ਆਉਂਦੀ, ਫੁਰਨੇ ਨਹੀਂ ਆਉਂਦੇ। ਸਾਵਧਾਨਤਾ ਰਹਿੰਦੀ ਹੈ ਹਰ ਸਮੇਂ। ਇਕ ਥਾਂ ਬੈਠਣ ਨਾਲ ਇਹ ਹੁੰਦੈ ਕਿ ਵਾਤਾਵਰਣ ਜਿਹੜਾ ਹੈ ਉਹ ਸ਼ੁੱਧ ਹੋ ਜਾਂਦੈ। ਵਾਤਾਵਰਣ ਦੂਸ਼ਿਤ ਵੀ ਹੋ ਜਾਂਦੈ, ਸ਼ੁੱਧ ਵੀ ਹੋ ਜਾਂਦੈ। ਐਸੇ ਬਹੁਤ ਸਾਰੇ ਪ੍ਰੇਮੀ ਨੇ ਅਜੇ ਵੀ ਜਿਹਨਾਂ ਨੂੰ ਇਹ ਵਿਦਿਆ ਆਉਂਦੀ ਹੈ। ਦੇਖ ਕੇ ਦੱਸ ਦਿੰਦੇ ਨੇ ਕਿ ਇਥੇ ਕੋਈ ਮਾੜਾ ਬੰਦਾ ਰਿਹਾ ਹੋਇਐ। ਜਿਹੜੇ ਨਾਮ ਜਪਣ ਵਾਲੇ ਨੇ ਉਹਨਾਂ ਨੂੰ ਇਕ ਦਮ ਪਤਾ ਲਗ ਜਾਂਦੈ ਕਿ ਅੱਜ ਮੈਂ ਜਿਸ ਘਰ 'ਚ ਆਇਆ ਹਾਂ, ਇਥੇ ਤਾਂ ਮੱਲੋ-ਮੱਲੀ ਬਿਰਤੀ ਜੁੜਦੀ ਜਾਂਦੀ ਹੈ। ਜਾਂ ਅੱਜ ਮੈਂ ਭਜਨ ਕਰਦਾਂ ਤਾਂ ਮੇਰੀ ਬਿਰਤੀ ਕਿਉਂ ਨਹੀਂ ਲਗ ਰਹੀ। ਉਹ ਥਾਂ ਦੂਸ਼ਿਤ ਹੋਇਆ ਹੋਇਐ ਜਾਂ ਪਵਿੱਤਰ ਹੋਇਆ ਹੋਇਐ। ਇਸੇ ਕਰਕੇ ਗੁਰੂਆਂ ਦੇ ਜਿਥੇ ਚਰਨ ਪਏ ਨੇ ਪਵਿੱਤਰ ਅਸਥਾਨਾਂ ਨੂੰ ਅਸੀਂ ਨਮਸ਼ਕਾਰ ਕਰਦੇ ਹਾਂ। ਉਹ ਪਵਿੱਤਰ ਹੁੰਦੇ ਨੇ।

ਇਕ ਵਾਰੀ ਸ਼ਿਵ ਜੀ ਮਹਾਰਾਜ ਜਾ ਰਹੇ ਨੇ ਪਾਰਬਤੀ ਨਾਲ।

ਮਹਾਂਪੁਰਸ਼ਾਂ ਨੂੰ ਖੋਜਦੇ ਫਿਰਦੇ ਨੇ ਕਿਉਂਕਿ ਗੁਰਬਾਣੀ ਦੇ ਅੰਦਰ ਐਸਾ ਫੁਰਮਾਨ ਆਉਂਦੈ ਕਿ ਜਿਹੜੇ ਵੱਡੇ-ਵੱਡੇ ਦੇਵਤੇ ਨੇ ਇਹ ਵੀ ਮਹਾਂਪੁਰਸ਼ਾਂ ਦੇ ਦਰਸ਼ਨ ਕਰਦੇ ਫਿਰਦੇ ਨੇ।

***ਧਾਰਨਾ - ਸ਼ਿਵ ਜੀ ਖੋਜਦੇ ਫਿਰਦੇ, ਬ੍ਰਹਮਗਿਆਨੀ ਨੂੰ।***

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ ਅੰਗ- 273***

ਕਿਉਂ ਖੋਜਦੈ? ਗੁਰਬਾਣੀ ਦੇ ਅੰਦਰ ਇਹਦਾ ਜਵਾਬ ਲਿਖਿਆ ਹੋਇਐ। ਮਹਾਰਾਜ ਕਹਿੰਦੇ, ਪ੍ਰਮੇਸ਼ਰ ਜਿਹੜਾ ਹੈ ਇਹ ਦੇਵਤਿਆਂ ਨੂੰ ਨਜ਼ਰ ਨਹੀਂ ਆਉਂਦਾ। ਵੰਚਤ ਨੇ ਉਹ ਪਾਰਬ੍ਰਹਮ ਪ੍ਰਮੇਸ਼ਰ ਦੇ ਦਰਸ਼ਨ ਤੋਂ। ਅਵਾਜ਼ ਦਾ ਸੁਨੇਹਾ ਤਾਂ ਸੁਣ ਹੁੰਦੈ, ਇਹਨਾਂ ਦੇ ਰਾਹੀਂ ਵੀ ਸੁਣ ਹੋ ਜਾਂਦੈ। ਮੁਹੰਮਦ ਸਾਹਿਬ ਨੂੰ ਜਦੋਂ ਸੁਨੇਹਾ ਸੁਣਨ ਹੋਇਐ। ਈਸਾ ਜੀ ਨੂੰ ਜੋ ਸੁਨੇਹਾ ਭੇਜਿਆ ਗਿਆ। ਉਹ ਫਰਿਸ਼ਤਿਆਂ ਦੀ ਮਾਰਫ਼ਤ, ਦੇਵਤਿਆਂ ਦੀ ਮਾਰਫ਼ਤ ਆਇਐ। ਉਹਨਾਂ ਨੇ ਆ ਕੇ ਦਸਿਐ ਕਿ ਉਹ ਇਸ ਤਰ੍ਹਾਂ ਕਹਿੰਦੇ ਨੇ ਕਿ ਆਹ ਤੁਹਾਨੂੰ ਦਸ ਦੇਵਾਂ। ਭਾਰਤ ਵਰਸ਼ ਦੇ ਰਿਸ਼ੀਆਂ-ਮੁਨੀਆਂ ਗੁਰੂਆਂ ਪੀਰਾਂ ਨੂੰ ਜੋ ਸੁਨੇਹਾ ਭੇਜਿਆ ਗਿਐ, ਉਹ ਸਿੱਧਾ ਭੇਜਿਐ ਹੋਇਐ ਵਾਹਿਗੁਰੂ ਤੋਂ ਕਿਉਂਕਿ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਨੇ -

***ਹਉ ਆਪਹੁ ਬੋਲਿ ਨ ਜਾਣਦਾ***
***ਮੈ ਕਹਿਆ ਸਭੁ ਹੁਕਮਾਉ ਜੀਉ ॥ ਅੰਗ- 763***

ਮੈਂ ਨਹੀਂ ਜਾਣਦਾ ਕੁਛ ਵੀ, ਮੈਨੂੰ ਤਾਂ ਹੁਕਮ ਆਉਂਦੈ -

***ਜੈਸੀ ਮੈ ਆਵੈ ਖਸਮ ਕੀ ਬਾਣੀ ॥ ਅੰਗ- 722***

ਮੈਨੂੰ ਤਾਂ ਉਤੋਂ ਬਾਤ ਆਉਂਦੀ ਹੈ, ਮੈਂ ਤੁਹਾਨੂੰ ਦਸ ਦਿੰਨਾ, ਕਹਿ ਦਿੰਨਾ। ਸੋ ਇਹ ਫਰਕ ਹੈ, ਮਹਾਰਾਜ ਕਹਿੰਦੇ -

***ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥***
***ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥***
***ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥***
***ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥***
***ਅੰਗ- 7***

ਕਹਿੰਦੇ, ਅਸਚਰਜ ਬਾਤ ਹੈ। ਦੁਨੀਆਂ ਦਾ ਸਾਰਾ ਕੰਮ ਕਰਦੇ ਨੇ ਲੇਕਿਨ ਪ੍ਰਮੇਸ਼ਰ ਦੇ ਦਰਸ਼ਨ ਨਹੀਂ। ਹੁਣ ਪ੍ਰਮੇਸ਼ਰ ਦੇ ਦਰਸ਼ਨ ਹੁੰਦੇ ਨੇ ਮਨੁੱਖ ਦੇ ਸਰੀਰ ਵਿਚੀਂ, ਜਿਹੜਾ ਬ੍ਰਹਮਗਿਆਨੀ ਹੈ। ਪ੍ਰਮੇਸ਼ਰ ਦਾ ਰੂਪ ਬਣ ਗਿਆ।

***ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ਅੰਗ- 397***

***ਧਾਰਨਾ - ਸਾਂਈ ਹੀ ਵਰਗੇ ਨੇ, ਵਿਸਰੇ ਨਾ ਨਾਮ ਜਿਨ੍ਹਾਂ ਨੂੰ।***

ਪ੍ਰਮੇਸ਼ਰ ਦਾ ਤੇ ਉਹਨਾਂ ਦਾ ਕੋਈ ਫਰਕ ਨਹੀਂ ਹੁੰਦਾ। ਸੋ ਉਹ ਦੇਵਤਾ ਸਵਰਗ ਲੋਕਾਂ 'ਚੋਂ ਆ ਕੇ ਬ੍ਰਹਮਗਿਆਨੀ ਦੇ ਵਿਚੀਂ ਪ੍ਰਮੇਸ਼ਰ ਦਾ ਦਰਸ਼ਨ ਕਰਦੇ ਨੇ। ਮਹਾਤਮਾ ਦੇ ਵਿਚੀਂ ਦਰਸ਼ਨ ਕਰਦੇ ਨੇ।

ਸੋ ਭਰਮਣ ਕਰਦੇ ਹੋਏ ਸ਼ਿਵ ਜੀ ਮਹਾਰਾਜ, ਇਕ ਸੁੰਨੀ ਥਾਂ ਹੈ, ਕਦੀ ਕੋਈ ਵਸਿਆ ਹੋਇਆ ਨਗਰ ਹੁਣ ਉਜੜਿਆ ਪਿਆ ਹੈ, ਉਥੇ ਦਰਖਤ ਪੈਦਾ ਹੋ ਗਏ ਨੇ, ਜੜ੍ਹੀਆਂ-ਬੂਟੀਆਂ ਘਾਹ ਨੇ ਢਕਿਆ ਹੋਇਆ ਹੈ ਪੂਰੀ ਤਰ੍ਹਾਂ ਦੇ ਨਾਲ ਉਹ ਸਥਾਨ। ਉਥੇ ਰੁਕ ਕੇ ਸ਼ਰਧਾ 'ਚ ਆ ਗਏ, ਭਾਵ 'ਚ ਆ ਗਏ, ਪ੍ਰਕਰਮਾ ਕੀਤੀ, ਇਕ ਥਾਂ ਦੀ। ਉਸ ਤੋਂ ਬਾਅਦ ਨਮਸ਼ਕਾਰ ਕੀਤੀ। ਪਾਰਬਤੀ ਜੀ ਦੇਖਦੇ ਨੇ, ਕਹਿਣ ਲੱਗੇ, ਮਹਾਰਾਜ! ਇਥੇ ਨਾ ਕੋਈ ਮੱਠ ਹੈ, ਨਾ ਦੇਹੁਰਾ ਹੈ। ਨਾ ਕੋਈ ਹੋਰ ਧਰਮ ਅਸਥਾਨ ਹੈ, ਚਿੰਨ੍ਹ ਕੋਈ ਨਹੀਂ ਹੈ। ਫੇਲ੍ਹ ਹੋਇਆ-ਹੋਇਆ, ਉਜੜਿਆ ਹੋਇਆ ਪਿੰਡ ਹੈ। ਕੀ ਗੱਲ, ਤੁਸੀਂ ਕਿਸ ਚੀਜ਼ ਨੂੰ ਸਿਰ ਨਿਵਾ ਰਹੇ ਹੋਂ? ਮੈਨੂੰ ਤਾਂ ਕੁਛ ਨਜ਼ਰ ਨਹੀਂ ਆ ਰਿਹਾ। ਕਹਿਣ ਲੱਗੇ, ਪਾਰਬਤੀ! ਦੇਖ ਕਿਸੇ ਭਾਂਡੇ ਦੇ ਵਿਚ ਘਿਉ ਪਾਇਆ ਹੋਵੇ, ਉਹ ਟੁੱਟ ਜਾਵੇ ਤੇ ਉਹਦੀਆਂ ਠੀਕਰੀਆਂ ਖਿੰਡੀਆਂ ਪਈਆਂ ਹੋਣ। ਜਦੋਂ ਧੁੱਪ ਚਮਕੇਗੀ, ਉਹਦੇ ਰੋਮਾਂ ਦੇ ਵਿਚੋਂ ਘਿਉ ਸਿਮਿਆ ਰਹੇਗਾ। ਇਸੇ ਤਰ੍ਹਾਂ ਦੇ ਨਾਲ ਜਿਹਨੇ ਪ੍ਰਮੇਸ਼ਰ ਦੀ ਬੰਦਗੀ ਕਰੀ ਹੈ। ਉਹ ਜਿਸ ਥਾਂ 'ਤੇ ਬੈਠ ਜਾਵੇ, ਉਸ ਥਾਂ ਦੀ ਜੋ ਪਵਿੱਤਰਤਾ ਹੈ, ਜਿਵੇਂ ਧੁੱਪ ਲੱਗਣ ਨਾਲ ਠੀਕਰੀਆਂ ਦੇ ਵਿਚ ਅਜੇ ਵੀ ਘਿਉ ਰਚਿਆ ਪ੍ਰਗਟ ਹੁੰਦੈ। ਇਸੇ ਤਰ੍ਹਾਂ ਦੇ ਨਾਲ ਜਿੱਥੇ ਉਹ ਬੈਠ ਜਾਵੇ, ਉਹ ਥਾਂ ਪ੍ਰੇਰਨਾ ਦਿੰਦੀ ਰਹਿੰਦੀ ਹੈ। ਉਥੇ ਮਨ ਖਿੱਚਿਆ ਜਾਂਦੈ। ਉਥੇ ਜੀਅ ਕਰਦੈ ਕਿ ਨਮਸ਼ਕਾਰ ਕਰੀਏ। ਪਤਾ ਨਹੀਂ ਇਹ ਕਿੱਡੀ ਪਵਿੱਤਰ ਥਾਂ ਹੈ।

ਸੋ ਕਹਿਣ ਲੱਗੇ ਪਾਰਬਤੀ! ਇਥੇ ਇਕ ਪ੍ਰਮੇਸ਼ਰ ਦੇ ਪਿਆਰੇ ਨੇ ਪਿਆਰ ਵਿਚ ਆਪਣਾ ਜੀਵਨ ਬਤੀਤ ਕੀਤਾ, ਉਸ ਦੀ ਸੁਗੰਧੀ ਹਜ਼ਾਰਾਂ ਸਾਲ ਲੰਘਣ ਤੋਂ ਬਾਅਦ ਵੀ ਅਜੇ ਵੀ ਇਸ ਥਾਂ ਦੇ ਵਿਚ ਸਮਾਈ ਹੋਈ ਹੈ। ਸੋ ਮੈਂ ਉਸ ਮਹਾਂਪੁਰਸ਼ ਨੂੰ ਨਮਸ਼ਕਾਰ ਕਰਦਾ ਹਾਂ। ਸੋ ਇਸ ਤਰ੍ਹਾਂ ਦੇ ਨਾਲ ਅਸਰ ਨਹੀਂ ਜਾਇਆ ਕਰਦਾ। ਦੇਵਤਾ ਲੋਕ ਵੀ ਜਿਹੜੇ ਨੇ ਉਹ ਵੀ ਆ ਕੇ ਉਸ ਥਾਂ ਦਾ ਆਦਰ ਕਰਦੇ ਨੇ।

ਸੋ ਮੈਂ ਬੇਨਤੀ ਕਰਦਾ ਸੀ, ਭਜਨ ਕਰਨੈ। ਜਿੱਥੇ ਬੈਠ ਕੇ ਕਰਦੇ ਹੋਂ ਉਹ ਥਾਂ ਪਵਿੱਤਰ ਹੋ ਜਾਇਆ ਕਰਦੈ। ਉਥੇ ਓਰਾ ਕਾਇਮ ਹੋ ਜਾਇਆ ਕਰਦੈ। ਇਸ ਦਾ ਗਿਆਨ ਕੁੱਤੇ ਨੂੰ ਸਾਡੇ ਨਾਲੋਂ ਜ਼ਿਆਦਾ ਹੈ। ਕੋਈ ਬੰਦਾ ਕਿਸੇ ਸੀਟ 'ਤੇ ਬੈਠਦਾ ਹੈ, 10-15 ਦਿਨ ਹੋਏ ਬੈਠਿਆ ਨਹੀਂ। ਕੁੱਤਾ ਲਿਆਓ, ਉਹਨੂੰ ਸੁੰਘਾ ਦਿਓ, ਉਸ ਬੰਦੇ ਨੂੰ ਜਾ ਕੇ ਫੜ ਲਏਗਾ। ਉਥੇ ਸੈਂਟ ਕਾਇਮ ਹੈ ਉਸ ਦੀ ਅਜੇ। ਜੇ ਸੈਂਟ ਕਾਇਮ ਰਹਿੰਦੀ ਹੈ ਤਾਂ ਪ੍ਰਭਾਵ ਵੀ ਕਾਇਮ ਰਹਿੰਦੈ। ਇਸੇ ਕਰਕੇ ਹੀ -

***ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥***

***ਅੰਗ- 450***

ਤਾਂ ਹੀ ਮਸਤਕ ਨਿਵਾਉਂਦੇ ਹਾਂ ਕਿ ਗੁਰੂਆਂ ਦੇ ਚਰਨ ਪਏ ਨੇ। ਇਹ ਮਹਾਂ ਪਵਿੱਤਰ ਹੋਈ-ਹੋਈ ਥਾਂ ਪਵਿੱਤਰ ਹੀ ਰਹੇ। ਸੋ ਭਜਨ ਜਿੱਥੇ ਹੁੰਦੈ, ਰੋਜ਼ ਤੁਸੀਂ ਭਜਨ ਕਰਦੇ ਹੋਂ। ਉਹ ਥਾਂ ਪਵਿੱਤਰ ਹੋ ਜਾਂਦੀ ਹੈ ਤੇ ਉਥੇ ਜਦੋਂ ਵੀ ਆ ਕੇ ਬੈਠੋਂਗੇ, ਇਕ ਦਮ ਸੁਰਤ ਚੜ੍ਹ ਜਾਏਗੀ। ਇਸ ਕਰਕੇ ਇਸ ਨੂੰ ਆਸਨ ਕਹਿੰਦੇ ਨੇ।

ਚੌਥਾ ਹੋਇਐ ਕਰਦੈ, ਪ੍ਰਾਣਾਂ ਦਾ ਧਿਆਨ ਰੱਖਣਾ। ਕਿਉਂਕਿ ਮਨ ਜਿਹੜਾ ਹੈ ਇਹ ਦੌੜਦੈ। ਮਨ ਦਾ ਘੋੜਾ ਪ੍ਰਾਣ ਨੇ। ਸਵਾਸ ਰੋਕ ਲਓ, ਮਨ ਰੁਕ ਜਾਏਗਾ। ਸਵਾਸ ਦਾ ਤੇ ਮਨ ਦਾ ਆਪਸ ਵਿਚ ਬਹੁਤ ਜ਼ਬਰਦਸਤ ਸਬੰਧ ਹੈ। ਸੋ ਜੇ ਰੁਕਦਾ ਨਹੀਂ, ਮਹਾਂਪੁਰਸ਼ ਦਸ ਦਿੰਦੇ ਨੇ ਜੁਗਤ ਕਿ ਤੂੰ ਇਸ ਤਰ੍ਹਾਂ ਨਾਮ ਜਪਣਾ ਸ਼ੁਰੂ ਕਰ ਦੇ। ਮਨ ਰੁਕ ਜਾਏਗਾ ਕਿਤੇ ਨਹੀਂ ਜਾਏਗਾ। ਉਹ ਆਪਣੇ ਢੰਗ ਦੇ ਨਾਲ ਜਿੰਨੀ ਕੁ ਲੋੜ ਹੁੰਦੀ ਹੈ, ਓਨਾਂ ਕੁ ਦਸ ਦਿੰਦੇ ਨੇ। ਜੇ ਅਸੀਂ ਕਹੀਏ ਕਿ ਪ੍ਰਾਣਾਯਾਮ ਸਾਡੇ ਤਾਂ ਹੈ ਹੀ ਨਹੀਂ। ਨਾ ਅਸੀਂ ਸਾਹ ਲੈਂਦੇ ਹਾਂ। ਸਾਹ ਦੀ ਇਕ ਵਿਦਿਆ ਹੈ ਖਾਸ ਤਰੀਕੇ ਨਾਲ। ਜਿੰਨੀ ਕੁ ਚਾਹੀਦੀ ਹੈ ਉਨੀਂ ਕੁ ਅਨੁਭਵੀ ਸੰਤ ਦਸ ਦਿੰਦੇ ਨੇ ਕਿ ਐਨਾ ਤੂੰ ਕਹਿ ਲੈ, ਐਨਾ ਰੇਚਕ 'ਚ ਕਰ ਲੈ, ਐਨਾ ਪੂਰਕ 'ਚ ਕਰ ਲੈ, ਐਨਾ ਕੁੰਭਕ ਕਰ ਲੈ। ਮਨ ਰੁਕ ਜਾਏਗਾ। ਜਦੋਂ ਮਨ ਰੁਕ ਗਿਆ ਤਾਂ ਰਸ ਆਉਣ ਲਗ ਜਾਏਗਾ। ਜੇ ਇਸ ਤਰ੍ਹਾਂ ਨਹੀਂ ਆਉਂਦਾ ਤਾਂ ਉਹ ਕਹਿੰਦੇ, ਪ੍ਰਾਣਾਂ 'ਤੇ ਸੁਰਤ ਲੈ ਜਾ। ਪਹਿਰਾ ਲਾ ਦੇ, ਨਾਸਿਕਾ ਦੇ ਅੱਗੇ। ਜਦੋਂ ਅੰਦਰ ਨੂੰ ਸਾਹ ਜਾਣ ਲੱਗਿਆ, ਉਹਦੇ ਨਾਲ 'ਵਾਹਿਗੁਰੂ' ਕਹਿ ਦੇ, ਜਦੋਂ ਬਾਹਰ ਨੂੰ ਖਾਲੀ ਤੁਰਿਆ ਆਉਂਦੈ ਉਹਦੇ ਨਾਲ 'ਸਤਿਨਾਮੁ' ਕਹਿ ਦੇ। ਜਾਂ 'ਵਾਹਿ' ਕਹਿ ਦੇ ਅੰਦਰ ਨੂੰ ਸਾਹ ਜਾਣ ਦੇ, ਬਾਹਰ ਨੂੰ ਆਉਂਦੇ 'ਗੁਰੂ' ਕਹਿ ਦੇ। ਪਹਿਰਾ ਦੇ, ਖਾਲੀ ਨਾ ਸਵਾਸ ਜਾਣ ਦੇ। ਸੋ ਇਹ ਛੋਟਾ ਹੈ। ਇਸ ਤੋਂ ਅੱਗੇ ਕਹਿੰਦੇ, ਸਾਹ ਦੇ ਵਿਚ ਤਿੰਨ ਵਾਰੀ 'ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ' ਕਹਿ ਦੇ, ਛੇ ਵਾਰੀ ਰੋਕ ਕੇ ਕਹਿ, ਤਿੰਨ ਵਾਰੀ ਛੱਡ ਕੇ ਕਹਿ। ਜਿਹੋ ਜਿਹੀ ਕਿਸੇ ਦੀ ਪ੍ਰਸਥਿਤੀ ਹੁੰਦੀ ਹੈ। ਉਸ ਤਰ੍ਹਾਂ ਦਾ ਤਰੀਕਾ ਮਹਾਂਪੁਰਸ਼ ਦਸ ਦਿੰਦੇ ਨੇ। ਕਿਉਂਕਿ ਇਹ ਅੰਦਰਲੀ ਸਾਇੰਸ ਹੈ। ਆਪਣੇ ਆਪ ਨਹੀਂ ਆਉਂਦੀ। ਟੱਕਰਾਂ ਮਾਰਨੀਆਂ ਪੈਂਦੀਆਂ ਨੇ। ਜੇ ਕੋਈ ਸਹਾਇਕ ਹੋਵੇ, ਛੇਤੀ ਨਾਲ ਆ ਜਾਂਦੀ ਹੈ। ਪਰ ਸਹਾਇਕ ਵੀ ਪੂਰਾ ਹੋਵੇ, ਅਣਜਾਣ ਨਹੀਂ ਹੋਣਾ ਚਾਹੀਦਾ। ਅਣਜਾਣ ਜਿਹੜਾ ਹੈ ਉਹ ਖਾਤੇ 'ਚ ਸੁੱਟ ਦਿੰਦੈ। ਪਾਗਲ ਬਣਾ ਦੂਗਾ। ਕਿਉਂਕਿ ਪ੍ਰਾਣਾਯਾਮ ਜਿਹੜਾ ਹੈ, ਇਹਦਾ ਜਿਹੜਾ ਕੁੰਭਕ ਹੈ, ਚੌਰਾਸੀ ਹੁੰਦੈ। 42 ਇਹਦਾ ਪੂਰਕ ਹੈ, 42 ਇਹਦਾ ਰੇਚਕ ਹੈ। 84+84=168 ਵਾਰੀ, ਪ੍ਰਮੇਸ਼ਰ ਦਾ ਨਾਮ ਲੈਣਾ, ਦਿਮਾਗ ਦੇ ਅੰਦਰ ਗਰਮੀ ਪੈ ਜਾਂਦੀ ਹੈ। ਛੇਤੀ ਨਾਲ ਹੀ ਉਹਦਾ ਸਿਰ ਘੁੰਮਣਾ ਸ਼ੁਰੂ ਹੋ ਜਾਂਦੈ। ਕਿਉਂਕਿ ਅਣਜਾਣ ਬੰਦੇ ਨਾਲ ਵਾਹ ਪੈ ਗਿਆ। ਜਾਣਕਾਰ ਜਾਣਦੈ ਕਿ ਇਹਦੇ ਦਿਮਾਗ ਦੀ ਸਥਿਤੀ ਕੀ ਹੈ। ਐਵੇਂ ਨਾ ਮਸਤਾਨਾ ਹੋ ਕੇ ਬਹਿ ਜਾਏ, ਘਰਦਿਆਂ ਤੋਂ ਵੀ ਜਾਊ, ਓਧਰ ਵੀ ਕੁਛ ਨਹੀਂ ਬਣਨਾ। ਸੋ ਇਸ ਤਰ੍ਹਾਂ ਪ੍ਰਾਣਾਂ ਦਾ ਧਿਆਨ ਰੱਖਣਾ ਪੈਂਦੈ।

ਪੰਜਵਾਂ ਹੈ ਪ੍ਰਤਿਹਾਰ - ਉਹ ਹੈ ਕਿ ਮਨ ਦੌੜਿਆ ਮੁੜ ਕੇ ਫੇਰ ਲਾ ਦਿਤਾ -

***ਮਨ ਲੋਚੈ ਬੁਰਿਆਈਆ, ਗੁਰ ਸ਼ਬਦੀ ਇਹ ਮਨ ਹੋੜੀਏ।***

ਫੇਰ ਨੱਠ ਗਿਆ, ਫੇਰ ਜਾ ਕੇ ਨਾਮ ਨਾਲ ਲਾਉਣਾ। ਇਸਨੂੰ ਪ੍ਰਤਿਹਾਰ ਕਹਿੰਦੇ ਹਨ। ਜੇ 12 ਸੈਕਿੰਡ ਮਨ ਟਿਕ ਜਾਵੇ, ਤਾਂ ਇਹਨੂੰ ਇਕ ਧਾਰਨਾ ਕਹਿੰਦੇ ਨੇ। ਮਿਹਨਤ ਕਰਨੀ ਪੈਂਦੀ ਹੈ ਇਹਨਾਂ ਚੀਜ਼ਾਂ ਦੀ। 12 ਸੈਕਿੰਡ ਟਿਕੇ। ਇਹਨੂੰ 12 ਵਾਰੀ ਟਿਕਾਓ। 144 ਸਕਿੰਟ ਹੋ ਗਏ। ਦੋ ਮਿੰਟ ਚੌਵੀ ਸੈਕਿੰਡ ਜਾਂ 30 ਸਕਿੰਡ, ਢਾਈ ਮਿੰਟ ਜੇ ਮਨ ਟਿਕ ਜਾਵੇ ਤੇ ਕੋਈ ਫੁਰਨਾ ਨਾ ਆਵੇ ਤਾਂ ਇਹਨੂੰ ਇਕ ਧਿਆਨ ਕਹਿੰਦੇ ਨੇ। ਇਹ 12 ਧਿਆਨ ਇਕੱਠੇ ਕਰ ਲਓ, ਢਾਈ ਮਿੰਟ ਨਹੀਂ ਜਾਣ ਦੇਣਾ ਮਨ, ਫੇਰ ਢਾਈ ਮਿੰਟ ਨਹੀਂ ਜਾਣ ਦੇਣਾ, ਫੇਰ ਢਾਈ ਮਿੰਟ; ਹੌਲੀ-ਹੌਲੀ ਪ੍ਰੈਕਟਿਸ ਕਰਕੇ ਅਖੀਰ ਅੱਧੇ ਘੰਟੇ ਤੱਕ ਆ ਜਾਂਦੈ ਕਿ ਅੱਧਾ ਘੰਟਾ ਮਨ ਨਹੀਂ ਹਿੱਲਣ ਦੇਣਾ। ਜਦੋਂ ਇਹ ਅਵਸਥਾ ਹੋ ਜਾਏ ਇਹਨੂੰ ਇਕ 'ਧਿਆਨ' ਕਹਿੰਦੇ ਨੇ। ਜਦੋਂ ਢਾਈ ਘੰਟੇ ਨਾ ਹਿੱਲਣ ਦੇਵੇ ਉਹਨੂੰ 'ਸਮਾਧੀ' ਕਹਿੰਦੇ ਨੇ। ਉਹ ਵੱਧ ਤੋਂ ਵੱਧ ਜਿੰਨਾ ਜੀਅ ਕਰਦੈ, ਘੱਟ ਤੋਂ ਘੱਟ ਢਾਈ ਘੰਟੇ ਕੋਈ ਫੁਰਨਾ ਨਹੀਂ ਆਉਂਦਾ। ਕਿਤੇ ਮਨ ਨਹੀਂ ਜਾਂਦਾ, ਰਸ ਵਿਚ ਲੀਨ ਰਹਿੰਦੈ। ਸੋ ਇਹ ਜਿਹੜਾ ਤਰੀਕਾ ਹੈ, ਇਹਨੂੰ ਅਸ਼ਟਾਂਗ ਯੋਗ ਕਹਿੰਦੇ ਨੇ। ਇਸ ਤੋਂ ਬਾਅਦ ਦੋ ਤਰ੍ਹਾਂ ਦੀ ਸਮਾਧੀ ਹੁੰਦੀ ਹੈ। ਇਕ ਨੂੰ 'ਸਾ ਵਿਕਲਪ' ਸਮਾਧੀ ਕਹਿੰਦੇ ਨੇ। ਉਹਦੇ ਵਿਚ ਆਪਣਾ ਪਤਾ ਹੁੰਦੈ ਕਿ ਮੈਂ ਸਮਾਧੀ ਲਾਈ ਹੋਈ ਹੈ, ਉਹਦੇ 'ਚ ਤ੍ਰਿਕੁਟੀ ਹੁੰਦੀ ਹੈ, ਧਿਆਤਾ, ਧਿਆਨ, ਧੇਅ ਦੀ। ਦੂਸਰੇ ਵਿਚ ਤ੍ਰਿਕੁਟੀ ਨਹੀਂ ਹੁੰਦੀ ਉਹ ਟੁੱਟ ਜਾਂਦੀ ਹੈ। ਕੇਵਲ 'ਧਿਆਨ' ਹੁੰਦੈ, ਨਾ ਮੈਂ ਹੁੰਦੈ, ਨਾ ਧੇਅ ਹੁੰਦੈ। ਉਹ ਜਿਹੜੀ ਸਮਾਧੀ ਹੈ, ਨਿਰਵਿਕਲਪ ਜਿਹਨੂੰ ਕਹਿੰਦੇ ਨੇ, ਅਸੰਪਰਗਿਆਤ ਕਹਿੰਦੇ ਨੇ। ਉਸ ਤੋਂ ਬਾਅਦ ਰਾਜਮੇਧ ਸਮਾਧੀ ਲੰਬੀ ਹੁੰਦੀ ਹੈ। ਹਫਤੇ-ਹਫਤੇ ਦੀ, ਦੋ-ਦੋ ਹਫਤੇ ਦੀ।

ਪਰ ਜਦੋਂ ਮਨ ਫੇਰ ਮੁੜ ਕੇ ਕਾਰੋਬਾਰ 'ਚ ਆਉਂਦੈ, ਬਾਲ-ਬੱਚਿਆਂ 'ਚ ਆਉਂਦੈ, ਕਿਰਤ ਵਿਚ ਆਉਂਦੈ। ਉਹ ਰਸ ਨਹੀਂ ਰਹਿੰਦੈ, ਰਸ ਟੁੱਟ ਜਾਂਦੈ। ਇਥੇ ਐਨਾ ਹੀ ਫਰਕ ਹੈ ਸਾਡਾ, ਇਥੇ ਤੱਕ ਤਾਂ ਅਸੀਂ ਇਕੱਠੇ ਹਾਂ। ਪਾਤੰਜਲ ਦੇ ਨਾਲ ਜਾਂਦੇ ਨੇ। ਐਵੇਂ ਕਹੀਏ ਕਿ ਪਾਤੰਜਲ ਇਸ ਤਰ੍ਹਾਂ ਕਹਿੰਦੈ, ਫਲਾਣਾ ਇਸ ਤਰ੍ਹਾਂ ਕਹਿੰਦੈ, ਬਿਲਕੁਲ ਠੀਕ ਕਹਿੰਦੈ ਉਹ। ਲੇਕਿਨ ਅਗਲਾ ਰਸਤਾ ਦੋ ਤਿੰਨ ਡੰਡਿਆਂ ਦਾ ਨਹੀਂ ਪਤਾ। ਉਹ ਹੈ ਨਾਮ ਦਾ ਰਸ। ਉਹ ਹੈ ਗਿਆਨ। ਗਿਆਨ ਜਿਹੜਾ ਹੈ ਉਹ ਗੁਰੂ ਤੋਂ ਬਗੈਰ ਨਹੀਂ ਹੋਇਆ ਕਰਦਾ। ਆਪਣੇ ਆਪ ਅੱਜ ਤਕ ਕਿਸੇ ਨੂੰ ਨਹੀਂ ਹੋਇਆ। ਐਸਾ ਮਹਾਰਾਜ ਜੀ ਫੁਰਮਾਨ ਕਰਦੇ ਨੇ ਪੜ੍ਹੋ ਪਿਆਰ ਨਾਲ-

***ਧਾਰਨਾ - ਬਿਨਾਂ ਗੁਰਾਂ ਤੋਂ ਗਿਆਨ ਨਾ ਹੋਵੇ,***
***ਪੁਛੋ ਬ੍ਰਹਮੇ ਨਾਰਦੇ ਨੂੰ।***

***ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥***

***ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥ ਅੰਗ- 59***

ਪੁੱਛ ਲਓ, ਮਹਾਂਪੁਰਸ਼ਾਂ, ਰਿਸ਼ੀਆਂ-ਮੁਨੀਆਂ ਨੂੰ। ਗਿਆਨ ਨਹੀਂ ਹੋਇਆ ਕਰਦਾ ਕਦੇ ਵੀ ਗੁਰੂ ਤੋਂ ਬਗੈਰ। ਸੋ ਇਸ ਤਰ੍ਹਾਂ ਦੇ ਨਾਲ ਇਹ ਅਵਸਥਾ ਤਾਂ ਬਹੁਤ ਉੱਚੀ ਆ ਜਾਂਦੀ ਹੈ, ਅਸ਼ਟਾਂਗ ਯੋਗ ਦੇ ਨਾਲ ਪਰ ਨੁਕਸ ਕਿੱਥੇ ਰਹਿ ਗਿਆ। ਘਾਟਾ ਕਿੱਥੇ ਰਹਿ ਗਿਆ। ਉਹ ਵੀ ਮੈਂ ਬੇਨਤੀ ਕਰ ਦਿੰਨਾਂ।

ਉਹ ਇਹ ਹੈ ਕਿ ਅਸ਼ਟਾਂਗ ਯੋਗ ਦਾ ਜੋ ਕਰਤਾ ਹੈ ਪਾਤੰਜਲ ਰਿਸ਼ੀ, ਉਹਦੇ ਸਾਹਮਣੇ ਤਿੰਨ ਨੇ। ਇਕ ਤਾਂ ਹੈ ਮਾਇਆ, ਇਕ ਹੈ ਜੀਵ, ਇਕ ਹੈ ਈਸ਼ਵਰ। ਜਿਹੜਾ ਈਸ਼ਵਰ ਹੈ ਉਹ ਕੁਛ ਨਹੀਂ ਕਰਦਾ। ਉਹ ਸੱਤਾ ਦਿੰਦੈ। ਜਿਵੇਂ ਚਮਕ ਪੱਥਰ ਲਾ ਦੇਈਏ ਨਾ ਇਹਦੇ ਵਿਚ, ਫੈਕਟਰੀ ਵਿਚ, ਜਿੱਥੇ ਲੋਹੇ ਦੇ ਟੁਕੜੇ ਕਟਦੇ ਨੇ। ਉਹ ਚਮਕ ਪੱਥਰ ਨੂੰ ਹਿਲਾ ਦਿਓ। ਸਾਰੇ ਉਹਦੇ ਜਿੰਨੇ ਟੁਕੜੇ ਨੇ ਉਹ ਹਿੱਲਣੇ ਸ਼ੁਰੂ ਹੋ ਜਾਂਦੇ ਨੇ। ਉਹ ਕਹਿੰਦੇ, ਈਸ਼ਵਰ ਦਾ ਜਿਹੜਾ ਪ੍ਰਤੀਬਿੰਬ ਹੈ, ਉਹਦੀ ਸ਼ਕਤੀ ਹੈ, ਸੱਤਾ ਹੈ। ਉਹ ਪ੍ਰਕ੍ਰਿਤੀ 'ਤੇ ਪੈਂਦੀ ਹੈ, ਤਿੰਨੋ ਗੁਣਾਂ 'ਤੇ, ਰਜੋ ਗੁਣ, ਤਮੋ ਗੁਣ, ਸਤੋ ਗੁਣ। ਇਹ ਜਦੋਂ ਤਿੰਨਾਂ ਗੁਣਾਂ ਦੀ ਉਥੱਲ-ਪੁਥੱਲ ਕਰ ਦਿੰਦੈ ਉਸ ਵੇਲੇ ਜੀਵ ਫਸ ਜਾਂਦੈ ਇਹਦੇ ਵਿਚ। ਬੇਕਸੂਰ ਵਿਚਾਰਾ ਜੀਵ, ਆ ਕੇ ਇਹਦੇ ਵਿਚ ਫਸ ਗਿਆ। ਅਰਬਾਂ-ਖਰਬਾਂ ਸਾਲ ਹੋ ਗਏ, ਨਿਕਲਣ ਦਾ ਨਾਉਂ ਨਹੀਂ ਲੈਂਦਾ -

***ਕਬੀਰ ਨਿਰਮਲ ਬੂੰਦ ਅਕਾਸ ਕੀ ਲੀਨੀ ਭੂਮਿ ਮਿਲਾਇ ॥***
***ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ ॥***

***ਅੰਗ- 1375***

ਹੁਣ ਉਹ ਜੀਵ ਨੂੰ ਸੁਤੰਤਰ ਕਰ ਦਿੰਦੇ ਨੇ, ਇਸ ਤਰੀਕੇ ਦੇ ਨਾਲ। ਮਾਇਆ ਤੋਂ ਉਪਰ ਲੰਘ ਜਾਂਦੈ। ਰਾਜਮੇਧ ਸਮਾਧੀ 'ਚ ਪਹੁੰਚ ਗਿਆ। ਹੁਣ ਉਸ ਦਾ ਉਤੇ ਕੋਈ ਵਾਲੀ ਵਾਰਿਸ ਨਹੀਂ ਹੈ। ਇਥੇ ਤੱਕ ਤਾਂ, ਇਕ ਪੁਆਇੰਟ ਤਕ ਤਾਂ ਅਸੀਂ ਚਲਦੇ ਹਾਂ ਇਕੱਠੇ। ਇਥੇ ਆ ਕੇ ਸਾਡਾ ਰਸਤਾ ਅੱਡ ਹੋ ਗਿਆ। ਉਹ ਇਹ ਹੋ ਗਿਆ ਕਿ ਜਦੋਂ ਐਨਾ ਟਿਕਾਅ ਹੋ ਜਾਂਦੈ ਤਾਂ ਸਾਡੇ ਸਾਮ੍ਹਣੇ ਜੀਵ ਜਿਹੜਾ ਹੈ, ਉਹਦੀ ਹਸਤੀ ਕੋਈ ਨਹੀਂ, ਉਹ ਤਾਂ ਪ੍ਰਮੇਸ਼ਰ ਦਾ ਪ੍ਰਤੀਬਿੰਬ ਹੈ। ਪਰਛਾਵਾਂ ਹੈ, ਜਿਵੇਂ ਸੂਰਜ ਦਾ ਪਰਛਾਵਾਂ ਪਾਣੀ 'ਚ ਪੈਂਦਾ ਹੋਵੇ, ਉਹਦਾ ਵਜੂਦ ਤਾਂ ਕੋਈ ਨਹੀਂ, ਇਕ ਭੁਲੇਖਾ ਪਿਆ ਹੋਇਐ, ਪ੍ਰਤੀਬਿੰਬ ਹੈ, ਇਹਨੂੰ ਭੇਦ ਭਰਮ ਕਹਿੰਦੇ ਨੇ। ਉਹ ਭਰਮ ਕਰਕੇ ਮਾਲੂਮ ਦਿੰਦੈ, ਲੇਕਿਨ ਹੈ ਪ੍ਰਮੇਸ਼ਰ, ਇਹਦੇ ਵਿਚ ਮੈਂ ਮਰ ਜਾਂਦੀ ਹੈ ਗਿਆਨ ਹੋਣ ਦੇ ਨਾਲ। ਜਦੋਂ ਮੈਂ ਮਰ ਗਿਆ, ਬਾਕੀ ਪ੍ਰਮੇਸ਼ਰ ਰਹਿ ਜਾਂਦੈ। ਆਪ ਹੀ ਵਾਹਿਗੁਰੂ ਹੋ ਜਾਂਦੈ। ਇਹਦੇ ਵਿਚ ਤਿੰਨ ਨਹੀਂ ਆਉਂਦੇ, ਜਿਹਦੇ ਨਾਲੋਂ ਵਿਛੜਿਆ ਸੀ ਉਹਦੇ ਵਿਚ ਹੀ ਜਾ ਕੇ ਸਮਾਅ ਗਿਆ -

***ਜਿਉ ਜਲ ਮਹਿ ਜਲੁ ਆਇ ਖਟਾਨਾ ॥***

*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
*ਨਾਨਕ ਪ੍ਰਭ ਕੈ ਸਦ ਕੁਰਬਾਨ ॥* *ਅੰਗ- 278*

ਉਸ ਤੋਂ ਹੇਠਾਂ ਜੇ ਰਹਿ ਜਾਈਏ ਇਕ ਮੰਜ਼ਿਲ, ਨਾ ਚੜ੍ਹੋ ਇਕ ਸਮੰਜ਼ਿਲ ਉਤੇ, ਹੇਠਾਂ ਰਹਿ ਜਾਓ, ਉਹ ਵੀ ਬਹੁਤ ਵਧੀਆ ਹੈ। ਉਹ ਹੈਗੀ -

*ਸਚ ਖੰਡਿ ਵਸੈ ਨਿਰੰਕਾਰੁ ॥*
*ਕਰਿ ਕਰਿ ਵੇਖੈ ਨਦਰਿ ਨਿਹਾਲ ॥* *ਅੰਗ- 8*

ਉਹ ਨਦਰ ਨਿਹਾਲ ਕਰ-ਕਰ ਦੇਖਦੈ। ਉਥੇ ਬੇਅੰਤ ਜੀਵ ਨੇ, ਬੇਅੰਤ ਲੋਆਂ ਤੋਂ ਆਏ ਹੋਏ ਨੇ। ਸਰਗੁਨ ਦਾ ਮੰਡਲ ਹੈ ਉਹ। ਲੇਕਿਨ ਜਿਹੜੇ ਮਹਾਂਪੁਰਸ਼ ਬ੍ਰਹਮਗਿਆਨੀ ਹੁੰਦੇ ਨੇ, ਇਕ ਕਦਮ ਹੋਰ ਅਗਾਂਹਾਂ ਲੰਘ ਜਾਂਦੇ ਨੇ ਇਸ ਤੋਂ। ਉਹ ਪ੍ਰਮੇਸ਼ਰ ਦਾ ਰੂਪ ਬਣ ਜਾਂਦੇ ਨੇ -

*ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥*
*ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥*
*ਅੰਗ- 969*

ਸਿੰਘਾਸ਼ਨ 'ਤੇ ਚੜ੍ਹ ਗਏ। ਸਿੰਘਾਸ਼ਨ 'ਤੇ ਚੜ੍ਹ ਕੇ ਹੁਣ ਕੋਈ ਪਛਾਣ ਨਹੀਂ ਕਰ ਸਕਦਾ।

ਸੋ ਇਸ ਤਰ੍ਹਾਂ ਦੇ ਨਾਲ ਸਾਡੀ ਜੋ ਗੁਰਮਤਿ ਹੈ, ਇਥੇ ਆ ਕੇ ਅਲੱਗ ਹੋ ਜਾਂਦੀ ਹੈ। ਉਹਦੇ ਵਿਚ ਸ਼ਾਂਤੀ ਨਹੀਂ ਆਉਂਦੀ ਹੈ। ਕਿਉਂਕਿ ਧੇਅ ਕੋਈ ਸਾਮ੍ਹਣੇ ਨਹੀਂ ਹੈ ਤਕੜਾ। ਗੁਰਮਤਿ ਵਿਚ 'ਵਾਹਿਗੁਰੂ' ਧੇਅ ਹੈ। ਮਾਇਆ ਵਗੈਰਾ ਉਥੇ ਕੁਛ ਨਹੀਂ ਹੈ। ਉਹ ਤਾਂ ਇਕ ਉਹਦਾ ਕੌਤਕ ਹੈ। ਉਹ ਐਡੀ ਸ਼ਕਤੀ ਨਹੀਂ ਕਿ ਵਾਹਿਗੁਰੂ ਦੇ ਸਾਮ੍ਹਣੇ ਖੜ੍ਹੀ ਰਹੇ। ਇਹ ਜਿਹੜਾ ਪਾਤੰਜਲ ਦੇ ਅੰਦਰ ਹੈ ਇਹ ਮਾਇਆ ਤਕੜੀ ਹੈ, ਇਹ ਮਰਦੀ ਨਹੀਂ ਹੈ, ਨਾ ਇਹ ਪੈਦਾ ਹੁੰਦੀ ਹੈ। ਜਿਵੇਂ ਰੱਬ ਸੁਤੰਤਰ ਹੈ, ਐਵੇਂ ਮਾਇਆ ਸੁਤੰਤਰ ਹੈ। ਦੋ ਤੱਤ ਨੇ ਤੇ ਜੀਵ ਵਿਚਾਰਾ ਗਰੀਬ ਤੱਤ ਹੈ। ਉਹ ਜੀਵ ਫਸ ਜਾਂਦੈ, ਜਦੋਂ ਦੋਹਾਂ ਦਾ ਆਪਸ ਵਿਚ ਮੇਲ ਹੁੰਦੈ। ਸੋ ਆਹ ਸਾਡਾ ਫਰਕ ਹੈ ਸਿਧਾਂਤ ਦੇ ਅੰਦਰ। ਸੋ ਕਹਿਣ ਲੱਗਿਆ, ਸੁਜਾਨ ਰਾਇ ਕਿ ਪਿਆਰਿਆ! ਮੈਂ ਅਸ਼ਟਾਂਗ ਯੋਗ ਵੀ ਕੀਤੈ। ਮੈਨੂੰ ਸਮਾਧੀਆਂ ਦੀ ਅਵਸਥਾ ਵੀ ਪ੍ਰਾਪਤ ਹੈ, ਪਰ ਮੇਰਾ ਮਨ ਕਿਉਂ ਨਹੀਂ ਲਗਦਾ। ਉਹ ਕਹਿਣ ਲੱਗੇ ਜੇ ਮੇਰੀ ਤੂੰ ਬਾਤ ਮੰਨਦੈਂ ਤਾਂ ਇਸ ਵੇਲੇ ਗੁਰੂ ਗੋਬਿੰਦ ਸਿੰਘ ਮਹਾਰਾਜ ਪੂਰਨ ਸਤਿਗੁਰੂ ਹਨ ਉਹਨਾਂ ਦੀ ਸ਼ਰਨ ਵਿਚ ਚਲਿਆ ਜਾਹ ਕਿਉਂਕਿ ਉਥੇ ਜੋ ਟੈਕਨੀਕ ਹੈ ਭਗਤ ਯੋਗ ਦੀ, ਭਗਤੀ ਸਹਿਤ ਗਿਆਨ ਦੀ ਹੈ। ਇਕੱਲਾ ਗਿਆਨ ਨਹੀਂ ਹੈ। ਇਕੱਲਾ ਹੀ ਅਸ਼ਟਾਂਗ ਯੋਗ ਨਹੀਂ ਹੈ। ਕਿਉਂਕਿ ਅਸ਼ਟਾਂਗ ਯੋਗ ਦੇ ਵਿਚ ਪਿਆਰ ਦੀ ਗੱਲ ਤਾਂ ਕਿਤੇ ਵੀ ਨਹੀਂ ਆਈ। ਵੈਰਾਗ ਦੀ ਗੱਲ ਕਿਤੇ ਨਹੀਂ ਆਈ-

*ਬਿਨੁ ਬੈਰਾਗ ਨ ਛੂਟਸਿ ਮਾਇਆ ॥* *ਅੰਗ- 329*

ਆਦਮੀ ਢਲਿਆ ਤਾਂ ਕਿਸੇ ਥਾਂ ਨਹੀਂ, ਇਹ ਤਾਂ ਇਕ ਕਸਰਤ, (exercise) ਕਰੀ, ਉੱਚੀ ਅਵਸਥਾ 'ਤੇ ਚੜ੍ਹ ਗਿਆ, ਪਰ ਪਿਆਰ ਨਹੀਂ ਅੰਦਰ ਪੈਦਾ ਹੋਇਆ। ਜੇ ਪਿਆਰ ਨਹੀਂ ਅੰਦਰ ਪੈਦਾ ਹੋਇਆ ਤਾਂ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਮਿਰਤਕ ਕਹੀਐ ਨਾਨਕਾ,***
***ਜੇ ਪ੍ਰੀਤ ਨਹੀਂ ਭਗਵੰਤ।***

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥***

***ਅੰਗ- 253***

'ਅਤਿ ਸੁੰਦਰ' ਇਕ ਬੰਦੇ ਦੇ ਅੰਦਰ ਪੰਜ ਆਖਰੀ ਹੱਦ ਤੱਕ ਦੀਆਂ ਸਿਫਤਾਂ, ਸਾਰੀ ਦੁਨੀਆਂ ਨਾਲੋਂ ਸੋਹਣਾ, 'ਕੁਲੀਨ' ਉਚੀ ਕੁਲ ਦੇ ਨਾਲ ਸਬੰਧ ਰੱਖਣ ਵਾਲਾ, 'ਚਤੁਰ' ਉਹਦੇ ਬਰਾਬਰ ਦਾ ਦੁਨੀਆਂ 'ਚ ਕੋਈ ਹੋਰ ਨਾ ਹੋਵੇ, ਘੰਟਿਆਂ ਬੱਧੀ ਦਲੀਲਾਂ ਦੇ ਸਕੇ। ਵੱਡੀ ਚਤੁਰਾਈ ਦੀ ਗੱਲ ਕਰ ਸਕੇ। 'ਮੁਖਿ ਙਿਆਨੀ' ਮੂੰਹ ਦਾ ਗਿਆਨੀ ਹੋਵੇ, ਅਨੁਭਵ ਦਾ ਨਾ ਹੋਵੇ। 'ਧਨਵੰਤ' ਪੈਸਾ ਉਹਦੇ ਬਰਾਬਰ ਦਾ ਕਿਸੇ ਕੋਲ ਨਾ ਹੋਵੇ। ਦੁਨੀਆਂ ਦੇ ਗਜ਼ ਨਾਲ ਨਾਪਿਆ ਉਹ ਸਭ ਤੋਂ ਵੱਡਾ ਹੋਵੇਗਾ। ਜਦੋਂ ਰੂਹਾਨੀ ਗਜ਼ ਦੇ ਨਾਲ ਨਾਪਦੇ ਹਾਂ, rejected ਹੁੰਦੈ। ਮਹਾਰਾਜ ਕਹਿੰਦੇ, ਮੁਰਦੇ ਨੂੰ ਨਾਪਣ ਲੱਗ ਗਏ। '***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥***' ਜੇ ਹਿਰਦੇ 'ਚ ਪਿਆਰ ਨਹੀਂ ਪੈਦਾ ਹੋਇਆ। ਕਹਿੰਦੇ, ਉਹ ਤਾਂ ਮਰਿਆ ਹੋਇਆ ਹੈ। ਮਰੇ ਹੋਏ ਦੀ ਕੋਈ ਕੀਮਤ ਹੁੰਦੀ ਹੈ, ਆਦਮੀ ਦੀ ਤਾਂ ਹੈ ਨਹੀਂ, ਹਾਲੇ ਹੋਰ ਚੀਜ਼ਾਂ ਦੀ ਤਾਂ ਹੈਗੀ। ਹਾਥੀ ਦੀ ਹੈ, ਪਸ਼ੂ ਮਰ ਜਾਵੇ, ਜੋੜੇ ਬਣ ਜਾਂਦੇ ਨੇ, ਅਟੈਚੀ ਕੇਸ ਬਣ ਜਾਂਦੇ ਨੇ, ਮਸ਼ਕਾਂ ਬਣਦੀਆਂ ਸੀ ਪਹਿਲਾਂ -

***ਨਰੂ ਮਰੈ ਨਰੁ ਕਾਮਿ ਨ ਆਵੈ ॥***
***ਪਸੂ ਮਰੈ ਦਸ ਕਾਜ ਸਵਾਰੈ॥*** ***ਅੰਗ- 870***

ਸੋ ਇਹ ਕਿਸੇ ਕੰਮ ਦਾ ਨਹੀਂ, ਸਗੋਂ ਹੋਰ ਪੈਸੇ ਲਗਦੇ ਨੇ ਇਹਨੂੰ ਖੁਰਦ ਬੁਰਦ ਕਰਨ ਨੂੰ। ਸੋ ਕਹਿੰਦੇ, ਇਹ ਕਿਸੇ ਕੰਮ ਦਾ ਨਹੀਂ, ਇਹ ਮਰਿਆ ਹੋਇਆ। ਜਿਹੜਾ ਮਰਿਆ ਹੋਇਐ, ਜੇ ਜਜ਼ਬਾ ਪਿਆਰ ਦਾ ਨਹੀਂ, ਫੇਰ ਜਿਉਂਦਿਆਂ 'ਚ ਨਹੀਂ ਮਹਾਰਾਜ ਨੇ ਗਿਣਿਆ, ਮਰਿਆਂ 'ਚ ਗਿਣਿਐ।

ਸੋ ਮੈਂ ਇਸ ਕਰਕੇ ਦਸਦਾ ਹਾਂ ਕਿ ਇਹ ਜਿਹੜੇ ਸਾਧਨ ਨੇ ਸਾਡੇ ਤੋਂ ਕਿੱਥੇ ਵੱਖਰੇ ਹੁੰਦੇ ਨੇ। ਹੈ ਪੂਰੇ ਹੀ, ਅਸੀਂ reject ਨਹੀਂ ਕਰਦੇ ਇਹਨਾਂ ਨੂੰ, ਬਿਲਕੁਲ ਸਹੀ ਨੇ। ਪਰ ਉਹਦੇ ਵਿਚ ਘਾਟ ਇਹ ਹੈ, ਕਿਸੇ ਥਾਂ ਦੇ ਉਤੇ ਵੈਰਾਗ ਨਹੀਂ ਆਉਂਦਾ। ਜਿਹੜੇ ਗੁਣ ਦੱਸੇ ਨੇ ਉਹ ਤਾਂ ਗੁਣ ਨੇ, ਉਹ ਤਾਂ ਇਕ ਰਹਿਤਾਂ ਨੇ ਅੰਦਰਲੀਆਂ, ਵੈਰਾਗ ਕਿਥੇ ਹੈ ਉਥੈ, ਵੈਰਾਗ ਦਾ ਤਾਂ ਹੈ ਹੀ ਨਹੀਂ ਥਾਉਂ। ਅਸੀਂ ਹਜ਼ਾਰਾਂ ਗੁਨਾਹ ਕਰੇ ਨੇ,

ਗਲਤੀਆਂ ਕਰੀਆਂ ਨੇ, ਤਿਲਕ-ਤਿਲਕ ਗਿਰੇ ਹਾਂ। ਸਾਨੂੰ ਕੋਈ ਇਹੋ ਜਿਹਾ ਭਾਵ ਚਾਹੀਦੈ ਜਿਥੇ ਰੋ ਵੀ ਲਈਏ, ਪਛਤਾ ਵੀ ਲਈਏ। ਹੇ ਵਾਹਿਗੁਰੂ! ਹੁਣ ਤਾਂ ਹੋ ਗਿਆ, ਜਿਹੜਾ ਕੁਛ ਹੋਣਾ ਸੀ ਹੋ ਗਿਆ। ਉਹ ਤਾਂ ਲੰਘ ਗਿਆ, ਹੁਣ ਮੇਰੇ ਹੱਥ ਵਿਚ ਨਹੀਂ ਆਉਂਦਾ। ਤੇਰਾ ਨਾਉਂ ਅਸੀਂ ਬਖਸ਼ਿੰਦ ਸੁਣਿਐ। ਤੈਨੂੰ ਸੁਣਿਐ ਕਿ-

***ਸਦਾ ਸਦਾ ਸਦਾ ਦਇਆਲ ॥***
***ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥*** ***ਅੰਗ- 275***

ਉਹ ਸਦਾ ਹੀ ਸਦਾ ਦਇਆਲੂ ਹੈ। ਕਦੇ ਵੀ ਔਗੁਣ ਨਹੀਂ ਵਿਚਾਰਦਾ। ਬਖਸ਼ ਦਿੰਦੈ -

***ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥***
***ਅੰਗ - 624***

ਅੱਗੇ ਨੂੰ ਮਾਰਗ ਪਾ ਦਿੰਦੈ। ਸੋ ਇਹ ਆਦਮੀ ਦੇ ਹਿਰਦੇ ਦੀ ਜਿਹੜੀ ਕਮਜ਼ੋਰੀ ਹੈ। ਜਿਹਦੇ ਵਿਚ ਔਗੁਣ ਛੁਪੇ ਪਏ ਨੇ। ਜੇ ਬਖਸ਼ੇ ਨਹੀਂ ਜਾਂਦੇ ਇਹ ਨਾਮ ਜਪ ਕੇ, ਅੰਦਰਲੀ ਕਸਰਤ ਕਰਕੇ ਚੜ੍ਹ ਗਿਆ, ਸੁਰਤੀ ਵੀ ਲਗ ਗਈ, ਅੰਦਰ ਤਾਂ ਉਸੇ ਤਰ੍ਹਾਂ ਕਠੋਰ ਦਾ ਕਠੋਰ ਪਿਐ। ਜਦੋਂ ਤਕ ਅੰਦਰ ਨਹੀਂ ਢਲਦਾ, ਓਨੀਂ ਦੇਰ ਤੱਕ ਗੱਲ ਨਹੀਂ ਬਣਦੀ, ਅਨੰਦ ਨਹੀਂ ਬਣਦਾ। ਸੋ ਇਸ ਕਰਕੇ ਜੋ ਭਗਤੀ ਹੈ, ਉਹ ਇਸ ਤੋਂ ਸ੍ਰੇਸ਼ਟ ਹੈ।

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਨੂੰ ਪੁਛਿਆ, ਕਹਿੰਦੇ ਸੱਚੇ ਪਾਤਸ਼ਾਹ! ਤੁਸੀਂ ਭਗਤੀ 'ਤੇ ਜ਼ੋਰ ਦਿੰਦੇ ਹੋਂ। ਪਿਛੋਂ ਗਿਆਨ ਦੀ ਬਾਤ ਕਰਦੇ ਹੋਂ, ਜੇ ਪਹਿਲਾਂ ਹੀ ਕਰ ਲਿਆ ਕਰੋਂ ਗਿਆਨ ਦੀ ਬਾਤ। ਮਹਾਰਾਜ ਕਹਿੰਦੇ, ਦੇਖੋ ਪਿਆਰਿਓ! ਘਿਉ ਬੜੀ ਚੰਗੀ ਚੀਜ਼ ਹੈ, ਪੋਸ਼ਟਿਕ ਆਹਾਰ ਹੈ, ਆਦਮੀ ਤਕੜਾ ਹੋ ਜਾਂਦੈ। ਸੈਂਕੜੇ ਬੀਮਾਰੀਆਂ ਦੂਰ ਕਰਨ ਦੀ ਸਮਰੱਥਾ ਰਖਦੈ। ਪਰ ਜੇ ਖੰਘ ਹੋਏ ਵਾਲੇ ਨੂੰ ਖਿਲਾ ਦਿਓ ਘਿਉ, ਕਹਿੰਦੇ ਖਈ ਹੋ ਜਾਂਦੇ ਨੇ। ਜੇ ਬੁਖਾਰ ਵਾਲੇ ਨੂੰ ਘਿਉ ਕੜਛੀ ਭਰ ਕੇ ਪਿਲਾ ਦਿਓ, ਕਹਿੰਦੇ ਜੁਲਾਬ ਲਗ ਜਾਣਗੇ ਉਹਨੂੰ। ਜੇ ਮਿਹਦਾ ਖਰਾਬ ਹੈ, ਉਹਨੂੰ ਘਿਉ ਖਵਾ ਦਿਉ, ਕਹਿੰਦੇ ਉਲਟੀਆਂ ਲਗ ਜਾਣਗੀਆਂ। ਪਰ ਜੇ ਇਸੇ ਘਿਉ ਦੇ ਵਿਚ ਬੂਰਾ ਪਾ ਕੇ ਖਾ ਲਓ, ਸ਼ੱਕਰ ਪਾ ਕੇ ਖਾ ਲਓ ਫੇਰ ਇਹ ਦੋਸ਼ ਨਹੀਂ ਹੈਗਾ, ਹਜ਼ਮ ਹੋ ਜਾਂਦੈ। ਇਕੱਲੇ ਦੇ ਡਕਾਰ ਆਉਣਗੇ, ਸ਼ੱਕਰ ਘਿਉ ਖਾ ਲਓ, ਕਦੇ ਨਹੀਂ ਡਕਾਰ ਆਉਂਦਾ। ਉਹ ਕਹਿੰਦੇ, ਜੇ ਇਕੱਲਾ ਜਿਹੜਾ ਗਿਆਨ ਹੈ, ਜਿਹੜਾ ਬੰਦਾ ਅਧਿਕਾਰੀ ਨਹੀਂ, ਉਹ ਜੇ ਬ੍ਰਹਮ ਅਸਵੀ ਦੇ ਵਿਚ ਆ ਕੇ ਵਿਕਾਰੀ ਹੋ ਜਾਏਗਾ ਕਿ ਮੈਨੂੰ ਪਾਪ ਲਗਦਾ ਹੀ ਨਹੀਂ, ਇਹ ਤਾਂ ਬ੍ਰਹਮ ਹੈ ਸਾਰਾ। ਮੈਂ ਤਾਂ ਕੁਛ ਵੀ ਨਹੀਂ ਕਰਦਾ।

***ਅਹੰ ਬ੍ਰਹਮ ਅਸਵੀ, ਨਿਸੰਗ ਭੋਗ ਲਛਮੀ।***

ਪਾਪ ਹੀ ਨਹੀਂ ਹੈ, ਕਹਿੰਦੇ ਵਿਕਾਰੀ ਹੋ ਜਾਣਗੇ, ਨਾਸਤਕ ਹੋ ਜਾਣਗੇ। ਸੋ ਇਸ ਕਰਕੇ ਭਗਤੀ ਸਹਿਤ ਗਿਆਨ ਹੈ। ਗਿਆਨ ਸਾਡੀ

ਮੰਜ਼ਿਲ ਹੈ। ਪਹਿਲਾਂ ਹੈ ਵਰਤਣ ਵੈਰਾਗ, ਮੁਖ ਭਗਤੀ, ਨਿਹਚੇ ਗਿਆਨ। ਗਿਆਨ 'ਚ ਲੈ ਕੇ ਜਾਨੇ ਹਾਂ ਉਸ ਵੇਲੇ ਜਦੋਂ ਪੱਕ ਜਾਂਦੇ।

ਸੋ ਇਸ ਤਰ੍ਹਾਂ ਦੇ ਨਾਲ ਕਹਿੰਦੇ ਜਿਹੜਾ ਇਕੱਲਾ ਅਸਟਾਂਗ ਯੋਗ ਹੈ, ਨਾ ਤਾਂ ਉਹਦੇ ਵਿਚ ਪਛਤਾਵਾ ਕਰਨ ਨੂੰ ਕੋਈ ਥਾਂ ਹੈ, ਔਗੁਣਾਂ ਦੇ ਭਰੇ ਹੋਏ ਹਾਂ, ਔਗੁਣ ਬਖਸ਼ਾਉਣ ਨੂੰ ਥਾਂ ਨਹੀਂ, ਭਗਤੀ ਵਿਚ ਹੈਗੇ। ਭਗਤੀ ਹੁੰਦੀ ਹੈ ਨੌਂ ਪ੍ਰਕਾਰ ਦੀ। ਕੀਰਤਨ ਭਗਤੀ 'ਚ ਅਸੀਂ ਪ੍ਰਮੇਸ਼ਰ ਨਾਲ ਜੁੜਦੇ ਹਾਂ -

***ਕਲਜੁਗ ਮਹਿ ਕੀਰਤਨੁ ਪਰਧਾਨਾ ॥***
***ਗੁਰਮੁਖਿ ਜਪੀਐ ਲਾਇ ਧਿਆਨਾ ॥***
***ਆਪਿ ਤਰੈ ਸਗਲੇ ਕੁਲ ਤਾਰੇ***
***ਹਰਿ ਦਰਗਹ ਪਤਿ ਸਿਉ ਜਾਇਦਾ ॥*** ***ਅੰਗ- 1076***

ਸਰਵਣ ਦੇ ਨਾਲ ਅਸੀਂ ਹੁਣ ਬੈਠੇ ਹਾਂ ਸਤਿਸੰਗ ਦੇ ਅੰਦਰ। ਸਰਵਣ ਭਗਤੀ ਹੋ ਰਹੀ ਹੈ। ਜਿਹਦਾ ਮਹਾਨ ਮਹਾਤਮ ਹੈ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***
***ਅੰਗ- 546***

ਜਿਹੜੇ ਸੁਣਦੇ ਨੇ ਤੇ ਫੇਰ ਗਾਉਂਦੇ ਨੇ। ਕਈ ਕਰੋੜ ਜਗਾਂ ਦੇ ਫਲ ਇਥੇ ਬੈਠੇ ਹੀ ਪ੍ਰਾਪਤ ਹੋ ਜਾਂਦੇ ਨੇ। ਸੋ ਇਹ ਜੋ ਹੈ ਭਗਤੀ ਸਰਵਣ ਭਗਤੀ, ਸਿਮਰਨ ਭਗਤੀ, ਬੈਠ ਕੇ ਵਾਹਿਗੁਰੂ ਨੂੰ ਯਾਦ ਕਰਦੇ ਹਾਂ, ਉਹਦੇ ਗੁਣ ਗਾਉਂਦੇ ਹਾਂ। ਉਹ ਸਾਡੀ ਯਾਦ ਵਿਚ ਆਉਂਦੈ। ਇਕੱਲੇ ਅਸੀਂ ਨਾਮ ਜਪਦੇ ਹਾਂ, ਮਾਲਾ ਦੀ ਮਦਦ ਨਾਲ ਜਪਦੇ ਹਾਂ। ਰਸਨਾ ਦੀ ਮਦਦ ਨਾਲ ਜਪਦੇ ਹਾਂ, ਸਵਾਸ ਨਾਲ ਜਪਦੇ ਹਾਂ। ਸਵਾਸ ਤੋਂ ਪਰ੍ਹੇ ਹੋ ਕੇ ਪਸੰਤੀ ਬਾਣੀ 'ਚ ਜਪਦੇ ਹਾਂ, ਪਰਾ ਬਾਣੀ 'ਚ ਜਪਦੇ ਹਾਂ, ਆਗਿਆ ਚੱਕਰ 'ਚ ਜਪਦੇ ਹਾਂ। ਤ੍ਰਿਕੁਟੀ 'ਚ ਨਾਮ ਜਪਦੇ ਹਾਂ, ਦਸਵੇਂ ਦਵਾਰ 'ਚ ਨਾਮ ਜਪਦੇ ਹਾਂ। ਉਸ ਨਾਮ ਦਾ ਜਿਹੜਾ ਫਲ ਹੈ ਬੇਅੰਤ-ਬੇਅੰਤ ਹੈ। ਸਿਮਰਨ ਦਾ ਫਲ। ਵਾਹਿਗੁਰੂ ਯਾਦ 'ਚ ਬਹਿ ਜਾਂਦੈ, ਫੇਰ ਨਹੀਂ ਭੁਲਦਾ। ਸੋ ਇਸ ਤਰ੍ਹਾਂ ਪਾਦ ਸੇਵਨ ਹੈ, ਸੇਵਾ ਕਰਦੇ ਹਾਂ। ਅਰਚਨ ਹੈ, ਚੀਜ਼ ਲਿਆ ਕੇ ਮੱਥਾ ਟੇਕਦੇ ਹਾਂ। ਯਥਾ ਸ਼ਕਤ ਮਹਾਰਾਜ ਨੂੰ ਕੋਈ ਦੇਗ ਭੇਟਾ ਕਰਦੈ, ਕੋਈ ਲੰਗਰ ਵਾਸਤੇ ਕਰਦੈ, ਕੋਈ ਮਾਇਆ ਭੇਟਾ ਕਰਦੈ। ਸੋ ਇਸ ਤਰ੍ਹਾਂ ਦਾਸਾ ਭਾਵ ਹੈ, ਦੂਸਰੇ ਦੀ ਸੇਵਾ ਕਰਕੇ ਖੁਸ਼ ਹੁੰਦੇ ਹਾਂ, ਦੂਸਰੇ ਦੇ ਬਰਤਨ ਮਾਂਜ ਕੇ ਖੁਸ਼ ਹੁੰਦੇ ਹਾਂ। ਪੱਖਾ ਝੱਲ ਕੇ ਖੁਸ਼ ਹੁੰਦੇ ਹਾਂ। ਸਖਾਪੁਣ ਹੈ, ਆਪਸ ਵਿਚ ਭਰਾਵਾਂ ਵਾਂਗਣ ਪਿਆਰ ਕਰਦੇ ਹਾਂ। ਬੰਦਨਾ ਕਰਦੇ ਹਾਂ, ਨਮਸ਼ਕਾਰਾਂ ਕਰਦੇ ਹਾਂ ਤੇ ਕਹਿੰਦੇ ਹਾਂ, ਗੁਰੂ ਨੂੰ ਕਿ ਹੇ ਸੱਚੇ ਪਾਤਸ਼ਾਹ! ਤੇਰਾ ਹੀ ਹੈ, ਮੇਰੇ ਵਿਚ ਮੇਰਾ ਕੁਛ ਨਹੀਂ ਹੈ। ਜੋ ਕੁਛ ਹੈ ਇਹ ਸਭ ਤੇਰਾ ਹੈ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਪ੍ਰਭ ਮੈ ਕਿਛੁ ਨਾਹੀ ਜੀ,***
***ਸਭ ਕਿਛੁ ਤੇਰਾ, ਸਭ ਕਿਛੁ ਤੇਰਾ।***

ਅਕਾਲ ਪੁਰਖ ਨੂੰ ਸਭ ਕਿਛ ਅਰਪਣ ਕਰ ਦੇਣਾ। ਸੋ ਦੂਸਰਾ ਹੈ

ਜਿਸ ਤਰ੍ਹਾਂ ਦੇ ਨਾਲ ਅਸ਼ਟਾਂਗ ਯੋਗ ਹੈ ਇਸੇ ਤਰ੍ਹਾਂ ਦੇ ਨਾਲ ਗੁਰੂ ਘਰ ਦੇ ਅੰਦਰ ਭਗਤੀ ਯੋਗ ਹੈ। ਉਹਦੇ ਵੀ ਇਸੇ ਤਰ੍ਹਾਂ ਦੇ ਨਾਲ ਯਮ ਨੇ, ਨਿਯਮ ਨੇ, ਲੇਕਿਨ ਉਹ ਬੜੇ ਸੁਖਾਲੇ ਨੇ। ਪਹਿਲਾ ਹੈ ਯਮ, ਇਹ ਹੋਇਆ ਕਰਦੈ ਕਿ ਅੰਦਰ ਨਿਰਮਾਨਤਾ ਰੱਖਣੀ–

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥***

***ਅੰਗ– 1364***

ਨਿਰਮਾਨਤਾ ਦੇ ਵਿਚ ਰਹਿਣਾ। ਆਪਾ ਨਹੀਂ ਜਨਾਉਣਾ। ਮੈਂ ਪੈਸੇ ਵਾਲਾ, ਮੈਂ ਪੜ੍ਹਿਆ ਹੋਇਆਂ, ਮੈਂ ਬਹੁਤਾ ਮੂਹਰੇ ਹਾਂ। ਇਹ ਯਮ ਕਹਾਉਂਦੈ।

ਦੂਸਰਾ ਹੋਇਆ ਕਰਦੈ, ਨੇਮ। ਨੇਮ ਹੈ ਨਿਤਨੇਮ ਦੇ ਵਿਚ ਪੂਰਾ ਰਹਿਣਾ –

***ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ***
***ਮਨ ਤਨ ਭਏ ਅਰੋਗਾ ॥*** ***ਅੰਗ– 611***

ਇਕਾਂਤ ਵਿਚ ਵਸਣਾ। ਇਕਾਂਤ ਕਿਸ ਨੂੰ ਕਹਿੰਦੇ ਨੇ –

***ਸੋ ਇਕਾਂਤੀ ਜਿਸੁ ਰਿਦਾ ਥਾਇ ॥*** ***ਅੰਗ– 1180***

ਵਾਸ਼ਨਾਵਾਂ ਤੋਂ ਮਨ ਨੂੰ ਰੋਕ ਕੇ ਰੱਖਣਾ। ਕੋਈ ਵਾਸ਼ਨਾ ਉਤਪੰਨ ਨਾ ਹੋਣ ਦੇਣੀ। ਇਹ ਇਕਾਂਤ ਹੋਇਆ ਕਰਦੀ ਹੈ। ਫੇਰ ਇਹਦੇ ਵਿਚ ਹੋਇਆ ਕਰਦੈ 'ਆਸਣ'। ਆਸਣ ਜਿੱਥੇ ਜੀਅ ਕਰਦੈ, ਸੋਹਣਾ ਥਾਂ ਦੇਖ ਕੇ, ਮੌਸਮ ਦੇ ਅਨੁਕੂਲ ਭਜਨ ਕਰਨਾ, ਬਾਣੀ ਪੜ੍ਹਨੀ। ਪ੍ਰਾਣਾਯਾਮ ਦੇ ਅੰਦਰ ਪੂਰਕ ਹੁੰਦੈ, ਗੁਰੂ ਦੇ ਬਚਨਾਂ ਨੂੰ ਖਿੱਚ ਕੇ ਹਿਰਦੇ 'ਚ ਧਾਰਨ ਕਰ ਲੈਣਾ। ਜੇ ਉਹ ਕਹਿੰਦੇ ਨੇ ਕਿ ਵਾਹਿਗੁਰੂ ਸਾਰੇ ਹੀ ਹੈ –

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ, ਨ ਘਾਟਿ ਬਾਢਿ ਹੋਤ ਹੈ॥***

***ਅਕਾਲ ਉਸਤਤਿ***

ਇਹਨੂੰ ਹਿਰਦੇ ਦੇ ਵਿਚ ਪੱਕੀ ਤਰ੍ਹਾਂ ਦੇ ਨਾਲ ਧਾਰਨ ਕਰ ਲੈਣਾ ਇਹਨੂੰ ਪੂਰਕ ਕਹਿੰਦੇ ਨੇ। 'ਕੁੰਭਕ' ਹੁੰਦੈ ਆਤਮ ਵਿਚਾਰ ਕਰਨੀ ਕਿ ਮੈਂ ਸਰੀਰ ਨਹੀਂ ਹਾਂ। ਮੈਂ ਪੰਜਾਂ ਤੱਤਾਂ 'ਚੋਂ ਤੱਤ ਕੋਈ ਨਹੀਂ ਹਾਂ। ਨਾ ਮੈਂ ਪੰਜਾਂ ਗਿਆਨ ਇੰਦਰੀਆਂ 'ਚੋਂ ਕੋਈ ਚੀਜ਼ ਹਾਂ। ਨਾ ਮੈਂ ਪੰਜਾਂ ਕਰਮ ਇੰਦਰੀਆਂ 'ਚੋਂ ਹਾਂ, ਨਾ ਮੈਂ ਪੰਜਾਂ ਪ੍ਰਾਣਾਂ 'ਚੋਂ ਕੋਈ ਪ੍ਰਾਣ ਹਾਂ, ਨਾ ਮੈਂ ਮਨ ਹਾਂ, ਨਾ ਬੁੱਧ ਹਾਂ, ਨਾ ਮੈਂ ਚਿੱਤ ਹਾਂ, ਨਾ ਮੈਂ ਅਹੰਭਾਵ ਹਾਂ, ਮੈਂ ਤਾਂ 'ਆਤਮਾ' ਹਾਂ। ਜੀਵ ਭਾਵ ਮੈਨੂੰ ਅਗਿਆਨਤਾ ਦੇ ਨਾਲ ਲਗ ਗਿਆ। ਸੋ ਆਤਮ ਵਿਚਾਰ ਜਿਹੜੀ ਹੈ ਇਹਨੂੰ 'ਕੁੰਭਕ' ਕਹਿੰਦੇ ਨੇ। 'ਰੇਚਕ' ਹੁੰਦੈ, ਜਿੰਨੀਆਂ ਬੁਰਿਆਈਆਂ ਨੇ ਨਿੰਦਿਆ ਕਰਨੀ, ਈਰਖਾ ਕਰਨੀ, ਦੂਜੇ ਨੂੰ ਮਾੜਾ ਸਮਝਣਾ, ਇਹ ਸਾਰੀਆਂ ਜਿਵੇਂ ਸਾਹ ਬਾਹਰ ਕੱਢਦੇ ਹਾਂ, ਇਹ ਬਾਹਰ ਕੱਢਣ ਦੇਣੀਆਂ। 'ਧਾਰਨਾ' ਹੁੰਦੈ ਮਨ ਨੂੰ ਰੋਕਣਾ। 'ਧਿਆਨ' ਹੁੰਦੈ, ਗੁਰੂ ਸਿਧਾਂਤ ਨੂੰ ਰਿਦੇ ਵਿਚ ਵਸਾਉਣਾ। 'ਸਮਾਧੀ' ਹੁੰਦੀ ਹੈ, ਵਾਹਿਗੁਰੂ

ਦੇ ਵਿਚ ਪ੍ਰਤੱਖ ਰੂਪ 'ਤੇ ਵਿਚਾਰ ਕਰਨੀ, ਆਪਣੀ 'ਮੈਂ' ਨੂੰ ਮਿਟਾ ਕੇ, ਪੰਜੇ ਭਰਮਾਂ ਨੂੰ ਦੂਰ ਕਰਕੇ, ਬ੍ਰਹਮ ਸਥਿਤੀ ਦੇ ਵਿਚ ਆਪਣੇ ਆਪ ਨੂੰ ਸਥਾਪਨ ਕਰਨਾ। ਇਹ 'ਸਮਾਧੀ' ਹੋਇਆ ਕਰਦੀ ਹੈ।

ਸੋ ਜੋ ਭਰਮ ਨੇ ਇਹ ਪੰਜ ਕਿਸਮ ਦੇ ਗਿਣੇ ਨੇ। ਮਹਾਰਾਜ ਇਹਨਾਂ ਦੇ ਬਾਰੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਮਿਟੇ ਨਾ ਭਰਮ ਕੀ ਕਾਈ ਜੀ,***
***ਜਨ ਨਾਨਕੁ ਬਿਨੁ ਆਪਾ ਚੀਨੇ।***

***ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥***

***ਅੰਗ- 684***

ਵਾਹਿਗੁਰੂ ਅੰਦਰ ਰਹਿੰਦੈ ਸਾਡੇ, ਨਾਲ ਰਹਿੰਦੈ, ਬਾਹਰ ਰਹਿੰਦੈ, ਕੋਈ ਥਾਂ ਵਿਸ਼ੇਸ਼ ਨਹੀਂ ਕਿ ਇਥੇ ਨਹੀਂ ਰਹਿੰਦਾ। ਪਤਾ ਕਿਉਂ ਨਹੀਂ ਲਗਦਾ? ਕਿਉਂਕਿ ਭਰਮ ਪੈ ਗਿਆ। ਆਦਮੀ ਨੂੰ ਭਰਮ ਪੈ ਜਾਂਦੈ।

ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ) ਦਸਿਆ ਕਰਦੇ ਸੀ ਦੀਵਾਨਾਂ 'ਚ ਕਿ ਜਦੋਂ ਰਾਜਸਥਾਨ ਵਾਲੀ ਨਹਿਰ ਨਿਕਲੀ। ਤਾਂ ਪੁਲ ਬਣਾਉਂਦੇ ਜਾਂਦੇ ਸੀ ਠੇਕੇਦਾਰ ਤੇ ਗੱਡਿਆਂ ਵਗੈਰਾ ਤੋਂ ਬਚਾਉਣ ਵਾਸਤੇ ਲੱਕੜਾਂ ਗੱਡ ਦਿਤੀਆਂ। ਇਕ ਨਹਿਰ ਤੋਂ ਦੂਰ ਰਹਿਣ ਵਾਲੇ 8-10 ਮੀਲ 'ਤੇ, ਸ਼ਹਿਰ ਨੂੰ ਆਉਣਾ ਸੀ। ਸ਼ਹਿਰ ਰਾਜਸਥਾਨ 'ਚ ਬੜੇ ਦੂਰ-ਦੂਰ ਨੇ। ਉਹ ਅੱਧੀ ਰਾਤ ਹੀ ਤੁਰ ਪਏ ਕਿ ਸਾਝਰੇ-ਸਾਝਰੇ ਨਿਕਲ ਚੱਲਾਂਗੇ। ਸਵਾਰੀਆਂ ਕੋਈ ਹੁੰਦੀਆਂ ਨਹੀਂ ਸੀ। ਜਦੋਂ ਨਹਿਰ ਦੇ ਪੁਲ ਕੋਲ ਆਏ, ਕੀ ਦੇਖਦੇ ਨੇ ਕਿ ਬੰਦੇ ਖੜ੍ਹੇ ਨੇ, ਉਹਨਾਂ ਨੇ ਕਿਹਾ ਕਿ ਇਹ ਤਾਂ ਲੁੱਟ ਲੈਣਗੇ, ਆਪਾਂ ਸੌਦਾ ਲੈਣ ਜਾਣਾ ਸੀ। ਉਹਨਾਂ 'ਚ ਇਕ ਬ੍ਰਾਹਮਣ ਸੀ ਉਹ ਤਾਂ ਬੜਾ ਸਿਆਣਾ ਸੀ। ਕਹਿੰਦਾ ਲਓ ਬਈ, ਮੈਂ ਤਾਂ ਨਹੀਂ ਜਾਂਦਾ ਜਜਮਾਨੋ। ਆਪਾਂ ਤਾਂ ਹੈਗੇ ਮਾੜੇ। ਤੁਸੀਂ ਚੱਲੋ। ਮੈਂ ਤਾਂ ਦਿਨ ਚੜ੍ਹੇ ਜਾਊਂਗਾ। ਦੂਸਰਾ ਬਾਣੀਆਂ ਸੀ ਉਹ ਵੀ ਸਿਆਣਾ ਸੀ ਉਹਨੇ ਕਿਹਾ ਰਾਸ ਖੋਹ ਲੈਣਗੇ। ਦਿਨ ਚੜ੍ਹੇ ਚਲੇ ਜਾਵਾਂਗੇ ਤਾਂ ਕੀ ਹੈ। ਤੀਸਰਾ ਹੋਰ ਸੀ ਨਾਲ, ਇਕ ਰਾਜਪੂਤ ਸੀ। ਉਹਨੇ ਥੋੜ੍ਹਾ ਜਿਹਾ ਸਮਾਨ ਲਿਆਉਣਾ ਸੀ, ਉਹਨੇ ਕਿਹਾ ਕਿ ਜੇ ਖੋਹ ਵੀ ਲੈਣਗੇ, ਕੀ ਫਰਕ ਪੈਂਦੈ, ਮੁੜ ਜਾਵਾਂਗੇ, ਹੋਰ ਲਿਆਵਾਂਗੇ। ਉਹਨੇ ਪੱਲਾ ਭਰ ਲਿਆ ਇੱਟਾਂ ਦਾ, ਰੋੜੇ ਭਰ ਲਏ, ਕਿ ਦੇਖੀਏ ਤਾਂ ਸਹੀ ਕਿ ਕਿੰਨੇ ਕੁ ਬੰਦੇ ਨੇ। ਜੇ ਮੇਰੇ ਮਗਰ ਨੱਠੇ ਮੈਂ ਨੱਠ ਜਾਊਂਗਾ, ਰਾਹ ਨਹੀਂ ਦੇਣੀ ਇਹਨਾਂ ਨੂੰ। ਬਾਕੀ ਵੀ ਉਹਨੂੰ ਵਰਜਦੇ ਨੇ ਕਿ ਤੂੰ ਰਹਿਨ ਦੇ, ਸਾਡੇ ਉਤੇ ਵੀ ਬਿਪਤਾ ਲਿਆਵੇਂਗਾ। ਕਹਿੰਦਾ, ਦੇਖ ਲੈਣ ਦਿਓ। ਆਪਾਂ ਕਿਹੜੇ ਮਾੜੇ ਹਾਂ, ਆਪਾਂ ਚਾਰ ਹਾਂ। ਇਹ ਤਿੰਨ ਚਾਰ ਹੋਣਗੇ, ਹੱਥੋਂ ਹੱਥੀ ਪੈ ਜਾਵਾਂਗੇ ਆਪਾਂ। ਉਹ ਕਹਿੰਦੇ ਨਾ-ਨਾ ਇਹ ਨਾ ਗੱਲ ਕਰ। ਉਹ ਹਟਿਆ ਨਾ, ਉਹ ਜਾ ਕੇ ਇੱਟਾਂ ਮਾਰੀ ਗਿਆ। ਉਧਰਲੇ ਪਾਸਿਓਂ ਜਵਾਬ ਨਾ ਆਵੇ। ਇਹਨੇ ਕਿਹਾ ਕਿ ਬੋਲਦੇ ਕਿਉਂ ਨਹੀਂ ਹਨ? ਬੜੇ ਖਚਰੇ ਨੇ।

ਨੇੜੇ ਚਲਿਆ ਗਿਆ, ਜਾ ਕੇ ਇੱਟ ਮਾਰੀ, ਉਹ ਖੜਕਾ ਹੋ ਗਿਆ। ਕਹਿੰਦਾ, ਲੈ ਆਹ ਤਾਂ ਲੱਕੜ ਖੜ੍ਹੀ ਹੈ, ਐਵੇਂ ਡਰੀ ਗਏ। ਲੱਕੜ ਤੋਂ ਹੀ ਡਰੀ ਗਏ।

ਉਹਨਾਂ ਨੂੰ ਆਵਾਜ਼ਾਂ ਦਿੰਦੈ, ਉਹ ਆਉਂਦੇ ਨਹੀਂ, ਕਹਿੰਦੇ ਪਰਲੇ ਪਾਸੇ ਹੋਣੇ ਨੇ। ਕਹਿੰਦਾ, ਲੈ ਮੈਂ ਸਾਰੇ ਫਿਰ ਆਇਆ, ਹੇਠਾਂ ਵੀ ਦੇਖ ਲਿਆ। ਕੋਈ ਨਹੀਂ ਹੈ। ਭਰਮ ਦੇ ਚੋਰ ਬਣੇ ਹੋਏ ਸੀ। ਜਿਸ ਵਕਤ ਚੰਗੀ ਤਰ੍ਹਾਂ ਦੇਖ ਲਿਆ, ਉਸ ਵੇਲੇ ਕੀ ਹੋਇਆ ਭਰਮ ਖਤਮ ਹੋ ਗਿਆ।

ਇਸੇ ਤਰ੍ਹਾਂ ਦੇ ਨਾਲ ਵਾਹਿਗੁਰੂ ਜੀ ਨੇ ਖੇਲ੍ਹ ਰਚੀ ਹੈ ਇਹ ਸੰਸਾਰ –

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥ ਜਾਪੁ ਸਾਹਿਬ***

ਉਹਨੇ ਖੇਲ੍ਹ ਰਚੀ ਕੀ? ਵਿਚ ਭਰਮ ਪਾ ਦਿਤਾ। ਉਹ ਭਰਮ ਪੈਣ ਦੇ ਨਾਲ ਰੱਬ ਹੋਰ ਹੋ ਗਿਆ ਤੇ ਇਧਰਲੇ ਪਾਸੇ ਜੀਵ ਬਣ ਗਿਆ ਤੇ ਪੰਜ ਭਰਮ ਪੈ ਗਏ। ਮਹਾਰਾਜ ਕਹਿੰਦੇ, ਹੈਗਾ ਤਾਂ ਰੱਬ ਤੇਰੇ ਅੰਦਰ–

***ਕਾਹੇ ਰੇ ਬਨ ਖੋਜਨ ਜਾਈ ॥***
***ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥ 1 ॥ ਰਹਾਉ ॥***
***ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥***
***ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥ 1 ॥***
***ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥***
***ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥***

***ਅੰਗ– 684***

ਉਹ ਜਿਹੜੀ ਭਰਮ ਦੀ ਕਾਈ ਪੈ ਗਈ, ਉਹ ਆਪਾ ਚੀਨੇ ਤੋਂ ਬਗੈਰ ਹੁਣ ਮਿਟਦੀ ਨਹੀਂ। ਪੂਰਾ ਨਿਰਣਾ ਹੋਣਾ ਚਾਹੀਦੈ। ਸੋ ਸਿਆਣਿਆਂ ਨੇ, ਵਿਚਾਰਵਾਨਾਂ ਨੇ ਪੰਜ ਕਿਸਮ ਦਾ ਭਰਮ ਦਸਿਆ ਹੈ। ਕਹਿੰਦੇ, ਪਹਿਲਾ ਭਰਮ ਹੈ ਜਿਹਨੂੰ ਭੇਦ ਭਰਮ ਕਹਿੰਦੇ ਨੇ। ਭੇਦ ਭਰਮ ਕਿਵੇਂ ਹੈ ਕਿ ਪਾਣੀ ਦੇ ਬਰਤਨ ਪਏ ਨੇ। ਚੰਦਰਮਾ ਦਾ ਪਾਣੀ ਦੇ ਹਜ਼ਾਰਾਂ ਹੀ ਭਾਂਡਿਆਂ ਵਿਚ ਪ੍ਰਤੀਬਿੰਬ ਪੈ ਰਿਹੈ। ਉਹ ਪਾਣੀ ਹਿੱਲ ਰਿਹੈ ਤੇ ਲਗਦਾ ਇਸ ਤਰ੍ਹਾਂ ਹੈ ਕਿ ਜਿਵੇਂ ਚੰਦਰਮਾ ਹਿੱਲ ਰਿਹਾ ਹੁੰਦੈ। ਉਹ ਉਪਾਧੀ ਪਾਣੀ ਦੀ ਕਰਕੇ ਉਹਦਾ ਪਰਛਾਵਾਂ ਕਰਕੇ ਵੱਖਰਾ ਚੰਦ ਨਜ਼ਰ ਆਉਣ ਲਗ ਗਿਆ। ਉਪਰਲਾ ਟਿਕਿਆ ਖੜ੍ਹੈ, ਹੇਠਾ ਹਿਲਦੈ। ਕਹਿੰਦੇ, ਇਸੇ ਤਰ੍ਹਾਂ ਦੇ ਨਾਲ ਇਹ ਭੇਦ ਭਰਮ ਪੈ ਗਿਆ। ਭੇਦ ਭਰਮ ਪੈਣ ਦੇ ਨਾਲ ਇਹ ਆਪਣੇ ਆਪ ਨੂੰ ਜੀਵ ਸਮਝਣ ਲਗ ਗਿਆ। ਸੀਗਾ–

***ਕਹੁ ਕਬੀਰ ਇਹੁ ਰਾਮ ਕੀ ਅੰਸੁ ॥ ਅੰਗ– 871***

ਥੱਲੇ ਗਿਰ ਗਿਆ ਉਸ ਦਰਜੇ ਤੋਂ ਤੇ ਆਪਣੇ ਆਪ ਨੂੰ ਜੀਵ ਹੀ ਨਹੀਂ ਸਮਝਦਾ। ਸਾਢੇ ਤਿੰਨ ਹੱਥ ਦੀ ਦੇਹ ਸਮਝਦੈ। ਕਹਿੰਦੇ, ਇਸ ਤਰ੍ਹਾਂ

ਦੇ ਨਾਲ –

***ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ ॥***
***ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ ਤਉ ਮਨੁ ਸੁੰਨਿ ਸਮਾਨਾਂ ॥***

***ਅੰਗ- 476***

ਜਦੋਂ ਭਰਮ ਟੁੱਟ ਗਿਆ। ਪਾਣੀ ਦਾ ਭਾਂਡਾ ਡੋਲ੍ਹ ਦਿਤਾ, ਉਥੇ ਚੰਦਰਮਾ ਦੂਜਾ ਰਿਹਾ ਹੀ ਨਾ। ਇਸੇ ਤਰ੍ਹਾਂ ਦੇ ਨਾਲ ਜਿਹੜੇ ਅਗਿਆਨ ਦੇ ਸੰਸਕਾਰ ਪਏ ਹੋਏ ਸੀ ਜਦੋਂ ਉਹ ਟੁੱਟ ਗਏ ਪ੍ਰਮੇਸ਼ਰ ਹੀ ਰਹਿ ਗਿਆ। ਮੈਂ ਖਤਮ ਹੋ ਗਿਆ। ਇਹਨੂੰ ਭੇਦ ਭਰਮ ਕਹਿੰਦੇ ਨੇ। ਅਵਿਦਿਆ ਕਰਕੇ ਆਤਮਾ ਜੀਵ ਬਣ ਗਿਆ। ਦੁਖ-ਸੁਖ ਮਹਿਸੂਸ ਕਰਨ ਲਗ ਗਿਆ। ਦੁਖ-ਸੁਖ ਹੈਗਾ ਧਰਮ ਚਿੱਤ ਦਾ। ਚਿੱਤ ਧਰਮ ਦਾ ਧਰਮ ਆਪਣੇ ਉਤੇ ਲੈ ਲਿਆ। ਮਾਣ ਤੇ ਅਪਮਾਨ, ਹਾਣ ਤੇ ਲਾਭ, ਨਿੰਦਿਆ ਤੇ ਉਸਤਤ ਆਪਣਾ ਭਾਉਂਦੀ ਹੈ ਕਿ ਮੇਰੇ ਵਿਚ ਹੈ। ਲੇਕਿਨ ਆਤਮਾ ਵਿਚ ਨਹੀਂ ਕੁਛ ਵੀ, ਆਤਮਾ ਸਤਿ ਚਿਤ ਅਨੰਦ ਹੈ। ਇਹ ਚਿੱਤ ਦੇ ਵਿਚ ਹੈ ਕਲਪਨਾ ਸਾਰੀ। ਇਹਨੇ ਭੇਦ ਪਾ ਕੇ ਆਤਮਾ ਦੇ ਵਿਚ ਦਿਖਾ ਦਿਤਾ।

ਦੂਜਾ ਹੋਇਆ ਕਰਦੈ 'ਕਰਤੱਤ੍ਵ ਭਰਮ'। ਉਹ ਜਿਹੜੀ ਬੁੱਧੀ ਹੈ ਆਤਮਾ ਦੀ ਸਮੀਪਤਾ ਕਰਕੇ ਜਿਸ ਤਰ੍ਹਾਂ ਦੇ ਨਾਲ ਬਲੌਰ ਹੋਵੇ ਉਹ ਲਾਲ ਕੱਪੜੇ 'ਤੇ ਰੱਖਿਆ ਹੋਵੇ, ਲਾਲ ਰੰਗ ਦਾ ਲੱਗਣ ਜਾਂਦੈ, ਪਰ ਰੰਗ ਉਹਦਾ ਚਿੱਟਾ ਹੈ। ਇਸੇ ਤਰ੍ਹਾਂ ਦੇ ਨਾਲ ਆਤਮਾ ਜਦੋਂ ਬੁੱਧੀ ਦੀ ਸਮੀਪਤਾ ਦੇ ਵਿਚ ਆਉਂਦੈ, ਤਾਂ ਇਹ ਦੁਖ-ਸੁਖ ਅਨੁਭਵ ਕਰਨ ਲਗ ਜਾਂਦੈ। ਮੈਂ-ਦੁਖੀ ਹਾਂ, ਮੈਂ ਸੁਖੀ ਹਾਂ। ਮੈਂ ਕਰਦਾ ਹਾਂ, ਮੈਂ ਭੋਗਦਾ ਹਾਂ, ਮੈਨੂੰ ਲੇਖੇ ਦੇਣੇ ਪੈਣਗੇ; ਐਸੀ ਬੁੱਧੀ ਆ ਜਾਂਦੀ ਹੈ।

ਸੋ ਇਸ ਤੋਂ ਅਗਲਾ ਭਰਮ ਹੋਇਆ ਕਰਦੈ 'ਸੰਗ ਭਰਮ'। ਇਹ ਮਾਇਆ, ਦੇਹ ਤੇ ਤਿੰਨਾਂ ਗੁਣਾਂ ਦਾ ਸੰਗਮ ਹੋਣ ਦੇ ਨਾਲ ਉਪਾਧੀ ਕਰਕੇ ਆਤਮਾ ਦੇ ਵਿਚ ਭਰਮ ਪੈ ਗਿਆ ਤੇ ਇਹ ਆਤਮਾ ਨਿਆਰੀ ਹੈ। ਸਰੀਰ ਦੇ ਧਰਮਾਂ ਨੂੰ ਆਪਣਾ ਧਰਮ ਬਣਾ ਲਿਆ। ਮੈਂ ਹਿੰਦੂ ਹਾਂ, ਮੈਂ ਸਿੱਖ ਹਾਂ, ਮੈਂ ਮੁਸਲਮਾਨ ਹਾਂ, ਮੈਂ ਈਸਾਈ ਹਾਂ, ਮੈਂ ਬੋਧੀ ਹਾਂ, ਮੈਂ ਕਾਲਾ ਹਾਂ, ਮੈਂ ਗੋਰਾ ਹਾਂ। ਸੋ ਇਸ ਤਰ੍ਹਾਂ ਦੇ ਨਾਲ ਮੈਂ ਗਰੀਬ ਹਾਂ, ਅਮੀਰ ਹਾਂ, ਮੈਂ ਸੁਖੀ ਹਾਂ, ਮੈਂ ਦੁਖੀ ਹਾਂ। ਇਹ ਭੇਦ ਹੈ, ਮਹਾਰਾਜ ਕਹਿੰਦੇ-

***ਸਹਸ ਘਟਾ ਮਹਿ ਏਕੁ ਆਕਾਸੁ ॥***
***ਘਟ ਫੂਟੇ ਤੇ ਓਹੀ ਪ੍ਰਗਾਸੁ ॥*** ***ਅੰਗ- 736***

ਉਹ ਜਿਹੜਾ ਘੜੇ ਦਾ ਆਕਾਸ਼ ਹੈ, ਉਹ ਹੈ ਤਾਂ ਆਕਾਸ਼ ਹੀ, ਘੜਾ ਭੰਨ ਦਿਓ, ਆਕਾਸ਼ ਦੇ ਨਾਲ ਆਕਾਸ਼ ਮਿਲਿਆ ਹੋਇਐ। ਮਕਾਨ ਦਾ ਮਠਾ ਅਕਾਸ਼ ਹੈ, ਮਕਾਨ ਸੁੱਟ ਦਿਓ, ਆਕਾਸ਼, ਆਕਾਸ਼ ਦੇ ਨਾਲ ਮਿਲਿਆ ਹੋਇਐ। ਬੱਦਲਾਂ ਦਾ ਜਿਹਨੂੰ ਕਹਿੰਦੇ ਨੇ ਮੇਘਾ ਆਕਾਸ਼, ਬੱਦਲ ਦੂਰ ਹੋ ਜਾਣ, ਵੱਡਾ ਅਕਾਸ਼ ਹੈ, ਮਹਾਂ ਅਕਾਸ਼ ਹੈ। ਕਹਿੰਦੇ, ਅਕਾਸ਼ ਤਾਂ ਇਕੋ ਹੀ ਹੈ, ਉਹ ਬਿਆਧੀਆਂ ਕਰਕੇ, ਵੰਡਿਆ ਹੋਇਆ ਹੋਣ ਕਰਕੇ,

ਸੰਗ ਭਰਮ ਪੈ ਗਿਆ ਇਹਦੇ 'ਚ। ਚੌਥਾ ਹੋਇਆ ਕਰਦੈ 'ਵਿਕਾਰ ਭਰਮ।' ਉਹ ਇਹ ਹੋਇਆ ਕਰਦੈ ਕਿ ਸੰਸਾਰ, ਦੁਨੀਆਂ ਹੋਰ ਹੈ ਤੇ ਰੱਬ ਹੋਰ ਹੈ। ਮਹਾਰਾਜ ਕਹਿੰਦੇ, ਦੁਨੀਆਂ ਹੋਰ ਨਹੀਂ, ਰੱਬ ਹੋਰ ਨਹੀਂ -

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥*

*ਅੰਗ- 922*

ਕਹਿੰਦੇ, ਇਹ ਤਾਂ ਹਰੀ ਦਾ ਰੂਪ ਹੈ, ਇਹ ਵਿਕਾਰ ਭਰਮ ਪੈਦਾ ਹੋਣ ਕਰਕੇ, ਤੁਹਾਨੂੰ ਜਗਤ ਤੇ ਪ੍ਰਮੇਸ਼ਰ ਅੱਡ-ਅੱਡ ਲੱਗਣ ਲਗ ਗਏ। ਕਹਿੰਦੇ, ਹਨ੍ਹੇਰੇ ਦੇ ਵਿਚ ਰੱਸੀ ਪਈ ਸੱਪ ਦਾ ਭੁਲੇਖਾ ਦਿੰਦੀ ਹੈ। ਪਰ ਜਦੋਂ ਚਾਨਣਾ ਹੁੰਦੈ, ਹੈਰਾਨ ਹੁੰਦੈ ਕਿ ਸੱਪ ਤਾਂ ਰੱਸੀ 'ਚ ਬਣ ਹੀ ਨਹੀਂ ਸਕਦਾ। ਪਰ ਕਿੱਧਰ ਚਲਿਆ ਗਿਆ ਉਹ, ਕਿਉਂਕਿ ਭਰਮ ਦਾ ਸੱਪ ਸੀ। ਇਸੇ ਤਰ੍ਹਾਂ ਦੇ ਨਾਲ ਬ੍ਰਹਮ ਤੇ ਜਗਤ ਦਾ ਭਰਮ ਹੈ। ਬਈ ਇਹ ਜਿਹੜਾ ਸੰਸਾਰ ਹੈ ਇਹ ਸਤਿ ਹੈ। ਇਹ ਨਹੀਂ ਕਦੇ ਵੀ ਜਾਂਦਾ। ਰੱਬ ਸਤਿ ਹੈ ਤੇ ਇਹ ਵੀ ਸਤਿ ਹੈ। ਮਹਾਰਾਜ ਕਹਿੰਦੇ ਇਸ ਤਰ੍ਹਾਂ ਨਹੀਂ ਪਿਆਰਿਓ! ਇਹ ਤਾਂ ਸੋਨੇ ਦੇ ਗਹਿਣਿਆਂ ਵਾਂਗਣ ਹੈ, ਜਦੋਂ ਕੁਠਾਲੀ 'ਚ ਪਾ ਦਿਓਂਗੇ ਮੁੜ ਕੇ ਇਹ ਸੋਨਾ ਹੋ ਜਾਏਗਾ। ਇਹ ਪੰਜ ਭਰਮ ਹੁੰਦੇ ਨੇ, ਜਲ ਤਰੰਗ ਹੈ, ਤਰੰਗ ਉਠਦੀ ਹੈ ਸਮੁੰਦਰ ਦੇ ਵਿਚੋਂ, ਅੱਡ ਲਗਦੀ ਹੈ। ਜਦੋਂ ਸ਼ਾਂਤ ਹੋ ਜਾਂਦੈ ਸਮੁੰਦਰ, ਤਰੰਗ ਵਿਚ ਸਮਾਅ ਜਾਂਦੀ ਹੈ। ਇਵੇਂ ਜਿਵੇਂ ਸੋਨੇ ਦੇ ਗਹਿਣੇ ਨੇ। ਇਸੇ ਤਰ੍ਹਾਂ ਦੇ ਨਾਲ ਸੂਤ ਹੈ, ਮਾਲਾ ਬਣੀ ਹੋਈ ਹੈ, ਬਣ ਕੇ ਅੱਡ-ਅੱਡ ਨਜ਼ਰ ਆਉਂਦੀ ਹੈ, ਹੈਗਾ ਇਕੋ ਹੀ ਸੂਤ। ਸੋ ਕਹਿੰਦੇ, ਜਿੰਨੀ ਦੇਰ ਤਕ ਇਹ ਕਾਈ ਨਹੀਂ ਨਾ ਮਿਟਦੀ, ਜਦੋਂ ਆਪਾ ਚੀਨਦੈ ਫੇਰ ਮਿਟ ਜਾਂਦੀ ਹੈ। ਫੇਰ ਗਿਆਨ ਹੋ ਜਾਂਦੈ। ਲੇਕਿਨ ਹੁੰਦਾ ਕੀ ਹੈ। ਇਹਦੇ ਅੰਦਰ ਜਿਹੜੀ ਸੁਰਤ ਹੈ ਉਹ ਇਹਦੇ ਵਿਚ ਭੁੱਲ ਗਈ ਸਰੀਰ ਦੇ। ਭੁੱਲ ਕੇ ਇਹਨੂੰ ਰਾਹ ਨਹੀਂ ਲੱਭ ਰਿਹਾ, ਗਲਤ ਰਸਤੇ ਪਈ ਹੋਈ ਹੈ, ਗਲਤ ਧਾਰਨਾਵਾਂ ਨੇ, ਗਲਤ ਇਹਦੇ ਨਿਸ਼ਚੇ ਨੇ, ਇਹ ਭੁੱਲ ਗਈ। ਮਹਾਰਾਜ ਕਹਿੰਦੇ, ਨੌਂ ਦਰਵਾਜ਼ਿਆਂ ਦੇ ਵਿਚੀਂ ਭੁੱਲ ਗਈ। ਆਪਣੇ ਘਰ ਜਾਣਾ ਭੁੱਲ ਗਈ।

ਸੰਤ ਮਹਾਰਾਜ ਜੀ ਦਸਿਆ ਕਰਦੇ ਸੀ ਕਿ ਜਿਵੇਂ ਇਕ ਬਹੁਤ ਸੁੰਦਰ ਮਹਿਲ ਹੈ। ਉਹਦੇ ਵਿਚ ਇਕ ਪੰਛੀ ਰਹਿੰਦੈ, ਵਿਚਕਾਰ, ਬਹੁਤ ਸੋਹਣਾ ਕਮਰਾ ਹੈ। ਸਭ ਕੁਛ ਆਰਾਮ ਹੈ, ਚੋਗਾ ਵੀ ਉਥੇ ਪਿਐ, ਲੇਕਿਨ ਉਹ ਬਾਹਰ ਨਿਕਲ ਗਿਆ। ਬਾਹਰ ਨੇ ਨੌਂ ਦਰਵਾਜ਼ੇ, ਉਹ ਕਦੇ ਇਕ ਦਰਵਾਜ਼ੇ 'ਚ ਵੜਦੈ, ਦੂਜੇ ਥਾਈਂ ਨਿਕਲ ਜਾਂਦੈ, ਦੂਜੇ 'ਚ ਵੜਦੈ ਤੀਜੇ ਥਾਈਂ ਨਿਕਲ ਜਾਂਦੈ ਤੇ ਭੁੱਲ ਗਿਆ, ਆਪਣੇ ਘਰ ਨੂੰ ਨਹੀਂ ਜਾਂਦਾ।

ਐਸਾ ਮਹਾਰਾਜ ਫੁਰਮਾਨ ਕਰਦੇ ਨੇ -

***ਧਾਰਨਾ - ਨਉ ਘਰਿ ਦੇਖਿ ਜੁ ਕਾਮਨ ਭੂਲੀ,***
***ਬਸਤੁ ਅਨੂਪ ਨਾ ਪਾਈ।***

***ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ ॥***
***ਅੰਗ- 339***

ਇਹ ਜੋ ਜੀਵ ਆਤਮਾ ਸੀ, ਇਹ ਸਰੀਰ ਨੂੰ ਦੇਖ ਕੇ ਭੁੱਲ ਗਈ ਕਿਉਂਕਿ ਇਹਦੇ -

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥***
***ਅੰਗ- 954***

ਬਾਹਰ-ਬਾਹਰ ਤਾਂ ਫਿਰੀ ਜਾਂਦੀ ਹੈ, ਅੰਦਰਲਾ ਰਸਤਾ ਭੁੱਲ ਗਈ। ਮਹਾਰਾਜ ਕਹਿੰਦੇ ਅੰਦਰ ਤੇਰੇ ਪਈ ਹੈ ਅਨੂਪ ਵਸਤੂ -

***ਕਾਇਆ ਨਗਰੁ ਨਗਰ ਗੜ ਅੰਦਰਿ ॥***
***ਸਾਚਾ ਵਾਸਾ ਪੁਰਿ ਗਗਨੰਦਰਿ ॥***
***ਅਸਥਿਰੁ ਥਾਨੁ ਸਦਾ ਨਿਰਮਾਇਲੁ***
***ਆਪੇ ਆਪੁ ਉਪਾਇਦਾ ॥ 1 ॥***
***ਅੰਦਰਿ ਕੋਟ ਛਜੇ ਹਟਨਾਲੇ ॥***
***ਆਪੇ ਲੇਵੈ ਵਸਤੁ ਸਮਾਲੇ ॥***
***ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥***
***ਅੰਗ- 1033***

ਜਦੋਂ ਗੁਰੂ ਦੇ ਸ਼ਬਦ ਦੇ ਨਾਲ ਖੁਲ੍ਹ ਗਏ ਬਜਰ ਕਪਾਟ, ਆਸਾ ਤੇ ਅੰਦੇਸਾ ਦੇ। ਉਸ ਵੇਲੇ ਹੀ ਅੰਦਰ ਦਾਖਲ ਹੋ ਗਿਆ।

***ਭੀਤਰਿ ਕੋਟ ਗੁਫਾ ਘਰ ਜਾਈ ॥***
***ਨਉ ਘਰ ਥਾਪੇ ਹੁਕਮਿ ਰਜਾਈ ॥*** ***ਅੰਗ- 1033***

ਜਿਹੜੇ ਨੌਂ ਘਰ ਸੀ ਇਹ ਹੁਣ ਬੰਦ ਕਰ ਦਿਤੇ। ਇਹ ਬਾਹਰਲੇ ਪਾਸੇ ਨੂੰ ਨਹੀਂ ਖੁਲ੍ਹ ਰਹੇ, ਅੰਦਰਲੇ ਪਾਸੇ ਨੂੰ ਖੁਲ੍ਹਣ ਲਗ ਗਏ। ਦਰਵਾਜ਼ੇ ਸਾਰੇ ਬਾਹਰ ਨੂੰ ਖੁਲ੍ਹਦੇ ਨੇ, ਜਿੰਨੇ ਵੀ ਨੇ। ਅੱਖਾਂ ਬਾਹਰ ਨੂੰ ਖੁਲ੍ਹਦੀਆਂ ਨੇ, ਅੰਦਰ ਨੂੰ ਨਹੀਂ ਖੁਲ੍ਹਦੀਆਂ, ਕੰਨ ਬਾਹਰ ਨੂੰ ਖੁਲ੍ਹਦੇ, ਮੂੰਹ ਬਾਹਰ ਨੂੰ ਖੁਲ੍ਹਦੈ, ਅੰਦਰ ਨੂੰ ਨਹੀਂ ਖੁਲ੍ਹਦਾ। ਨਾਸਕਾ ਬਾਹਰ ਨੂੰ ਖੁਲ੍ਹਦੀ ਹੈ, ਅੰਦਰ ਨੂੰ ਨਹੀਂ ਖੁਲ੍ਹਦੀ। ਸਪਰਸ਼ ਬਾਹਰ ਨੂੰ ਖੁਲ੍ਹਦੀ ਹੈ, ਅੰਦਰ ਨੂੰ ਨਹੀਂ ਖੁਲ੍ਹਦੀ। ਅੰਦਰਲੀ ਸਪਰਸ਼ ਦਾ ਪਤਾ ਹੀ ਨਹੀਂ। ਹੁਣ ਇਹ ਡਬਲ ਹੈ ਸਿਸਟਮ, ਇਕ ਤਾਂ ਇਹ ਹੈ ਕਿ ਜਿਹੜੇ ਬਾਹਰ ਨੂੰ ਖੁਲ੍ਹਦੇ ਨੇ ਇਹ ਤਾਂ ਹੈਗੇ ਭੁਲਾਉਣ ਵਾਲੇ। ਇਕ ਉਹ ਨੇ ਜਿਹੜੇ ਅੰਦਰ ਨੂੰ ਖੁਲ੍ਹਦੇ ਨੇ, ਉਹਦਾ ਸਾਨੂੰ ਅਨੁਭਵ ਨਹੀਂ ਹੈ। ਸਾਨੂੰ ਪਤਾ ਹੀ ਨਹੀਂ ਕਿ ਅੰਦਰ ਦਰਵਾਜ਼ੇ ਵੀ ਖੁਲ੍ਹਦੇ ਨੇ। ਕਦੇ ਸੁਣਿਆ ਹੀ ਨਹੀਂ, ਅਸੀਂ ਤਾਂ ਇਹੀ ਸੁਣੀ ਜਾਂਦੇ ਹਾਂ, ਇਹਨੂੰ ਮਾਰ ਲਓ, ਇਹਨੂੰ ਫੜ ਲਓ, ਜੇ ਇਸ ਤਰ੍ਹਾਂ ਨਾ ਕਰਿਆ ਤੂੰ ਸਿੱਖ ਨਹੀਂ ਜੇ ਤੂੰ ਇਸ ਤਰ੍ਹਾਂ ਨਾ ਕਰਿਆ ਤਾਂ ਕੁਛ ਨਹੀਂ। ਉਪਰਲੀਆਂ-ਉਪਰਲੀਆਂ ਗੱਲਾਂ ਸੁਣਦੇ ਹਾਂ, ਸਾਨੂੰ ਅੰਦਰਲੇ ਦੀ ਤਾਂ ਸੋਝੀ ਹੀ ਨਹੀਂ ਹੈ

–

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥***
***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥***
***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥***
***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥***

***ਅੰਗ- 954***

***ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥ ਅੰਗ- 947***

ਭੁੱਲ ਗਈ ਇਹ ਕੰਮ ਕਿਉਂਕਿ ਬਾਹਰ-ਬਾਹਰ ਇਹਦਾ ਵਾਸਾ ਹੋ ਗਿਆ –

***ਖਟ ਨੇਮ ਕਰਿ ਕੋਠੜੀ ਬਾਂਧੀ ਬਸਤੁ ਅਨੂਪੁ ਬੀਚ ਪਾਈ ॥***

***ਅੰਗ - 339***

ਉਪਮਾ ਤੋਂ ਰਹਿਤ ਆਤਮ ਵਸਤੂ, ਨਾਮ ਦਾ ਅੰਮ੍ਰਿਤ ਆਹ ਸਰੀਰ ਦੇ ਵਿਚ ਪ੍ਰਮੇਸ਼ਰ ਨੇ ਰਖਿਆ ਹੋਇਐ। ਛੇ ਨੇਮ ਕਰਕੇ ਬੰਨ੍ਹੀ। ਉਥੇ ਜਿਥੇ ਅੰਮ੍ਰਿਤ ਹੈ, ਛੇ ਦਰਵਾਜ਼ੇ ਲਾ ਦਿਤੇ, ਬੜੇ ਹੀ ਸਖਤ ਦਰਵਾਜ਼ੇ, ਜਿਹੜੇ ਖੁਲ੍ਹਦੇ ਨਹੀਂ। ਇਥੇ ਗੁਰਮਤਿ ਦਾ ਤੇ ਦੂਸਰੀ ਸਾਧਨਾ ਦਾ ਫਰਕ ਹੈ। ਹੈ ਗੱਲ ਇਕੋ ਹੀ। ਪਹੁੰਚਣਾ ਦੋਨਾਂ ਨੇ ਹੀ ਇਕੋ ਥਾਂ ਹੈ। ਇਕ ਨੇ ਸੁਖਾਲਾ ਪਹੁੰਚ ਜਾਣੈ, ਇਕ ਨੂੰ ਬਹੁਤ ਔਖਾ ਪਹੁੰਚਣਾ ਪੈਂਦੈ। ਉਹ ਦਰਵਾਜ਼ੇ ਭੰਨਦੇ ਨੇ। ਜਿਹੜੀ ਰੀੜ ਦੀ ਹੱਡੀ ਦੀ ਸਿਖਰ ਹੈ ਇਹਦੇ ਉਤੇ ਨਾੜੀ ਚੜ੍ਹੀ ਹੋਈ, ਸੱਪ ਦੇ ਮੂੰਹ ਵਰਗੀ, ਉਹਨੂੰ ਭੁਜੰਗਾ ਨਾੜੀ ਕਹਿੰਦੇ ਨੇ। ਪ੍ਰਾਣਾਯਾਮ ਕਰਕੇ, ਸਵਾਸ ਨੂੰ ਰੋਕ ਕੇ, ਅਪਾਨ ਵਾਯੂ ਦੀ ਮਦਦ ਦੇ ਨਾਲ ਸੇਕ ਦਿੰਦੇ ਨੇ ਉਹਨੂੰ ਤੇ ਉਹ ਨਰਮ ਹੋ ਕੇ, ਮੂੰਹ ਖੁਲ੍ਹ ਜਾਂਦੈ ਉਹਦਾ। ਉਸ ਥਾਂ ਦੇ ਉਤੇ ਕੁੰਡਲਨੀ ਦਾ ਵਾਸਾ ਹੈ। ਇਲੈਕਟ੍ਰਨਿਕ ਦੀ ਜਿਹੜੀ ਸ਼ਕਤੀ ਹੈ ਉਸ ਪੁਆਇੰਟ 'ਤੇ ਹੈ ਸਾਰੀ। ਉਹ ਰੀੜ ਦੀ ਹੱਡੀ ਰਾਹੀਂ ਸਾਰੇ ਸਰੀਰ ਨੂੰ ਕੰਟਰੋਲ ਕਰਦੀ ਹੈ। ਜੇ ਰੀੜ ਦੀ ਹੱਡੀ ਨੂੰ ਕੁਛ ਹੋ ਜਾਏ, ਅਧਰੰਗ ਹੋ ਜਾਂਦੈ। ਜਿਹੜੀ ਇਹਦੇ ਅੰਦਰ ਇਲੈਕਟ੍ਰਿਕ ਕਰੰਟ ਜਾ ਰਹੀ ਸੀ ਉਹ ਜਾਣ ਤੋਂ ਰਹਿ ਗਈ। ਉਹ ਕੁੰਡਲਨੀ ਸ਼ਕਤੀ ਹੈ, ਕੁੰਡਲਨੀ ਸ਼ਕਤੀ ਨੂੰ ਉਠਾਉਂਦੇ ਨੇ ਜਿਹੜਾ ਰੀੜ ਦੀ ਹੱਡੀ ਦਾ ਆਖਰੀ ਹਿੱਸਾ ਹੈ, ਉਹਨੂੰ ਮੂਲਧਾਰ ਚੱਕਰ ਕਹਿੰਦੇ ਨੇ। ਖਟ ਨੇਮ ਕਰੇ ਨੇ, ਮਹਾਰਾਜ ਕਹਿੰਦੇ ਛੇ ਨੇਮ ਕਰੇ ਨੇ, ਮਹਾਰਾਜ ਕਹਿੰਦੇ, ਪਹਿਲਾ ਚੱਕਰ ਦਰਵਾਜ਼ਾ ਬੰਦ ਕਰਿਆ ਹੋਇਆ, ਮੂਲਧਾਰ ਦਾ ਹੈ। ਉਹਦੇ 'ਚ ਸੇਕ ਦਿੰਦੇ ਨੇ ਸੇਕ ਦੇ ਕੇ ਉਹ ਮਾਸ ਪਿਘਲ ਜਾਂਦੈ। ਸਵਾਸ ਉਪਰ ਤੁਰ ਪੈਂਦੈ, ਕੁੰਡਲਨੀ ਦੀ ਮਦਦ ਦੇ ਨਾਲ। ਦੂਸਰਾ ਜਿਹੜਾ ਹੈ ਸਵਾਧਿਸ਼ਠਾਨ ਚੱਕਰ ਉਹਨੂੰ ਕਹਿੰਦੇ ਨੇ ਤੇ ਥੋੜ੍ਹਾ ਜਿਹੜਾ ਉਤੇ ਹੁੰਦੈ। ਉਪਸਥਿਤ ਇੰਦਰੇ ਦੇ ਜੜ੍ਹਾਂ 'ਚ ਹੋਇਆ ਕਰਦੈ। ਸੋ ਤੀਸਰਾ ਹੁੰਦੈ ਨਾਭੀ ਦੇ ਵਿਚ ਮਣੀਪੂਰਕ ਚੱਕਰ, ਚੌਥਾ ਆ ਜਾਂਦੈ ਅਨਾਹਤ ਚੱਕਰ, ਜਿੱਥੇ ਕੌਡੀ ਹੈ ਇਸ ਥਾਂ ਦੇ ਉਤੇ ਹੋਇਆ ਕਰਦੈ। ਪੰਜਵਾਂ ਵਿਸ਼ੁਧ ਚੱਕਰ, ਉਹ ਗਲ ਦੇ ਵਿਚ ਹੋਇਆ ਕਰਦੈ, ਕੰਠ

ਚੱਕਰ ਕਹਿੰਦੇ ਨੇ। ਛੇਵਾਂ ਆ ਜਾਂਦੈ ਆਗਿਆ ਚੱਕਰ, ਜਿੱਥੇ ਦੋਵੇਂ ਅੱਖਾਂ ਤੇ ਨੱਕ ਦੀ ਜੜ੍ਹ ਹੈ। ਉਸ ਪੁਆਇੰਟ 'ਤੇ ਜਾ ਕੇ ਉਹ ਚੱਕਰ ਹੈ। ਉਸ ਦੀ ਸੇਧ ਦੇ ਵਿਚ ਰੀੜ੍ਹ ਦੀ ਹੱਡੀ ਦੇ ਵਿਚ, ਕਿਉਂਕਿ ਜਿਹੜੀ ਸੁਖਮਨਾ ਨਾੜੀ ਹੈ ਇਹ ਦਸਵੇਂ ਦੁਆਰ ਤਕ ਪਹੁੰਚਦੀ ਹੈ। ਸੋ ਕਹਿੰਦੇ - 'ਖਟ ਨੇਮ ਕਰਿ ਕੋਠੜੀ ਬਾਂਧੀ ਬਸਤੁ ਅਨੂਪੁ ਬੀਚ ਪਾਈ ॥' ਇਹ ਛੇ ਨੇਮ ਬਣਾ ਕੇ, ਆਹ ਸਰੀਰ ਦੀ ਕੋਠੜੀ ਬੰਨ੍ਹੀ। ਇਹਦੇ ਸਿਰੇ ਦੇ ਉਤੇ ਆਤਮ ਤੱਤ, ਪ੍ਰਮੇਸ਼ਰ ਨੇ ਆਪਣਾ ਆਸਣ ਲਾ ਲਿਆ। ਅੰਮ੍ਰਿਤ ਦਾ ਕੁੰਡ ਹੈ ਉਸ ਥਾਂ ਦੇ ਉਤੇ। ਕਹਿੰਦੇ -

***ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ ਕਰਤੇ ਬਾਰ ਨ ਲਾਈ ॥***

***ਅੰਗ- 339***

ਇਹ ਨਾਮ ਦੀ ਕੁੰਜੀ ਜਿਹੜੀ ਹੈ, ਇਹ ਲਾ ਕੇ ਪ੍ਰਾਣ ਜਿਹੜੇ ਨੇ, ਜਿੰਦਾ ਲਾ ਕੇ ਅੰਦਰ ਰਖ ਦਿਤੇ, ਹੁਣ ਨਿਕਲ ਨਹੀਂ ਸਕਦੇ, ਬਾਹਰ ਨੂੰ ਆਉਂਦੈ, ਅੰਦਰ ਨੂੰ ਆਉਂਦੈ, ਜਿਹੜੇ ਪੰਜ ਪ੍ਰਾਣ ਕੰਮ ਕਰ ਰਹੇ ਨੇ, ਉਹ ਛੱਡ ਨਹੀਂ ਰਹੇ ਸਰੀਰ ਨੂੰ। ਜਦੋਂ ਤਕ ਇਹ ਛੁਡਵਾਇਆ ਨਾ ਜਾਵੇ। ਓਨਾਂ ਚਿਰ ਇਹ ਬੰਦ ਨੇ। ਤਾਲਾ ਬੰਦ ਹੋਇਆ-ਹੋਇਆ ਹੈ। ਜਦੋਂ ਅਸੀਂ ਵਾਹਿਗੁਰੂ ਕੋਲ ਅਰਦਾਸ ਕਰਦੇ ਹਾਂ। ਉਹ ਫੇਰ ਨਹੀਂ ਦੇਰ ਲਾਉਂਦਾ, ਰਸਤਾ ਖੋਲ੍ਹ ਦਿੰਦੈ। ਕਹਿੰਦੇ -

***ਅਬ ਮਨ ਜਾਗਤ ਰਹੁ ਰੇ ਭਾਈ ॥ ਅੰਗ- 339***

ਹੁਣ ਤੂੰ ਜਾਗਦਾ ਹੈ ਕਿਉਂਕਿ ਗਾਫਲ ਹੋ ਕੇ ਤੂੰ ਜਨਮ ਗਵਾ ਲਿਆ। ਤੇਰੇ ਇਕ-ਇਕ ਇੰਦਰੇ ਨੇ ਧੋਖਾ ਦਿਤਾ ਹੈ।

***ਗਾਫਲੁ ਹੋਇ ਕੈ ਜਨਮੁ ਗਵਾਇਓ ਚੋਰੁ ਮੁਸੈ ਘਰੁ ਜਾਈ ॥***

***ਅੰਗ- 339***

ਚੋਰ ਤੇਰੇ ਅੰਦਰ ਬੈਠੇ ਨੇ, ਜਿਹੜੇ ਤੂੰ ਪਹਿਰੇਦਾਰ ਲਾਏ ਨੇ -

***ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥***
***ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥***
***ਰਸਨਾ ਸੋਈ ਲੋਭਿ ਮੀਠੈ ਸਾਦਿ ॥***
***ਮਨੁ ਸੋਇਆ ਮਾਇਆ ਬਿਸਮਾਦਿ ॥ 1 ॥***
***ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥***
***ਸਾਬਤੁ ਵਸਤੁ ਓਹੁ ਅਪਨੀ ਲਹੈ ॥ 1 ॥ ਰਹਾਉ ॥***
***ਸਗਲ ਸਹੇਲੀ ਅਪਨੈ ਰਸ ਮਾਤੀ ॥***
***ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥***
***ਮੁਸਨਹਾਰ ਪੰਚ ਬਟਵਾਰੇ ॥***
***ਸੂਨੇ ਨਗਰਿ ਪਰੇ ਠਗਹਾਰੇ ॥ ਅੰਗ- 182***

ਦਿਨ ਰਾਤ ਇਹਨੂੰ ਲੁਟਦੇ ਨੇ -

***ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ***
***ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥***

*ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ*
*ਕੋਇ ਨ ਸੁਣੈ ਪੂਕਾਰਾ॥* *ਅੰਗ- 600*

ਕਹਿੰਦੇ, ਜਿਹੜੇ ਪਹਿਰੇਦਾਰ ਸੀਗੇ, ਉਹ ਤਾਂ ਕਹਿੰਦੇ ਤੈਨੂੰ ਧੋਖਾ ਦੇ ਗਏ। ਉਹ ਆਪਣਾ ਕੰਮ ਕਰਨ ਲਗ ਗਏ, ਤੇਰੀ ਡਿਊਟੀ ਛੱਡ ਦਿਤੀ।

*ਧਾਰਨਾ - ਬਹੁ ਰੰਗ ਤਮਾਸੇ, ਅੱਖੀਆਂ ਵੇਖ ਨਾ ਰੱਜੀਆਂ।*

*ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ।*
*ਉਸਤਤਿ ਨਿੰਦਾ ਕੰਨਿ ਸੁਣਿ ਰੋਵਣਿ ਤੈ ਹਾਸੇ।*
*ਸਾਦੀ ਜੀਭ ਨ ਰਜੀਆ ਕਰਿ ਭੋਗ ਬਿਲਾਸੇ।*
*ਨਕ ਨ ਰਜਾ ਵਾਸੁ ਲੈ ਦੁਰਗੰਧ ਸੁਵਾਸੇ।*
*ਰਜਿ ਨ ਕੋਈ ਜੀਵਿਆ ਕੂੜੇ ਭਰਵਾਸੇ।*
*ਪੀਰ ਮੁਰੀਦਾਂ ਪਿਰਹੜੀ ਸਚੀ ਰਹਰਾਸੇ॥*
*ਭਾਈ ਗੁਰਦਾਸ ਜੀ, ਵਾਰ 27/9*

*ਪੰਚ ਪਹਰੂਆ ਦਰ ਮਹਿ ਰਹਤੇ ਤਿਨ ਕਾ ਨਹੀ ਪਤੀਆਰਾ ॥*
*ਅੰਗ- 339*

ਹੁਣ ਇਹਨਾਂ ਦਾ ਕੀ ਭਰੋਸਾ ਕਰੇ, ਇਹ ਤਾਂ ਆਪਣੇ-ਆਪਣੇ ਵਿਸ਼ਿਆਂ 'ਚ ਪੈ ਗਏ। ਸੋ ਇਸ ਤਰ੍ਹਾਂ ਦੇ ਨਾਲ ਇਹ ਜੀਵ ਭੁੱਲ ਗਿਆ। ਅਸਲੀ ਚੀਜ਼ ਤੋਂ ਲਾਂਭੇ ਹੋ ਗਿਆ ਤੇ ਹੋਰ ਚੀਜ਼ ਨੂੰ ਤਲਾਸ਼ ਕਰਨਾ ਸ਼ੁਰੂ ਕਰ ਦਿਤਾ।

*ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥*
*ਅੰਗ- 1185*

ਸਾਡਾ ਜੋ ਛੁਟਕਾਰਾ ਹੋਣੈ ਉਹ ਨਾਮ ਬੀਜ ਕੇ, ਨਾਮ ਦੀ ਖੇਤੀ ਕਰਕੇ -

*ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥*
*ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥*
*ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥ 1 ॥*
*ਅੰਗ- 595*

ਭਾਗਾਂ ਵਾਲੇ ਨੇ ਜਿਹੜੇ ਨਾਮ ਦੀ ਖੇਤੀ ਕਰਨਗੇ। ਨਾਮ ਦੀ ਖੇਤੀ, ਸਾਡੇ ਵਾਸਤੇ ਗੁਰੂ ਮਹਾਰਾਜ ਨੇ ਨਾਮ ਮਾਰਗ ਲਿਆਂਦਾ ਹੈ, ਬਹੁਤ ਸੁਖਾਲਾ। ਜਿਹਨੂੰ ਹਰ ਬੰਦਾ ਕਰ ਸਕਦੈ। ਕੋਈ ਔਖੀ ਬਾਤ ਨਹੀਂ।

ਸਾਧਸੰਗਤ ਜੀ! ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇਥੇ ਹੀ ਸਮਾਪਤੀ ਹੈ।

*ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।*

# ਜਮਕਾਲ ਦਾ ਡੰਡਾ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - 289*

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥*

*ਅੰਗ- 537*

*ਧਾਰਨਾ - ਏਕੋ ਕਹੀਐ ਨਾਨਕਾ, ਦੂਜਾ ਕਾਹੇ ਕੂ।*

*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,*
*ਨਿਆਰੇ ਨਿਆਰੇ ਹੋਇ ਕੈ ਫੇਰਿ ਆਗ ਮੈ ਮਿਲਾਹਿੰਗੇ॥*
*ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ,*
*ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥*
*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥*
*ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ*
*ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥ ਅਕਾਲ ਉਸਤਤਿ*

ਸਾਧਸੰਗਤ ਜੀ, ਗੱਜ ਕੇ ਬੋਲਣਾ, ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋਂ। ਮਹਾਰਾਜ ਦਾ ਫੁਰਮਾਨ ਹੈ ਕਿ-

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥* *ਅੰਗ- 1291*

ਬਹੁਤ ਵੱਡਾ ਉਪਦੇਸ਼ ਬਖਸ਼ੇ ਹੋਏ, (ਉੱਤਮ) ਜਗਿਆਸੂਆਂ ਵਾਸਤੇ ਹੈ। ਜੇ ਕੋਈ ਕਹੇ ਕਿ ਮੈਂ ਬਹੁਤ ਪੜ੍ਹਿਆ ਹੋਇਆ ਹਾਂ, ਮੈਂ ਬਹੁਤ ਗ੍ਰੰਥ ਦੇਖੇ ਨੇ। ਹੁਣ ਵੀ ਮੈਂ ਬਹੁਤ ਸਾਧਨਾ ਕੀਤੀਆਂ ਨੇ। ਉਨ੍ਹਾਂ ਵਾਸਤੇ ਨਹੀਂ ਹੈ ਇਹ ਉਪਦੇਸ਼ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਤਿੰਨ ਵਰਗ ਨੇ ਉਪਦੇਸ਼ਾਂ ਦੇ। ਇਹ ਗੱਲ ਅੱਛੀ ਤਰ੍ਹਾਂ ਨਾਲ ਸਮਝ ਲੈਣੀ ਚਾਹੀਦੀ ਹੈ। ਜਿਸ ਤਰ੍ਹਾਂ ਦੇ ਨਾਲ ਦੁਨਿਆਵੀ ਪੜ੍ਹਾਈ ਪੜ੍ਹਨ ਵਾਸਤੇ ਦਰਜੇ-ਬ-ਦਰਜੇ ਕਿਤਾਬਾਂ, ਸਿਲੇਬਸ ਹੋਇਆ ਕਰਦਾ ਹੈ, ਇਸੇ ਤਰ੍ਹਾਂ ਦੇ ਨਾਲ ਰੂਹਾਨੀ ਪੜ੍ਹਾਈ ਪੜ੍ਹਨ ਵਾਸਤੇ, ਵੱਖਰੀ-ਵੱਖਰੀ ਅਵਸਥਾ ਦੇ ਮੁਤਾਬਿਕ ਉਪਦੇਸ਼ ਹੋਇਆ ਕਰਦਾ ਹੈ। ਸਿਆਣਿਆਂ ਨੇ ਇਨ੍ਹਾਂ ਨੂੰ ਚਾਰ ਦਰਜਿਆਂ ਦੇ ਵਿਚ ਵੰਡਿਆ ਹੈ। ਦੂਸਰੇ ਪਾਸੇ ਮਾਨਸਿਕ ਬੁੱਧੀ ਦੇ ਹਿਸਾਬ ਨਾਲ ਤੇ

ਉਹਦਾ ਸੰਸਾਰ ਵਿਚ ਰਹਿ ਕੇ ਕਰਮ ਕਰਨਾ ਤੇ ਜਾ ਕੇ ਉਹਦਾ ਫਲ ਭੁਗਤਣਾ। ਉਹਨੂੰ ਵੀ ਚਾਰ ਦੇ ਵਿਚ ਵੰਡਿਆ ਹੈ। ਪਹਿਲੇ ਦੇ ਵਿਚ ਹੈ ਉਹ ਉਪਦੇਸ਼ ਜੋ ਸ਼ਰੀਅਤ ਦੇ ਵਿਚ ਦਿਤਾ ਜਾਂਦਾ ਹੈ। ਇਉਂ ਸਮਝ ਲਓ ਪੰਜਵੀਂ ਜਮਾਤ 'ਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਮੰਦੇ ਕਰਮ ਨਾ ਕਰਨ ਦਾ ਉਪਦੇਸ਼ ਹੋਇਆ ਕਰਦੈ। ਨਿੰਦਿਆ ਨਾ ਕਰੋ, ਚੁਗਲੀ ਨਾ ਕਰੋ, ਈਰਖਾ ਨਾ ਕਰੋ, ਕਿਸੇ ਨਾਲ ਵੈਰ ਨਾ ਕਰੋ, ਕਿਸੇ ਨਾਲ ਵਿਰੋਧ ਨਾ ਕਰੋ, ਲਾਲਚ ਨਾ ਕਰੋ, ਧੋਖਾ ਨਾ ਦਿਓ, ਕਪਟ ਨਾ ਕਰੋ, ਕਿਸੇ ਦਾ ਧਨ ਲੈ ਕੇ ਨਾ ਦੱਬੋ, ਕਿਸੇ ਨਾਲ ਵਿਸ਼ਵਾਸ਼ਘਾਤ ਨਾ ਕਰੋ, ਹਿੰਸਾ ਵਿਚ ਨਾ ਆਓ। ਬੜਾ ਕੁਛ ਹੈ ਤੇ ਨਾਲ ਉਹਨਾਂ ਦਾ ਫਲ ਲਿਖਿਆ ਹੁੰਦੈ ਕਿ ਜੇ ਇਹੋ ਜਿਹੇ ਕਰਮ ਕਰੇਂਗਾ ਤਾਂ ਅੱਗੇ ਜਾ ਕੇ ਜਿਸ ਥਾਂ ਦੇ ਉਤੇ ਲੇਖਾ ਪੱਤਾ ਹੋਣਾ ਹੈ, ਸੰਸਾਰ ਛੱਡ ਕੇ ਜਾਣਾ ਹੈ। ਉਸ ਥਾਂ 'ਤੇ ਉਹ ਸਾਰਿਆਂ ਦਾ ਇਕੱਲੇ-ਇਕੱਲੇ ਤੇਰੇ ਕੀਤੇ ਹੋਏ ਕਰਮ ਦਾ ਹਿਸਾਬ-ਕਿਤਾਬ ਹੋਵੇਗਾ। ਉਸ ਵੇਲੇ ਇਹ ਜਿਹੜੀ ਜਿੰਦ ਹੈ ਇਹ ਮਰਦੀ ਨਹੀਂ ਹੈ। ਐਵੇਂ ਜਿਵੇਂ ਰਹਿੰਦੀ ਹੈ। ਕੁਛ ਚੀਜ਼ਾਂ ਇਹਦੇ ਕੋਲੋਂ ਚਲੀਆਂ ਜਾਂਦੀਆਂ ਨੇ।

***ਮੂਈ ਸੁਰਤਿ ਬਾਦੁ ਅਹੰਕਾਰੁ ॥*** ***ਅੰਗ- 152***

ਇਕ ਤਾਂ ਸੁਰਤਿ ਮਰ ਜਾਂਦੀ ਹੈ ਦੁਨੀਆਂ ਵਾਲੀ, ਦੂਜੇ ਝਗੜੇ ਝਾਟੇ ਮਰ ਜਾਂਦੇ ਨੇ, ਤੀਸਰਾ ਜਿਹੜਾ ਅਭਿਮਾਨ ਕਰਦਾ ਹੈ ਆਪਣੀ ਕੁਰਸੀ ਦਾ, ਪੜ੍ਹਾਈ ਦਾ, ਪੈਸੇ ਦਾ, ਇਹ ਵੀ ਓਥੇ ਕੰਮ ਨਹੀਂ ਆਉਂਦਾ ਤੇ -

***ਓਹੁ ਨ ਮੂਆ ਜੋ ਦੇਖਣਹਾਰੁ ॥*** ***ਅੰਗ- 152***

ਇਹਦੇ ਵਿਚ ਜਿਹੜਾ ਹੈਗਾ ਉਹ ਨਹੀਂ ਮਰਦਾ। ਉਹਨੂੰ ਮਹਾਰਾਜ ਕਹਿੰਦੇ, ਜਾ ਕੇ ਆਪਣੇ ਸਾਰੇ ਕੰਮਾਂ ਦਾ ਜਿੰਨੇ ਚੰਗੇ ਤੇ ਮੰਦੇ ਕਰਮ ਕੀਤੇ ਨੇ, ਉਹ ਹਿਸਾਬ ਵਿਚ ਹੁੰਦੇ ਨੇ, ਜੇ ਤਾਂ ਉਹ ਵਧੀਆ ਹੋਣ ਫੇਰ ਤਾਂ ਖੁਸ਼ੀ ਵਿਚ ਜਾਂਦਾ ਹੈ, ਜੇ ਮਾੜੇ ਹੋਣ ਫੇਰ ਰੋਂਦਾ, ਔਖਾ ਹੋ ਜਾਂਦੈ -

***ਧਾਰਨਾ - ਜਿੰਦੇ ਰੋਵੇਂਗੀ ਤੇ ਰੋ-ਰੋ ਪਛੋਤਾਵੇਂਗੀ,***
***ਫੇਰ ਤੇਰਾ ਕੋਈ ਨਾ ਬਣੇ।***

***ਆਪੀਨ੍ਹੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥***
***ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥***
***ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥***
***ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥***
***ਮਨਿ ਅੰਧੈ ਜਨਮੁ ਗਵਾਇਆ ॥*** ***ਅੰਗ- 464***

ਐਸਾ ਉਪਦੇਸ਼, ਆਦਮੀ ਕਰਮਾਂ ਵਿਚ ਪ੍ਰਵਿਰਤ ਹੁੰਦੈ। ਤਿੰਨ ਦੋਸ਼ ਇਸ ਨੂੰ ਸੰਸਾਰ ਵਿਚ ਵਿਚਰਦੇ ਨੂੰ ਲਗ ਜਾਂਦੇ ਨੇ। ਇਕ ਨੂੰ ਮਲ ਕਹਿੰਦੇ ਨੇ, ਦੂਸਰੇ ਨੂੰ ਵਿਖਸ਼ੇਪ ਕਹਿੰਦੇ ਨੇ, ਤੀਸਰੇ ਨੂੰ ਆਵਰਨ ਕਹਿੰਦੇ ਨੇ। ਸਾਦੀ ਜ਼ੁਬਾਨ ਦੇ ਅੰਦਰ ਮਲ ਉਹਨਾਂ ਕਰਮਾਂ ਦੀ ਮੈਲ ਨੂੰ ਕਹਿੰਦੇ ਨੇ ਜਿਹਦੇ ਨਾਲ ਇਹ ਆਦਮੀ ਪ੍ਰਮੇਸ਼ਰ ਤੋਂ ਵਿਛੜ ਕੇ ਬਹੁਤ ਦੂਰ ਹੋ ਗਿਆ। ਜਿਹੜੇ ਕਰਮਾਂ ਦੇ ਕਰਨ ਨਾਲ ਇਹਦੇ ਅੰਦਰ ਪ੍ਰਕਾਸ਼ ਮਿਟ

ਗਿਆ ਤੇ ਹਨ੍ਹੇਰਾ ਛਾ ਗਿਆ। ਕੋਈ ਵਿਰਲਾ ਹੈ ਜਿਸਦੇ ਮਨ ਵਿਚ ਪ੍ਰਕਾਸ਼ ਹੈ, ਹਨ੍ਹੇਰਾ ਹੀ ਹਨ੍ਹੇਰਾ ਹੈ। ਕਿਉਂਕਿ ਮਾਇਆ ਕਹਿੰਦੇ ਹੀ ਹਨ੍ਹੇਰੇ ਨੂੰ, ਗੁਬਾਰ ਨੂੰ ਕਹਿੰਦੇ ਨੇ, ਗੁਬਾਰ ਚੜ੍ਹਦੈ। ਉਹਦੇ ਨਾਲ ਕੀ ਹੁੰਦੈ, ਪ੍ਰਮੇਸ਼ਰ ਕੋਲ ਰਹਿੰਦਾ, ਨਾ ਰਹਿੰਦਾ, ਉਹਨੂੰ ਭੁੱਲ ਜਾਂਦੈ ਤੇ ਇਹ ਵਿਛੜ ਜਾਂਦੈ। ਸੋ ਇਹ ਚੀਜ਼ ਹੈ ਇਹਨੂੰ ਮਲ ਕਹਿੰਦੇ ਨੇ –

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ***
***ਕਾਲਾ ਹੋਆ ਸਿਆਹੁ ॥***
***ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥***

***ਅੰਗ– 651***

ਬਾਹਰੋਂ ਚੰਗੇ ਕੱਪੜੇ, ਵਧੀਆ, ਚੰਗੇ ਕੀਮਤੀ ਤੋਂ ਕੀਮਤੀ ਵਸਤਰ ਪਹਿਨ ਕੇ ਹੋਰ ਸਰੀਰ ਦੀਆਂ ਅਨੇਕਾਂ ਸਜਾਵਟਾਂ ਲਾ ਕੇ ਆਦਮੀ ਅੰਦਰੋਂ ਜੇ ਮੈਲਾ ਹੈ, ਬਾਹਰੋਂ ਨਹੀਂ ਕੋਈ ਵੀ ਗੱਲ ਹੋਇਆ ਕਰਦੀ। ਧੋਖਾ ਖਾਂਦੀ ਹੈ ਨਿਗ੍ਹਾ, ਉਨ੍ਹਾਂ ਪੁਰਸ਼ਾਂ ਦੀ, ਜਿਨ੍ਹਾਂ ਨੇ ਮਾਇਆ ਦੇ ਉਤੇ ਆਪਣੀ ਨਿਗ੍ਹਾ ਜਮਾਈ ਹੋਈ ਹੈ, ਮੈਟਰ ਦੇ ਉਤੇ, ਪ੍ਰਕ੍ਰਿਤੀ ਦੇ ਉਤੇ। ਲੇਕਿਨ ਅੰਦਰਲੇ ਪਾਸੇ ਮੈਲ ਹੀ ਮੈਲ ਹੁੰਦੀ ਹੈ। ਥੋੜ੍ਹੀ ਮੈਲ ਨਹੀਂ ਹੈ। ਜਨਮਾਂ-ਜਨਮਾਂਤਰਾਂ ਤੋਂ ਲੱਗੀ ਹੋਈ ਮੈਲ ਹੈ। ਐਨੀ ਹੈ ਕਿ ਮਹਾਰਾਜ ਨੇ ਕਾਲਾ ਅੱਖਰ ਵਰਤ ਕੇ, ਇਕ ਅੱਖਰ ਹੋਰ ਇਹਦੇ ਨਾਲ ਲਾ ਦਿਤਾ ਕਿ ਕਾਲਾ ਐਵੇਂ ਨਾ ਸਮਝਿਓ, 'ਸਿਆਹੁ' ਹੈ। ਤੇ ਉਹ ਧੋਤਾ ਨਹੀਂ ਜਾਂਦਾ, ਕਿਸੇ ਤਰੀਕੇ ਨਾਲ 'ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ।' ਕੋਹਲੂ ਦੀ ਲੀਰ ਨੂੰ ਖੰਨਲੀ ਕਹਿੰਦੇ ਨੇ। ਉਹਦੇ 'ਚ ਸਰ੍ਹੋਂ ਦਾ ਜੋ ਕੁੜੱਤਣਪਨਾ ਹੈ, ਪੀਲਾਪਨ ਹੈ, ਉਹ ਐਨਾ ਰਚ ਜਾਂਦੈ ਕਿ ਉਹਦੇ 'ਚ ਮੁੜ ਕੇ ਚਟਿਆਈ ਨਹੀਂ ਆਉਂਦੀ। ਸੈਂਕੜੇ ਵਾਰੀ ਚਾਹੇ ਧੋਵੋ।

ਮਿਸਾਲ ਹੈ ਸਾਨੂੰ ਇਕ ਸਮਝਣ ਵਾਸਤੇ, ਸੋ ਐਸੇ ਤਰ੍ਹਾਂ ਜੋ ਆਪਾਂ ਸਫਰ ਕਰ ਰਹੇ ਹਾਂ। ਬੜਾ ਲੰਮਾ ਸਫਰ ਹੈ ਆਪਣਾ –

***ਕਈ ਜਨਮ ਭਏ ਕੀਟ ਪਤੰਗਾ ॥***
***ਕਈ ਜਨਮ ਗਜ ਮੀਨ ਕੁਰੰਗਾ ॥***
***ਕਈ ਜਨਮ ਪੰਖੀ ਸਰਪ ਹੋਇਓ ॥***
***ਕਈ ਜਨਮ ਹੈਵਰ ਬ੍ਰਿਖ ਜੋਇਓ ॥ ਅੰਗ– 176***

ਹੈਰਾਨੀ ਹੁੰਦੀ ਹੈ ਕਿ ਅਸੀਂ ਇਹੋ ਜਿਹੇ ਥਾਵਾਂ ਤੋਂ ਆਏ ਹਾਂ, ਦਰਖਤ ਵੀ ਬਣੇ ਹਾਂ, ਪੱਥਰ ਵੀ ਬਣੇ ਹਾਂ। ਮਹਾਰਾਜ ਕਹਿੰਦੇ –

***ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥ ਅੰਗ– 156***

24 ਲੱਖ ਕਿਸਮ ਦੀਆਂ ਜੜ੍ਹੀਆਂ-ਬੂਟੀਆਂ, ਰੁਖ ਤੇ ਬਿਰਖ ਨੇ। ਇਹਦੇ ਵਿਚੀਂ ਜੋ ਸਾਡਾ ਜੋ ਜੀਵ ਆਤਮਾ ਹੈ, ਉਹ ਸਾਰਿਆਂ ਦਾ ਅਨੁਭਵ ਲੈ ਕੇ ਅੱਗੇ ਨੂੰ ਵਧਿਆ ਹੈ। ਸਾਢੇ ਸੱਤ ਲੱਖ ਕਿਸਮ ਦੇ ਉਹ ਜੀਵ ਨੇ, ਜਿਹੜੇ ਫੰਗਾਂ ਦੇ ਨਾਲ ਉਡਦੇ ਨੇ। ਸਾਢੇ ਸੱਤ ਲੱਖ ਕਿਸਮ ਦੇ ਉਹ ਜੀਵ ਨੇ, ਜਿਹੜੇ ਪੇਟ ਦੇ ਭਾਰ ਚਲਦੇ ਨੇ। ਚਾਰ ਲੱਖ ਕਿਸਮ ਦੇ ਉਹ ਜੀਵ ਨੇ ਜਿਹੜੇ ਪੈਰਾਂ ਦੇ ਨਾਲ ਚਲਦੇ ਨੇ; ਕਿਸੇ ਨੂੰ ਦੋ ਪੈਰ ਮਿਲੇ

ਨੇ, ਕਿਸੇ ਨੂੰ ਸੌ ਪੈਰ ਵੀ ਮਿਲਿਆ ਹੈ, ਕਿਸੇ ਨੂੰ ਚਾਰ ਮਿਲੇ। ਪੇਟ ਨਹੀਂ ਲਾਉਂਦੇ, ਪੈਰਾਂ ਦੇ ਭਾਰ ਚਲਦੇ ਨੇ। ਉਸ ਤੋਂ ਇਲਾਵਾ ਬੇਅੰਤ ਅਵਿਅਕਤ ਜੂਨੀਆਂ ਨੇ, ਜਿਹੜੀਆਂ ਦਿਸਦੀਆਂ ਨਹੀਂ, ਭੂਤ, ਪ੍ਰੇਤ, ਸੂਕਰ, ਮ੍ਰਿਗਾਚ; ਮਹਾਰਾਜ ਕਹਿੰਦੇ ਉਹ ਸਾਰੀਆਂ ਜੂਨਾਂ ਨਜ਼ਰ ਨਹੀਂ ਆਉਂਦੀਆਂ। ਇਹਨਾਂ ਸਾਰੀਆਂ ਤੋਂ ਇਲਾਵਾ ਬਾਕੀ ਪਾਣੀ ਦੇ ਅੰਦਰ ਨੇ, ਜੀਵ ਜੰਤੂ ਪਤਾ ਹੀ ਨਹੀਂ ਕਿੰਨੀ ਹੀ ਕਿਸਮ ਦੇ ਨੇ। ਚਾਰ ਲੱਖ ਕਿਸਮ ਦੇ ਪੱਥਰ ਨੇ ਜਿਨ੍ਹਾਂ ਦੇ ਵਿਚ ਜਾਨ ਗਿਣੀ ਗਈ ਹੈ। ਜੀਵਨ ਹੈ ਜਿਹਨਾਂ ਦੇ ਅੰਦਰ। ਪੁਆਇੰਟ 000 ਲਾ ਕੇ 1 ਲਾ ਦਿਓ, ਐਨੀ ਕੇ ਉਹਦੇ 'ਚ ਜੀਵਨ ਹੈ। ਵਧਦੇ-ਘਟਦੇ ਨੇ ਉਹ। ਸੋ ਇਹਨਾਂ 'ਚੋਂ ਮਹਾਰਾਜ ਕਹਿੰਦੇ -

***ਮਿਲੁ ਜਗਦੀਸ ਮਿਲਨ ਕੀ ਬਰੀਆ ॥***
***ਚਿਰੰਕਾਲ ਇਹ ਦੇਹ ਸੰਜਰੀਆ ॥*** ***ਅੰਗ- 176***

ਉਸ ਤੋਂ ਬਾਅਦ ਮਨੁੱਖ ਅਸੀਂ ਕਿੰਨੀ ਵਾਰ ਬਣੇ ਹਾਂ, ਮਹਾਰਾਜ ਕਹਿੰਦੇ ਇਹਦਾ ਵੀ ਕੋਈ ਅੰਦਾਜ਼ਾ ਨਹੀਂ ਹੈ। ਬਹੁਤ ਵਾਰੀ ਬਣਿਆ ਹੈਂ ਤੂੰ। ਲੇਕਿਨ ਤੇਰੇ ਤੋਂ ਇਕ ਗਲਤੀ ਹੁੰਦੀ ਹੈ, ਸਾਧਾਰਣ ਤੌਰ 'ਤੇ ਹੀ ਕਰ ਜਾਂਦੈ। ਸਹਿਜ ਸੁਭਾਅ ਗਲਤੀ 'ਚ ਆ ਜਾਂਦੈ, ਕਿਉਂਕਿ ਅੰਦਰ ਰੋਸ਼ਨੀ ਨਹੀਂ ਆਉਂਦੀ ਹੈ, ਚੇਤਨਤਾ ਨਹੀਂ ਆਉਂਦੀ ਅੰਦਰੋਂ ਕਿ ਤੂੰ ਹੁਣ ਗਲਤ ਚੱਲ ਰਿਹਾ ਹੈਂ। ਜਾਗੇ ਹੋਏ ਪੁਰਸ਼ ਜਿਹਨਾਂ ਦੇ ਅੰਦਰ ਲਾਈਟ ਹੈ ਉਥੇ ਸਿਗਨਲ ਆ ਜਾਂਦੈ ਲਾਲ ਰੌਸ਼ਨੀ ਦਾ ਕਿ ਤੂੰ ਗਲਤ ਚੱਲ ਰਿਹਾ ਹੈਂ ਏਸ ਵੇਲੇ। ਉਹ ਅਨੁਭਵੀ ਸੂਝ ਹੁੰਦੀ ਹੈ, ਹਰੇਕ ਦੇ ਅੰਦਰ ਨਹੀਂ ਹੁੰਦੀ। ਬਾਕੀ ਇਕ ਆਵਾਜ਼ ਹੈ ਪ੍ਰਮੇਸ਼ਰ ਦੇ ਦਰ ਤੋਂ ਆ ਰਹੀ ਕਿ ਐ ਬੰਦੇ ਤੂੰ ਗਲਤ ਕੰਮ ਕਰ ਰਿਹੈਂ। ਉਹ ਓਨੀ ਦੇਰ ਤਕ ਤਾਂ ਸੁਣਦੀ ਹੈ, ਜਦੋਂ ਤਕ ਉਹਨੂੰ ਪੂਰੀ ਤਰ੍ਹਾਂ ਨਾਲ ਬੰਦ ਨਹੀਂ ਕਰ ਦਿਤਾ ਜਾਂਦਾ। ਜਦੋਂ ਬੰਦ ਹੋ ਜਾਂਦੀ ਹੈ ਕਹਿੰਦੇ ਨੇ ਇਹਦੀ ਜ਼ਮੀਰ ਆਵਾਜ਼ ਦੇਣ ਤੋਂ ਬੰਦ ਹੋ ਗਈ ਹੁਣ। ਹੁਣ ਨਹੀਂ ਇਹ ਸੁਣਦਾ ਆਪਣੇ ਅੰਦਰਲੀ ਗੱਲ। ਸੋ ਇਹਨਾਂ ਚੀਜ਼ਾਂ ਦੇ ਵਿਚ ਪੈ ਕੇ -

***ਬੈਰ ਬਿਰੋਧ ਕਾਮ ਕ੍ਰੋਧ ਮੋਹ ॥***
***ਝੂਠ ਬਿਕਾਰ ਮਹਾ ਲੋਭ ਧ੍ਰੋਹ ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ ॥***
***ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥*** ***ਅੰਗ- 268***

ਸੋ ਇਸ ਤਰ੍ਹਾਂ ਬੇਅੰਤ ਵਾਰੀ ਅਸੀਂ ਸੰਸਾਰ 'ਤੇ ਆਏ ਹਾਂ। ਕਿਉਂਕਿ ਸੰਸਾਰ ਦਾ ਹੀ ਨਹੀਂ ਪਤਾ ਕਿ ਕਦੋਂ ਤੋਂ ਚਾਲੂ ਹੋਇਐ -

***ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥***
***ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥***

***ਅੰਗ- 4***

ਇਕ ਗੱਲ ਹੋਰ ਹੈ ਕਿ ਇਹ ਜ਼ਰੂਰੀ ਨਹੀਂ ਹੈ ਸਰੀਰ ਛੱਡਣ ਤੋਂ

ਬਾਅਦ ਇਸ ਧਰਤੀ 'ਤੇ ਹੀ ਆਵਾਂਗੇ। ਮਹਾਰਾਜ ਜੀ ਕਹਿੰਦੇ, ਧਰਤੀਆਂ ਦਾ ਕੋਈ ਹਿਸਾਬ-ਕਿਤਾਬ ਨਹੀਂ ਹੈ। ਕੋਈ ਪਤਾ ਨਹੀਂ ਹੈ ਕਿ ਕਿਥੋਂ ਤਕ ਰਚਨਾ ਹੈ, ਕਿਹੋ ਜਿਹੀ ਦੁਨੀਆਂ ਹੈ, ਕਿਹੋ ਜਿਹੇ ਉਹਨਾਂ ਨੂੰ ਸਰੀਰ ਦਿਤੇ ਨੇ, ਕਿਹੋ ਜਿਹੇ ਅਨੁਭਵ ਨੇ। ਹਰ ਥਾਂ 'ਤੇ ਮਨੁੱਖ ਹੀ ਨਹੀਂ ਹੈਗੇ। ਪ੍ਰਮੇਸ਼ਰ ਦੀ ਰਚਨਾ ਹੈ, ਬੇਅੰਤ ਤਰੀਕਿਆਂ ਦੀ ਰਚੀ ਹੋਈ ਰਚਨਾ ਹੈ। ਕੋਈ ਇਸ ਪਾਸੇ ਨੂੰ ਸੋਚ ਵੀ ਨਹੀਂ ਸਕਦਾ। ਮਹਾਰਾਜ ਕਹਿੰਦੇ, ਜਿਹੜਾ ਸੋਚੇ ਕਿ ਮੈਂ ਜਾਣ ਲਿਆ। ਕਹਿੰਦੇ ਉਹ -

*ਜੇ ਕੋ ਆਖੈ ਬੋਲੁਵਿਗਾੜੁ ॥*
*ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥ ਅੰਗ- 6*

ਮੂਰਖਾਂ ਦੇ ਵਿਚੋਂ ਸ਼੍ਰੋਮਣੀ ਮੂਰਖ ਹੈ। ਜਿਹੜੀ ਚੀਜ਼ ਜਾਣੀ ਹੀ ਨਹੀਂ ਜਾ ਸਕਦੀ -

*ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥ ਅੰਗ- 5*

ਲੇਖਾ ਕਹਿਣਾ ਵੀ ਗਲਤ ਹੈ। ਕਰਨਾ ਵੀ ਗਲਤ ਹੈ। ਕਰਿਐ ਲੇਖਾ। ਡਾ. ਸਟੀਫਨ ਨੇ ਬੜਾ ਜ਼ੋਰ ਲਾਇਆ। ਨੋਬਲ ਪਰਾਈਜ਼ ਜੇਤੂ ਸੀ ਲੰਡਨ ਦੇ ਰਹਿਣ ਵਾਲਾ। ਉਹਨੇ ਸਮਾਂ ਤੇ ਆਕਾਸ਼ ਦੀ ਨਵੀਂ ਥਿਊਰੀ ਗਣਿਤ ਦੇ ਹਿਸਾਬ ਨਾਲ ਦੁਨੀਆਂ ਨੂੰ ਦਿਤੀ। ਉਹ ਜਿਸ ਵਕਤ ਫੈਲਾਅ 'ਚ ਆਉਂਦੈ ਕਿ ਕਿੰਨਾ ਫੈਲਦੇ ਹਨ -

*ਜਬ ਉਦਕਰਖ ਕਰਾ ਕਰਤਾਰਾ।*
*ਪਰਜਾ ਧਰਤ ਤਬ ਦੇਹ ਅਪਾਰਾ।*

ਜਦੋਂ ਆਦਕਰਸ਼ਣ ਸ਼ਕਤੀ ਖਿੱਚ ਲੈਂਦੀ ਹੈ, ਸੰਸਾਰ ਨੂੰ, ਗਣਿਤ ਨਾਲ ਉਸ ਨੇ ਕੱਢਣ ਦਾ ਯਤਨ ਕਰਿਆ ਸਾਰੇ ਫਾਰਮੂਲੇ ਲਾ ਕੇ ਤਾਂ ਲਿਖਿਆ ਹੁੰਦੇ .0000000....(80 ਜ਼ੀਰੋ) ਉਸ ਤੋਂ ਬਾਅਦ ਏਕਾ ਲਾਉਣਾ ਪਿਆ ਉਹਨੂੰ। ਦੋ ਤਿੰਨ ਅੱਖਰ ਲਿਖੇ ਉਹਨੇ। infinity (ਅਨੰਤ) ਬਈ ਜ਼ੀਰੋ ਲਾਈ ਜਾਓ ਜਦੋਂ ਅੱਖਰ ਲਾ ਲਓਂਗੇ, ਅਗਾਂਹਾਂ ਫੇਰ ਹੈ, ਅਗਾਂਹਾਂ ਫੇਰ ਹੈ। ਆਦਮੀ ਦਾ ਦਿਮਾਗ ਤਾਂ ਚੱਕਰ ਖਾ ਜਾਂਦੈ ਕਿ ਇਹ ਤਾਂ ਗੱਲ ਹੀ ਹੁਣ ਖਤਮ ਹੋ ਗਈ। ਸੋਚਣਾ ਕੀ ਹੈ ਇਹਦੇ ਬਾਰੇ। ਇਸੇ ਕਰਕੇ ਅਗੰਮ ਤੇ ਅਗੋਚਰ ਹੈ। ਅੱਸੀ ਜ਼ੀਰੋ ਲਾ ਕੇ ਏਕਾ ਲਾ ਦਿਤਾ। ਜਦੋਂ ਫਿਲਾਵਟ ਹੋਈ, ਇਹਦੇ ਵਿਚ ਰਚਨਾ ਆ ਗਈ। ਖੰਡ ਬ੍ਰਹਿਮੰਡ ਬਣਨੇ ਸ਼ੁਰੂ ਹੋਏ, ਗੁਪਤ ਤੋਂ ਨਿਰੰਕਾਰ ਪ੍ਰਗਟ ਹੋਣ ਲੱਗਿਆ, ਉਸ ਵੇਲੇ ਏਕਾ ਲਾ ਕੇ ਅੱਸੀ ਜ਼ੀਰੋ ਲਾਉਣ ਤੋਂ ਬਾਅਦ infinity (ਅਨੰਤ) ਲਿਖ ਦਿਤੀ। ਕਹਿੰਦਾ ਇਹ ਵੀ ਅੰਤ ਨਹੀਂ ਹੈ। ਕਿਹਾ ਹੀ ਨਹੀਂ ਜਾ ਸਕਦਾ। ਅਖੀਰ ਉਹਨੇ ਚਾਰ ਲਾਈਨਾਂ ਲਿਖੀਆਂ ਉਹਦੇ 'ਚ ਕਹਿਣ ਲੱਗਿਆ, ਮੈਂ ਐਨਾ ਬੋਂਦਲ ਹੋ ਗਿਆ, ਮੈਨੂੰ ਕੁਛ ਨਹੀਂ ਸੁੱਝਦਾ। ਕੋਈ ਰੂਹਾਨੀ ਬੰਦਾ, ਕਿਸੇ ਰਹਿਬਰ ਨੇ ਇਸ ਪਾਸੇ ਲਿਖਿਆ ਹੋਵੇ ਤਾਂ ਮੇਰੇ ਨਾਲ ਆ ਕੇ ਗੱਲ ਕਰੋ।

ਮੈਂ ਯੂ.ਐਸ.ਏ ਸੀ, ਮੇਰੇ ਮਨ 'ਚ ਆਇਆ ਕਿ ਮੈਂ ਇਹਨੂੰ ਮਿਲ ਕੇ ਜਾਵਾਂ ਪਰ ਮਿਲ ਨਾ ਸਕਿਆ ਲੰਡਨ 'ਚ। ਅਧਰੰਗ ਹੋਇਆ-ਹੋਇਆ ਸੀ ਉਸ ਪ੍ਰੇਮੀ ਨੂੰ। ਪਿਛਲੇ ਦੋ ਸਾਲ ਹੋਏ ਜਦੋਂ ਹਵਾਈ ਹਾਦਸੇ ਵਿਚ ਉਹ ਮਾਰਿਆ ਗਿਆ। ਸੋ ਮਹਾਰਾਜ ਕਹਿੰਦੇ ਕਿਹਾ ਹੀ ਨਹੀਂ ਜਾ ਸਕਦਾ। ਇਸ ਗੱਲ ਨੂੰ ਸੋਚੋ ਹੀ ਨਾ। ਸੋਚ ਵਿਚ ਨਾ ਆਉਣ ਵਾਲੀ ਬਾਤ ਹੈ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ, ਇਕ ਵਾਰੀ ਨਹੀਂ, ਤੂੰ ਤਾਂ ਬਹੁਤ ਵਾਰੀ ਮਨੁੱਖ ਬਣਿਆ ਹੈਂ ਪਿਆਰਿਆ, ਲੇਖੇ ਇਥੇ ਹੈ ਨਹੀਂ। ਨਾ ਇਹ ਕਹਿ ਸਕਦੇ ਹਾਂ ਕਿ ਦੁਨੀਆਂ ਕਦੋਂ ਬਣੀ। ਕਈ ਬੰਦੇ ਦੁਨੀਆਂ ਦੀ ਉਮਰ ਕੱਢਦੇ ਨੇ, ਹੋਣਾ ਕੋਈ ਪਸਾਰਾ ਖਤਮ ਹੋ ਗਿਆ, ਉਸ ਤੋਂ ਬਾਅਦ ਜਿਹੜਾ ਨਵਾਂ ਚੱਲਿਆ ਹੈ, ਕਿਸੇ ਦੇ ਹਿਸਾਬ ਕਿਤਾਬ ਕੰਪਿਊਟਰ 'ਚ ਆ ਜਾਵੇ। ਲੇਕਿਨ ਇਹ ਤਾਂ ਕਲਪ ਦਰ ਕਲਪ ਚਲਦੈ। ਜੋ ਹਿਸਾਬ-ਕਿਤਾਬ ਹੈ, ਮਹਾਂਪੁਰਸ਼ਾਂ, ਰਿਸ਼ੀਆਂ ਦਾ, ਉਹਨਾਂ ਨੇ ਇਸ ਪਾਸੇ ਬੜੀ ਖੋਜ ਕਰੀ ਹੈ। ਅਨੁਭਵ ਦੇ ਨਾਲ, ਮਸ਼ੀਨਾਂ ਨਾਲ ਨਹੀਂ ਕਰੀ। ਉਮਰਾਂ ਲਾਈਆਂ ਨੇ ਬੈਠ-ਬੈਠ ਕੇ ਧਿਆਨ ਦੇ ਅੰਦਰ। ਉਹਨਾਂ ਨੇ ਸਮੇਂ ਨੂੰ ਵੰਡਿਆ ਹੈ। ਇਸ ਨੂੰ ਵੰਡ ਕੇ 14 ਕਲਪਾਂ ਦੇ ਵਿਚ ਕਲਪਿਤ ਕੀਤਾ ਹੈ। ਚਾਰ ਅਰਬ 32 ਕਰੋੜ ਸਾਲ ਦਾ ਇਕ ਕਲਪ ਹੋਇਆ ਕਰਦੈ। ਉਹ ਕਹਿੰਦੇ 14 ਕਲਪ ਤੋਂ ਬਾਅਦ ਫੇਰ ਪਰਲੋਂ ਆਇਆ ਕਰਦੀ ਹੈ, ਫੇਰ ਉਸ ਤੋਂ ਬਾਅਦ ਮਹਾਂ ਪਰਲੋਂ ਦਾ ਕੱਢਿਆ ਹੈ ਤੇ ਮਾਇਆ ਦੀ ਉਮਰ ਗਿਣਨ ਦਾ ਯਤਨ ਕਰਿਆ ਹੈ ਉਹਨਾਂ ਨੇ, ਬੜੇ ਲੰਮੇ ਹਿਸਾਬ-ਕਿਤਾਬ ਨੇ, ਜੇ ਕੋਈ ਜਾਵੇ। ਸ਼ਿਵ ਜੀ ਦੀ ਉਮਰ ਉਹਨਾਂ ਨੇ ਕੱਢੀ ਹੈ -

***ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥***
***ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ ਅੰਗ- 7***

16 ਕਰੋੜ ਖਰਬ ਸਾਲ ਦੀ ਉਮਰ ਕੱਢੀ ਹੈ। ਸੋ ਇਸ ਪਸਾਰੇ ਦਾ ਕੋਈ ਅੰਤ ਨਹੀਂ ਹੈ, ਇਸ ਪਸਾਰੇ ਦਾ ਅੰਤ ਕੋਈ ਪਾ ਨਹੀਂ ਸਕਦਾ। ਅਸੀਂ ਇਹਦੇ ਵਿਚ ਜੀਵ ਬਣ ਕੇ ਆ ਗਏ। ਬਣ ਕੇ ਆਉਣ ਦੇ ਨਾਲ ਸਾਡੇ ਉਤੇ ਐਨਾ ਅਸਰ ਪੈ ਗਿਆ ਵਾਤਾਵਰਣ ਦਾ, ਆਲੇ-ਦੁਆਲੇ ਦਾ, ਖਿਆਲਾਂ ਦਾ ਕਿ ਨੀਵੇਂ ਪੱਧਰ 'ਤੇ ਅਸੀਂ ਆ ਗਏ। ਮਨੁੱਖੀ ਪੱਧਰ ਤੋਂ ਹੇਠਾਂ ਅਸੀਂ ਉਤਰ ਆਏ। ਹੁਣ ਸਾਨੂੰ ਕੁਛ ਨਹੀਂ ਪਤਾ ਲਗਦਾ। ਮਹਾਰਾਜ ਕਹਿੰਦੇ, ਤੂੰ ਮਾਇਆ ਦੇ ਅੰਧ ਗੁਬਾਰ 'ਚ ਘਿਰ ਗਿਆ।

ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਜੋ ਪਹਿਲਾ ਉਪਦੇਸ਼ ਹੈ ਉਹਨੂੰ ਕਰਮ ਦੇ ਵਿਚ ਬਰੈਕਟ ਕੀਤਾ ਜਾਂਦਾ ਹੈ। ਮਲ ਦੂਰ ਕਰਨ ਵਾਸਤੇ, ਕਿਉਂਕਿ ਦੋਸ਼ ਪਹਿਲਾਂ ਮਲ ਦਾ ਲੱਗਿਆ ਹੋਇਆ ਹੈ ਅੰਤਸ਼ਕਰਣ ਦੇ ਅੰਦਰ। ਵਾਹਿਗੁਰੂ ਤਾਂ ਨਾਲ ਰਹਿੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਾਂ ਬਾਰ-ਬਾਰ ਕਹਿੰਦੇ ਨੇ। ਸਾਨੂੰ ਵਿਸ਼ਵਾਸ਼ ਕਿਉਂ ਨਹੀਂ ਆਉਂਦਾ ਗੁਰੂ ਦੀ ਗੱਲ ਦਾ। ਸਾਨੂੰ ਅਨੁਭਵ ਕਿਉਂ ਨਹੀਂ ਹੁੰਦਾ। ਮਹਾਰਾਜ

ਕਹਿੰਦੇ ਮੈਲ ਐਨੀ ਲੱਗੀ ਹੈ ਕਿ ਤੇਰੇ ਤੱਕ ਕਰੰਟ ਪਹੁੰਚ ਨਹੀਂ ਰਹੀ ਕਿ ਤੂੰ ਉਸ ਨੂੰ ਸੋਚ ਸਕੇਂ। ਕਾਰਬੋਰੇਟਰ ਹੁੰਦਾ ਹੈ ਇੰਜਣ ਦਾ, ਉਹਦੇ ਵਿਚ ਜੇ ਕਾਰਬਨ ਜੰਮ ਜਾਵੇ, ਬੈਟਰੀ ਵਲੋਂ ਤਾਂ ਕਰੰਟ ਆ ਰਹੀ ਹੈ, ਇੰਜਣ 'ਚੋਂ ਨਹੀਂ ਲੰਘਦੀ। ਉਹ ਕਹਿੰਦੇ ਨੇ ਕਿ ਕਾਰਬਨ ਲੱਗ ਗਈ, ਕਾਰਬਨ ਨੂੰ ਲਾਹੋ ਪਹਿਲਾਂ, ਫੇਰ ਕਰੰਟ ਆਏਗੀ। ਬਿਲਕੁਲ ਠੀਕ ਇਸੇ ਤਰ੍ਹਾਂ ਸਾਡੇ ਨਾਲ ਹੈ। ਸੋ ਪਹਿਲਾਂ ਜੋ ਉਪਦੇਸ਼ ਹੈ ਸਾਧਾਰਣ ਬੰਦੇ ਵਾਸਤੇ। ਉਹ ਮੈਲ ਨੂੰ ਦੂਰ ਕਰਨ ਵਾਸਤੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਬਹੁਤ ਵੱਡਾ ਹਿੱਸਾ ਹੈ, ਜਿਹੜਾ ਇਹ ਉਪਦੇਸ਼ ਦਿੰਦੈ। ਬਾਰ-ਬਾਰ ਇਸ ਨੂੰ ਸਮਝਾਉਂਦੇ ਨੇ ਕਿ ਪਿਆਰਿਆ -

***ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥***
***ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥***
***ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥***
***ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥***
***ਕਰਿ ਅਉਗਣ ਪਛੋਤਾਵਣਾ ॥ ਅੰਗ- 471***

ਸਮਝਾਉਂਦੇ ਨੇ ਸਾਨੂੰ ਬਾਰ-ਬਾਰ, ਉਸ ਤੋਂ ਬਾਅਦ ਪ੍ਰੇਰਨਾ ਦਿੰਦੇ ਨੇ ਕਿ ਤੁਸੀਂ ਨੇਕੀ ਕਮਾਓ, ਸੇਵਾ ਕਰੋ। ਸੱਚ ਦੀ ਜ਼ਿੰਦਗੀ ਨੂੰ ਅਪਣਾਓ। ਸਤਿਸੰਗ ਕਰੋ। ਇਹਦੇ ਫਲ ਤੈਨੂੰ ਮਿਲਣਗੇ। ਸੇਵਾ ਦਾ ਫਲ ਤੈਨੂੰ ਮਿਲੇਗਾ -

***ਵਿਚਿ ਦੁਨੀਆ ਸੇਵ ਕਮਾਈਐ ॥***
***ਤਾ ਦਰਗਹ ਬੈਸਣੁ ਪਾਈਐ ॥***
***ਕਹੁ ਨਾਨਕ ਬਾਹ ਲੁਡਾਈਐ ॥ ਅੰਗ- 26***

ਉਹਦੇ ਨਾਲ ਕੀ ਹੋਏਗਾ, ਮੈਲ ਜਿਹੜੀ ਸਾਡੀ ਹੈ, ਉਹ ਦੂਰ ਹੋਣੀ ਸ਼ੁਰੂ ਹੋ ਜਾਣੀ ਹੈ, ਸ਼ੁਭ ਕਰਮਾਂ ਤੇ ਨਿਸ਼ਕਾਮ ਕਰਮਾਂ ਦੇ ਨਾਲ, ਬਾਣੀ ਪੜ੍ਹਨ ਦੇ ਨਾਲ, ਨਾਮ ਵਲ ਮਨ ਲਾਉਣ ਦੇ ਨਾਲ। ਕਿਉਂਕਿ ਇਲਾਜ ਮਹਾਰਾਜ ਨੇ ਦੱਸਿਆ ਹੈ

***ਭਰੀਐ ਮਤਿ ਪਾਪਾ ਕੈ ਸੰਗਿ ॥***
***ਓਹੁ ਧੋਪੈ ਨਾਵੈ ਕੈ ਰੰਗਿ ॥ ਅੰਗ- 4***

ਦੂਰ ਤਾਂ ਉਹ ਤਾਂ ਹੁੰਦੀ ਹੈ ਜੇ ਨਾਮ ਦਾ ਪਿਆਰ ਹਿਰਦੇ 'ਚ ਵਸ ਜਾਵੇ। ਜਦੋਂ ਤਕ ਨਹੀਂ ਵਸਿਆ ਅਸੀਂ ਝੁੰਜਲਾਹਟ 'ਚ ਹਾਂ, ਓਨਾਂ ਚਿਰ ਮੈਲ ਸਾਡੇ ਹਿਰਦੇ 'ਚ ਚੜ੍ਹੀ ਹੋਈ, ਅੰਧ ਗੁਬਾਰ ਸਾਡੇ ਦਿਮਾਗ ਦੇ ਅੰਦਰ ਛਾਇਆ ਹੋਇਆ ਹੈ। ਸਾਨੂੰ ਕੁਛ ਨਹੀਂ ਪਤਾ ਲਗਦਾ, ਕੋਲ ਰਹਿੰਦੇ ਵਾਹਿਗੁਰੂ ਦਾ। ਵਾਹਿਗੁਰੂ ਐਨਾ ਨੇੜੇ ਰਹਿੰਦਾ ਹੈ? ਮਹਾਰਾਜ ਕਹਿੰਦੇ, ਹਰ ਵਕਤ ਤੇਰੇ ਅੱਗੇ ਪਿਛੇ ਪ੍ਰਮੇਸ਼ਰ ਹੈ -

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ 1 ॥***

***ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥***
***ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥***

***ਅੰਗ- 677***

ਐਨੀ ਸਚਾਈ ਦੀ ਬਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਕਹਿੰਦੇ ਨੇ, ਅਸੀਂ ਕਿਉਂ ਨਹੀਂ ਸਮਝਦੇ। ਕਿਉਂਕਿ ਸਾਡੀ ਬੁੱਧੀ ਬਹੁਤ ਨੀਵੇਂ ਪੱਧਰ 'ਤੇ ਗਈ ਹੋਈ ਹੈ। ਕਿਤਾਬਾਂ ਪੜ੍ਹਨ, ਲਿਖਣ ਦੇ ਨਾਲ ਕੋਈ ਫਰਕ ਨਹੀਂ ਪਿਆ ਕਰਦਾ। ਜਦੋਂ ਤੱਕ ਅੰਦਰ ਅਨੁਭਵ ਨਾ ਖੁਲ੍ਹੇ-

***ਪੜਿਐ ਨਾਹੀ ਭੇਦੁ ਬੁਝਿਐ ਪਾਵਣਾ ॥ ਅੰਗ- 148***

ਬੁੱਝਣ ਦੀ ਬਾਤ ਹੈ। ਕਈ ਵਾਰੀ ਮੈਂ ਬੇਨਤੀ ਕਰੀ ਹੈ ਕਿ ਕੁਝ ਸਿਆਣੇ ਜੋ ਐਗਰੀਕਲਚਰ ਦੇ ਮਾਹਿਰ ਸੀ। ਇਕ ਅੰਬ ਦੇ ਦੁਆਲੇ ਖੜ੍ਹੇ ਇਸਦੀਆਂ ਖੂਬੀਆਂ ਗਿਣ ਰਹੇ ਨੇ ਕਿ ਐਨੀਆਂ ਕੈਲਰੀਆਂ ਨੇ, ਇਹ ਫਲ ਇਸ ਤਰ੍ਹਾਂ ਪਲ ਰਿਹੈ, ਇਸ ਤਰ੍ਹਾਂ ਇਹਨੂੰ ਫਲ ਲੱਗਿਆ ਹੈ, ਇਸ ਫਲ ਦੇ ਅੰਦਰ ਐਨੀ ਸ਼ੂਗਰ ਹੈ, ਐਨਾ ਇਸ 'ਚ ਐਸਿਡ ਹੈ, ਐਨੀ ਇਸ ਦੇ ਪੋਸ਼ਟਿਕ ਲਾਭ (food value) ਹੈ। ਇਹੋ ਜਿਹਾ ਸੁਆਦ ਹੈ ਇਹਦਾ, ਫਲਾਣੇ ਨਾਲੋਂ ਵੱਖਰਾ ਹੈ। ਜਿਹੜਾ ਲੰਗੜਾ ਬਨਾਰਸੀ ਤੇ ਦੂਸਰਾ ਹੈ, ਦੁਸਹਿਰੀ ਦੋਹਾਂ ਦੇ ਸਵਾਦ ਵਿਚ ਫਰਕ ਹੈ। ਇਹ ਗੱਲ ਤਾਂ ਕਰੀ ਜਾਂਦੇ ਨੇ ਲੇਕਿਨ ਅਨੁਭਵ ਨਹੀਂ ਹੋਇਆ। ਅਨੁਭਵ ਉਹਨੂੰ ਹੋਇਆ ਜਿਹਨੇ ਦੋਵੇਂ ਅੰਬ ਤੋੜ ਲਏ। ਉਹਨੇ ਇਕ ਚੂਪ ਕੇ ਦੇਖਿਆ, ਫੇਰ ਦੂਜਾ ਚੂਪ ਕੇ ਦੇਖਿਆ। ਉਹਨੂੰ ਚੀਜ਼ਾਂ ਆਪੇ ਹੀ ਪ੍ਰਾਪਤ ਹੋ ਗਈਆਂ, ਉਹਨੂੰ ਜਾਨਣ ਦੀ ਲੋੜ ਨਹੀਂ ਪਈ ਕਿ ਇਹਦੇ ਵਿਚ ਕੀ-ਕੀ ਹੈ। ਉਹਨੇ ਤਾਂ ਚੱਖ ਲਿਆ ਉਹਨੂੰ। ਐਨਾ ਹੀ ਫਰਕ ਹੈ। ਇਕ ਵਿਦਿਆ ਉਹ ਹੈ ਜਿਹੜੀ ਅੰਦਰ ਅਸੀਂ ਅਨੁਭਵ ਦੇ ਰਾਹੀਂ ਖੋਲ੍ਹ ਲਈ। ਅਨੁਭਵ ਕਰ ਲਈ, ਉਹਦਾ ਅਨੰਦ ਮਾਣ ਲਿਆ। ਦੂਸਰਾ ਉਹ ਹੈ ਜਿਹੜੀ ਅਸੀਂ ਪੁਸਤਕਾਂ ਤੋਂ ਜਾਣਕਾਰੀ ਪ੍ਰਾਪਤ ਕਰੀ। ਉਹ ਵੀ ਨਿਹਫਲ ਨਹੀਂ ਹੋਇਆ ਕਰਦੀ। ਪਰ ਉਹ ਗਾਈਡ ਕਰਦੀ ਹੈ ਤਾਕਿ ਆਦਮੀ ਉਸਦੀ ਗਾਈਡੈਂਸ ਲੈ ਕੇ ਤੁਰੇ। ਸੋ ਇਸ ਤਰ੍ਹਾਂ ਜਿਹੜਾ ਪਹਿਲਾ ਉਪਦੇਸ਼ ਹੈ ਉਹ ਕਰਮ ਦਾ ਉਪਦੇਸ਼ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਕਿ ਸ਼ੁਭ ਕਰਮ ਕਰ, ਨੇਕੀ ਕਰ, ਠੱਗੀ ਨਾ ਕਰ, ਧੋਖਾ ਨਾ ਕਰ, ਜੇ ਕਰੇਂਗਾ ਸਜ਼ਾ ਬੜੀ ਵੱਡੀ ਮਿਲਦੀ ਹੈ। ਉਥੇ ਬੜਾ ਔਖਾ ਹੋ ਜਾਏਗਾ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥***
***ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥***
***ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥***
***ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥***
***ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥ ਅੰਗ- 315***

ਮਲ ਦੀ ਅਵਸਥਾ ਵਿਚ ਚੱਲਣ ਵਾਲੇ ਬੰਦੇ ਦੇ ਵਾਸਤੇ ਗੁਰੂ ਮਹਾਰਾਜ

ਇਹਨਾਂ ਨੂੰ ਭਿਆਨਕ ਉਪਦੇਸ਼ ਦਿੰਦੇ ਨੇ। ਇਹ ਆਪਣੀ ਥਾਂ 'ਤੇ ਬਿਲਕੁਲ ਸਤਿ ਨੇ, ਇਹ ਨਾ ਕਹੇ ਕਿ ਇਹ ਸਤਿ ਨਹੀਂ ਹੈ ਕਿ ਇਹ ਡਰਾਉਣ ਵਾਸਤੇ ਹੈ। ਡਰਾਉਣ ਵਾਸਤੇ ਕੋਈ ਬਾਤ ਨਹੀਂ ਹੈ। ਮਹਾਰਾਜ ਕਹਿੰਦੇ ਨੇ –

***ਸੰਤਨ ਕੀ ਸੁਣਿ ਸਾਚੀ ਸਾਖੀ ॥***
***ਸੋ ਬੋਲਹਿ ਜੋ ਪੇਖਹਿ ਆਖੀ॥*** ***ਅੰਗ– 894***

ਜਿਹੜੀ ਗੱਲ ਅੱਖਾਂ ਨਾਲ ਦੇਖਦੇ ਨੇ ਓਹੀ ਬਚਨ ਕਰਦੇ ਨੇ। ਸੋ ਦੂਸਰਾ ਉਪਦੇਸ਼ ਹੋਇਆ ਕਰਦੈ, ਜਦੋਂ ਆਦਮੀ ਸ਼ੁਭ ਕਰਮ ਕਰਦੈ, ਸੇਵਾ ਕਰਦੈ, ਬਾਣੀ ਪੜ੍ਹਦੈ, ਗੁਰੂ ਧਾਰਨ ਕਰਦੈ, ਚੰਗਾ ਜੀਵਨ ਬਤੀਤ ਕਰਦੈ, ਗੁਰੂ ਦੇ ਹੁਕਮਾਂ ਦੀ ਆਪਣੇ ਜੀਵਨ ਵਿਚ ਪਾਲਣਾ ਕਰਦੈ, ਉਸ ਵੇਲੇ ਜੋ ਉਪਦੇਸ਼ ਹੁੰਦੈ ਉਹ ਰੁਚੀ ਵਧਾਉਣ ਵਾਸਤੇ ਹੋਇਆ ਕਰਦੈ। ਕਿਉਂਕਿ ਪਹਿਲਾਂ ਮਾੜੇ ਕਰਮ ਉਹ ਕਰਦਾ ਨਹੀਂ ਹੈ। ਉਸ ਤੋਂ ਬਾਅਦ ਰੁਚੀ ਵਾਲੇ ਉਪਦੇਸ਼ ਨੇ ਕਿ ਪ੍ਰਭੂ ਦਾ ਸਿਮਰਨ ਕਰਨ ਨਾਲ ਕੀ ਫਾਇਦਾ ਹੁੰਦੈ। ਸੋ ਸੁਖਮਨੀ ਸਾਹਿਬ ਦੇ ਅੰਦਰ ਇਹ ਬਹੁਤ ਵਿਸਥਾਰ ਦੇ ਨਾਲ ਵਰਣਨ ਕੀਤੈ–

***ਧੰਨਿ ਧੰਨਿ ਕਹੈ ਸਭੁ ਕੋਇ ॥***
***ਮੁਖ ਊਜਲ ਹਰਿ ਦਰਗਹ ਸੋਇ ॥***
***ਇਹੁ ਵਾਪਾਰੁ ਵਿਰਲਾ ਵਾਪਾਰੈ ॥***
***ਨਾਨਕ ਤਾ ਕੈ ਸਦ ਬਲਿਹਾਰੈ ॥*** ***ਅੰਗ– 283***

ਇਹਦੇ ਵਿਚ ਉਪਾਸ਼ਨਾ ਕਾਂਡ ਹੋਇਆ ਕਰਦੈ ਤਰੱਕੀ ਕਰਨ ਵਾਸਤੇ। ਮਹਾਂਪੁਰਸ਼ਾਂ ਨੂੰ ਇਸ ਗੱਲ ਦਾ ਪਤਾ ਹੁੰਦੈ, ਉਸੇ ਤਰ੍ਹਾਂ ਦਾ ਉਪਦੇਸ਼, ਉਸੇ ਤਰ੍ਹਾਂ ਦਾ ਅਭਿਆਸ ਉਸ ਨੂੰ ਦਸਿਆ ਜਾਂਦੈ ਕਿ ਕਿਸ ਤਰ੍ਹਾਂ ਦੇ ਨਾਲ ਇਹ ਉਪਾਸ਼ਨਾ ਕਾਂਡ 'ਚੋਂ ਲੰਘ ਸਕਦੈ। ਤੀਸਰਾ ਹੋਇਆ ਕਰਦੈ ਜਿਹਨੂੰ ਯਥਾਰਥ ਕਹਿੰਦੇ ਨੇ। ਉਹ ਵੀ ਆਪਣਾ ਹੀ ਹੈ, ਉਹਦੇ ਵਿਚ ਜੋ ਬਚਨ ਹੁੰਦੈ, ਪਹਿਲੀਆਂ ਦੋ ਅਵਸਥਾ 'ਚੋਂ ਆਦਮੀ ਕਮਾ ਨਹੀਂ ਸਕਦਾ, ਕੇਵਲ ਦਿਮਾਗੀ ਤੌਰ 'ਤੇ ਸਮਝ ਤਾਂ ਲੈਂਦੈ, ਲੇਕਿਨ ਉਹਦੇ ਜੀਵਨ 'ਚ ਨਹੀਂ ਆਉਂਦਾ। ਜੀਵਨ 'ਚ ਵਰਤੋਂ ਨਹੀਂ ਉਹਦੀ ਕਰ ਸਕਦਾ।

ਸੋ ਤੀਸਰੇ ਜੋ ਉਤਮ ਗਤੀ ਦੇ ਜਗਿਆਸੂ ਹੁੰਦੇ ਨੇ, ਉਹਨਾਂ ਵਾਸਤੇ ਹੋਇਆ ਕਰਦੈ। ਚੌਥਾ ਜੋ ਉਪਦੇਸ਼ ਹੈ ਉਹ ਉਹਦੇ ਵਾਸਤੇ ਹੁੰਦੈ ਜਿਹਦਾ ਸਿਰਫ ਇਕ ਕਦਮ ਪੁੱਟਣ ਨੂੰ ਬਾਕੀ ਰਹਿ ਜਾਂਦੈ। ਉਹ ਨਦਰਿ ਤੋਂ ਬਗੈਰ ਨਹੀਂ ਪੁੱਟਿਆ ਜਾਂਦਾ –

***ਨਾਨਕ ਨਦਰੀ ਨਦਰਿ ਨਿਹਾਲ ॥*** ***ਅੰਗ– 8***

ਉਥੇ ਰੁਕ ਜਾਂਦੈ ਜਗਿਆਸੂ। ਉਥੇ ਦਰਵਾਜ਼ਾ ਬਾਰ-ਬਾਰ ਖੜਕਾਉਣਾ ਪੈਂਦੈ, ਪ੍ਰਭੂ ਦਿਆਲ ਹੁੰਦੈ ਦਰਵਾਜ਼ਾ ਖੁਲ੍ਹ ਜਾਂਦੈ। ਸੋ ਇਹ ਸਾਰੀ ਸਾਇੰਟੇਫਿਕ ਹੈ

ਸਾਧਸੰਗਤ ਜੀ।

ਸੋ ਇਹਦੇ ਵਿਚ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜੀ ਸੇਵਾ ਕਰਾ ਰਹੇ ਨੇ ਕਿਉਂਕਿ ਸ੍ਰੀ ਗੁਰੂ ਨਾਨਕ ਪਾਤਸ਼ਾਹ ਵੇਲੇ ਤੋਂ ਹੀ ਹੁਕਮ ਸੀ ਕਿ ਜੋ ਅੰਮ੍ਰਿਤਸਰ ਹੈ ਅੱਜਕਲ੍ਹ ਦਾ, ਤੁੰਗ ਪਿੰਡ ਦੇ ਨੇੜੇ ਬੜਾ ਭਾਰਾ ਜੰਗਲ ਹੁੰਦਾ ਸੀ। ਉਸ ਜੰਗਲ 'ਚ ਆਪ ਬੈਠੇ ਸੀ, ਉਸ ਵੇਲੇ ਜੋ ਬਚਨ ਹੋਏ ਸੀ। ਕਹਿਣ ਲੱਗੇ ਕਿ ਆਹ ਥਾਂ ਆਬਾਦ ਹੋਣੈ, ਇਹ ਕਲਜੁਗ ਦਾ ਤੀਰਥ ਹੋਏਗਾ। ਬਾਕੀ ਜੋ ਤੀਰਥ ਨੇ ਉਹਨਾਂ 'ਚ ਅਸ਼ੁੱਧੀਆਂ ਆ ਜਾਣੀਆਂ ਨੇ। ਇਥੇ ਨਾਮ ਬਾਣੀ ਹਰ ਵਕਤ ਚੱਲਣ ਕਰਕੇ ਪਵਿੱਤਰਤਾ ਰਹੇਗੀ। ਦੂਸਰੇ ਪਾਤਸ਼ਾਹ ਵੇਲੇ ਵੀ, ਤੀਸਰੇ ਪਾਤਸ਼ਾਹ ਮਹਾਰਾਜ ਨੂੰ ਕਿਹਾ, ਉਹਨਾਂ ਨੇ ਜਾ ਕੇ ਗੁਰੂ ਰਾਮਦਾਸ ਮਹਾਰਾਜ ਜੀ ਨੂੰ ਉਹ ਥਾਂ ਦਿਖਾਈ, ਉਥੇ ਬੈਠ ਕੇ ਕਾਫੀ ਥਾਂ ਪੁੱਟਿਆ ਵੀ, ਲੇਕਿਨ ਸਮਾਂ ਬੀਤਣ ਨਾਲ ਉਹ ਮੁੜ ਕੇ ਫੇਰ ਛੱਪਰੀ ਰਹਿ ਗਈ, ਨਿਸ਼ਾਨ ਮਿਟ ਗਏ, ਮੁੜ ਕੇ ਝਾੜੀਆਂ ਫੇਰ ਉੱਗ ਆਈਆਂ। ਗੁਰੂ ਚੌਥੇ ਮਹਾਰਾਜ ਨੇ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਨੂੰ ਹੁਕਮ ਦਿਤਾ ਕਿ ਇਹ ਤੀਰਥ ਪ੍ਰਗਟ ਕਰਨੈ। ਸੋ ਆਪ, ਉਸ ਸਮੇਂ ਦੇ ਅੰਦਰ ਉਥੇ ਜਦੋਂ ਬੜਾ ਭਾਰਾ ਜੰਗਲ ਹੁੰਦਾ, ਉਥੇ ਮਹਾਰਾਜ ਜੀ ਸਰੋਵਰ ਦੀ ਖੁਦਵਾਈ ਕਰ ਰਹੇ ਨੇ ਤੇ ਸੰਗਤਾਂ ਨੂੰ ਉਪਦੇਸ਼ ਦੇ ਰਹੇ ਨੇ ਬਹੁਤ ਜ਼ਬਰਦਸਤ ਕਿ ਪਿਆਰਿਓ! ਨਾਮ ਜਪਣ ਦੇ ਨਾਲ ਸੇਵਾ ਵੀ ਕਰੋ। ਸੇਵਾ ਕਰਨ ਦੇ ਨਾਲ – ***'ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ ॥'*** ਇਥੇ ਵੀ ਮਾਣ ਹੈ ਤੇ ਦਰਗਾਹ ਵਿਚ ਵੀ ਮਾਣ ਮਿਲਦੈ –

***ਧਾਰਨਾ – ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***
***ਸੇਵਾ ਕਰਕੇ ਮਾਣ ਪਾਈਦੈ।***

ਸਿਮਰਨ ਤੇ ਸੇਵਾ ਉਸ ਤਰ੍ਹਾਂ ਨੇ ਜਿਵੇਂ ਇਕ ਹਵਾਈ ਜਹਾਜ਼ ਇਕ ਫੰਘ ਨਾਲ ਉਡ ਨਹੀਂ ਸਕਦਾ ਜਾਂ ਇਸ ਤਰ੍ਹਾਂ ਸਮਝ ਲਓ ਕਿ ਸਮਾਂ ਥੋੜ੍ਹਾ ਹੋਵੇ, ਕਿਸਾਨ ਨੇ ਫਸਲ ਬੀਜੀ ਹੋਈ ਹੈ, ਔੜ ਲੱਗੀ ਹੋਈ ਹੈ, ਧਾਨਾਂ ਦੀ ਫਸਲ ਹੈ, ਤ੍ਰੇੜਾਂ ਫਟ ਗਈਆਂ, ਪਾਣੀ ਦੇਣਾ ਚਾਹੁੰਦਾ ਹੈ। ਲੇਕਿਨ ਇਕ ਟਿਊਬਵੈੱਲ ਦਾ ਪਾਣੀ ਤ੍ਰੇੜਾਂ 'ਚ ਹੀ ਜਾਈ ਜਾਂਦੈ। ਕੁਛ ਨਹੀਂ ਕਰਦਾ। ਜਿਹਨਾਂ ਨੂੰ ਧਾਨ ਬੀਜਣ ਦਾ ਤਜਰਬਾ ਹੈ ਉਹਨਾਂ ਨੂੰ ਪਤਾ ਹੈ ਇਹਨਾਂ ਗੱਲਾਂ ਦਾ ਅੱਛੀ ਤਰ੍ਹਾਂ ਨਾਲ ਕਿ ਜੇ ਦੋ ਟਿਊਬਵੈੱਲ ਜੋੜ ਦਿਓ ਜਾਂ ਨਹਿਰ ਕੋਲ ਦੀ ਜਾਂਦੀ ਹੈ, ਉਹਦਾ ਮੋਘੇ ਦਾ ਪਾਣੀ, ਟਿਊਬਵੈੱਲ ਦਾ ਪਾਣੀ ਦੋਵੇਂ ਇਕੱਠੇ ਕਰ ਦਿਓ, ਫੇਰ ਧੱਕਾ ਮਾਰ ਕੇ ਸਾਰੀਆਂ ਤਰੇੜਾਂ ਨੂੰ ਢੱਕ ਲਿਆ ਕਰਦੈ। ਤਾਂ ਖੇਤ ਭਰਿਆ ਕਰਦੈ, ਨਹੀਂ ਤਾਂ ਭਰਿਆ ਨਹੀਂ ਕਰਦਾ। ਪਾਣੀ ਰਹਿੰਦਾ ਨਹੀਂ, ਜਦੇ ਸੁੱਕ ਜਾਂਦੈ। ਇਸੇ ਤਰ੍ਹਾਂ ਦੇ ਨਾਲ ਕਲਜੁਗ ਦੇ ਵਿਚ ਆਦਮੀ ਦੀ ਉਮਰ ਐਨੀ ਥੋੜ੍ਹੀ ਹੈ ਕਿ ਕੋਈ ਪਤਾ ਨਹੀਂ ਹੈ ਕਿ ਕਿਹੜੇ ਵੇਲੇ ਕਾਲ ਦਾ ਗੁਲੇਲਾ ਵੱਜ ਜਾਵੇ ਤੇ ਆਦਮੀ ਸੰਸਾਰ ਤੋਂ ਚਲਿਆ ਜਾਵੇ। ਮਹਾਰਾਜ ਕਹਿੰਦੇ–

***ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥***
***ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥***

***ਅੰਗ- 254***

ਜਮ੍ਹਾਂ ਦੇ ਫੰਧੇ ਵਾਲਾ ਵੇਲਾ ਨਹੀਂ ਲਗਦਾ। ਅਖ਼ਬਾਰ ਚੁੱਕ ਲਓ, ਰੋਜ਼ ਹੀ ਦੇਖ ਲਓ ਐਨੇ ਮਰ ਗਏ, ਐਨੇ ਐਕਸੀਡੈਂਟ ਹੋ ਗਏ, ਐਨਾ ਆਹ ਹੋ ਗਿਆ, ਐਨਾ ਔਹ ਹੋ ਗਿਆ। ਇਥੇ ਰਹਿਣ ਦਾ ਥਾਂ ਨਹੀਂ ਸਾਧਸੰਗਤ ਜੀ! ਚਲੋ ਚੱਲੀ ਦਾ ਮੇਲਾ ਹੈ। ਬਿਲਕੁਲ ਇਸ ਨਿਸ਼ਚੇ ਦੇ ਨਾਲ ਆਦਮੀ ਨੂੰ ਪਹਿਲਾਂ ਹੀ ਮੰਨ ਲੈਣਾ ਚਾਹੀਦਾ ਹੈ ਕਿ ਸੰਸਾਰ 'ਚ ਰਹਿਣਾ ਨਹੀਂ।

***ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ ॥***

***ਅੰਗ- 473***

ਫੇਰ ਉਲਟੀਆਂ-ਫੁਲਟੀਆਂ ਗੱਲਾਂ ਕਰਨ ਦਾ ਕੀ ਫਾਇਦਾ ਹੈ, ਜਦ ਰਹਿਣਾ ਹੀ ਨਹੀਂ, ਇਥੋਂ ਚਲੇ ਜਾਣੈ। ਕੋਈ ਵੀ ਨਹੀਂ ਰਿਹਾ। ਐਸਾ ਫੁਰਮਾਨ ਹੈ -

***ਧਾਰਨਾ - ਇਥੇ ਰਿਹਾ ਨਾ ਜਗਤ ਉਤੇ ਕੋਈ,***
***ਵਾਰੀ ਆਈ ਤੁਰ ਜਾਵਣਾ।***

***ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,***
***ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥***
***ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,***
***ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥***
***ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ***
***ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥***
***ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ***
***ਭੂਮ ਹੀ ਤੇ ਹੋਇਕੈ ਫੇਰੇ ਭੂਮ ਹੀ ਮਿਲਏ ਹੈਂ॥***

***ਤ੍ਵਪ੍ਰਸਾਦਿ ਕਬਿਤ (ਅਕਾਲ ਉਸਤਤਿ)***

ਇਸ ਤਰ੍ਹਾਂ ਸਮੇਂ ਦਾ ਨਹੀਂ ਪਤਾ ਕੋਈ ਨਹੀਂ ਜਾਣਦਾ -

***ਕਾਲੁ ਅਹੇਰੀ ਫਿਰੈ ਬਧਿਕ ਜਿਉ***
***ਕਹਹੁ ਕਵਨ ਬਿਧਿ ਕੀਜੈ ॥*** ***ਅੰਗ- 692***

ਕਹਿੰਦੇ ਕਰੀਏ ਕੀ ਸ਼ਿਕਾਰੀ ਕਾਲ ਜਿਹੜਾ ਹੈ ਉਹ ਫਿਰ ਰਿਹੈ, ਪਤਾ ਨਹੀਂ ਕਿਹੜੇ ਵੇਲੇ ਗੁਲੇਲਾ ਮਾਰ ਦੇਵੇ।

ਸੋ ਜਦੋਂ ਪਤਾ ਹੀ ਨਹੀਂ ਹੈ ਕਿ ਸੰਸਾਰ ਤੋਂ ਕਦੋਂ ਜਾਣਾ ਹੈ। ਕੋਈ ਗਰੰਟੀ ਹੈ ਕਿ ਜ਼ਰੂਰ ਬੁਢਾਪੇ ਤੱਕ ਪਹੁੰਚਣੈ? ਮਹਾਰਾਜ ਕਹਿੰਦੇ, ਨਾ ਇਤਬਾਰ ਕਰ -

***ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥***

***ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥***

***ਅੰਗ- 254***

ਫੇਰ ਤਾਂ ਬੜਾ ਸਮਾਂ ਸਾਨੂੰ ਬਚਾਣਾ ਪੈਣਾ ਹੈ ਸਾਰੇ ਕਾਰੋਬਾਰਾਂ 'ਚ। ਉਹ ਲਾਉਣੈ ਕਿ ਸਾਡੀ ਕਲਿਆਣ ਹੋ ਜਾਵੇ, ਭਜਨ ਬੰਦਗੀ ਕਰੀਏ। ਮਹਾਰਾਜ ਕਹਿੰਦੇ ਦੋ ਵਿੰਗ ਨੇ, ਡਬਲ ਕੰਮ ਸ਼ੁਰੂ ਕਰ ਲੈ। ਇਕ ਪਾਸੇ ਤੂੰ ਸੇਵਾ ਕਰ ਲੈ, ਇਕ ਪਾਸੇ ਸਿਮਰਨ ਕਰ ਲੈ। ਛੇਤੀ ਤੋਂ ਛੇਤੀ ਕਰ ਲੈ ਕਿਉਂਕਿ ਪਤਾ ਨਹੀਂ -

***ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ***
***ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥***

***ਅੰਗ- 540***

ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਮਰਦਾਨਿਆਂ! ਬੜੀ ਦੇਰ ਤੋਂ ਤੂੰ ਸਾਡੇ ਨਾਲ ਰਹਿਨੈ। ਇਕ ਗੱਲ ਦੱਸ ਬਈ ਪਿਆਰਿਆ! ਤੈਨੂੰ ਕਿੰਨਾ ਕੁ ਭਰੋਸਾ ਹੈ ਜੀਵਨ ਦਾ?

ਕਹਿੰਦਾ ਸੱਚੇ ਪਾਤਸ਼ਾਹ! ਪਹਿਲੀ ਵੀ ਗੱਲ ਦੱਸਾਂ ਕਿ ਹੁਣ ਦੀ ਹੀ ਦੱਸਾਂ।

ਮਹਾਰਾਜ ਨੇ ਕਿਹਾ ਕਿ ਕਿਵੇਂ ਵੀ ਦਸ ਲੈ, ਅਸੀਂ ਤਾਂ ਗੱਲ ਪੁੱਛਣੀ ਹੈ।

ਕਹਿੰਦਾ, ਮੈਨੂੰ ਪਹਿਲਾਂ ਤਾਂ ਇਸ ਤਰ੍ਹਾਂ ਸੀ ਕਿ ਹੁਣ ਮੈਂ ਬੱਚਾ ਹਾਂ, ਜਦੋਂ ਆਪਾਂ ਖੇਲ੍ਹਦੇ ਹੁੰਦੇ ਸਾਂ। ਮੈਂ ਕਹਿੰਦਾ ਹੁੰਦਾ ਕਿ ਫੇਰ ਜੁਆਨ ਹੋਵਾਂਗੇ, ਫੇਰ ਬੂੜੇ ਹੋਵਾਂਗੇ, ਫੇਰ ਕੋਈ ਬਿਮਾਰੀ ਵਗੈਰਾ ਲੱਗੂ ਤਾਂ ਮਰਾਂਗੇ।

ਕਹਿੰਦੇ, ਹੁਣ?

ਕਹਿੰਦਾ, ਹੁਣ ਤਾਂ ਮਹਾਰਾਜ! ਸਵੇਰੇ ਹੈਗੇ, ਸ਼ਾਮ ਨੂੰ ਪਤਾ ਨਹੀਂ ਹੈਗੇ ਕਿ ਨਹੀਂ।

ਮਹਾਰਾਜ ਕਹਿੰਦੇ, ਚਾਰ ਪਹਿਰ ਦਾ ਤੈਨੂੰ ਭਰੋਸਾ ਹੈ। ਬੱਲੇ, ਤੈਨੂੰ ਬੜਾ ਭਰੋਸਾ ਹੈ, ਸਾਹਾਂ ਦਾ।

ਕਹਿੰਦਾ, ਮਹਾਰਾਜ! ਬਿਮਾਰ ਵਗੈਰਾ ਹੁੰਦੇ ਨੂੰ, ਮੈਂ ਤਾਂ ਕਈ ਦੇਖੇ ਨੇ ਮਰਦੇ। ਕਹਿੰਦੇ, ਜੀ ਬਿਮਾਰ ਹੋ ਗਿਆ, ਆਖਰੀ ਸਵਾਸਾਂ 'ਤੇ ਹੈ, ਕਹਿੰਦਾ ਚਾਰ ਪਹਿਰ ਤਾਂ ਲੱਗ ਹੀ ਜਾਂਦੇ ਨੇ ਮਰਦੇ-ਮਰਦੇ ਨੂੰ। ਤਕੜੇ ਬੰਦੇ ਸੀ ਹਾਰਟ (ਦਿਲ) ਫੇਲ੍ਹ ਤਾਂ ਹੁੰਦਾ ਹੀ ਨਹੀਂ ਸੀ ਕਿਸੇ ਬੰਦੇ ਦਾ। ਇਹ ਤਾਂ ਹੁਣੇ ਹੋਣ ਲੱਗੇ ਨੇ।

ਭਾਈ ਬਾਲਾ ਜੀ ਨੂੰ ਪੁੱਛਿਆ ਕਿ ਭਾਈ ਬਾਲਾ ਜੀ! ਤੁਸੀਂ ਦਸੋ?

ਕਹਿਣ ਲੱਗਿਆ, ਸੱਚੇ ਪਾਤਸ਼ਾਹ! ਆਹ ਪਹਿਰ ਹੈਗੇ, ਅਗਲੇ ਦਾ ਪਤਾ ਨਹੀਂ।

ਮਹਾਰਾਜ ਕਹਿੰਦੇ, ਇਹ ਵੀ ਤਿੰਨ ਘੰਟੇ ਦਾ ਸਮਾਂ ਹੁੰਦੈ। ਕਿਉਂ ਭਾਈ ਬੜਾ ਭਰੋਸਾ ਹੈ।

ਕਹਿੰਦਾ, ਮਹਾਰਾਜ ਐਨਾ ਕੁ ਤਾਂ ਘੋਰੜੂ ਵਜਦੇ ਆਦਮੀ, ਸਾਹ ਲੈਂਦੈ ਕਹਿੰਦੇ ਫੇਰ ਪਤਾ ਲਗਦੈ ਕਿ ਮਰ ਗਿਆ ਫਲਾਣਾ।

ਬਾਬਾ ਬੁੱਢਾ ਜੀ ਨੂੰ ਪੁੱਛਿਆ ਕਿ ਆਪ ਦੱਸੋ?

ਸੱਚੇ ਪਾਤਸ਼ਾਹ! ਕਾਹਦਾ ਭਰੋਸਾ ਹੈ, ਤੁਹਾਡੇ ਨਾਲ ਰਲ ਕੇ ਸਾਨੂੰ ਇਹ ਗਿਆਨ ਹੋਇਐ ਕਿ ਪਤਾ ਹੀ ਨਹੀਂ। ਕਾਸੇ ਦਾ ਭਰੋਸਾ ਨਹੀਂ ਹੈ, ਇਕ ਘੜੀ ਦਾ ਭਰੋਸਾ ਨਹੀਂ ਹੈ, ਇਸ ਘੜੀ ਹੈਗੇ, ਅਗਲੀ ਹੈ ਕਿ ਨਹੀਂ ਹੈਗੇ।

ਕਹਿਣ ਲੱਗੇ, ਘੜੀ ਵੀ ਸਾਢੇ ਚੌਵੀ ਮਿੰਟ ਦੀ ਹੁੰਦੀ ਹੈ।

ਫੇਰ ਵੀ ਕਾਫੀ ਭਰੋਸਾ ਹੈ।

ਕਹਿਣ ਲੱਗੇ, ਮਹਾਰਾਜ! ਐਨੇ ਕੁ ਤਾਂ ਖਿੱਚਵੇਂ ਸਾਹ ਆਦਮੀ ਇਕ ਮਿੰਟ 'ਚ ਦੋ ਲੈ ਲੈਂਦੈ ਤੇ ਸਮਝ ਲਓ ਕਿ ਐਨੇ 'ਚ 40-50 ਸਵਾਸ ਹੋਏ, ਬਹੁਤੇ ਤਾਂ ਮੈਂ ਕਹੇ ਨਹੀਂ ਹੈਗੇ। ਐਨੇ ਕੁ ਤਾਂ ਆ ਹੀ ਜਾਂਦੇ ਨੇ। ਸਾਰੇ ਇਕੱਠੇ ਹੋ ਗਏ। ਕਹਿਣ ਲੱਗੇ, ਸੱਚੇ ਪਾਤਸ਼ਾਹ! ਤੁਸੀਂ ਦੱਸੋ?

ਮਹਾਰਾਜ ਕਹਿਣ ਲੱਗੇ, ਪਿਆਰਿਓ! ਜ਼ਿੰਦਗੀ ਦਾ ਕੀ ਭਰੋਸਾ ਹੈ? ਇਸ ਤਰ੍ਹਾਂ ਪੜ੍ਹ ਲਓ।

***ਧਾਰਨਾ - ਇਕ ਦਮ ਦਾ ਭਰੋਸਾ ਕੋਈ ਨਾ,***
***ਦਾਹਵੇ ਬੰਨ੍ਹੇ ਮੁੱਦਤਾਂ ਦੇ।***

ਮਹਾਰਾਜ ਕਹਿੰਦੇ, ਆਪਾਂ ਨੂੰ ਕੀ ਕਹਿੰਦੇ ਨੇ?

ਸਾਰੇ ਸੋਚਣ ਲਗ ਗਏ।

ਕਹਿਣ ਲੱਗੇ, ਆਪਾਂ ਨੂੰ ਆਦਮੀ ਕਹਿੰਦੇ ਨੇ। 'ਆ' ਨੂੰ ਅੱਡ ਕਰ ਦਿਓ, ਪਿਛਲੇ ਦੋ ਅੱਖਰ 'ਅੱਡ' ਕਰ ਦਿਓ। ਫੇਰ ਕੀ ਬਣਿਆ। ਆ-ਦਮੀ।

ਕਹਿੰਦੇ ਜੇ ਤਾਂ ਦਮ ਆ ਗਿਆ, ਸਾਹ ਆ ਗਿਆ, ਤਾਂ, ਤਾਂ ਆਪਾਂ ਆਦਮੀ ਜੇ ਨਾ ਆਇਆ, ਫੇਰ ਭਾਈ ਮੁਰਦੇ। 'ਮ' ਤੋਂ ਸ਼ੁਰੂ ਹੋ ਜਾਏਗਾ ਅੱਖਰ, ਜਿਹੜਾ 'ਅ' ਤੋਂ ਸ਼ੁਰੂ ਹੁੰਦੈ। ਕਹਿੰਦੇ, ਕੋਈ ਪਤਾ ਨਹੀਂ, ਸਾਹ ਬਾਹਰ ਨੂੰ ਗਿਆ ਹੋਇਆ, ਆਵੇ ਕਿ ਨਾ ਆਵੇ। 'ਹਮ ਆਦਮੀ ਹਾਂ ਇਕ ਦਮੀ।' ਇਹਦਾ ਕੋਈ ਪਤਾ ਨਹੀਂ ਹੈ ਕਿ ਸਵਾਸ ਫੇਰ ਮੁੜ ਕੇ ਆ ਜਾਏਗਾ ਕਿ ਨਹੀਂ ਆ ਜਾਏਗਾ। ਐਸੀਆਂ ਰੋਜ਼ ਆਪਾਂ ਮਿਸਾਲਾਂ ਦੇਖਦੇ ਹਾਂ।

ਜਦੋਂ ਮੈਂ ਇਥੇ ਹੁੰਦਾ, ਦੋ ਕਰਮਚਾਰੀ ਆਪਸ ਵਿਚ ਔਖੇ ਹੋਏ ਪਏ, ਲੜ ਰਹੇ ਸੀ। ਟਾਈਪ ਦੀ ਮਸ਼ੀਨ ਉਹਨਾਂ ਦੋਹਾਂ ਦੇ ਹੱਥ ਵਿਚ।

ਉਹ ਕਹਿੰਦਾ, ਮੈਂ ਟਾਈਪ ਕਰਨੀ ਹੈ, ਉਹ ਕਹਿੰਦਾ ਮੈਂ ਕਰਨੀ ਹੈ। ਇਕ ਕਹਿੰਦਾ ਕਿ ਮੇਰੀ ਤਾਂ ਇਕੋ ਹੀ ਚਿੱਠੀ ਹੈ। ਤੇਰਾ ਕੰਮ ਲੰਮਾ ਹੈ। ਉਹ ਕਹਿੰਦਾ, ਚੱਲ ਤੂੰ ਕਰ ਲੈ। ਉਹਨੇ ਮਸ਼ੀਨ ਰੱਖੀ ਆਪਣੇ ਮੇਜ਼ 'ਤੇ, ਰੋਲਰ ਦੇ ਵਿਚ ਕਾਗਜ਼ ਪਾਇਆ, ਕਾਰਬਨ ਪਾਇਆ, ਫਾਈਲ ਖੋਲ੍ਹ ਰੱਖ ਲਈ ਟਾਈਪ ਕਰਨ ਵਾਸਤੇ, ਉਂਗਲੀਆਂ ਰੱਖ ਲਈਆਂ, ਉਂਗਲੀਆਂ ਰੱਖਣ ਤੋਂ ਬਾਅਦ ਜਿਹੜੀ ਕੁਰਸੀ ਦੀ ਢੋਹ ਸੀ, ਉਸ ਨਾਲ ਉਹਨੇ ਸਿਰ ਲਾ ਲਿਆ। ਜਦੋਂ ਉਸਨੇ ਉਂਗਲੀਆਂ ਦੱਬੀਆਂ ਨਾ, ਉਹ ਕਹਿੰਦਾ, ਤੂੰ ਟਾਈਪ ਕਰ ਲੈ, ਨਹੀਂ ਤਾਂ ਮੈਂ ਚੁੱਕ ਲੈਣੀ ਏ। ਤੂੰ ਤਾਂ ਸੋਚਣ ਹੀ ਲੱਗ ਗਿਆ।

ਉਧਰੋਂ ਕੋਈ ਜਵਾਬ ਨਾ ਆਇਆ। ਉਹ ਉੱਠ ਕੇ ਮਸ਼ੀਨ ਚੁੱਕਣ ਲੱਗਿਆ। ਜਦੋਂ ਉਹਨੂੰ ਹਿਲਾਇਆ ਉਹਦੇ ਵਿਚ ਕੁਛ ਵੀ ਨਾ, ਖਤਮ ਹੋਇਆ ਪਿਆ ਬੰਦਾ।

ਮਹਾਰਾਜ ਕਹਿੰਦੇ, -

***ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ ॥***

***ਅੰਗ- 660***

ਇਹਦੀ ਕੋਈ ਗਾਰੰਟੀ ਨਹੀਂ ਹੈ। ਜਦ ਗਾਰੰਟੀ ਨਹੀਂ ਹੈ ਪਿਆਰਿਓ, ਫੇਰ ਤਾਂ ਬੜਾ ਫਿਕਰ ਹੋਣਾ ਚਾਹੀਦੈ। ਫੇਰ ਤਾਂ ਕੋਈ ਪਤਾ ਨਹੀਂ ਕਿ ਸੰਸਾਰ 'ਚੋਂ ਅਸੀਂ ਕਦੋਂ ਚਲੇ ਜਾਣੈ। ਕਾਰਨ ਸਾਰਿਆਂ ਨਾਲੋਂ ਵੱਡਾ ਇਹ ਹੈ ਕਿ ਆਦਮੀ ਸੰਸਾਰ ਤੋਂ ਜਾਣਾ ਨਹੀਂ ਮੰਨਦਾ। ਬੜਾ ਕੁਛ ਇਹ ਆਪਣੇ ਮਨ ਦੇ ਨਾਲ ਖਿਆਲ ਪਾ ਲੈਂਦੈ ਕਿ ਨਹੀਂ ਜੀ, ਇਹ ਤਾਂ ਨਿਰਾਸ਼ਾਜਨਕ ਉਪਦੇਸ਼ ਨੇ। ਸਤਿ ਹੈ, ਨਿਰਾਸ਼ਾਜਨਕ ਨਹੀਂ ਹੈ। ਮਹਾਰਾਜ ਕਹਿੰਦੇ ਤੂੰ ਕਰਮ ਕਰ, ਕਰਮ ਕਰਦਾ ਹੋਇਆ ਕੋਈ ਵਾਸ਼ਨਾ ਤੇ ਕਾਮਨਾ ਨਾ ਰੱਖ। ਜਿੰਨੇ ਦਿਨ ਚੱਲ ਜਾਏਂਗਾ, ਚੱਲ ਤਾਂ ਸਹੀ। ਮਾੜਾ ਕੰਮ ਨਾ ਕਰ -

***ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥***

***ਅੰਗ- 918***

ਇਹੋ ਜਿਹਾ ਕੰਮ ਨਾ ਕਰ ਕਿ ਬਾਅਦ 'ਚ ਪਛਤਾਉਣਾ ਪੈ ਜਾਏ -

***ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥***

***ਅੰਗ- 469***

ਕੰਮ ਉਹ ਕਰੋ ਜਿਹਦੇ ਨਾਲ ਸ਼ਰਮਿੰਦੇ ਨਾ ਹੋਈਏ ਅਸੀਂ ਦਰਗਾਹ ਦੇ ਵਿਚ ਜਾ ਕੇ। ਉਮਰ ਚਾਹੇ ਛੋਟੀ ਹੈ, ਚਾਹੇ ਬਹੁਤੀ ਹੈ। ਇਹ ਵਧ ਘਟ ਨਹੀਂ ਹੋ ਸਕਿਆ ਕਰਦੀ। ਪਹਿਲਾਂ ਹੀ ਲਿਖ ਕੇ ਦਿਤੀ ਜਾਂਦੀ ਹੈ ਉਮਰ, ਬਾਕੀ ਤਾਂ ਆਦਮੀ ਦੇ ਯਤਨ ਨੇ, ਨੱਠਿਆ ਫਿਰਦੈ, ਭੱਜਿਆ ਫਿਰਦੈ।

ਧਨੰਤਰਿ ਵੈਦਿਕ ਗਿਆਨ ਦੇ ਵਿਚ ਮਾਹਿਰ ਸੀਗਾ। ਉਹ ਕਹਿੰਦਾ ਸੀ ਮੈਂ ਨਹੀਂ ਮਰ ਸਕਦਾ, ਮੇਰੇ ਕੋਲ ਐਸੀਆਂ ਦਵਾਈਆਂ ਨੇ ਕਿ ਮੈਂ

ਫੇਰ ਜਿਉਂਦਾ ਹੋ ਜਾਵਾਂਗਾ।

ਰਾਜੇ ਪ੍ਰੀਸ਼ਦ ਨੂੰ ਰਿਸ਼ੀ ਦਾ ਸਰਾਪ ਹੋ ਗਿਆ ਕਿ ਅੱਠ ਦਿਨ ਦੇ ਅੰਦਰ ਤੂੰ ਸੱਪ ਲੜ ਕੇ ਮਰ ਜਾਣੈ। ਉਸ ਵੇਲੇ ਰਾਜਾ ਪ੍ਰੀਸ਼ਦ ਨੇ ਧਨੰਤਰਿ ਨੂੰ ਯਾਦ ਕਰਿਆ ਕਿ ਸੱਪ ਦਾ ਇਲਾਜ ਉਹਦੇ ਕੋਲ ਹੈਗਾ, ਉਹਨੇ ਮੈਨੂੰ ਜਿਉਂਦਾ ਕਰ ਲੈਣੈ। ਇਧਰਲੇ ਪਾਸੇ ਤੱਛਕ ਨੂੰ ਹੁਕਮ ਹੋ ਗਿਆ ਕਿ ਤੂੰ ਲੜਨੈਂ ਜਾ ਕੇ। ਸੱਪਾਂ ਦੀ ਕਿਸਮ ਹੈ ਜੋ ਇੱਛਿਆਧਾਰੀ ਹੈ। ਛੋਟਾ ਵੱਡਾ ਹੋ ਜਾਂਦੈ, ਕੁਛ ਵੀ ਬਣ ਜਾਂਦੈ। ਉਹਨੇ ਜਦੋਂ ਦੇਖਿਆ ਧਨੰਤਰਿ ਨੂੰ, ਐਸੀ ਕਥਾ ਆਉਂਦੀ ਹੈ ਕਿ ਉਹਨੂੰ ਇਹ ਗੱਲ ਪੁੱਛੀ ਕਿ ਤੂੰ ਕਿੱਥੇ ਜਾ ਰਿਹੈਂ। ਕਹਿੰਦਾ, ਸੱਪ ਲੜਨੈਂ ਰਾਜੇ ਪ੍ਰੀਸ਼ਦ ਦੇ ਤੇ ਮੈਂ ਉਹਨੂੰ ਜਿਉਂਦਾ ਕਰਨ ਵਾਸਤੇ ਜਾ ਰਿਹਾਂ। ਕਹਿੰਦਾ, ਤੇਰੇ ਕੋਲ ਤਾਕਤ ਹੈ?

ਕਹਿੰਦਾ, ਪਹਿਲਾਂ ਤੂੰ ਦੱਸ ਮੈਨੂੰ ਕਿਉਂ ਪੁੱਛਦੈਂ? ਤੂੰ ਕੌਣ ਹੈਂ?

ਕਹਿੰਦਾ ਮੈਂ ਵੀ ਤੱਛਕ ਹਾਂ, ਮੈਂ ਵੀ ਲੜਨ ਵਾਸਤੇ ਜਾ ਰਿਹਾਂ।

ਕਹਿੰਦਾ, ਪਹਿਲਾਂ ਆਪਾਂ ਤਾਕਤ ਦੇਖ ਲਈਏ, ਤੇਰੇ 'ਚ ਕਿੰਨੀ ਹੈ ਤੇ ਮੇਰੇ 'ਚ ਕਿੰਨੀ ਹੈ? ਫਲਾਂ ਦਾ ਭਰਿਆ ਹੋਇਆ ਦਰਖਤ ਸੀ, ਤੱਛਕ ਨੇ ਡੰਗ ਮਾਰਿਆ, ਸਾਰਾ ਕਾਲਾ ਕਰ ਦਿਤਾ, ਸਭ ਫਲ ਗਲ ਗਏ। ਕਹਿੰਦਾ, ਐਨੀ ਤਾਕਤ ਹੈ। ਕਹਿਣ ਲੱਗਿਆ, ਤੇਰੇ 'ਚ ਕਿੰਨੀ ਹੈ?

ਉਹ ਕਹਿੰਦਾ ਮੈਂ ਹੁਣੇ ਦਸ ਦਿੰਨਾਂ?

ਖੜ੍ਹ ਕੇ ਦੇਖਣ ਲੱਗ ਗਿਆ, ਸਾਰੇ ਦਰਖਤ 'ਤੇ ਨਿਗ੍ਹਾ ਫੇਰ ਦਿਤੀ ਤੇ ਸਾਰੇ ਫਲ ਉਵੇਂ ਜਿਵੇਂ ਹੋ ਗਏ, ਦਰਖਤ ਉਵੇਂ ਜਿਵੇਂ ਹੋ ਗਿਆ।

ਕਹਿੰਦਾ, ਇਹ ਤਾਂ ਬਈ ਵਾਕਏ ਹੀ ਤਕੜਾ ਹੈ।

ਕਾਲ ਉਹਦਾ ਖੜ੍ਹਾ ਦੇਖਦਾ ਹੈ ਧਨੰਤਰ ਦਾ। ਇਹ ਅੱਗੇ ਗਿਆ ਤੇ ਜਾ ਕੇ ਇਹ ਖੂੰਡੀ ਦੀ ਸ਼ਕਲ ਬਣਾ ਕੇ ਪੈ ਗਿਆ। ਧਨੰਤਰਿ ਨੇ ਚੁੱਕ ਲਈ, ਗਰਦਨ ਦੇ ਪਿੱਛੇ ਇਹਦੇ ਖਾਜ ਹੋਣ ਲਗ ਗਈ। ਉਹਨੇ ਇਕ ਗੱਲ ਕਹੀ ਸੀ ਕਿ ਤੱਛਕ ਜਿੱਥੇ ਤੱਕ ਮੇਰੀ ਨਿਗ੍ਹਾ ਚਲੀ ਜਾਵੇ, ਸੱਪ ਦੀ ਜ਼ਹਿਰ ਉਤਾਰ ਦਿੰਦਾ ਹਾਂ। ਉਹ ਖੂੰਡੀ ਬਣੀ ਤੇ ਜਦੋਂ ਗਰਦਨ 'ਚ ਲੱਗਿਆ ਖਾਜ ਕਰਨ ਉਹਦੇ ਨਾਲ। ਉਹਨੇ ਉਥੇ ਹੀ ਡੰਗ ਮਾਰ ਦਿਤਾ। ਨਿਗ੍ਹਾ ਹੁਣ ਜਾ ਨਹੀਂ ਸੀ ਸਕਦੀ ਉਥੇ। ਉਥੇ ਹੀ ਮਰ ਗਿਆ। ਕਹਿੰਦੇ ਨੇ -

***ਜੜ੍ਹੀ ਬੂਟੀ ਜੇ ਜੀਵੀਏ ਕਿਉਂ ਮਰੇ ਧਨੰਤਰਿ।***

ਐਡਾ ਵੈਦ ਕਿਉਂ ਮਰ ਗਿਆ ਫੇਰ। ਉਹ ਤਾਂ ਲਿਖਿਆ ਹੋਇਐ, ਸਮਾਂ ਨਾ ਘਟਦੈ ਨਾ ਵਧਦੈ।

ਇਕ ਵਾਰੀ ਵੇਦ ਵਿਆਸ ਜੀ ਦਾ ਇਕ ਨੌਕਰ ਸੀ। ਵੇਦ ਵਿਆਸ ਜੀ ਬੜੇ ਤ੍ਰਿਕਾਲਦਰਸ਼ੀ ਮਹਾਂਪੁਰਸ਼ ਹੋਏ ਨੇ। ਆਪ ਕਾਰਕ ਨੇ। ਮਰਜ਼ੀ ਨਾਲ ਆਉਣਾ, ਮਰਜ਼ੀ ਨਾਲ ਸੰਸਾਰ ਤੋਂ ਚਲੇ ਜਾਣਾ। ਐਸੀ ਇਕ ਅਵਸਥਾ

ਹੋਇਆ ਕਰਦੀ ਹੈ ਗੁਰਮੁਖਾਂ ਦੀ। ਕਿਸੇ ਦੇ ਭੇਜੇ ਹੋਏ ਨਹੀਂ ਆਉਂਦੇ -

***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥***
***ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥***
***ਅੰਗ- 749***

ਜਦੋਂ ਰੂਹਾਨੀ ਵਿਦਿਆ ਦੇ ਵਿਚ ਗੜਬੜ ਹੋ ਜਾਏ ਉਸ ਵੇਲੇ ਇਹਨੂੰ ਆਉਣਾ ਹੀ ਪੈਂਦੈ ਸੰਸਾਰ ਦੇ ਉਤੇ।

ਇਹਦਾ ਨੌਕਰ ਸੀ ਬਗੈਰ ਕਹਿਣ 'ਤੇ ਕੰਮ ਕਰਦਾ ਸੀ। ਇਹਨੇ ਕਿਹਾ ਕਿ ਜੇ ਇਹਦੀ ਉਮਰ ਵੀ ਮੇਰੇ ਜਿੰਨੀ ਹੋ ਜਾਏ ਕਿਉਂਕਿ ਕਾਰਕ ਦੀ ਉਮਰ 4 ਅਰਬ, 32 ਕਰੋੜ ਸਾਲ ਦੀ ਹੁੰਦੀ ਹੈ। ਮਹਾਂਪੁਰਸ਼ ਜਿਹੜੇ ਨੇ ਉਹ ਇਸ ਗੱਲ ਨੂੰ ਚੰਗਾ ਨਹੀਂ ਸਮਝਦੇ। ਕਿਉਂਕਿ ਪਰਉਪਕਾਰ ਨੂੰ ਬਹੁਤ ਵੱਡੀ ਚੀਜ਼ ਅਸੀਂ ਦੁਨੀਆਂ 'ਚ ਗਿਣਦੇ ਹਾਂ। ਪਰ ਪਰਉਪਕਾਰ ਦੀ ਜੋ ਵਾਸ਼ਨਾ ਹੈ, ਉਹ ਵਾਸ਼ਨਾ ਜਿਵੇਂ ਦੂਜੀਆਂ ਚੀਜ਼ਾਂ ਬੰਨ੍ਹਦੀ ਹੈ। ਉਹ ਵੀ ਬੰਨ੍ਹ ਲੈਂਦੀ ਹੈ। ਉਹਨੂੰ ਕਾਰਕ ਦੀ ਜੂਨੀ 'ਚ ਜਾਣਾ ਪੈਂਦੈ। ਕਾਰਕ ਦਾ ਪਦ ਉਹਨੂੰ ਮਿਲ ਜਾਂਦੈ, ਜਿਹੜਾ ਪਰਉਪਕਾਰ ਚਿਤਵਦੈ।

ਪਰਉਪਕਾਰ ਦੀ ਵੀ ਮੈਂ ਬੇਨਤੀ ਕਰਦਾ ਹਾਂ, ਮਾੜੀ ਚੀਜ਼ ਨਹੀਂ ਹੈ ਇਹ। ਚਿਤਵਨਾ ਵੀ ਮਾੜਾ ਨਹੀਂ ਹੈ। ਪਰ ਉਹਦੀ ਵਾਸ਼ਨਾ ਨਹੀਂ ਕਰਨੀ ਚਾਹੀਦੀ। ਸਹਿਜ ਵਿਚ ਹੋਣਾ ਚਾਹੀਦਾ ਹੈ ਜੋ ਕੁਛ ਹੋ ਰਿਹੈ, ਹੋ ਹੀ ਜਾਣੈ। ਗੁਲਾਬ ਦੇ ਫੁੱਲ ਨੇ ਖੁਸ਼ਬੂ ਦੇਣੀ ਹੀ ਦੇਣੀ ਹੈ। ਉਹਨੂੰ ਚਿਤਵਨ ਦੀ ਕੀ ਲੋੜ ਹੈ? ਉਸ ਦਾ ਉਮਾਹ, ਉਹਦੇ ਅੰਦਰ ਚਸ਼ਮਾ ਚਲਦੈ -

***ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥ ਅੰਗ- 273***

ਜਦੋਂ ਚਸ਼ਮਾ ਚਲਦੈ, ਚਸ਼ਮਾ ਚਿਤਵਦਾ ਨਹੀਂ ਹੈ ਕਿ ਮੈਂ ਚੱਲਾਂ ਤੇ ਲੋਕ ਪਾਣੀ ਪੀਣ। ਉਹਦਾ ਤਾਂ ਸੁਤੇ ਸੁਭਾਅ ਹੀ ਹੈ। ਸਹਿਜ ਸੁਭਾਅ ਹੀ ਚਲਦਾ ਹੈ। ਸੋ ਪਰਉਪਕਾਰ ਜੋ ਸਹਿਜ ਸੁਭਾਅ ਦੇ ਅੰਦਰ ਹੈ, ਉਹ ਨਹੀਂ ਬੰਨ੍ਹਿਆ ਕਰਦਾ। ਜਿਹੜਾ ਮਿੱਥ ਕੇ ਕਰਦੈ, ਉਹ ਬੰਨ੍ਹ ਲੈਂਦੈ। ਮੈਂ ਹਸਪਤਾਲ ਬਣਾ ਰਿਹਾਂ, ਮੈਂ ਸਕੂਲ ਬਣਾ ਰਿਹਾਂ, ਮੈਂ ਗੁਰਦੁਆਰਾ ਬਣਾ ਰਿਹਾਂ। ਉਸ ਮੈਂ ਨੇ ਬੰਨ੍ਹਿਆ ਜਾਣੈ। 'ਮੈਂ' ਦਾ ਕਰਮ ਨਹੀਂ ਕਦੇ ਵੀ ਜਾਂਦਾ। ਕੀਤਾ ਹੋਇਆ ਕਰਮ ਅਵੱਸ ਭੋਗਣਾ ਪੈਂਦੈ। ਜਿਹੜਾ ਬ੍ਰਹਮਗਿਆਨੀ ਹੁੰਦੈ, ਉਹਦੇ 'ਚ ਮੈਂ ਮਰ ਚੁੱਕੀ ਹੁੰਦੀ ਹੈ।ਬਿਲਕੁਲ ਨਹੀਂ ਹੁੰਦੀ। ਦਿਸਦੈ ਉਹ ਤੁਰਦਾ ਫਿਰਦਾ ਕੰਮ ਕਰਦਾ, ਲੇਕਿਨ ਉਹ ਪ੍ਰਮੇਸ਼ਰ ਆਪ ਹੀ ਹੋਇਆ ਕਰਦੈ। ਸੋ ਉਹ ਕਾਰਕ ਹੈ। ਚਾਰ ਅਰਬ 32 ਕਰੋੜ ਸਾਲ ਉਹਨੂੰ ਆਉਣਾ ਹੀ ਪੈਂਦੈ ਤੇ ਉਹ ਨੌਕਰ ਨੂੰ ਬ੍ਰਹਮਾ ਜੀ ਕੋਲ ਲੈ ਗਿਆ ਕਿ ਇਹਦੀ ਉਮਰ ਵਧਾ ਦਿਓ, ਮੇਰੇ ਜਿੰਨੀ ਕਰ ਦਿਓ। ਜਦੋਂ ਮੈਂ ਮਰਜ਼ੀ ਨਾਲ ਆਵਾਂ ਇਹ ਵੀ ਆਵੇ। ਉਹ ਕਹਿੰਦੇ, ਮੇਰੇ ਤਾ ਇਹ ਅਖਤਿਆਰ ਨਹੀਂ। ਸ਼ਿਵ ਜੀ ਕੋਲ ਜਾਹ। ਉਹ ਕਹਿੰਦੇ ਮੇਰੇ ਨਹੀਂ ਅਖਤਿਆਰ। ਇਹ ਤਾਂ ਕਾਲ ਦੇ ਅਖਤਿਆਰ ਹੈ। ਕਾਲ ਭਗਵਾਨ ਨੂੰ ਮਿਲੇ। ਉਹ ਕਹਿੰਦੇ, ਮੈਨੂੰ ਤਾਂ ਹੁਕਮ ਮਿਲਦੈ ਧਰਮਰਾਜ ਤੋਂ ਕਿ ਉਹ ਬੰਦਾ ਲਿਆ, ਲਿਸਟ ਤਿਆਰ ਹੁੰਦੀ ਹੈ, ਅਸੀਂ ਲੈ ਆਉਂਦੇ ਹਾਂ। ਧਰਮਰਾਜ ਕੋਲ ਗਏ

ਚਾਰੋਂ ਇਕੱਠੇ ਹੋ ਕੇ। ਨਾਲ ਉਹ ਨੌਕਰ ਹੈ। ਕਹਿਣ ਲੱਗੇ, ਮੈਨੂੰ ਤਾਂ ਚਿਤਰਗੁਪਤ ਦਾ ਸਾਰਾ ਹਿਸਾਬ ਕਿਤਾਬ ਆਉਂਦੈ ਕਿ ਉਹਦੀ ਉਮਰ ਮੁੱਕ ਗਈ। ਉਸ ਤਰ੍ਹਾਂ ਮੈਂ ਪ੍ਰਮੇਸ਼ਰ ਦੇ ਹੁਕਮ ਨੂੰ ਮੰਨਦਾ ਹਾਂ। ਕਹਿੰਦੇ ਫੇਰ ਚਿਤਰਗੁਪਤ ਨੂੰ ਪੁੱਛ ਲੈਂਦੇ ਹਾਂ। ਚਿਤਰਗੁਪਤ ਨੂੰ ਜਦੋਂ ਬੁਲਾਇਆ, ਬੁਲਾ ਕੇ ਪੁੱਛਿਆ, ਕਹਿੰਦੇ, ਖੋਲ੍ਹ ਤਾਂ ਇਹਦੀ ਉਮਰ ਕਿੰਨੀ ਹੈ?

ਕਹਿਣ ਲੱਗਿਆ, ਇਹ ਜਿਹੜਾ ਜੀਵ ਹੈ ਇਹਦੀ ਮ੍ਰਿਤੂ ਦਾ ਕਾਰਨ, ਮ੍ਰਿਤੂ ਦਾ ਥਾਂ, ਮ੍ਰਿਤੂ ਦਾ ਸਮਾਂ ਇਸ ਤਰ੍ਹਾਂ ਲਿਖਿਆ ਹੋਇਐ ਕਿ ਜਦੋਂ ਬਿਆਸ ਜੀ, ਬ੍ਰਹਮਾ ਜੀ, ਸ਼ਿਵ ਜੀ ਤੇ ਧਰਮਰਾਜ ਤੇ ਕਾਲ ਇਕੱਠੇ ਹੋ ਕੇ ਚਿਤ੍ਰਗੁਪਤ ਤੋਂ ਇਹ ਪੁੱਛਣਗੇ ਕਿ ਇਹਦੀ ਉਮਰ ਕਿੰਨੀ ਹੈ? ਉਸ ਵੇਲੇ ਉਹ ਦਰਗਾਹ ਦੇ ਵਿਚ ਹੋਵੇਗਾ ਤੇ ਆਹੀ ਸਮਾਂ ਜਿਹੜੀ ਤੁਸੀਂ ਮੇਰੇ ਨਾਲ ਗੱਲ ਕਰਦੇ ਹੋਂ, ਉਹਦੀ ਮੌਤ ਦਾ ਹੋਏਗਾ। ਕਹਿੰਦੇ, ਉਹ ਤਾਂ ਮਰ ਗਿਆ। ਉਹ ਬਾਹਰ ਹੈ, ਬਾਹਰ ਦੇਖਿਆ ਜਾ ਕੇ, ਮਰਿਆ ਪਿਆ ਹੈ।

ਮਹਾਰਾਜ ਕਹਿੰਦੇ, ਕੋਈ ਵੀ ਸੰਸਾਰ ਦੇ ਅੰਦਰ ਨਹੀਂ ਰਹਿ ਸਕਦਾ। ਆਦਮੀ ਨੂੰ ਜਾਣਾ ਹੀ ਪੈਂਦੈ। ਸੋ ਜਦੋਂ ਇਹ ਅਵਸਥਾ ਹੈ ਸਾਧਸੰਗਤ ਜੀ। ਫੇਰ ਭਜਨ ਕਿਉਂ ਨਹੀਂ ਹੁੰਦਾ?

ਗੁਰੂ ਮਹਾਰਾਜ ਨੌਵੇਂ ਪਾਤਸ਼ਾਹ ਜੀ ਨੂੰ ਪੁਛਿਆ ਕਿ ਸੱਚੇ ਪਾਤਸ਼ਾਹ! ਇਹ ਜਿਹੜਾ ਜੀਵ ਹੈ ਇਹ ਚੰਗੀ ਤਰ੍ਹਾਂ ਜਾਣਦਾ ਹੈ ਕਿ ਬੰਦਗੀ ਕਰਨ ਦੇ ਨਾਲ ਦਰਗਾਹ ਦੇ ਵਿਚ ਸਹਾਇਤਾ ਹੋਏਗੀ। ਇਥੇ ਮੈਂ ਰਹਿ ਨਹੀਂ ਸਕਦਾ। ਫੇਰ ਕੀ ਵਜ੍ਹਾ ਹੈ ਕਿ ਇਹ ਭਗਤੀ ਨਹੀਂ ਕਰਦਾ?

ਮਹਾਰਾਜ ਕਹਿਣ ਲੱਗੇ, ਪਿਆਰਿਓ! ਸਭ ਤੋਂ ਵੱਡੀ ਵਜ੍ਹਾ ਇਹ ਹੈ ਕਿ ਇਹ ਜੀਵ ਮੰਨਦਾ ਹੀ ਨਹੀਂ ਕਿ ਮੈਂ ਸੰਸਾਰ ਤੋਂ ਜਾਣੈ। ਨਾ ਮੰਨਣ ਕਰਕੇ ਇਹ ਝੂਠੇ ਲਾਲਚਾਂ 'ਚ ਲਗ ਕੇ ਆਪਣਾ ਜੀਵਨ ਬਰਬਾਦ ਕਰ ਦਿੰਦੈ।

***ਧਾਰਨਾ – ਨਹੀਓਂ ਮਰਨ ਪਛਾਣਦਾ,***
***ਝੂਠੇ ਲਾਲਚ ਲਗ ਕੇ ਬੰਦਾ।***

***ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥***
***ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥ 1 ॥***
***ਰਹਾਉ ॥ ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥***
***ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥ 1 ॥***
***ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥***
***ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥***

***ਅੰਗ– 727***

ਮਹਾਰਾਜ ਨੇ ਫੁਰਮਾਨ ਕੀਤਾ ਹੈ ਕਿ ਪਿਆਰਿਓ! ਵੱਡਾ ਕਾਰਨ ਇਹ ਹੈ ਕਿ ਆਦਮੀ ਭਜਨ ਬੰਦਗੀ ਵਲ ਤਾਂ ਨਹੀਂ ਲਗਦਾ। ਉਸ ਨੂੰ ਇਹ ਭਰੋਸਾ ਨਹੀਂ ਹੈ ਕਿ ਮੈਂ ਸੰਸਾਰ ਤੋਂ ਚਲਿਆ ਜਾਣਾ ਹੈ। ਜਿਸ ਤਰ੍ਹਾਂ ਵਾਹਿਗੁਰੂ ਸਾਰਿਆਂ ਦੇ ਨਾਲ ਰਹਿੰਦੈ, ਇਹਨੂੰ ਨਹੀਂ ਭਰੋਸਾ ਆਉਂਦਾ

ਕਿ ਮੇਰੇ ਨਾਲ ਹੈ। ਡਰ ਜਾਂਦੈ। ਇਸੇ ਤਰ੍ਹਾਂ ਦੇ ਨਾਲ ਮੌਤ ਦਾ ਇਸ ਨੂੰ ਨਾ ਭਰੋਸਾ ਹੋਣ ਕਰਕੇ, ਇਹ ਸਭ ਕੁਛ, ਵੱਡਾ ਅਕਲ ਵਾਲਾ ਹੁੰਦਾ ਹੋਇਆ, ਮਹਾਰਾਜ ਕਹਿੰਦੇ, ਮੂਰਖਾਂ ਦੇ ਵਿਚ ਹੈ। ***'ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥'*** ਦਿਨ ਰਾਤ ਲਗ ਕੇ ਪ੍ਰਮੇਸ਼ਰ ਦਾ ਭਜਨ ਕਰ ਲੈ। ਜੇ ਕੁਛ ਹਾਸਲ ਕਰਨੈ। ***'ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥'*** ਇਕ ਅੱਖ ਝਮਕਣ ਨੂੰ ਜਿੰਨਾਂ ਸਮਾਂ ਲਗਦੈ, ਉਸ ਤੋਂ ਪੰਦਰਾਂ ਗੁਣਾਂ ਘਟ ਛਿਨ ਹੋਇਆ ਕਰਦੈ। ਐਨੇ ਛਿਨ ਦੇ ਨਾਲ ਤੇਰੇ ਅੰਦਰ ਪਰਿਵਰਤਨ ਆ ਰਿਹੈ। ਅੱਜ ਤਾਂ ਹੁਣ ਸਾਇੰਟੇਫਿਕ ਯੁੱਗ ਹੈ। ਪਤਾ ਲਗਦੈ ਕਿ ਇਹਦੀ ਉਮਰ ਘਟ ਰਹੀ ਹੈ, ਪਰਿਵਰਤਨ ਆ ਰਿਹੈ। ਹਰ ਚੀਜ਼ 'ਚ ਪਰਿਵਰਤਨ ਆਉਂਦੈ। 'ਛਿਨ' ਤਾਂ ਬਹੁਤੀ ਵੱਡੀ ਗਿਣਤੀ ਹੈ ਛਿਨ ਦਾ ਜੇ ਲੱਖਵਾਂ ਹਿੱਸਾ ਵੀ ਕਰ ਲਓ, ਓਨੇ 'ਚ ਵੀ ਇਹ ਪਰਿਵਰਤਨਸ਼ੀਲ ਹੈ, ਜਿਹੜੀ ਪ੍ਰਕ੍ਰਿਤੀ ਹੈ। ਹਰ ਵਕਤ ਬਦਲ ਰਹੀ ਹੈ, ਕਦੇ ਵਧ ਰਹੀ ਹੈ, ਕਦੇ ਘਟ ਰਹੀ ਹੈ। ਤਿੰਨੋ ਅਵਸਥਾ ਨੇ, ਬਚਪਨ ਦੇ ਅੰਦਰ ਵਧਣਾ ਸ਼ੁਰੂ ਕਰਦੈ। ਜਵਾਨੀ ਤਕ ਵਧੀ ਜਾਂਦੈ। ਫੇਰ ਟਿਕਦੈ ਥੋੜ੍ਹੀ ਦੇਰ, ਪਤਾ ਨਹੀਂ ਲਗਦਾ ਉਸ ਸਮੇਂ ਦਾ ਲੇਕਿਨ ਉਹ ਥੱਲੇ ਨੂੰ ਆ ਰਿਹਾ ਹੁੰਦੈ। ਉਸ ਤੋਂ ਬਾਅਦ ਫੇਰ ਬੁਢਾਪਾ ਆ ਹੀ ਜਾਂਦੈ। ਉਹ ਤਾਂ ਸਭ ਨੂੰ ਪਤਾ ਹੈ ਕਿ ਮੇਰੇ ਗੋਡੇ ਦੁਖਦੇ ਨੇ, ਮੇਰੇ ਤੋਂ ਖੜ੍ਹਾ ਨਹੀਂ ਹੋ ਹੁੰਦਾ, ਮੇਰੇ ਤੋਂ ਤੁਰ ਨਹੀਂ ਹੁੰਦਾ, ਮੈਨੂੰ ਰੋਟੀ ਨਹੀਂ ਹਜ਼ਮ ਹੁੰਦੀ, ਮੇਰਾ ਕੰਨ ਦੁਖਦੈ। ਮੇਰੀ ਨਿਗ੍ਹਾ ਨਹੀਂ ਕੰਮ ਕਰਦੀ।

ਮਹਾਰਾਜ ਕਹਿੰਦੇ, ਇਸ ਅਵਸਥਾ ਨੂੰ ਯਾਦ ਰੱਖ, ਬੁਢਾਪੇ ਨੂੰ।

***ਜਬ ਲਗੁ ਜਰਾ ਰੋਗੁ ਨਹੀ ਆਇਆ ॥***
***ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥***
***ਜਬ ਲਗੁ ਬਿਕਲ ਭਈ ਨਹੀ ਬਾਨੀ ॥***
***ਭਜਿ ਲੇਹਿ ਰੇ ਮਨ ਸਾਰਿਗਪਾਨੀ ॥*** ***ਅੰਗ- 1159***

ਕਿੰਨਾ ਕੁ ਮੰਨਦੇ ਹਾਂ ਅਸੀਂ ਗੁਰੂ ਮਹਾਰਾਜ ਦੇ ਹੁਕਮ ਨੂੰ। ਬਿਲਕੁਲ ਨਹੀਂ। ਕਾਰਨ ਕੀ ਹੈ ਇਹ ਉਪਦੇਸ਼ ਸਤਿ ਹੁੰਦੇ ਹੋਏ, ਅਸੀਂ ਗੁਰੂ ਨੂੰ ਗੁਰੂ ਮੰਨਦੇ ਹਾਂ। ਸੱਚੀਂ ਮੰਨਦੇ ਹਾਂ ਲੇਕਿਨ ਕਾਰਨ ਕੀ ਹੈ ਕਿ ਉਹਦਾ ਹੁਕਮ ਕਿਉਂ ਨਹੀਂ ਮੰਨ ਹੁੰਦਾ ਸਾਡੇ ਤੋਂ।

ਉਹ ਕਹਿੰਦੇ, ਦੂਜੇ ਪਾਸੇ ਜਿਹੜੀ ਸ਼ਕਤੀ ਹੈ ਨਾ ਮਾਇਆ ਦੀ, ਅਗਿਆਨਤਾ (ignorance) ਦੀ, ਭਰਮ (illusion) ਦੀ, ਅਵਿਦਿਆ ਦੀ ਉਹ ਐਨੀ ਸਖ਼ਤ ਹੈ, ਐਨੀ ਤਕੜੀ ਹੈ, ਵਾਹਿਗੁਰੂ ਤਾਂ ਨਜ਼ਰ ਨਹੀਂ ਆਉਂਦਾ, ਵਿਚਾਰਵਾਨ ਨੂੰ ਆਉਂਦੈ। ਉਹ ਨਾਲ ਰਹਿੰਦਾ ਹੋਇਆ, ਸਾਰੇ ਕੰਮ ਕਰਦਾ ਹੋਇਆ ਆਉਂਦਾ ਨਹੀਂ ਹੈ। ਜਿਹੜਾ ਕੁਛ ਵੀ ਨਹੀਂ ਕਰਦਾ, ਉਹ ਸਤਿ ਪ੍ਰਤੀਤ ਦਿੰਦੈ। ਇਹ ਇਕ ਬਿਰਤੀ ਹੋਇਆ ਕਰਦੀ ਹੈ, ਅਭਿਨਿਵੇਸ਼ ਇਹਨੂੰ ਕਹਿੰਦੇ ਨੇ। ਇਹ ਬਿਰਤੀ ਹੁੰਦੀ ਹੈ ਸਤਿ ਨੂੰ ਸਤਿ ਨਾ ਮੰਨਣਾ। ਸਤਿ ਗੱਲਾਂ ਨੂੰ ਸਤਿ ਕਰਕੇ ਨਾ ਮੰਨਣਾ। ਕਾਰਨ ਬੱਸ ਐਨਾ ਹੀ ਹੈ। ਮਹਾਰਾਜ ਕਹਿੰਦੇ, ਜੇ ਤੂੰ ਲੱਗਣਾ ਹੈ ਤੇਰੀ ਉਮਰ ਬੀਤਦੀ ਜਾਂਦੀ

ਹੈ ਜਿਵੇਂ ਟੁੱਟੇ ਹੋਏ ਘੜੇ 'ਚੋਂ ਪਾਣੀ ਨਿਕਲ ਜਾਂਦੈ, ਤੇਰੇ ਸਵਾਸ ਨਿਕਲ ਜਾਣੇ ਨੇ। ਚੌਵੀ ਹਜ਼ਾਰ ਸਵਾਸ ਦਾ ਰੋਜ਼ ਘਾਟਾ ਪੈਂਦੈ। ਐਡਾ ਵਪਾਰੀ ਕਿਹੜਾ ਹੈ ਜਿਹਨੂੰ ਚੌਵੀ ਹਜ਼ਾਰ ਦਾ ਰੋਜ਼ ਘਾਟਾ ਪੈ ਜਾਵੇ ਤਾਂ ਫੇਰ ਸਵਾਸ ਕਿੰਨਾ ਹੈ? ਵਿਚਾਰ ਕੇ ਦੇਖੋ, ਇਕ ਸਵਾਸ ਦੀ ਕੀਮਤ ਕਿੰਨੀ ਹੈ? ਗੰਭੀਰ ਧਿਆਨ (thought) ਦਿਓ ਇਹਦੇ ਉਤੇ।

ਐਸੀ ਇਕ ਕਹਾਣੀ ਆਉਂਦੀ ਹੈ ਇਤਿਹਾਸ ਦੇ ਅੰਦਰ ਕਿ ਜਦੋਂ ਸਿਕੰਦਰ-ਏ-ਆਜ਼ਮ ਅਲੈਗਜ਼ੈਂਡਰ ਦੀ ਗਰੇਟ ਨੇ ਹਿੰਦੁਸਤਾਨ ਦੇ ਉਤੋਂ ਪੋਰਸ ਰਾਜੇ ਨੂੰ ਜਿੱਤਣ ਤੋਂ ਬਾਅਦ ਬਿਆਸਾ ਦਰਿਆ ਲੰਘਣ ਲੱਗਿਆ ਤਾਂ ਅੱਗੇ ਪੰਚਾਇਤੀ ਰਾਜ ਸੀਗਾ ਪ੍ਰੈਜ਼ੀਡੈਂਟ ਰਣ ਸਿੰਘ ਦਾ। ਫੌਜ ਨੇ ਪੁਛਿਆ ਕਿ ਹੁਣ ਕਿਹੜੇ ਰਾਜੇ ਨਾਲ ਲੜਨਾ ਹੈ? ਉਨ੍ਹਾਂ ਨੇ ਕਿਹਾ ਕਿ ਰਾਜਾ ਤਾਂ ਹੈ ਨਹੀਂ ਹੁਣ ਤਾਂ ਪੰਚਾਇਤਾਂ ਦਾ ਰਾਜ ਆ ਗਿਆ। ਪੰਚਾਇਤ ਦਾ ਜੋ ਮੁਖੀ ਹੈ ਉਹ ਰਣ ਸਿੰਘ ਹੈ। ਕਹਿੰਦਾ, ਫੇਰ ਨਹੀਂ ਅਸੀਂ ਲੜਦੇ। ਕਹਿੰਦੇ, ਕਿਉਂ?

ਕਹਿੰਦੇ, ਜੇ ਉਹਨੂੰ ਫੜ ਲਿਆ, ਪੰਚਾਇਤ ਨੇ ਨਵਾਂ ਚੁਣ ਲੈਣੈ, ਫੇਰ ਫੜ ਲਿਆ, ਪੰਚਾਇਤ ਨੇ ਫੇਰ ਨਵਾਂ ਚੁਣ ਲੈਣੈ। ਜੇ ਸਾਰੀ ਪੰਚਾਇਤ ਫੜ ਲਈ, ਲੋਕਾਂ ਨੇ ਫੇਰ ਨਵੀਂ ਪੰਚਾਇਤ ਬਣਾ ਲੈਣੀ ਹੈ। ਇਹ ਤਾਂ ਬੇਅੰਤ ਚੀਜ਼ ਹੈ, ਅਸੀਂ ਨਹੀਂ ਲੜਦੇ। ਜਵਾਬ ਦੇ ਦਿਤਾ ਸਾਰੀ ਫੌਜ ਨੇ। ਬੜਾ ਸਮਝਾਇਆ ਸਿਕੰਦਰ ਨੇ। ਅਖੀਰ ਵਾਪਸ ਤੁਰਨਾ ਪਿਆ। ਸਿੰਧ ਦਰਿਆ ਦੇ ਵਿਚੀਂ ਫੌਜ ਨੂੰ ਲੈ ਕੇ ਗਿਆ। ਸਮੁੰਦਰ ਦੇ ਵਿਚੋਂ ਜਹਾਜ਼ 'ਤੇ ਜਦੋਂ ਬਾਵਨਕੁੰਟੀ ਦੇ ਮੁਕਾਮ 'ਤੇ ਪਹੁੰਚਦਾ ਹੈ ਉਥੇ ਜਾ ਕੇ ਨਹਾ ਲਿਆ, ਗਰਮ ਸਰਦ ਹੋ ਗਿਆ। ਤਕੜਾ ਸੀ, ਬਿਮਾਰੀ ਨੂੰ ਗਿਣਿਆ ਨਾ ਕਿ ਛੇਤੀ-ਛੇਤੀ ਮੈਂ ਵਾਪਸ ਯੂਨਾਨ ਵਿਚ ਪਹੁੰਚ ਜਾਵਾਂ। ਲੇਕਿਨ ਹਾਲਤ ਖਰਾਬ ਹੁੰਦੀ ਗਈ। ਖਰਾਬ ਹੋਈ ਤਾਂ ਉਸ ਵੇਲੇ ਜੋਤਸ਼ੀਆਂ ਨੂੰ ਬੁਲਾਇਆ, ਕਹਿਣ ਲੱਗਿਆ, ਦੇਖੋ ਤਾਂ ਕਿਤੇ ਮੇਰੀ ਮੌਤ ਤਾਂ ਨਹੀਂ ਨੇੜੇ ਆਈ ਹੋਈ। ਮੌਤ ਤੋਂ ਸਭ ਨੂੰ ਡਰ ਲਗਦੈ। ਸਿਰਫ ਇਕ ਬੰਦਾ ਹੈ ਸੰਸਾਰ ਦੇ ਅੰਦਰ ਜਿਹੜਾ ਨਹੀਂ ਡਰਦਾ। ਬਾਕੀ ਸੰਸਾਰ ਮੌਤ ਤੋਂ ਡਰ ਰਿਹੈ। ਨਹੀਂ ਡਰਦਾ ਤਾਂ ਉਹ ਹੈ ਜਿਹਨੇ ਮੌਤ ਤੋਂ ਪਾਰ ਜਾ ਕੇ ਜੀਵਨ ਸ਼ੁਰੂ ਕਰ ਲਿਆ -

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥***

***ਅੰਗ- 1365***

ਬਾਕੀ ਸਾਰਾ ਸੰਸਾਰ ਡਰਦੈ। ਹਨ੍ਹੇਰ ਦਿਸਦੈ ਅੱਗੇ। ਕੁਝ ਨਹੀਂ ਪਤਾ ਲਗਦਾ ਕਿ ਕਿੱਥੇ ਜਾਵਾਂਗੇ, ਕੀ ਹਾਲ ਹੋਏਗਾ। ਕੁਛ ਨਹੀਂ ਪਤਾ ਇਸ ਲਈ ਮੌਤ ਤੋਂ ਸਾਰੀ ਦੁਨੀਆਂ ਡਰਦੀ ਹੈ।

ਸੋ ਇਸ ਤਰ੍ਹਾਂ ਦੇ ਨਾਲ ਜੋਤਸ਼ੀਆਂ ਨੇ ਹਿਸਾਬ ਕੱਢਿਆ। ਹੈਰਾਨ ਹੋ ਗਏ। ਕਹਿਣ ਲੱਗਿਆ, ਦੱਸੋ?

ਕਹਿਣ ਲੱਗੇ, ਸਾਡੀ ਸਮਝ 'ਚ ਨਹੀਂ ਕੁਛ ਆ ਰਿਹਾ।

ਜੋ ਹਿਸਾਬ ਕਿਤਾਬ ਆਇਆ ਹੈ, ਉਹ ਦੱਸੋ?

ਕਹਿੰਦੇ, ਸਾਡਾ ਹਿਸਾਬ ਇਹ ਆਇਐ ਕਿ ਜਦੋਂ ਧਰਤੀ ਲੋਹੇ ਦੀ ਬਣ ਗਈ ਤੇ ਅਸਮਾਨ ਸੋਨੇ ਰੰਗਾ ਹੋ ਗਿਆ, ਉਸ ਵੇਲੇ ਤੇਰੀ ਮੌਤ ਆਏਗੀ। ਨਾ ਸਿਕੰਦਰ ਨੂੰ ਕੁਛ ਸਮਝ ਆਈ ਇਸ ਗੱਲ ਦੀ, ਨਾ ਜੋਤਸ਼ੀਆਂ ਨੂੰ ਸਮਝ ਵਿਚ ਪਿਆ। ਅਖੀਰ ਐਸਾ ਹੋਇਆ ਘੋੜੇ 'ਤੇ ਚੜ੍ਹਿਆ ਜ਼ਰ੍ਹਾ ਬਖਤਰ (ਲੋਹੇ ਦੀ ਵਰਦੀ) ਪਾ ਕੇ ਜਾ ਰਿਹੈ, ਜਾਂਦੇ-ਜਾਂਦੇ ਦੌਰਾ ਪੈ ਗਿਆ ਤੇ ਦਰਖਤ ਕੋਈ ਨਹੀਂ ਹੈ। ਥੱਲੇ ਧਰਤੀ ਗਰਮ ਹੈ, ਉਹਦੇ ਉਤੇ ਗਿਰਿਆ ਤਾਂ ਉਹਨਾਂ ਨੇ ਉਹਦੀ ਹੀ ਸੰਜੋਅ ਲਾਹ ਕੇ ਥੱਲੇ ਵਿਛਾ ਦਿਤੀ। ਨਾਲੇ ਦਵਾਈਆਂ ਦੇਣ ਲਗ ਗਏ ਤੇ ਇਹਨੂੰ ਹੋਸ਼ ਵਿਚ ਲੈ ਆਂਦਾ। ਹੋਸ਼ ਲਿਆਂਦਾ ਤਾਂ ਹੱਥ ਲਾਇਆ ਇਸ ਨੇ ਧਰਤੀ ਨੂੰ ਹੈਰਾਨ ਹੋ ਗਿਆ, ਮੂੰਹ ਪੀਲਾ ਹੋ ਗਿਆ ਕਿ ਮੇਰੇ ਥੱਲੇ ਤਾਂ ਲੋਹਾ ਵਿਛਿਆ ਹੋਇਐ। ਮੇਰਾ ਤਾਂ ਅੰਤ ਆ ਗਿਆ, ਆਹੀ ਗੱਲ ਸੀ ਜਿਹੜੀ ਸਮਝ 'ਚ ਨਹੀਂ ਸੀ ਆਉਂਦੀ। ਉਤੇ ਨੂੰ ਝਾਕਿਆ ਤਾਂ ਉਹਦੀ ਜਿਹੜੀ ਢਾਲ ਸੀ ਉਹ ਸਾਰੀ ਸੋਨੇ ਨਾਲ ਮੜ੍ਹੀ ਹੋਈ ਸੀ। ਚਮਕਦਾਰ ਸੀ। ਜਦੋਂ ਲੜਦਾ ਸੀ ਐਨੀ ਚਮਕ ਹੁੰਦੀ ਦੂਸਰੇ ਦੀਆਂ ਅੱਖਾਂ ਚੁੰਧਿਆ ਦਿੰਦਾ ਸੀ। ਉਹ ਬਰਛੇ ਦੇ ਉਤੇ ਖੜ੍ਹੀ ਕਰਕੇ ਛਾਂ ਕੀਤੀ ਹੋਈ ਸੀ ਇਸ ਨੂੰ। ਉਹਦੇ ਕੰਢਿਆਂ ਨਾਲ ਟਕਰਾ ਕੇ ਧੁੱਪ ਦੀਆਂ ਜਿਹੜੀਆਂ ਕਿਰਨਾਂ ਆਉਂਦੀਆਂ ਸੀ ਸਾਰੀਆਂ ਸੋਨੇ ਰੰਗੀਆਂ ਨਜ਼ਰ ਆਉਣ ਲਗ ਗਈਆਂ। ਰੋ ਪਿਆ ਉਸ ਵੇਲੇ ਸਿਕੰਦਰ। ਹਕੀਮਾਂ ਨੂੰ ਕਹਿੰਦੈ ਕਿ ਮੈਨੂੰ ਕਿਸੇ ਤਰੀਕੇ ਨਾਲ, ਮੇਰੇ ਘਰ ਤਕ ਪਹੁੰਚਾ ਦੇਵੋ। ਐਸੀ ਦਵਾਈ ਦੇਵੋ। ਮੈਂ ਆਪਣੀ ਮਾਂ ਨੂੰ ਮਿਲ ਜਾਵਾਂ, ਵੀਹ ਸਾਲ ਦੀ ਉਮਰ 'ਚ ਨਿਕਲਿਆ ਹਾਂ। ਬੱਤੀ ਸਾਲ ਦਾ ਮੈਂ ਹੋ ਗਿਆ ਤੇ ਮੈਨੂੰ ਮਾਂ ਤਕ ਪਹੁੰਚਾ ਦਿਓ। ਮੇਰੇ ਮਨ ਦੇ ਅੰਦਰ ਬੜੇ ਜਜ਼ਬੇ ਨੇ, ਮੈਂ ਉਹਦੇ ਨਾਲ ਗੱਲਾਂ ਕਰਨੀਆਂ ਚਾਹੁੰਦਾ ਹਾਂ। ਬੋਲੇ ਨਹੀਂ, ਹਕੀਮ। ਕਹਿਣ ਲੱਗਿਆ, ਮੈਂ ਤੁਹਾਨੂੰ ਅੱਧਾ ਰਾਜ ਦੇ ਦੇਵਾਂਗਾ।

ਉਹ ਫੇਰ ਨਹੀਂ ਬੋਲੇ।

ਕਹਿਣ ਲੱਗਿਆ, ਸਾਰਾ ਹੀ ਰਾਜ ਲੈ ਲਿਓ ਮੇਰੇ ਤੋਂ। ਐਨਾ ਤਾਂ ਕਰ ਦਿਓ, ਮੇਰੀ ਮਾਂ ਤਕ ਮੈਨੂੰ ਪਹੁੰਚਾ ਦਿਓ।

ਵੱਡਾ ਹਕੀਮ ਕਹਿਣ ਲੱਗਿਆ ਕਿ ਬਾਦਸ਼ਾਹ! ਇਹ ਦੁਨੀਆਂ ਦਾ ਰਾਜ ਤਾਂ ਕੁਛ ਵੀ ਨਹੀਂ, ਜੇ ਤੂੰ ਤਿੰਨਾਂ ਲੋਕਾਂ ਦਾ ਰਾਜ ਦੇਵੇਂ ਤਾਂ ਹੁਣ

ਤੈਨੂੰ ਅਸੀਂ ਇਕ ਸਵਾਸ ਵੀ ਵਾਧੂ ਨਹੀਂ ਦਿਵਾ ਸਕਦੇ। ਕਿਉਂਕਿ ਤੇਰੀ ਗੰਢ ਖੁਲ੍ਹ ਚੁੱਕੀ ਹੈ ਸਵਾਸਾਂ ਦੀ ਤੇ ਹੁਣ ਨਹੀਂ ਇਕ ਸਵਾਸ ਵੀ ਵਧ ਸਕਦਾ।

ਉਸ ਵੇਲੇ ਰੋਇਆ। ਕਹਿਣ ਲੱਗਿਆ, ਮੇਰਾ ਪੰਧ ਨਾਮਾ ਲਿਖੋ। ਮੇਰੇ ਜਾਣ ਤੋਂ ਬਾਅਦ ਦੁਨੀਆਂ ਨੂੰ ਸੁਣਾਇਓ ਮੇਰੀ ਕਥਾ। ਮੈਂ ਵੀ ਗਾਫਲ ਹੋ ਕੇ ਆਪਣਾ ਸਾਰਾ ਜੀਵਨ ਬਰਬਾਦ ਕਰ ਦਿਤਾ। ਓ ਪਿਆਰਿਓ! ਜੇ ਸਵਾਸ ਦੀ ਕੀਮਤ ਤਿੰਨ ਲੋਕ ਵੀ ਨਹੀਂ ਹੈਗੇ ਤਾਂ ਫੇਰ ਮੈਂ ਤਾਂ ਸਵਾਸ ਸਾਰੇ ਹੀ ਬਰਬਾਦ ਕਰ ਦਿਤੇ।

ਸਵਾਸਾਂ ਦੀ ਕੀਮਤ ਕਿੰਨੀ ਹੈ? ਪੁੱਛੋ, ਅਜਾਮਲ ਸਾਰੀ ਜ਼ਿੰਦਗੀ ਪਾਪ ਕਰਦਾ ਰਿਹਾ –

***ਪਤਿਤ ਅਜਾਮਲੁ ਪਾਪ ਕਰਿ ਜਾਇ ਕਲਾਵਤਣੀ ਦੇ ਰਹਿਆ।***

***ਭਾਈ ਗੁਰਦਾਸ ਜੀ, ਵਾਰ 10/20***

ਜਾ ਕੇ ਵੇਸਵਾ ਦੇ ਰਹਿਣਾ ਸ਼ੁਰੂ ਕਰ ਦਿਤਾ। ਪੰਡਤ ਸੀ, ਵਿਦਵਾਨ ਤੇ ਉਹਨੂੰ ਸਾਰਾ ਸੰਸਾਰ ਜਾਣਦਾ ਸੀ। ਦਿਗਵਿਜਈ ਸੀ। ਸ਼ਾਸਤਰ ਅਰਥਾਂ 'ਚ –

***ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥***

***ਅੰਗ– 632***

ਮਹਾਰਾਜ ਕਹਿੰਦੇ, ਸਾਰਾ ਸੰਸਾਰ ਜਾਣਦਾ ਸੀ। ਅਖੀਰ ਐਸੀ ਬਾਤ ਹੁੰਦੀ ਹੈ ਕਿ ਦੁਖੀ ਹੋ ਗਿਆ, ਮਹਾਂਪੁਰਸ਼ਾਂ ਨੇ ਦਿਲਾਸਾ ਦਿਤਾ, ਪੁੱਤਰ ਦਾ ਨਾਮ, ਨਰਾਇਣ ਰਖ ਦਿਤਾ। ਅੰਤ ਦਾ ਸਮਾਂ ਆਇਆ –

***ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ।***

***ਭਾਈ ਗੁਰਦਾਸ ਜੀ, ਵਾਰ 10/20***

ਛੋਟਾ ਪੁੱਤਰ ਕੋਲ ਸੀ। ਅਵਾਜ਼ ਮਾਰੀ। ਪੁੱਤ ਨਰਾਇਣ। ਵਿਦਵਾਨ ਸੀਗਾ, ਵਿਦਿਆ ਉਘੜ ਆਈ ਉਸ ਵੇਲੇ। ਮਹਾਂਪੁਰਸ਼ਾਂ ਦੀ ਕ੍ਰਿਪਾ ਹੋ ਗਈ। ਜਿਹੜੇ ਗੁਰੂ ਦੀ ਸ਼ਰਨ ਪਿਆ ਸੀ ਜਾ ਕੇ–

***ਗੁਰੂ ਦੁਆਰੈ ਜਾਇਕੈ ਗੁਰਮੁਖਿ ਨਾਉ ਨਰਾਇਣੁ ਕਹਿਆ।***

***ਭਾਈ ਗੁਰਦਾਸ ਜੀ, ਵਾਰ 10/20***

ਉਸ ਗੁਰਮੁਖ ਦੀ ਦਇਆ ਹੋ ਗਈ। ਉਹਦੀ ਯਾਦਾਸ਼ਤ ਦੇ ਵਿਚ ਆ ਗਈ ਗੱਲ ਕਿ ਮੈਂ ਹੁਣ ਪ੍ਰਮੇਸ਼ਰ ਨੂੰ ਹਾਕ ਮਾਰਾਂ। ਹੁਣ ਤਾਂ ਕੋਈ ਹੈ ਹੀ ਨਹੀਂ। ਇਧਰ ਜਮਦੂਤਾਂ ਨੇ ਫੜ ਲਿਆ ਤੇ ਮੇਰੇ ਤਾਂ ਸਵਾਸ ਨਿਕਲਣ ਵਾਲੇ ਨੇ। ਕਹਿੰਦੇ, ਇਕ ਸਵਾਸ ਰਹਿ ਗਿਆ ਸੀ ਸਿਰਫ। ਅੰਤ ਕਾਲ ਆ ਗਿਆ। ਆਵਾਜ਼ ਦਿਤੀ 'ਨਾਰਾਇਣ'। ਪੁੱਤਰ ਨੂੰ ਬੁਲਾਉਂਦਾ–ਬੁਲਾਉਂਦਾ ਰੱਬ ਵਲ ਜਾ ਪਹੁੰਚਿਆ। ਸਮੇਂ ਦੀ ਸੀਮਾ ਦੇਖ ਲਓ ਕਿੰਨੀ

ਕੁ ਸੀ, ਸਾਹ ਕਿੰਨਾ ਕੁ ਚਿਰ 'ਚ ਆ ਜਾਂਦੈ। ਇਕ ਮਿੰਟ 'ਚ ਬਾਰਾਂ ਸਵਾਸ ਆਉਂਦੇ ਨੇ। ਚਲਦੇ ਨੂੰ 18 ਆਉਂਦੇ ਨੇ। ਸੁੱਤੇ ਪਏ ਨੂੰ ਚੌਵੀ ਸਵਾਸ ਆਉਂਦੇ ਨੇ। ਭੋਗਾਂ ਦੇ ਵਿਚ ਪ੍ਰਵਿਰਤ ਬੰਦੇ ਨੂੰ ਚੌਂਹਟ ਸਵਾਸ ਆਇਆ ਕਰਦੇ ਨੇ। ਇਕ ਸਵਾਸ ਰਹਿੰਦੈ, ਉਹ ਵੀ ਆਖਰੀ ਹੈ, ਅੱਧਾ ਤਾਂ ਲੰਘ ਗਿਆ ਪੁੱਤਰ ਨੂੰ ਹਾਕ ਮਾਰਨ ਵੇਲੇ। ਅੱਧੇ ਨੇ ਹੁਣ ਵਾਪਸ ਆਉਣੈ। ਮਹਾਰਾਜ ਕਹਿੰਦੇ, ਉਸ ਅੱਧੇ ਸਵਾਸ ਦੇ ਵਿਚ ਨਾਰਾਇਣ ਵਲ ਸੁਰਤ ਚਲੀ ਗਈ, ਵਾਹਿਗੁਰੂ ਵਲ ਸੁਰਤ ਚਲੀ ਗਈ। ਹੁਣ ਵਾਹਿਗੁਰੂ ਨੇ ਕਿਤੋਂ ਆਉਣੈ ਜਾਣੈ? ਇਹ ਤਾਂ ਸਾਡਾ ਵਿਸ਼ਵਾਸ਼ ਨਹੀਂ ਹੈ, ਵਾਹਿਗੁਰੂ ਤਾਂ ਹਰ ਵਕਤ ਸਾਡੇ ਨਾਲ ਹੈ। ਅੰਦਰ ਵੀ ਓਹੀ ਬਾਹਰ ਵੀ ਓਹੀ।

***ਸੋ ਅੰਤਰਿ ਸੋ ਬਾਹਰਿ ਅਨੰਤ ॥***
***ਘਟਿ ਘਟਿ ਬਿਆਪਿ ਰਹਿਆ ਭਗਵੰਤ ॥*** ***ਅੰਗ- 293***
***ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ ॥***
***ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ ਜਮਕੰਕਰ ਮਾਰਿ ਬਿਦਾਰੇ॥***
***ਅੰਗ- 981***

ਅੱਧੇ ਸਵਾਸ ਦੀ ਭਾਵਨੀ ਹੀ ਰੱਬ ਦੇ ਮਨ 'ਚ ਭਾਅ ਗਈ। ਰੱਬ ਵਰਗਾ ਸਿੱਧਾ ਦੁਨੀਆਂ 'ਚ ਕੋਈ ਚੀਜ਼ ਨਹੀਂ ਹੈ। ਭੋਲਾ ਹੈ ਰੱਬ। ਦੁਨੀਆਂ ਪਾਪ ਕਰੀ ਜਾਂਦੀ ਹੈ, ਫੇਰ ਮੰਗਦੀ ਹੈ। ਮਹਾਰਾਜ ਕਹਿੰਦੇ -

***ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥***
***ਅੰਗ- 681***

***ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥***
***ਅੰਗ- 2***

ਕਹਿੰਦੇ, ਸੰਸਾਰ ਤੜਕੇ ਤੋਂ ਲਗ ਜਾਂਦੈ, ਰਾਤ ਤਕ, ਮੈਨੂੰ ਆਹ ਦੇ ਦੇ, ਮੈਨੂੰ ਉਹ ਦੇ ਦੇ। ਉਹ ਦਿੰਦਾ ਹੀ ਦਿੰਦਾ ਹੈ। ਲੈਣ ਵਾਲੇ ਸਭ ਥੱਕ ਜਾਂਦੇ ਨੇ। ਉਹ ਦੇਣ ਤੋਂ ਨਹੀਂ ਹਟਦਾ। ਉਹ ਦਾਤਾ ਹੈ, ਦਿਆਲੂ ਹੈ। ਸਾਡੇ ਨਾਲ ਕੋਈ ਬੰਦਾ ਚਲਾਕੀ ਕਰੇ, ਅਸੀਂ ਨਹੀਂ ਦਿੰਦੇ। ਅਸੀਂ ਕਹਿੰਦੇ ਹਾਂ ਕਿ ਬੜਾ ਚਲਾਕ ਹੈ, ਇਹਨੂੰ ਕਿਉਂ ਦੇਣੈ।

ਐਸੀ ਕਹਾਣੀ ਆਉਂਦੀ ਹੈ ਕਿ ਮੂਸਾ ਜੀ ਨੇ ਭਗਵਾਨ ਨੂੰ ਕਿਹਾ ਕਿ ਅੱਜ ਮੈਂ ਰਿਜ਼ਕ ਦੇਵਾਂਗਾ। ਕਹਿੰਦੇ, ਤੂੰ ਵੰਡ ਨਹੀਂ ਸਕਦਾ। ਕਿਉਂਕਿ ਮਨੁੱਖ ਦੇ ਅੰਦਰ ਰਾਗ ਤੇ ਦਵੈਸ਼ ਦੋ ਬੜੀਆਂ ਕਮਜ਼ੋਰੀਆਂ ਨੇ। ਜਿਹੜਾ ਆਪਣੇ ਹਿਤ ਦਾ ਹੋਵੇ ਉਹਨੂੰ ਪਿਆਰ ਕਰਦੈ, ਜਿਹੜਾ ਹਿਤ ਦਾ ਨਾ ਹੋਵੇ ਉਹਨੂੰ ਨਫਰਤ ਕਰਦੈ। ਚੰਗੇ ਤੇ ਮਾੜੇ ਦੀ ਤੁਹਾਡੇ ਅੰਦਰ ਸਮਝ ਹੈ। ਮਹਾਰਾਜ ਕਹਿੰਦੇ ਇਹ ਸਮਝ ਵੀ ਕੁਝ ਦੇਰ ਦੀ ਹੈ। ਜੇ ਗਿਆਨ ਹੋ ਜਾਵੇ, ਚੰਗੇ ਤੇ ਮਾੜੇ ਦੀ ਸਮਝ ਵੀ ਗਾਇਬ ਹੋ ਜਾਂਦੀ ਹੈ। ਪ੍ਰਮੇਸ਼ਰ ਹੀ ਦਿਸਦਾ ਹੈ -

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ ॥*

*ਅੰਗ- 610*

ਕਹਿਣ ਲੱਗੇ, ਤੇਰੇ ਅੰਦਰ ਚੰਗੇ ਤੇ ਮਾੜੇ ਦੀ ਸੂਝ ਹੈ। ਤੂੰ ਦੇ ਨਹੀਂ ਸਕਦਾ। ਤਜਰਬਾ ਕਰਨ ਲੱਗਿਆ। ਰਿਜ਼ਕ ਦੇ ਦਿਤਾ। ਕਹਿੰਦੇ, ਸਾਰਿਆਂ ਨੂੰ ਦੇ ਦਿਤਾ? ਕਹਿੰਦੇ, ਇਕ ਨੂੰ ਨਹੀਂ ਦਿਤਾ। ਕਹਿੰਦੇ, ਕਿਉਂ?

ਕਹਿੰਦੇ ਉਹ ਇਹੋ ਜਿਹਵਾ ਕੁਕਰਮ ਕਰ ਰਿਹਾ ਸੀ ਜਿਹੜਾ ਮੈਂ ਦਸ ਨਹੀਂ ਸਕਦਾ। ਬਹੁਤ ਬੁਰਾ ਕੁਕਰਮ ਸੀ। ਨਿੰਦਨੀ।

ਕਹਿਣ ਲੱਗੇ, ਫੇਰ ਰਾਜ਼ਕ ਨਹੀਂ ਬਣ ਸਕਦਾ ਮੂਸੇ। ਜਿਹੜਾ ਰਿਜ਼ਕ ਦਿੰਦੈ ਉਹ ਸਭ ਨੂੰ ਬਿਨਾਂ ਵਿਤਕਰੇ ਦਿੰਦੈ। ਸੋ ਵਾਹਿਗੁਰੂ ਭੋਲਾ ਹੈ ਸਾਧਸੰਗਤ ਜੀ। ਭੋਲਿਆਂ ਨੂੰ ਹੀ ਲੱਭਦੈ, ਚਲਾਕਾਂ ਨਾਲ ਤਾਂ ਉਹਦਾ ਕੋਈ ਵਾਹ ਹੀ ਨਹੀਂ ਪੈਂਦਾ -

*ਚਤੁਰਾਈ ਨ ਚਤੁਰਭੁਜੁ ਪਾਈਐ ॥* *ਅੰਗ- 324*

ਅੱਧਾ ਸਵਾਸ ਰਹਿੰਦੈ, ਕਹਿੰਦੇ ਉਹਦੇ ਵਿਚ ਪ੍ਰਮੇਸ਼ਰ ਵਲ ਧਿਆਨ ਚਲਿਆ ਗਿਆ।

*ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥ ਜਾਂ*
*ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥*

*ਅੰਗ - 902*

ਵੱਡੇ-ਵੱਡੇ ਜੋਗੀ ਗੁਫਾਵਾਂ 'ਚ ਬੈਠ-ਬੈਠ ਕੇ ਭਜਨ ਕਰਦੇ ਨੇ। ਸਰੀਰ ਉਤੇ ਗਰਮੀ-ਸਰਦੀ, ਭੁੱਖ-ਪਿਆਸ ਸਭ ਕੁਝ ਸਹਿੰਦੇ ਨੇ। ਕਹਿੰਦੇ, ਇਕ ਪਰਮ ਪਦ ਦੀ ਪ੍ਰਾਪਤੀ ਵਾਸਤੇ ਕਰਦੇ ਨੇ। ਉਹ ਪਦਵੀ ਉਸ ਨੂੰ ਅੱਧੇ ਸਵਾਸ 'ਚ ਮਿਲ ਗਈ। ਫੇਰ ਸਵਾਸ ਦੀ ਕਿੰਨੀ ਕੀਮਤ ਹੋਈ? ਕਹਿੰਦੇ, ਇਹਨੂੰ ਬਰਬਾਦ ਨਾ ਕਰੋ -

*ਸਾਸ ਸਾਸ ਹਰਿ ਨਾਮ ਜਪ ਬਿਰਥਾ ਸਾਸ ਮਤ ਕੋਇ।*
*ਕਿਆ ਜਾਨਹੁ ਕਿ ਅੰਤ ਕੋ ਇਹੀ ਸਾਸ ਮਤ ਹੋਇ।*

ਕੀ ਪਤਾ ਇਹੀ ਸਾਸ ਅਖੀਰਲਾ ਹੋਵੇ। ਸੋ ਮਹਾਰਾਜ ਕਹਿੰਦੇ, ਛਿਨ-ਛਿਨ ਕਰਕੇ ਤੇਰੀ ਉਮਰ ਲੰਘਦੀ ਜਾਂਦੀ ਹੈ ਪਿਆਰਿਆ! ਇਹ ਲੰਘ ਜਾਣੀ ਹੈ, ਮੁੱਕ ਜਾਣੀ ਹੈ। ਜਿਵੇਂ ਫੁੱਟੇ ਹੋਏ ਘੜੇ ਦਾ ਪਾਣੀ ਹੁੰਦੈ। ਫੇਰ ਸਾਨੂੰ ਤਾੜਨਾ ਕਰਦੇ ਨੇ ਕਿ -

*ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥*

*ਅੰਗ- 726*

ਐਨਾ ਮੂਰਖ ਹੈਂ ਤੇ ਐਨਾ ਅਨਜਾਣ ਹੈਂ। ਉਹ ਹਰੀ ਦੇ ਗੁਣ

ਜਿਹਨੇ ਤੇਰੀ ਸਹਾਇਤਾ ਕਰਨੀ ਹੈ, ਉਹਦੇ ਵਾਸਤੇ ਤੂੰ -

*ਰੇ ਮੂੜੇ ਲਾਹੇ ਕਉ ਤੂੰ ਢੀਲਾ ਢੀਲਾ ਤੋਟੇ ਕਉ ਬੇਗਿ ਧਾਇਆ॥*

*ਅੰਗ- 402*

ਜਿੱਥੇ ਘਾਟਾ ਪੈਣੈ ਉਥੇ ਨੱਠਿਆ ਫਿਰਦੈਂ। ਜਿਥੋਂ ਲਾਹਾ ਲੈਣੈ ਉਥੇ ਢਿੱਲ ਕਰੀ ਜਾਨੈ। ਕਹਿੰਦੇ, ਨਾਮ ਜਪਣ ਵੇਲੇ -

*ਚੰਗਿਆਈਂ ਆਲਕੁ ਕਰੇ ਬੁਰਿਆਈਂ ਹੋਇ ਸੇਰੁ ॥*

*ਅੰਗ- 518*

ਬੁਰਿਆਈ ਕਰਨ ਵੇਲੇ ਸ਼ੇਰ ਹੋ ਜਾਂਦੇ ਨੇ। ਕਹਿੰਦੇ, ਐਨਾ ਅਣਜਾਣ ਹੈਂ। ਐਨਾ ਤੂੰ ਮੂਰਖ ਹੈਂ।

ਮਹਾਂਪੁਰਸ਼ ਦਸਿਆ ਕਰਦੇ ਸੀ, ਸਮਝਾਉਣ ਵਾਸਤੇ। ਉਹ ਕਹਿੰਦੇ, ਇਕ ਰਾਜਾ ਸੀ। ਉਸ ਦੀ ਰਾਣੀ ਬੜੀ ਗਿਆਨਵਾਨ ਸੀ, ਉਹਨੇ ਕਹਿਣਾ ਕਿ ਰਾਜਨ! ਤੁਸੀਂ ਪ੍ਰਮੇਸ਼ਰ ਦਾ ਭਜਨ ਕਰਿਆ ਕਰੋ। ਪ੍ਰਮੇਸ਼ਰ ਦੇ ਭਜਨ ਕਰਨ ਦਾ ਸ਼ੁਭ ਵੇਲਾ, ਅੰਮ੍ਰਿਤ ਵੇਲਾ ਹੁੰਦੈ। ਰਾਤ ਨੂੰ ਸਾਝਰੇ ਸੌਂ ਜਾਇਆ ਕਰੋ ਤੇ ਅੰਮ੍ਰਿਤ ਵੇਲੇ ਉਠ ਕੇ ਭਜਨ ਕਰਿਆ ਕਰੋ। ਇਹੀ ਨਾਲ ਜਾਣੈ। ਸਾਰਾ ਦਿਨ ਤੁਸੀਂ ਕਾਰ-ਵਿਹਾਰ 'ਚ ਰਹਿੰਦੇ ਹੋਂ। ਫਿਕਰ ਪਿਆ ਰਹਿੰਦਾ ਹੈ ਦਿਮਾਗ 'ਤੇ। ਭਜਨ ਦਾ ਵੀ ਕੋਈ ਸਮਾਂ ਰੱਖੋ ਨਾ। ਅੰਮ੍ਰਿਤ ਵੇਲੇ ਉਠ ਕੇ ਭਜਨ ਕਰਿਆ ਕਰੋ। ਉਸ ਨੇ ਗੱਲਾਂ ਸੁਣ ਲਈਆਂ, ਕਹਿਣ ਲੱਗਿਆ, ਮੈਨੂੰ ਸਵੇਰੇ ਜਗਾ ਦੇਈਂ। ਸਵੇਰੇ ਜਦੋਂ ਹਾਕ ਮਾਰਨੀ। ਉਹਨੇ ਕੱਪੜਾ ਉੱਤੇ ਲੈ ਕੇ ਫੇਰ ਅਗਾਂਹਾਂ ਪੈ ਜਾਣਾ। ਕਰਦੇ-ਕਰਦੇ ਛੇ ਸਾਲ ਲੰਘ ਗਏ। ਉਹ ਕਹਿਣ ਤੋਂ ਹਟੀ ਨਾ, ਉਹ ਉੱਠਿਆ ਨਾ। ਰਾਣੀ ਨੂੰ ਥੋੜ੍ਹਾ ਅਫਸੋਸ ਹੋਇਆ। ਕਹਿਣ ਲੱਗੀ, ਮਹਾਰਾਜ! ਤੁਸੀਂ ਮੇਰੇ ਪਤੀ ਦੇਵ ਹੋਂ, ਮੈਨੂੰ ਕਹਿਣਾ ਤਾਂ ਨਹੀਂ ਚਾਹੀਦਾ। ਪਰ ਤੁਸੀਂ ਮੂਰਖ ਹੋਂ। ਛੇ ਸਾਲ ਲੰਘ ਗਏ, ਲੰਘਿਆ ਹੋਇਆ ਸਮਾਂ ਕਦੇ ਮੁੜ ਕੇ ਆਉਂਦੈ? -

*ਇਹ ਠਹਿਰਨ ਜਾਚ ਨ ਜਾਣਦਾ*
*ਲੰਘ ਗਿਆ ਨਾ ਮੁੜ ਕੇ ਆਂਵਦਾ।* *ਡਾ. ਭਾਈ ਵੀਰ ਸਿੰਘ*

ਐਨਾ ਭਜਨ ਕਰ ਲੈਂਦੇ। ਸੌਣ ਨੇ ਕੀ ਬਣਾ ਦਿਤਾ ਤੁਹਾਡਾ। ਕਹਿੰਦਾ ਕੀ ਮੈਂ ਮੂਰਖ ਹਾਂ?

ਕਹਿੰਦੀ, ਹਾਂ।

ਉੱਠ ਕੇ ਬੈਠ ਗਿਆ, ਜਦੋਂ ਸਵੇਰ ਹੋਈ। ਸਭਾ ਲਾਈ। ਵਜ਼ੀਰ ਨੂੰ ਬੁਲਾਇਆ, ਕਹਿਣ ਲੱਗਿਆ, ਵਜ਼ੀਰ ਸਾਹਿਬ! ਮੇਰੇ ਰਾਜ 'ਚ ਮੂਰਖ ਕਿੰਨੇ ਕੁ ਨੇ? ਉਹ ਕਹਿਣ ਲੱਗੇ, ਮਹਾਰਾਜ! ਜੇ ਤਾਂ ਤੁਸੀਂ ਇਹ ਸਵਾਲ ਕਰ ਦਿੰਦੇ ਕਿ ਮੇਰੇ ਰਾਜ ਵਿਚ ਅਕਲਮੰਦ ਕਿੰਨੇ ਨੇ। ਤਾਂ, ਤਾਂ ਅਸੀਂ ਲਿਸਟਾਂ ਬਣਾ ਦਿੰਦੇ। ਹੁਣ ਕਾਹਦੀ ਬਣਾਈਏ, ਮੂਰਖਾਂ ਦਾ ਤਾਂ ਕੋਈ ਅੰਤ

ਹੀ ਨਹੀਂ ਹੈ। ਕੋਈ ਗਿਣਤੀ ਮਿਣਤੀ ਨਹੀਂ ਹੈ ਮੂਰਖਾਂ ਦੀ।

ਕਹਿੰਦਾ, ਹੈਂ! ਸਾਰੇ ਮੂਰਖ ਨੇ?

ਕਹਿੰਦੇ, ਹਾਂ ਮਹਾਰਾਜ! ਸਿਆਣਾ ਤਾਂ ਕੋਈ-ਕੋਈ ਹੈ। ਵਿਰਲਾ-ਵਿਰਲਾ।

ਕਹਿੰਦਾ, ਜਿਹੜੇ ਵੱਡੇ-ਵੱਡੇ ਮੂਰਖ ਨੇ ਉਹਨਾਂ ਦੀ ਲਿਸਟ ਬਣਾ ਕੇ ਦਿਓ ਮੈਨੂੰ।

ਉਹ ਲਿਸਟ ਬਣਾਉਂਦੇ ਫਿਰਦੇ ਨੇ ਤੇ ਇਕ ਪਿੰਡ 'ਚ ਆ ਗਏ। ਜਦੋਂ ਲਿਸਟਾਂ ਬਣਾਉਣ ਲੱਗੇ। ਉਹ ਇਕ ਘਰ ਸੀ ਉਥੇ ਆ ਗਏ। ਕਹਿੰਦੇ ਕਿ ਰਾਜਾ ਪੁੱਛ ਰਿਹੈ ਕਿ ਮੂਰਖ ਕਿੰਨੇ ਨੇ? ਉਹਨਾਂ ਨੇ ਸੋਚਿਆ ਕਿ ਸਾਨੂੰ ਕੀ ਪਤਾ ਕੁਛ ਦੇਣਗੇ ਹੀ, ਮੂਰਖਾਂ ਨੂੰ। ਕੋਈ ਜ਼ਮੀਨਾਂ ਹੀ ਲਾ ਦੇਣ ਨਾਂ, ਕੋਈ ਪੈਨਸ਼ਨ ਹੀ ਲਾ ਦੇਣ ਕੀ ਪਤਾ। ਸਾਨੂੰ ਤਾਂ ਕਿਸੇ ਨੇ ਪੁੱਛਿਆ ਹੀ ਨਹੀਂ ਅੱਜ ਤਕ। ਸਾਨੂੰ ਤਾਂ ਸਾਰੀਆਂ ਸਭਾ, ਸੁਸਾਇਟੀਆਂ ਦੁਰਕਾਰਦੀਆਂ ਨੇ ਤੇ ਸਾਡਾ ਵੀ ਪੁੱਛ ਪੁਛਾਕਾ ਹੋ ਗਿਆ। ਨੱਠ-ਨੱਠ ਲੜਾਉਂਦੇ ਨੇ ਆਪਣੇ। ਇਕ ਪਰਿਵਾਰ ਆਇਆ ਕਹਿੰਦਾ ਕਿ ਸਾਡਾ ਨਾਮ ਜ਼ਰੂਰ ਲਿਖ ਲਓ। ਕਹਿੰਦੇ, ਤੁਹਾਡੇ ਵਿਚ ਕੀ ਵਿਸ਼ੇਸ਼ਤਾ ਹੈ। ਅਸੀਂ ਤਾਂ ਪਹਿਲਾਂ ਫੈਸਲਾ ਕਰਦੇ ਹਾਂ ਕਿ ਨਾਮ ਲਿਖਣਾ ਚਾਹੀਦਾ ਹੈ ਕਿ ਨਹੀਂ। ਕਹਿੰਦਾ, ਸੁਣ ਲਓ ਮੇਰੀ ਕਥਾ ਫੇਰ ਤੁਹਾਡੀ ਮਰਜ਼ੀ। ਕਹਿੰਦੇ, ਕੀ?

ਕਹਿੰਦਾ, ਨਾਲ ਦੇ ਪਿੰਡ 'ਚ ਮੇਰੇ ਸਹੁਰੇ ਨੇ। ਮੇਰਾ ਸਾਲਾ ਚੜ੍ਹਾਈ ਕਰ ਗਿਆ। ਮੈਂ ਹਲ ਚਲਾਉਂਦਾ ਸੀ, ਮੈਂ ਵੱਡੇ ਮੁੰਡੇ ਨੂੰ ਕਿਹਾ ਕਿ ਨੱਠ ਜਾ, ਨੇੜੇ ਦਾ ਸਾਕ ਹੈ, ਅਫਸੋਸ ਕਰਕੇ ਆ। ਅਫਸੋਸ ਕਰਨ ਵਾਸਤੇ ਭੇਜ ਦਿਤਾ। ਦੁਨੀਆਂ ਇਕੱਠੀ ਹੋਈ-ਹੋਈ ਸੀ ਸਾਰੀ। ਮੁੜ ਕੇ ਆ ਗਿਆ। ਮੈਂ ਕਿਹਾ, ਕਾਕਾ ਮੁੜ ਆਇਆ। ਕੁਛ ਤੂੰ ਬਚਨ ਵੀ ਕਰਿਆ, ਕੁਛ ਦਿਲਾਸਾ ਦਿਤਾ? ਕਹਿੰਦਾ, ਨਾ ਬਾਪੂ ਮੈਂ ਤਾਂ ਕੁਛ ਨਹੀਂ ਕਰਿਆ। ਜਿਹੋ ਜਿਹਾ ਗਿਆ ਸੀ ਉਹੋ ਜਿਹਾ ਵਾਪਸ ਆ ਗਿਆ। ਕਹਿੰਦਾ, ਬੜਾ ਮਾੜਾ ਕੰਮ ਕਰਿਆ। ਸੋਚਦਾ ਰਿਹਾ, ਸੋਚ-ਸੋਚ ਕੇ ਦੂਜੇ-ਤੀਜੇ ਦਿਨ ਦੂਜੇ ਮੁੰਡੇ ਨੂੰ ਭੇਜਿਆ। ਕਹਿੰਦਾ, ਆਹ ਵੱਡਾ ਤਾਂ ਮੂਰਖ ਹੈ, ਤੂੰ ਜਾਹ। ਕਹਿੰਦਾ, ਬਾਪੂ ਮੈਂ ਤਾਂ ਕਦੇ ਮਕਾਣਾਂ ਵਗੈਰਾ 'ਚ ਗਿਆ ਨਹੀਂ। ਮੈਂ ਕਹਾਂਗਾ ਕੀ?

ਕਹਿੰਦਾ, ਉਥੇ ਕਿਤੇ ਕਿਤਾਬਾਂ 'ਚ ਲਿਖਿਆ ਹੁੰਦੈ ਕਿ ਆਹ ਬੋਲਣੈ? ਜਿਵੇਂ ਲੋਕ ਗੱਲ ਕਰਦੇ ਨੇ ਰਲਦੀ-ਮਿਲਦੀ ਤੂੰ ਕਰ ਦਈਂ। ਉਹ ਜਦੋਂ ਗਿਆ ਤਾਂ ਬਾਹਰ ਉਹਦੇ ਸ਼ਰੀਕੇ ਵਾਲੇ ਖੜ੍ਹੇ ਸੀ। ਕਈ ਪਿੰਡਾਂ ਤੋਂ, ਰਿਸ਼ਤੇਦਾਰਾਂ ਦੀਆਂ ਮਕਾਣਾਂ ਆਈਆਂ ਹੋਈਆਂ ਸੀ। ਉਹ ਗੱਲਾਂ ਕਰਦੇ

ਸੀ ਕਿ ਆਹ ਜਿਹੜਾ ਬੰਦਾ ਮਰ ਗਿਆ ਨਾ, ਬੜਾ ਚੰਗਾ ਹੋ ਗਿਆ, ਇਹਦਾ ਫਾਹਾ ਵੱਢ ਹੋਇਆ ਪਿੰਡ 'ਚੋਂ, ਹੁਣ ਇਹਨਾਂ ਨੂੰ ਸਵਾਦ ਆਊ। ਹੁਣ ਫਿਰਨਗੇ ਇਹ ਹਰੇਕ ਦੇ ਅੱਗੇ ਹੱਥ ਜੋੜਦੇ।

ਉਹਨੇ ਯਾਦ ਕਰ ਲਿਆ। ਨੱਠ ਕੇ ਚਲਿਆ ਗਿਆ। ਜਾ ਕੇ, ਬਾਕੀਆਂ ਦੀ ਗੱਲ ਟੋਕ ਕੇ ਕਹਿਣ ਲੱਗਿਆ ਕਿ ਮੈਂ ਫੇਰ ਭੁੱਲ ਜਾਵਾਂਗਾ, ਮੇਰੀ ਗੱਲ ਸੁਣ ਲਓ। ਕਹਿੰਦਾ, ਮਾਮਾ ਮਰ ਗਿਆ। ਇਹਦਾ ਫਾਹਾ ਵੱਢਿਆ ਗਿਆ, ਬਹੁਤ ਵਧੀਆ ਹੋ ਗਿਆ। ਕਹਿੰਦਾ, ਹੁਣ ਪਤਾ ਲੱਗੂ ਮੇਰੇ ਨਾਨਕਿਆਂ ਨੂੰ, ਜਦ ਰੋੜੀ-ਰੋੜੀ ਮੰਗਦੇ ਫਿਰਨਗੇ। ਉਹ ਉੱਠੇ। ਮੁੰਡਿਆਂ ਨੂੰ ਆਇਆ ਗੁੱਸਾ, ਉਹਨਾਂ ਨੇ ਕੁੱਟਿਆ। ਕਹਿੰਦੇ, ਤੇਰਾ ਕੀ ਅਸੀਂ ਵਿਗਾੜਿਐ। ਇਕ ਤਾਂ ਸਾਡੇ ਮੌਤ ਹੋ ਗਈ। ਦੂਜਾ ਤੂੰ ਸਾਨੂੰ ਚਿੜ੍ਹਾਉਣ ਵਾਸਤੇ ਆ ਗਿਆ। ਕੁੱਟ ਖਾ ਕੇ ਆ ਗਿਆ, ਮੂੰਹ 'ਤੇ ਨੀਲ ਪਏ ਹੋਏ ਨੇ। ਅੱਖ ਬੰਨ੍ਹੀਂ ਜਾਂਦੈ। ਬਾਪੂ ਹਲ ਚਲਾਉਂਦਾ ਸੀ। ਪੁੱਛਿਆ ਕਿ ਕੀ ਗੱਲ? ਕਹਿੰਦਾ, ਤੇਰੇ ਰਿਸ਼ਤੇਦਾਰਾਂ ਨੇ ਆਹ ਕਰਿਐ।

ਕਹਿੰਦੇ, ਬਿਨਾਂ ਕਾਰਨ ਤਾਂ ਕੋਈ ਲੜਦਾ ਹੀ ਨਹੀਂ ਹੁੰਦਾ। ਤੂੰ ਕੋਈ ਮਾੜੀ ਗੱਲ ਕਹੀ ਹੋਣੀ ਹੈ।

ਕਹਿੰਦਾ, ਮੈਂ ਕੋਈ ਮਾੜੀ ਗੱਲ ਨਹੀਂ ਕਹੀ। ਤੂੰ ਹੀ ਮੈਨੂੰ ਕਿਹਾ ਸੀ ਕਿ ਜਿਹੋ ਜਿਹੀਆਂ ਲੋਕ ਗੱਲਾਂ ਕਰਦੇ ਹੋਣ ਉਹੋ ਜਿਹੀਆਂ ਤੂੰ ਕਰ ਦੇਈਂ। ਮੈਂ ਆਹ ਗੱਲ ਕਹਿ ਦਿਤੀ। ਉਹ ਕਹਿੰਦਾ, ਤੂੰ ਤਾਂ ਮਹਾਂ ਮੂਰਖ ਹੈਂ।

ਨੱਠਿਆ-ਨੱਠਿਆ ਗਿਆ ਕਿ ਮੈਂ ਹੁਣੇ ਮਾਫੀ ਮੰਗ ਕੇ ਆਵਾਂ। ਪਰਾਣੀ ਉਵੇਂ ਜਿਵੇਂ ਹੱਥ ਵਿਚ ਹੀ ਹੈ ਬਲਦਾ ਨੂੰ ਹੱਕਣ ਵਾਲੀ। ਨਾ ਹੱਥ ਧੋਤੇ ਨਾ ਪੈਰ ਧੋਤੇ, ਉਥੇ ਜਾ ਕੇ ਗਲ 'ਚ ਪੱਲਾ ਪਾ ਲਿਆ। ਕਹਿੰਦਾ, ਭਰਾਵੋ! ਮਾਫੀ ਮੰਗਣ ਆਇਆ ਸੀ। ਵੱਡਾ ਮੁੰਡਾ ਭੇਜਿਆ ਸੀ, ਇਕ ਅੱਖਰ ਵੀ ਨਹੀਂ ਬੋਲਿਆ। ਇਹਨੂੰ ਛੋਟੇ ਨੂੰ ਭੇਜਿਆ, ਤੁਹਾਨੂੰ ਸਾਰਿਆਂ ਨੂੰ ਪਤੈ ਤੁਸੀਂ ਬੈਠੇ ਹੋਂ। ਕੁੱਟਣਾ ਹੀ ਸੀ। ਕਹਿੰਦਾ, ਹੁਣ ਤਾਂ ਮੈਨੂੰ ਦਿਓ ਮਾਫੀ। ਹੁਣ ਜਦ ਤੁਹਾਡਾ ਦੂਜਾ ਮਰੂਗਾ ਮੈਂ ਆਉਂਗਾ ਮਕਾਣ ਦੇਣ। ਕਹਿੰਦਾ, ਜਦ ਤੋਂ ਸਾਡਾ ਨਾਉਂ ਹੀ ਮੂਰਖ ਪੈ ਗਿਆ।

ਸੋ ਰਾਜੇ ਦੇ ਕੋਲ ਆ ਗਏ ਸਾਰੇ। ਕਹਿੰਦੇ ਹੁਣ ਰਾਜੇ ਦੀ ਵੀ ਪਰਖ ਕਰ ਲਉ। ਰਾਜਾ ਹੋ ਗਿਆ ਬਿਮਾਰ। ਕੋਲ ਚਲੇ ਗਏ। ਇਜਾਜ਼ਤ ਲੈ ਲਈ। ਖੂੰਡੀ ਦਿਤੀ ਹੋਈ ਸੀ ਰਾਜੇ ਨੇ ਕਿ ਮੂਰਖਾਂ ਦੇ ਪ੍ਰਧਾਨ ਨੂੰ ਆਹ ਸੋਨੇ ਦੇ ਮੁੱਠੇ ਵਾਲੀ ਖੂੰਡੀ ਦੇਣੀ ਹੈ।

ਕਹਿਣ ਲੱਗੇ, ਕੀ ਗੱਲ ਮਹਾਰਾਜ?

ਕਹਿੰਦਾ, ਹੁਣ ਤਾਂ ਆਪਾਂ ਚੱਲੇ ਹਾਂ।

ਕਹਿੰਦੇ, ਕਿੱਥੇ ਚੱਲੇ ਹੋਂ?

ਕਹਿੰਦਾ, ਇਹ ਤਾਂ ਪਤਾ ਨਹੀਂ ਕਿੱਥੇ ਜਾਣੈ। ਕਹਿੰਦੇ, ਤੁਹਾਡੇ ਨਾਲ ਕੌਣ ਜਾਏਗਾ? ਅੰਗਰੱਖਿਅਕ ਜਾਣਗੇ?

ਕਹਿੰਦਾ, ਨਹੀਂ।

ਕਹਿੰਦੇ, ਪੈਸਾ ਟਕਾ ਨਾਲ ਲਿਜਾਓਂਗੇ?

ਕਹਿੰਦਾ, ਨਹੀਂ।

ਮਹਿਲ ਮਾੜੀਆਂ ਕੋਈ?

ਕਹਿੰਦਾ, ਇਹ ਵੀ ਨਹੀਂ।

ਕਹਿੰਦੇ, ਰਾਣੀਆਂ?

ਕਹਿੰਦਾ, ਇਹ ਵੀ ਨਹੀਂ।

ਆਹ ਜਿਹੜੇ ਕੀਮਤੀ ਵਸਤਰ ਨੇ?

ਕਹਿੰਦਾ, ਇਹ ਵੀ ਨਹੀਂ ਜਾਣੇ।

ਫੇਰ ਕਹਿੰਦੇ ਮਹਾਰਾਜ! ਆਹ ਖੂੰਡੀ ਤੁਸੀਂ ਹੀ ਲੈ ਲਓ। ਕਿਉਂਕਿ ਜਦ ਕੋਈ ਚੀਜ਼ ਵੀ ਤੁਹਾਡੇ ਨਾਲ ਨਹੀਂ ਸੀ ਜਾਣੀ। ਤੁਸੀਂ ਐਨੇ ਕਿਉਂ ਖਪੇ, ਕਿੰਨੀ ਦੁਨੀਆਂ ਮਾਰ ਦਿਤੀ, ਰਾਜ ਤੇ ਰਾਜ ਅਗਾਂਹਾਂ ਫਤਹਿ ਕਰਦੇ ਚਲੇ ਗਏ ਤੇ ਨਾਲ ਤਾਂ ਤੁਹਾਡੇ ਕੁਛ ਜਾਣਾ ਹੀ ਨਹੀਂ ਹੈ। ਫੇਰ ਮਹਾਰਾਜ ਤੁਸੀਂ ਸਾਡੇ ਮੂਰਖਾਂ ਦੇ ਮਹਾਂ ਲੀਡਰ ਜਿਹੜੇ ਹੋਂ, ਤੁਸੀਂ ਹੀ ਹੋ, ਆਹ ਆਪਣੀ ਖੂੰਡੀ ਫੜ ਲਓ।

ਮਹਾਰਾਜ ਕਹਿੰਦੇ, ਗਲਤ ਚੋਣ, ਗਲਤ ਬਿਲਕੁਲ। ਮਹਾਰਾਜ ਨੂੰ ਪੁੱਛੋ ਕਿ ਸੱਚੇ ਪਾਤਸ਼ਾਹ! ਤੁਸੀਂ ਵੀ ਮੂਰਖਾਂ ਦਾ ਫੈਸਲਾ ਕਰਦੇ ਹੋਂ?

ਮਹਾਰਾਜ ਕਹਿੰਦੇ, ਹਾਂ ਪਿਆਰਿਓ! ਮੂਰਖ ਉਹ ਹੈ। ਪ੍ਰਮੇਸ਼ਰ ਦੇ ਨਾਮ ਦੀ ਕੀਮਤ ਕੋਈ ਨਹੀਂ –

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥***

***ਅੰਗ- 81***

ਐਡਾ ਕੀਮਤੀ ਨਾਮ ਜੇ ਅੰਤ ਸਮੇਂ ਲੈ ਲਿਆ ਜਾਵੇ–

***ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥***
***ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥***

***ਅੰਗ- 526***

ਕਹਿੰਦੇ, ਐਸਾ ਜੇ ਨਾਮ ਜਪ ਲਿਆ ਜਾਵੇ। ਅੰਤ ਦਾ ਸਮਾਂ ਹੋਵੇ।

ਕਹਿੰਦੇ, ਸਿੱਧਾ ਪ੍ਰਮੇਸ਼ਰ ਦੇ ਦਰ 'ਤੇ ਜਾਂਦੈ। ਉਸ ਨਾਮ ਦੀ ਮਹਿਮਾ ਦੇ ਉਤੇ ਜੋ ਵਿਸ਼ਵਾਸ਼ ਨਹੀਂ ਕਰਦਾ, ਕਹਿੰਦੇ, ਪਿਆਰਿਓ! ਉਹਨੂੰ ਤੁਸੀਂ ਸ਼੍ਰੋਮਣੀ ਮੂਰਖ ਮੰਨੋ।

***ਧਾਰਨਾ - ਮੂਰਖਾਂ ਸਿਰ ਮੂਰਖ ਹੈ,***
***ਜੇ ਮੰਨੇ ਨਾਹੀ ਨਾਉਂ।***

ਮਹਾਰਾਜ ਕਹਿੰਦੇ, ਜੋ ਸ਼੍ਰੋਮਣੀ ਮੂਰਖ ਹੈ ਉਹ ਹੈ ਜੋ ਨਾਮ ਦੀ ਮਹਿਮਾ ਨੂੰ ਨਹੀਂ ਮੰਨਦਾ। ਨਾਮ ਦੀ ਪਰੀਪੂਰਨਤਾ ਨੂੰ ਨਹੀਂ ਮੰਨਦਾ ਕਿ ਮੇਰੇ ਅੰਦਰ ਨਾਮ ਸ਼ਕਤੀ ਹੈ। ਨਾਮ ਸ਼ਕਤੀ ਤੋਂ ਮੈਂ ਪੈਦਾ ਹੋਇਆ ਹਾਂ, ਨਾਮ ਸ਼ਕਤੀ 'ਚ ਰਹਿੰਦਾ ਹਾਂ। ਨਾਮ ਮੇਰੇ ਅੰਦਰ ਹੈ-

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥***
***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ- 293***

ਜੋ ਇਸ ਨਾਮ 'ਤੇ ਭਰੋਸਾ ਨਹੀਂ ਲਿਆਉਂਦੇ, ਕਹਿੰਦੇ ਭਾਈ ਪ੍ਰੇਮੀਓਂ! ਉਹ ਸ਼੍ਰੋਮਣੀ ਮੂਰਖ ਹੈ। ਕਹਿੰਦੇ, ਮਹਾਰਾਜ ਪੜ੍ਹੇ ਲਿਖੇ ਵਿਦਵਾਨ, ਪੰਡਤ ਲੋਕ, ਸ਼ਾਸਤਰਾਂ ਦੇ ਗਿਆਤੇ, ਵੇਦਾਂ ਦੇ ਗਿਆਤਾ, ਵੱਡੀਆਂ-ਵੱਡੀਆਂ ਪੁਸਤਕਾਂ ਦੇ ਗਿਆਤਾ, ਉਹ ਵੀ ਇਸ ਲਿਸਟ 'ਚ ਆ ਜਾਂਦੇ ਨੇ। ਮਹਾਰਾਜ ਕਹਿੰਦੇ, ਦੇਖੋ, ਇਹਦੇ 'ਚ ਇਕ ਛੋਟ ਹੈ, ਜੇ ਤਾਂ ਪੜ੍ਹ ਕੇ ਕੁੜ ਗਿਆ, ਜੇ ਤਾਂ ਪੜ੍ਹ ਕੇ ਉਹਨੇ ਬੁਝ ਲਿਆ ਤਾਂ, ਤਾਂ ਕਹਿੰਦੇ ਉਹਦੀ ਗੱਲ ਤਾਂ ਨਹੀਂ ਅਸੀਂ ਕਰਦੇ। ਪੜ੍ਹੇ ਹੋਏ ਬੰਦੇ, ਅਕਲ ਤੇਜ਼ ਕਰ ਲਈ, ਉਸ ਅਕਲ ਤੇਜ਼ ਦੇ ਵਿਚ ਜਿਹੜੇ ਅਕਲ ਦੇ ਨੀਵੇਂ ਤਲ ਦੇ ਹਨ ਚੋਰ, ਉਹ ਵੀ ਓਨੇ ਹੀ ਤੇਜ਼ ਹੋ ਜਾਂਦੇ ਨੇ। ਉਹਨਾਂ ਦੀ ਵਰਤੋਂ ਵੀ ਓਨੀਂਓ ਤੇਜ਼ ਹੋ ਜਾਂਦੀ ਹੈ। ਕਹਿੰਦੇ, ਪਿਆਰਿਓ! -

***ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥***
***ਅੰਗ- 140***

ਪੰਜ ਚੋਰਾਂ ਤੋਂ ਜਿਸ ਨੇ ਛੁਟਕਾਰਾ ਨਹੀਂ ਪਾਇਆ, ਲਭ ਦੇ ਵਿਚ ਪਿਆ ਹੈ, ਲੋਭ ਦੇ ਵਿਚ ਹੈ, ਮੋਹ 'ਚ ਹੈ, ਅਹੰਕਾਰ 'ਚ ਹੈ, ਅਭਿਮਾਨ ਉਹਦੇ ਹਿਰਦੇ 'ਚ ਗੇੜੇ ਮਾਰਦਾ ਹੈ ਕਿ ਮੈਂ ਆਹ ਹਾਂ, ਐਨਾ ਪੜ੍ਹਿਆ ਹੋਇਆ ਹਾਂ। ਕਹਿੰਦੇ, ਉਹਨੂੰ ਪੜ੍ਹਿਆ ਹੋਇਆ ਨਾ ਕਹੋ, ਕਿਉਂਕਿ ਪੜ੍ਹਨ ਦੇ ਨਾਲ ਅਸੀਂ ਇਹਨਾਂ ਚੋਰਾਂ ਤੋਂ ਬਚਣੈ। ਅਸੀਂ ਸਹੀ ਚੀਜ਼ ਨੂੰ ਪਕੜਨੈ। ਸੋ ਇਸ ਤਰ੍ਹਾਂ ਨਾਲ ਮਹਾਰਾਜ ਕਹਿੰਦੇ ਪੜ੍ਹਿਆ ਹੋਇਆ ਸਿਰਫ ਓਹੀ ਹੈ -

***ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ***
***ਜਿਸੁ ਰਾਮ ਨਾਮੁ ਗਲਿ ਹਾਰੁ ॥ ਅੰਗ- 938***

ਜਿਸਦੇ ਅੰਦਰ ਨੂੰ ਸਾਹ ਜਾਂਦੇ ਵੀ ਵਾਹਿਗੁਰੂ, ਬਾਹਰ ਨੂੰ ਸਾਹ ਜਾਂਦੇ ਵੀ ਵਾਹਿਗੁਰੂ ਹੈ, ਕਹਿੰਦੇ ਅਸੀਂ ਉਸ ਨੂੰ ਪੜ੍ਹਿਆ ਹੋਇਆ ਕਹਿੰਦੇ ਹਾਂ। ਦੂਜੇ ਨਹੀਂ ਪੜ੍ਹੇ ਹੋਏ ਹੁੰਦੇ। ਉਹ ਤਾਂ ਕਿਤਾਬਾਂ ਪੜ੍ਹੇ ਹੋਏ ਨੇ -

***ਪੜਿਐ ਨਾਹੀ ਭੇਦੁ ਬੁਝਿਐ ਪਾਵਣਾ ॥ ਅੰਗ- 148***

ਬੁੱਝਣ ਵਾਲਾ ਜਿਹੜਾ ਹੈ ਉਹ ਸਹੀ ਪੜ੍ਹਿਆ ਹੋਇਆ ਹੈ। ਸੋ ਮਹਾਰਾਜ ਕਹਿੰਦੇ ਪਿਆਰਿਆ -

***ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥***

***ਅੰਗ- 726***

ਐਨਾ ਅਗਿਆਨੀ ਹੈਂ ਤੂੰ ਤੇ ਹਰੀ ਦੇ ਗੁਣ ਨਹੀਂ ਗਾਉਂਦਾ। ਪ੍ਰਭੂ ਦਾ ਭਜਨ ਨਹੀਂ ਕਰਦਾ ਤੇ ਗੁਰਸਿੱਖ ਬਣ ਕੇ ਗੁਰਸਿੱਖੀ ਦੇ ਅਮਲ ਵਿਚ ਨਹੀਂ ਆਇਆ-

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥***
***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਅੰਗ- 305***

ਇਸ਼ਨਾਨ ਕਰਦੈ ਤੇ ਮਨ ਨੂੰ ਤੂੰ ਅੰਮ੍ਰਿਤ ਦੇ ਸਰੋਵਰ, ਗੁਰਬਾਣੀ ਦੇ ਰਸ ਵਿਚ ਇਸ਼ਨਾਨ ਕਰਾ -

***ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ***
***ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥***
***ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ***
***ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥***
***ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ***
***ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਅੰਗ- 306***

ਜਦੋਂ ਗੁਰੁ ਦੇ ਮਨ ਭਾ ਗਿਆ, ਗੁਰੂ ਨੇ ਫਿਰ ਬ੍ਰਹਮ ਤੇ ਜੀਵ ਦੀ ਏਕਤਾ ਦਾ ਉਪਦੇਸ਼ ਦੇਣੈ-

***ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ***
***ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਅੰਗ - 306***

ਉਹਦੇ 'ਤੇ ਨਦਰ ਕਰਨੀ ਹੈ। ਉਹਦਾ ਜੀਵ ਭਾਵ ਤੋੜ ਕੇ ਬ੍ਰਹਮ ਭਾਵ ਦੇ ਵਿਚ ਦਾਖਲ ਕਰ ਦੇਣੈ। ਕਹਿੰਦੇ ਉਹ ਜਿਹੜਾ ਸਿੱਖ ਹੈ, ਜੇ ਫੇਰ ਆਪ ਨਾਮ ਜਪਦੈ ਤੇ ਦੂਜਿਆਂ ਨੂੰ ਜਪਾਉਂਦੈ। ਉਹਦੀ ਪਦਵੀ ਕਿੱਡੀ ਹੈ-

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ਅੰਗ- 306***

ਸੋ ਕਹਿੰਦੇ, ਪਿਆਰਿਓ! ਪੜ੍ਹਿਆ ਉਹ ਹੈ ਜਿਹਨੇ ਇਹ ਗੱਲ ਸਮਝ ਲਈ।

ਕਾਰਨ ਇਹ ਹੈ ਕਿ ਉਸ ਨੇ ਸੰਸਾਰ ਤੋਂ ਜਾਣਾ ਨਹੀਂ ਮੰਨਿਆ। ਮਹਾਰਾਜ ਕਹਿੰਦੇ, ਅਫਸੋਸ ਨਾ ਕਰੋ, ਜੋ ਲੰਘ ਗਿਆ ਸਮਾਂ, ਲੰਘ ਗਿਆ –

***ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ ॥***
***ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥***
***ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥***

***ਅੰਗ– 1378***

ਉਮਰ ਦਾ ਕੋਈ ਹਿਸਾਬ ਨਹੀਂ ਹੈ। ਜਦੋਂ ਲੱਗ ਗਏ, ਲਗ ਗਏ। ਮਹਾਰਾਜ ਕਹਿੰਦੇ, ਹੁਣ ਲਗ ਜਾ –

***ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥***
***ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥***

***ਅੰਗ– 726***

ਸੋ ਸਾਰਾ ਕਾਰਨ ਉਸ ਗੱਲ ਨੂੰ ਨਾ ਸਮਝਣ ਦਾ ਹੈ। ਦੂਸਰੇ ਪੜ੍ਹੇ ਹੋਏ ਕਹਿੰਦੇ ਜੀ, ਹਰ ਵਕਤ ਮੌਤ ਯਾਦ ਰੱਖ ਕੇ ਫੇਰ ਤਾਂ ਅਸੀਂ ਤਰੱਕੀ ਨਹੀਂ ਕਰ ਸਕਣੀ। ਆਦਮੀ ਦੇ ਹੱਥ ਵਿਚ ਨਹੀਂ ਕੁਛ, ਐਵੇਂ ਹੀ ਬੰਦਾ ਫਸ ਰਿਹੈ ਆਪਣੇ ਆਪ ਹੀ ਕਿ ਮੈਂ ਕਰਦਾ ਹਾਂ, ਮੈਂ ਕਰਦਾ ਹਾਂ। ਮਹਾਰਾਜ ਕਹਿੰਦੇ –

***ਜਬ ਇਹ ਜਾਨੈ ਮੈ ਕਿਛੁ ਕਰਤਾ ॥***
***ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥ ਅੰਗ– 278***

ਮੰਨਿਆ ਹੈ ਮਹਾਰਾਜ ਨੇ ਇਸ ਚੀਜ਼ ਨੂੰ। ਉਹ ਕਹਿੰਦੇ, ਇਹ ਤਾਂ ਹੋਇਆ ਪਿਐ। ਸਭ ਸੰਸਾਰ ਪ੍ਰਮੇਸ਼ਰ ਦੇ ਹੁਕਮ ਦੇ ਨਾਲ ਚਲ ਰਿਹੈ –

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ ਅੰਗ– 1***

ਉਹਦਾ ਹੁਕਮ ਵਰਤ ਰਿਹੈ ਚਾਰੇ ਪਾਸੇ। ਹੁਕਮ ਦੇ ਨਾਲ ਹੀ ਉਚੇ ਨੀਚੇ ਹੋ ਰਹੇ ਨੇ। ਹੁਕਮ ਦੇ ਨਾਲ ਹੀ ਦੁਖ ਤੇ ਸੁਖ ਪੈਦਾ ਹੋ ਰਹੇ ਨੇ। ਹੁਕਮ ਨੂੰ ਬੁੱਝ ਤੂੰ। ਫੇਰ ਤੈਨੂੰ ਕਰਮ ਨਹੀਂ ਫੜ ਸਕਦਾ। ਜਿੰਨਾਂ ਚਿਰ ਤੂੰ ਹੁਕਮ ਨੂੰ ਨਹੀਂ ਬੁੱਝਦਾ, ਤੂੰ ਕਹਿੰਦਾ ਹੈਂ ਕਿ ਮੈਂ ਕਰਦਾ ਹਾਂ-ਮੈਂ ਕਰਦਾ ਹਾਂ। ਮਾੜਿਆਂ ਨੂੰ ਕਹਿ ਦਊ ਕਿ ਰੱਬ ਕਰਾਉਂਦੈ। ਚੰਗਾ ਕਹਿ ਦਊਗਾ ਕਿ ਮੈਂ ਕਰਦਾ ਹਾਂ। ਕਹਿੰਦੇ, ਜਿੰਨਾ ਚਿਰ ਤੇਰੇ ਅੰਦਰ ਇਹ ਭਾਵਨਾ ਹੈ ਓਨੀਂ ਦੇਰ ਤੱਕ ਸਤਿ ਦੀ ਜੋ ਅਵਸਥਾ ਹੈ ਉਹ ਤੇਰੇ ਅੰਦਰ ਜਾਗ੍ਰਤ ਨਹੀਂ ਹੋਈ। ਤੇਰੇ ਕੋਲ ਹੈ ਕੀ–

***ਇਸ ਕਾ ਬਲੁ ਨਾਹੀ ਇਸੁ ਹਾਥ ॥***

*ਕਰਨ ਕਰਾਵਨ ਸਰਬ ਕੋ ਨਾਥ ॥* *ਅੰਗ- 277*

ਜਦੋਂ ਬਾਕੀ ਕੰਮ ਕਰਦੈ। ਨਾਮ ਜਪਣ ਵੇਲੇ ਕਹਿੰਦੈ ਕਿ ਵਾਹਿਗੁਰੂ ਜਪਾਏਗਾ ਤਾਂ ਜਪਾਂਗੇ। ਰੋਟੀ ਵੇਲੇ ਕਦੇ ਨਹੀਂ ਕਹਿੰਦਾ ਕਿ ਜਦੋਂ ਖਲਾਏਗਾ, ਤਾਂ ਖਾਵਾਂਗੇ। ਉਹ ਤਾਂ ਕਹਿੰਦਾ ਹੈ ਕਿ ਮੈਂ ਖਾਂਦਾਂ, ਮੈਂ ਕਰਦਾਂ। ਸੋ ਇਹ ਨੁਕਸ ਹੈ ਸਾਰਾ ਸਾਡੇ ਅੰਦਰ ਸਾਧਸੰਗਤ ਜੀ।

ਸੋ ਮਹਾਰਾਜ ਫੁਰਮਾਨ ਕਰਦੇ ਨੇ ਕਿ ਪਿਆਰਿਓ! ਜੀਵਨ ਦਾ ਨਹੀਂ ਹੈ ਭਰੋਸਾ। ਨਾ ਭਰੋਸਾ ਹੋਣ ਕਰਕੇ ਛੇਤੀ ਤੋਂ ਛੇਤੀ ਕਰੋ। ਕਾਹਲੀ ਕਰੋ ਇਸ ਰਸਤੇ ਲੱਗੋ ਤੇ ਦੋ ਕੰਮ ਕਰੋ, ਇਕ ਸੇਵਾ ਕਰੋ, ਇਕ ਸਿਮਰਨ ਕਰੋ। ਨਾਮ ਜਪਣ ਦੇ ਨਾਲ ਦੁਖਾਂ ਦਾ ਖਾਤਮਾ ਹੁੰਦੈ। ਸੇਵਾ ਕਰਨ ਦੇ ਨਾਲ ਇਥੇ ਵੀ ਮਾਨ ਤੇ ਦੁਨੀਆਂ ਤੋਂ ਜਦੋਂ ਜਾਵਾਂਗੇ -

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥* *ਅੰਗ- 26*

# ਸੰਜੋਗ - ਵਿਜੋਗ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - 289*

*ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ,*
*ਮੈਂ ਕਿਛੁ ਨਾਹੀ-ਮੈਂ ਕਿਛੁ ਨਾਹੀ।*

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ ॥ 1 ॥ ਰਹਾਉ ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ ॥ 1 ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥ ਅੰਗ- 827*

*ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ,*
*ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥*
*ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,*
*ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,*
*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥*
*ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,*
*ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥*

*ਤ੍ਵਪ੍ਰਸਾਦਿ ਕਬਿੱਤ*

ਸਾਧਸੰਗਤ ਜੀ! ਚਿੱਤ ਬਿਰਤੀਆਂ ਨੂੰ ਇਕਾਗਰ ਕਰੋ। ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਧਿਆਨ ਕਰੋ। ਕੰਨਾਂ ਦੇ ਨਾਲ ਬਾਣੀ ਸਰਵਣ

ਕਰਨੀ। ਜਿਹਭਾ ਦੇ ਨਾਲ ਬੋਲਣਾ, ਬੁੱਧੀ ਦੇ ਨਾਲ ਵਿਚਾਰ ਕਰਨਾ। ਹਿਰਦੇ 'ਚ ਧਾਰਨ ਕਰਕੇ ਜੀਵਨ ਨੂੰ ਉਸ ਤਰ੍ਹਾਂ ਚਲਾਉਣਾ, ਫਲ ਕਿੰਨਾ ਹੈ –

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***

***ਅੰਗ– 546***

ਕਰੋੜਾਂ ਯੱਗਾਂ ਦਾ ਫਲ ਪ੍ਰਾਪਤ ਹੁੰਦੈ ਇਸ ਕਲਜੁਗ ਦੇ ਅੰਦਰ। ਬਾਕੀ ਜਿਹੜੇ ਫਲ ਨੇ, ਉਹਨਾਂ ਨੂੰ ਗਿਣਿਆ ਨਹੀਂ ਗਿਆ। ਤੀਰਥ ਕਰਨਾ, ਵੱਡੇ-ਵੱਡੇ ਔਖੇ-ਔਖੇ ਵਰਤ ਧਾਰਨ ਕਰਨੇ। ਭੀਸ਼ਮ ਪਿਤਾਮਾ ਨੇ ਇਕ ਵਰਤ ਧਾਰਨ ਕਰਿਆ ਸੀ ਕਿ ਮੈਂ ਸਾਰੀ ਜ਼ਿੰਦਗੀ ਬ੍ਰਹਮਚਾਰੀ ਰਹਾਂਗਾ। ਉਹਨੂੰ ਬ੍ਰਹਮਚਾਰੀਆਂ 'ਚ ਗਿਣਿਆ ਗਿਆ ਹੈ, ਜਤੀਆਂ 'ਚ ਗਿਣਿਆ ਗਿਆ ਹੈ। ਛੇ ਜਤੀ ਹੋਏ ਨੇ ਭਾਰਤ ਵਰਸ਼ ਦੀ ਜੋ ਕਲਚਰ ਹੈ, ਉਹਦੇ ਵਿਚ ਛੇ ਜਤੀ ਲਿਖੇ ਨੇ। ਉਹਨਾਂ ਵਿਚੋਂ ਇੱਕ ਇਹ ਸੀਗਾ। ਬੜਾ ਕਰੜਾ ਵਰਤ ਹੈ ਇਹ। ਤੀਰਥ ਕਰਨੇ। 68 ਤੀਰਥਾਂ ਦਾ ਇਸ਼ਨਾਨ ਕਰਨਾ। ਫੇਰ ਮੁੜ ਕੇ ਤੀਰਥ ਕਰਨੇ, ਫੇਰ ਮੁੜ ਕੇ ਤੀਰਥ ਕਰਨੇ। ਬੜੀ ਔਖੀ ਕਿਰਿਆ ਹੈ। ਦਾਨ ਕਰਨਾ, ਪੈਸੇ ਟਕੇ ਦਾ ਦਾਨ ਕਰਨਾ, ਅੰਨ ਦਾ ਦਾਨ ਕਰਨਾ, ਵਸਤਰਾਂ ਦਾ ਦਾਨ ਕਰਨਾ, ਭੂਮੀ ਦਾ ਦਾਨ ਕਰਨਾ, ਆਪਣੇ ਸਮੇਂ ਦਾ ਦਾਨ ਕਰਨਾ, ਅਨੇਕਾਂ ਕਿਸਮ ਦੇ ਦਾਨ ਕਰ ਰਿਹਾ ਹੈ, ਕੋਈ ਦਵਾਈਆਂ ਦਾ ਦਾਨ ਕਰ ਰਿਹਾ ਹੈ। ਕੋਈ ਹੋਰ ਕਿਸਮ ਦਾ, ਪੜ੍ਹਾਈ-ਲਿਖਾਈ ਦਾ ਟੀਚਰ ਦਾਨ ਕਰ ਰਿਹੈ। ਕਹਿੰਦੇ, ਜੇ ਉਹਦੇ ਮਨ ਵਿਚ ਇਹ ਆ ਜਾਵੇ ਕਿ 'ਮੈਂ' ਦਾਨ ਕਰਿਆ ਹੈ। ਸਭ ਕੁਛ ਕਰਨ ਤੋਂ ਬਾਅਦ ਇਕ ਜਜ਼ਬਾ ਉੱਠ ਖੜ੍ਹੇ ਕਿ ਮੈਂ ਦਾਨ ਕਰਿਆ ਹੈ।

ਗੱਲ ਸਮਝਣੀ ਚਾਹੀਦੀ ਹੈ ਗੁਰੂ ਸਾਹਿਬ ਦੀ, ਇਹ ਕੋਈ ਐਵੇਂ ਕਵਿਤਾਵਾਂ ਨਹੀਂ ਲਿਖੀਆਂ ਹੋਈਆਂ। ਇਹ ਨਿਰੋਲ ਸਤਿ 'ਤੇ ਅਧਾਰਿਤ ਹੈ-

***ਜੈਸੀ ਮੈ ਆਵੈ ਖਸਮ ਕੀ ਬਾਣੀ***
***ਤੈਸੜਾ ਕਰੀ ਗਿਆਨੁ ਵੇ ਲਾਲੋ ॥*** ***ਅੰਗ– 722***

ਇਹ ਇਸ ਤਰ੍ਹਾਂ ਨਹੀਂ ਹੈ ਕਿ ਆਹ ਗੁਰੂ ਨਾਨਕ ਸਾਹਿਬ ਦੀ ਬਾਣੀ ਹੈ, ਆਹ ਗੁਰੂ ਅੰਗਦ ਸਾਹਿਬ ਦੀ ਹੈ। ਕਈ ਪ੍ਰੇਮੀ ਇਸ ਤਰ੍ਹਾਂ ਨਾਲ ਕਹਿ ਦਿੰਦੇ ਨੇ। ਜਿਹਨਾਂ ਦੇ ਅੰਦਰ ਗਿਆਨ ਦੇ ਨੇਤਰ ਖੁਲ੍ਹੇ ਨੇ ਉਹ ਕਹਿੰਦੇ ਇਹ ਤਾਂ ਬਾਣੀ ਹੀ ਅਕਾਲ ਪੁਰਖ ਦੀ ਹੈ, ਚਾਹੇ ਪਹਿਲੇ ਸਰੀਰ 'ਚੋਂ ਆ ਗਈ, ਦੂਜੇ 'ਚੋਂ ਆ ਗਈ। ਲੇਕਿਨ ਗੁਰੂ ਜੋਤ ਇੱਕੋ ਹੀ ਹੈ। ਹੁਣ ਵੀ ਹੈਗੀ, ਪਹਿਲਾਂ ਵੀ ਹੈਗੀ। ਜਦੋਂ ਸੰਸਾਰ ਬਣਿਆ ਜਦ ਵੀ ਸੀਗੀ। ਜਦੋਂ ਸੰਸਾਰ ਨਹੀਂ ਹੋਣਾ ਫੇਰ ਵੀ ਗੁਰੂ ਜੋਤ, ਅਕਾਲ ਪੁਰਖ ਦਾ ਆਪਣਾ ਹੀ ਇਕ ਕਰਿਸ਼ਮਾ ਗੁਰੂ ਜੋਤ ਹੋਇਆ ਕਰਦੈ। ਇਹ ਬਾਣੀ

ਧੁਰ ਕੀ ਹੈ ਸੋ ਇਹਨੂੰ ਵਿਚਾਰ ਕੇ ਜਦੋਂ ਅਸੀਂ ਹਿਰਦੇ 'ਚ ਧਾਰਨ ਕਰਦੇ ਹਾਂ, ਕਰੋੜਾਂ ਯੱਗਾਂ ਦਾ ਫਲ ਹੁੰਦੈ। ਸੋ ਮਹਾਰਾਜ ਕਹਿੰਦੇ-

*ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥*
*ਨਾਨਕ ਨਿਹਫਲੁ ਜਾਤ ਤਿਹ ਜਿਉ ਕੁੰਚਰ ਇਸਨਾਨੁ ॥*

*ਅੰਗ- 1428*

ਹਉਮੈ ਦੇ ਦੋ ਅਰਥ ਨੇ। ਜਿੱਥੇ ਕੁ ਅਸੀਂ ਬੋਲਦੇ ਹਾਂ ਇਹ ਹੋਰ ਹੈ, ਜਿਹੜਾ ਇਹਦਾ ਅਸਲੀ ਅਰਥ ਹੈ ਇਹ ਹੋਰ ਹੈ। ਉਹ ਗੁਮਾਨ ਆ ਗਿਆ ਕਿ ਮੈਂ ਕਰਦਾ ਹਾਂ। ਮੈਂ ਐਨੇ ਤੀਰਥ ਕਰੇ। ਮੈਂ ਇਹੋ ਜਿਹਾ ਔਖਾ ਵਰਤ ਧਾਰਨ ਕਰਿਆ। ਵਰਤ ਧਾਰਨ ਕਰ ਲਿਆ ਕਿ ਮੈਂ ਸਾਰੀ ਜ਼ਿੰਦਗੀ ਜੁੱਤੀ ਨਹੀਂ ਪਾਉਣੀ। ਮਹਾਰਾਜ ਕਹਿੰਦੇ, ਕੀ ਧਾਰਨ ਕਰ ਲਿਆ, ਬਾਂਦਰਾਂ ਦੇ ਕੌਣ ਮੌਜੇ ਪਾਉਂਦੈ। ਬਲਦਾਂ ਦੇ ਕੌਣ ਮੌਜੇ ਪਾਉਂਦੈ। ਪਾਉਂਦੈ ਕੋਈ ਬੂਟ ਬਲਦਾਂ ਦੇ? ਭੇਡਾਂ ਦੇ ਕੌਣ ਪਾਉਂਦੈ, ਬੱਕਰੀਆਂ ਦੇ ਕੌਣ ਪਾਉਂਦੈ। ਜੰਗਲਾਂ 'ਚ ਜਿੰਨੇ ਵੀ ਜਾਨਵਰ ਫਿਰਦੇ ਨੇ ਕੀਹਦੇ ਬੂਟ ਪਾਏ ਹੋਏ ਨੇ? ਜੇ ਤੂੰ ਵੀ ਉਹਨਾਂ 'ਚ ਰਲ ਗਿਆ, ਤੂੰ ਕੀ ਕਰ ਦਿਤਾ, ਕੋਈ ਵਿਸ਼ੇਸ਼ ਬਾਤ ਹੋ ਗਈ? ਕਹਿੰਦੇ, ਇਹ ਬਾਂਦਰ ਨੇ ਜਿਹੜੇ ਇਹ ਸਦਾ ਹੀ ਨੰਗੇ ਪੈਰ ਫਿਰਦੇ ਰਹਿੰਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਬਹੁਤ ਵਰਤ ਲਿਖਦੇ ਨੇ ਮਹਾਰਾਜ ਜੀ। ਔਖੇ-ਔਖੇ ਸਾਧਨ ਕਰ ਲਏ। -

*ਖੂਕ ਮਲਹਾਰੀ ਗਜ ਗਦਹਾ ਬਿਭੂਤ ਧਾਰੀ*
*ਗਿਦੂਆ ਮਸਾਨ ਬਾਸ ਕਰਿਓਈ ਕਰਤ ਹੈ। ਤ੍ਵਪ੍ਰਸਾਦਿ ਕਬਿੱਤ*

20 ਕਬਿੱਤ ਮਹਾਰਾਜ ਨੇ ਲਿਖੇ ਨੇ ਅਕਾਲ ਉਸਤਤ ਦੇ ਅੰਦਰ। ਜਿਹਨਾਂ ਦੇ ਵਿਚੋਂ ਬਹੁਤ ਸਾਰੇ ਆਦਮੀ ਦੇ ਜੋ ਨਿਰਾਰਥਕ ਕਰਮ ਨੇ ਉਹਨਾਂ ਬਾਰੇ ਲਿਖਿਆ ਹੈ। ਇਕ ਬੰਦਾ ਹੈ ਦੁੱਖ ਪਾ ਰਿਹੈ। ਕੰਡਿਆਂ ਦੀ ਸੇਜ ਬਣਾ ਲਈ ਉਹਨਾਂ 'ਤੇ ਪੈ ਗਿਆ। ਮਹਾਰਾਜ ਕਹਿੰਦੇ ਇਹਦੇ ਵਿਚ ਕੀ ਹੋ ਗਿਆ। ਤੇਰੇ ਨਾਲੋਂ ਤਾਂ ਜਿਹੜਾ ਘਾਇਲ ਹੋ ਗਿਆ ਉਹ ਜ਼ਿਆਦਾ ਦੁਖ ਸਹਿੰਦਾ ਹੈ -

*ਤਾਪ ਕੇ ਸਹੇ ਤੇ ਜੋ ਪੈ ਪਾਈਐ ਅਤਾਪ ਨਾਥ*
*ਤਾਪਨਾ ਅਨੇਕ ਤਨ ਘਾਇਲ ਸਹਤ ਹੈ।*

ਜੇ ਇਕ ਕੋਈ ਕਹੇ ਕਿ ਮੈਂ ਜਾਪ ਕਰੀ ਜਾਂਦਾ, ਦਿਨ ਰਾਤ ਮੈਂ ਟਿਕਦਾ ਹੀ ਨਹੀਂ।

ਜਾਪ ਕੇ ਕੀਏ ਤੇ ਜੋ ਪੈ ਪਾਯਤ ਅਜਾਪ ਦੇਵ

ਪੂਦਨਾ ਸਦੀਵ ਤੁਹੀ ਤੁਹੀ ਉਚਰਤ ਹੈ।

ਇਥੇ ਇਕ ਚਿੜੀ ਹੁੰਦੀ ਹੈ, ਤੂੰਹੀਂ-ਤੂੰਹੀਂ ਕਰੀ ਜਾਂਦੀ ਹੈ। ਕਹਿੰਦੇ ਜਦੋਂ ਤੱਕ ਅੰਦਰ ਗਿਆਨ ਨਹੀਂ ਆਇਆ -

***ਅੰਗਨਾ ਅਧੀਨ ਕਾਮ ਕ੍ਰੋਧ ਮੈ ਪ੍ਰਬੀਨ***
***ਏਕ ਗਿਆਨ ਕੇ ਬਿਹੀਨ ਛੀਨ ਕੈਸੇ ਕੈ ਤਰਤ ਹੈ।***

ਜੀਵਨ ਸਚਿਆਰ ਨਹੀਂ ਬਣਿਆ। ਉਹਨਾਂ ਵਿਚ ਦਸ ਤੂੰ ਕਿਵੇਂ ਤਰ ਜਾਵੇਂਗਾ? ਕੋਈ ਹੈ ਤਰੀਕਾ? ਤੇਰੇ ਸਾਮ੍ਹਣੇ ਕੋਈ ਨਿਸ਼ਾਨਾ ਤਾਂ ਹੈ ਨਹੀਂ। ਤੂੰ ਕਿਸੇ ਖਿਆਲ ਵਿਚ ਮਹਿਵ ਨਹੀਂ ਹੋਇਆ। ਤਰੇਂਗਾ ਕਿਵੇਂ?

ਇਕ ਮਿਸਾਲ ਦਿੰਦੇ ਨੇ, ਬੜੀ ਸੋਹਣੀ ਮਿਸਾਲ ਹੈ। ਇਸ਼ਕੇ ਮਿਜਾਜ਼ੀ ਹੁੰਦੈ, ਇਕ ਇਸ਼ਕੇ-ਹਕੀਕੀ ਹੁੰਦੈ। ਪਿਆਰ ਦੋਹਾਂ ਦਾ ਆਧਾਰ ਹੈ। ਇਕ ਪਿਆਰ ਜਿਹੜਾ ਹੈ ਉਹਦਾ ਹੱਦ ਬੰਨਾ ਹੁੰਦਾ ਹੈ, ਇਕ ਹੱਦ ਬੰਨੇ ਤੋਂ ਉਪਰ ਪਿਆਰ ਹੁੰਦੈ, ਜਿਹਨੂੰ ਇਸ਼ਕੇ-ਹਕੀਕੀ ਕਹਿੰਦੇ ਨੇ। ਇਸ਼ਕੇ ਮਜ਼ਾਜ਼ੀ ਹੁੰਦੈ ਕਿਸੇ ਸਰੀਰ ਦੇ ਨਾਲ ਪਿਆਰ ਕਰਨਾ। ਉਹਦੀ extreme (ਅਸੀਮ ਹੱਦ) ਹੁੰਦੀ ਹੈ ਕਿ ਉਹਦੇ ਵਿਚ ਗੁੰਮ ਹੋ ਜਾਣਾ, ਆਪਣਾ ਆਪਾ ਲੀਨ ਕਰ ਦੇਣਾ। ਆਪਣੇ ਆਪ ਨੂੰ ਸਮਝਣਾ ਨਾ ਕੁਛ ਵੀ।

ਇਥੇ ਮੈਂ ਥੋੜ੍ਹਾ ਜਿਹਾ ਫਰਕ ਦਸਦਾ ਹਾਂ। ਕਈ ਪ੍ਰੇਮੀ ਇਹ ਕਹਿੰਦੇ ਨੇ ਕਿ ਵਿਸਾਖੀ 'ਤੇ ਗੁਰੂ ਦਸਵੇਂ ਪਾਤਸ਼ਾਹ ਨੇ ਸ੍ਰੀ ਸਾਹਿਬ ਨੰਗੀ ਕਰਕੇ, ਬੜਾ ਭਿਆਨਕ ਰੂਪ ਧਾਰ ਕੇ ਘੁੰਮਾ ਕੇ ਉੱਚੀ ਆਵਾਜ਼ ਦਿਤੀ, ਪੂਰੇ ਗਲੇ ਨਾਲ ਕਿ ਕੋਈ ਹੈ? ਮੈਂ ਇਸ ਦੇਵੀ ਨੂੰ ਪ੍ਰਸੰਨ ਕਰਨੈ, ਭਗਉਤੀ ਨੂੰ, ਇਕ ਸੀਸ ਦੀ ਮੈਨੂੰ ਲੋੜ ਹੈ। ਸਾਰੇ ਹੀ ਇਤਿਹਾਸ ਮੈਂ ਦੇਖੇ ਨੇ ਜਿੰਨਿਆਂ ਨੇ ਵੀ ਲਿਖੇ ਨੇ, ਇਕ ਇਤਿਹਾਸ ਤੋਂ ਬਗੈਰ। ਉਹਨਾਂ 'ਚ ਇਹ ਲਿਖਿਆ ਹੋਇਐ ਕਿ ਸਨਾਟਾ ਛਾ ਗਿਆ। ਹੁਣ ਜਿਹੜਾ ਇਤਿਹਾਸਕਾਰ ਸਿੱਖ ਦੇ ਮਨੋਵਿਗਿਆਨ ਨੂੰ ਨਹੀਂ ਜਾਣਦਾ ਉਹ ਫੇਰ ਐਵੇਂ ਲਿਖਦੈ। ਪਤਾ ਨਹੀਂ ਹੈ ਕਿ ਸਿੱਖ ਕਿੱਥੇ ਰਹਿੰਦਾ ਹੈ? ਕੀ ਹੁੰਦਾ ਹੈ ਸਿੱਖ? ਨਾ ਪਤਾ ਹੋਣ ਕਰਕੇ ਬੁੱਧੀ ਦੇ ਹਨ੍ਹੇਰੇ ਵਿਚ ਟੋਹਾਂ ਲਾਉਂਦੈ। ਬੁੱਧੀ ਚਾਨਣਾ ਨਹੀਂ ਹੁੰਦੀ, ਹਨ੍ਹੇਰਾ ਹੋਇਆ ਕਰਦੀ ਹੈ। ਕਹਿੰਦੇ ਸਨਾਟਾ ਛਾ ਗਿਆ। ਦੂਜੀ ਵਾਰੀ ਫੇਰ ਕਿਹਾ ਗੁਰੂ ਸਾਹਿਬ ਨੇ ਕਿ ਹੈ ਕੋਈ ਸਿੱਖ, ਜਿਹੜਾ ਆਪਣਾ ਸੀਸ ਭੇਟਾ ਕਰੇ? ਕਹਿੰਦੇ ਉੱਚੀ ਗਰਦਨ ਨਹੀਂ ਕੋਈ ਕਰਦਾ, ਗੁਰੂ ਮਹਾਰਾਜ ਦੇ ਨੇਤਰਾਂ ਨਾਲ ਨੇਤਰ ਨਹੀਂ ਮਿਲਾਉਂਦਾ, ਨੀਵੀਆਂ ਹੀ ਪਾ ਲਈਆਂ ਸਾਰਿਆਂ ਨੇ। ਤੀਸਰੀ ਆਵਾਜ਼ ਮਹਾਰਾਜ ਜੀ ਨੇ ਦਿਤੀ, ਉਸ ਤੋਂ ਇਹ ਲਗਦਾ ਸੀ ਕਿ ਹੁਣ ਨਿਰਾਸ਼ਾ 'ਚ ਬੋਲ ਰਹੇ ਨੇ ਕਿ ਹੈ ਕੋਈ, ਸੰਗਤ 'ਚ ਕੋਈ ਸਿੱਖ ਨਹੀਂ ਜਿਹੜਾ ਆਪਣਾ ਸੀਸ ਦੇ ਦੇਵੇ। ਫੇਰ ਕਹਿੰਦੇ, ਭਾਈ ਦਇਆ ਰਾਮ ਜੀ ਉੱਠੇ। ਇਤਿਹਾਸਕਾਰਾਂ ਦੀਆਂ ਬਾਤਾਂ ਨੇ, ਪਰ ਇਕ ਇਤਿਹਾਸ ਉਹ ਹੈ ਜਿਹੜਾ ਬੁੱਧੀ ਦੇ ਬਲ 'ਤੇ ਲਿਖਿਆ ਜਾਂਦੈ, ਇਕ ਉਹ ਹੈ ਜਿਹੜਾ ਗੁਰਮਤਿ ਦੇ ਚਾਨਣੇ 'ਚ ਲਿਖਿਆ ਜਾਂਦੈ। ਗੁਰਮਤਿ ਦੇ ਪ੍ਰਕਾਸ਼ ਵਿਚ ਇਹ ਗੱਲ ਨਹੀਂ ਆਉਂਦੀ। ਇਸ ਤੋਂ ਬਿਲਕੁਲ ਵਿਪਰੀਤ ਹੈ। ਕਿਉਂਕਿ ਦੋ ਸੌ ਸਾਲ ਦੀ ਸਿੱਖੀ ਹੋਵੇ ਤੇ ਸਿੱਖ ਗੁਰੂ ਤੋਂ ਕੁਰਬਾਨ

ਹੁੰਦੇ ਹੋਣ ਤੇ ਉਹਨਾਂ ਦਾ ਪਿਆਰ ਹੋਵੇ ਗੁਰੂ ਦੇ ਨਾਲ ਤੇ ਪਿਆਰ ਬਾਰੇ ਪੜ੍ਹਦੇ ਹੋਣ ਕਿ ਪਿਆਰ ਕੀ ਹੁੰਦੈ ਤੇ ਫੇਰ ਐਨੀ ਕਮਜ਼ੋਰੀ? ਜਦੋਂ ਪਿਆਰ ਦਾ ਜ਼ਿਕਰ ਕਰਦੇ ਨੇ ਤਾਂ ਇਸ ਤਰ੍ਹਾਂ ਦੇ ਨਾਲ ਕਰਦੇ ਨੇ ਪੜ੍ਹੋ ਪਿਆਰ ਨਾਲ -

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥*

*ਅੰਗ- 708*

ਐਸਾ ਪਿਆਰ ਗੁਰੂ ਦਾ ਤੇ ਸਿੱਖ ਦਾ ਭਾਈ ਗੁਰਦਾਸ ਜੀ ਨੇ ਵਰਣਨ ਕਰਿਐ। ਕੋਈ ਕਾਲਪਨਿਕ ਗੱਲਾਂ ਨਹੀਂ। ਜਿਹੜਾ ਇਹਦੇ ਵਿਚ ਇਕ ਪੁਆਇੰਟ ਆਉਂਦੈ - ***'ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥'*** ਜਿਹੜਾ ਹਰਨ ਹੈ ਉਹ ਘੰਡੇਹੇੜੇ ਦਾ ਜੇ ਸ਼ਬਦ ਵਜਾ ਦੇਵੋ ਤਾਂ ਜਿਥੋਂ ਆਵਾਜ਼ ਆ ਰਹੀ ਹੈ ਸ਼ਿਕਾਰੀ ਪਾਸੋਂ, ਉਥੇ ਨੂੰ ਦੌੜ ਜਾਂਦਾ ਹੈ। ਸਾਮ੍ਹਣੇ ਜਾ ਕੇ ਲਿਟਣ ਲਗ ਜਾਂਦੈ, ਐਨਾ ਮਸਤ ਹੋ ਜਾਂਦੈ। ਉਹ ਸ਼ਿਕਾਰੀ ਉਹਨੂੰ ਫੜ ਲੈਂਦੈ, ਪਤਾ ਹੁੰਦੈ ਉਸ ਨੂੰ ਲੇਕਿਨ ਉਹ ਭੁੱਲ ਜਾਂਦੈ ਇਸ ਗੱਲ ਨੂੰ। ਕਹਿੰਦੇ, ਇਸ ਤਰ੍ਹਾਂ ਜਿਵੇਂ ਸਿੱਖ ਦੀ ਤੇ ਗੁਰੂ ਦੀ ਪ੍ਰੀਤੀ ਹੈ। ਸਿੱਖ ਬਣਦਾ ਹੀ ਤਾਂ ਹੈ ਜੇ ਆਪਣੇ ਕੋਲੋਂ ਸਭ ਕੁਛ ਗੁਰੂ ਨੂੰ ਦੇ ਦੇਵੇ। ਬਾਕੀ ਕੁਛ ਚੀਜ਼ ਨਾ ਰੱਖੇ। ਇਹਦੇ ਹੁਣ ਦੋ ਮਤਲਬ ਹੋ ਗਏ, ਇਕ ਤਾਂ ਇਹਦਾ negative point (ਨਕਾਰਾਤਮਕ ਨੁਕਤਾ) ਹੈ। ਉਹ ਇਹ ਹੈ ਕਿ ਦੋ ਸੌ ਸਾਲ 'ਚ ਕੋਈ ਸਿੱਖ ਬਣ ਨਹੀਂ ਸੀ ਸਕਿਆ। ਸਿੱਖੀ ਨੇ ਅਜੇ ਮੌਤ ਨੂੰ ਫਤਿਹ ਨਹੀਂ ਸੀ ਕੀਤਾ। ਮੌਤ ਪਾਰਲੇ ਜੀਵਨ ਨੂੰ ਕਿਸੇ ਸਿੱਖ ਨੇ ਜਾਣਿਆ ਨਹੀਂ ਸੀ। ਵਿਚਾਰ ਕਰਿਓ ਇਸ ਨੂੰ। ਇਹ ਜਿਹੜੀਆਂ ਚੀਜ਼ਾਂ ਉਹ ਜੋ ਕਹਿੰਦੇ ਨੇ ਕਿ ਪਹਿਲੀ ਆਵਾਜ਼, ਦੂਜੀ ਆਵਾਜ਼, ਤੀਜੀ ਆਵਾਜ਼, ਪੀਲੇ ਮੂੰਹ ਪੈ ਗਏ, ਡਰ ਗਏ ਸਾਰੇ, ਉਹ ਇਤਿਹਾਸ ਲਿਖਣ ਵਾਲਿਆਂ ਨੂੰ ਅਧਿਆਤਮਵਾਦ ਦਾ ਪਤਾ ਨਹੀਂ ਹੈ ਕਿ ਸਿੱਖ ਦਾ ਤੇ ਗੁਰੂ ਦਾ ਕਿੰਨਾ ਪਿਆਰ ਹੈ। ਸਿੱਖ ਆਪਣੇ ਕੋਲ ਕੁਛ ਨਹੀਂ ਰਖਦਾ, ਕੇਵਲ ਗੁਰੂ ਦੀ ਅਮਾਨਤ ਹੁੰਦੀ ਹੈ -

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ...... ॥ ਅੰਗ - 918*

ਜਿਵੇਂ ਆਹ ਕੋਠੀ ਮੈਂ ਕਿਸੇ ਮਹਾਂਪੁਰਸ਼ ਨੂੰ ਦਾਨ ਕਰ ਦਿਤੀ, ਫੇਰ ਤਾਂ ਮੇਰਾ ਹੱਕ ਨਹੀਂ ਇਸ ਉਪਰ, ਜਦ ਕਹਿਣ ਖਾਲੀ ਕਰ ਦਿਓ, ਖਾਲੀ ਕਰ ਦੇਵਾਂਗੇ ਉਸੇ ਵੇਲੇ। ਫੇਰ ਤਾਂ ਨਹੀਂ ਮੈਂ ਸੋਚਾਂ 'ਚ ਪੈਣਾ। ਮੈਂ ਕਹਾਂਗਾ, ਇਹ ਤਾਂ ਮਿਹਰਬਾਨੀ ਹੈ ਇਨ੍ਹਾਂ ਦੀ, ਬੜੇ ਦਿਨ ਇਹਨਾਂ ਨੇ ਗੁਜ਼ਾਰਾ

ਕਰਾ ਦਿਤਾ, ਅੱਜ ਮਾਲਕ ਆ ਗਏ, ਆਪਣੀ ਚੀਜ਼ ਮੰਗ ਲਈ।

*ਜਿਸ ਕੀ ਬਸਤੁ ਤਿਸੁ ਆਗੈ ਰਾਖੈ ॥*
*ਪ੍ਰਭ ਕੀ ਆਗਿਆ ਮਾਨੈ ਮਾਥੈ ॥* *ਅੰਗ- 268*

ਸੋ ਜੇ ਇਕ ਹਰਨ ਸ਼ਬਦ ਦੇ ਨਾਲ ਬੇਧਿਆ ਹੋਇਆ, ਸਾਮ੍ਹਣੇ ਚਲੇ ਜਾਂਦੈ ਸ਼ਿਕਾਰੀ ਦੇ ਤੇ ਮਾਰਿਆ ਜਾਂਦੈ। ਫੇਰ ਗੁਰੂ ਦੇ ਪਿਆਰ ਵਿਚ ਸਿੱਖ ਜਿਹੜਾ ਬੇਧਿਆ ਹੋਇਐ, ਵਿੰਨ੍ਹਿਆ ਹੋਇਐ ਉਹ ਤਾਂ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਦੈ ਕਿ ਮੈਨੂੰ ਆਵਾਜ਼ ਦਿਤੀ। ਫੇਰ ਨਹੀਂ ਇਹ ਕਮਜ਼ੋਰੀ ਆਉਂਦੀ। ਨਾਲੇ ਦੇਹ ਹੰਗਤਾ ਜਿਹਦੀ ਟੁੱਟ ਜਾਵੇ, ਉਹ ਮੁੜ ਕੇ ਦੇਹ ਨੂੰ ਨਹੀਂ ਪਿਆਰ ਕਰਿਆ ਕਰਦਾ। ਉਹ ਤਾਂ ਜਿਵੇਂ ਕਿਰਾਏ ਦੇ ਮਕਾਨ 'ਚ ਰਹਿੰਦੈ ਇਸ ਤਰ੍ਹਾਂ ਹੀ ਰਿਹਾ ਕਰਦੈ ਇਹਦੇ ਵਿਚ। ਗੱਲਾਂ ਸਮਝਣ ਵਾਲੀਆਂ ਨੇ। ਸੋ ਇਸੇ ਤਰ੍ਹਾਂ ਨਾਲ ਜਦੋਂ ਪਿਆਰ ਹੋ ਗਿਆ ਗੁਰੂ ਨਾਲ, ਫੇਰ ਗੁਰੂ ਦਾ ਹੀ ਹੋ ਜਾਇਆ ਕਰਦੈ। ਸੋ ਪਿਆਰ ਦੋਵੇਂ ਤਰ੍ਹਾਂ ਦਾ ਮੈਂ ਦਸਿਆ ਹੈ, ਇਕ ਇਸ਼ਕ-ਏ-ਹਕੀਕੀ ਹੈ, ਇਕ ਹੈ ਇਸ਼ਕ-ਏ-ਮਜਾਜ਼ੀ। ਇਸ਼ਕੇ-ਮਜਾਜ਼ੀ ਸਰੀਰ ਨਾਲ ਪਿਆਰ ਹੁੰਦੈ। ਹੋਰ ਵੀ ਬੜੇ ਪਿਆਰ ਨੇ ਕਿਰਤ ਨਾਲ ਵੀ ਹੋ ਸਕਦੈ। ਪਸ਼ੂਆਂ ਨਾਲ ਵੀ ਹੋ ਸਕਦੇ ਨੇ। ਲੇਕਿਨ ਹਮ ਜਿਨਸ, ਮਾਨਸ ਜਾਤ ਦਾ ਮਾਨਸ ਜਨਮ ਨਾਲ ਪਿਆਰ ਮਸ਼ਹੂਰ ਹੈ। ਪਿਆਰ ਦੇ ਵਿਚ ਲੀਨ ਹੋਈ-ਹੋਈ ਇਕ ਬੀਬੀ ਤੁਰੀ ਜਾ ਰਹੀ ਹੈ। ਨਮਾਜ਼ ਪੜ੍ਹ ਰਹੇ ਨੇ ਬਹੁਤ ਸਾਰੇ, ਇਕ ਕਾਫਲੇ 'ਚੋਂ ਸਰਦਾਰ ਉਤਰਿਆ, ਨਮਾਜ਼ ਪੜ੍ਹ ਰਿਹਾ ਸੀ। ਈਰਾਨ ਦੀ, ਸ਼ਹਿਰਾਜ਼ ਦੀ ਬਾਤ ਹੈ ਇਹ। ਉਹ ਆਪਣੇ 'ਚ ਮਸਤ ਹੋਈ-ਹੋਈ, ਖੋਈ ਹੋਈ, ਤੁਰੀ ਜਾ ਰਹੀ ਹੈ, ਨਮਾਜ਼ੀਆਂ ਦੇ ਅੱਗੇ ਦੀ ਲੰਘ ਗਈ। ਉਹਨਾਂ ਦੀ ਐਸੀ ਕੋਈ ਮਰਿਆਦਾ ਹੈ ਕਿ ਜੇ ਕੋਈ ਔਰਤ ਸਾਮ੍ਹਣੇ ਦੀ ਲੰਘ ਜਾਵੇ ਤਾਂ ਨਮਾਜ਼ ਕਜ਼ਾ ਹੋ ਜਾਂਦੀ ਹੈ। ਖੰਡਤ ਹੋ ਜਾਂਦੀ ਹੈ। ਸਾਡੇ ਨਾਲੋਂ ਇਕ ਦੋ ਗੱਲਾਂ 'ਚ ਉਹਨਾਂ 'ਚ ਜ਼ਿਆਦਾ ਵਿਸ਼ੇਸ਼ਤਾ ਹੈ। ਅਸੀਂ ਜਪੁਜੀ ਸਾਹਿਬ ਪੜ੍ਹਦੇ, ਸੁਖਮਨੀ ਸਾਹਿਬ ਪੜ੍ਹਦੇ ਕਈ ਵਾਰੀ ਬੱਚਿਆਂ ਨੂੰ ਗਾਲ੍ਹਾਂ ਵੀ ਕੱਢ ਦਿੰਦੇ ਹਾਂ।

ਇਕ ਪ੍ਰੇਮੀ ਸੀ। ਮੈਂ ਸਵੇਰੇ-ਸਵੇਰੇ ਚਲਿਆ ਗਿਆ, ਬੱਚੇ ਤੋਂ ਕੋਈ ਗਲਤੀ ਹੋ ਗਈ। ਗੁਟਕਾ ਦੂਹਰਾ ਕਰ ਲਿਆ, ਗਾਲ੍ਹਾਂ ਕੱਢਣ ਲੱਗ ਗਿਆ। ਮੈਂ ਕਿਹਾ, ਓਏ ਤੂੰ ਤਾਂ ਬਾਣੀ ਪੜ੍ਹ ਰਿਹੈਂ। ਕਹਿੰਦਾ, ਬਾਣੀ ਆਪਣੇ ਥਾਉਂ ਹੈ, ਇਹ ਹੋਰ ਮਹਿਕਮਾ ਹੈ। ਅਸੀਂ ਨਹੀਂ ਦੇਖਦੇ। ਲੇਕਿਨ ਇਸਲਾਮ ਵਾਲਿਆਂ 'ਚ ਇਹ ਵੱਧ ਹੈ ਕਿ ਜਿਸ ਵਕਤ ਨਮਾਜ਼ ਪੜ੍ਹਨ ਲਗ ਗਏ, ਜਦੋਂ ਤਕ ਖਤਮ ਨਹੀਂ ਹੁੰਦੀ, ਓਨੀਂ ਦੇਰ ਤਕ ਨਹੀਂ ਉਹ ਬੋਲਦੇ, ਹੋਰ ਕੁਛ ਨਹੀਂ ਕਰਦੇ, ਚਾਹੇ ਉਹਨਾਂ ਦਾ ਸਾਰਾ ਹੀ ਸਮਾਨ ਚੁੱਕ ਕੇ ਲੈ ਜਾਓ।

ਸੋ ਜਦ ਤਾਂ ਕਿਸੇ ਨੇ ਬੀਬੀ ਬਾਰੇ ਗੱਲ ਨਾ ਕਰੀ। ਉਸ ਤੋਂ ਬਾਅਦ ਕਾਜ਼ੀ ਦੇ ਕੇਸ ਦਾਇਰ ਕਰ ਦਿਤਾ। ਮੁਕੱਦਮਾ ਹੋ ਗਿਆ। ਨਮਾਜ਼ ਕਜ਼ਾ ਕਰਨ ਦੀ ਸਜ਼ਾ ਮੌਤ ਹੋਇਆ ਕਰਦੀ ਹੈ। ਉਹ ਬੀਬੀ ਦੀ ਪੇਸ਼ੀ ਹੋਈ, ਕਹਿਣ ਲੱਗੀ, ਕਾਜ਼ੀ ਸਾਹਿਬ! ਮੈਨੂੰ ਮਰਨ ਤੋਂ ਤਾਂ ਕੋਈ ਡਰ ਨਹੀਂ ਲਗਦਾ। ਪਰ ਇਕ ਮੇਰੇ ਸਵਾਲ ਦਾ ਜਵਾਬ ਜੇ ਮਿਲ ਜਾਵੇ, ਤਾਂ ਮੇਰੀ ਤਸੱਲੀ ਹੋ ਜਾਵੇ। ਕਹਿਣ ਲੱਗੇ, ਉਹ ਕੀ ਹੈ? ਕਹਿਣ ਲੱਗੀ ਉਹ ਇਹ ਹੈ ਕਿ ਮੈਂ ਇਕ ਮਨੁੱਖ ਨੂੰ ਪਿਆਰ ਕਰਦੀ ਹਾਂ। ਮੇਰਾ ਜਿਹੜਾ ਇਸ਼ਕ ਹੈ ਉਹ ਮਜਾਜ਼ੀ ਹੈ, ਮੈਨੂੰ ਇਹ ਵੀ ਪਤਾ ਹੈ ਕਿ ਇਹ ਦਰਗਾਹ 'ਚ ਨਹੀਂ ਨਾਲ ਜਾਣਾ। ਦੁਨੀਆਂ 'ਚ ਜਿੰਨਾਂ ਚਿਰ ਹੈ ਉਸ ਪਿਆਰ ਦਾ ਨਸ਼ਾ ਮੈਨੂੰ ਰਹਿਣਾ ਹੈ। ਮੈਂ ਉਸ ਤੋਂ ਅਲਹਿਦਾ ਨਹੀਂ ਰਹਿ ਸਕਦੀ। ਸੋ ਮੈਂ ਉਸ ਦੇ ਖਿਆਲ ਵਿਚ ਖੋਈ ਹੋਈ ਸੀ। ਮੈਨੂੰ ਇਹ ਬਿਲਕੁਲ ਨਹੀਂ ਪਤਾ, ਮੇਰੇ ਆਲੇ-ਦੁਆਲੇ ਕੌਣ ਹੈ, ਕੀ ਹੋ ਰਿਹੈ। ਨਾ ਮੈਂ ਨਮਾਜ਼ੀਆਂ ਨੂੰ ਦੇਖਿਆ ਹੈ। ਨਾ ਮੈਨੂੰ ਇਹ ਪਤੈ ਕਿ ਕਿੱਥੇ ਨਮਾਜ਼ ਪੜ੍ਹਦੇ ਸੀ। ਇਹ ਤਾਂ ਹੈਗਾ ਮੇਰਾ ਪੱਖ। ਲੰਘ ਗਈ ਹੋਵਾਂਗੀ ਮੈਂ ਜ਼ਰੂਰ। ਕਿਉਂਕਿ ਐਨੇ ਬੰਦੇ ਝੂਠੇ ਨਹੀਂ ਹੋ ਸਕਦੇ। ਪਰ ਇਕ ਮੇਰਾ ਸਵਾਲ ਹੈ ਕਿ ਇਹ ਇਸ਼ਕੇ-ਹਕੀਕੀ ਵਿਚ ਅੱਲਾਹ ਤਾਲਾ ਵਲ ਇਹਨਾਂ ਦੀ ਸੁਰਤ ਗਈ ਹੋਈ ਸੀ। ਇਹ ਜੇ ਸੱਚਮੁੱਚ ਅੱਲਾਹ ਤਾਲਾ ਨਾਲ ਪਿਆਰ ਕਰਦੇ ਸੀ, ਇਹਨਾਂ ਨੂੰ ਕਿਵੇਂ ਪਤਾ ਲਗ ਗਿਆ ਕਿ ਮੈਂ ਇਹਨਾਂ ਦੇ ਸਾਮ੍ਹਣੇ ਦੀ ਲੰਘ ਰਹੀ ਹਾਂ। ਮੇਰਾ ਇਹ ਜਵਾਬ ਹੈ ਕਿ ਨਮਾਜ਼ੀ ਨਮਾਜ਼ ਨਹੀਂ ਸੀ ਪੜ੍ਹ ਰਹੇ। ਇਹਨਾਂ ਦਾ ਜਿਹੜਾ ਮਨ ਹੈ ਉਹ ਸਾਥ ਨਹੀਂ ਸੀ ਦੇ ਰਿਹਾ। ਕੇਵਲ ਅੱਖਰ ਪੜ੍ਹ ਰਹੇ ਸੀ। ਸੋ ਇਸ ਕਰਕੇ ਇਹ ਨੁਕਤਾ ਮੇਰਾ ਤੁਸੀਂ ਦੇਖ ਲਓ। ਕਾਜ਼ੀ ਸਿਆਣਾ ਸੀ ਉਹ ਕਹਿਣ ਲੱਗਿਆ, ਬਿਲਕੁਲ ਠੀਕ, ਜੇ ਨਮਾਜ਼ ਦਿਲ ਤੋਂ ਨਹੀਂ ਪੜ੍ਹੀ ਜਾ ਰਹੀ, ਮਨ ਸਾਥ ਨਹੀਂ ਦੇ ਰਿਹਾ ਤਾਂ ਨਮਾਜ਼ੀ ਕਾਹਦਾ ਹੈ। ਕੰਮ ਸਾਰਾ ਮਨ ਨਾਲ ਹੈ -

***ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥***
***ਮਨ ਹੀ ਮਨ ਸਿਉ ਕਹੈ ਕਬੀਰਾ***
***ਮਨ ਸਾ ਮਿਲਿਆ ਨ ਕੋਇ॥*** ***ਅੰਗ- 342***

ਸੋ ਇਹ ਹੈ ਕਿ ਜਦੋਂ ਅਸੀਂ ਬਾਣੀ ਪੜ੍ਹਦੇ ਹਾਂ, ਬੰਦਗੀ ਕਰਦੇ ਹਾਂ ਉਸ ਵੇਲੇ ਸਾਡੀ ਸੁਰਤ ਇਕਾਗਰ ਹੋਣੀ ਚਾਹੀਦੀ ਹੈ। ਸਭ ਆਲਾ-ਦੁਆਲਾ ਸਾਨੂੰ ਭੁੱਲ ਜਾਣਾ ਚਾਹੀਦਾ ਹੈ। ਕੇਵਲ ਧੇਅ ਸਾਡੇ ਸਾਮ੍ਹਣੇ ਹੋਣਾ ਚਾਹੀਦਾ ਹੈ। ਫੇਰ ਇਹ ਕੀਰਤਨ ਸਮਾਧੀ ਰੂਪ ਹੋ ਕੇ ਫਲ ਦਿੰਦੈ-

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***

***ਅੰਗ - 546***

ਕਈ ਕਰੋੜ ਯੱਗਾਂ ਦਾ ਫਲ ਮਿਲਦੈ ਜਿਹੜੇ ਸੁਣਦੇ ਨੇ ਤੇ ਫੇਰ ਗਾਉਂਦੇ ਨੇ। ਸੋ ਇਸ ਕਰਕੇ ਮੈਂ ਬੇਨਤੀ ਕਰੀ ਸੀ ਕਿ 'ਤੀਰਥ ਬਰਤ

ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥ ਨਾਨਕ ਨਿਹਫਲੁ ਜਾਤ ਤਿਹ ਜਿਉ ਕੁੰਚਰ ਇਸਨਾਨੁ ॥ '

ਗੁਰੂ ਮਹਾਰਾਜ ਨੂੰ ਪੁੱਛਿਆ ਕਿ ਮਹਾਰਾਜ! ਕਲਜੁਗ 'ਚ ਕੋਈ ਐਸਾ ਪੁੰਨ ਹੈ ਜਿਹੜਾ ਨਾਸ਼ ਨਾ ਹੋਵੇ। ਮਹਾਰਾਜ ਕਹਿੰਦੇ, ਇਕੋ ਇਕ ਹੈ -

***ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥ ਅੰਗ- 962***

ਇਹ ਪੁੰਨ ਨਾਸ਼ ਨਹੀਂ ਹੁੰਦਾ ਤੇ ਇਹਦਾ ਫਲ ਕਿੰਨਾ ਹੈ -

***ਕਲਜੁਗ ਮਹਿ ਕੀਰਤਨੁ ਪਰਧਾਨਾ ॥***
***ਗੁਰਮੁਖਿ ਜਪੀਐ ਲਾਇ ਧਿਆਨਾ ॥***
***ਆਪਿ ਤਰੈ ਸਗਲੇ ਕੁਲ ਤਾਰੇ***
***ਹਰਿ ਦਰਗਹ ਪਤਿ ਸਿਉ ਜਾਇਦਾ ॥ ਅੰਗ- 1076***

ਕਿੱਡਾ ਵੱਡਾ ਫਲ ਹੈ। ਸੋ ਆਪ ਸਾਰੇ ਕਾਰੋਬਾਰ ਸੰਕੋਚਦੇ ਹੋਏ ਇਥੇ ਪਹੁੰਚੇ ਹੋਂ। ਪਿਛਲੀ ਵਾਰੀ ਮੈਂ ਕਾਫੀ ਬੇਨਤੀਆਂ ਕੀਤੀਆਂ ਸੀ। ਉਹਦੇ ਵਿਚ ਇਕ ਯੋਗੀ ਦਾ ਹਵਾਲਾ ਦਿਤਾ ਸੀ ਕਿ ਜਦੋਂ ਦਰਬਾਰ ਸਾਹਿਬ ਦੀ ਰਚਨਾ ਹੋ ਰਹੀ ਸੀ, ਅੰਮ੍ਰਿਤ ਸਰੋਵਰ ਦੀ ਤਾਂ ਕੋਲ ਹੀ ਇਕ ਸਰੋਵਰ ਸੀ ਸੰਤੋਖਸਰ। ਉਹਦੇ ਵਿਚੋਂ ਇਕ ਮੱਠ ਵਿਚੋਂ ਇਕ ਯੋਗੀ ਨਿਕਲਿਆ। ਉਸ ਦੇ ਜਦੋਂ ਮਹਾਰਾਜ ਨੇ ਕਸਤੂਰੀ ਵਗੈਰਾ ਮਲੀ, ਬਦਾਮ ਰੋਗਨ ਵਗੈਰਾ ਝਸਾਇਆ ਉਸ ਦੇ, ਪੈਰਾਂ ਵਿਚ ਤੇ ਤਾਲੂਏ ਵਿਚ। ਦਸਵੇਂ ਦੁਆਰ ਦੇ ਥਾਂ ਉਤੇ, ਤਾਂ ਉਸ ਵੇਲੇ ਇਹਨੂੰ ਹੋਸ਼ ਆ ਗਈ। ਪ੍ਰਾਣ ਜਿਹੜੇ ਰੋਕੇ ਹੋਏ ਸੀ ਉਹ ਸਰੀਰ ਵਿਚ ਚਲ ਪਏ। ਪ੍ਰਾਣਾਯਾਮ ਦੇ ਨਾਲ ਆਦਮੀ ਲੱਖ ਸਾਲ, ਦਸ ਲੱਖ ਸਾਲ ਰਹਿ ਸਕਦੈ। ਕੋਈ ਔਖੀ ਬਾਤ ਨਹੀਂ ਹੈ। ਡੱਡੂ ਜਿਹੜਾ ਹੈ ਇਹ ਸਵਾਸ ਰੋਕ ਲੈਂਦੈ, ਰਿੱਛ ਜਿਹੜਾ ਹੈ ਜਦੋਂ ਬਰਫਾਂ ਪੈਣ ਲਗਦੀਆਂ ਨੇ ਉਹ ਸਵਾਸ ਰੋਕ ਕੇ ਲੰਮਾ ਪੈ ਜਾਂਦੈ। ਛੇ ਮਹੀਨੇ ਤੋਂ ਬਾਅਦ ਸੁਰਤ ਉਤਾਰਦੈ ਜਦੋਂ ਬਰਫਾਂ ਢਲ ਜਾਂਦੀਆਂ ਨੇ। ਸੋ ਇਸੇ ਤਰ੍ਹਾਂ ਬੇਅੰਤ ਨੇ ਐਸੇ ਜੀਵ। ਅਮਰੀਕਾ 'ਚ ਮੈਂ ਦੇਖਿਆ ਸੀ, ਉਹ ਦਿਖਾ ਰਹੇ ਸੀ ਕਿ ਇਹ ਖੁਰਾਕ ਇਕੱਠੀ ਕਰ ਰਹੇ ਨੇ, ਇਹਨਾਂ ਨੂੰ ਇਹ ਪਤੈ ਕਿ ਹੁਣ ਬਰਫਾਂ ਪੈਣੀਆਂ ਨੇ ਤੇ ਖੁਰਾਕ ਦੱਬ ਦੇਈਏ। ਬਰਫਾਂ 'ਚ ਦੱਬ ਰਹੇ ਸੀ ਟੋਲ੍ਹ-ਟੋਲ ਕੇ। ਉਸ ਤੋਂ ਸੁਰੱਖਿਸ਼ਤ ਥਾਂ ਕਰਕੇ ਟਾਹਣੀਆਂ ਵਗੈਰਾ ਇਕੱਠੀਆਂ ਕਰਕੇ ਉਹਦੇ ਥੱਲੇ ਪੈ ਗਏ। ਸੁਰਤ ਖਿੱਚ ਲਈ, ਸਵਾਸ ਰੋਕ ਲਏ। ਤਿੰਨ ਚਾਰ-ਛੇ ਮਹੀਨੇ ਤੋਂ ਬਾਅਦ ਜਦੋਂ ਬਰਫ ਢਲੀ, ਉਹ ਥਾਉਂ ਉਹਨਾਂ ਨੂੰ ਪਤੈ ਕਿ ਜਿੱਥੇ ਅਸੀਂ ਚੀਜ਼ਾਂ ਦੱਬੀਆਂ ਨੇ, ਆਪਣੀ-ਆਪਣੀ ਖੁਰਾਕ ਕੱਢ ਕੇ ਫੇਰ ਖਾਣ ਲੱਗ ਗਏ। ਉਹ ਇਕ ਤਰ੍ਹਾਂ ਦੀ ਸਮਾਧੀ ਹੋਇਆ ਕਰਦੀ ਹੈ। ਸੁੰਨ ਹੋਇਆ ਕਰਦੀ ਹੈ ਉਹਦੇ ਵਿਚ ਜਾਨ ਤਾਂ ਹੋਇਆ ਕਰਦੀ ਹੈ। ਲੇਕਿਨ ਕੋਈ ਵਲਵਲਾ ਨਹੀਂ ਹੋਇਆ

ਕਰਦਾ, ਇਕ ਸਰੀਰਕ ਕ੍ਰਿਆ ਹੈ। ਉਹ ਸਰੀਰਕ ਕਿਰਿਆ ਦੇ ਤਹਿਤ, ਕਹਿਣ ਲੱਗਿਆ ਕਿ ਕਿਹੜਾ ਯੁੱਗ ਹੈ?

ਉਸ ਦਿਨ ਮੈਂ ਬੇਨਤੀ ਕਰੀ ਸੀ ਕਿ ਯੋਗੀਆਂ ਨੂੰ ਬੋਲੀ ਦੀ ਮੁਸ਼ਕਲ ਨਹੀਂ ਹੋਇਆ ਕਰਦੀ। ਸਰਬ ਯੋਗ ਹੁੰਦੈ, ਉਹਦੇ ਵਿਚ ਕਿਸੇ ਤਰ੍ਹਾਂ ਦੀ ਵੀ ਬੋਲੀ, ਪੜ੍ਹਾਈ ਜੋ ਹੈ ਪੜ੍ਹ ਲੈਂਦੈ ਬੰਦਾ, ਬਗੈਰ ਪੜ੍ਹਾਉਣ ਤੋਂ, ਕਿਉਂਕਿ ਸਭ ਪੜ੍ਹਾਈਆਂ ਅੰਦਰ ਪਈਆਂ ਨੇ। ਇਸੇ ਕਰਕੇ ਭਾਈ ਗੁਰਦਾਸ ਜੀ ਨੇ ਲਿਖਿਆ ਕਿ ਗੁਰੂ ਨਾਨਕ ਪਾਤਸ਼ਾਹ ਜਿਥੇ ਤਕ ਆਬਾਦੀ ਸੀ ਉਥੇ ਤਕ ਗਏ। ਸਾਡੇ ਜਿਹੜੇ ਹਿਸਾਬ-ਕਿਤਾਬ ਜੋੜਨ ਵਾਲੇ ਨੇ ਕਿ ਇਥੇ ਕੁ ਤਕ ਗੁਰੂ ਨਾਨਕ ਸਾਹਿਬ ਜੀ ਦੀ ਬੋਲੀ ਆ ਜਾਣੀ ਹੈ ਸਮਝ ਆ ਜਾਣੀ ਹੈ। ਫਾਰਸੀ ਪੜ੍ਹੇ ਹੋਏ ਸੀ, ਅਰਬੀ ਵੀ ਪੜ੍ਹੇ ਹੋਏ ਨੇ, ਲੰਕਾ ਤੱਕ ਤੇ ਏਧਰਲੇ ਪਾਸੇ ਬ੍ਰਮਾ ਤਕ ਕਰ ਦਿਤਾ। ਤਿੱਬਤ ਚਾਇਨਾ ਤਕ ਥੋੜ੍ਹਾ ਜਿਹਾ ਕਰ ਦਿਤਾ। ਭਾਈ ਗੁਰਦਾਸ ਜੀ ਜਿਹੜੇ ਥੋੜ੍ਹੇ ਸਮੇਂ ਬਾਅਦ ਨਾਲ ਹੀ ਹੋਏ ਨੇ ਉਹਨਾਂ ਨੇ ਕਿਹੈ ਕਿ ਬਾਬਾ ਉਥੇ ਤਕ ਗਿਆ, ਜਿੱਥੇ ਤਕ ਸ੍ਰਿਸ਼ਟੀ ਸੀ। ਉਥੇ ਤਕ ਜਾ ਕੇ ਉਹਨਾਂ ਨੂੰ ਸਮਝਾਉਣਾ ਕੀਤਾ। ਉਹ ਅਸੀਂ ਨਹੀਂ ਲਿਖ ਸਕੇ, ਸਾਡੀ ਭੁੱਲ ਹੈ। ਕਿਉਂਕਿ ਮਹਾਂਪੁਰਸ਼ ਤਾਂ ਆਪਣੀਆਂ ਗੱਲਾਂ ਨਹੀਂ ਲਿਖਦੇ ਹੁੰਦੇ। ਹੋਰ ਲਿਖਦੇ ਹੁੰਦੇ ਨੇ। ਉਹਦੇ ਵਿਚ ਗੁਰੂ ਮਹਾਰਾਜ ਜੀ ਨੇ ਉਪਦੇਸ਼ ਦਿਤਾ ਸਾਰਿਆਂ ਨੂੰ।

ਇਸ ਯੋਗੀ ਨੂੰ ਬੋਲੀ ਦੀ ਕੋਈ ਮੁਸ਼ਕਲ ਨਹੀਂ ਸੀ। ਸਾਡੇ ਮਨ 'ਚ ਇਹ ਸ਼ੰਕਾ ਉੱਠ ਖੜ੍ਹਦੈ ਇਹ ਗੱਲ ਸੁਣਦੇ ਸਾਰ ਕਿ ਉਹਨੂੰ ਬੈਠੇ ਨੂੰ ਕਿੰਨਾ ਚਿਰ ਹੋ ਗਿਆ? ਉਹਨੇ ਕਿਹਾ ਕਿ ਮੈਂ ਉੱਚਾ ਥਾਉਂ ਦੇਖ ਕੇ ਮੱਠ ਬਣਾਇਆ ਸੀ। ਉਸ ਥਾਂ 'ਚ ਐਨਾ ਪਰਿਵਰਤਨ ਆਇਆ ਕਿ ਧਰਤੀ ਤੋਂ ਵੀ ਸੱਤ-ਅੱਠ ਫੁੱਟ ਗਹਿਰਾ ਤਾਂ ਉਹਦਾ ਸਿਰ ਸੀਗਾ, ਉਪਰਲੀ ਚੋਟੀ ਸੀਗੀ ਮੱਠ ਦੀ। ਉਸ ਥਾਂ ਗੁਰੂ ਮਹਾਰਾਜ ਨੇ ਕਿਹਾ ਇਹਦੇ ਆਲੇ-ਦੁਆਲੇ ਤੋਂ ਫਰੋਲੋ। 10-10 ਫੁੱਟ ਆਲੇ ਦੁਆਲੇ ਤੋਂ ਜਗ੍ਹਾਂ ਖਾਲੀ ਕਰੋ। ਮੱਠ ਦੀ ਸਾਰੀ ਜਗ੍ਹਾ ਖਾਲੀ ਕੀਤੀ ਗਈ। ਹੇਠਾਂ ਜਾ ਕੇ ਦਰਵਾਜ਼ਾ ਆਇਆ, ਉਹ ਚਿਣਿਆ ਹੋਇਆ ਸੀ। ਉਹ ਖੋਲ੍ਹ ਕੇ ਯੋਗੀ ਨੂੰ ਬਾਹਰ ਕੱਢਿਆ। ਹੁਣ ਐਨੀ ਮਿੱਟੀ, ਜੇ ਅਸੀਂ ਮੋਟਾ ਜਿਹਾ ਵੀ ਹਿਸਾਬ ਲਾਈਏ, ਤਾਂ 15-16 ਫੁੱਟ ਮਿੱਟੀ ਉਪਰ ਆ ਚੁੱਕੀ ਸੀ। ਉਹ ਉੱਚਾ ਥਾਉਂ ਕਿੰਨਾ ਕੁ ਸੀ, ਪਾਣੀ ਥੱਲੇ ਵਗਦਾ ਸੀ, ਜਦ ਵੀ 10-20 ਫੁੱਟ ਉੱਚਾ ਦੇਖ ਕੇ ਬੈਠਿਆ ਹੋਣੈ। 30 ਫੁੱਟ ਦੇ ਕਰੀਬ ਉੱਚੀ ਮਿੱਟੀ ਫੈਲ ਗਈ ਸੀ ਉਹਦੇ ਉੱਤੇ ਤੇ ਗੁਰੂ ਮਹਾਰਾਜ ਜੀ ਨੇ ਜਿਸ ਵਕਤ ਉਸ ਨੂੰ ਕੱਢਿਆ ਤਾਂ ਪਹਿਲਾ ਸਵਾਲ ਉਸਦਾ ਇਹ ਸੀ ਕਿ ਯੁੱਗ ਕਿਹੜਾ ਆ ਗਿਆ?

ਕਹਿਣ ਲੱਗੇ, ਕਲਜੁਗ।

ਪਹਿਰਾ ਕੀਹਦਾ ਹੈ?

ਕਹਿਣ ਲੱਗੇ, ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ ਪਹਿਰਾ ਹੈ। ਗੁਰੂ ਨਾਨਕ ਪਾਤਸ਼ਾਹ ਗੁਰੂ ਅੰਗਦ ਸਾਹਿਬ ਦੇ ਰੂਪ 'ਚ ਪ੍ਰਗਟ ਹੋ ਗਏ, ਗੁਰੂ ਅੰਗਦ ਸਾਹਿਬ ਗੁਰੂ ਅਮਰਦਾਸ ਜੀ ਦੇ ਤੇ ਗੁਰੂ ਰਾਮਦਾਸ ਜੀ ਦੇ ਇਸ ਵੇਲੇ ਜਿਹੜਾ ਸਰੀਰ ਸਾਮ੍ਹਣੇ ਹੈ। ਉਹ ਗੁਰੂ ਨਾਨਕ ਸਾਹਿਬ ਦਾ ਪੰਜਵਾਂ ਸਰੀਰ ਗੁਰੂ ਅਰਜਨ ਪਾਤਸ਼ਾਹ ਜੀ ਦੇ ਨਾਮ ਨਾਲ ਹੈ। ਜੋ ਸੰਸਾਰ ਨੂੰ ਤਾਰ ਰਹੇ ਹਨ।

ਮਹਾਰਾਜ ਜੀ ਬੈਠੇ ਨੇ। ਉਸ ਵੇਲੇ ਉਸ ਨੇ ਨਮਸ਼ਕਾਰ ਕੀਤੀ। ਕਹਿਣ ਲੱਗਿਆ, ਧੰਨ ਹੋ ਗੁਰੂ ਮਹਾਰਾਜ। ਸਵਾਲ ਹੋਇਆ ਕਿ ਯੋਗੀ ਰਾਜ ਤੂੰ ਇਥੇ ਕਦੋਂ ਬੈਠਿਆ ਸੀ?

ਕਹਿਣ ਲੱਗੇ, ਇਥੇ ਲਵ ਤੇ ਕੁਸ਼ ਦਾ ਯੁੱਧ ਹੋਇਆ ਸੀ, ਸ੍ਰੀ ਰਾਮ ਚੰਦਰ ਜੀ ਨਾਲ। ਜਦੋਂ ਮੁਰਛਿਤ ਹੋ ਗਈਆਂ ਫੌਜਾਂ, ਮਾਰੀਆਂ ਗਈਆਂ। ਉਸ ਵੇਲੇ ਉਹਨਾਂ ਜਾ ਕੇ ਸਵਰਗ ਲੋਕ ਤੋਂ ਅੰਮ੍ਰਿਤ ਪ੍ਰਾਪਤ ਕਰਿਆ ਤੇ ਸਾਰੀ ਫੌਜ ਜੀਵਤ ਕਰ ਦਿਤੀ।

ਜੇ ਤਾਂ ਅਸੀਂ ਇਹਨੂੰ ਮਿੱਥ ਕਹੀਏ ਤਾਂ, ਤਾਂ ਝਗੜਾ ਹੀ ਖਤਮ ਹੈ। ਨਾ ਗੱਲ ਕਰੀਏ, ਨਾ ਆਗਾਂਹਾਂ ਸੋਚੀਏ। ਲੇਕਿਨ ਅਸੀਂ ਲੋਕ ਮਿੱਥ ਨਹੀਂ ਕਹਿੰਦੇ ਕਿਉਂਕਿ ਸਾਡੇ ਬਜ਼ੁਰਗਾਂ ਨਾਲ ਸਬੰਧ ਹੈ ਇਹਦਾ। ਦੂਜੇ ਕਹਿ ਦੇਣ ਤਾਂ ਕਹਿ ਦੇਣ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਨੇ ਜਦੋਂ ਆਪਣਾ ਸਜਰਾ ਮੱਸ਼ਫ ਲਿਖਿਐ ਬਚਿੱਤਰ ਨਾਟਕ 'ਚ ਉਹ ਰਾਮ ਚੰਦਰ ਜੀ ਤੋਂ ਸ਼ੁਰੂ ਕਰਦੇ ਨੇ। ਲਵ ਤੇ ਕੁਸ਼ ਦਾ ਯੁੱਧ ਲਿਖਾ ਕੇ, ਲਾਹੌਰ ਤੇ ਕਸੂਰ ਵਸਾਉਣਾ ਮਹਾਰਾਜ ਨੇ ਲਿਖਿਐ। ਉਹਨਾਂ ਨੇ ਨਾਲ ਇਹ ਲਿਖਿਐ ਕਿ ਇਹ ਸਾਰੀਆਂ ਚੀਜ਼ਾਂ ਮੈਂ ਸਿਮ੍ਰਿਤੀ ਤੋਂ ਬੋਲ ਰਿਹਾ ਹਾਂ। ਇਹਦੇ ਉਤੇ ਅਸੀਂ ਹੈਰਾਨ ਹੁੰਦੇ ਹਾਂ ਕਿ ਇਹ ਵੀ ਕੋਈ ਵਿਦਿਆ ਹੈ ਸਿਮ੍ਰਿਤੀ। ਉਹ ਇਹ ਹੈ ਕਿ ਸਮਰੱਥ ਪੁਰਸ਼ ਜੋ ਹੋਇਆ ਕਰਦੇ ਨੇ, ਉਹਨਾਂ 'ਤੇ ਸਮੇਂ ਦੀ ਬੰਧਸ਼ ਨਹੀਂ ਹੋਇਆ ਕਰਦੀ। ਉਹ ਚਾਹੇ 10 ਹਜ਼ਾਰ ਸਾਲ ਪੁਰਾਣਾ ਸਮਾਂ ਖਿੱਚ ਕੇ ਦੇਖ ਲੈਣ। ਜਿਵੇਂ ਅਸੀਂ ਵੀਡੀਓ ਫਿਲਮ ਨੂੰ ਪਿੱਛੇ ਕਰ ਦੇਈਏ, ਤਾਂ ਉਹੀ ਆਏਗਾ ਜਿਹੜਾ ਪਹਿਲਾਂ ਲੰਘ ਚੁੱਕਿਐ। ਉਹ ਸਮਾਂ ਖਿੱਚ ਲੈਂਦੇ ਨੇ। ਉਹਨਾਂ ਨੂੰ ਤ੍ਰਿਕਾਲਦਰਸ਼ੀ ਕਹਿੰਦੇ ਨੇ। ਤ੍ਰਿਕਾਲਦਰਸ਼ੀ ਦਾ ਮਤਲਬ ਇਹੀ ਹੁੰਦੈ ਕਿ ਉਹ ਭੂਤ ਵਿਚ ਵੀ ਤੇ ਭਵਿੱਖਤ ਵਿਚ ਵੀ ਝਾਤੀ ਮਾਰ ਸਕਦੇ ਨੇ। ਗੁਰੂ ਸਾਹਿਬ ਨੇ ਸਮੇਂ ਨੂੰ ਪਿੱਛੇ ਕਰ ਲਿਆ। ਬਚਿੱਤ੍ਰ ਨਾਟਕ ਦੀ ਜਦੋਂ ਰਚਨਾ ਕਰੀ ਤਾਂ ਮਹਾਰਾਜ ਸਾਮ੍ਹਣੇ ਦੇਖੀ ਜਾਂਦੇ ਨੇ ਤੇ ਲਿਖੀ ਜਾਂਦੇ ਨੇ। ਫੇਰ ਅਖੀਰ ਉਹਨਾਂ ਨੇ ਇਹ ਲਿਖਿਆ ਕਿ ਜੇ ਮੈਂ ਸਾਰਾ ਲਿਖਿਆ ਗ੍ਰੰਥ ਐਨਾ ਵਧ ਜਾਏਗਾ ਸਜਰਾ ਨਸ਼ਰ ਏ ਚੱਲਣੈ। ਦੂਜਾ ਕਹਿੰਦੇ ਨੇ ਕਿ ਜਿੰਨੀ-ਜਿੰਨੀ ਸਾਨੂੰ ਸੁੱਧ ਆਈ, ਉਹ ਅਸੀਂ ਲਿਖਦੇ ਚਲੇ ਜਾਂਦੇ ਹਾਂ। ਸੁੱਧ

ਆਈ ਹੈ, ਇਹ ਨਹੀਂ ਲਿਖਿਆ ਕਿ ਫਲਾਣੇ ਗ੍ਰੰਥ 'ਚੋਂ ਅਸੀਂ ਪੜ੍ਹਿਆ ਹੈ। ਜਿੱਥੇ ਗ੍ਰੰਥ 'ਚੋਂ ਪੜ੍ਹਿਐ, ਉਥੇ ਗੁਰੂ ਮਹਾਰਾਜ ਨੇ ਨਾਲ ਹਵਾਲਾ ਦੇ ਦਿਤਾ ਕਿ ਫਲਾਣੇ ਗ੍ਰੰਥ ਦਾ ਅਸੀਂ ਅਨੁਵਾਦ ਕਰ ਰਹੇ ਹਾਂ। ਅੱਖਰ-ਅੱਖਰ ਕਰ ਰਹੇ ਹਾਂ, ਨਾ ਕੁਛ ਘਟਾ ਰਹੇ ਹਾਂ, ਨਾ ਕੁਛ ਵਧਾ ਰਹੇ ਹਾਂ। ਉਹ ਤ੍ਰਿਕਾਲਦਰਸ਼ੀ ਪੁਰਸ਼ ਜਿਹੜੇ ਹੁੰਦੇ ਨੇ ਜਿਹੜਾ ਲੰਘ ਚੁੱਕਿਆ ਸਮਾਂ ਹੈ ਉਹਨੂੰ ਖਿੱਚ ਕੇ ਵਰਤਮਾਨ 'ਚ ਬਦਲ ਲੈਂਦੇ ਨੇ। ਇਹ ਗੱਲਾਂ ਸਾਇੰਟੇਫਿਕ ਨੇ ਯੋਗੀਆਂ ਨੂੰ ਪਤਾ ਨੇ। ਅਜੇ ਯੂਰਪ ਵਾਲਿਆਂ ਨੂੰ ਤੇ ਸਾਇੰਸਦਾਨਾਂ ਨੂੰ ਇਹਦੀ ਕੋਈ ਸੋਝੀ ਨਹੀਂ ਹੋਈ ਕਿ ਦਿਮਾਗ ਦੇ ਅੰਦਰ ਕਿੰਨੀਆਂ dimentions (ਦਿਸ਼ਾਵਾਂ) ਨੇ। ਇਹਨਾਂ ਨੂੰ ਤਾਂ ਇਹ ਹੈ ਕਿ ਜਿਹੜਾ ਮੈਂ ਬੋਲ ਰਿਹਾ ਹਾਂ। ਇਹਨੂੰ ਉਹ ਜਾਗ੍ਰਤ ਦਿਮਾਗ ਕਹਿੰਦੇ ਨੇ, ਜਿਹੜਾ ਇਹਦੇ ਵਿਚ ਹੈ ਉਹ subconsciousness (ਅਰਧ-ਚੇਤਨ) ਹੈ। ਅੱਧਾ ਜਾਗਦਾ, ਅੱਧਾ ਸੁੱਤਾ। ਜਿਹੜਾ ਤੀਸਰਾ ਹੈ ਇਹਦੀ ਤਹਿ, ਉਹ ਕਹਿੰਦੇ unconscious (ਅਚੇਤ) ਹੈ ਲੇਕਿਨ ਅਧਿਆਤਮਕ ਵਾਦ ਦੇ ਵਿਚ ਉਲਟ ਹੈ ਜਿਹੜਾ ਇਹ ਹੈ ਇਹ ਸੁੱਤਾ ਪਿਆ mind ਹੈ। ਜੇ ਕਹੀਏ ਕਿ ਗੁਰੂ ਮਹਾਰਾਜ ਨੇ ਵੀ ਕਿਹਾ ਹੈ। ਗੁਰੂ ਮਹਾਰਾਜ ਕਹਿੰਦੇ -

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥***

***ਅੰਗ- 920***

ਰਜੋ ਗੁਣ, ਤਮੋ ਗੁਣ, ਸਤੋ ਗੁਣ ਦੇ ਵਿਚ ਸੰਸਾਰ ਸਾਰਾ ਹੀ ਸੁੱਤਾ ਪਿਐ। ਸੁੱਤੇ ਦੀ ਹੀ ਇਹਦੀ ਉਮਰ ਲੰਘ ਜਾਂਦੀ ਹੈ। ਜਿਹੋ ਜਿਹਾ ਸੁਪਨਾ ਹੈ ਉਹੋ ਜਿਹਾ ਹੀ ਹੈ। ਜਾਗਦਾ ਕਿਹੜਾ ਹੈ? ਕਹਿੰਦੇ ਵਿਚਕਾਰਲਾ ਅੱਧਾ ਜਾਗਦਾ ਹੈ, ਅੱਧਾ ਸੁੱਤਾ ਹੈ। ਜਿਹਨੂੰ ਇਹ ਕਹਿੰਦੇ ਨੇ ਕਿ ਬਿਲਕੁਲ ਸੁੱਤਾ ਪਿਆ ਹੈ ਉਹ ਮਹਾਂਪੁਰਸ਼ਾਂ, ਬੰਦਗੀ ਕਰਨ ਵਾਲਿਆਂ ਦਾ ਜਾਗਦਾ ਮਨ ਹੈ। ਉਹਦੇ ਵਿਚ ਪ੍ਰਮੇਸ਼ਰ ਨੂੰ ਪ੍ਰਤੱਖ ਦੇਖ ਰਹੇ ਹੁੰਦੇ ਨੇ। ਸਤਿ ਦੀ ਸੋਝੀ ਹੁੰਦੀ ਹੈ। ਅਸਤਿ ਤੋਂ ਨਿਗ੍ਹਾ ਉੱਠ ਖੜ੍ਹਦੀ ਹੈ।

ਸੋ ਇਹ ਕੁਛ ਬੇਨਤੀਆਂ ਨੇ ਜਿਹੜੀਆਂ ਸਮਝਣ ਵਾਲੀਆਂ ਨੇ। ਸੋ ਇਸ ਤਰ੍ਹਾਂ ਦੇ ਨਾਲ ਜਿਸ ਵਕਤ ਗੁਰੂ ਮਹਾਰਾਜ ਨੇ ਉਸ ਯੋਗੀ ਨੂੰ ਕੱਢਿਆ, ਉਹਨੇ ਪੁਛਿਆ, ਨਾਲ ਇਹ ਪੁੱਛਿਆ ਕਿ ਉਸ ਵੇਲੇ ਸਮਾਂ ਕੀ ਸੀ। ਕਹਿਣ ਲੱਗੇ ਕਿ ਇਥੇ ਫੌਜਾਂ ਦੇ ਉਤੇ ਅੰਮ੍ਰਿਤ ਛਿੜਕਿਆ ਗਿਆ ਸੀ। ਜਿੰਨੇ ਮਾਰੇ ਗਏ ਸੀ, ਜ਼ਖਮੀ ਹੋ ਗਏ ਸੀ। ਜਿੰਨਿਆਂ ਦੀਆਂ ਬਾਹਾਂ ਵੱਢੀਆਂ ਗਈਆਂ ਸੀ, ਸਿਰ ਵੱਢੇ ਗਏ ਸੀ, ਸਭ ਉੱਠ ਕੇ ਖੜ੍ਹੇ ਹੋ ਗਏ। ਯਾਨਿ ਅੰਮ੍ਰਿਤ ਦੀ ਤਾਸੀਰ ਦੱਸੀ ਉਹਨੇ।

ਹੁਣ ਸਾਡੇ ਡਰ ਜਾਂਦੇ ਨੇ ਕਿ ਗੁਰੂ ਸਾਹਿਬ ਨੇ ਤਾਂ ਜੀ ਬੱਕਰੇ ਝਟਕਾ ਦਿਤੇ ਸੀ। ਗੱਲ 'ਤੇ ਆਉਂਦੇ ਹੀ ਨਹੀਂ ਇਸ 'ਤੇ। ਕਿਉਂ ਨਹੀਂ ਆਉਂਦੇ ਕਿਉਂਕਿ ਡਰਦੇ ਨੇ ਲੋਕਾਂ ਤੋਂ। ਲੇਕਿਨ ਅਸੀਂ ਜੇ ਆਪਣੀ ਲੜੀ

ਨੂੰ ਕਾਇਮ ਰੱਖੀਏ ਤਾਂ ਸਾਨੂੰ ਡਰ ਨਹੀਂ, ਸਾਡੇ ਤੋਂ ਪਹਿਲਾਂ ਵੀ ਇਹ ਗੱਲਾਂ ਹੁੰਦੀਆਂ ਹੀ ਰਹੀਆਂ ਨੇ। ਸਾਰੀ ਫੌਜ ਨੂੰ ਜੇ ਉਹ ਜਗਾ ਸਕਦੇ ਨੇ। ਫੇਰ ਗੁਰੂ ਸਾਹਿਬ ਕੀ ਪੰਜ ਸਿੰਘਾਂ ਨੂੰ ਨਹੀਂ ਸੀ ਉਠਾ ਸਕਦੇ? ਸੋ ਉਸ ਵੇਲੇ ਉਸ ਨੇ ਦਸਿਆ ਕਿ ਮੈਂ ਆਪਣੇ ਗੁਰੂ ਕੋਲ ਬੇਨਤੀ ਕਰੀ ਕਿ ਕਰਮ ਤੇ ਉਪਾਸ਼ਨਾ ਦੋ ਕੋਰਸ ਮੈਂ ਪੂਰੇ ਕਰ ਲਏ ਨੇ। ਗੁਰੂ ਤੋਂ ਬਗੈਰ ਗਿਆਨ ਨਹੀਂ ਹੋਇਆ ਕਰਦਾ। ਇਹ ਗੁਰੂ ਮਹਾਰਾਜ ਦਾ ਸਿਧਾਂਤ ਹੈ। ਗਿਆਨ ਤੋਂ ਬਗੈਰ ਕਦੇ ਮੁਕਤੀ ਨਹੀਂ ਹੋਇਆ ਕਰਦੀ। ਸੋ ਐਸਾ ਫੁਰਮਾਨ ਹੈ ਪੜ੍ਹੋ ਪਿਆਰ ਨਾਲ -

*ਧਾਰਨਾ - ਬਿਨਾਂ ਗੁਰਾਂ ਤੋਂ ਮੁਕਤ ਨਾ ਹੋਵੇ,*
*ਪੁਛੋ ਬ੍ਰਹਮੇ ਨਾਰਦੇ ਨੂੰ।*

*ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥*
*ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥ ਅੰਗ- 59*

ਫੈਸਲਾ ਹੈ ਗੁਰੂ ਗ੍ਰੰਥ ਸਾਹਿਬ ਜੀ ਦਾ ਕਿ ਗੁਰੂ ਤੋਂ ਬਗੈਰ ਗਿਆਨ ਨਾ ਹੋਏਗਾ ਕਦੇ ਵੀ। ਕਿਤਾਬਾਂ ਪੜ੍ਹ ਲੈ ਜਿੰਨੀਆਂ ਜੀਅ ਕਰਦੈ। ਜ਼ੁਬਾਨੀ ਯਾਦ ਕਰ ਲੈ ਜਿੰਨਾਂ ਜੀਅ ਕਰਦੈ, ਨਹੀਂ ਗਿਆਨ ਹੋਏਗਾ। ਕਿਉਂਕਿ 'ਗੁਰ ਪ੍ਰਸਾਦਿ' ਹੈ ਇਹ। ੴ ਦਾ ਸਾਰਾ ਹਾਲ ਲਿਖ ਕੇ ਗੁਰੂ ਮਹਾਰਾਜ ਨੇ ਅਖੀਰ ਦੇ ਉਤੇ ਗੁਰਪ੍ਰਸਾਦਿ ਕਰ ਦਿਤਾ। ਗੁਰੂ ਦੀ ਕ੍ਰਿਪਾ ਤੋਂ ਬਗੈਰ ਅੰਦਰਲੇ ਨੈਣ ਨਹੀਂ ਖੁਲ੍ਹਦੇ। ਜਾਗ ਨਹੀਂ ਆਉਂਦੀ ਕਦੇ ਵੀ। ਸੋ ਸਮਰੱਥ ਗੁਰੂ ਦੀ ਲੋੜ ਹੈ। ਗੁਰੂ ਦੇ ਬਾਰੇ ਭਾਈ ਗੁਰਦਾਸ ਜੀ ਨੇ ਐਸਾ ਫੁਰਮਾਨ ਕੀਤਾ ਹੈ -

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।*

*ਭਾਈ ਗੁਰਦਾਸ ਜੀ, ਵਾਰ 34/1*

ਐਸੇ ਸਤਿਗੁਰੂ ਦੀ ਜਦੋਂ ਤਕ ਕ੍ਰਿਪਾ ਨਹੀਂ ਹੁੰਦੀ ਜਗਿਆਸੂ 'ਤੇ, ਗਿਆਨ ਦੀ ਪ੍ਰਾਪਤੀ ਨਹੀਂ ਹੋਇਆ ਕਰਦੀ। ਜਿਹੜਾ ਆਖਰੀ ਪੜਦਾ ਹੈ ਜਿਹਨੂੰ illusion ਕਹਿੰਦੇ ਨੇ, ignorance, ਹਉਮੈ ਕਹਿੰਦੇ ਨੇ। ਮਹਾਰਾਜ ਕਹਿੰਦੇ ਉਹਦੀ ਮੈਲ ਪੜ੍ਹਾਈ ਕਰਨ ਨਾਲ ਨਹੀਂ ਉਤਰਦੀ। ਚਾਹੇ ਵੇਦ ਲੱਖ ਵਾਰੀ ਪੜ੍ਹ ਲੈ ਤਾਂ ਵੀ ਨਹੀਂ ਮੈਲ ਉਤਰਦੀ। ਜਿੰਨਾਂ ਚਿਰ ਗੁਰੂ ਦੀ ਕ੍ਰਿਪਾ ਨਹੀਂ ਹੁੰਦੀ, ਗੁਰੂ 'ਚ ਨਦਰਿ ਦੀ ਕ੍ਰਿਪਾ ਹੋਇਆ ਕਰਦੀ ਹੈ। ਬੁੱਧੀ ਦਾ ਗਿਆਨ ਟੀਕੇ ਪੜ੍ਹ ਕੇ ਹੋ ਜਾਂਦੈ, ਅਰਥ ਸਿੱਖ ਕੇ ਹੋ ਜਾਂਦਾ ਹੈ। ਲੇਕਿਨ ਜਿਹੜਾ ਅੰਦਰਲਾ ਹਨ੍ਹੇਰਾ ਹੈ ਉਹ ਗੁਰੂ ਤੋਂ ਬਗੈਰ ਕਿਸੇ

ਤਰ੍ਹਾਂ ਵੀ ਦੂਰ ਨਹੀਂ ਹੋਇਆ ਕਰਦਾ -

*ਧਾਰਨਾ - ਬਿਨਾਂ ਗੁਰਾਂ ਤੋਂ ਨਾ ਮਿਟਣਾ ਅੰਧੇਰਾ,*
*ਚੰਦ ਭਾਵੇਂ ਸੌ ਚੜ੍ਹ ਜਾਏ।*

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥ 2 ॥*
*ਮਃ 1 ॥ ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥*
*ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥*
*ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥*
*ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥*

*ਅੰਗ- 463*

ਸਾਰਾ ਕੁਛ ਇਹਨਾਂ ਛੇ ਤੁਕਾਂ ਦੇ ਅੰਦਰ ਗੁਰੂ ਮਹਾਰਾਜ ਨੇ ਨਿਰਣਾ ਕਰਕੇ ਸਮਝਾ ਦਿਤਾ ਕਿ ਪਿਆਰਿਓ! ਅੰਦਰਲਾ ਹਨ੍ਹੇਰਾ ਨਹੀਂ ਦੂਰ ਹੁੰਦਾ ਜਦੋਂ ਤਕ ਗੁਰੂ ਤੋਂ ਨਦਰਿ ਦੀ ਪ੍ਰਾਪਤੀ ਨਾ ਹੋਵੇ। ਨਦਰਿ ਇਕ ਕ੍ਰਿਸ਼ਮਾ ਹੋਇਆ ਕਰਦੈ ਗੁਰੂ ਦਾ। ਉਹ ਹੋਰ ਕਿਸੇ ਤਰੀਕੇ ਨਾਲ ਨਹੀਂ ਹੁੰਦਾ। ਨਾ ਪੜ੍ਹਨ ਨਾਲ ਹੁੰਦੈ, ਨਾ ਤਪ ਕਰਨ ਨਾਲ ਹੁੰਦੈ, ਨਾ ਦਾਨ ਕਰਨ ਨਾਲ, ਜਦੋਂ ਤਕ ਸੀਂ ਗੁਰੂ ਨੂੰ ਪ੍ਰਸੰਨ ਨਹੀਂ ਕਰ ਲੈਂਦੇ, ਓਨੀਂ ਦੇਰ ਤਕ ਨਦਰਿ ਨਹੀਂ ਹੋਇਆ ਕਰਦੀ। ਉਹ ਨਹੀਂ ਆਉਂਦਾ ਨਦਰਿ ਦਾ ਜੋ ਕ੍ਰਿਸ਼ਮਾ ਹੈ। ਗੁਰੂ ਨੂੰ ਪ੍ਰਸੰਨ ਕਿਵੇਂ ਕਰਨਾ ਹੈ? ਅਸੀਂ ਆਪਣੇ ਕੋਲ ਕੁਛ ਨਾ ਰੱਖੀਏ, ਫੇਰ ਗੁਰੂ ਪ੍ਰਸੰਨ ਹੋ ਜਾਂਦੈ। ਜੇ ਅਸੀਂ ਆਪਣੇ ਕੋਲ ਕੁਛ ਰੱਖ ਲਿਆ, ਗੁਰੂ ਨਾਲ ਸਾਡੀ ਦਵੈਤ ਬਣੀ ਰਹਿੰਦੀ ਹੈ। ਮਹਾਰਾਜ ਨੇ ਬੜੇ ਸਾਫ ਅਖਰਾਂ 'ਚ ਕਿਹੈ ਕਿ -

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*

*ਅੰਗ- 1102*

ਜੇ ਮੇਰੇ ਨਾਲ ਪਿਆਰਿਆ ਗੱਲ ਕਰਨੀ ਹੈ ਤਾਂ ਪਹਿਲੀ ਜਿਹੜੀ ਸ਼ਰਤ ਹੈ ਉਹ ਇਹ ਹੈ ਕਿ ਤੂੰ ਮਰਨਾ ਕਬੂਲ ਲੈ। ਜ਼ਿੰਦਗੀ ਕੀ ਹੈ ਅਗਿਆਨ ਦੀ, ਉਹ ਹੈ ਹਉਮੈ। ਹਉਮੈ ਦਾ ਬਹੁਤ ਵੱਡਾ ਪਰਿਵਾਰ ਹੈ। ਉਹ ਜਿਹੜਾ ਪਰਿਵਾਰ ਫਾਲਤੂ ਅਸੀਂ ਆਪਣੇ ਨਾਲ ਫਿਰਦੇ ਹਾਂ ਜਿਹੜਾ ਸਾਨੂੰ ਤੰਗ ਕਰਦਾ ਹੈ, ਜੰਮਦੇ ਹਾਂ, ਮਰਦੇ ਹਾਂ, ਕਰਮ ਭੋਗਦੇ ਹਾਂ, ਕਰਮਾਂ ਦੇ ਭੰਡਾਰੇ ਨਾਲ ਲਈਂ ਫਿਰਦੇ ਹਾਂ, ਦੁਖ ਪਾਉਂਦੇ ਹਾਂ, ਸੁਖ ਪਾਉਂਦੇ ਹਾਂ। ਇਹ ਸਾਰਾ ਜਿੰਨਾਂ ਵੀ ਲਗਾ ਤੁਗਾ ਹੈ ਨਾ, ਇਹ ਸਾਰਾ ਕੁਛ ਗੁਰੂ ਦੇ ਚਰਨਾਂ 'ਚ ਭੇਟਾ ਕਰ ਦੇ। ਇਹਦੇ ਵਿਚ ਹੋਰ ਕੀ ਹੋ ਜਾਏਗਾ? ਕਹਿੰਦੇ ਤੇਰਾ ਮਨ ਵੀ ਅਰਪਨ ਹੋ ਜਾਏਗਾ। ਕਹਿੰਦੇ ਜਦੋਂ ਮਨ ਅਰਪਨ ਹੋ ਗਿਆ, ਸੰਕਲਪ ਕੌਣ ਕਰੇਗਾ ਫੇਰ? ਜੇ ਕਰਦੈ, ਫੇਰ ਬੜੀ ਭਾਰੀ ਉਹਦੀ

ਭੁੱਲ ਹੈ ਕਿਉਂਕਿ ਦਿੱਤੀ ਹੋਈ ਚੀਜ਼ ਨੂੰ ਆਪ ਵਰਤਦੈ। ਦਾਨ ਕਰੀ ਹੋਈ ਚੀਜ਼ ਨੂੰ ਮੁੜ ਕੇ ਆਪ ਵਰਤਣਾ ਦੋਸ਼ੀ ਹੋਇਆ ਕਰਦੈ। ਦਾਨ ਕਰ ਦਿਤਾ ਗੁਰੂ ਨੂੰ। ਪਹਿਲਾਂ ਮਨ ਕਰ ਦਿਤਾ। ਮਹਾਰਾਜ ਕਹਿੰਦੇ, ਜਦੋਂ ਤਕ ਤੂੰ ਮਨ ਨਹੀਂ ਦਾਨ ਕਰਦਾ, ਤੂੰ ਕਿਸੇ ਕਿਨਾਰੇ ਜਾ ਹੀ ਨਹੀਂ ਸਕਦਾ। ਜ਼ਰੂਰੀ ਰਹਿਤ ਹੈ ਇਹ ਸਭ ਤੋਂ ਵੱਡੀ। ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ –

***ਧਾਰਨਾ – ਮਨ ਵੇਚ ਦੇ ਗੁਰਾਂ ਨੂੰ ਆਪਣਾ,***
***ਕਾਰਜ ਤੇਰੇ ਰਾਸ ਹੋਣਗੇ।***

***ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥***
***ਗੁਰ ਕੀ ਆਗਿਆ ਮਨ ਮਹਿ ਸਹੈ ॥***
***ਆਪਸ ਕਉ ਕਰਿ ਕਛੁ ਨ ਜਨਾਵੈ ॥***
***ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥***
***ਮਨੁ ਬੇਚੈ ਸਤਿਗੁਰ ਕੈ ਪਾਸਿ ॥***
***ਤਿਸੁ ਸੇਵਕ ਕੇ ਕਾਰਜ ਰਾਸਿ ॥***
***ਸੇਵਾ ਕਰਤ ਹੋਇ ਨਿਹਕਾਮੀ ॥***
***ਤਿਸ ਕਉ ਹੋਤ ਪਰਾਪਤਿ ਸੁਆਮੀ ॥*** ***ਅੰਗ- 286***

ਚਾਰ ਬਚਨ ਮਹਾਰਾਜ ਜੀ ਨੇ ਇਹਨਾਂ ਅੱਠ ਤੁਕਾਂ ਵਿਚ ਫੁਰਮਾਏ ਨੇ ਕਿ ਜੇ ਤੂੰ ਕੁਛ ਕਰਨਾ ਹੈ ਤਾਂ ਆਹ ਚੀਜ਼ਾਂ ਧਾਰਨ ਕਰ ਲੈ। ਨਹੀਂ ਤਾਂ ਨਹੀਂ ਤੂੰ ਪਿਆਰਿਆ ਲੰਘ ਸਕਦਾ। ਗੁਰੂ ਕੋਲ ਆਉਣ ਵਾਸਤੇ ਮਰਨਾ ਤਾਂ ਕਬੂਲ ਕਰਨਾ ਹੀ ਪੈਣੈ। ਜਿੰਨਾਂ ਚਿਰ ਤੂੰ ਹੈਂ ਗੁਰੂ ਕੁਛ ਵੀ ਨਹੀਂ ਕਰ ਸਕਦਾ। ਕਿਉਂਕਿ ਤੂੰ ਗੁਰੂ ਦਾ ਉਪਦੇਸ਼ ਮੰਨਣ ਨੂੰ ਤਿਆਰ ਨਹੀਂ, ਤੂੰ ਆਪਣੀ ਮੈਂ ਕਾਇਮ ਰੱਖਣਾ ਚਾਹੁੰਨੈ। ਆਪਣੀ ਹੋਂਦ ਕਾਇਮ ਰੱਖਣਾ ਚਾਹੁੰਨੈ। ਜਦੋਂ ਤੱਕ ਤੇਰੀ ਹੋਂਦ ਹੈ ਓਨੀਂ ਦੇਰ ਤਕ ਗੁਰੂ ਨਹੀਂ ਕੁਛ ਕਰਦਾ। ਗੁਰੂ ਦੀ ਖੁਸ਼ੀ ਨਹੀਂ ਪ੍ਰਾਪਤ ਹੁੰਦੀ। ਗੁਰੂ ਦੀ ਨਦਰਿ ਨਹੀਂ ਪ੍ਰਾਪਤ ਹੁੰਦੀ ਕਿਉਂਕਿ ਦੋ ਦਾ ਉਥੇ ਥਾਂ ਨਹੀਂ ਇਕ ਦਾ ਹੀ ਥਾਂ ਹੈ – ***'ਗੁਰ ਕੀ ਆਗਿਆ ਮਨ ਮਹਿ ਸਹੈ ॥'*** 1430 ਪੰਨੇ 'ਚ ਆਗਿਆ ਹੀ ਆਗਿਆ ਨੇ। ਜੇ ਕੋਈ ਸਿਆਣਾ ਪੁਰਸ਼ ਹੈ ਕੱਢ ਕੇ ਦੇਖ ਲਓ, ਬਣਾ ਲਓ ਇਹਨੂੰ, ਅੱਜਕੱਲ੍ਹ ਇਹ ਕੋਈ ਔਖੀਆਂ ਚੀਜ਼ਾਂ ਨਹੀਂ ਹਨ। ਬੜੀ ਛੇਤੀ ਅਸੀਂ ਚਾਰਟ ਬਣਾ ਸਕਦੇ ਹਾਂ। ਗੁਰੂ ਮਹਾਰਾਜ ਆਹ ਚਾਹੁੰਦੇ ਨੇ, ਆਹ ਚਾਹੁੰਦੇ ਨੇ, ਫੇਰ ਉਸ 'ਤੇ ਪ੍ਰੈਕਟਿਸ ਕਰੋ ਅਤੇ ਆਪਣੇ ਆਪ ਨੂੰ ਕੁਛ ਕਰਕੇ ਨਾ ਜਣਾਵੇ ਕਿ ਮੈਂ ਵੀ ਹੈਗਾ ਇਸ ਦੁਨੀਆਂ ਦੇ ਅੰਦਰ। ਇਥੇ ਜਿਹੜਾ ਮਨ ਹੈ ਨਾ, ਇਥੇ ਇਕੱਲੇ ਮਨ ਨੂੰ ਨਹੀਂ ਕਿਹਾ, ਮਨ ਦੇ ਭਾਈਵਾਲ ਨੇ ਹੋਰ, ਅੰਤਸ਼ਕਰਣ ਇਹਦਾ ਲਾ ਲਓ; ਚਾਰ ਚੀਜ਼ਾਂ ਨੂੰ ਅੰਤਸ਼ਕਰਣ ਕਹਿੰਦੇ ਨੇ, ਇਕ ਤਾਂ ਜਿਹੜੀ ਫੁਰਨੇ ਕਰਨ ਵਾਲੀ ਸ਼ਕਤੀ ਹੈ ਉਹਨੂੰ ਮਨ ਕਹਿੰਦੇ ਹਾਂ ਦੂਸਰੀ ਇਹ ਹੈ ਕਿ ਇਹਦੇ ਵਿਚ ਨਿਰਣਾ

ਕਰਦੀ ਹੈ ਕਿ ਇਹ ਠੀਕ ਹੈ ਜਾਂ ਗਲਤ ਹੈ, ਉਹਨੂੰ ਅਸੀਂ ਬੁੱਧੀ ਕਹਿ ਦਿੰਦੇ ਹਾਂ। ਤੀਸਰੀ ਇਹਦੇ ਵਿਚ ਚੇਤਨਾ ਹੁੰਦੀ ਹੈ, ਚਿਤਵਨੀ ਕਰਦੀ ਹੈ ਉਹਨੂੰ ਅਸੀਂ ਚਿੱਤ ਕਹਿ ਦਿੰਦੇ ਹਾਂ। ਉਹਦੇ 'ਚ feeling (ਮਹਿਸੂਸ ਕਰਨ ਦੀ ਸ਼ਕਤੀ) ਹੋਇਆ ਕਰਦੀ ਹੈ। ਚੌਥੀ ਇਹਦੇ ਵਿਚ ਜਿਹੜਾ combination ਬਣ ਕੇ ਇਹ ਬਣਦਾ ਹੈ ਜੋ ਅੰਤਸ਼ਕਰਣ ਉਹ ਇਹਦਾ ਮੈਂ ਭਾਵ ਹੈ। 'ਮੈਂ ਵਰਿਆਮ ਸਿੰਘ' ਮੈਂ ਫਲਾਣਾ, ਮੇਰਾ ਲੋਕ ਆਦਰ ਕਰਦੇ ਨੇ, ਮੇਰਾ ਮਾਣ ਕਰਦੇ ਨੇ, ਮੈਨੂੰ ਚੰਗਾ ਕਹਿੰਦੇ ਨੇ ਇਹ ਸਾਰੀਆਂ ਡੁੱਬਣ ਦੀਆਂ ਗੱਲਾਂ ਹੁੰਦੀਆਂ ਨੇ, ਜੇ ਮਨ ਵਿਚ ਇਹ ਆ ਜਾਣ। ਬੰਦਾ ਲੰਘਿਆ ਨਹੀਂ ਕਰਦਾ ਕਦੇ ਵੀ। ਇਹ ਚਾਰੋਂ ਕੂੜ-ਕਬਾੜ ਜਿਹਾ ਗੱਠ ਬੰਨ੍ਹ ਕੇ ਗੁਰੂ ਦੇ ਚਰਨਾਂ 'ਚ ਰੱਖ ਦਿਓ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਸੰਸਾਰ ਦਾ ਉਧਾਰ ਕਰਦੇ-ਕਰਦੇ ਅੱਜ ਆਪ ਉਸ ਦੇਸ਼ 'ਚ ਗਏ ਨੇ, ਦੂਰ-ਦਰਾਜ਼ ਪੂਰਬ ਵਲ ਜਿਸ ਨੂੰ ਸਵਰਨ ਲੋਕ ਦੀ ਧਰਤੀ ਕਹਿੰਦੇ ਨੇ। ਉਹ ਚਟਾਗਾਂਗ ਤੋਂ ਹੇਠਾਂ ਬ੍ਰਮਾ ਦੇ ਬਾਰਡਰ ਤੋਂ ਹੇਠਾਂ ਲਗਦੈ, ਕਿੰਨੇ ਸਾਰੇ ਉਥੇ ਆਈਸ ਲੈਂਡ ਨੇ, ਉਥੇ ਇਕ ਰਾਜ ਹੈ। ਉਥੇ ਗੁਰੂ ਨਾਨਕ ਪਾਤਸ਼ਾਹ ਪਹੁੰਚਦੇ ਨੇ। ਉਥੇ ਦੋ ਜਗਿਆਸੂ ਪੁੱਗੀਆਂ ਹੋਈਆਂ ਰੂਹਾਂ ਲੇਕਿਨ ਆਖਰੀ ਲਾਈਨ 'ਤੇ ਬੈਠੀਆਂ ਸੀ। ਗੁਰੂ ਦੀ ਨਦਰਿ ਨਹੀਂ ਸੀ ਮਿਲੀ। ਖੜ੍ਹੇ ਸੀਗੇ, ਅੱਗੇ ਦਾਖਲਾ ਨਹੀਂ ਸੀ ਹੋ ਰਿਹਾ। ਕਿਉਂਕਿ ਅੱਗੇ ਦਾਖਲਾ ਗੁਰੂ ਤੋਂ ਬਗੈਰ ਹੈ ਨਹੀਂ। ਕੇਵਲ ਗੁਰੂ ਹੀ ਮਾਇਆ ਦੀ ਆਖਰੀ ਹੱਦ ਜਿਹੜੀ ਹੈ ਉਹਨੂੰ ਕੱਟ ਸਕਦੈ, ਆਪਣੇ ਆਪ ਨਹੀਂ ਕੱਟ ਹੁੰਦੀ ਫੇਰ ਤਾਂ ਗਿਆਨੀ ਸਾਰੇ ਹੀ ਮੁਕਤ ਹੋ ਜਾਂਦੇ। ਜਿਹਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ ਆਉਂਦੇ ਨੇ ਉਹ ਸਾਰੇ ਹੀ ਗਿਆਨਵਾਨ ਬਣ ਜਾਂਦੇ। ਗਿਆਨੀ ਕਹਿਣਾ ਔਖਾ ਹੈ। ਮਹਾਰਾਜ ਕਹਿੰਦੇ, ਗਿਆਨੀ ਦੀ ਅਵਸਥਾ ਜਿਹੜੀ ਹੈ ਉਹ ਬਹੁਤੀ ਉੱਚੀ ਹੈ। ਉਹ ਜੀਵਨ ਮੁਕਤ ਪੁਰਸ਼ ਹੋਇਆ ਕਰਦੈ। ਸੱਚ ਆਚਾਰ ਦੇ ਵਿਚ ਚੱਲਣ ਵਾਲਾ ਹੋਇਆ ਕਰਦੈ। ਉਹਨੂੰ ਗਿਆਨੀ ਕਹਿੰਦੇ ਨੇ। ਜਿਹੜਾ ਬੁੱਧੀ ਮੰਡਲ ਦੇ ਵਿਚ ਗਿਆਨੀ ਹੈ ਉਹਨੂੰ ਗੁਰੂ ਸਾਹਿਬ ਨੇ ਗਿਣਿਆ ਨਹੀਂ। ਉਹ ਮੁਰਦਿਆਂ 'ਚ ਰੱਖਿਆ ਹੋਇਐ ਮਹਾਰਾਜ ਨੇ –

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥***

***ਅੰਗ- 253***

ਉਹ ਤਾਂ ਮੁਰਦਾ ਹੈ। ਉਹਦੀ ਤਾਂ ਗੱਲ ਹੀ ਨਹੀਂ ਆਉਂਦੀ ਗੁਰਬਾਣੀ 'ਚ। ਦੂਜੇ ਦੀ ਆਉਂਦੀ ਹੈ ਜਿਹੜੀ ਇਸ ਤੋਂ ਉਪਰ ਚੜ੍ਹ ਕੇ ਬਾਤ ਚਲ ਰਹੀ ਹੈ।

ਸੋ ਉਥੇ ਜਦੋਂ ਮਹਾਰਾਜ ਜੀ ਜਾਂਦੇ ਨੇ ਦੋ ਗੁਰਸਿੱਖ, ਦੋ ਜਗਿਆਸੂ,

ਪ੍ਰਮੇਸ਼ਰ ਦੇ ਪਿਆਰੇ ਜਿਹੜੇ ਦਿਲ ਤੋਂ 100% ਲੋਚ ਰਹੇ ਨੇ ਕਿ ਜਨਮ ਲੰਘਦਾ ਜਾਂਦਾ ਹੈ, ਕੀ ਕਰੀਏ, ਰਾਹ ਲੱਭ ਨਹੀਂ ਰਿਹਾ, ਬਜਰ ਕਪਾਟ ਖੁੱਲ੍ਹ ਨਹੀਂ ਰਹੇ। ਇਹਨਾਂ ਨੂੰ ਖੋਲ੍ਹਣ ਵਾਲਾ ਦੁਨੀਆਂ 'ਚ ਕੇਵਲ ਗੁਰੂ ਹੈ ਹੋਰ ਨਹੀਂ ਹੈ। ਗੁਰੂ ਮਹਾਰਾਜ ਕਹਿੰਦੇ ਨੇ, –

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥*

*ਅੰਗ– 1291*

ਆਹ ਘਰ ਦੇ ਵਿਚ ਜਿਹੜਾ ਸਰੀਰ ਹੈ ਪੰਜਾਂ ਤੱਤਾਂ ਦਾ ਬਣਿਆ ਹੋਇਆ, ਇਹਦੇ ਵਿਚ ਵਾਹਿਗੁਰੂ ਵਸਦੈ।

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ ॥ 1 ॥*
*ਅੰਦਰਿ ਕੋਟ ਛਜੇ ਹਟਨਾਲੇ ॥* *ਅੰਗ– 1033*

ਆਹ ਕਿਲ੍ਹੇ ਵਿਚ ਸਰੀਰ ਦੇ –

*ਆਪੇ ਲੇਵੈ ਵਸਤੁ ਸਮਾਲੇ ॥*
*ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥*

*ਅੰਗ– 1033*

ਜਿੰਨਾਂ ਚਿਰ ਗੁਰੂ ਦਾ ਸ਼ਬਦ ਨਹੀਂ ਮਿਲਦਾ। ਓਨਾਂ ਚਿਰ ਚਾਬੀ ਨਹੀਂ ਇਹਨੂੰ ਲਗਦੀ। ਸੋ ਗੁਰੂ ਤੋਂ ਬਗੈਰ ਨਹੀਂ ਖੁਲ੍ਹਦਾ –

*ਭੀਤਰਿ ਕੋਟ ਗੁਫਾ ਘਰ ਜਾਈ ॥*
*ਨਉ ਘਰ ਥਾਪੇ ਹੁਕਮਿ ਰਜਾਈ ॥*
*ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥*

*ਅੰਗ– 1033*

ਇਹ ਨੌਂ ਘਰ ਜਿਹੜੇ ਭੁਲਾ ਰਹੇ ਸੀ –

*ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ॥*

*ਅੰਗ– 339*

ਉਹ ਗੁਰੂ ਨੇ ਠਾਕ ਦਿਤੇ, ਉਸ ਸ਼ਬਦ ਨੇ ਇਹ ਵਸ ਕਰਲਏ। ਜਿਵੇਂ ਮੰਤਰ ਪੜ੍ਹ ਦਿੰਦੇ ਨੇ ਸੱਪ ਅਤੇ ਠੂਹਿਆਂ ਦਾ, ਇਸੇ ਤਰ੍ਹਾਂ ਦੇ ਨਾਲ ਇਹ ਜਿਹੜੇ ਵਸ ਨਹੀਂ ਹੁੰਦੇ ਕਿਸੇ ਤਰੀਕੇ ਨਾਲ, ਉਹ ਗੁਰੂ ਦੇ ਸ਼ਬਦ ਨੇ ਵਸ ਕਰ ਲਏ, ਉਹ ਠਾਕ ਦਿਤੇ। ਠਾਕੇ ਗਏ, ਇਹਨਾਂ ਦੇ ਜਿਹੜੇ ਸੁਰਾਖ ਸੀ ਉਹ ਪਲੱਗ ਹੋ ਗਏ। ਹੁਣ ਅੱਖਾਂ ਜਿਹੜੀਆਂ ਸੀ ਉਹਨਾਂ ਦੀ ਦੇਖਣੀ ਬਦਲ ਗਈ। ਕੰਨਾਂ ਦੀ ਸੁਣਨੀ ਬਦਲ ਗਈ। ਜ਼ੁਬਾਨ ਦਾ ਰਸ ਬਦਲ ਗਿਆ, ਨੇਤਰਾਂ ਦੀ ਤੱਕਣੀ ਬਦਲ ਗਈ। ਸਪਰਸ਼ ਬਦਲ ਗਈ, ਗੰਧ ਬਦਲ ਗਈ। ਜੇ ਨਹੀਂ ਤਜਰਬਾ ਤਾਂ ਨਹੀਂ ਇਹ ਗੱਲ ਸਮਝ

ਆਇਆ ਕਰਦੀ। ਬਦਲਦੀਆਂ ਕਿਵੇਂ ਨੇ? ਇਹੀ ਨਾਸਿਕਾ ਸੁਗੰਧੀ ਲੈਣ ਵਾਸਤੇ ਅਸੀਂ ਸੈਂਟ ਛਿੜਕਦੇ ਹਾਂ, ਫੁੱਲਾਂ ਵਿਚ ਜਾਂਦੇ ਹਾਂ ਸੁਗੰਧੀਆਂ ਵਾਲਿਆਂ 'ਚ, ਉਥੇ ਸੁਗੰਧੀ ਆਉਂਦੀ ਹੈ ਸਾਨੂੰ ਕੁਦਰਤੀ। ਲੇਕਿਨ ਜਿਸ ਵਕਤ ਦਿਬਯ ਨਾਸਿਕਾ ਖੁਲ੍ਹ ਜਾਵੇ ਬੰਦਗੀ ਦੇ ਬਲ ਨਾਲ ਉਸ ਵੇਲੇ ਆਪਣੇ ਅੰਦਰੋਂ ਹੀ ਸੁਗੰਧੀ ਆਉਣੀ ਸ਼ੁਰੂ ਹੋ ਜਾਂਦੀ ਹੈ। ਬਾਹਰ ਦੀ ਲੋੜ ਹੀ ਨਹੀਂ ਰਹਿੰਦੀ। ਆਪੇ ਹੀ ਆਉਂਦੀ ਹੈ ਅੰਦਰੋਂ ਭਜਨ ਕਰਨ ਵੇਲੇ। ਹੈਰਾਨ ਹੁੰਦੈ ਕਿ ਐਨੀ ਸੁਗੰਧੀ ਕਿੱਥੋਂ ਆ ਰਹੀ ਹੈ। ਉਹ ਮਸਤ ਹੁੰਦਾ ਚਲਿਆ ਜਾ ਰਿਹੈ। ਬਾਹਰਲੀ ਸੁਗੰਧੀ ਨਹੀਂ ਮਸਤ ਕਰਦੀ ਅੰਦਰਲੀ ਸੁਗੰਧੀ ਮਸਤ ਕਰਦੀ ਹੈ। ਸਵਾਦ ਜਿਹਨੂੰ ਕਹਿੰਦੇ ਨੇ ਥੱਕ ਜਾਂਦੈ ਬਦਲਾ-ਬਦਲਾ ਕੇ ਕਿ ਅੱਜ ਆਹ ਪਾ ਕੇ ਦੇਖੋ, ਆਹ ਪਾ ਕੇ ਦੇਖੋ ਸਬਜ਼ੀ 'ਚ। ਇਹੋ ਜਿਹੀ ਮਠਿਆਈ ਬਣਾਓ। ਉਹ ਛਿਨਭੰਗਰ ਸਵਾਦ ਸਰੀਰ ਨੂੰ ਖਰਾਬ ਕਰਨ ਵਾਲੇ ਹੋਇਆ ਕਰਦੇ ਨੇ। ਲੇਕਿਨ ਜਦੋਂ ਨਾਮ ਦਾ ਰਸ ਚੜ੍ਹ ਜਾਂਦੈ, ਐਸਾ ਸਵਾਦ ਆਉਂਦੈ ਕਿ ਬੋਲਣ ਨੂੰ ਵੀ ਜੀਅ ਨਹੀਂ ਕਰਦਾ। ਗੁਰੂ ਮਹਾਰਾਜ ਨੇ ਐਵੇਂ ਹੀ ਨਹੀਂ ਭਜਨ ਬੰਦਗੀ, ਅਰਦਾਸ ਤੋਂ ਬਾਅਦ ਪ੍ਰਸ਼ਾਦ ਵੰਡਣਾ ਦਸਿਆ। ਉਹ ਭਜਨ ਵਿਚ ਐਨੀ ਬਿਰਤੀ ਲੀਨ ਹੋ ਜਾਂਦੀ ਹੈ ਕਿ ਕੋਈ ਹੋਰ ਚੀਜ਼ ਮਨਜ਼ੂਰ ਹੀ ਨਹੀਂ ਕਰਦੀ ਕੇਵਲ ਜਿਹੜਾ ਗੁਰੂ ਦਾ ਕੜਾਹ ਪ੍ਰਸ਼ਾਦ ਹੈ, ਉਹਦੀ ਥੋੜ੍ਹੀ ਜਿਹੀ simularty ਹੈ ਉਹਦੇ ਨਾਲ ਕਿ ਬਾਹਰ ਦੁਨੀਆਂ 'ਚ ਆਉਣ ਵੇਲੇ ਇਹ ਚੀਜ਼ ਮਿਲ ਜਾਵੇ, ਫੇਰ ਦੁਨੀਆਂ ਦੇ ਹੌਲੀ-ਹੌਲੀ ਸਵਾਦਾਂ ਨੂੰ ਸਹਿ ਲੈਂਦਾ ਹੈ ਇਹ। ਉਹ ਅੰਦਰ ਹੈ ਇਕ ਐਸਾ -

***ਏ ਰਸਨਾ ਤੂ ਅਨ ਰਸਿ ਰਾਚਿ ਰਹੀ***
***ਤੇਰੀ ਪਿਆਸ ਨ ਜਾਇ॥***
***ਪਿਆਸ ਨ ਜਾਇ ਹੋਰਤੁ ਕਿਤੈ***
***ਜਿਚਰੁ ਹਰਿ ਰਸੁ ਪਲੈ ਨ ਪਾਇ ॥*** ***ਅੰਗ- 921***

ਉਹ ਹਰਿ ਰਸ ਹੈ। ਹਰਿ ਰਸ ਦੀ ਸਾਰ ਓਹੀ ਜਾਣਦੈ ਜਿਹੜਾ ਹਰੀ ਦੇ ਰਸ ਨੂੰ ਪ੍ਰਾਪਤ ਕਰ ਲੈਂਦੈ। ਦੂਜੇ ਨੂੰ ਇਸ ਗੱਲ ਦਾ ਅਨੁਭਵ ਹੀ ਨਹੀਂ ਹੁੰਦਾ, ਜਿੰਨਾਂ ਜੀਅ ਕਰਦੈ ਦੱਸੀ ਜਾਓ। ਉਹ ਜਦ ਦੇਖਿਆ ਹੀ ਨਹੀਂ, taste ਹੀ ਨਹੀਂ ਕਰਿਆ। ਉਹਨੂੰ ਉਸ ਰਸ ਦਾ ਕੀ ਪਤਾ ਲੱਗੇਗਾ। ਇਸੇ ਤਰ੍ਹਾਂ ਦੇ ਨਾਲ ਨੇਤਰਾਂ ਦੇ ਨਾਲ, ਆਹੀ ਨੇਤਰ ਇਸੇ ਸੰਸਾਰ ਨੂੰ ਪ੍ਰਤੱਖ ਰੂਪ 'ਚ ਦੇਖਦੇ ਨੇ। ਅਗਿਆਨ ਵਿਚ ਅਸੀਂ ਇਹਨੂੰ ਸੰਸਾਰ ਦੇਖਦੇ ਹਾਂ। ਜਿਹਨਾਂ ਦੇ ਨੇਤਰ ਖੁਲ੍ਹ ਗਏ ਉਹ ਕਹਿੰਦੇ ਨੇ -

***ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥***
***ਸੂਤੁ ਏਕੁ ਮਣਿ ਸਤ ਸਹੰਸ ਜੈਸੇ***
***ਓਤਿ ਪੋਤਿ ਪ੍ਰਭੁ ਸੋਈ ॥ ਰਹਾਉ ॥***
***ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥***
***ਅੰਗ- 485***

ਦ੍ਰਿਸ਼ਟੀ ਬਦਲ ਜਾਂਦੀ ਹੈ, ਇਸੇ ਤਰ੍ਹਾਂ ਕੰਨ ਜਿਹੜੇ ਨੇ ਉਹਨਾਂ ਦੇ ਵਿਚ ਦਿੱਬਯ ਕੰਨ ਜਿਸ ਵਕਤ ਪ੍ਰਾਪਤ ਹੋ ਜਾਂਦੇ ਨੇ, ਉਸ ਵੇਲੇ ਮਸਤ ਕਰਨ ਵਾਲੀ ਸ਼ਬਦ ਧੁੰਨ ਸੁਣਦੀ ਹੈ -

***ਅਨਹਤ ਬਾਣੀ ਥਾਨੁ ਨਿਰਾਲਾ ॥ ਤਾ ਕੀ ਧੁਨਿ ਮੋਹੇ ਗੋਪਾਲਾ ॥***

***ਅੰਗ- 186***

ਕਹਿੰਦੇ, ਗੋਪਾਲ ਵੀ ਐਸੀ ਮਿੱਠੀ ਧੁਨ ਦੇ ਵਿਚ ਮੋਹਿਆ ਪਿਐ। ਉਹ ਧੁਨ ਆਦਮੀ ਦੇ ਅੰਦਰ ਹੈ, ਹਰ ਵਕਤ ਚਲਦੀ ਹੈ।

ਕਹਿੰਦੇ, ਸਾਨੂੰ ਤਾਂ ਸੁਣਦੀ ਨਹੀਂ।

ਮਹਾਰਾਜ ਕਹਿੰਦੇ, ਤੂੰ ਹੱਦ ਤਕ ਬੋਲਾ ਹੋਇਆ-ਹੋਇਆ ਹੈਂ।

ਕਹਿੰਦਾ, ਮੈਨੂੰ ਦੁਨੀਆਂ ਦੀਆਂ ਗੱਲਾਂ ਸੁਣਦੀਆਂ ਨੇ, ਬੋਲਾ ਤਾਂ ਮੈਂ ਹੈ ਨਹੀਂ।

ਮਹਾਰਾਜ ਕਹਿੰਦੇ, ਇਹ ਪ੍ਰਾਕ੍ਰਿਤਕ ਕੰਨ ਪ੍ਰਕ੍ਰਿਤੀ ਦੀਆਂ ਗੱਲਾਂ ਸੁਣਦੇ ਨੇ। ਤੇਰੇ ਦਿੱਬਯ ਸਰਵਣ ਅਜੇ ਖੁਲ੍ਹੇ ਨਹੀਂ ਹੈਗੇ। ਉਹ ਜਿਹੜੇ ਖੁਲ੍ਹ ਜਾਂਦੇ ਨੇ ਉਹ ਨਾਮ ਦੀ ਧੁਨ ਸੁਣਦੇ ਨੇ। ਉਹ ਨਾਮ ਦੀ ਧੁਨ ਐਨੀ ਜ਼ਬਰਦਸਤ ਹੈ ਕਿ ਉਹਦੇ 'ਚ ਮਸਤ ਰਹਿੰਦਾ ਹੈ ਬੰਦਾ। ਦਿੱਬਯ ਕੰਨ ਪ੍ਰਾਪਤ ਹੋ ਜਾਂਦੇ ਨੇ। ਫੇਰ ਸੁਣਦੇ ਕੀ ਨੇ? ਮਹਾਰਾਜ ਕਹਿੰਦੇ, ਫੇਰ ਉਹ ਧੁਨ ਹਰੇਕ ਦੇ ਵਿਚੋਂ ਸਰਵਣ ਹੁੰਦੀ ਹੈ।

ਡਾ. ਸਵਾਮੀ ਰਾਮ ਜੀ ਆਪਣੀ ਪੁਸਤਕ ਵਿਚ ਲਿਖਦੇ ਨੇ ਕਿ ਇਕ ਵਾਰੀ ਮੇਰੇ ਗੁਰੂ ਨੇ ਇਕ ਕਿਰਿਆ ਮੇਰੇ ਤੋਂ ਕਰਾਈ। ਕਹਿੰਦੇ, ਮੈਂ ਹੈਰਾਨ ਹੋ ਗਿਆ, ਜਿਸ ਗੁਫਾ 'ਚ ਮੈਂ ਬੈਠਾ ਸੀ ਘਾਹ ਸੀਗਾ। ਮੈਨੂੰ ਆਵਾਜ਼ ਆਈ ਜਾਵੇ। ਮੈਂ ਕਿਹਾ, ਇਹ ਆਵਾਜ਼ ਕਿੱਥੋਂ ਆਉਣ ਲਗ ਗਈ। ਇਥੇ ਤਾਂ ਕੋਈ ਆਵਾਜ਼ ਹੀ ਨਹੀਂ ਹੈ।

ਕਹਿੰਦੇ, ਮੈਂ ਕੰਨ ਲਾਇਆ ਘਾਹ ਨੂੰ ਉਹਦੇ ਵਿਚੋਂ ਆਵਾਜ਼ ਆਵੇ। ਫੇਰ ਮੈਂ ਦਰਖਤ ਨੂੰ ਕੰਨ ਲਾ ਕੇ ਦੇਖਿਆ ਕਹਿੰਦੇ, ਉਹਦੇ ਵਿਚੋਂ ਵੀ ਆਵੇ। ਫੇਰ ਮੈਂ ਪੱਥਰ ਨੂੰ ਵੀ ਕੰਨ ਲਾ ਕੇ ਦੇਖਿਆ, ਉਹਦੇ ਵਿਚੋਂ ਵੀ ਆਵੇ। ਉਹ ਨਾਮ ਸਰਵਣ ਕਰ ਰਹੇ ਸੀ। ਉਸੇ ਬਾਰੇ ਗੁਰੂ ਮਹਾਰਾਜ ਜੀ ਬਾਣੀ ਦੇ ਅੰਦਰ ਐਸਾ ਸੰਕੇਤ ਦਿੰਦੇ ਨੇ -

***ਧਾਰਨਾ - ਨਾਮ ਹਰੀ ਦਾ ਜਪਦੇ ਸਾਰੇ ਵਣਾਂ ਦੇ ਪੰਖੇਰੂ।***

***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ***
***ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥ ਅੰਗ- 1265***

ਦਿੱਬਯ ਕੰਨ ਨਾਮ ਦੀ ਧੁਨ ਸੁਣਦੇ ਨੇ -

***ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥***

***ਅੰਗ- 1420***

***ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿੰਨ੍ਾ ਵਾਸੁ॥***
***ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ ॥***

***ਅੰਗ- 1383***

ਰੱਬ ਦੀ ਸੋਝੀ ਕਹਿੰਦੇ, ਉਹਨਾਂ ਦੇ ਅੰਦਰ ਹੋਈ-ਹੋਈ ਹੈ। ਨਾਮ ਧੁਨ ਅੰਦਰ ਚਲ ਰਹੀ ਹੈ ਜੰਗਲਾਂ 'ਚ ਰਹਿੰਦੇ ਨੇ। ਕਹਿੰਦੇ, ਮੈਂ ਤਾਂ ਇਹਨਾਂ ਦੇ ਬਲਿਹਾਰ ਜਾਂਦਾ ਹਾਂ। ਉਹ ਕੀ ਸੀ? ਆਪ ਨੂੰ ਸੁਣ ਰਹੀ ਸੀ ਸਾਰਿਆਂ ਦੇ ਅੰਦਰ। ਬਲਿਹਾਰ ਹੋ ਕੇ ਮਹਾਂਪੁਰਸ਼ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਕੰਕਰ ਚੁਗਦੇ ਥਲਾਂ ਦੇ ਵਿਚ ਵਸਦੇ,***
***ਰੱਬ ਦੀ ਨਾ ਆਸ ਛੱਡਦੇ ਪੰਛੀ।***

ਕਿਉਂ ਸੁਣਦਾ ਸੀ ਬਾਬਾ ਫਰੀਦ ਨੂੰ, ਕਿਉਂਕਿ ਦਿੱਬਯ ਸ੍ਰਵਣ ਖੁਲ੍ਹੇ ਹੋਏ ਸੀ। ਮਹਾਰਾਜ ਜੀ ਕਹਿੰਦੇ ਹਨ ਧਰਤੀ, ਆਕਾਸ਼, ਪਾਤਾਲ ਸਾਰਾ ਜਿੰਨਾ ਕੁਛ ਨਜ਼ਰ ਆਉਂਦਾ ਹੈ, ਸਾਰੀ ਕਾਇਨਾਤ ਸਭ -

***ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ***
***ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥ ਅੰਗ- 540***

ਨਹੀਂ ਸਾਨੂੰ ਸੁਣਦਾ ਸਾਡੇ ਕੰਨ ਉਥੇ ਪਹੁੰਚੇ ਨਹੀਂ, ਅਸੀਂ ਕਹਿੰਦੇ ਹਾਂ ਕਿ ਗੁਰੂ ਸਾਹਿਬ ਨੇ ਸ਼ਾਇਦ ਅਲੰਕਾਰਕ ਬਾਤ ਕਹੀ ਹੋਵੇ।

ਅਲੰਕਾਰਕ ਬਾਤ ਨਹੀਂ ਹੈ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ। ਇਥੇ ਤੱਤ ਬਾਤਾਂ ਨੇ ਸਾਰੀਆਂ। ਸਚਾਈ ਹੈ। ਨਹੀਂ ਪਹੁੰਚਦੇ, ਨਹੀਂ ਗੱਲ ਦਾ ਪਤਾ ਲਗ ਸਕਿਆ, ਪਰ ਇਹਦੇ ਅਰਥ ਗਲਤ ਨਹੀਂ ਕੱਢਣੇ ਚਾਹੀਦੇ। ਸੋ ਇਹ ਗੱਲਾਂ ਪ੍ਰਤੱਖ ਨੇ ਸਾਰੀਆਂ। ਸਾਨੂੰ ਕਿਉਂ ਨਹੀਂ ਪਤਾ ਲਗਦਾ ਤੇ ਮਹਾਰਾਜ ਕਹੀ ਜਾਂਦੇ ਨੇ -

***ਪ੍ਰਥਮ ਓਅੰਕਾਰ ਤਿਨ ਕਹਾ ਸੋ ਧੁਨ ਪੂਰ ਜਗਤ ਮੋ ਰਹਾ।***

ਜਿਹੜੀ ਧੁਨ ਪੂਰ ਜਗਤ ਦੇ ਵਿਚ ਭਰੀ ਪਈ ਹੈ ਤੇ ਲਗਾਤਾਰ ਚਲ ਰਹੀ ਹੈ, ਉਹ ਧੁਨ ਨੂੰ ਅਸੀਂ ਕਿਉਂ ਨਹੀਂ ਸੁਣਦੇ? ਮਹਾਰਾਜ ਕਹਿੰਦੇ ਨੇ -

***ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ***
***ਗੁਰਮੁਖਿ ਅਕਥ ਕਹਾਨੀ ॥ ਅੰਗ- 879***

ਅਸੀਂ ਹੋਰ ਹੀ ਅਰਥ ਕਰ ਦਿੰਦੇ ਹਾਂ ਇਹਦੇ। ਸਿੱਧੀ ਬਾਤ ਹੈ ਕਿ ਉਸ ਧਿਆਨ 'ਚ ਜਿਹਦਾ ਧਿਆਨ ਜੁੜ ਜਾਂਦੈ। ਸ਼ਬਦ ਧੁਨ ਕਹਿੰਦੇ ਨੇ ਉਹਨੂੰ ਤੇ ਮਹਾਰਾਜ ਨੇ ਕਿਹੈ -

***ਬਿਨੁ ਸਬਦੈ ਅੰਤਰਿ ਆਨੇਰਾ ॥ ਅੰਗ- 124***

ਸ਼ਬਦ ਦੀ ਧੁਨ ਨਹੀਂ ਆਈ ਤਾਂ ਹਨ੍ਹੇਰਾ ਗੁਬਾਰ ਪਿਐ ਹੈ ਅੰਦਰ -

***ਨ ਵਸਤੁ ਲਹੈ ਨ ਚੂਕੈ ਫੇਰਾ ॥ ਅੰਗ- 124***

ਨਾ ਤਾਂ ਆਤਮ ਵਸਤੂ ਦੀ ਪ੍ਰਾਪਤੀ ਹੁੰਦੀ ਹੈ ਤੇ ਨਾ ਜੰਮਣ ਮਰਣ ਦਾ ਚੱਕਰ ਛੁਟਦੈ –

*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥* **ਅੰਗ– 124**

ਕੁੰਜੀ ਗੁਰੂ ਦੇ ਕੋਲ ਹੈ।

ਸਾਨੂੰ ਸ਼ੱਕ ਪੈ ਜਾਂਦਾ ਹੈ ਕਿ ਗੁਰੂ ਕਿੱਥੋਂ ਭਾਲੀਏ? ਇਹਦੇ ਵਿਚ ਸਾਨੂੰ ਸ਼ੱਕ ਨਹੀਂ ਹੋਣਾ ਚਾਹੀਦਾ ਕਿਉਂਕਿ ਸਾਨੂੰ ਕੁੰਜੀ ਪੰਜ ਪਿਆਰੇ ਫੜਾ ਦਿੰਦੇ ਨੇ ਜਦੋਂ ਅੰਮ੍ਰਿਤ ਛਕਾਉਂਦੇ ਨੇ। ਉਸ ਕੁੰਜੀ ਦੀ ਅਸੀਂ ਵਰਤੋਂ ਨਹੀਂ ਕਰਦੇ। ਮਹਾਰਾਜ ਕਹਿੰਦੇ ਨੇ ਕਿ ਤੁਸੀਂ ਸਾਧਨਾ ਸੰਪੰਨ ਪੁਰਸ਼ਾਂ ਦੇ ਕੋਲ ਜਾਓ ਜਿਹਨਾਂ ਨੇ ਇਹ ਗੱਲਾਂ ਕਰ ਲਈਆਂ। ਉਹ ਪਿੱਛੇ ਨਹੀਂ ਲਾਉਂਦੇ ਆਪਣੇ। ਪਿੱਛੇ ਤਾਂ ਲਾਉਣ ਜੇ ਆਪ ਹੋਣ। ਜਦੋਂ ਆਪ ਹੀ ਨਹੀਂ ਹਨ ਤਾਂ ਪਿੱਛੇ ਕੀਹਦੇ ਲਾ ਦੇਣਗੇ? ਇਸ ਤਰ੍ਹਾਂ ਸ਼ੱਕ ਪੈਂਦੇ ਨੇ, ਕਿਤਾਬਾਂ 'ਚ ਲਿਖੀ ਜਾਂਦੇ ਨੇ। ਜਿਹੜਾ ਸੰਤ ਆਪ ਦੇ ਪਿੱਛੇ ਲਾਉਂਦੈ ਕਿਸੇ ਨੂੰ ਉਹ ਸੰਤ ਹੀ ਨਹੀਂ ਹੈ ਸਾਧਸੰਗਤ ਜੀ! ਐਵੇਂ ਹੀ ਟਾਰ੍ਹਾਂ ਮਾਰਦੇ ਨੇ। ਸੰਤ ਉਹਨੂੰ ਕਹਿੰਦੇ ਨੇ ਜਿਹੜਾ ਹੁੰਦਾ ਹੀ ਨਹੀਂ ਕੁਛ ਵੀ। ਜਿਹੜਾ ਹੈਗਾ ਉਹ ਜੀਵ ਹੈ। ਸੰਤ ਤਾਂ ਹੈ ਨਹੀਂ ਉਹ। ਤੇ ਜੇ 'ਮੈਂ' ਹੈਗਾ ਤਾਂ ਰੱਬ ਹੈ ਹੀ ਨਹੀਂ –

*ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥*
*ਅਨਲ ਅਗਮ ਜੈਸੇ ਲਹਰਿ ਮਇ ਓਦਧਿ*
*ਜਲ ਕੇਵਲ ਜਲ ਮਾਂਹੀ ॥* **ਅੰਗ– 657**

ਜਦੋਂ 'ਮੈਂ' ਹੀ ਨਿਕਲ ਗਿਆ ਉਹਨੂੰ ਸੰਤ ਕਹੀ ਜਾਓ, ਬ੍ਰਹਮਗਿਆਨੀ ਕਹੀ ਜਾਓ। ਉਹ ਹੈ ਹੀ ਨਹੀਂ, ਉਹ ਪਿੱਛੇ ਕੀਹਦੇ ਲਾਊਗਾ? ਇਸ ਕਰਕੇ ਇਹ ਗੱਲਾਂ ਨਿਰਾਰਥਕ ਤੇ ਨਿਰਮੂਲ ਹੋਇਆ ਕਰਦੀਆਂ ਨੇ। ਅਗਿਆਨੀਆਂ ਦੀਆਂ ਗੱਲਾਂ ਹੁੰਦੀਆਂ ਨੇ ਸਾਰੀਆਂ। ਉਹ ਕਹਿੰਦੇ ਉਹ ਚੀਜ਼ ਆਤਮ ਵਸਤੂ ਲੱਭਦੀ ਨਹੀਂ ਜਦੋਂ ਤਕ ਅੰਦਰ ਸ਼ਬਦ ਦਾ ਪ੍ਰਕਾਸ਼ ਨਹੀਂ ਹੁੰਦਾ। ਉਹ ਧੁਨ ਹਰ ਵਕਤ ਹੈ। ਉਹ ਐਨਰਜੀ ਜਿਹੜੀ ਸੁਪਰ ਐਨਰਜੀ ਹੈ, (ਇਸ ਤਰ੍ਹਾਂ ਕਹਿਣ 'ਤੇ ਸਾਡੇ ਗੱਲ ਸਮਝ 'ਚ ਆ ਜਾਂਦੀ ਹੈ) ਸਾਰੀ ਉਸ ਐਨਰਜੀ ਨੇ ਜਿੰਨੀ ਕਾਇਨਾਤ ਹੈ, ਜਿੱਥੇ ਤੱਕ ਅਸੀਂ ਸਮਝ ਹੀ ਨਹੀਂ ਸਕਦੇ, ਇਹ ਤਾਂ ਗੱਲ ਹੀ ਛੱਡ ਦੇਣੀ ਚਾਹੀਦੀ ਹੈ ਜੇ ਅਸੀਂ ਇਸ ਗੱਲ ਦੀ ਸੋਚ ਵਿਚ ਪੈ ਜਾਈਏ ਕਿ ਕਿੰਨੇ ਕੁ ਖੰਡ ਨੇ, ਕਿੰਨੇ ਕੁ ਬ੍ਰਹਿਮੰਡ ਨੇ, ਅਸੀਂ ਥੱਕ ਜਾਵਾਂਗੇ। ਕਿੰਨਾਂ ਕੁ ਸੋਚ ਲਵਾਂਗੇ, ਕਿੰਨੀ ਕੁ ਸਾਡੇ 'ਚ ਸ਼ਕਤੀ ਹੈ। ਮਹਾਰਾਜ ਕਹਿੰਦੇ, ਉਹ ਤਾਂ ਅਗਾਂਹਾਂ ਹੋਰ ਹੈ, ਹੋਰ ਹੈ, ਹੋਰ ਹੈ। ਜਿੱਥੇ ਤੇਰੀ ਸੋਚ ਖੜ੍ਹ ਜਾਏਗੀ, ਉਸ ਤੋਂ ਅੱਗੇ ਹੋਰ ਹੈ, ਬੇਅੰਤਤਾ (infinity) ਨੂੰ ਤੂੰ ਕੀ ਸੋਚ ਲਵੇਂਗਾ? ਤੇਰੀ ਬੁੱਧੀ ਹੈ ਹੀ ਨਹੀਂ ਉਸ ਬੇਅੰਤਤਾ (infinity) ਨੂੰ ਸੋਚਣ ਵਾਲੀ, ਤੂੰ ਤਾਂ ਇਸ ਤਰ੍ਹਾਂ ਸਮਝ ਲੈ ਕਿ ਬੇਅੰਤ ਹੈ। ਬੇਅੰਤ ਤੇਰਾ ਕਹਿ ਦੇਣਾ, ਮਹਿਸੂਸ

ਕਰਨਾ –

*ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥*
*ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥*

***ਅੰਗ- 5***

ਇਹ ਸਾਰੀ ਜਿਹੜੀ ਰਚਨਾ ਹੈ ਇਹ ਖੜ੍ਹੀ ਕਾਹਦੇ ਸਹਾਰੇ ਹੈ? ਮਹਾਰਾਜ ਕਹਿੰਦੇ, ਉਸ ਨਾਮ ਸ਼ਕਤੀ ਨੇ, ਜਿਹੜੀ ਮੂਲ ਐਨਰਜੀ ਜਿਹੜੀ ੧ਓ ਦੀ ਹੈ, ਜਿਹਨੂੰ ਸ਼ਬਦ ਧੁਨ ਕਹਿੰਦੇ ਨੇ –

*ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।*

***ਭਾਈ ਗੁਰਦਾਸ ਜੀ, ਵਾਰ 26/2***

ਨਾਉਂ ਰੱਖਣੇ ਨੇ, ਸਾਡੀ ਬੋਲੀ 'ਚ ਰੱਖਣੇ ਨੇ। ਉਸ ਚੀਜ਼ ਨੂੰ ਅਸੀਂ ਜਾਣਦੇ ਨਹੀਂ ਹਾਂ, ਦਿਖਾ ਨਹੀਂ ਸਕਦੇ। ਅਸੀਂ ਆਪਣੇ ਤਰੀਕੇ ਨਾਲ ਉਹਦਾ ਨਾਉਂ ਰਖ ਲਵਾਂਗੇ। ਉਹਦਾ ਨਾਉਂ ਓਅੰਕਾਰ ਕਰ ਦਿਤਾ। ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੇ, ਸ੍ਰੀ ਗੁਰੂ ਨਾਨਕ ਸਾਹਿਬ ਨੇ ਇਕ ਦਮ ਬਰੈਕਟ ਕਰ ਦਿਤਾ ਇਹਨੂੰ ਕਿ ਦੋ ਨਾ ਬੋਲਿਓ, ਏਕੰਕਾਰ, ਓਅੰਕਾਰ; ਦੋ ਨਹੀਂ ਹੈ ਇਕੋ ਹੀ ਹੈ। ਏਕੰਕਾਰ ਦੀ ਸ਼ਕਤੀ ਓਅੰਕਾਰ ਹੈ, ਉਹਨੇ –

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥* ***ਅੰਗ- 284***

ਉਸ ਨਾਮ ਸ਼ਕਤੀ ਨੇ ਸਾਰੀ ਰਚਨਾ ਨੂੰ ਧਾਰਨ ਕਰਿਆ ਹੋਇਆ ਹੈ। ਉਹ ਨਾਮ ਸ਼ਕਤੀ ਹਰੇਕ ਦੇ ਅੰਦਰ ਸ਼ਬਦ ਰੂਪ ਦੇ ਵਿਚ ਹਾਜ਼ਰ ਹੈ। ਧੁਨ ਦੇ ਵਿਚ ਹਾਜ਼ਰ ਹੈ।

ਬੜਾ ਜਬਰਦਸਤ ਸਵਾਲ ਇਹ ਹੈ ਕਿ ਫੇਰ ਸੁਣਦੀ ਕਿਉਂ ਨਹੀਂ ਹੈ ਸਾਨੂੰ?

ਉਹ ਇਸ ਕਰਕੇ ਨਹੀਂ ਸੁਣਦੀ ਕਿ ਜਿਸ ਤਰ੍ਹਾਂ ਦੇ ਨਾਲ ਕੋਈ ਮਿੱਠਾ-ਮਿੱਠਾ ਰਾਗ ਚੱਲ ਰਿਹਾ ਹੋਵੇ ਤੇ ਬੰਦਾ ਸੁੱਤਾ ਪਿਆ ਹੋਵੇ। ਗਾੜ੍ਹੀ ਨੀਂਦ ਦੇ ਅੰਦਰ। ਉਹਨੂੰ ਉਹ ਸੁਣਦਾ ਨਹੀਂ ਜਿਹਦੇ ਕੰਨ ਖੁਲ੍ਹੇ ਨੇ, ਜਾਗਦਾ ਹੈ ਉਹਨੂੰ ਸੁਣਦਾ ਹੈ। ਮਹਾਰਾਜ ਕਹਿੰਦੇ, ਇਹ ਜਿਹੜੀ ਦੁਨੀਆਂ ਹੈ, ਜਿਹਨੂੰ ਤੁਸੀਂ ਕਹਿ ਦਿਓ ਪੰਜ ਅਰਬ, ਸਾਢੇ ਪੰਜ ਅਰਬ ਮਨੁੱਖ ਨੇ, ਇਹਦੇ ਵਿਚ ਕੋਈ ਵਿਰਲਾ ਗੁਰਮੁਖ ਹੈ ਜਿਹੜਾ ਜਾਗਦਾ ਹੈ। ਬਾਕੀ ਸਾਰਾ ਸੰਸਾਰ ਜਿਹੜਾ ਹੈ (under illusion ਹੈ) ਸੁੱਤਾ ਪਿਆ ਹੈ, ਐਸਾ ਫੁਰਮਾਨ ਕਰਦੇ ਨੇ –

*ਧਾਰਨਾ – ਸੌਂ ਗਿਆ ਜਗ ਸਾਰਾ ਜੀ,*
*ਮਾਇਆ ਦੀ ਨੀਂਦ ਗਾੜ੍ਹੀ।*

ਇਕ ਨੀਂਦ ਤਾਂ ਉਹ ਹੈ ਜਿਹੜਾ ਸਰੀਰ ਥੱਕ ਜਾਵੇ, ਦਿਮਾਗ ਥੱਕ ਜਾਵੇ ਉਹਨੂੰ ਤਾਜ਼ਾ ਕਰਨ ਵਾਸਤੇ ਅਸੀਂ ਕਿਸੇ ਇਕਾਂਤ ਜਗ੍ਹਾ ਪੈ ਜਾਂਦੇ ਹਾਂ ਤੇ ਨਾਲ ਹਦਾਇਤ ਕਰਦੇ ਹਾਂ ਕਿ ਮੈਨੂੰ ਬੁਲਾਈਂ ਨਾ। ਨੀਂਦ ਆ

ਗਈ।

ਇਕ ਉਹ ਨੀਂਦ ਹੈ ਕਿ ਪੜ੍ਹਦਾ ਹੈ, ਲਿਖਦਾ ਹੈ, ਗੱਲਾਂ ਕਰਦੈ, ਪਰਿਵਾਰ 'ਚ ਰਹਿੰਦੈ, ਨੌਕਰੀਆਂ ਚਾਕਰੀਆਂ ਕਰਦੈ। ਵੱਡੇ-ਵੱਡੇ ਲੈਕਚਰ ਦਿੰਦੈ, ਵੱਡੀਆਂ-ਵੱਡੀਆਂ ਕਿਤਾਬਾਂ ਲਿਖਦੈ, ਵੱਡੀਆਂ-ਵੱਡੀਆਂ ਥਿਊਰੀਆਂ ਲਿਖਦੈ, ਮਹਾਰਾਜ ਕਹਿੰਦੇ, ਉਹ ਵੀ ਸੁੱਤਾ ਪਿਐ। ਕਿਉਂਕਿ ਉਹਨੂੰ ਅਸਲੀ ਬਾਤ ਦਾ ਗਿਆਨ ਨਾ ਹੋਣ ਕਰਕੇ ਉਹ ਮਾਇਆ ਦੀ ਨੀਂਦ ਦੇ ਅਸਰ ਹੇਠ ਆ ਗਿਆ। ਮਹਾਰਾਜ ਕਹਿੰਦੇ ਨੇ ਕਿ -

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥***

***ਅੰਗ- 920***

ਤਿੰਨ ਗੁਣ ਨੇ ਮਾਇਆ ਦੇ ਵਿਚ, ਇਕ ਰਜੋ ਗੁਣ ਹੈ, ਇਕ ਤਮੋ ਗੁਣ ਹੈ, ਇਕ ਸਤੋ ਗੁਣ ਹੈ। ਉਹਨਾਂ ਤਿੰਨਾਂ ਗੁਣਾਂ 'ਚ ਕਹਿੰਦੇ ਸਾਰਾ ਹੀ ਸੰਸਾਰ ਸੌਂ ਗਿਆ। ਜਾਗਦਾ ਕੋਈ ਵਿਰਲਾ ਹੈ। ਕੋਈ ਵਿਰਲਾ ਗੁਰਮੁਖ ਹੈ ਜਿਹੜਾ ਜਾਗਦਾ ਹੈ। ਬਾਕੀ ਸਭ ਸੁੱਤੇ ਪਏ ਨੇ। ਜਦੋਂ ਐਸੇ ਸਵਾਲ ਆਉਂਦੇ ਨੇ ਕਿ -

***ਗੁਰਮੁਖਿ ਜਾਗਿ ਰਹੇ ਦਿਨ ਰਾਤੀ ॥*** ***ਅੰਗ- 1024***

ਉਹ ਮਾਇਆ ਦੇ ਅਸਰ ਹੇਠ ਨਹੀਂ ਹੋਇਆ ਕਰਦੇ। ਸਰੀਰ ਵੱਖਰੀ ਚੀਜ਼ ਹੈ। ਗੁਰਮੁਖ ਸਰੀਰ ਨਹੀਂ ਹੋਇਆ ਕਰਦਾ। ਸੋ ਸੁੱਤਾ ਬੰਦਾ ਜਿਹੜਾ ਹੈ, ਉਹਦੇ ਕੋਲ ਧੁਨ ਚਲਦੀ ਹੈ ਕੋਈ।

ਹੁਣ ਤਾਂ ਆਪਣੇ ਵੀ ਐਸਾ ਬੰਦੋਬਸਤ ਹੋ ਗਿਆ। ਬਾਹਰ ਬੰਦੋਬਸਤ ਨੇ, ਟੇਪ ਲਾ ਦਿਓ ਤੁਸੀਂ ਸਮਾਂ ਸੈੱਟ ਕਰ ਦਿਓ, ਉਹਦੇ ਉਤੇ ਆ ਕੇ ਉਹ ਧੁਨ ਵੱਜਣੀ ਸ਼ੁਰੂ ਹੋ ਜਾਂਦੀ ਹੈ। ਹੁਣ ਆਪਣੇ ਕੋਲ ਵੀ ਐਸੇ ਟਾਈਮ ਪੀਸ ਆ ਗਏ ਨੇ। ਉਹ ਧੁਨ ਸੁਣ ਜਾਂਦੀ ਹੈ ਜਦੋਂ ਜਾਗ ਆ ਜਾਂਦੀ ਹੈ। ਫੇਰ ਪਤਾ ਲਗ ਜਾਂਦੈ ਕਿ ਜਗਾਉਂਦੀ ਹੈ ਉਸ ਨੂੰ। ਪਹਿਲਾਂ ਨਹੀਂ ਉਸ ਨੂੰ ਸੁਣਦੀ। ਪਹਿਲਾਂ ਗਾੜ੍ਹੀ ਨੀਂਦ ਵਿਚ ਹੁੰਦੈ। ਵਜ ਤਾਂ ਰਹੀ ਹੈ ਧੁਨ ਦਾ ਤਾਂ ਕੋਈ ਕਸੂਰ ਨਹੀਂ ਲੇਕਿਨ ਆਪ ਨੀਂਦ ਵਿਚ ਹੈ। ਮਹਾਰਾਜ ਕਹਿੰਦੇ ਇਹਦੇ ਵਿਚ ਦੋ ਚੀਜ਼ਾਂ ਦੀ ਲੋੜ ਹੈ। ਇਕ ਤਾਂ ਹੈ ਗੁਰੂ ਦੀ ਕ੍ਰਿਪਾ -

***ਗੁਰ ਕਿਰਪਾ ਤੇ ਸੇ ਜਨ ਜਾਗੇ***
***ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥***
***ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ***
***ਲਿਵ ਲਾਗੈ ਜਾਗਤ ਰੈਣਿ ਵਿਹਾਣੀ ॥ ਅੰਗ- 920***

ਗੁਰੂ ਦੀ ਕ੍ਰਿਪਾ ਦੇ ਨਾਲ ਜਦੋਂ ਪ੍ਰਮੇਸ਼ਰ ਦਾ ਨਾਮ ਅੰਦਰ ਵਸ ਜਾਂਦੈ। ਫੇਰ ਉਹਨੂੰ ਜਾਗ ਆ ਜਾਇਆ ਕਰਦੀ ਹੈ ਨਹੀਂ ਤਾਂ ਜਾਗ ਨਹੀਂ ਆਉਂਦੀ। ਸੁੱਤਾ ਪਿਆ ਹੈ ਆਦਮੀ। ਸੋ ਸੁੱਤਾ ਪਿਆ ਜੇ ਇਹ ਕਹਿੰਦਾ ਹੈ ਕਿ ਧੁਨ ਸਾਨੂੰ ਤਾਂ ਸੁਣਦੀ ਨਹੀਂ, ਫੇਰ ਭਾਈ ਤੇਰਾ ਕਸੂਰ ਹੈ, ਤੂੰ ਹੀਂ ਸੁੱਤਾ ਪਿਆ ਹੇ। ਸਚਾਈ ਨੂੰ ਤੂੰ ਝੁਠਲਾ ਨਹੀਂ ਸਕਦਾ। ਗੁਰੂ ਜੀ ਕਹਿੰਦੇ

ਨੇ ਕਿ ਪਉਣ ਵੀ ਗਾ ਰਹੀ ਹੈ, ਅੱਗ ਵੀ ਗਾ ਰਹੀ ਹੈ, ਧਰਤੀ ਵੀ ਗਾ ਰਹੀ ਹੈ। ਪੜ੍ਹ ਲਵੋ 'ਸੋ ਦਰੁ' ਦੀ ਪਉੜੀ। ਕਿੰਨਿਆਂ ਨੂੰ ਮਹਾਰਾਜ ਨੇ ਕਿਹੈ - ***'ਹੋਰ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥'*** ਕਹਿੰਦੇ ਐਨੇ ਕੁ ਹੀ ਨਹੀਂ ਗਾਉਂਦੇ, ਬੇਅੰਤ ਗਾਉਂਦੇ ਨੇ। ਜਿਹੜੇ ਮੈਂ ਇਸ ਵੇਲੇ ਲਿਖ ਨਹੀਂ ਰਿਹਾ। ਇਹਦਾ ਮਤਲਬ ਹੈ ਸਾਰਾ ਹੀ ਸੰਸਾਰ ਗਾ ਰਿਹਾ ਹੈ। ਸਾਰੇ ਸੰਸਾਰ ਦੇ ਅੰਦਰ ਨਾਮ ਦੀ ਧੁਨ ਚਲ ਰਹੀ ਹੈ। ਫੇਰ ਪਤਾ ਕਿਉਂ ਨਹੀਂ ਲਗਦਾ? ਮੈਂ ਦਿੱਬਯ ਸਰਵਣਾਂ ਦੀ ਬਾਤ ਕਰ ਰਿਹਾ ਸੀ। ਬਈ ਤੇਰੇ ਜਿਹੜੇ ਕੰਨ ਨੇ ਉਹਨਾਂ ਦੇ ਪੜਦੇ ਜਿਹੜੇ ਨੇ ਉਹਨਾਂ ਦੇ ਬਾਹਰ ਐਨੀ ਮੈਲ ਆ ਗਈ, ਤੈਨੂੰ ਢੋਲ ਵਜਦਾ ਵੀ ਨਹੀਂ ਸੁਣਦਾ। ਕਿਉਂਕਿ 'ਅਤਿ' ਦੇ ਉਤੇ ਪਹੁੰਚ ਗਿਆ -

***ਮਾਇਆਧਾਰੀ ਅਤਿ ਅੰਨਾ ਬੋਲਾ ॥***
***ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥*** ***ਅੰਗ- 313***

ਉਹ ਅੰਦਰਲੇ ਸ਼ਬਦ ਨੂੰ ਸੁਣ ਨਹੀਂ ਰਿਹਾ। ਜਾਗਦਾ ਹੈ। ਕਹਿੰਦਾ ਹੈ ਕਿ ਮੈਂ ਜਾਗਦਾ ਹਾਂ। ਮਹਾਰਾਜ ਕਹਿੰਦੇ, ਤੂੰ ਸੁੱਤਾ ਪਿਐਂ। ਜਾਗਦਾ ਹੋਵੇ ਤਾਂ ਤੈਨੂੰ ਸੁਣੇ ਨਾ? ਸੋ ਆਹ ਫਰਕ ਹੈ - 'ਬਿਨੁ ਸਬਦੈ ਅੰਤਰਿ ਆਨੇਰਾ ॥ 'ਜੇ ਸ਼ਬਦ ਨਹੀਂ ਸੁਣਦਾ ਤੇਰੇ ਅੰਦਰ ਹਨ੍ਹੇਰਾ ਹੈ। ਮਾਇਆ ਦੇ, ਅਗਿਆਨ ਦੇ (ignorance, illusion) ਦੇ ਅਸਰ ਹੇਠ ਹੈਂ।

***ਨ ਵਸਤੁ ਲਹੈ ਨ ਚੂਕੈ ਫੇਰਾ ॥*** ***ਅੰਗ- 124***

ਹਨ੍ਹੇਰੇ ਵਿਚ ਕਿਹੜੀ ਚੀਜ਼ ਲੱਭਦੀ ਹੈ, ਗੁਆਚ ਜਾਵੇ ਕਿੱਥੋਂ ਟੋਲ੍ਹ ਲਵੇਗਾ। ਉਈਂ ਹੱਥ ਮਾਰੀ ਜਾਏਗਾ ਕਮਲਿਆਂ ਵਾਂਗਣ। ਲਾਈਟ ਹੋ ਜਾਵੇ ਉਸੇ ਵੇਲੇ ਚੀਜ਼ ਦਾ ਪਤਾ ਲਗ ਜਾਂਦੈ। ਕਹਿੰਦੇ, ਤੇਰੇ ਅੰਦਰ ਵਸਤ ਪਈ ਹੈ ਲੇਕਿਨ ਤੇਰੀ ਸੋਝੀ ਦੇ ਜਿਹੜੇ ਔਜ਼ਾਰ ਨੇ ਉਹਨਾਂ ਨੂੰ ਕੰਟਰੋਲ ਕਰਨ ਵਾਲਾ ਜਿਹੜਾ ਤੇਰਾ ਜੀਵ ਆਤਮਾ ਹੈ ਉਹ ਭੁੱਲ ਗਿਆ। ਹੁਣ ਉਹ ਚੀਜ਼ ਲੱਭਦੀ ਨਹੀਂ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਨਉ ਘਰ ਦੇਖਿ ਜੁ ਕਾਮਨਿ ਭੂਲੀ***
***ਬਸਤੁ ਅਨੂਪ ਨ ਪਾਈ ॥*** ***ਅੰਗ- 339***

ਜਿਹੜੀ ਇਹਦੇ ਵਿਚ ਸਾਡੀ ਸੁਰਤ ਸੀ, ਉਹ ਭੁੱਲ ਗਈ, ਨੌਆਂ ਘਰਾਂ ਵਿਚ ਹੀ ਰਹਿ ਗਈ। ਦੋਵੇਂ ਅੱਖਾਂ, ਦੋਵੇਂ ਕੰਨ ਤੇ ਨਾਸਕਾ ਛੇ; ਸੱਤਵੀਂ ਰਸਨਾ, ਅੱਠਵੇਂ, ਨੌਵੇਂ ਮਲਮੂਤਰ ਦੇ ਇੰਦਰੇ, ਆਹ ਸਰੀਰ ਦੇ ਵਿਚ ਜਿਹੜੇ ਨੌਂ ਦਰਵਾਜ਼ੇ ਸੀ ਇਹਨਾਂ ਦੇ ਵਿਚੀਂ ਕਦੇ ਕਿਸੇ ਦਰਵਾਜ਼ੇ ਤੋਂ ਨਿਕਲਦੀ ਹੈ, ਕਦੇ ਕਿਸੇ ਦਰਵਾਜ਼ੇ 'ਚੋਂ, ਭੁੱਲ ਗਈ। ਕਹਿੰਦੇ ਇਹ ਐਨੀ ਭੁੱਲੀ, ਝੁੰਜਲਾਹਟ ਵਿਚ ਤਾਂ ਆਈ ਜਾਂਦੀ ਹੈ ਲੇਕਿਨ ਅਗਾਂਹਾਂ ਹੀ ਅਗਾਂਹਾਂ ਇੱਛਿਆ ਕਰੀ ਜਾਂਦੀ ਹੈ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਬਹੁ ਰੰਗ ਤਮਾਸ਼ੇ ਅੱਖੀਆਂ ਵੇਖ ਨਾ ਰੱਜੀਆਂ।***

***ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ।***
***ਉਸਤਤਿ ਨਿੰਦਾ ਕੰਨਿ ਸੁਣਿ ਰੋਵਣਿ ਤੇ ਹਾਸੇ।***

*ਸਾਦੀ ਜੀਭ ਨ ਰਜੀਆ ਕਰਿ ਭੋਗ ਬਿਲਾਸੇ।*
*ਨਕ ਨ ਰਜਾ ਵਾਸੁ ਲੈ ਦੁਰਗੰਧ ਸੁਵਾਸੇ।*
*ਰਜਿ ਨ ਕੋਈ ਜੀਵਿਆ ਕੂੜੇ ਭਰਵਾਸੇ।*
*ਪੀਰ ਮੁਰੀਦਾਂ ਪਿਰਹੜੀ ਸਚੀ ਰਹਰਾਸੇ॥*

***ਭਾਈ ਗੁਰਦਾਸ ਜੀ, ਵਾਰ 27/9***

ਮਹਾਰਾਜ ਕਹਿੰਦੇ ਜਿਹਨਾਂ ਨੂੰ ਅਗਿਆਨ ਇੰਦਰੇ ਕਹਿੰਦੇ ਨੇ, ਗਿਆਨ ਇੰਦਰੇ ਤਾਂ, ਤਾਂ ਨੇ ਜੇ ਅਸਲੀਅਤ ਨੂੰ ਪਾਉਣ, ਨਹੀਂ ਤਾਂ ਇਹ ਅਗਿਆਨ ਇੰਦਰੇ ਨੇ। ਗਿਆਨ ਇੰਦਰੇ ਨਹੀਂ ਇਹ ਕਹਾ ਸਕਦੇ। ਦੁਨੀਆਂ ਨੂੰ ਜਾਨਣ ਦੇ ਇੰਦਰੇ ਹੈਗੇ ਲੇਕਿਨ ਅੰਦਰਲੀ ਚੀਜ਼ ਜਿਹੜੀ ਹਰ ਵਕਤ ਇਹਦੇ ਨਾਲ ਰਹਿੰਦੀ ਹੈ ਉਹਨੂੰ ਨਹੀਂ ਇਹ ਜਾਣਦਾ। ਕੰਨ ਨੇ ਜਿਹੜੇ ਕਹਿੰਦੇ ਰੋਵਣ ਤੇ ਹਾਸੇ, ਸੁਣ-ਸੁਣ ਕੇ ਇਹ ਨਹੀਂ ਰੱਜਦੇ। ਜਿਹਭਾ ਸਵਾਦ ਲੈ-ਲੈ ਕੇ ਨਹੀਂ ਰੱਜਦੀ। ਨਾਸਿਕਾ ਸੁਗੰਧੀ ਲੈ ਕੇ ਨਹੀਂ ਰੱਜਦੀ। ਰਸਾਂ-ਕਸਾਂ ਦੇ ਵਿਚ ਪਿਆ ਹੋਇਆ ਇਹ ਬੰਦਾ, ਭੁੱਲਿਆ ਹੋਇਆ ਬੰਦਾ ਰੱਜਦਾ ਨਹੀਂ, ਭੁੱਲ ਗਈ ਕਾਮਣ। ਗੁਰੂ ਮਹਾਰਾਜ ਗੁਰੂ ਨਾਨਕ ਪਾਤਸ਼ਾਹ ਸਾਨੂੰ ਇਕ ਸ਼ਬਦ ਦੇ ਰਾਹੀਂ ਵਰਜਦੇ ਨੇ, ਪੜ੍ਹੋ ਪਿਆਰ ਨਾਲ -

***ਧਾਰਨਾ - ਕਿਤੇ ਭੁੱਲ ਨਾ ਜਾਈਂ ਓਏ ਮਨਾਂ ਮੇਰਿਆ,***
***ਮੋਤੀਆਂ ਦੇ ਮੰਦਰ ਵੇਖ ਕੇ।***

*ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥*
*ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ਅੰਗ- 14*

ਸੋਨੇ ਦੇ ਮੰਦਰ ਮੋਤੀਆਂ ਨਾਲ ਜੜ੍ਹੇ ਹੋਏ, ਸੁਗੰਧੀਆਂ ਦਿੰਦੇ, ਜੇ ਭੁੱਲ ਗਿਆ ਪਿਆਰਿਆ! ਇਹੀ ਚੀਜ਼ ਤੈਨੂੰ ਰੁਕਾਵਟ ਬਣ ਜਾਣੀ ਹੈ। ਸੋਹਣੀਆਂ ਚੀਜ਼ਾਂ, ਮੋਹਣੀਆਂ ਦੇਖ ਕੇ -

*ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥*
*ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥*

***ਅੰਗ- 14***

ਇਸ਼ਾਰਾ ਹੋ ਰਿਹਾ ਹੈ ਕਿਸੇ ਬਹੁਤ ਵੱਡੀ ਚੀਜ਼ ਵੱਲ। ਰਿਧੀਆਂ-ਸਿੱਧੀਆਂ ਸ਼ਕਤੀਆਂ ਦੇ ਉਤੇ ਮੋਹਿਤ ਹੋ ਜਾਂਦਾ ਹੈ ਬੰਦਾ। ਪ੍ਰਾਪਤ ਹੋ ਜਾਣ ਜਿਹਨੂੰ। ਐਨਾ ਜ਼ੋਰ ਕਰਦੀਆਂ ਨੇ ਲੁਕਾ ਕੇ ਨਹੀਂ ਰੱਖ ਸਕਦਾ। ਲੁਟੇਰੇ ਆ ਜਾਂਦੇ ਨੇ, ਲੁਟਦੇ ਨੇ ਫੇਰ ਉਹਨੂੰ ਚੰਗੀ ਤਰ੍ਹਾਂ। ਮੁੱਕ ਜਾਂਦਾ ਹੈ ਉਹਦਾ ਧਨ ਫੇਰ ਪਛਤਾਉਂਦਾ ਹੈ -

*ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥*
*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥*

***ਅੰਗ- 14***

ਰਾਜਸੀ ਸ਼ਕਤੀ ਦੇ ਅੰਦਰ ਆਦਮੀ ਮਧ ਵਿਚ ਹੰਕਾਰੀ ਹੋ ਜਾਂਦੈ।

ਉਹਨੂੰ ਨਹੀਂ ਪਤਾ ਰਹਿੰਦਾ ਜਾਇਜ਼ ਤੇ ਨਾਜਾਇਜ਼ ਦਾ। ਨਿਰਣਾ ਨਹੀਂ ਕਰ ਸਕਦਾ। ਮਹਾਰਾਜ ਕਹਿੰਦੇ –

*ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥*
*ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥*

*ਅੰਗ– 14*

ਇਸ਼ਾਰਾ ਕਾਹਦੇ ਵਲ ਕਰਦੇ ਨੇ। ਕਹਿੰਦੇ ਅਸਲੀ ਚੀਜ਼ ਵਲ ਤੂੰ ਧਿਆਨ ਨਹੀਂ ਦਿੰਦਾ। ਭੁੱਲ ਗਿਆ। ਤੇਰੇ ਅੰਦਰ ਪ੍ਰਮੇਸ਼ਰ ਹੈ। ਉਹਦੇ ਧਿਆਨ ਤੋਂ ਦੂਜੇ ਧਿਆਨਾਂ ਵਿਚ ਪੈ ਕੇ ਤੇਰਾ ਜਿਹੜਾ ਕੌਲ ਫੁੱਲ ਹੈ ਸਿੱਧਾ ਹੋਇਆ-ਹੋਇਆ ਪਹਿਲਾਂ ਅੰਮ੍ਰਿਤ ਨਾਲ ਭਰਿਆ ਹੋਇਆ, ਪੁੱਠਾ ਹੋ ਜਾਂਦੈ, ਫੇਰ ਤੈਨੂੰ ਕੋਈ ਵੀ ਦੁਨੀਆਂ ਦੀ ਪ੍ਰਾਪਤੀ, ਨਾ ਰਾਜਸੀ ਸ਼ਕਤੀ, ਨਾ ਮਾਇਕ ਸ਼ਕਤੀ, ਨਾ ਭੋਗਾਂ ਦੀ ਸ਼ਕਤੀ, ਨਾ ਰਿੱਧੀਆਂ-ਸਿੱਧੀਆਂ ਦੀ ਸ਼ਕਤੀ, ਇਹ ਕੁਛ ਨਹੀਂ ਕਰ ਸਕਦੀ। ਤੇਰੇ ਅੰਦਰ ਝੁੰਜਲਾਹਟ ਰਹਿਣੀ ਹੈ ਕਿਉਂਕਿ ਜੀਵਨ ਦੀ ਧਾਰਾ ਨਾਲੋਂ ਤੂੰ ਟੁੱਟ ਗਿਆ। ਐਸਾ ਫੁਰਮਾਨ ਹੈ –

*ਧਾਰਨਾ – ਜਲ ਬਲ ਜਾਵੇ ਜੀਉੜਾ ਨਾਮ ਤੋਂ ਬਿਨਾਂ।*

*ਹਰਿ ਬਿਨੁ ਜੀਉ ਜਲਿ ਬਲਿ ਜਾਉ ॥*
*ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥*

*ਅੰਗ– 14*

ਸੋ ਇਸ ਤਰ੍ਹਾਂ ਦੇ ਨਾਲ ਇਹ ਜੋ ਸਾਡੀ ਸੁਰਤੀ ਹੈ ਇਹ ਭੁੱਲ ਗਈ, ਨੌਂ ਦਰਵਾਜ਼ਿਆਂ 'ਚ ਘੁੰਮਦੀ ਫਿਰਦੀ ਹੈ। ਮਹਾਰਾਜ ਕਹਿੰਦੇ, ਤੂੰ ਤਾਂ ਜਲ ਗਿਆ, ਬਿਲਕੁਲ ਹੀ ਖਤਮ ਹੋ ਗਿਆ। ਇਹ ਤਾਂ ਤੇਰਾ ਜਿਹੜਾ ਕਉਲ ਸੀ, ਉਹਦੇ ਵਿਚੋਂ ਅੰਮ੍ਰਿਤ ਸਾਰਾ ਹੀ ਡੁਲ੍ਹ ਗਿਆ ਤੇ ਉਲਟਾ ਹੋ ਕੇ ਮੂਧਾ ਹੋ ਗਿਆ, ਹੁਣ ਜ਼ੋਰ ਲਾ ਲੈ ਜਿਹੜਾ ਕੁਛ ਤੇਰਾ ਲਗਦੈ। ਚਾਹੇ ਦੁਨੀਆਂ ਦੇ ਤਖਤ 'ਤੇ ਬੈਠ ਜਾ। ਚਾਹੇ ਐਡਾ ਵੱਡਾ ਰਾਜਾ ਹੋ ਜਾ ਕਿ ਤੈਨੂੰ ਸਾਰੇ ਹੀ ਜਾਣਦੇ ਨੇ –

*ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥*
*ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥*
*ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥*
*ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥*
*ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥*

*ਅੰਗ – 2*

ਕੀ ਪ੍ਰਾਪਤੀਆਂ ਹੋਈਆਂ ਦੁਨੀਆਂ ਦੀਆਂ, ਇਕ ਸੁਪਨੇ ਦੇ ਵਿਚ ਤੁਰਿਆ ਫਿਰਦੈ। ਸੋ ਅਸਲੀਅਤ ਨੂੰ ਸਮਝਣ ਦਾ ਯਤਨ ਕਰੋ ਸਾਧਸੰਗਤ ਜੀ। ਇਹ ਭੁੱਲ ਗਿਆ, ਭੁੱਲਣ ਦੇ ਨਾਲ ਦੁਖੀ ਹੁੰਦਾ ਤੁਰਿਆ ਫਿਰਦੈ ਜੀਵ ਇਹ, ਤੇ ਗੁਰੂ ਮਹਾਰਾਜ ਕਹਿੰਦੇ ਤੇਰੇ ਅੰਦਰ ਨਾਮ ਦੀ ਧੁਨ –

*ਦਿਲਾ ਕਾ ਮਾਲਕੁ ਕਰੇ ਹਾਕੁ ॥* *ਅੰਗ– 897*

ਆਵਾਜ਼ ਦੇ ਰਿਹੈ ਕਿ ਏਧਰ ਆ ਜਾ, ਏਧਰ ਆ ਜਾ, ਆਹ ਆਵਾਜ਼ ਸੁਣ ਲੈ ਇਹਨੂੰ ਫੜ ਲੈ। ਫੜਨ ਦਾ ਕੋਈ ਤਰੀਕਾ ਹੈ? ਮਹਾਂਪੁਰਸ਼ਾਂ ਨੂੰ ਪਤਾ ਹੁੰਦੈ ਕਿ ਆਵਾਜ਼ ਕਿਵੇਂ ਫੜੀ ਜਾਂਦੀ ਹੈ। ਮਿਹਨਤ ਕਰ ਤੂੰ, ਚੱਲ ਸਹੀ ਇਸ ਰਸਤੇ ਤੈਨੂੰ ਆਵਾਜ਼ ਦਾ ਵੀ ਪਤਾ ਲਗ ਜਾਏਗਾ, ਫੜ ਵੀ ਲਏਂਗਾ ਉਹਨੂੰ। ਸਫਰ ਵੀ ਤਹਿ ਹੋਣ ਲਗ ਜਾਏਗਾ। ਇਹ ਤਾਂ ਅਨੁਭਵੀ ਗਿਆਨ ਹੈ, ਨਿਰਾ ਸਿਧਾਂਤ ਨਹੀਂ ਹੈ, ਕਰਨਾ ਪੈਂਦੈ ਇਹਦੇ 'ਚ। ਲੇਕਿਨ ਇਹ ਸੁਰਤੀ ਭੁੱਲ ਗਈ, ਨੌਂਆਂ ਘਰਾਂ ਦੇ ਅੰਦਰ। ਉਹਨਾਂ ਨੇ ਹੀ ਇਹਨਾਂ ਨੂੰ ਮੋਹਿਤ ਕਰ ਲਿਆ। ਆਹ ਜਿਹੜੀ ਆਈ ਹੈ ਨਵੀਂ ਟੈਲੀਵੀਜ਼ਨ, ਪਤਾ ਹੀ ਨਹੀਂ ਕਿੰਨੀਆਂ ਕੁ ਚੈਨਲਾਂ ਨੇ। ਸਰਵੇ ਕਰਿਆ ਸੀ, ਕਹਿੰਦੇ, ਬੱਚੇ ਜਿੰਨਾਂ ਸਮਾਂ ਸਕੂਲ ਵਿਚ ਪੜ੍ਹਦੇ ਨੇ, ਉਸ ਤੋਂ ਡੇਢ ਗੁਣਾਂ ਸਮਾਂ ਟੈਲੀਵੀਜ਼ਨ ਦੇਖਦੇ ਨੇ। ਇਹਦਾ ਅਸਰ ਕੀ ਹੋਣੈ? ਖਿੰਡਾਓ ਆ ਜਾਣੈ ਦਿਮਾਗ ਦੇ ਅੰਦਰ। ਕੋਈ ਨਿਰਣੇਪੂਰਵਕ ਗੱਲ ਨਹੀਂ ਹੋਣੀ। ਦਿਮਾਗ ਨੇ ਬੌਂਦਲ ਜਾਣੈ ਤੇ ਅੱਧ ਕਮਲੇ ਤੁਸੀਂ ਦੇਖ ਲਿਓ 15 ਸਾਲ 'ਚ ਆਹ ਬੱਚੇ ਜਿਹੜੇ ਹੁਣ ਜੰਮੇ ਨੇ। 15 ਸਾਲ ਨੂੰ ਅੱਧੇ ਕਮਲੇ ਜਿਹੇ ਹੋਏ ਤੁਰੇ ਫਿਰਨਗੇ। ਕਿਉਂਕਿ ਅਸਰ ਪੈ ਗਿਆ ਦੇਖਣ ਦਾ, ਸੁਣਨ ਦਾ ਅਸਰ ਪੈ ਗਿਆ। ਜੇ ਸੁਣਨੈ ਹੈ ਤਾਂ ਇਹਦੀ ਥਾਂ 'ਤੇ ਨਾਮ ਦੀ ਧੁਨ ਸੁਣ। ਨਾਮ ਦੀ ਧੁਨ ਜਿਉਂ-ਜਿਉਂ ਬਰੀਕ ਹੋਏਗੀ, ਤੈਨੂੰ ਪਤਾ ਲੱਗਣ ਲਗ ਜਾਏਗਾ, ਜਿਹੜੀ ਗੁਪਤ ਗੱਲਾਂ ਨੇ ਤੇਰੇ ਸਾਮ੍ਹਣੇ ਆ ਜਾਣਗੀਆਂ। ਤੂੰ ਬੈਠਾ ਹੀ ਦੇਖ ਲਏਂਗਾ ਇਥੇ ਕਿ ਕੀ ਹੋ ਰਿਹਾ ਹੈ।

ਬਾਪੂ ਜੀ, (ਸ੍ਰੀ ਮਾਨ ਸੰਤ ਬਾਬਾ ਹੀਰਾ ਸਿੰਘ ਜੀ ਦਾਊਦਪੁਰ ਲੁਧਿਆਣਾ) ਲਾਹੌਰ ਵਿਚ ਸੀਗੇ। ਬੀਬੀ ਹੋਰੀਂ ਨਿਆਣੀਆਂ ਸੀ। ਬੀਜੀ ਦੇ ਪਿਤਾ ਜੀ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਉਹਨਾਂ ਦਾ ਬੜਾ ਸਤਿਕਾਰ ਕਰਦੇ ਹੁੰਦੇ। ਉਹਨਾਂ ਨੇ ਇਹਨਾਂ ਨੂੰ ਬੁਲਾਇਆ, ਬੁਲਾ ਕੇ ਕਹਿਣ ਲੱਗੇ, ਬੇਟਾ! ਇਕ ਸਿੰਘ ਆ ਰਿਹੈ, ਦਰਵਾਜ਼ਾ ਨਹੀਂ ਖੋਲ੍ਹਣਾ ਉਹਨੂੰ। ਲਾਹੌਰ ਦੇ ਸਟੇਸ਼ਨ 'ਤੇ ਗੱਡੀ ਆਈ, ਘੰਟਾ ਲੰਘ ਗਿਆ ਤੇ ਉਹ ਸਿੰਘ ਆ ਗਿਆ। ਇਹਨਾਂ ਨੇ ਅੰਦਰੋਂ ਦਰਵਾਜ਼ਾ ਬੰਦ ਕਰ ਲਿਆ। ਚੁਬਾਰਿਆਂ ਦੇ ਵਿਚ ਰਹਿੰਦੇ ਹੁੰਦੇ, ਪਹਿਲੀ ਮੰਜ਼ਿਲ 'ਤੇ। ਜਿਸ ਵਕਤ ਆਇਆ ਤੇ ਦਰਵਾਜ਼ਾ ਖੜਕਾਇਆ, ਇਹ ਕਹਿਣ ਲੱਗੇ ਕਿ ਪਿਤਾ ਜੀ ਨੇ ਕਿਹਾ ਕਿ ਦਰਵਾਜ਼ਾ ਨਹੀਂ ਖੋਲ੍ਹਣਾ।

ਕਹਿੰਦਾ, ਮੈਨੂੰ ਤਾਂ ਨਹੀਂ ਕਿਹਾ, ਮੈਂ ਤਾਂ ਬੰਬਈ ਤੋਂ ਆਇਆ ਹਾਂ। ਉਹ ਕਹਿੰਦੇ ਉਹਨਾਂ ਨੇ ਕਿਹੈ ਕਿ ਇਕ ਸਿੰਘ ਆ ਰਿਹੈ। ਕਹਿੰਦਾ, ਸਿੰਘ ਤਾਂ ਮੈਂ ਜ਼ਰੂਰ ਹਾਂ ਪਰ ਮੈਂ ਦੂਰੋਂ ਆ ਰਿਹਾ ਹਾਂ। ਮੇਰਾ ਤਾਂ ਪਤਾ ਨਹੀਂ ਇਹਨਾਂ ਨੂੰ। ਕਿਸੇ ਹੋਰ ਸਿੰਘ ਨੂੰ ਕਿਹਾ ਹੋਣੈ। ਦਰਵਾਜ਼ਾ ਖੋਲ੍ਹ ਦਿਤਾ। ਪਿਤਾ ਜੀ ਦੇ ਕੋਲ ਜਾ ਕੇ ਜਦੋਂ ਨਮਸ਼ਕਾਰ ਕਰੀ, ਨਰਾਜ਼ ਹੋ ਗਏ, ਉਹ ਸਿੰਘ ਸੀਗਾ ਪੂਰਾ। ਨਾਮ ਜਪਣ ਵਾਲਾ, ਰਹਿਤਾਂ ਬਹਿਤਾਂ ਵਿਚ ਪੂਰਾ।

ਪਿਤਾ ਜੀ ਨੇ ਕਿਹਾ ਸਿੰਘਾ! ਬੰਬੇ ਵਿਚ ਗੁਰੂ ਦਸ਼ਮੇਸ਼ ਪਿਤਾ ਦੀ ਦਸਤਾਰ ਨੂੰ ਦਾਗ ਲਾ ਦਿਤਾ। ਕੀ ਕਰਦਾ ਰਿਹਾ ਉਥੇ? ਐਨੇ ਮਾੜੇ ਕੰਮ, ਨੀਵੀਂ ਪਾ ਲਈ। ਰੋਣ ਲੱਗ ਗਿਆ ਉੱਚੀ-ਉੱਚੀ, ਚਰਨ ਫੜ ਲਏ, ਧਾਹਾਂ ਮਾਰਦੈ ਕਿ ਹੁਣ ਬਖਸ਼ ਦਿਓ, ਮੈਨੂੰ ਇਹ ਭੁੱਲ ਗਿਆ ਸੀ ਕਿ ਕੋਈ ਦੇਖਣ ਵਾਲਾ ਵੀ ਹੈ।

ਕਹਿੰਦੇ, ਪਿਆਰਿਆ! ਜੇ ਮੇਰੇ ਵਰਗਾ ਬੰਦਾ ਵੀ ਦੇਖ ਸਕਦੈ ਤਾਂ ਤੂੰ ਇਹ ਸਮਝ ਲੈ ਕਿ ਗੁਰੂ ਨਹੀਂ ਦੇਖ ਰਿਹਾ ਤੈਨੂੰ? ਤੇ ਮੈਨੂੰ ਇਥੇ ਬੈਠੇ ਨੂੰ, 2000 ਕਿਲੋਮੀਟਰ 'ਤੇ ਨਜ਼ਰ ਆ ਰਿਹੈ ਤੇ ਤੈਨੂੰ ਨਹੀਂ ਪਤਾ। ਸਾਡੇ ਜਨਮ ਤੋਂ ਅੱਠ ਸਾਲ ਪਹਿਲਾਂ ਸਾਡਾ ਮੰਗਣਾ ਕਰ ਦਿਤਾ। ਰੁਪਈਆਂ ਫੜਾ ਗਏ, ਆਪਣੀ ਭੈਣ ਸੀ ਇਹਨਾਂ ਦੀ ਘਰਾਂ 'ਚੋਂ, ਕਹਿਣ ਲੱਗੇ, ਇਸ ਘਰ ਵਿਚ ਇਕ ਲੜਕਾ ਆਉਣੈ, ਅੱਠ ਸਾਲ ਨੂੰ, ਸਾਡੇ ਲੜਕੀ ਆਉਣੀ ਹੈ, ਉਹਨੂੰ ਮੰਗਿਓ ਨਾ ਉਹਦਾ ਸੰਜੋਗ ਧੁਰ ਦਰਗਾਹ ਦਾ ਲਿਖਿਆ ਹੋਇਐ। ਉਹਨੇ ਸੇਵਾ ਕਰਨ ਆਉਣੈ ਇਸ ਪਰਿਵਾਰ ਦੀ। ਭਰਾ ਮੇਰੇ, ਮੇਰੇ ਤੋਂ ਵੱਡੇ ਹੋਏ, ਉਹਨਾਂ ਨੇ ਧਿਆਨ ਹੀ ਨਾ ਦਿਤਾ। ਉਹਨਾਂ ਦੇ ਵੀ ਲੜਕੀ ਹੋਈ। ਕੋਈ ਧਿਆਨ ਨਹੀਂ। ਜਦੋਂ ਲਾਹੌਰ ਬੈਠਿਆਂ ਨੇ ਸੁਣਿਆ ਕਿ ਉਹਨਾਂ ਦੇ ਲੜਕਾ ਆ ਗਿਆ। ਉਸੇ ਵੇਲੇ ਜੋ ਆਪਣੇ ਚਾਚੇ ਦੀ ਧੀ, ਭੈਣ ਉਹਨਾਂ ਦੀ ਸੀ, ਉਹਨੂੰ ਕਹਿਣ ਲੱਗੇ ਕਿ ਬੀਬੀ! ਉਹ ਰੁਪਈਆ ਤੂੰ ਫੜਾ ਆ, ਢਾਈ ਸਾਲ ਦਾ ਹੀ ਹੋਇਆ ਸੀ, ਜਦੋਂ ਮੇਰਾ ਮੰਗਣਾ ਕਰ ਦਿਤਾ। ਉਹ ਕਹਿੰਦੇ ਇਥੇ ਹੋਣੈ। ਭਾਈ ਰਣਧੀਰ ਸਿੰਘ ਜੀ ਨੇ ਇਹਨਾਂ ਦੀ ਬੜੀ ਲੜਕੀ, ਬੀਬੀ ਜੀ ਦੀ ਭੈਣ ਦਾ ਰਿਸ਼ਤਾ ਮੰਗਿਆ, ਬਲਬੀਰ ਸਿੰਘ ਉਹਨਾਂ ਵਾਸਤੇ। ਬਾਪੂ ਜੀ ਕਹਿਣ ਲੱਗੇ, ਭਾਈ ਸਾਹਿਬ! ਇਹਦੀ ਕਿਸਮਤ 'ਚ ਵਿਧਵਾ ਹੋਣਾ ਲਿਖਿਆ ਹੋਇਐ। ਇਹ ਵਿਆਹ ਤੋਂ ਬਾਅਦ ਥੋੜ੍ਹੇ ਸਾਲਾਂ ਬਾਦ ਵਿਧਵਾ ਹੋ ਜਾਏਗੀ।

ਇਕ ਗ੍ਰਹਿਸਤ 'ਚ ਰਹਿਣ ਵਾਲਾ ਬੰਦਾ, ਕਾਰੋਬਾਰ ਕਰਨ ਵਾਲਾ, ਨੌਕਰੀ ਕਰਦੇ ਸੀ ਲਾਹੌਰ, ਬੰਦਗੀ ਕਰਨ ਦੇ ਨਾਲ ਅੰਦਰਲਾ ਪਾਸਾ ਜਦੋਂ ਖੁਲ੍ਹਿਆ, ਅਨੁਭਵ ਜਾਗਿਆ, ਭੂਤ, ਭਵਿੱਖਤ, ਵਰਤਮਾਨ ਤਿੰਨੇ ਹੀ ਦੇਖ ਲਏ। ਪ੍ਰੈਕਟੀਕਲ ਗੱਲਾਂ ਨੇ ਸਾਧਸੰਗਤ ਜੀ। ਇਹ ਤਾਂ ਪੂਰੀ ਸਾਇੰਸ ਹੈ।

ਸੋ ਆਦਮੀ ਇਸ ਤਰ੍ਹਾਂ ਕਿਉਂ ਹੈ? ਕਿਉਂਕਿ ਸਾਡੀ ਸੁਰਤ ਨੌਆਂ ਘਰਾਂ 'ਚੋਂ ਨਿਕਲਦੀ ਨਹੀਂ ਹੈ। ਦੂਜਾ ਅਸੀਂ ਸੁੱਤੇ ਪਏ ਰਹਿੰਦੇ ਹਾਂ -

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥***

***ਅੰਗ- 920***

ਹੁਣ ਸੁੱਤੇ ਨੂੰ ਆਵਾਜ਼ ਅੰਦਰਲੀ ਕੀ ਸੁਣੇ? ਮਹਾਰਾਜ ਕਹਿੰਦੇ, ਐਨੀ ਗਾੜ੍ਹੀ ਨੀਂਦ 'ਚ ਸੌਂ ਗਿਆ ਕਿ ਤੂੰ ਜਗਾਇਆ ਹੋਇਆ ਵੀ ਨਹੀਂ ਜਾਗਦਾ। ਕਹਿੰਦੇ ਐਨਾ ਗਾਫਲ ਹੋ ਗਿਆ। ਆਵਾਜ਼ਾਂ ਦਿੰਦੇ ਨੇ ਮਹਾਰਾਜ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਤੈਨੂੰ ਗੁਰੂ ਜਗਾਉਂਦੇ ਨੇ, ਮਨਾਂ ਤੂੰ ਜਾਗ ਲੈ।***

*ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥*
*ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ॥*

*ਅੰਗ- 726*

ਐਨਾ ਗਾਫਲ ਹੋ ਕੇ ਸੌਂ ਗਿਆ। ਜਿਨ੍ਹਾਂ ਦੇ ਵਿਚ ਤੂੰ ਰਚਿਆ ਪਿਆ ਹੈਂ, ਮਾਤਾ ਦੇ ਵਿਚ, ਪੁੱਤਰਾਂ ਦੇ ਵਿਚ, ਭਰਾਵਾਂ ਦੇ ਵਿਚ। ਉਹ ਤੇਰੇ ਨਾਲ ਨਾ ਆਏ ਨੇ, ਨਾ ਤੇਰੇ ਨਾਲ ਜਾਣੈ। ਇਕੱਲਾ ਤੂੰ ਆਇਆ ਹੈਂ, ਤੂੰ ਜਾਣਾ ਵੀ ਇਕੱਲੇ ਨੇ ਹੈ। ਇਥੇ ਤੂੰ ਪਸਾਰਾ ਪਸਾਰ ਕੇ ਬੈਠ ਗਿਆ। ਜੋ ਕਿਸੇ ਨੇ ਤੇਰੀ ਸਹਾਇਤਾ ਕਰਨੀ ਹੈ, ਉਸ ਚੀਜ਼ ਵਲ ਤੇਰਾ ਕੋਈ ਧਿਆਨ ਨਹੀਂ ਜਾ ਰਿਹਾ। ਭੁੱਲ ਗਿਆ ਤੂੰ ਸੰਸਾਰ 'ਚ ਆ ਕੇ। ਉਹਨਾਂ ਦੇ ਨਾਲ ਸਾਥ ਪਾ ਲਿਆ ਜਿਹਨਾਂ ਨੇ ਤੇਰਾ ਜਿਉਂਦੇ-ਜਿਉਂਦੇ ਸਾਥ ਛੱਡ ਦੇਣੈ। ਨਾਲ ਨਹੀਂ ਨਿਭਦਾ, ਚਲੇ ਜਾ ਰਹੇ ਨੇ -

*ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥*
*ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥*

*ਅੰਗ- 1381*

ਤੂੰ ਆਪਣੇ ਸਰੀਰ ਦਾ ਗੁਮਾਨ ਕਰੀ ਜਾਨੈ। ਇਕ ਦਿਨ ਆਉਣੈ ਜਦੋਂ ਤੇਰੇ ਸਰੀਰ ਦੇ ਜਿਹੜੇ ਸਾਥੀ ਨੇ, ਉਹਨਾਂ ਨੇ ਵੀ ਤੈਨੂੰ ਛੱਡ ਦੇਣੈ।

*ਧਾਰਨਾ - ਤੈਨੂੰ ਛੱਡ ਗਏ ਬਾਲ ਸਖਾਈ,*
*ਜਿੰਦੇ ਤੈਨੂੰ ਛੱਡ ਗਏ।*

*ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥*
*ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥ ਅੰਗ- 1381*

ਕੋਈ ਸਮਾਂ ਸੀ ਜਦੋਂ ਤੂੰ ਦੰਦਾਂ ਦੇ ਨਾਲ ਰੱਸਾ ਫੜ ਕੇ ਹਵਾਈ ਜਹਾਜ਼ ਨੂੰ ਖਿੱਚ ਲੈਂਦਾ ਸੀ। ਅਖ਼ਬਾਰ 'ਚ ਆਇਆ ਸੀ ਇਕ ਪ੍ਰੇਮੀ ਨੇ ਹਵਾਈ ਜਹਾਜ਼ ਨੂੰ ਖਿੱਚ ਲਿਆ ਦੰਦਾਂ ਨਾਲ। ਇਕ ਦਾ ਆਇਆ ਕਿ ਦੰਦਾਂ ਨਾਲ ਭਰੀ ਹੋਈ ਬੋਰੀ ਰੱਸੀ ਪਾ ਕੇ ਚੁੱਕ ਲਈ। ਪਰ ਸਮਾਂ ਲੰਘ ਗਿਆ, ਦੰਦਾਂ ਨੇ ਜਵਾਬ ਦੇ ਦਿਤਾ। ਟੁੱਟ ਗਏ ਦੰਦ। ਨਵੇਂ ਲਵਾਉਂਦਾ ਫਿਰਦੈ, ਸ਼ੁੱਧ ਅੱਖਰ ਨਹੀਂ ਨਿਕਲਦੇ। ਨੇਤਰਾਂ ਦੀ ਜੋਤੀ ਜਾਂਦੀ ਰਹੀ, ਐਨਕਾਂ ਦੇ ਨੰਬਰ ਬਦਲਦੇ ਤੁਰੇ ਜਾ ਰਹੇ ਨੇ। ਤੈਨੂੰ ਛੱਡ ਗਏ, ਜੋਤੀ ਜਿਹੜੀ ਤੇਰੇ ਨਾਲ ਆਈ ਸੀ। ਕੰਨਾਂ ਨੇ ਜਵਾਬ ਦੇ ਦਿਤਾ। ਮਸ਼ੀਨਾਂ ਲਾਉਂਦਾ ਹੈ ਕਹਿੰਦਾ, ਸੁਣਦਾ ਨਹੀਂ ਹੈ। ਕੀ ਕਰਿਆ ਜਾਵੇ? ਬੇਬਸੀ ਹੋ ਗਈ, ਸੁਣਨਾ ਚਾਹੁੰਦੈ ਸੁਣ ਸਕਦਾ ਨਹੀਂ। ਹੱਥ ਕੰਮ ਨਹੀਂ ਕਰਦੇ, ਕੰਬਦੇ ਨੇ, ਪੈਰ ਚੱਲ ਨਹੀਂ ਸਕਦੇ -

*ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ ॥*
*ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥*

*ਅੰਗ- 1378*

ਆਹ ਨੇੜੇ ਪਿਆ ਹੋਇਆ ਤਿੰਨ ਫੁੱਟ 'ਤੇ ਪਾਣੀ, ਮੈਂ ਉਠ ਕੇ ਪੀ ਨਹੀਂ ਸਕਦਾ, ਕਿੱਧਰ ਮੇਰਾ ਬਲ ਚਲਿਆ ਗਿਆ, ਪੈਰ ਕੰਬਦੇ ਨੇ, ਦੂਜਾ ਉਠਾਲੇ ਤਾਂ ਪਾਸਾ ਲੈ ਸਕਦਾ ਹਾਂ। ਮਹਾਰਾਜ ਕਹਿੰਦੇ, ਅਜੇ ਵੀ ਸੁੱਤਾ

ਪਿਐਂ, ਤੈਨੂੰ ਅਜੇ ਵੀ ਜਾਗ ਨਹੀਂ ਆਈ-

***ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥***
***ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ॥***
***ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ ॥***
***ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ ॥***

***ਅੰਗ- 726***

ਜਿਹਨਾਂ ਨਾਲ ਤੂੰ ਹਿਤ ਕੀਤਾ ਹੈ ਤੈਨੂੰ ਇਹ ਅਗਨ ਦੇ ਵਿਚ ਪਾ ਦੇਣਗੇ। ਸੋ ਇਸ ਕਰਕੇ ਸੁੱਤੇ ਪਏ ਦੀ ਰੈਣ ਵਿਹਾ ਜਾਂਦੀ ਹੈ। ਜਾਗ ਨਹੀਂ ਇਹਨੂੰ ਆਉਂਦੀ ਐਨਾ ਭੁੱਲ ਗਿਆ। ਮਹਾਰਾਜ ਕਹਿੰਦੇ, ਤਿੰਨਾਂ ਗੁਣਾਂ ਦੇ ਵਿਚ ਸੰਸਾਰ ਭੁੱਲਿਆ ਪਿਐ। ਗਾੜ੍ਹੀ ਨੀਂਦ ਆ ਗਈ। ਐਨੀ ਗਾੜ੍ਹੀ ਹੈ ਕਿ ਜਗਾਇਆ ਨਹੀਂ ਜਾਗਦਾ। ਸ਼ਬਦ ਇਹਦੇ ਅੰਦਰ ਹੋ ਰਿਹੈ। ਕਾਰਨ ਕੀ ਹੈ? ਸ਼ਬਦ ਨੂੰ ਕਿਉਂ ਨਹੀਂ ਸੁਣ ਰਿਹਾ। ਕਹਿੰਦੇ -

***ਮਾਇਆਧਾਰੀ ਅਤਿ ਅੰਨਾ ਬੋਲਾ ॥***
***ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥*** ***ਅੰਗ- 313***

ਮਾਇਆਧਾਰੀ ਪੈਸੇ ਵਾਲੇ ਨੂੰ ਤਾਂ ਨਹੀਂ ਕਹਿੰਦੇ ਅਸੀਂ ਤਾਂ ਪੈਸੇ ਵਾਲੇ ਨੂੰ ਕਹਿੰਦੇ ਹਾਂ। ਮਾਇਆ, ਜਿਹਦਾ ਪ੍ਰਮੇਸ਼ਰ ਤੋਂ ਬਗੈਰ ਦ੍ਰਿਸ਼ਟਮਾਨ ਦੇ ਵਿਚ ਦਿਲ ਪਰਚ ਗਿਆ, ਕਹਿੰਦੇ ਉਹ ਮਾਇਆਧਾਰੀ ਹੁੰਦੈ। ਮਾਇਆ ਦੇ ਵਿਚ ਧਾਰਨ ਕਰ ਲਿਆ ਮਾਇਆ ਨੂੰ। ਨਾਮ ਨੂੰ ਧਾਰਨ ਕਰਨ ਵਾਲਾ ਨਾਮ ਧਾਰੀ ਹੁੰਦੈ। ਨਾਮ ਤਾਂ ਇਹਨੇ ਧਾਰਨ ਨਹੀਂ ਕਰਿਆ ਮਾਇਆ ਨੂੰ ਧਾਰਨ ਕਰ ਲਿਆ। ਹੋਇਆ ਕੀ? ਇਹਦੇ ਦਿੱਬਯ ਕੰਨ ਬੰਦ ਹੋ ਗਏ, ਦਿੱਬਯ ਨੇਤਰ ਬੰਦ ਹੋ ਗਏ - 'ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥' ਆਪੇ ਹੀ ਅੰਨਾ ਤੇ ਬੋਲਾ ਹੋ ਗਿਆ। ਆਖਰੀ ਹੱਦ ਤਕ, ਜਿਸ ਤੋਂ ਅਗਾਂਹਾਂ ਲਕੀਰ ਨਹੀਂ ਹੁੰਦੀ ਕੋਈ। ਮਸ਼ੀਨ ਚਾਹੇ ਗਰਦਨ 'ਚ ਲਾ ਦਿਓ, ਚਾਹੇ ਕੰਨਾਂ 'ਚ ਲਾ ਦਿਓ, ਹੁਣ ਨਹੀਂ ਸੁਣਦਾ। ਸੁਣਨ ਦੀ ਸ਼ਕਤੀ ਜ਼ੀਰੋ ਬਣ ਗਈ, ਖਤਮ ਹੋ ਗਈ। ਉਹ ਹੋਈ ਕਿਉਂ? ਕਿਉਂਕਿ ਉਹਨੇ ਮਾਇਆ ਧਾਰਨ ਕਰ ਲਈ। ਨਾ ਮਹਾਂਪੁਰਸ਼ਾਂ ਦਾ ਉਪਦੇਸ਼ ਸੁਣੇ, ਨਾ ਕੋਈ ਗੱਲ ਸੁਣੇ। ਅਖੀਰ ਬਾਬਾ ਫਰੀਦ ਜੀ ਕਹਿੰਦੇ, ਕੀ ਕਰੀਏ -

***ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥***
***ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥***

***ਅੰਗ- 1378***

ਉਚੀ-ਉਚੀ ਚਾਰੇ ਵੇਦ, ਛੇਈਂ ਸ਼ਾਸਤਰ, ਸਤਾਈ ਸਿਮ੍ਰਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ, ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ, ਬੇਅੰਤ ਮਹਾਤਮਾ, ਇਸ ਜੀਵ ਨੂੰ ਉਪਦੇਸ਼ ਦਿੰਦੇ ਨੇ ਪਰ ਕਰਿਆ ਕੀ ਜਾਵੇ। ਐਨੀਆਂ ਆਵਾਜ਼ਾਂ, ਐਨੇ ਉਪਦੇਸ਼ਾਂ ਤੋਂ ਬਾਅਦ ਇਹਨੂੰ ਜਾਗ ਨਹੀਂ ਆਉਂਦੀ, ਬਹੁਤ ਹਾਕਾਂ ਮਾਰ-ਮਾਰ ਕੇ ਸਮਝਾਉਂਦੇ ਨੇ, ਨਹੀਂ ਜਾਗ ਆਉਂਦੀ -

***ਧਾਰਨਾ - ਭਾਗ ਜਿਹਨਾਂ ਦੇ ਮੰਦੇ ਦਿੱਤੀਆਂ ਬਾਗਾਂ ਤੋਂ ਨਾ ਜਾਗਦੇ।***

ਅੰਦਰਲੇ ਪਾਸੇ ਹੀ ਸਭ ਦੇ ਅੰਦਰ ਇਕ ਸ਼ਕਤੀ ਹੈ, ਚਾਹੇ ਉਹਨੂੰ ਮਨ ਕਹਿ ਲਓ, ਸ਼ੈਤਾਨ ਕਹਿ ਲਓ, ਮਾਰ ਦੇਵਤਾ ਕਹਿ ਲਓ, ਸਾਰੇ ਮਹਾਂਪੁਰਸ਼ ਇਸ ਗੱਲ 'ਤੇ ਹੈਰਾਨ ਨੇ ਕਿ ਐਨਾ ਸਮਝਾਉਣ ਤੋਂ ਬਾਅਦ ਜੀਵ ਨੂੰ ਜਾਗ ਕਿਉਂ ਨਹੀਂ ਆਉਂਦੀ? ਉਹ ਕਹਿੰਦੇ, ਇਹ ਹੋਰ ਰਸਾਂ ਦੇ ਵਿਚ ਐਨਾ ਗਹਿਰਾ ਮਗਨ ਹੋ ਗਿਆ, ਸੁਣਦਾ ਤਾਂ ਹੈ ਪਰ ਇਹਦੇ 'ਚ ਸਾਹੁ ਖਤਮ ਹੋ ਗਿਐ। ਉਹ ਦਲਦਲ 'ਚ ਵੜ ਗਿਆ, ਲੰਗੜਾ ਗਧਾ। ਜਿਉਂ-ਜਿਉਂ ਜ਼ੋਰ ਲਾਉਂਦੈ ਤਿਉਂ-ਤਿਉਂ ਥੱਲੇ ਨੂੰ ਜਾਂਦੈ। ਹੁਣ ਲੰਗੜੇ ਗਧੇ ਨੂੰ ਜੇ ਕੋਈ ਚੁੱਕ ਕੇ, ਕ੍ਰਿਪਾ ਕਰਕੇ ਬਾਹਰ ਕੱਢ ਦੇਵੇ ਤਾਂ ਕੱਢ ਦੇਵੇ। ਆਪਣੇ ਆਪ ਵਿਚ ਤਾਂ ਉਹਦੇ ਵਿਚ ਸੱਤਾ ਨਹੀਂ ਹੈ। ਇਸ ਤਰ੍ਹਾਂ ਕੋਈ ਪੂਰਾ ਮਹਾਂਪੁਰਸ਼ ਕ੍ਰਿਪਾ ਕਰਕੇ ਇਸ ਜੀਵ ਨੂੰ ਕੱਢ ਦੇਵੇ ਤਾਂ ਕੱਢ ਦੇਵੇ। ਜੀਵ ਵਿਚ ਇਹ ਸੱਤਾ ਨਹੀਂ ਹੈ। ਕਹਿੰਦੇ-' ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥' ਸੋ ਇਸ ਤਰ੍ਹਾਂ ਦੇ ਨਾਲ ਐਨੇ ਉਪਦੇਸ਼ ਦੇਣ ਦੇ ਬਾਵਜੂਦ ਇਹਨੂੰ ਯਾਦ ਨਹੀਂ ਆਇਆ ਕਰਦੀ। ਮਹਾਰਾਜ ਕਹਿੰਦੇ, ਗਾੜ੍ਹੀ ਨੀਂਦ 'ਚ ਸੌਂ ਗਿਆ, ਜਾਗ ਨਹੀਂ ਆਉਂਦੀ। ਹੁਣ ਜਾਗ ਕਦੋਂ ਆਏਗੀ? ਕਹਿੰਦੇ -

***ਗੁਰ ਕਿਰਪਾ ਤੇ ਸੇ ਜਨ ਜਾਗੇ***
***ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥***
***ਕਹੈ ਨਾਨਕੁ ਸੋ ਤਤੁ ਪਾਏ***
***ਜਿਸ ਨੋ ਅਨਦਿਨੁ ਹਰਿ ਲਿਵ ਲਾਗੈ***
***ਜਾਗਤ ਰੈਣਿ ਵਿਹਾਣੀ ॥*** ***ਅੰਗ- 920***

ਇਹ ਅਗਿਆਨਤਾ ਦੀ ਜਿਹੜੀ ਨੀਂਦ ਹੈ, ਰਾਤ ਹੈ, ਉਹ ਫੇਰ ਪੈਂਦੀ ਨਹੀਂ, ਜੇ ਲਿਵ ਲਗ ਜਾਵੇ ਅੰਦਰ। ਲਿਵ ਦੀ ਇਕ ਅਵਸਥਾ ਹੋਇਆ ਕਰਦੀ ਹੈ। ਲਿਵ ਤੱਕ ਪਹੁੰਚਦੈ ਬੰਦਾ, ਮਿਹਨਤ ਕਰਨੀ ਪੈਂਦੀ ਹੈ। ਗੁਰੂ ਦੀ ਦਇਆ ਨਾਲ, ਲਿਵ ਦੇ ਮੰਡਲ 'ਚ ਪਹੁੰਚਦੈ। ਮਹਾਰਾਜ ਕਹਿੰਦੇ, ਜੇ ਲਿਵ ਦੇ ਮੰਡਲ 'ਚ ਨਹੀਂ ਪਹੁੰਚਿਆ ਨਾ, ਤੇਰੇ ਬਾਹਰਲੇ ਦਿਖਾਵੇ ਨੇ ਕੁਛ ਨਹੀਂ ਕਰਨਾ। ਐਵੇਂ ਨਾ ਭੇਖ ਦਿਖਾ ਲੋਕਾਂ ਨੂੰ ਭਰਮਾ -

***ਭੇਖ ਦਿਖਾਇਓ ਜਗਤ ਕਉ ਲੋਗਨ ਕਉ ਬਸ ਕੀਨ।***
***ਅੰਤ ਕਾਲ ਕਾਤੀ ਕਟਿਓ ਬਾਸ ਨਰਕ ਮੋ ਲੀਨ।***

ਜਾਏਗਾ ਕਿੱਥੇ? ਕਹਿੰਦੇ ਸਾਡੇ ਕੋਲ ਨਹੀਂ ਆਉਂਦਾ, ਨਰਕਾਂ 'ਚ ਵਾਸਾ ਹੁੰਦੈ। ਅੰਦਰੋਂ ਜਾਗ, ਜਦੋਂ ਤੱਕ ਅਸੀਂ ਅੰਦਰੋਂ ਨਹੀਂ ਜਾਗਦੇ, ਓਨੀਂ ਦੇਰ ਤੱਕ ਸਾਨੂੰ ਸੋਝੀ ਨਹੀਂ ਆਉਂਦੀ। ਜਾਗਿਆ ਜਾਂਦੈ ਗੁਰੂ ਦੀ ਕ੍ਰਿਪਾ ਦੇ ਨਾਲ, ਹੋਰ ਕੋਈ ਤਰੀਕਾ ਨਹੀਂ। ਕਹਿੰਦੇ -

***ਬਿਨੁ ਸਬਦੈ ਅੰਤਰਿ ਆਨੇਰਾ ॥***
***ਨ ਵਸਤੁ ਲਹੈ ਨ ਚੂਕੈ ਫੇਰਾ ॥*** ***ਅੰਗ- 124***

ਹੁਣ ਸ਼ਬਦ ਅੰਦਰ ਹੈ ਨਹੀਂ, ਜਿਹੜਾ ਹੈਗਾ ਉਹਨੂੰ ਸੁਣਦਾ ਨਹੀਂ। ਉਹਦੇ ਨਾਲ ਇਹਦੀ ਬਿਰਤੀ ਨਹੀਂ ਜੁੜਦੀ। ਕਹਿੰਦੇ, ਹਨ੍ਹੇਰਾ ਪਿਆ

ਹੋਇਐ, ਪ੍ਰਕਾਸ਼ ਸ਼ਬਦ ਦਾ ਹੀ ਹੁੰਦੈ। ਚਾਨਣ ਹੈ ਸ਼ਬਦ ਜਿਹੜਾ ਹੈ। ਕਹਿੰਦੇ, ਉਹ ਸ਼ਬਦ ਅੰਦਰ ਖੁਲ੍ਹਦਾ ਨਹੀਂ ਹੈ। ਆਤਮ ਵਸਤੂ ਅੰਦਰ ਭਰਪੂਰ ਹੈ -

***ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥***
***ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥***
***ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥***

***ਅੰਗ- 644***

ਸੋਝੀ ਨਾ ਹੋਣ ਕਰਕੇ ਭੁੱਲਿਆ ਹੀ ਫਿਰਦੈ, ਦਿਨ ਰਾਤ ਭੁੱਲਿਆ ਹੋਇਐ। ਹਾਕਾਂ ਗੁਰਬਾਣੀ ਮਾਰੀ ਜਾਂਦੀ ਹੈ, ਨਹੀਂ ਪਤਾ ਲਗਦਾ। ਬਹੁਤ ਚੀਜ਼ਾਂ ਦੀ ਘਾਟ ਹੈ। ਇਰਾਦਾ ਨਹੀਂ ਬਣਦਾ। ਅਗਾਂਹਾਂ ਵਧਣ ਵਾਸਤੇ ਸਾਹਸ ਨਹੀਂ ਪੈਦਾ ਹੁੰਦਾ। ਸੋ ਇਸ ਤਰ੍ਹਾਂ ਬਹੁਤ ਸਾਰੇ ਵਿਘਨ ਨੇ, ਬੰਦਾ ਚਲਦਾ ਨਹੀਂ ਹੈ, ਤੇ ਇਹਦੇ ਅੰਦਰ ਹਨ੍ਹੇਰਾ ਰਹਿੰਦੈ। ਕਹਿੰਦੇ, ਜਿੰਨਾਂ ਚਿਰ ਹਨ੍ਹੇਰਾ ਹੈ ਓਨੀਂ ਦੇਰ ਤਕ ਗੱਲ ਨਹੀਂ ਬਣਦੀ। ਮਹਾਰਾਜ ਨੇ ਇਕ ਥਾਂ ਲਿਖਿਆ ਹੈ ਕਿ ਹਲਕਿਆ ਹੋਇਐ -

***ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥***

***ਅੰਗ- 644***

ਇਕ-ਦੋ-ਚਾਰ-ਦਸ ਨਹੀਂ, ਸਾਰਾ ਸੰਸਾਰ ਬਉਰਾ ਹੋਇਆ ਹੋਇਐ। ਹਲਕਿਆ ਹੋਇਐ। ਫੌਜਾਂ ਦੀ ਲੋੜ ਹੀ ਨਹੀਂ ਜੇ ਸੰਸਾਰ ਹਲਕਿਆ ਨਾ ਹੋਵੇ। ਨਾ ਪੁਲਿਸ ਦੀ ਲੋੜ ਹੈ। ਕਾਰਨ ਕੀ ਹੈ? ਸ਼ਬਦ ਨਾਲੋਂ ਟੁੱਟਿਆ ਹੋਇਐ। ਜੇ ਸ਼ਬਦ ਨਾਲ ਜੁੜ ਜਾਵੇ ਹੁਣੇ ਸਤਿਜੁਗ ਸ਼ੁਰੂ ਹੋਵੇ ਸਾਰੇ ਸੰਸਾਰ 'ਚ। ਕਿਸੇ ਚੀਜ਼ ਦੀ ਲੋੜ ਨਹੀਂ ਹੈ। ਲੋਕ ਆਪਣੇ-ਆਪਣੇ ਹੱਕਾਂ 'ਤੇ ਰਹਿਣ, ਆਪਣਾ-ਆਪਣਾ ਕੰਮ ਕਰਨ। ਗੱਲ ਹੀ ਖਤਮ ਹੋ ਜਾਏਗੀ। ਕਹਿੰਦੇ, ਪਾਗਲ ਹੋਏ-ਹੋਏ ਨੇ -

***ਬਿਨੁ ਨਾਵੈ ਜਗੁ ਕਮਲਾ ਫਿਰੈ ਗੁਰਮੁਖਿ ਨਦਰੀ ਆਇਆ ॥***

***ਅੰਗ- 644***

ਨਾਮ ਤੋਂ ਬਗੈਰ ਜਿਹੜਾ ਸੰਸਾਰ ਹੈ, ਪਾਗਲਪਨ ਦੇ ਵਿਚ ਗਰਕ ਹੋਇਆ ਹੋਇਐ। ਇਹ ਸਚਾਈ ਜਦੋਂ ਤਕ ਸਾਡੇ ਸਮਝ 'ਚ ਨਹੀਂ ਆਉਂਦੀ। ਗੁਰੂ ਦੇ ਸਿਧਾਂਤ ਤੋਂ ਅਸੀਂ ਦੂਰ ਹਾਂ। ਸੋ ਇਸ ਤਰ੍ਹਾਂ ਦੇ ਮਹਾਰਾਜ ਫੁਰਮਾਨ ਕਰਦੇ ਨੇ ਕਿ ਪਿਆਰਿਓ! ਗੁਰੂ ਤਾਂ ਜਗਾਉਂਦੈ, ਗੁਰੂ ਦਸਦੈ, ਗੁਰੂ ਸ਼ਬਦ ਦਿੰਦੈ, ਲੇਕਿਨ ਹਨ੍ਹੇਰਾ ਪਿਐ, ਕੁੰਜੀ ਨਹੀਂ ਲੈਂਦਾ -

***ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ***
***ਗੁਰੁ ਪੂਰੈ ਭਾਗਿ ਮਿਲਾਵਣਿਆ ॥*** ***ਅੰਗ- 124***

ਪੰਜ ਪਿਆਰਿਆਂ ਨੇ ਚਾਬੀ ਤਾਂ ਫੜਾ ਦਿਤੀ ਵਾਹਿਗੁਰੂ ਮੰਤਰ ਦੀ, ਹੁਣ ਅਗਾਂਹਾਂ ਖੋਲ੍ਹਦਾ ਹੀ ਨਹੀਂ ਤਾਲਾ -

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥***
***ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥***

***ਅੰਗ- 205***

ਸਤਿਗੁਰ ਦੀ ਸ਼ਰਨ ਵਿਚ ਨਹੀਂ ਜਿੰਨਾਂ ਚਿਰ ਆਉਂਦਾ, ਓਨੀਂ ਦੇਰ ਤਕ ਨਹੀਂ ਕੁਛ ਬਣਦਾ। ਹੁਣ ਸ਼ਰਨ ਦਾ ਅਰਥ ਨਹੀਂ ਸਾਨੂੰ ਸਮਝ ਆਉਂਦਾ। ਸ਼ਰਨ ਕੀ ਹੋਇਆ, ਆਏ ਤਾਂ ਹੋਏ ਹਾਂ। ਕਹਿੰਦੇ, ਇਸ ਤਰ੍ਹਾਂ ਨਹੀਂ ਹੁੰਦਾ ਸ਼ਰਨ। ਸ਼ਰਨ ਆਈ ਸੀ ਦਰੋਪਤੀ। ਸਿਰਫ ਇਕ ਆਵਾਜ਼ ਦਿਤੀ ਸੀ –

*ਅਖੀ ਮੀਟਿ ਧਿਆਨੁ ਧਰਿ ਹਾਹਾ ਕ੍ਰਿਸ਼ਨ ਕਰੈ ਬਿਲਲਾਂਦੀ।*
*ਕਪੜ ਕੋਟੁ ਉਸਾਰਿਓਨੁ ਥਕੇਦੂਤ ਨ ਪਾਰਿ ਵਸਾਂਦੀ।*
*ਹਥ ਮਰੋੜਨਿ ਸਿਰੁ ਧੁਣਨਿ ਪਛੋਤਾਨਿ ਕਰਨਿ ਜਹਿ ਜਾਂਦੀ।*
*ਘਰਿ ਆਈ ਠਾਕੁਰ ਮਿਲੇ ਪੈਜ ਰਹੀ ਬੋਲੇ ਸਰਮਾਂਦੀ।*
*ਨਾਥ ਅਨਾਥਾਂ ਬਾਣਿ ਧੁਰਾਂਦੀ।*

*ਭਾਈ ਗੁਰਦਾਸ ਜੀ, ਵਾਰ 10/8*

ਮਹਾਰਾਜ ਕਹਿੰਦੇ, ਹਾਥੀ ਡੁੱਬ ਰਿਹੈ, ਤਾਣ ਖਤਮ ਹੋ ਗਿਆ –

*ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ ॥*
*ਮਹਮਾ ਨਾਮ ਕਹਾ ਲਉ ਬਰਨਉ*
*ਰਾਮ ਕਹਤ ਬੰਧਨ ਤਿਹ ਤੂਟਾ ॥* *ਅੰਗ- 632*

ਜਦੋਂ ਸ਼ਰਨ ਵਿਚ ਆ ਗਿਆ, ਉਸੇ ਵੇਲੇ ਤੰਦੂਏ ਦੇ ਤੰਦ ਕੱਟ ਦਿਤੇ ਭਗਵਾਨ ਨੇ। ਭਗਵਾਨ ਕੋਈ ਨਿਰਜਿੰਦ ਵਸਤੂ ਨਹੀਂ ਹੈ, ਉਹ ਖਿਆਲ ਨਹੀਂ ਹੈ, ਉਹ ਤਾਂ ਜਿਉਂਦਾ ਜਾਗਦਾ ਹੈ –

*ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥*

*ਅੰਗ- 612*

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ 1 ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥ ਰਹਾਉ ॥*
*ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥* *ਅੰਗ- 677*

ਜਿਹੜਾ ਵਿਛੜਦਾ ਹੀ ਨਹੀਂ। ਅਸੀਂ ਤਾਂ ਆਪ ਉਸ ਨਾਲੋਂ ਵਿਛੜੇ ਰਹਿੰਦੇ ਹਾਂ। ਸੋ ਮਹਾਰਾਜ ਕਹਿੰਦੇ ਇਹ ਗੁਰੂ ਦੀ ਜਿੰਨਾਂ ਚਿਰ ਕ੍ਰਿਪਾ ਨਾ ਹੋਵੇ। ਨਹੀਂ ਪਤਾ ਲੱਗਿਆ ਕਰਦਾ। ਗੁਰੂ ਹੁੰਦਾ ਹੀ ਓਹੀ ਹੈ –

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥*

*ਅੰਗ – 1291*

ਤੇ ਨਿਸ਼ਾਨੀ ਕੀ ਹੈ? –

*ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥*

*ਅੰਗ- 1291*

ਧੁਨਕਾਰ ਹੋ ਰਹੀ ਹੈ ਸ਼ਬਦਾਂ ਦੀ। ***'ਤਹ ਬਾਜੈ ਸਬਦੁ ਨੀਸਾਣੁ'*** ਨਿਸ਼ਾਨੀ ਹੈ ਉਸ ਥਾਂ ਦੀ। ਦੇਵ ਅਸਥਾਨ ਦੀ ਨਿਸ਼ਾਨੀ ਦੱਸੀ ਹੈ ਮਹਾਰਾਜ ਨੇ। ਉਥੇ ਹਰ ਵਕਤ ਆਤਮਕ ਸੰਗੀਤ ਹੋ ਰਿਹੈ, ਬਗੈਰ ਵਜਾਏ ਤੋਂ। ਆਪਣੇ ਆਪ ਹੀ ਹੋ ਰਿਹਾ ਹੈ।

ਅਮਰੀਕਾ 'ਚ ਮੈਂ ਇਕ ਦੇਖਣ ਚਲਿਆ ਗਿਆ ਉਸ ਦਾ ਨਾ ਸੀ 'House on the Rock' ਉਥੇ ਜਾ ਕੇ ਇਕ ਡਾਲਰ ਪਾ ਦਿਓ, 20 ਮਿੰਟ ਆਪਣੇ ਆਪ ਹੀ ਆਰਕੈਸਟਰਾ ਵੱਜੀ ਜਾਂਦੈ। ਤਬਲੇ ਵਾਲੇ ਨੇ ਤਬਲਾ, ਸਿਤਾਰ ਵਾਲੇ ਸਿਤਾਰ। ਥੋੜ੍ਹਾ ਅਗਾਂਹਾਂ ਗਏ, ਅਸੀਂ ਦੇਖਿਆ, ਸਭ ਕੁਛ ਅੱਡ-ਅੱਡ ਪਿਆ ਹੈ, ਜਦੋਂ ਡਾਲਰ ਪਾ ਦਿਤਾ, ਉਹ ਸਾਰਾ ਕੁਛ ਜੁੜ ਕੇ ਆਪਣੇ ਆਪ ਹੀ ਚੱਲੀ ਜਾਂਦਾ ਸੀ। ਇਸੇ ਤਰ੍ਹਾਂ ਦੇ ਨਾਲ ਸਾਡੇ ਅੰਦਰ ਆਤਮਕ ਸੰਗੀਤ ਹਰ ਵਕਤ ਹੋ ਰਿਹੈ। ਲੇਕਿਨ ਸਾਡੀ ਸੁਰਤੀ ਨਹੀਂ ਪਹੁੰਚਦੀ। ਮਹਾਰਾਜ ਕਹਿੰਦੇ, ਜੇ ਸੁਰਤੀ ਪਹੁੰਚ ਜਾਵੇ ਤਾਂ ਤੈਨੂੰ ***'ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥'*** ਤੇ ਐਨੀ ਮਸਤੀ ਹੈ ਉਹਦੇ ਵਿਚ -

***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥***

***ਅੰਗ- 1291***

ਵਿਸਮਾਦ ਹੀ ਵਿਸਮਾਦ ਹੈ, ਨਿਰਾ ਵਿਸਮਾਦ ਦਾ ਮੰਡਲ ਹੈ -

***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥***

***ਅੰਗ- 1291***

ਰੱਬ ਦੇ ਦਰ ਦੇ ਉਤੇ ਲਗਾਤਾਰ ਮਿਊਜ਼ਿਕ ਹੋ ਰਿਹੈ ਤੇ ਆਪਣੇ ਵਿਚ ਮਹਾਰਾਜ ਨੇ ਨਿਸ਼ਾਨੀ ਦੇ ਦਿਤੀ ਕਿ ਸੁਰਤੀ ਬਿਰਤੀ ਨੂੰ ਇਕਾਗਰ ਕਰਕੇ, ਸੂਖਸ਼ਮ ਕਰਕੇ-

***ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥***

***ਅੰਗ- 1291***

ਦਸਵੇਂ ਦੁਆਰ 'ਚ ਲਿਵ ਲਾ ਕੇ। ਦਸਵੇਂ ਦੁਆਰ 'ਚ ਜਾਣ ਦੇ ਦੋ ਰਸਤੇ ਨੇ। ਇਕ ਤਾਂ ਉਹ ਹੈ ਜਿਹੜਾ ਯੋਗੀ ਲੋਕ ਕਰਦੇ ਨੇ। ਉਹ ਪੰਜ ਚੱਕਰਾਂ ਨੂੰ ਵੇਧਦੇ ਨੇ, ਛੇਵਾਂ ਚੱਕਰ ਆਗਿਆ ਚੱਕਰ ਹੈ, ਉਸ ਤੋਂ ਅਗਾਂਹਾਂ ਚਲਦੇ ਨੇ। ਸਾਨੂੰ ਮਹਾਰਾਜ ਨੇ ਇਸ ਰਸਤੇ; ਕਿਉਂਕਿ ਸਿਹਤ ਸਾਡੀ ਐਨੀ ਕਮਜ਼ੋਰ ਹੋ ਗਈ, ਕਲਜੁਗ ਦਾ ਸਮਾਂ, ਸਮਾਂ ਹੈ ਨਹੀਂ, ਸਾਨੂੰ ਸੁਰਤ ਦੇ ਨਾਲ, ਸ਼ਬਦ ਦੇ ਨਾਲ ਚੜ੍ਹਾ ਦਿਤਾ।

***ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥***

***ਅੰਗ- 938***

ਸੁਰਤ ਨੂੰ ਸ਼ਬਦ ਦੇ ਨਾਲ ਜੋੜ ਦਿੰਦੇ ਹਾਂ। ਸ਼ਬਦ ਆਗਿਆ ਚੱਕਰ 'ਚ ਸਾਨੂੰ ਲੱਭ ਜਾਂਦੈ। ਉਹ ਸ਼ਬਦ ਆਉਂਦੈ ਦਸਵੇਂ ਦੁਆਰ ਤੋਂ। ਉਹ ਸ਼ਬਦ ਲੈ ਕੇ ਸੁਰਤਿ ਨਾਲ ਉਥੇ ਪਹੁੰਚ ਜਾਂਦੈ। ਬੜਾ ਹੀ ਸੁਖਾਲਾ ਰਾਹ ਮਹਾਰਾਜ ਨੇ ਦੱਸਿਐ। ਨਹੀਂ ਤਾਂ ਫੇਰ ਸਾਡੀ ਬਦਕਿਸਮਤੀ ਹੈ, ਨਹੀਂ

ਇਸ ਗੱਲ 'ਚ ਪੈਂਦੇ। ਸੋ ਮਹਾਰਾਜ ਕਹਿੰਦੇ, ਉਥੇ ਰਾਗ ਸੁਣ, ਮਿਊਜ਼ਿਕ ਸੁਣ, ਜੋ ਤੇਰੇ ਅੰਦਰ, ਆਪਣੇ ਆਪ ਹੋ ਰਿਹੈ –

***ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥***

***ਅੰਗ– 1291***

ਜਿਹੜਾ ਮਨ ਹੈ, ਇਹ ਮਨ ਦੇ ਵਿਚ ਹੀ ਸਮਾ ਜਾਏਗਾ ਅ–ਮਨ ਹੋ ਜਾਏਗਾ, ਜਦੋਂ ਤੂੰ ਪ੍ਰਮੇਸ਼ਰ ਦੀ ਅਕਥ ਕਥਾ ਦੀ ਵਿਚਾਰ ਕਰੇਂਗਾ, ਗਿਆਨ ਮੰਡਲ 'ਚ ਜਾ ਕੇ।

***ਉਲਟਿ ਕਮਲੁ ਅੰਮ੍ਰਿਤਿ ਭਰਿਆ***
***ਇਹੁ ਮਨੁ ਕਤਹੁ ਨ ਜਾਇ ॥*** ***ਅੰਗ – 1291***

ਉਹੀ ਜਿਹੜਾ ਮੂਧਾ ਹੋ ਗਿਆ ਸੀ ਕਮਲ ਉਹ ਸਿੱਧਾ ਹੋ ਗਿਆ। ਨਾਮ ਦੇ ਬਲ ਨਾਲ।

***ਹਰਿ ਬਿਨੁ ਜੀਉ ਜਲਿ ਬਲਿ ਜਾਉ ॥*** ***ਅੰਗ– 14***

ਹੁਣ ਜਲਦਾ ਨਹੀਂ ਹੈ, ਹੁਣ ਸਰਸ਼ਾਰ ਹੋ ਗਿਆ, ਸਿੱਧਾ ਹੋ ਗਿਆ, ਅੰਮ੍ਰਿਤ ਨਾਲ ਭਰ ਗਿਆ। ਹੁਣ ਨਹੀਂ ਮਨ ਜਾਂਦਾ ਕਿਸੇ ਪਾਸੇ।

***ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥***

***ਅੰਗ – 1291***

ਹੁਣ ਜਪਣ ਦੀ ਲੋੜ ਨਹੀਂ, ਤੇਰੀਆਂ ਅੱਖਾਂ ਵੀ ਨਾਮ ਜਪ ਰਹੀਆਂ ਨੇ, ਕੰਨ ਵੀ ਨਾਮ ਜਪ ਰਹੇ ਨੇ, ਸੋਝੀ ਤੇਰੇ ਅੰਦਰ ਪੈਦਾ ਹੋ ਗਈ। ਹੁਣ ਪ੍ਰਮੇਸ਼ਰ ਪ੍ਰਤੱਖ ਨਜ਼ਰ ਆ ਰਿਹੈ। ਉਹਦਾ ਨਾਮ ਤੈਨੂੰ ਪ੍ਰਤੱਖ ਸੁਣ ਰਿਹੈ ਤੇ ਹੁਣ ਤੂੰ ਆਦਿ ਦੇ ਵਿਚ ਜਿਥੋਂ ਵਿਛੜਿਆ ਸੀ, ਉਥੇ ਹੀ ਪਹੁੰਚ ਗਿਆ –

***ਜਾ ਕੇ ਸੰਗ ਤੇ ਬੀਛੁਰਾ ਤਾ ਹੀ ਕੇ ਸੰਗਿ ਲਾਗੁ ॥***

***ਅੰਗ– 1371***

ਉਹਦੇ ਨਾਲ ਹੀ ਜੁੜ ਗਿਆ।

***ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ ॥***
***ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥***

***ਅੰਗ – 1291***

ਲੇਕਿਨ ਸ਼ਬਦ ਦੀ ਖੋਜ ਬਿਨਾਂ ਇਹ ਘਰ ਮਿਲਦਾ ਨਹੀਂ ਹੈ। ਸੋ ਮੈਂ ਐਨੀ ਲੰਮੀ ਚੌੜੀ ਬੇਨਤੀ ਕਰੀ ਹੈ ਕਿ–

***ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥***
***ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥*** ***ਅੰਗ– 463***

ਗੁਰੂ ਕੋਲ ਨਦਰਿ ਦਾ ਕ੍ਰਿਸ਼ਮਾ ਹੁੰਦੈ। ਆਪਣੇ ਆਪ ਬੰਦਾ ਪਹੁੰਚ ਨਹੀਂ ਸਕਦਾ। ਤੁਸੀਂ ਵੇਦਾਂਤ ਦੇ ਗ੍ਰੰਥ ਪੜ੍ਹ ਜਾਓ, ਸਾਰੀ ਗੱਲ ਸਮਝ ਜਾਓਂਗੇ, ਲੇਕਿਨ ਜੀਵਨ ਵਿਚ ਨਹੀਂ ਘਟਦੇ। ਜਦੋਂ ਤਕ ਜੀਵਨ ਦੀ ਪ੍ਰਾਪਤੀ ਨਹੀਂ ਹੁੰਦੀ, ਸੱਚ ਆਚਾਰ ਨਹੀਂ ਆਉਂਦੇ, ਓਨੀਂ ਦੇਰ ਤਕ

ਤਜਰਬਾ ਅਧੂਰਾ ਹੈ, ਪ੍ਰਾਪਤੀ ਨਹੀਂ ਹੋਈ। ਗੱਲ ਜਾਣ ਲਈ, ਲੇਕਿਨ ਅਨੁਭਵ ਨਹੀਂ ਹੋਈ। ਅੰਬ ਨੂੰ ਜਾਣ ਲਿਆ ਕਿ ਕਿੰਨੀ ਕੈਲਰੀਜ਼ ਹੈ, ਕਿੰਨਾ ਮਿੱਠਾ ਹੈ, ਕਿੰਨਾ ਇਹਦੇ 'ਚ ਐਸਿਡ ਹੈ, ਕਿੰਨੇ ਇਹਦੇ 'ਚ ਪੌਸ਼ਟਿਕ ਲਾਭ ਨੇ। ਲੇਕਿਨ ਇਕ ਬੰਦੇ ਨੇ ਇਹਨੂੰ ਕੁਛ ਨਹੀਂ ਜਾਣਿਆ ਉਹਨੇ ਅੰਬ ਤੋੜਿਆ ਤੇ ਚੂਪਣਾ ਸ਼ੁਰੂ ਕਰ ਦਿਤਾ। ਦੋਹਾਂ ਦਾ ਫਰਕ ਹੈ, ਐਨਾ ਹੀ ਹੈ। ਇਕਨਾਂ ਦੇ ਹੱਥ ਵਿਚ ਚੀਜ਼ ਹੈ, ਇਕ ਸੋਚੀ ਜਾਂਦੇ ਨੇ। ਪੜ੍ਹਨ ਲਿਖਣ ਵਾਲੇ ਬੰਦੇ ਬਾਹਰ ਖੜ੍ਹੇ ਸੋਚਦੇ ਨੇ। ਜਿਹੜੇ ਅਭਿਆਸ ਕਰਦੇ ਨੇ ਉਹਨਾਂ ਕੋਲ ਪ੍ਰਤੱਖ ਰੂਪ ਵਿਚ ਉਹ ਚੀਜ਼ ਅੰਦਰ ਪ੍ਰਗਟ ਹੋ ਜਾਇਆ ਕਰਦੀ ਹੈ। ਸੋ ਮਹਾਰਾਜ ਕਹਿੰਦੇ - ***'ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥' 'ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥ ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥'*** ਸੋ ਗੁਰੂ ਤੋਂ ਬਗੈਰ ਅੰਦਰਲਾ ਹਨ੍ਹੇਰਾ ਜਾਇਆ ਨਹੀਂ ਕਰਦਾ।

ਸੋ ਉਹ ਯੋਗੀ ਕਹਿਣ ਲੱਗਿਆ ਕਿ ਸਮਾਂ ਕਿਹੜਾ ਆ ਗਿਆ।

ਕਹਿੰਦੇ, ਕਲਜੁਗ ਦਾ?

ਕਹਿਣ ਲੱਗਿਆ, ਇਸ ਵੇਲੇ ਪ੍ਰਤਾਪ ਕਿਸ ਦਾ ਹੈ?

ਕਹਿਣ ਲੱਗੇ, ਗੁਰੂ ਅਰਜਨ ਪਾਤਸ਼ਾਹ ਨੇ।

ਕਹਿਣ ਲੱਗਿਆ, ਧੰਨ ਮੇਰਾ ਗੁਰੂ, ਧੰਨ ਗੁਰੂ ਅਰਜਨ ਪਾਤਸ਼ਾਹ।

ਕਹਿਣ ਲੱਗੇ, ਕੀ ਗੱਲ?

ਕਹਿਣ ਲੱਗਿਆ, ਮੇਰਾ ਗੁਰੂ ਤ੍ਰਿਕਾਲਦਰਸ਼ੀ ਸੀ। ਲੱਖਾਂ ਸਾਲ ਖਿੱਚ ਕੇ ਉਹਨੇ ਦੇਖ ਲਏ ਕਿ ਮੇਰੀ ਕਲਿਆਣ ਕੌਣ ਕਰੇਗਾ। ਕਹਿੰਦਾ, ਮੇਰੇ ਗੁਰੂ ਨੇ ਕਿਹਾ ਕਿ ਚਾਹੇ ਤਾਂ ਜਨਮ ਦਰ ਜਨਮ ਤੁਰਿਆ ਜਾਹ ਤੇ ਤੈਨੂੰ ਕਲਜੁਗ ਦੇ ਅੰਦਰ ਗੁਰੂ ਅਰਜਨ ਦੇਵ ਜੀ ਹੋਣਗੇ, ਉਹ ਮਿਲਣਗੇ। ਸਮਾਂ ਖਿੱਚ ਕੇ ਦੇਖ ਲਿਆ ਉਹਨੇ ਕਿ ਕੌਣ ਹੋਣਗੇ, ਇਹਦੀ ਕਲਿਆਣ ਕੌਣ ਕਰੇਗਾ। ਇਹ ਵੀ ਧੁਰ ਦਾ ਸੰਜੋਗ ਹੁੰਦੈ -

***ਜਿਨ ਮਸਤਕਿ ਧੁਰਿ ਹਰਿ ਲਿਖਿਆ***
***ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥*** ***ਅੰਗ - 450***

ਗੁਰੂ ਨਾਲ ਸੰਜੋਗ ਪਿਛਲੇ ਜਨਮਾਂ ਦੇ ਪੁੰਨਾਂ ਦਾ ਕੰਮ ਹੋਇਆ ਕਰਦੈ, ਮੱਥੇ ਦਾ ਲੇਖ ਹੁੰਦੈ। ਐਵੇਂ ਨਹੀਂ ਗੁਰੂ ਮਿਲਿਆ ਕਰਦਾ।

ਸੋ ਪਾਤਸ਼ਾਹ! ਮੇਰਾ ਸਮਾਂ ਆ ਗਿਆ।

ਕਹਿਣ ਲੱਗੇ, ਜਾਂ ਤੂੰ ਸਮਾਧੀ ਲਾ ਕੇ ਬਹਿ ਜਾ, ਉਹ ਸਮਰੱਥ ਗੁਰੂ ਨੇ, ਤੈਨੂੰ ਕੱਢ ਲੈਣਗੇ ਤੇਰੇ ਮੱਠ 'ਚੋਂ। ਸੋ ਮੈਂ ਕੁਰਬਾਨ ਜਾਂਦਾ ਹਾਂ ਆਪਣੇ ਗੁਰੂ ਤੋਂ ਜਿਹਨਾਂ ਨੇ ਮੈਨੂੰ ਇਹ ਰਸਤਾ ਦਸ ਦਿਤਾ ਤੇ ਹੁਣ ਮੇਰੇ 'ਤੇ ਕ੍ਰਿਪਾ ਕਰੋ, ਮੇਰੇ ਅੰਦਰ ਜਿਹੜੇ ਭਰਮ ਪੈ ਗਏ ਤੇ ਮੈਂ ਆਪਣੇ ਗੁਰੂ

ਕੋਲ ਸਵਾਲ ਕਰੇ ਸੀ, ਉਹ ਕਹਿੰਦੇ, ਪਿਆਰਿਆ! ਇਹਨਾਂ ਦਾ ਜਵਾਬ ਗੁਰੂ ਅਰਜਨ ਦੇਵ ਜੀ ਦੇਣਗੇ, ਕਲਜੁਗ ਦੇ ਵਿਚ।

ਕਲਜੁਗ ਦਾ ਪੁੰਨ ਐਨਾ ਜਬਰਦਸਤ ਹੋਏਗਾ ਕਿ ਸਤਿਜੁਗ ਦੇ ਅੰਦਰ ਦਸ ਹਜ਼ਾਰ ਸਾਲ ਤਪੱਸਿਆ ਕਰੇ ਉਹ ਬਰਾਬਰ ਹੋਏਗੀ ਹਜ਼ਾਰ ਸਾਲ ਦੇ ਤ੍ਰੇਤੇ ਯੁੱਗ ਦੇ। ਤ੍ਰੇਤੇ ਦੇ ਹਜ਼ਾਰ ਸਾਲ ਦੀ ਤਪੱਸਿਆ, ਦੁਆਪਰ ਦੇ ਸੌ ਸਾਲ ਦੇ ਬਰਾਬਰ ਹੋਏਗੀ। ਸੌ ਸਾਲ ਦੀ ਤਪੱਸਿਆ ਦੁਆਪਰ ਦੀ ਕਲਜੁਗ ਦੇ ਇਕ ਘੜੀ ਦੇ ਬਰਾਬਰ ਹੋਏਗੀ ਤੇ ਕਲਜੁਗ ਦੇ ਅੰਦਰ ਤਾਰਕ ਮੰਤਰ ਐਨਾ ਅਸਰ ਕਰੇਗਾ ਕਿ –

***ਏਕ ਚਿਤ ਜਿਹ ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ।*** ***ਅਕਾਲ ਉਸਤਤਿ***

ਕਹਿੰਦੇ, ਇਕ ਛਿਨ ਧਿਆਨ ਦੇਣ ਦੇ ਨਾਲ ਆਦਮੀ ਕਾਲ ਦੇ ਚੱਕਰ 'ਚੋਂ ਛੁਟ ਜਾਂਦੈ। ਮੁਕਤ ਹਾਸਿਲ ਕਰ ਲੈਂਦੈ। ਸੋ ਸਮਾਂ ਵੀ ਆ ਗਿਆ। ਮਹਾਰਾਜ ਕਹਿੰਦੇ, ਧੰਨ ਹੈ ਕਲਜੁਗ ਜਿਹਦੇ ਵਿਚ ਥੋੜ੍ਹਾ ਜਿਹਾ ਹੀ ਪੁੰਨ ਕਰਕੇ ਜੇ ਚਾਰ ਘੜੀਆਂ ਸੰਗਤ ਕਰ ਲਈ। ਦਸ ਹਜ਼ਾਰ ਸਾਲ ਤਪੱਸਿਆ ਦੇ ਬਰਾਬਰ ਹੋ ਜਾਂਦੀ ਹੈ। ਕਿਉਂਕਿ ਸਾਡੇ ਕੋਲ ਐਨਾ ਹੀ ਸਮਾਂ ਹੈ। ਇਸ ਕਰਕੇ ਕਲਜੁਗ ਦੇ ਯੁੱਗ ਨੂੰ ਧੰਨ ਕਿਹਾ ਹੈ ਮਹਾਰਾਜ ਨੇ। ਪਾਪਾਂ ਦਾ ਬਹੁਤ ਵੱਡਾ ਹੜ੍ਹ ਆ ਰਿਹੈ ਲੇਕਿਨ ਦੂਜੇ ਪਾਸੇ ਜਿਹੜਾ ਟੀਕਾ ਹੈ ਉਹ ਕਿੰਨਾ ਜਬਰਦਸਤ ਹੈ। ਕਹਿੰਦੇ ਜੇ ਇਕ ਵਾਰੀ ਵੀ ਕਹਿ ਦਿਤਾ –

***ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥***
***ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥***
***ਅੰਗ – 902***

ਸੋ ਪਾਤਸ਼ਾਹ ਹੁਣ ਮੇਰੇ 'ਤੇ ਕ੍ਰਿਪਾ ਕਰੋ। ਮੇਰੇ ਸੰਸੇ ਨਵਿਰਤ ਕਰੋ, ਦ੍ਰਿੜ੍ਹ ਹੋਏ-ਹੋਏ ਸੰਸੇ ਨੇ। ਉਹ ਇਹ ਨੇ ਕਿ ਇਹ ਸੰਸਾਰ, ਇਹਨੂੰ ਝੂਠਾ ਕਹਿੰਦੇ ਨੇ ਫੇਰ ਸੱਚਾ ਕਿਉਂ ਦਿਸਦੈ? ਜੇ ਮੰਨ ਲਈਏ ਕਿ ਇਹ ਸੱਚਾ ਹੈ ਤਾਂ ਗਿਆਨਵਾਨ ਪੁਰਸ਼, ਸਾਰੇ ਮਹਾਂਪੁਰਸ਼ ਇਹਨੂੰ ਝੂਠਾ ਕਹਿੰਦੇ ਨੇ। ਸੁਪਨਾ ਕਹਿੰਦੇ ਨੇ, ਸੋ ਇਕ ਆਤਮਾ ਸਾਰੇ ਪਰਿਪੂਰਨ ਹੈ। ਉਹਨੇ ਅਨੇਕ ਰੂਪ ਧਾਰ ਕੇ ਅਨੇਕ ਖਿਆਲਾਂ ਵਿਚ ਕਿਵੇਂ ਚਲੀ ਗਈ, ਜਦੋਂ ਸਾਰਿਆਂ ਦੇ ਸਰੀਰਾਂ ਵਿਚ ਇਕੋ ਹੀ ਆਤਮਾ ਹੈ ਤਾਂ ਇਕੋ ਸਮੇਂ ਇੱਕੋ ਗੱਲ ਸਭ ਦੇ ਅੰਦਰ ਹੋਣੀ ਚਾਹੀਦੀ ਹੈ, ਵੱਖਰੀ-ਵੱਖਰੀ ਕਿਉਂ ਹੋ ਰਹੀ ਹੈ। ਸੱਚੇ ਪਾਤਸ਼ਾਹ! ਜੇ ਇੱਕੋ ਆਤਮਾ ਨੂੰ ਅਗਿਆਨ ਹੋਇਆ-ਹੋਇਆ ਹੈ, ਸਾਰਿਆਂ ਦੇ ਅੰਦਰ ਇਕ ਹੈ ਤਾਂ ਫੇਰ ਜੇ ਇਕ ਨੂੰ ਗਿਆਨ ਹੋ ਜਾਂਦੈ, ਤਾਂ ਫੇਰ ਸਾਰਿਆਂ ਨੂੰ ਗਿਆਨ ਕਿਉਂ ਨਹੀਂ ਹੋ ਜਾਂਦਾ। ਬੜੇ ਗਹਿਰੇ ਸੰਸੇ ਨੇ ਇਹ। ਸੋ ਕ੍ਰਿਪਾ ਕਰਕੇ ਆਪ ਮੇਰਾ ਇਹ ਸੰਸਾ ਨਵਿਰਤ ਕਰੋ।

ਦੂਸਰਾ ਇਹ ਹੈ ਕਿ ਪ੍ਰਮੇਸ਼ਰ ਨੂੰ ਅਚੱਲ ਕਹਿੰਦੇ ਨੇ, ਇਹ ਜੀਵ ਜੰਗਮ ਜਿਹੜੇ ਨੇ ਇਹ ਸਾਰੇ ਤੁਰਦੇ ਫਿਰਦੇ ਨੇ ਤੇ ਇਹ ਅਚੱਲ ਕਿਵੇਂ

ਹੋਇਆ ਤੇ ਜਿਹੜਾ ਜਗਤ ਰੂਪ ਧਾਰ ਕੇ, ਇਹਦੇ ਵਿਚੋਂ ਨਿਕਲੇ ਕਿਵੇਂ? ਅਸੀਂ ਮੰਨ ਲਿਆ ਕਿ ਇਹ ਜਗਤ ਹੈ, ਨਹੀਂ ਸਾਡੇ ਸਮਝ 'ਚ ਆਉਂਦਾ? ਅਸੀਂ ਕਹਿੰਦੇ ਹਾਂ ਜਗਤ ਹੈ ਤੇ ਗਿਆਨਵਾਨ ਕਹਿੰਦੇ ਨੇ ਕਿ ਇਹ ਪ੍ਰਮੇਸ਼ਰ ਹੈ। ਹੁਣ ਇਹ ਵੱਡਾ ਭਾਰਾ ਫਰਕ ਪੈ ਗਿਆ, ਬੁੱਧੀ ਮੰਨਦੀ ਨਹੀਂ ਕਿ ਇਹ ਪ੍ਰਮੇਸ਼ਰ ਹੈ। ਬੁੱਧੀ ਕਹਿੰਦੀ ਹੈ ਨਹੀਂ। ਕਿਉਂਕਿ ਇਕ ਬੁੱਧੀ ਹੈ ਜਿਹਨੂੰ ਅਭਿਨਿਵੇਸ਼ ਕਹਿੰਦੇ ਨੇ। ਉਹ ਨਹੀਂ ਮੰਨਿਆ ਕਰਦੀ, ਸ੍ਰੀ ਗੁਰੂ ਗ੍ਰੰਥ ਸਾਹਿਬ ਕਿੰਨੇ ਹੀ ਬਚਨ ਕਰੀ ਜਾਣ, ਨਹੀਂ ਮੰਨਦੇ ਅਸੀਂ ਜ਼ੋਰ ਲਾ ਲਓ। ਮੱਥੇ ਟੇਕਾਂਗੇ, ਰੌਲਾ ਪਾਵਾਂਗੇ ਸਟੇਜਾਂ 'ਤੇ ਖੜ੍ਹ ਕੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰੂ ਨੇ, ਗੁਰੂ ਦਾ ਹੁਕਮ ਮੰਨੋ। ਆਪ ਹੀ ਮੰਨਣਾ ਨਹੀਂ ਹੈ। ਗੁਰੂ ਕਹਿੰਦਾ ਇਥੇ ਤਾਂ ਪ੍ਰਮੇਸ਼ਰ ਤੋਂ ਬਗੈਰ ਹੋਰ ਕੋਈ ਹੈ ਹੀ ਨਹੀਂ-

***ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥***
***ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ ਅੰਗ- 1291***

ਤੈਨੂੰ ਕਿਉਂ ਨਹੀਂ ਨਜ਼ਰ ਆਉਂਦਾ। ਕਹਿੰਦੇ, ਸੱਚੇ ਪਾਤਸ਼ਾਹ! ਇਹਦੇ ਵਿਚੋਂ ਨਿਕਲੀਏ ਕਿਵੇਂ? ਦੂਸਰਾ ਇਹ ਹੈ ਕਿ ਇਹਦਾ ਜਿਹੜਾ ਆਪਣਾ ਸਰੂਪ ਹੈ -

***ਆਤਮਾ ਪਰਾਤਮਾ ਏਕੋ ਕਰੈ ॥***
***ਅੰਤਰ ਕੀ ਦੁਬਿਧਾ ਅੰਤਰਿ ਮਰੈ ॥ ਅੰਗ - 661***

ਇਹ ਬ੍ਰਹਮ ਕਿਵੇਂ ਸ਼ਾਖਸ਼ਾਤਕਾਰ ਹੁੰਦੈ? ਸੋ ਇਹ ਪ੍ਰਸ਼ਨ ਨੇ, ਪਿਛਲੀ ਵਾਰ ਵੀ ਮੈਂ ਦੱਸੇ ਸੀ। ਹੁਣ ਵੀ ਮੈਂ ਬੇਨਤੀ ਕਰਦਾ ਹਾਂ। ਜਦੋਂ ਗੱਲ ਕਰਨ ਦਾ ਸਮਾਂ ਆਉਂਦੈ, ਇਧਰਲਾ ਸਮਾਂ ਮੁੱਕ ਜਾਂਦੈ, ਘੜੀ ਉਥੇ ਆ ਪਹੁੰਚਦੀ ਹੈ ਕਿ ਹੁਣ ਤੂੰ ਅਗਾਂਹਾਂ ਨਾ ਗੱਲ ਚਲਾ, ਸਮਾਂ ਬਹੁਤਾ ਹੋ ਗਿਆ। ਸੋ ਹੁਣ ਮਹਾਰਾਜ ਨੇ ਕ੍ਰਿਪਾ ਕਰੀ ਤਾਂ ਫੇਰ ਇਸ ਦੇ ਉਤੇ ਵਿਚਾਰ ਕੀਤੀ ਜਾਏਗੀ। ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ। ਇਥੇ ਹੀ ਸਮਾਪਤੀ ਹੈ। ਸਾਰੇ ਪ੍ਰੇਮੀ ਅਨੰਦ ਸਾਹਿਬ ਤੇ ਗੁਰਸਤੋਤਰ 'ਚ ਬੋਲੋ ਭਾਈ।

ਹਕਮਨਾਮਾ

# ਗਣਕਾ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - 289*

*ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥*
*ਕਰਿ ਉਪਦੇਸੁ ਝਿੜਕੇ ਬਹੁ ਭਾਤੀ*
*ਬਹੁੜਿ ਪਿਤਾ ਗਲਿ ਲਾਵੈ ॥*
*ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥*

*ਅੰਗ- 624*

*ਧਾਰਨਾ - ਬਿਨਾਂ ਹਰਿ ਭਗਤ ਨਹੀਂ ਛੁਟਕਾਰਾ,*
*ਕਾਹਤੋਂ ਮਨਾਂ ਭੁੱਲਿਆ ਫਿਰੇਂ।*

*ਵਡੇ ਵਡੇ ਜੋ ਦੀਸਹਿ ਲੋਗ ॥*
*ਤਿਨ ਕਉ ਬਿਆਪੈ ਚਿੰਤਾ ਰੋਗ ॥*
*ਕਉਨ ਵਡਾ ਮਾਇਆ ਵਡਿਆਈ ॥*
*ਸੋ ਵਡਾ ਜਿਨਿ ਰਾਮ ਲਿਵ ਲਾਈ ॥ ਰਹਾਉ ॥*
*ਭੂਮੀਆ ਭੂਮਿ ਊਪਰਿ ਨਿਤ ਲੁਝੈ ॥*
*ਛੋਡਿ ਚਲੈ ਤ੍ਰਿਸਨਾ ਨਹੀ ਬੁਝੈ ॥ ॥*
*ਕਹੁ ਨਾਨਕ ਇਹੁ ਤਤੁ ਬੀਚਾਰਾ ॥*
*ਬਿਨੁ ਹਰਿ ਭਜਨ ਨਾਹੀ ਛੁਟਕਾਰਾ ॥ ਅੰਗ - 188*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋਂ। ਫੁਰਮਾਨ ਹੈ ਕਿ ***'ਕਹੁ ਨਾਨਕ ਇਹੁ ਤਤੁ ਬੀਚਾਰਾ॥'*** ਤੱਕ ਵਿਚਾਰ ਉਸ ਨੂੰ ਆਖਦੇ ਨੇ ਜੋ ਬਹੁਤ ਸਮਝ ਕੇ ਸੋਚ ਕੇ, ਆਖਰੀ ਗੱਲ ਲੱਭੀ ਹੁੰਦੀ ਹੈ ਤੇ ਉਹ ਵਿਚਾਰ ਇਹ ਹੈ ਕਿ ***'ਬਿਨੁ ਹਰਿ ਭਜਨ ਨਾਹੀ ਛੁਟਕਾਰਾ।'*** ਭਜਨ ਕਰੇ ਤੋਂ ਬਗੈਰ ਛੁਟਕਾਰਾ ਨਹੀਂ ਹੋਇਆ ਕਰਦਾ। ਹੁੰਦਾ ਕੀ ਹੈ, ਜੇ ਭਜਨ ਨਹੀਂ ਕਰਦੇ, ਤਾਂ ਇਹ ਹੁੰਦੈ ਕਿ ਜ਼ਿੰਦਗੀ ਤਾਂ ਆਦਮੀ ਬਤੀਤ ਕਰ ਦਿੰਦੈ, ਬਹੁਤ ਸਾਰੇ ਕਰਮ ਕਰ ਜਾਂਦੈ, ਉਨ੍ਹਾਂ ਕਰਮਾਂ ਦਾ ਬੰਨ੍ਹਿਆ ਹੋਇਆ, ਮੁੜ ਕੇ ਫੇਰ ਸੰਸਾਰ ਦੇ ਵਿਚ ਗੇੜੇ

ਖਾਂਦਾ ਫਿਰਦਾ ਹੈ। ਦੁਖ ਪਾਉਂਦੈ, ਜੂਨਾਂ ਦੇ ਵਿਚ ਘੁੰਮਦੈ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ 1 ॥ ਅੰਗ- 176*

ਸੋ ਇਸ ਤਰ੍ਹਾਂ ਦੇ ਨਾਲ ਕੋਈ ਟਿਕਾਣਾ ਨਹੀਂ ਮਿਲਦਾ ਪੱਕਾ। ਬੜਾ ਮੁਸ਼ਕਲ ਹੈ, ਇਕ ਮਨੁੱਖ ਪਸ਼ੂ ਬਣ ਜਾਵੇ। ਤਾਂਗੇ ਦਾ ਘੋੜਾ ਬਣ ਜਾਵੇ, ਡੰਡੇ ਖਾਈ ਜਾਵੇ। ਹੋਰ ਨਵੀਆਂ, ਨਖਿੱਧ ਜੂਨਾਂ ਦੇ ਵਿਚ ਚਲਿਆ ਜਾਵੇ।

ਜੂਨਾਂ ਮਿਲਦੀਆਂ ਨੇ, ਐਸਾ ਨਹੀਂ ਹੁੰਦਾ, ਫਲ ਵੀ ਭੋਗਣੇ ਪੈਂਦੇ ਨੇ।

ਬਾਬਾ ਸਾਹਿਬ ਸਿੰਘ ਜੀ ਮਹਾਰਾਜ ਬੇਦੀ, ਊਨੇ ਵਾਲੇ, ਗੁਰੂ ਨਾਨਕ ਪਾਤਸ਼ਾਹ ਤੋਂ ਗਿਆਰ੍ਹਵੇਂ ਥਾਂ, ਆਪ ਜੀ ਸਾਹਨੇਵਾਲ ਆਏ ਹੋਏ ਸੀ। ਮਹਾਰਾਜਾ ਰਣਜੀਤ ਸਿੰਘ ਦਾ ਵਕਤ ਸੀ ਉਹ। ਉਸ ਵੇਲੇ ਉਥੇ ਦਾ ਜੋ ਰਾਜਾ ਸੀ ਸਾਹਨੇਵਾਲ ਦਾ, ਉਸ ਦਾ ਨਾਮ ਸੁੱਧ ਸਿੰਘ ਸੀਗਾ। ਮਹਾਂਪੁਰਸ਼ਾਂ ਦਾ ਜਦ ਪਤਾ ਲੱਗਿਆ ਤਾਂ ਸਤਿਕਾਰ ਕਰਕੇ ਉਥੇ ਦਰਸ਼ਨ ਕਰਨ ਵਾਸਤੇ ਆਉਂਦੈ। ਦਰਸ਼ਨ ਕੀਤੇ ਲੇਕਿਨ ਮਹਾਂਪੁਰਸ਼ਾਂ ਦੇ ਪਾਸ ਹਾਥੀ 'ਤੇ ਚੜ੍ਹ ਕੇ ਆਇਆ। ਜਿਸ ਵਕਤ ਜਾ ਕੇ ਨਮਸ਼ਕਾਰ ਕੀਤੀ। ਕਹਿਣ ਲੱਗੇ, ਸੁੱਧ ਸਿੰਘਾ! ਇਸ ਹਾਥੀ 'ਤੇ ਨਾ ਬਈ ਚੜ੍ਹਿਆ ਕਰ। ਕਿਉਂਕਿ ਸਾਧੂ ਦੇ ਮਨ ਵਿਚ ਭਲਾ ਹੋਇਆ ਕਰਦੈ। ਉਹ ਜੋ ਬਚਨ ਕਰਦੇ ਨੇ ਉਹ ਸੁਤੇ ਸਿਧ ਹੋਇਆ ਕਰਦੇ ਨੇ, ਸਹਿਜ ਦੇ ਬਚਨ, ਕੋਈ ਬਣਾਏ ਹੋਏ ਨਹੀਂ ਹੋਇਆ ਕਰਦੇ। ਜਿਧਰਲੇ ਪਾਸੇ ਦੇ ਹੋ ਗਏ, ਹੋ ਗਏ। ਚਾਹੇ ਚੰਗੇ ਹੋ ਗਏ, ਚਾਹੇ ਮਾੜੇ ਹੋ ਗਏ। ਪਰ ਉਹ ਬਿਰਥਾ ਨਹੀਂ ਜਾਇਆ ਕਰਦੇ। ਭੋਗਣੇ ਪੈਂਦੇ ਨੇ। ਉਸ ਵੇਲੇ ਉਸ ਨੇ ਬੇਨਤੀ ਕਰੀ ਕਿ ਮਹਾਰਾਜ! ਇਸ ਹਾਥੀ ਦੇ ਵਿਚ ਕੋਈ ਦੋਸ਼ ਹੈ? ਮੈਨੂੰ ਇਹ ਤਾਂ ਗਿਆਨ ਹੋ ਗਿਆ ਕਿ ਮੈਨੂੰ ਚਾਹੀਦਾ ਸੀ ਕਿ ਸਾਧੂ ਆਏ ਨੇ, ਮੈਂ ਬਹੁਤ ਸ਼ਰਧਾ ਦੇ ਨਾਲ ਚੱਲ ਕੇ ਆਉਂਦਾ। ਮੇਰੇ ਆਉਣ ਨਾਲ ਮੇਰੇ ਮਾੜੇ ਕਰਮਾਂ ਦਾ ਬੋਝ ਘਟਦਾ ਤੇ ਚੰਗੇ ਕਰਮ ਉਤਪੰਨ ਹੁੰਦੇ ਤੇ ਮੈਨੂੰ ਕੋਈ ਫਲ ਮਿਲਦੇ। ਜੈਸਾ ਕਿ ਮੈਂ ਪਹਿਲਾਂ ਵੀ ਮਹਾਂਪੁਰਸ਼ਾਂ ਤੋਂ ਸੁਣਦਾ ਹਾਂ ਕਿ ਇਕ ਕਦਮ ਚੱਲਣ ਦੇ ਨਾਲ ਇਕ ਯੱਗ ਦਾ ਫਲ ਮਿਲਿਆ ਕਰਦੈ। ਠੀਕ ਹੈ, ਮੈਂ ਹਾਥੀ 'ਤੇ ਆ ਗਿਆ ਮਹਾਰਾਜ, ਮੇਰੇ ਮਨ 'ਚ ਸੰਸਾ ਪੈਦਾ ਹੋ ਗਿਆ, ਆਪ ਦੇ ਕਹਿਣ ਨਾਲ। ਆਪ ਕ੍ਰਿਪਾ ਕਰਕੇ ਮੇਰਾ ਇਹ ਸੰਸਾ ਨਵਿਰਤ ਕਰੋ ਤਾਂ ਕਿ ਮੇਰਾ ਮਨ ਮੰਨ ਜਾਵੇ ਕਿ ਮੈਂ ਇਸ ਹਾਥੀ 'ਤੇ ਨਾ ਚੜ੍ਹਾਂ। ਵੈਸੇ ਮੈਂ ਆਪ ਦਾ ਦਾਸ ਹਾਂ ਮੈਂ ਕੋਸ਼ਿਸ਼ ਕਰਾਂਗਾ ਕਿ ਇਹਦੇ ਉਤੇ ਨਾ ਚੜ੍ਹਾਂ। ਮਹਾਰਾਜ ਮੈਂ ਬਾਰਾਂਬੰਕੀ 'ਚੋਂ, ਨੇਪਾਲ ਦੇ ਜੰਗਲਾਂ 'ਚੋਂ ਇਹ ਹਾਥੀ ਲਿਆਂਦਾ ਸੀ। ਬੜੀ ਟਰੇਨਿੰਗ ਦਿਤੀ ਹੈ ਇਸ ਨੂੰ। ਮੇਰੇ ਨਾਲ ਇਹ ਯੁੱਧਾਂ ਦੇ ਵਿਚ ਵੀ ਗਿਐ

ਤੇ ਮੈਨੂੰ ਬਚਾ ਕੇ ਵੀ ਕੱਢ ਲਿਆਉਂਦੈ ਤੇ ਜੇ ਕੋਈ ਹੋਰ ਭੇਤ ਦੀ ਗੱਲ ਹੈ, ਕ੍ਰਿਪਾ ਕਰਕੇ ਮੈਨੂੰ ਉਹ ਦੱਸੋ ਆਪ ਕਿਉਂਕਿ ਮੇਰੇ ਮਨ ਵਿਚ ਸੰਸਾ ਪੈਦਾ ਹੋ ਗਿਆ। ਮਹਾਤਮਾ ਕਹਿਣ ਲੱਗੇ, ਸੁੱਧ ਸਿੰਘਾ! ਇਹ ਤੇਰੀ ਜਾਨ ਦਾ ਵੈਰੀ ਹੈ। ਲੈ ਆਇਆ ਤੈਨੂੰ ਜੰਗਾਂ 'ਚੋਂ ਕੱਢ ਕੇ, ਉਹ ਗੱਲ ਵੱਖਰੀ ਹੈ ਪਰ ਇਹਨੇ ਤੇਰੇ ਤੋਂ ਆਪ ਬਦਲਾ ਲੈਣਾ ਹੈ।

ਕਹਿਣ ਲੱਗਿਆ, ਮਹਾਰਾਜ! ਐਸਾ ਕੋਈ ਮੇਰੇ ਤੋਂ ਗੁਨਾਹ ਹੋਇਆ ਹੋਇਐ ਕੀ, ਕੋਈ ਭੁੱਲ ਹੋਈ-ਹੋਈ ਹੈ?

ਕਹਿੰਦੇ, ਹਾਂ।

ਕਹਿਣ ਲੱਗੇ, ਸੁਣ ਫੇਰ, ਗੁਰੂ ਦਸਵੇਂ ਪਾਤਸ਼ਾਹ ਦਾ ਜੋ ਆਖਰੀ ਯੁੱਧ ਸੀ ਸ੍ਰੀ ਅਨੰਦਪੁਰ ਸਾਹਿਬ ਦਾ ਉਸ ਵੇਲੇ ਤਕਲੀਫਾਂ ਤੋਂ ਘਬਰਾ ਕੇ ਕੁਝ ਖਿਆਲ ਗੁਰਸਿੱਖਾਂ ਦੇ ਆਪਣੀ ਮਨ ਦੀ ਮੱਤ ਦੇ ਪਿੱਛੇ ਲੱਗਣ ਕਰਕੇ ਮਨਮੱਤ ਧਾਰਨ ਕਰੀ। ਉਹ ਗੁਰੂ ਮਹਾਰਾਜ ਨੂੰ ਉਪਦੇਸ਼ ਦੇਣ ਲੱਗ ਗਏ। ਸਲਾਹ ਦੇਣ ਲੱਗ ਗਏ ਕਿ ਜਿਸ ਤਰ੍ਹਾਂ ਗੁਰੂ ਜਾਣਦੇ ਨਹੀਂ ਹੁੰਦੇ। ਗੁਰੂ ਨੂੰ ਇਕ ਅਲਪੱਗ ਮਨੁੱਖ ਵਾਂਗੂੰ ਸਮਝਣ ਲੱਗ ਗਏ ਤੇ ਉਹ ਜੋ ਪਹਿਲੀ ਭਾਵਨਾ ਸੀ -

***ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥***

***ਅੰਗ- 442***

ਗੁਰੂ ਤੇ ਪ੍ਰਮੇਸ਼ਰ ਇੱਕੋ ਹੀ ਹੁੰਦੈ। ਉਸ ਨਿਸ਼ਚੇ ਤੋਂ ਹੇਠਾਂ ਆ ਕੇ ਮਨੁੱਖ ਦੇਖਣ ਲੱਗ ਗਏ, ਸਿਆਣਾ ਮਨੁੱਖ ਕਿ ਸੋਹਣਾ ਮਨੁੱਖ ਹੈ, ਸੁਚੱਜਾ ਮਨੁੱਖ ਹੈ, ਉੱਤਮ ਮਨੁੱਖ ਹੈ। ਉਹਦੇ ਨਾਲ ਸਲਾਹ ਦੇਣ ਲੱਗ ਗਏ ਤੇ ਸਲਾਹ ਦਿਤੀ ਕਿ ਕਿਲ੍ਹਾ ਛੱਡ ਜਾਓ। ਕਿਸੇ ਪਾਸੇ ਨਿਕਲ ਚੱਲੀਏ। ਲੇਕਿਨ ਗੁਰੂ ਕਹਿੰਦੇ ਸੀ, ਨਹੀਂ, ਛੱਡਣਾ ਨਹੀਂ ਹੈ ਕਿਲ੍ਹਾ। ਬਾਹਰ ਜਾ ਕੇ ਬਚਣਾ ਨਹੀਂ ਹੈ, ਬੇਅੰਤ ਫੌਜ ਹੈ, ਥਾਂ-ਥਾਂ 'ਤੇ ਨਾਕਾਬੰਦੀ ਹੋਈ-ਹੋਈ ਹੈ। ਕਿੱਥੇ ਜਾਓਂਗੇ ਤੁਸੀਂ ਇਹ ਕਿਲ੍ਹਾ ਛੱਡ ਕੇ। ਦੁਸ਼ਮਣ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਗੱਲ ਉਡਾ ਦਿਤੀ ਕਿ ਜੋ ਕਿਲ੍ਹਾ ਛੱਡ ਕੇ ਆ ਜਾਣਗੇ, ਉਨ੍ਹਾਂ ਨੂੰ ਅਸੀਂ ਕੁਛ ਨਹੀਂ ਕਹਾਂਗੇ। ਉਸ ਵੇਲੇ ਜਦੋਂ ਐਸੇ ਹਾਲਾਤ ਪੇਸ਼ ਹੋਏ, ਉਸ ਵੇਲੇ ਮਹਾਰਾਜ ਕਹਿਣ ਲੱਗੇ ਕਿ ਦੇਖੋ, ਸਿੱਖ ਤੇ ਗੁਰੂ ਦਾ ਜਿਹੜਾ ਰਿਸ਼ਤਾ ਹੁੰਦੈ, ਉਹ ਆਗਿਆ ਦੇ ਨਾਲ ਬੰਨ੍ਹਿਆ ਹੁੰਦੈ, ਭਰੋਸੇ ਦੇ ਨਾਲ ਬੰਨ੍ਹਿਆ ਹੁੰਦੈ, ਜੇ ਭਰੋਸਾ ਤੇ ਹੁਕਮ ਵਿਚੋਂ ਕੱਢ ਲਓ ਤਾਂ ਗੁਰੂ ਸਿੱਖ ਕੁਛ ਨਹੀਂ ਰਹਿੰਦੇ, ਮਨੁੱਖ ਹੁੰਦੇ ਨੇ। ਜਿਹੋ ਜਿਹੇ ਆਮ ਮਨੁੱਖ, ਉਹੋ ਜਿਹੇ ਗੁਰੂ ਤੇ ਸਿੱਖ। ਉਹ ਕੇਵਲ ਸ਼ਰਧਾ ਭਾਵਨਾ ਦਾ ਜੋ ਰਿਸ਼ਤਾ ਹੈ, ਉਹ ਉਨ੍ਹਾਂ ਨੂੰ ਬੰਨ੍ਹ ਕੇ ਰੱਖਦੈ ਕਿ ਜੇ ਤੁਹਾਡੇ ਮਨ ਦੇ ਅੰਦਰ ਸ਼ਰਧਾ ਨਹੀਂ ਰਹੀ, ਭਾਵਨਾ ਨਹੀਂ ਰਹੀ, ਆਪਣੀ ਮੱਤ

ਜੋ ਗੁਰੂ ਨੂੰ ਦਿੰਦੈ, ਜੇ ਸਿੱਖ ਉਹਨੂੰ ਵਾਪਸ ਲੈ ਲਵੇ। ਫੇਰ ਆਪਣਾ ਤਾਂ ਰਿਸ਼ਤਾ ਹੀ ਖਤਮ ਹੋ ਗਿਆ। ਫੇਰ ਤੁਸੀਂ ਇਹ ਲਿਖ ਦਿਓ ਕਿ ਤੂੰ ਸਾਡਾ ਗੁਰੂ ਨਹੀਂ, ਅਸੀਂ ਤੇਰੇ ਸਿੱਖ ਨਹੀਂ। ਕਾਗਜ਼ ਦੇ ਉਤੇ ਹੈਡਿੰਗ ਲਿਖ ਲਿਆ ਗਿਆ। ਦਸਤਖ਼ਤ ਹੋਣੇ ਸ਼ੁਰੂ ਹੋ ਗਏ, ਤੂੰ ਵੀ ਉਹਨਾਂ 'ਚੋਂ ਇਕ ਸੀ ਪਿਆਰਿਆ! ਜਿਹਨੇ ਦਸਤਖ਼ਤ ਕੀਤੇ। ਲੇਕਿਨ ਘਰ ਜਾ ਕੇ ਪਤਾ ਲੱਗਿਆ ਕਿ ਸਦੀਵੀ ਤਾਂ ਕੋਈ ਜੀਉਂਦਾ ਨਹੀਂ ਹੁੰਦਾ, ਮੌਤ ਤਾਂ ਆਈ ਖੜ੍ਹੀ ਹੈ, ਇਹ ਨਹੀਂ ਟਲਦੀ ਹੈ -

*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥*
*ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥*

*ਅੰਗ- 254*

ਅੱਜ ਤੱਕ ਸੰਸਾਰ ਦੇ ਅੰਦਰ ਐਸਾ ਮਨੁੱਖ ਕੋਈ ਨਹੀਂ ਆਇਆ। ਕੋਈ ਵੀ ਐਸੀ ਚੀਜ਼ ਨਹੀਂ ਆਈ, ਜਿਸ ਦਾ ਨਾਸ ਨਾ ਹੋਵੇ। ਧਰਤੀ, ਸੂਰਜ, ਚੰਦਰਮਾ, ਤਾਰੇ, ਇਕ ਵਾਰੀ ਨਹੀਂ, ਕਈ ਵਾਰੀ ਵਿਸਥਾਰ ਹੋਇਐ, ਕਈ ਵਾਰੀ ਬਣੀਆਂ ਨੇ, ਕਈ ਵਾਰੀ ਮਿਟੀਆਂ ਨੇ, ਖਰਬਾਂ-ਖਰਬਾਂ ਸਾਲ ਵਾਲੀ ਮਿਆਦ ਵਾਲੀਆਂ ਚੀਜ਼ਾਂ। ਕਾਲ ਦੇ ਚੱਕਰ ਵਿਚ ਉਹਨਾਂ ਦੀ ਵਾਰੀ ਆ ਗਈ, ਉਸ ਵੇਲੇ ਉਹ ਵੀ ਮਿਟ ਜਾਇਆ ਕਰਦੀਆਂ ਨੇ। ਉਮਰਾਂ ਨੇ ਇਨ੍ਹਾਂ ਦੀਆਂ ਸਾਧ ਸੰਗਤ ਜੀ। ਆਦਮੀ ਨੇ ਕੀ ਬਚਣੈ! ਇਹ ਤਾਂ ਹੈ ਹੀ ਛੋਟੀ ਜਿਹੀ ਉਮਰ ਵਾਲਾ। ਸਭ ਚਲੇ ਜਾਂਦੇ ਨੇ। ਉਹ ਗੁਰੂ ਦੇ ਬਚਨ ਜੋ ਸਤਿਸੰਗ 'ਚ ਸੁਣਿਆ ਕਰਦੇ ਸੀ, ਉਹ ਜਿਸ ਵਕਤ ਹਿਰਦੇ 'ਚ ਗੇੜਾ ਮਾਰਨ ਲੱਗੇ ਤਾਂ ਪਛਤਾਵਾ ਕੀਤਾ, ਮਨਾਂ! ਫੇਰ ਕੀ ਬਚ ਜਾਵਾਂਗੇ ਇਥੇ ਆ ਕੇ? ਜਦ ਆਉਣੀ ਹੈ ਤਾਂ ਆਉਣੀ ਹੀ ਹੈ। ਜਿਹੜਾ ਸਮਾਂ ਪ੍ਰਮੇਸ਼ਰ ਨੇ ਬੰਨ੍ਹਿਆ ਹੈ। ਤਿੰਨ ਚੀਜ਼ਾਂ ਹੁੰਦੀਆਂ ਨੇ ਜਦੋਂ ਕਾਲ ਆਉਂਦੈ। ਇਕ ਤਾਂ ਇਹ ਹੁੰਦੀ ਹੈ ਕਿ ਸਮਾਂ ਆ ਜਾਂਦਾ ਹੈ। ਦੂਸਰਾ ਇਹ ਹੁੰਦੈ ਕਿ ਉਹ ਕਾਰਨ ਆ ਜਾਂਦੈ। ਤੀਸਰਾ ਇਹ ਹੁੰਦੈ ਕਿ ਉਹ ਥਾਂ ਆ ਜਾਂਦੈ ਜਿੱਥੇ ਸਰੀਰ ਛੱਡਣੈ। ਜੇ ਤਿੰਨ ਨਾ ਮਿਲਣ ਸਰੀਰ ਨਹੀਂ ਛੱਡਿਆ ਜਾਂਦਾ। ਜਦੋਂ ਵੀ ਤਿੰਨ ਚੀਜ਼ਾਂ ਮਿਲ ਗਈਆਂ ਉਸੇ ਵੇਲੇ ਸਰੀਰ ਛੁਟ ਜਾਂਦੈ। ਸਮਾਂ ਆ ਜਾਵੇ, ਸਥਾਨ ਆ ਜਾਵੇ, ਕਾਰਨ ਆ ਜਾਵੇ। ਕਾਰਨ ਤੋਂ ਬਿਨਾਂ ਤਾਂ ਕੋਈ ਸੰਸਾਰ ਤੋਂ ਜਾਂਦਾ ਹੀ ਨਹੀਂ ਹੈ, ਜੇ ਜਾਂਦੇ ਨੇ ਤਾਂ ਮਹਾਂਪੁਰਸ਼ ਜਾਂਦੇ ਨੇ ਬਗੈਰ ਕਾਰਨ ਤੋਂ। ਕਿਉਂਕਿ ਉਨ੍ਹਾਂ ਦੇ ਹੱਥ ਵਿਚ ਹੁੰਦੈ, ਕਾਲ ਤੋਂ ਉਤੇ ਹੁੰਦੇ ਨੇ -

*ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥* *ਅੰਗ - 262*

ਕਾਲ ਨੂੰ ਜਿੱਤਣ ਵਾਲੇ ਹੁੰਦੇ ਨੇ। ਅਕਾਲ ਦੇ ਮੰਡਲ ਵਿਚ ਵੱਸਣ ਵਾਲੇ ਹੁੰਦੇ ਨੇ। ਕਾਲ ਨਹੀਂ ਉਥੇ ਆਉਂਦਾ। ਸੋ ਮਰਜ਼ੀ ਨਾਲ ਚਲੇ ਜਾਂਦੇ ਨੇ। ਨਾ-ਮਰਜ਼ੀ ਕਰੇ ਨਹੀਂ ਜਾਂਦੇ।

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ, ਆਪ ਨੇ ਸੰਗਤਾਂ ਨੂੰ ਚਿੱਠੀਆਂ ਪਾ ਕੇ ਬੁਲਾ ਲਿਆ ਕਿ ਪਿਆਰਿਓ! ਇਹ ਜੋ ਪੰਜ ਭੂਤਕ ਸਰੀਰ ਹੈ ਇਹਦਾ ਸਮਾਂ ਆ ਚੁੱਕਿਆ ਹੈ ਇਕ ਹਫਤੇ ਤੋਂ ਬਾਅਦ ਅੱਗੇ ਚਲੇ ਜਾਣਾ ਹੈ। ਫੇਰ ਤੁਹਾਡੇ ਮਨਾਂ ਵਿਚ ਇਹ ਬਾਤ ਰਹਿ ਜਾਏਗੀ ਕਿ ਅਸੀਂ ਬਾਬਾ ਜੀ ਦੇ ਅੰਤਮ ਵਾਰ ਦਰਸ਼ਨ ਨਾ ਕੀਤੇ। ਅਸੀਂ ਆਹ ਪੁੱਛਣਾ ਸੀ, ਔਹ ਪੁੱਛਣਾ ਸੀ। ਬੜੇ ਤੁਹਾਡੇ ਮਨਾਂ 'ਚ ਸੰਸੇ ਰਹਿ ਜਾਣਗੇ। ਸਾਰੀ ਜ਼ਿੰਦਗੀ ਤੁਸੀਂ ਸਾਡੇ ਨਾਲ ਪਿਆਰ ਕਰਿਆ ਹੈ। ਅਸੀਂ ਨਹੀਂ ਚਾਹੁੰਦੇ ਕਿ ਸਾਡੇ ਜਾਣ ਤੋਂ ਬਾਅਦ ਤੁਹਾਡੇ ਮਨਾਂ ਦੇ ਅੰਦਰ ਕੋਈ ਦੁੱਖ ਪੈਦਾ ਹੋ ਜਾਵੇ। ਸੋ ਆਓ ਤੇ ਆ ਕੇ ਕਿਸੇ ਅੰਦਰ ਜੋ ਵੀ ਸ਼ੰਕਾ ਹੈ ਉਹ ਦੱਸੋ, ਜਿਹੜੀਆਂ ਵੀ ਤੁਹਾਡੇ ਮਨਾਂ ਦੇ ਅੰਦਰ ਕਾਮਨਾਵਾਂ ਹਨ, ਉਹ ਦੱਸੋ, ਵਾਸ਼ਨਾ ਨੇ ਉਹ ਦੱਸੋ।

ਬੇਅੰਤ ਸੰਗਤਾਂ ਇਕੱਠੀਆਂ ਹੋ ਗਈਆਂ। ਸਾਰੇ ਪੰਜਾਬ ਤੋਂ, ਅਫਗਾਨਿਸਤਾਨ ਵਲੋਂ ਤੇ ਸਾਰੇ ਸਰਹੱਦੀ ਸੂਬਿਆਂ ਤੋਂ, ਕਸ਼ਮੀਰ ਵਗੈਰਾ ਤੋਂ ਕਿਉਂਕਿ ਦੂਰ ਤਕ ਉਨ੍ਹਾਂ ਦੇ ਸਰਧਾਲੂ ਸਨ। ਪੂਰਨ ਮਹਾਂਪੁਰਸ਼, ਬ੍ਰਹਮਗਿਆਨੀ ਸਨ। ਉਸ ਵੇਲੇ ਸੱਤ ਦਿਨ ਬਾਬਾ ਜੀ ਕੋਲ ਆ ਕੇ ਮੰਗਣਾ ਕੀ ਸੀ, ਸਭ ਭੁੱਲ ਗਏ, ਪਿਆਰ 'ਚ ਐਨੇ ਲੀਨ ਹੋਏ ਕਿ ਇਨ੍ਹਾਂ ਨੇ ਤਾਂ ਹੁਣ ਚਲੇ ਜਾਣੈ। ਸਭ ਭੁੱਲ ਗਏ ਤੇ ਬਾਰ-ਬਾਰ ਇਹ ਕਹਿੰਦੇ ਨੇ ਕਿ ਬਾਬਾ ਜੀ! ਵਿਛੋੜਾ ਨਹੀਂ ਅਸਾਥੋਂ ਸਹਿ ਹੋਣਾ। ਇਕ ਮੰਗ ਦੇ ਦਿਓ ਸਾਨੂੰ ਕਿ ਅਸੀਂ ਤੁਹਾਡੇ ਤੋਂ ਪਹਿਲਾਂ ਚਲੇ ਜਾਈਏ -

***ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥***
***ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥ ਅੰਗ- 83***

ਕ੍ਰਿਪਾ ਕਰੋ ਆਪ, ਬਾਬਾ ਜੀ ਧੀਰਜ ਬੰਨਾਉਂਦੇ ਨੇ ਸਾਰਿਆਂ ਦੀ। ਅੰਤਮ ਦਿਨ ਆ ਗਿਆ ਤੇ ਉਸ ਦਿਨ ਬਹੁਤ ਵੈਰਾਗ ਹੈ ਕਿ ਬਾਬਾ ਜੀ ਨੇ ਸ਼ਾਮ ਦੇ 4.30 ਵਜੇ ਸਰੀਰ ਛੱਡ ਦੇਣੈ। ਮਿਸਤਰੀਆਂ ਨੇ ਬਕਸਾ ਤਿਆਰ ਕਰ ਦਿਤਾ। ਰੋਗਨ ਵਗੈਰਾ ਕਰਕੇ। ਸਭ ਦੇਖਦੇ ਨੇ ਕਿ ਆਹ ਬਕਸੇ ਦੇ ਵਿਚ ਸਾਡੇ ਸਾਹਮਣਿਓਂ ਅਲੋਪ ਹੋ ਜਾਣੈ ਉਨ੍ਹਾਂ ਨੇ। ਲੇਕਿਨ ਚਾਰਾ ਕੋਈ ਨਹੀਂ ਚਲਦਾ। ਜੇ ਚਲਦਾ ਹੈ ਤਾਂ ਹਿਰਦੇ ਦੀ ਆਵਾਜ਼ ਹੈ। ਅੱਖਾਂ ਦੇ ਰਾਹੀਂ ਹੋ ਕੇ, ਹੰਝੂ ਬਣ ਕੇ ਨਿਕਲ ਰਹੀ ਹੈ। ਸੰਗਤ ਦੀ ਐਸੀ ਬਿਹਬਲਤਾ ਦੀ ਹਾਲਤ ਦੇਖ ਕੇ ਬਾਬਾ ਲਾਲ ਸਿੰਘ ਜੀ ਜੋ ਸ੍ਰੀ ਮਾਨ ਸੀ ਲੰਗਰ ਦੇ। ਉਨ੍ਹਾਂ ਦਾ ਮਨ ਦ੍ਰਵ ਗਿਆ। ਸੰਗਤ ਨੂੰ ਨਾਲ ਲਿਆ। ਬਾਬਾ ਜੀ ਦੇ ਚਰਨਾਂ 'ਚ ਜਾ ਕੇ ਬੇਨਤੀ ਕਰੀ ਕਿ ਮਹਾਰਾਜ! ਸੰਗਤ ਦਾ ਹਾਲ ਮੇਰੇ ਤੋਂ ਵੇਖਿਆ ਨਹੀਂ ਜਾਂਦਾ। ਤੁਸੀਂ ਸਮਰੱਥ ਪੁਰਸ਼ ਹੋਂ ਕ੍ਰਿਪਾ ਕਰੋ, ਹੋਰ ਦਰਸ਼ਨ ਦਿਓ। ਬਾਰ-ਬਾਰ ਬੇਨਤੀਆਂ ਕਰਨ ਦੇ ਨਾਲ ਬਾਬਾ ਜੀ ਦਾ ਮਨ ਦ੍ਰਵਿਆ। ਮਿਹਰ ਦੇ ਘਰ ਵਿਚ ਆਇਆ। ਪਿਆਰ ਦੇ ਬੰਧਨਾਂ

'ਚ ਬੰਨ੍ਹਿਆ ਗਿਆ।

ਕਹਿਣ ਲੱਗੇ, ਲਾਲ ਸਿੰਘਾ! ਇਕ ਬੰਦੋਬਸਤ ਆਪਾਂ ਕਰ ਸਕਦੇ ਹਾਂ, ਤਾਂ ਅਸੀਂ ਰਹਿ ਸਕਦੇ ਹਾਂ। ਜੇ ਅਸੀਂ ਚਾਹੀਏ ਤਾਂ ਚਾਹੇ ਹੋਰ 20 ਸਾਲ ਨਾ ਜਾਈਏ। ਕਿਉਂਕਿ ਮਹਾਰਾਜ ਨੇ ਫੁਰਮਾਨ ਕੀਤਾ ਹੈ ਕਿ –

***ਗੁਰਮੁਖਿ ਆਵੈ ਜਾਇ ਨਿਸੰਗੁ ॥ ਅੰਗ– 932***

***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥***
***ਜੀਅ ਦਾਨੁ ਦੇ ਭਗਤੀ ਲਾਇਨਿ***
***ਹਰਿ ਸਿਉ ਲੈਨਿ ਮਿਲਾਏ॥ ਅੰਗ – 749***

ਕਹਿਣ ਲੱਗੇ, ਮਹਾਰਾਜ! ਆਪ ਦੇ ਤਾਂ ਅਖਤਿਆਰ ਹੈ। ਕਹਿੰਦੇ ਨਹੀਂ, ਨਾ ਬਈ, ਮਰਿਆਦਾ ਨਹੀਂ ਭੰਗ ਕਰਨੀ ਅਕਾਲ ਪੁਰਖ ਦੀ। ਹਾਂ ਇਕ ਗੱਲ ਕਰ ਲੈਂਦੇ ਹਾਂ ਕਿ ਤੁਹਾਨੂੰ ਯਾਦ ਹੋਣੈ ਕਿ ਜਦੋਂ ਗੁਰੂ ਸੱਤਵੇਂ ਪਾਤਸ਼ਾਹ ਦੇ ਪਾਸ ਬ੍ਰਾਹਮਣ ਦਾ ਲੜਕਾ ਚੜ੍ਹਾਈ ਕੀਤੀ ਹੋਈ, ਉਹਦਾ ਮ੍ਰਿਤਕ ਸਰੀਰ ਲੈ ਕੇ ਆਏ ਤਾਂ ਹੱਠ ਕੀਤਾ ਉਸ ਬ੍ਰਾਹਮਣ ਨੇ ਕਿ ਜਾਂ ਤਾਂ ਲੜਕਾ ਜਿਉਂਦਾ ਕਰ ਦਿਓ ਜਾਂ ਮੈਂ ਇਥੇ ਹੀ ਚਿਖਾ ਲਾ ਕੇ ਜਲ ਜਾਵਾਂਗਾ। ਉਸ ਵੇਲੇ ਭਾਈ ਜੀਵਨ ਨੇ ਆਪਣਾ ਸਰੀਰ ਛੱਡ ਕੇ ਆਪਣੇ ਸਵਾਸ ਉਹਨੂੰ ਦੇ ਦਿਤੇ। ਆਹ ਬੰਦੋਬਸਤ ਤਾਂ ਗੁਰੂ ਘਰ 'ਚ ਤੁਰਿਆ ਆਇਐ ਪਹਿਲਾਂ ਤੋਂ। ਵੈਸੇ ਵੀ ਤੁਰਿਆ ਆਇਐ। ਵਾਹਿਗੁਰੂ ਜੀ ਮੰਨ ਲੈਂਦੇ ਨੇ।

ਤੁਸੀਂ ਸਾਡੀ ਵਾਰੀ ਚਲੇ ਜਾਓ, ਅਸੀਂ ਤੁਹਾਡੀ ਵਾਰੀ ਆ ਜਾਵਾਂਗੇ। ਤੁਹਾਡੇ ਦੋ ਸਾਲ, ਦੋ ਮਹੀਨੇ, ਦੋ ਦਿਨ ਹੋਰ ਬਚਦੇ ਨੇ। ਸਾਡਾ ਜਿਹੜਾ ਸਮਾਂ ਹੈ ਉਹ ਸਾਢੇ ਚਾਰ ਵਜੇ ਪੂਰਾ ਹੋ ਜਾਣਾ ਹੈ। ਆਹ ਤਾਂ ਆਪਾਂ ਕਰ ਸਕਦੇ ਹਾਂ, ਹੋਰ ਨਹੀਂ ਕੋਈ ਤਰੀਕਾ ਹੋਣਾ।

ਉਹ ਕਹਿੰਦੇ, ਮਹਾਰਾਜ! ਮੈਨੂੰ ਮਨਜ਼ੂਰ ਹੈ। ਜੇ ਸੰਗਤਾਂ ਦੇ ਮਨਾਂ ਨੂੰ ਧੀਰਜ ਆ ਜਾਵੇ ਤਾਂ ਮੈਂ ਵੀ ਜਾਣੈ, ਹੁਣੇ ਚਲੇ ਚਲਦੇ ਹਾਂ। ਆਪਾਂ ਤਾਂ ਆਪਣੇ ਘਰ ਨੂੰ ਹੀ ਜਾਣੈ। ਸੋ ਉਸ ਵੇਲੇ ਬਾਬਾ ਲਾਲ ਸਿੰਘ ਜੀ ਸਾਢੇ ਚਾਰ ਵਜੇ ਸਾਰੀਆਂ ਸੰਗਤਾਂ ਦੇ ਸਾਮ੍ਹਣੇ ਆਪਣਾ ਪੰਜ ਭੂਤਕ ਚੋਲਾ ਛੱਡ ਗਏ, ਮ੍ਰਿਤਕ ਸਰੀਰ ਪਿਛੋਂ ਰਹਿ ਗਿਆ, ਆਪ ਵਿਚੋਂ ਉਡਾਰੀ ਮਾਰ ਗਏ। ਬਾਬਾ ਜੀ ਨੇ ਦੋ ਸਾਲ, ਦੋ ਮਹੀਨੇ, ਦੋ ਦਿਨ ਬਾਅਦ ਸੈਦੋਨਗਰ ਜਾ ਕੇ, ਉਨ੍ਹਾਂ ਦੇ ਥਾਂ 'ਤੇ ਜਾ ਕੇ ਸਰੀਰ ਛੱਡ ਦਿਤਾ। ਸੋ ਭਾਵ ਇਹ ਹੈ ਕਿ ਸਮਾਂ ਟਲਿਆ ਨਹੀਂ ਕਰਦਾ ਕਿਸੇ ਤੋਂ ਵੀ। ਅੱਜ ਤਕ ਤਾਂ ਸੰਸਾਰ 'ਚ ਕੋਈ ਆਇਆ ਨਹੀਂ ਜਿਹੜਾ ਸਮਾਂ ਬਦਲ ਦੇਵੇ। ਮਹਾਂਪੁਰਸ਼ਾਂ ਨੇ ਵੀ ਨਹੀਂ ਬਦਲਿਆ। ਸੋ ਐਸੇ ਖਿਆਲ ਮਨ ਵਿਚ ਆਉਂਦੇ ਨੇ ਕਿ ਮਨਾਂ! ਗੁਰੂ ਨਾਲ ਵੀ ਚੰਗਾ ਨਾ ਕਰਿਆ ਅਸੀਂ, ਸਿੱਖ ਹੋ ਕੇ, ਸੀਸ ਦੇ

ਕੇ, ਤਨ ਵੀ ਦਿਤਾ, ਮਨ ਵੀ ਦਿਤਾ, ਧਨ ਵੀ ਦਿਤਾ ਇਹ ਵਾਪਸ ਲੈ ਲੈਣਾ, ਇਹ ਤਾਂ ਚੋਰੀ ਹੈ। ਬਚਨ ਤੋਂ ਫਿਰ ਗਏ। ਹੁਣ ਬਚ ਜਾਵਾਂਗੇ?

ਬਾਬਾ ਸਾਹਿਬ ਸਿੰਘ ਜੀ। ਕਹਿਣ ਲੱਗੇ, ਪਿਆਰਿਆ! ਤੂੰ ਫੇਰ ਉਨ੍ਹਾਂ ਸਿੰਘਾਂ ਦੇ ਨਾਲ ਮੁਕਤਸਰ ਆਇਆ ਤੇ ਉਥੇ ਆ ਕੇ ਤੂੰ ਸ਼ਹੀਦੀ ਪਾਈ। ਗੁਰੂ ਮਹਾਰਾਜ ਨੇ ਤੈਨੂੰ ਵਰ ਦਿਤਾ, ਪੰਜ ਹਜ਼ਾਰੀ। ਕਹਿੰਦਾ, ਮਹਾਰਾਜ! ਇਹ ਹਾਥੀ ਦਾ ਮੇਰੇ ਨਾਲ ਕੀ ਸਬੰਧ ਹੈ? ਕਹਿੰਦੇ ਇਹ ਤੇਰਾ ਨੌਕਰ ਸੀ। ਘਰ ਵਿਚ ਕੋਈ ਚੋਰੀ ਹੋ ਗਈ, ਤੂੰ ਕੁੱਟ-ਕੁੱਟ ਕੇ ਇਸ ਨੂੰ ਮਾਰ ਦਿਤਾ। ਇਹ ਬੇਗੁਨਾਹ ਸੀਗਾ। ਇਹਨੇ ਚੋਰੀ ਕਰੀ ਨਹੀਂ ਸੀ।

ਕਹਿੰਦੇ, ਇਹ ਹੁਣ ਹਾਥੀ ਬਣ ਗਿਆ, ਕਿਉਂਕਿ ਇਹਦੇ ਕਰਮ ਐਸੇ ਸੀ, ਭਜਨ ਨਹੀਂ ਕਰਿਆ, ਬੰਦਗੀ ਨਹੀਂ ਕਰੀ। ਮਾਨਸ ਜਨਮ ਦਾ ਜਿਹੜਾ ਸਮਾਂ ਮਿਲਿਆ ਸੀ ਹੱਥੋਂ ਲੰਘ ਗਿਆ ਤੇ ਹਾਥੀ ਬਣ ਗਿਆ। ਕਰਮ ਦਾ ਤੁਹਾਡਾ ਦੋਹਾਂ ਦਾ ਸਬੰਧ ਸੀ। ਉਹ ਕਰਮ ਨੇ ਪ੍ਰੇਰ ਕੇ ਤੈਨੂੰ ਬਾਰਾਂਬੰਕੀ 'ਚੋਂ ਇਹਨੂੰ ਲਿਆਉਣ ਵਾਸਤੇ ਪ੍ਰੇਰਨਾ ਦਿਤੀ ਤੇ ਤੂੰ ਲਿਆ ਕੇ ਆਪਣੇ ਕੋਲ ਰੱਖ ਲਿਆ। ਹੁਣ ਪਿਆਰਿਆ! ਤੈਨੂੰ ਬਾਕੀਆਂ ਤੋਂ ਤਾਂ ਬਚਾਈ ਜਾਏਗਾ। ਪਰ ਤੈਨੂੰ ਖੁਦ ਮਾਰੇਗਾ ਇਹ। ਸੋ ਇਹ ਸਾਡਾ ਬਚਨ ਹੈ। ਮਨ ਵਿਚ ਬੜਾ ਸ਼ੋਕ ਹੋਇਆ ਕਿ ਹਾਥੀ ਬੜਾ ਸੋਹਣਾ ਹੈ। ਸਵਾਰੀ ਇਹਦੀ ਬਹੁਤ ਵਧੀਆ ਹੈ।

ਜਦੋਂ ਤਿੰਨ ਮਹੀਨੇ ਬਾਅਦ ਬਾਬਾ ਜੀ ਦੇ ਕੋਲ ਮੁੜ ਕੇ ਸੰਗਤ ਗਈ। ਕਹਿਣ ਲੱਗੇ, ਭਾਈ ਸੁੱਧ ਸਿੰਘ ਦਾ ਕੀ ਹਾਲ ਹੈ? ਕਹਿੰਦੇ, ਮਹਾਰਾਜ! ਉਹ ਤਾਂ ਦੋ ਮਹੀਨੇ ਗਏ, ਉਹਦੇ ਹੀ ਹਾਥੀ ਨੇ ਮਾਰ ਦਿਤਾ।

ਕਹਿੰਦੇ, ਬਚਨ ਨਹੀਂ ਮੰਨਿਆ?

ਕਹਿੰਦੇ, ਮਹਾਰਾਜ! ਉਹ ਤਾਂ ਮੰਨਦਾ ਸੀ, ਉਹਦੇ ਜਿਹੜੇ ਅੰਗਰੱਖਿਅਕ ਸੀ –

***ਵਿਨਾਸ ਕਾਲੇ ਬੁੱਧੀ ਬਿਪਰਤੰ॥***

ਕਿੱਡਾ ਹੀ ਕੋਈ ਸਿਆਣਾ ਕਿਉਂ ਨਾ ਹੋਵੇ ਕਹਿੰਦਾ ਕਹਾਉਂਦਾ। ਜਦੋਂ ਹੋਣਹਾਰ ਵਸ ਜਾਂਦੀ ਹੈ, ਫੇਰ ਬੁੱਧੀ ਦਾ ਨਾਸ਼ ਸਭ ਤੋਂ ਪਹਿਲਾਂ ਹੁੰਦੈ। ਉਲਟਾ ਕੰਮ ਚਲ ਪੈਂਦੈ, ਦੇਖਦੇ-ਦੇਖਦੇ ਸਾਰਿਆਂ ਦੇ।

ਕਹਿੰਦੇ, ਮਹਾਰਾਜ ਉਨ੍ਹਾਂ ਨੇ ਇਸ ਨੂੰ ਕਿਹਾ ਕਿ ਸਰਦਾਰ ਜੀ! ਬਾਬਾ ਜੀ ਨੇ ਤਾਂ ਇਹ ਗੱਲ ਕਹੀ ਹੈ ਕਿ ਤੁਸੀਂ ਉਹਨਾਂ ਦੇ ਸਾਮ੍ਹਣੇ ਹਾਥੀ 'ਤੇ ਚੜ੍ਹ ਕੇ ਆ ਗਏ ਸੀ। ਉਨ੍ਹਾਂ ਨੂੰ ਚੰਗਾ ਨਾ ਲੱਗਿਆ। ਜੁਗਤੀ ਦੇ ਨਾਲ ਤੁਹਾਨੂੰ ਹਾਥੀ ਤੋਂ ਹੀ ਹਟਾ ਦਿਤਾ।

ਸੋ ਇਸ ਤਰ੍ਹਾਂ ਦੇ ਨਾਲ ਆਦਮੀ ਜ਼ਰੂਰੀ ਨਹੀਂ ਕਿ ਫੇਰ ਮਨੁੱਖ ਬਣ ਜਾਵੇ। ਜੂਨਾਂ ਦੇ ਵਿਚ ਕਰਮਾਂ ਦੇ ਹਿਸਾਬ ਨਾਲ ਜਾਂਦੈ। ਕਿੰਨੀਆਂ ਸਾਖੀਆਂ ਆਉਂਦੀਆਂ ਨੇ ਕਿ ਕੋਈ ਰਿੱਛ ਬਣ ਗਿਆ, ਕੋਈ ਕਾਂ ਬਣ ਗਿਆ।

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਨੇ ਇਕ ਬਹੁਤ ਵੱਡਾ ਸ਼ੇਰ ਗਵਾਲੀਅਰ ਮਾਰਿਆ ਸੀ। ਉਹ ਜਹਾਂਗੀਰ ਦਾ ਚਾਚਾ ਸੀ। ਉਧਾਰ ਆਪ ਨੇ ਕਰ ਦਿਤਾ। ਲੇਕਿਨ ਜੂਨਾਂ 'ਚ ਘੁੰਮਦਾ ਫਿਰਦੈ। ਕੋਈ ਸ਼ੇਰ ਬਣ ਜਾਂਦੈ। ਪਾਉਂਟਾ ਸਾਹਿਬ ਦੇ ਕੋਲ ਉਹ ਸ਼ੇਰ ਬਣਿਆ ਹੋਇਆ ਸੀਗਾ ਜੈਦਰਥ।

ਸੋ ਇਸ ਤਰ੍ਹਾਂ ਦੇ ਨਾਲ ਆਦਮੀ ਘੁੰਮਦੈ। ਮਹਾਰਾਜ ਕਹਿੰਦੇ ਛੁਟਕਾਰਾ ਤਾਂ ਨਾ ਹੋਇਆ ਨਾ ਪਿਆਰਿਓ। ਇਹ ਨਾ ਕਹੋ ਕਿ ਮਰ ਗਏ ਤੇ ਛੁਟਕਾਰਾ ਹੋ ਗਿਆ। ਮਰਨ ਤੋਂ ਬਾਅਦ ਛੁਟਕਾਰਾ ਨਹੀਂ ਹੁੰਦਾ। ਉਹਦਾ chance ਜਿਹੜਾ ਆਇਆ ਸੀ, ਮਾਨਸ ਜਨਮ ਪ੍ਰਾਪਤ ਕਰਕੇ, ਕਰਮ, ਉਪਾਸ਼ਨਾ, ਗਿਆਨ, ਵਿਗਿਆਨ; ਚਾਰ ਮੰਜ਼ਲਾਂ 'ਚੋਂ ਲੰਘ ਕੇ ਪਰਮ ਪਦ ਦੀ ਪ੍ਰਾਪਤੀ ਕਰਕੇ, ਆਪਣੇ ਸਾਰੇ ਦੁੱਖਾਂ ਦਾ ਖਾਤਮਾ ਕਰਨ ਦਾ, ਮੂਰਖ ਨੇ ਗਵਾ ਦਿਤਾ। ਵੱਡੇ ਬਣਨ ਦੀ ਲਾਲਸਾ ਇਹਦੇ ਮਨ ਵਿਚ ਪੈਦਾ ਹੋ ਗਈ ਕਿ ਮੈਂ ਬਹੁਤ ਵੱਡਾ ਹਾਂ। ਮਹਾਰਾਜ ਕਹਿੰਦੇ–

***ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥***

***ਅੰਗ – 417***

ਮਾਇਆ ਜੋੜਨੀ ਹੋਵੇ, ਬਹੁਤ ਜ਼ਿਆਦਾ ਪਾਪ ਹੋ ਜਾਂਦੇ ਨੇ, ਕੋਈ ਰਿਸ਼ਵਤ ਲੈਂਦਾ ਹੈ, ਠੱਗੀਆਂ ਮਾਰਦਾ ਹੈ, ਧੋਖੇ ਦਿੰਦਾ ਹੈ। ਬੇਅੰਤ ਤਰੀਕੇ ਨੇ। ਕੋਈ ਦੂਸਰਿਆਂ ਨੂੰ ਤੰਗ ਕਰਦਾ ਹੈ। ਚੋਰੀਆਂ ਕਰਦੈ। ਖੋਂਹਦਾ ਹੈ ਦੂਸਰਿਆਂ ਦੀ ਮਾਇਆ। ਕਹਿੰਦੇ, ਫੇਰ ਨਾਲ ਤਾਂ ਨਹੀਂ ਨਾ ਜਾਂਦੀ ਹੈ ਮਾਇਆ। ਇਥੇ ਮਾਇਆ ਹੁੰਦੇ ਹੋਏ ਵੀ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ। ਸੁਖ ਦੀ ਪ੍ਰਾਪਤੀ ਦੀ ਥਾਂ 'ਤੇ ਚਿੰਤਾ ਦਾ ਰੋਗ ਲਗ ਜਾਂਦੈ –

***ਵਡੇ ਵਡੇ ਜੋ ਦੀਸਹਿ ਲੋਗ ॥***
***ਤਿਨ ਕਉ ਬਿਆਪੈ ਚਿੰਤਾ ਰੋਗ ॥ ਅੰਗ– 188***

ਵੱਡਾ ਕੌਣ ਹੈ, ਮਹਾਰਾਜ ਕਹਿੰਦੇ, ਮਾਇਆ ਵਾਲਾ ਵੱਡਾ ਨਹੀਂ ਹੋਇਆ ਕਰਦਾ –

***ਕਉਨ ਵਡਾ ਮਾਇਆ ਵਡਿਆਈ ॥ ਅੰਗ– 188***

ਕਹਿੰਦੇ ਨਹੀਂ –

***ਸੋ ਵਡਾ ਜਿਨਿ ਰਾਮ ਲਿਵ ਲਾਈ ॥ ਅੰਗ– 188***

ਜਿਹਨੇ ਪ੍ਰਮੇਸ਼ਰ ਦੇ ਨਾਲ ਨਿਰੰਤਰ ਯਾਦ ਦੇ ਵਿਚ, ਸਿਮਰਨ 'ਚ

ਆ ਗਿਆ, ਜਿਹੜਾ ਕਦੇ ਭੁੱਲਦਾ ਨਹੀਂ ਉਹਨੂੰ ਲਿਵ ਕਹਿੰਦੇ ਨੇ। ਸੁੱਤੇ ਦੇ ਵੀ, ਜਾਗਦੇ ਦੇ ਵੀ, ਹਰ ਵਕਤ ਮਨ ਦਾ ਝੁਕਾਅ ਜਿਸ ਗੱਲ ਵਲ ਰਹੇ। ਉਹ ਲਿਵ ਹੋਇਆ ਕਰਦੀ ਹੈ। ਕਹਿੰਦੇ ਵੱਡਾ ਓਹੀ ਹੈ ਜਿਹਨੇ ਮਨੁੱਖਾ ਜਨਮ ਦੇ ਅੰਦਰ ਆ ਕੇ ਰਾਮ ਦੇ ਨਾਮ ਨਾਲ ਲਿਵ ਲਾ ਲਈ। ਜਿਹੜਾ ਵਿਸ਼ੇ-ਵਿਕਾਰਾਂ 'ਚ, ਭੋਗਾਂ 'ਚ ਪ੍ਰਵਿਰਤ ਹੁੰਦੇ ਹਨ, ਉਹਨਾਂ ਦਾ ਮਨ ਭੋਗਾਂ ਵਲ ਝੁਕਿਆ ਰਹਿੰਦੈ ਹਰ ਵਕਤ। ਉਹ ਭੋਗ ਨਰਕ ਰੂਪ ਬਣ ਜਾਂਦੇ ਨੇ ਤੇ ਆਦਮੀ ਅਖੀਰ ਵਿਚ ਆ ਕੇ ਬਹੁਤ ਦੁਖੀ ਹੁੰਦੈ। ਸੋ ਇਹ ਕਾਹਦਾ ਸੁਖ ਹੈ ਕਹਿੰਦੇ -

***ਭੂਮੀਆ ਭੂਮਿ ਊਪਰਿ ਨਿਤ ਲੁਝੈ ॥***
***ਛੋਡਿ ਚਲੈ ਤ੍ਰਿਸਨਾ ਨਹੀ ਬੁਝੈ ॥*** ***ਅੰਗ- 188***

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਸਿੰਘਾਂ ਦੇ ਨਾਲ ਜਾ ਰਹੇ ਨੇ। ਖੱਬੇ ਹੱਥ ਇਕ ਤਿੱਤਰ ਬੋਲੀ ਜਾਂਦੈ। ਗੁਰੂ ਦਸਮੇਸ਼ ਪਿਤਾ ਘੋੜੇ 'ਤੇ ਸਵਾਰ ਨੇ, ਇਹ ਤੁਕ ਅਚਾਨਕ ਆਪ ਦੇ ਮੁਖ ਤੋਂ ਉਚਾਰਨ ਹੋਣ ਲਗ ਗਈ। ਸਾਰਿਆਂ ਨੇ ਕਿਹਾ ਕਿ ਮਹਾਰਾਜ ਜੀ ਇਹ ਤੁਕ ਆਪ ਉਚਾਰਨ ਕਰ ਰਹੇ ਹੋਂ?

ਮਹਾਰਾਜ ਜੀ ਨੇ ਕਿਹਾ ਕਿ ਇਹ ਤੁਕ ਅਸੀਂ ਤਿੱਤਰ ਵਲ ਦੇਖ ਕੇ ਉਚਾਰਨ ਕਰੀ ਹੈ।

ਮਹਾਰਾਜ ਜੀ, ਸਾਨੂੰ ਵੀ ਗਿਆਤ ਕਰਾਓ ਇਸ ਚੀਜ਼ ਦੀ?

ਮਹਾਰਾਜ ਜੀ ਕਹਿਣ ਲੱਗੇ, ਪਿਆਰਿਓ! ਜਿੱਥੋਂ ਦੀ ਆਪਾਂ ਲੰਘੇ ਜਾਂਦੇ ਹਾਂ। ਇਹ ਇਹਨਾਂ ਪੰਜ-ਦਸ ਪਿੰਡਾਂ ਦਾ ਰਾਜਾ ਸੀ। ਆਹ ਭੂਮੀ ਇਹਦੀ ਨਿਜ ਦੀ ਮਲਕੀਅਤ ਸੀ। ਮਰ ਵੀ ਗਿਆ, ਲੇਕਿਨ ਇਹਦੀ ਪਕੜ ਐਨੀ ਮਜ਼ਬੂਤ ਸੀ ਕਿ ਇਥੇ ਹੀ ਜਨਮ ਲਈ ਜਾਂਦੈ, ਆਪ ਦੀ ਧਰਤੀ 'ਤੇ ਹੀ। ਉਹ ਯਾਦਾਸ਼ਤ ਇਹਦੇ ਅੰਦਰ ਐਨੀ ਗਹਿਰੀ ਗਈ ਹੋਈ ਹੈ ਕਿ ਕਰ ਕੁਛ ਨਹੀਂ ਸਕਦਾ ਪਰ ਇਹਨੂੰ ਪਤਾ ਹੈ ਕਿ ਇਹ ਮੇਰੀ ਜ਼ਮੀਨ ਹੈ।

ਕਹਿੰਦੇ, ਹੁਣ ਆਪਾਂ ਨੂੰ ਬੋਲਦੈ ਕਿ ਪਾਸੇ ਦੀ ਹੋ ਕੇ ਲੰਘੋ। ਆਪ ਨੇ ਕਿਹਾ ਕਿ ਜਾਓ ਲਿਆਓ। ਕਾਣਾ ਤਿੱਤਰ ਹੈ। ਸਿੰਘਾਂ ਨੇ ਫੜ ਲਿਆ ਤੇ ਮਹਾਰਾਜ ਦੇ ਮਨ ਵਿਚ ਮਿਹਰ ਆਈ। ਉਹਦਾ ਉਧਾਰ ਕਰ ਦਿਤਾ।

ਕਹਿੰਦੇ, ਜ਼ਮੀਨ ਨੇ ਸੁਖ ਨਹੀਂ ਦਿਤਾ। ਸੁਖ ਦੀ ਥਾਂ 'ਤੇ ਤਿੱਤਰ ਦੀ ਜੂਨੀ 'ਚ ਆ ਗਿਆ, ਪਹਿਲਾਂ ਕਈ ਜੂਨੀਆਂ ਲੰਘ ਚੁਕਿਆ ਸੀ।

ਸੰਤ ਮਹਾਰਾਜ ਜੀ, ਰਾੜਾ ਸਾਹਿਬ ਜਦੋਂ ਢੱਕੀ ਵਿਚ ਤਪ ਕਰਦੇ ਸੀ। ਆਪ ਦੇ ਸਾਮ੍ਹਣੇ ਰੋਜ਼ ਇਕ ਸੱਪ ਆ ਕੇ ਫਣ ਖਿਲਾਰ ਕੇ ਖੜ੍ਹ

ਜਾਇਆ ਕਰੇ। ਸਹਿਜ ਵਿਚ ਆਪ ਰਹਿੰਦੇ ਸਨ ਤੇ ਆਪ ਨੇ ਦੇਖਿਆ, ਕੁਛ ਨਹੀਂ ਸੀ ਕਹਿੰਦੇ, ਜਿਹੜਾ ਸੇਵਾਦਾਰ ਸੀ ਕਹਿਣ ਲੱਗਿਆ ਮਹਾਰਾਜ! ਇਹ ਕਈ ਦਿਨਾਂ ਤੋਂ ਆ ਰਿਹੈ ਹੈ। ਡਰ ਹੈ ਸਾਨੂੰ ਕਿਤੇ ਥੱਲੇ ਨਾ ਜਾਵੇ।

ਮਹਾਰਾਜ ਕਹਿੰਦੇ, ਨਾ ਤੁਸੀਂ ਫਿਕਰ ਨਾ ਕਰੋ। ਤਪਿਆ ਹੋਇਆ ਹੈ ਇਹ। ਇਕ ਦਿਨ ਸੇਵਾਦਾਰ ਨੇ ਕਿਹਾ ਕਿ ਮਹਾਰਾਜ! ਓਹੀ ਸੱਪ ਜਿਹੜਾ ਹੈ ਉਹ ਆਪ ਦੀ ਕੁਟੀਆ ਦੇ ਪਿਛਲੇ ਪਾਸੇ ਸਰਕੜੇ ਨਾਲ ਮੂੰਹ ਲਾ ਕੇ; ਕਿਉਂਕਿ ਟੋਏ ਹੁੰਦੇ, ਕੁਲੀਆਂ ਪਾਈਆਂ ਹੁੰਦੀਆਂ ਉਥੇ ਛੋਟੀਆਂ-ਛੋਟੀਆਂ। ਸਾਢੇ ਚਾਰ ਫੁੱਟ ਮੁਰੱਬੇ ਦੇ ਟੋਏ ਹੁੰਦੇ। ਫੇਰ ਥੋੜ੍ਹੇ-ਥੋੜ੍ਹੇ ਵੱਡੇ ਕਰ ਲਏ। ਕਹਿਣ ਲੱਗੇ, ਉਹ ਮੂੰਹ ਕਰੀਂ ਪਿਆ ਹੈ ਆਪ ਵਲ ਨੂੰ। ਆਪ ਨੇ ਕਿਹਾ ਕਿ ਠੀਕ ਹੋ ਗਿਆ।

ਸੇਵਾਦਾਰ ਕਹਿਣ ਲੱਗੇ, ਮਹਾਰਾਜ! ਸਾਨੂੰ ਵੀ ਆਪ ਕ੍ਰਿਪਾ ਕਰਕੇ ਕੁਛ ਗਿਆਤ ਕਰਾਓ ਕਿ ਕੀ ਮਾਮਲਾ ਹੈ।

ਮਹਾਰਾਜ ਕਹਿੰਦੇ, ਗੁਰੂ ਛੇਵੇਂ ਪਾਤਸ਼ਾਹ ਜਦੋਂ ਇਸ ਪਿੰਡ 'ਚ ਆਏ ਨੇ, ਇਥੇ ਦਾ ਇਹ ਵੱਡਾ ਚੌਧਰੀ ਸੀ, ਇਲਾਕੇ ਦਾ।

ਗੁਰੂ ਮਹਾਰਾਜ ਜਦੋਂ ਆਏ ਤਾਂ ਇਹ ਉਹਨਾਂ ਦੇ ਦਰਸ਼ਨ ਕਰਨ ਆਇਆ, ਐਡਾ ਹੰਕਾਰ ਇਹਦੇ ਮਨ ਵਿਚ ਆਪਣੀ ਚੌਧਰ ਦਾ ਕਿ ਨਾ ਆ ਕੇ ਸੀਸ ਨਿਵਾਇਆ ਤੇ ਕੋਸ਼ਿਸ਼ ਕਰੇ ਕਿ ਮਹਾਰਾਜ ਦੇ ਪਲੰਘ ਦੇ ਉਤੇ ਹੀ ਮੈਂ ਬਹਿ ਜਾਵਾਂ।

ਸਿੱਖਾਂ ਨੇ ਸਮਝਾਇਆ ਕਿ ਮੂਰਖਾ! ਤੂੰ ਕੀ ਸਮਝਦੈਂ ਗੁਰੂ ਨੂੰ, ਆਪਣਾ ਭਲਾ ਕਰਾ ਲੈ। ਕਹਿੰਦੇ, ਅਭਿਮਾਨ 'ਚ ਸੀ, ਗੱਲ ਸਮਝ 'ਚ ਨਾ ਆਈ ਉਸਦੇ। ਬਿਨਾਂ ਨਮਸ਼ਕਾਰ ਕਰੇ, ਬਿਨਾਂ ਸੇਵਾ ਪੁੱਛੇ ਚਲਿਆ ਗਿਆ।

ਕਹਿੰਦੇ, ਮਰਨ ਤੋਂ ਬਾਅਦ -

***ਅੰਤਿ ਕਾਲਿ ਜੋ ਲਛਮੀ ਸਿਮਰੈ***
***ਐਸੀ ਚਿੰਤਾ ਮਹਿ ਜੇ ਮਰੈ ॥***
***ਸਰਪ ਜੋਨਿ ਵਲਿ ਵਲਿ ਅਉਤਰੈ ॥*** ***ਅੰਗ- 526***

ਕਹਿੰਦੇ, ਉਹਨੇ ਉਹਨੂੰ ਸੱਪ ਬਣਾ ਦਿਤਾ ਤੇ ਇਥੇ ਉਸ ਵੇਲੇ ਤੋਂ ਹੀ ਘੁੰਮਦਾ ਫਿਰਦੈ। ਐਨਾ ਤਪਿਆ ਹੋਇਐ ਕਿ ਸ਼ਾਂਤੀ ਨਹੀਂ ਆ ਰਹੀ ਇਸ ਨੂੰ ਜਲ ਰਿਹੈ। ਬਹੁਤ ਜ਼ਹਿਰੀਲਾ ਸੱਪ ਹੈ। ਸੋ ਇਹਦਾ ਸਮਾਂ ਆ ਗਿਆ ਸੀ।

ਆਪ ਤਾਂ ਮਹਾਰਾਜ ਜੀ ਇਹ ਗੱਲ ਕਹਿ ਨਹੀਂ ਸੀ ਸਕਦੇ। ਉਹ

ਗੱਲ ਅਸੀਂ ਕਹਿ ਸਕਦੇ ਹਾਂ। ਉਹ ਇਹ ਹੈ ਕਿ ਮਹਾਂਪੁਰਸ਼ਾਂ ਦਾ, ਪੂਰਨ ਬ੍ਰਹਮਗਿਆਨੀ ਦਾ ਦਰਸ਼ਨ ਕੀਤਾ ਤੇ ਉਹ ਨਿਮਰਤਾ 'ਚ ਆ ਗਿਆ। ਫਨ ਚੁੱਕ-ਚੁੱਕ ਕੇ ਬੇਨਤੀਆਂ ਕਰਦੈ ਕਿ ਮੇਰਾ ਵੀ ਉਧਾਰ ਕਰੋ। ਪੰਜ ਸੱਤ ਦਿਨ ਉਹਦੇ ਉਤੇ ਦ੍ਰਿਸ਼ਟੀ ਪੈਂਦੀ ਰਹੀ, ਮਹਾਂਪੁਰਸ਼ਾਂ ਦੀ -

*ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥*

*ਅੰਗ- 273*

ਠੰਢ ਪਾ ਦਿਤੀ, ਅਖੀਰ ਸਮਾਂ ਆ ਗਿਆ ਤੇ ਕਾਲ ਦੇ ਵਸ ਹੋ ਗਿਆ। ਸੋ ਵੱਡੇਪਣ ਨੇ ਕਿੱਥੇ ਪਹੁੰਚਾ ਦਿਤਾ ਉਸ ਨੂੰ ਸੱਪ ਬਣਨਾ ਪੈ ਗਿਆ। ਮਹਾਰਾਜ ਕਹਿੰਦੇ, ਪਿਆਰਿਓ! ਛੁਟਕਾਰਾ ਨਹੀਂ ਹੋਇਆ -

*ਕਹੁ ਨਾਨਕ ਇਹੁ ਤਤੁ ਬੀਚਾਰਾ ॥*
*ਬਿਨੁ ਹਰਿ ਭਜਨ ਨਾਹੀ ਛੁਟਕਾਰਾ ॥* *ਅੰਗ- 188*

ਭਜਨ ਤੋਂ ਬਗੈਰ ਕਿਸੇ ਦਾ ਛੁਟਕਾਰਾ ਸੰਸਾਰ 'ਚ ਨਹੀਂ ਹੁੰਦਾ। ਜਿੰਨੀ ਇਹ ਚੀਜ਼ ਕੀਮਤੀ ਹੈ ਓਨੇ ਹੀ ਅਸੀਂ ਇਸ ਵਲੋਂ ਅਵੇਸਲੇ ਹਾਂ। ਕਾਰਨ ਕੀ ਹੈ? ਕਿਉਂ ਨਹੀਂ ਸਾਡੇ ਮਨ 'ਚ ਇਹ ਗੱਲ ਵਸਦੀ। ਉਹ ਇਹ ਹੈ ਕਿ ਸਾਡੇ ਭਾਗ ਨਹੀਂ ਜਾਗੇ। ਸਮਾਂ ਨਹੀਂ ਆਇਆ ਤੇ ਅਸੀਂ ਉਸ ਗੱਲ ਦੀ ਓਨੀਂ ਤਵੱਜੋ ਨਹੀਂ ਦਿਤੀ। ਜੇ ਦਿਤੀ ਹੈ ਤਾਂ ਸਾਧੂ ਮਹਾਂਪੁਰਸ਼ਾਂ ਨੂੰ ਇਸ ਗੱਲ ਦਾ ਪਤਾ ਹੁੰਦਾ ਹੈ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਮਹਿਮਾ ਹਰਿ ਨਾਮ ਦੀ,*
*ਸੰਤਾਂ ਦੇ ਹਿਰਦੇ ਵਸਦੀ।*

*ਨਾਮ ਕੀ ਮਹਿਮਾ ਸੰਤ ਰਿਦ ਵਸੈ ॥*
*ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥* *ਅੰਗ- 265*

ਜਿੰਨੀ ਖੋਟੀ ਮੱਤ ਹੈ, ਜਿੰਨੇ ਮਾੜੇ ਸੰਸਕਾਰ ਨੇ। ਜੋ ਬੁੱਧੀ ਕੂੜ-ਕਬਾੜ ਨਾਲ ਭਰੀ ਪਈ ਹੈ। ਹਨ੍ਹੇਰਾ ਹੀ ਹਨ੍ਹੇਰਾ ਹੈ, ਬੇਚੈਨੀ ਹੀ ਬੇਚੈਨੀ ਹੈ। ਮਹਾਰਾਜ ਕਹਿੰਦੇ, ਮਹਾਂਪੁਰਸ਼ਾਂ ਦੀ ਸੰਗਤ ਕਰਕੇ ਇਹ ਖੋਟੀ ਮੱਤ ਦੂਰ ਹੋ ਜਾਇਆ ਕਰਦੀ ਹੈ। ਇਹ ਮੱਤ ਨਹੀਂ ਰਿਹਾ ਕਰਦੀ। ਕਿਉਂਕਿ ਉਹਨੇ ਨਾਮ ਜਪਿਆ ਹੁੰਦੈ, ਉਹਦਾ ਫਲ ਕੀ ਹੁੰਦੈ? -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*

*ਅੰਗ- 651*

ਸਾਡੇ ਮਨ ਜਨਮਾਂ-ਜਨਮਾਂਤਰਾਂ ਦੀ ਮੈਲ ਲੱਗਣ ਦੇ ਨਾਲ, ਪਾਪਾਂ ਦੀ ਜੋ ਸਿਆਹੀ ਹੈ ਉਹਦੇ ਨਾਲ ਬਿਲਕੁਲ ਕਾਲੇ ਹੋਏ ਪਏ ਨੇ। ਉਹ ਸਾਰੇ ਪਾਪਾਂ ਦਾ ਨਾਸ ਹੋ ਜਾਇਆ ਕਰਦੈ -

***ਧਾਰਨਾ - ਸਾਰੇ ਪਾਪਾਂ ਦਾ ਨਾਸ਼ ਹੋ ਜਾਵੇ,***
***ਸੰਗਤ ਕਰਕੇ ਸਾਧੂਆਂ ਦੀ।***

ਸਾਧੂ ਦੀ ਸੰਗਤ ਨਾਲ ਸਾਰੇ ਜਿਹੜੇ ਦੁਰਤ ਨੇ ਖਤਮ ਹੋ ਜਾਂਦੇ ਨੇ।

***ਹਰਿ ਸਿਮਰਤ ਸਭਿ ਮਿਟਹਿ ਕਲੇਸ ॥*** ***ਅੰਗ- 194***

ਮਹਾਰਾਜ ਕਹਿੰਦੇ ਕੋਈ ਵੀ ਪਾਪ ਨਹੀਂ ਬਚਦਾ। ਕਿਉਂਕਿ ਸਾਧੂ ਦੀ ਸੰਗਤ ਤੋਂ ਬਗੈਰ ਨਾਮ ਨਹੀਂ ਚਲਿਆ ਕਰਦਾ। ਜਦੋਂ ਨਾਮ ਮਨ ਵਿਚ ਵਸ ਗਿਆ ਉਸ ਵਕਤ ਸਾਰੇ ਕਲੇਸ਼ ਮਿਟਣੇ ਸ਼ੁਰੂ ਹੋ ਗਏ -

***ਚਰਣ ਕਮਲ ਮਨ ਮਹਿ ਪਰਵੇਸ ॥*** ***ਅੰਗ- 194***

ਵਾਹਿਗੁਰੂ ਜੀ ਦਾ ਅਸਲੀ ਸਰੂਪ ਹੈ, ਨਿਰਗੁਣ ਸਰੂਪ, ਘਟ-ਘਟ 'ਚ ਵਿਆਪਕ ਉਹਦੇ 'ਚ ਜੋ ਨਾਮ ਦੀ ਰੌਂ ਹੈ, ਨਾਮ ਦੀ ਜੋ ਤਰੰਗ ਹੈ ਜਿਸ ਨੂੰ ਚਰਨਾਂ ਦੇ ਨਾਲ ਤਸ਼ਵੀਹ ਦਿਤੀ ਹੈ, ਉਹ ਪ੍ਰਵੇਸ਼ ਕਰ ਜਾਂਦੇ ਨੇ ਮਨ ਦੇ ਅੰਦਰ। ਸੋ ਮਹਾਰਾਜ ਸਾਨੂੰ ਕਹਿੰਦੇ ਨੇ ਕਿ ਪਿਆਰਿਓ! ਤੁਸੀਂ ਵੀ ਨਾਮ ਜਪੋ।

***ਉਚਰਹੁ ਰਾਮ ਨਾਮੁ ਲਖ ਬਾਰੀ ॥***
***ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ ॥*** ***ਅੰਗ- 194***

ਐ ਪਿਆਰੀ ਸੰਗਤ! ਤੁਸੀਂ ਵੀ ਨਾਮ ਦਾ ਰਸ ਪੀਵੋ। ਉਥੇ ਹੈ ਕੀ? ਜਦੋਂ ਨਾਮ ਦੇ ਮੰਡਲ 'ਚ ਪਹੁੰਚ ਗਏ। ਉਥੇ ਚਾਹੇ ਕੋਈ ਚੀਜ਼ ਨਹੀਂ ਦੁਨੀਆਂ ਦੀ-

***ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥***
***ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥***
***ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥***
***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥***
***ਅੰਗ- 707***

ਮਹਾਰਾਜਿਆਂ ਦਾ ਵੀ ਮਨ ਅਨੰਦ ਨਹੀਂ ਹੁੰਦਾ। ਰਾਜਿਆਂ ਦਾ ਤਾਂ ਮਨ ਹਰ ਵਕਤ ਕਲਪਨਾ 'ਚ ਰਹਿੰਦਾ ਹੈ। ਜਲਦਾ ਹੈ ਉਹ। ਸੋ ਉਹਨੂੰ ਮਹਾਂ ਅਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ -

***ਸੂਖ ਸਹਜ ਰਸ ਮਹਾ ਅਨੰਦਾ ॥ ਜਪਿ ਜਪਿ ਜੀਵੇ ਪਰਮਾਨੰਦਾ॥***
***ਅੰਗ- 194***

ਤੇ ਜਿਹੜੇ ਪੰਜ ਚੋਰ ਨੇ, ਤੰਗ ਕਰਦੇ ਨੇ, ਅੰਮ੍ਰਿਤ ਲੁਟਦੇ ਨੇ -

***ਕਾਮ ਕ੍ਰੋਧ ਲੋਭ ਮਦ ਖੋਏ ॥***
***ਸਾਧ ਕੈ ਸੰਗਿ ਕਿਲਬਿਖ ਸਭ ਧੋਏ ॥*** ***ਅੰਗ- 194***

ਪੰਜੇ ਚੋਰ ਤੇ ਇਹਨਾਂ ਦੇ ਹੋਰ ਸਾਥੀ ਤੇ ਕੁੱਲ ਪਾਪ ਜਿਹੜੇ ਨੇ

ਸਾਧੂ ਦੀ ਸੰਗਤ ਕਰਨ ਦੇ ਨਾਲ ਕਹਿੰਦੇ ਖੋ ਜਾਂਦੇ ਨੇ, ਖਤਮ ਹੋ ਜਾਂਦੇ ਨੇ। ਧੋਤੇ ਜਾਂਦੇ ਨੇ। ਅੰਤਸ਼ਕਰਣ ਨਿਰਮਲ ਹੋ ਜਾਂਦੈ।

*ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥*
*ਨਾਨਕ ਦੀਜੈ ਸਾਧ ਰਵਾਲਾ ॥* *ਅੰਗ- 194*

ਹੇ ਵਾਹਿਗੁਰੂ! ਜੇ ਤੂੰ ਮੇਰੇ 'ਤੇ ਪ੍ਰਸੰਨ ਹੈਂ, ਮੇਰੇ 'ਤੇ ਪ੍ਰਸੰਨ ਹੋ ਕੇ ਮੈਂ ਕੀ ਮੰਗਦਾ ਹਾਂ। ਜੋ ਮੇਰੀ ਮੰਗ ਹੈ ਉਹ ਦੇਹ। ਉਹ ਇਹ ਹੈ ਕਿ ਸਾਧੂਆਂ ਦੇ ਚਰਨਾਂ ਦੀ ਧੂੜ ਬਖਸ਼ ਦੇ। ਜਿਨ੍ਹਾਂ ਦੇ ਪ੍ਰਤਾਪ ਕਰਕੇ ਸਾਰੇ ਪਾਪਾਂ ਦਾ ਖਾਤਮਾ ਹੋ ਜਾਂਦੈ ਤੇ ਮਹਾਂ ਅਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ। 'ਕਿਲਬਿਖ' ਪਾਪਾਂ ਨੂੰ ਕਹਿੰਦੇ ਨੇ, ਬੇਅੰਤ ਪਾਪ। ਗੁਰੂ ਘਰ ਦੇ ਅੰਦਰ ਐਸੀਆਂ ਮਿਸਾਲਾਂ ਆਉਂਦੀਆਂ ਨੇ, ਪ੍ਰਤੱਖ ਮਿਸਾਲਾਂ। ਜਿਥੇ ਆਦਮੀ ਐਨਾ ਪਾਪੀ ਹੋ ਚੁਕਿਐ ਕਿ ਉਹ ਉਮੀਦ ਜਾਂਦੀ ਰਹੀ, ਵਾਪਸ ਆਉਣ ਦਾ ਜੋ ਸਾਰਾ ਹੀ ਸਮਾਂ ਸੀ, ਉਹ ਹੱਥੋਂ ਖੋਹਿਆ ਗਿਆ ਤੇ ਰੌ 'ਚ ਰੁੜ ਗਿਆ ਕਿ ਹੁਣ ਇਹ ਮੁੜ ਨਹੀਂ ਸਕਦਾ। ਤੇਜ਼ ਪਾਣੀ ਦੇ ਅੰਦਰ ਜੇ ਕੋਈ ਚੀਜ਼ ਰੁੜ੍ਹ ਜਾਵੇ ਤੇ ਉਹ ਕਿਵੇਂ ਆਪਣੇ ਸ੍ਰੋਤ 'ਤੇ ਵਾਪਸ ਆ ਸਕਦੀ ਹੈ।

ਸੋ ਐਸਾ ਇਕ ਜ਼ਿਕਰ ਆਉਂਦੈ ਜਿਸਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਇਉਂ ਕਿਹਾ ਹੈ -

*ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥*
*ਜਿਹ ਸਿਮਰਤ ਗਨਕਾ ਸੀ ਉਧਰੀ.....॥* *ਅੰਗ - 632*

ਮਿਸਾਲ ਦਿਤੀ ਹੈ ਮਹਾਰਾਜ ਨੇ। ਆਮ ਆਦਮੀਆਂ ਦੀ ਤਾਂ ਸਾਰਿਆਂ ਦੀ ਇਸ ਵਿਚ ਆ ਗਈ। ਹਾਥੀ ਦੇ ਪੈੜ ਵਿਚ ਕਹਿੰਦੇ ਨੇ ਸਾਰੇ ਜਾਨਵਰਾਂ ਦੀ ਪੈੜ ਆ ਜਾਂਦੀ ਹੈ। ਕੜਾਹੇ ਦੇ ਦੋ ਕੁੰਡੇ ਫੜ ਲਓ, ਜਿੰਨੀਆਂ ਸਾਰੀਆਂ ਚੀਜ਼ਾਂ ਨੇ ਵਿਚੇ ਆ ਗਈਆਂ ਉਹਦੇ। ਕੜਾਹਾਂ ਚੁੱਕ ਲਿਆ ਸਭ ਚੀਜ਼ਾਂ ਚੁੱਕੀਆਂ ਗਈਆਂ। ਸੋ ਐਸੀ ਮਿਸਾਲ ਪੇਸ਼ ਕਰਨੀ ਕਿ ਜਿਹੜਾ ਆਮ ਸਮਾਜ ਦੇ ਅੰਦਰ ਇਹੋ ਜਿਹਾ ਕੋਈ ਬੰਦਾ ਨਾ ਲੱਭੇ, ਉਹਦੇ ਬਾਰੇ ਭਾਈ ਗੁਰਦਾਸ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਪਾਪਾਂ ਦਾ ਹਾਰ ਪਰੋਤਾ,*
*ਗਨਕਾ ਪਾਪਣ ਨੇ।*
*ਗਨਿਕਾ ਪਾਪਣਿ ਹੋਇਕੈ ਪਾਪਾਂ ਦਾ ਗਲਿ ਹਾਰੁ ਪਰੋਤਾ॥*
*ਭਾਈ ਗੁਰਦਾਸ ਜੀ, ਵਾਰ10/21*

ਉਹ ਪਾਪਾਂ ਦੀ ਭਰੀ ਹੋਈ ਪੈਦਾ ਨਹੀਂ ਸੀ ਹੋਈ। ਲੇਕਿਨ ਬਾਅਦ ਵਿਚ ਪਾਪ ਕਰਕੇ ਪਾਪਣ ਬਣ ਗਈ। ਨਾਮ ਜਪਣ ਵਾਲਾ ਸਾਧੂ ਬਣ ਜਾਂਦੈ, ਚੋਰੀਆਂ ਕਰਨ ਵਾਲਾ ਚੋਰ ਬਣ ਜਾਂਦੈ, ਡਾਕੇ ਮਾਰਨ ਵਾਲਾ ਡਾਕੂ ਬਣ ਜਾਂਦੈ। ਪਹਿਲਾਂ ਨਹੀਂ ਉਹ ਹੁੰਦਾ। ਲੇਕਿਨ ਜਿਹੋ ਜਿਹਾ ਉਹਦੇ ਉਤੇ

ਅਸਰ ਹੁੰਦੈ। ਜਿਹੋ ਜਿਹੇ ਉਹ ਕੰਮ ਕਰਦੈ ਉਹੋ ਜਿਹੀ ਉਪਾਧੀ ਉਹਨੂੰ ਮਿਲ ਜਾਂਦੀ ਹੈ। ਸੋ ਇਸ ਨੂੰ ਉਪਾਧੀ ਪਾਪਣ ਦੀ ਮਿਲ ਗਈ। ਕਹਿੰਦੇ, ਇੰਨੇ ਪਾਪ ਇਸ ਨੇ ਕਰੇ ਕਿ ਮਾਨੋ ਹਾਰ ਹੀ ਪਰੋ ਲਿਆ। ਸਮਝ ਹੁੰਦੀ ਹੈ ਆਪਣੀ-ਆਪਣੀ।

ਇਕ ਵਾਰੀ ਐਸੀ ਕਲਚਰ ਸੀ ਇਟਲੀ ਦੇ ਸ਼ਹਿਰਾਂ, ਸਮੁੰਦਰ ਦੇ ਨਾਲ ਲਗਦੇ। ਉਥੇ ਐਸੀ ਕਲਚਰ ਸੀ ਕਿ ਔਰਤਾਂ ਪਤੀਵਰਤਾ ਹੋਣਾ ਬੁਰਾ ਮੰਨਦੀਆਂ ਸੀ। ਇੱਜ਼ਤ ਇਸ ਗੱਲ 'ਚ ਸੀ ਕਿ ਇਹਨੇ ਕਿੰਨੇ ਪਾਪ ਕਰੇ ਨੇ। ਵੱਡੀਆਂ-ਵੱਡੀਆਂ ਮਾਲਾਂ ਕਿੱਲ੍ਹੀਆਂ 'ਤੇ ਲਟਕਦੀਆਂ ਰਹਿੰਦੀਆਂ ਸੀ। ਜਦੋਂ ਇਕ ਪਾਪ ਕਰ ਲਿਆ, ਇਕ ਵਿਭਚਾਰ ਕਰ ਲਿਆ ਉਹਨੂੰ ਗੰਢ ਦੇ ਦਿੰਦੀਆਂ ਸੀ। ਜਦੋਂ ਇਕੱਠੀਆਂ ਹੋਣਾ ਉਹ ਮਾਲਾ ਗਲ 'ਚ ਪਾਉਂਦੀਆਂ ਸੀ। ਜਿਹਦੇ ਬਹੁਤੀਆਂ ਗੰਢਾਂ ਹੁੰਦੀਆਂ ਉਹਨੂੰ ਕਹਿਣਾ ਕਿ ਇਹ ਬਹੁਤ ਵੱਡੀ ਹੈ। ਕਲਚਰ ਹੈ, ਬੇਸਮਝੀ ਹੈ। ਨਤੀਜਾ ਕੀ ਹੋਇਆ, ਉਹ ਧਰਤੀ ਐਨੀ ਭਾਰੀ ਹੋ ਗਈ ਦੋ ਸ਼ਹਿਰਾਂ ਦੀ ਕਿ ਪਹਾੜ ਫਟਿਆ, ਲਾਵਾ ਨਿਕਲਿਆ, ਪੂਰੇ ਦੇ ਪੂਰੇ ਦੋਵੇਂ ਸ਼ਹਿਰ ਧਰਤੀ 'ਚ ਗਰਕ ਹੋ ਕੇ ਉਤੇ ਲਾਵਾ ਪੈ ਗਿਆ ਗਰਮ। ਸਮੁੰਦਰ ਦੀ ਤਹਿ 'ਚ ਨੇ ਉਹ ਦੋਵੇਂ ਸ਼ਹਿਰ। ਉਸ ਵੇਲੇ ਤੋਂ ਹੀ ਮਹਾਂਪੁਰਸ਼ ਉਹਦਾ ਹਵਾਲਾ ਦਿੰਦੇ ਆਉਂਦੇ ਨੇ। ਦੇਖੋ ਐਨਾ ਪਾਪ ਵਧ ਗਿਆ ਕਿ ਪ੍ਰਮੇਸ਼ਰ ਨੂੰ ਭਾਇਆ ਨਾ। ਨਤੀਜਾ ਕੀ ਹੋਇਆ, ਉਹਨਾਂ ਨੂੰ ਸਜ਼ਾ ਭੁਗਤਣੀ ਪਈ। ਕਿਉਂਕਿ ਪਾਪ ਨੂੰ ਪੁੰਨ ਕਰਕੇ ਜਾਣਿਆ।

ਆਦਮੀ ਦੇ ਮਨ ਦੀ ਦਸ਼ਾ ਹੋਇਆ ਕਰਦੀ ਹੈ। ਇਕਨਾ ਦਾ ਜੀਅ ਕਰਦੈ ਕਿ ਨਾਮ ਜਪੀਏ, ਬੰਦਗੀ ਕਰੀਏ, ਭਗਤੀ ਕਰੀਏ, ਪਿਆਰੀ ਲਗਦੀ ਹੈ। ਉਹਦੇ ਵਿਪਰੀਤ ਜਿਹੜੇ ਨੇ ਉਹ ਭਗਤੀ ਦਾ ਨਾਮ ਲੈਣ ਨੂੰ ਤਿਆਰ ਨਹੀਂ ਤੇ ਪਾਪਾਂ ਦੇ ਵਿਚ ਖੁਸ਼ੀ ਮਹਿਸੂਸ ਕਰਦੇ ਨੇ -

***ਧਾਰਨਾ - ਪਾਪੀ ਬੰਦਿਆਂ ਨੂੰ ਪਾਪ ਪਿਆਰਾ,***
***ਭਗਤੀ ਨਾ ਭਾਵੇ ਰੱਬ ਦੀ।***
***ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ ॥***
***ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ ॥***

***ਅੰਗ- 1368***

ਮਿਸਾਲ ਦਿੰਦੇ ਨੇ ਕਿ ਮੱਖੀ ਸੁਗੰਧੀ ਦੇ ਉਤੇ ਨਹੀਂ ਆਇਆ ਕਰਦੀ, ਜਿੱਥੇ ਦੁਰਗੰਧੀ ਹੋਵੇ, ਉਥੇ ਜਾ ਕੇ ਚਿੰਬੜ ਜਾਇਆ ਕਰਦੀ ਹੈ। ਇਸੇ ਤਰ੍ਹਾਂ ਦੇ ਨਾਲ ਜਿਸਦਾ ਹਿਰਦਾ ਪਾਪ ਨਾਲ ਬੱਜਰ ਹੋ ਗਿਆ, ਸੁੰਨ ਹੋ ਗਿਆ, ਉਹਦਾ ਸੁਭਾਅ ਹੀ ਪਾਪ ਕਰਨਾ ਹੋ ਜਾਇਆ ਕਰਦਾ ਹੈ। ਪਾਪ ਕਰਦੈ, ਅੱਗਾ ਵੀ ਭੁੱਲ ਜਾਂਦੈ, ਪਿੱਛਾ ਵੀ ਭੁੱਲ ਜਾਇਆ ਕਰਦੈ। ਲੇਕਿਨ ਇਹ ਨਹੀਂ ਪਤਾ ਕਿ ਹਰ ਵਕਤ ਦੇਖਣ ਵਾਲਾ ਵਾਹਿਗੁਰੂ ਅੰਦਰ-ਬਾਹਰ

ਤੇਰੇ ਨਾਲ ਰਹਿੰਦੈ -

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥***

***ਅੰਗ- 677***

ਨਾਸਤਕ ਬੰਦੇ ਹੁੰਦੇ ਨੇ, ਪਾਪ ਦੇ ਵਿਚ ਪ੍ਰਵਿਰਤ ਹੋ ਜਾਂਦੇ ਨੇ ਤੇ ਪਾਪ ਨੂੰ ਪੁੰਨ ਬਣਾ ਲੈਂਦੇ ਨੇ। ਕਹਿੰਦੇ ਨੇ ਕਿ ਅਸੀਂ ਤਾਂ ਕਿਤੇ ਗਲਤ ਨਹੀਂ। ਸ਼ਰਾਬ ਪੀਣ ਵਾਲੇ ਨੂੰ ਪੁੱਛੋ, ਕਹੇਗਾ ਮੈਂ ਕਿਸੇ ਦਾ ਗਲ ਵੱਢਦਾਂ? ਚਲੋ ਤੁਸੀਂ ਕਹਿ ਦਿਓ ਕਿ ਮਾਸ ਖਾਣਾ ਪਾਪ ਹੈ। ਮਾੜਾ ਹੈ। ਕਿਸੇ ਜਾਨਵਾਰ ਦਾ ਗਲ ਵੱਢਾਂਗੇ, ਤਾਂ ਖਾਵਾਂਗੇ। ਕਈ ਕਹਿੰਦੇ ਨੇ ਕਿ ਅਸੀਂ ਤਾਂ ਵੱਢਦੇ ਹੀ ਨਹੀਂ ਹਾਂ। ਅਸੀਂ ਤਾਂ ਆਪਣੀ ਕਿਰਤ ਕਰਦੇ ਹਾਂ, ਪੈਸੇ ਦੇ ਬਦਲੇ ਸਬਜ਼ੀ ਨਾ ਲਿਆਂਦੀ ਤੇ ਅਸੀਂ ਮਾਸ ਲੈ ਆਏ। ਇਹਦੇ 'ਚ ਕੀ ਫਰਕ ਪੈ ਗਿਆ। ਮਹਾਂਪੁਰਸ਼ ਕਹਿੰਦੇ, ਨਹੀਂ ਪਿਆਰਿਆ ਛੇ ਜਣੇ ਭਾਗੀ ਹੋਇਆ ਕਰਦੇ ਨੇ ਇਸ ਪਾਪ ਦੇ। ਜਿੱਡਾ ਵੱਢਣ ਵਾਲਾ ਹੈ, ਓਨਾਂ ਹੀ ਖਾਣ ਵਾਲਾ ਹੈ। ਜੇ ਉਹ ਖਾਂਦੇ ਨੇ ਤਾਂਹੀ ਵੱਢਦੈ। ਜੇ ਉਹ ਖਾਵੇ ਹੀ ਨਾ, ਤਾਂ ਕੌਣ ਵੱਢ ਕੇ ਵੇਚੇ। ਇਸੇ ਤਰ੍ਹਾਂ ਸ਼ਰਾਬ ਵਾਲਾ ਕਹਿੰਦਾ ਹੈ ਕਿ ਮੈਂ ਕਰਦਾ ਕੀ ਹਾਂ। ਮੈਂ ਤਾਂ ਇਕ ਸੜਿਆ ਹੋਇਆ ਪਾਣੀ ਜਿਹਨੂੰ ਡੋਲ੍ਹ ਦੇਣੈ, ਕੋਈ ਪਸੰਦ ਨਹੀਂ ਕਰਦਾ, ਬਦਬੂ ਮਾਰਦੈ। ਉਹਨੂੰ ਅੱਗ ਤੇ ਰੱਖ ਕੇ ਡਿਸਟ੍ਰਿਲ ਕਰ ਲੈਨੈ। ਤੁਸੀਂ ਮੈਨੂੰ ਪਾਪੀ-ਪਾਪੀ ਕਹੀ ਜਾਨੇ ਓਂ। ਫੇਰ ਕਹਿੰਦੇ ਹੋਂ ਕਿ ਦਰਗਾਹ ਦੇ ਵਿਚ ਧੱਕੇ ਖਾਏਂਗਾ। ਮੈਂ ਕੀ ਕਰ ਦਿਤਾ? ਮੈਂ ਤਾਂ ਕੁਛ ਨਹੀਂ ਕਰਦਾ।

ਪ੍ਰਮੇਸ਼ਰ ਕਹਿੰਦਾ, ਪਿਆਰਿਆ! ਤੈਨੂੰ ਮਾਣਸ ਸਰੀਰ ਦਿਤੈ, ਜਿਹਦੀ ਕੋਈ ਕੀਮਤ ਨਹੀਂ ਹੈ। ਬਹੁਤ ਦੇਰ ਤੋਂ ਬਾਅਦ ਤੇਰੀ ਵਾਰੀ ਆਈ ਹੈ। ਕਿੰਨੀ ਰੀਝ ਦੇ ਨਾਲ ਪ੍ਰਭੂ ਨੇ ਸਰੀਰ ਰਚਿਆ ਹੈ। 14 ਖਰਬ ਸੈੱਲ ਨੇ, 15 ਅਰਬ ਇਕੱਲੇ ਦਿਮਾਗ (brain) ਵਿਚ ਨੇ। 72 ਕਰੋੜ 72 ਲੱਖ, 72000 ਲਹੂ ਦੀਆਂ ਨਾੜੀਆਂ (blood channel) ਲਾਈਆਂ ਹਨ, ਕੋਈ ਲਾ ਸਕਦੈ? ਪੰਜ ਇਹਦੇ ਵਿਚ ਮੁੱਖ ਸ਼ਕਤੀਆਂ, ਪੰਜ ਪ੍ਰਾਣ-ਪ੍ਰਾਣ, ਉਪਾਨ, ਬਿਆਨ, ਉਦਾਨ, ਸਮਾਨ। ਵੱਖਰਾ-ਵੱਖਰਾ ਕੰਮ ਕਰਨ ਵਾਲੀਆਂ ਮੋਟਰਾਂ ਲਾਈਆਂ ਨੇ। ਦਿਨ ਰਾਤ ਕੰਮ ਕਰਦੀਆਂ ਨੇ। ਸਾਢੇ ਤਿੰਨ ਕਰੋੜ ਇਹਦੇ ਵਿਚ ਰੋਮ ਰੱਖਿਆ ਹੈ, ਤਾਂ ਕਿ ਇਹਦੀ ਜ਼ਹਿਰ ਜਿਹੜੀ ਹੈ ਨਾਲ ਦੀ ਨਾਲ ਬਾਹਰ ਨਿਕਲੀ ਜਾਵੇ। ਛੇਦ ਰੱਖੇ ਨੇ ਇਹਦੇ ਵਿਚ ਸਾਢੇ ਤਿੰਨ ਕਰੋੜ। 25 ਪ੍ਰਕ੍ਰਿਤੀਆਂ ਨਾਲ ਬੜੀ ਕੀਮਤੀ ਅੱਖ ਤੇਰੀ ਬਣੀ ਹੈ। ਕੰਨ ਬਣੇ ਨੇ। ਰਸਨਾ ਸਵਾਦ ਦੇਖਣ ਵਾਲੀ ਬਣੀ ਹੈ। ਸਰੀਰ ਸਪਰਸ਼ ਵਾਲਾ ਬਣਿਆ ਹੈ। ਨਾਸਿਕਾ ਸੁਗੰਧੀ-ਦੁਰਗੰਧੀ ਲੈਣ ਵਾਲੀ ਬਣੀ ਹੈ। ਕਿਤੇ ਐਵੇਂ ਬਣ ਗਿਆ ਸਰੀਰ। ਕਿੰਨੇ ਹੀ ਤੱਤ ਲਾਏ ਨੇ ਇਹਨੂੰ ਬਣਾਉਣ ਵਾਸਤੇ। ਕਿੰਨੀਆਂ ਸੁੰਦਰ ਚੀਜ਼ਾਂ ਆਹ ਮਿੱਟੀ ਦੇ ਵਿਚੋਂ ਘੜ ਕੇ ਦੇ

ਦਿਤੀਆਂ। ਫੇਰ ਤੈਨੂੰ ਮੌਕਾ ਦਿਤਾ ਹੈ ਕਿ ਤੂੰ ਹੁਣ ਆਪਣੇ ਸਾਰੇ ਦੁੱਖਾਂ ਨੂੰ ਖਤਮ ਕਰ ਸਕਦੈਂ? ਕੇਵਲ ਕਰਮ, ਉਪਾਸ਼ਨਾ, ਗਿਆਨ, ਵਿਗਿਆਨ, ਕਿਸੇ ਮਹਾਂਪੁਰਸ਼ ਦੀ ਸੰਗਤ ਕਰਕੇ ਚੜ੍ਹਾਈ ਕਰ ਲੈ, ਅੰਦਰ ਖੋਜ ਲੈ। ਜਦੋਂ ਖੋਜ ਲਿਆ -

***ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ ॥***

***ਅੰਗ- 1369***

ਤੇਰੇ ਸਾਰੇ ਦੁੱਖਾਂ ਦਾ ਖਾਤਮਾ ਹੋ ਜਾਏਗਾ। ਉਹ ਜੇ ਇਹਦਾ ਸਤਿਆ ਨਾਸ ਕਰ ਦਿੰਦੈ, ਜਿਸ ਦਾ ਮੁੱਲ ਹੀ ਨਹੀਂ ਹੈ ਸਰੀਰ ਦਾ। ਦੋਸ਼ੀ ਹੋਇਆ ਕਿ ਨਾ ਹੋਇਆ। ਚਾਹੇ ਉਹਦਾ ਹੀ ਹੈ। ਉਹ ਤਾਂ ਕਹਿ ਨਹੀਂ ਸਕਦਾ ਕਿ ਮੇਰਾ ਹੈ। ਦਿਤਾ ਕੀਹਨੇ ਹੈ? ਮਾਨਸ ਜਨਮ ਪ੍ਰਮੇਸ਼ਰ ਨੇ ਦਿਤਾ ਹੈ ਸਾਨੂੰ। ਅਸੀਂ ਇਹਦੇ ਵਿਚ ਬੁੱਧ ਰੂਪੀ ਡਰਾਈਵਰ ਬਣ ਕੇ ਬੈਠੇ ਹੋਏ ਹਾਂ, ਜੇ ਖੱਡਿਆਂ ਦੇ ਵਿਚ ਲਿਜਾ ਕੇ ਇਸ ਵਾਹਨ ਨੂੰ ਤੋੜ ਦੇਈਏ, ਭੰਨ ਦੇਈਏ, ਫੇਰ ਦੋਸ਼ ਲੱਗੇਗਾ ਕਿ ਨਹੀਂ? ਇਹ ਕਹਿੰਦੈ, ਮੈਂ, ਮੈਂ ਤਾਂ ਨਹੀਂ ਹੈ, ਸਰੀਰ ਤਾਂ ਪ੍ਰਮੇਸ਼ਰ ਦਾ ਦਿਤਾ ਹੋਇਐ।

ਜੇ ਰੱਬ ਅਧਰੰਗ ਕਰ ਦੇਵੇ, ਕੈਂਸਰ ਕਰ ਦੇਵੇ, ਦੋਵੇਂ ਅੱਖਾਂ ਲੈ ਲਵੇ; ਨੱਠਿਆ ਫਿਰੇਂਗਾ। ਸੋ ਇਸ ਕਰਕੇ ਦੋਸ਼ੀ ਬਣ ਜਾਂਦੈ।

ਇਸੇ ਤਰ੍ਹਾਂ ਕਾਮੀ ਬੰਦਾ ਹੈ, ਕਹਿੰਦਾ ਕਿ ਅਸੀਂ ਕੀ ਕਰਦੇ ਹਾਂ ਕਿਸੇ ਨੂੰ। ਸੋ ਇਸ ਤਰ੍ਹਾਂ ਦੇ ਨਾਲ ਪਾਪ ਨੂੰ ਠੀਕ ਸਿੱਧ ਕਰ ਲੈਂਦੈ। ਇਹ ਸਮਝਦੇ ਨੇ ਕਿ ਬਹੁਤ ਸਾਰੇ ਪਾਪ ਕਰਕੇ, ਛੁਪਾ ਕੇ ਰਖਦੇ ਨੇ ਕਿ ਲੋਕਾਂ ਨੂੰ ਨਾ ਪਤਾ ਲਗ ਜਾਏ। ਕਿਸੇ ਨੂੰ ਇਸ ਗੱਲ ਦੀ ਗਿਆਤ ਨਾ ਹੋ ਜਾਏ। ਮਹਾਰਾਜ ਕਹਿੰਦੇ ਪਿਆਰਿਆ! ਜਿਹੜੀ ਸਭ ਤੋਂ ਵੱਡੀ ਹਸਤੀ ਹੈ, ਉਸ ਤੋਂ ਕਿਵੇਂ ਛੁਪਾ ਲਏਂਗਾ-

***ਧਾਰਨਾ - ਕਿਵੇਂ ਮੁਕਰੇਂਗਾ ਪਾਪ ਕਰਕੇ ਬੰਦਿਆ,***
***ਰੱਬ ਤੇਰੇ ਨਾਲ ਵਸਦੈ।***

ਕਹਿੰਦੇ ਮੁੱਕਰ ਸਕਦੈ? -

***ਸਭੁ ਕਿਛੁ ਸੁਣਦਾ ਵੇਖਦਾ ਕਿਉ ਮੁਕਰਿ ਪਇਆ ਜਾਇ ॥***

***ਅੰਗ- 36***

ਹੁਣ ਕਿਵੇਂ ਮੁਕਰੇਂਗਾ? -

***ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥***

***ਅੰਗ- 612***

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥***

***ਅੰਗ- 677***

ਜਿਹੜਾ ਐਨਾ ਨੇੜੇ ਵਸਦੈ, ਉਸ ਤੋਂ ਕਿਵੇਂ ਮੁਕਰ ਜਾਏਂਗਾ ਤੂੰ। ਕੋਈ ਹੈ ਤੇਰੇ ਕੋਲ ਤਰੀਕਾ? -

*ਪਾਪੋ ਪਾਪੁ ਕਮਾਵਦੇ ਪਾਪੇ ਪਚਹਿ ਪਚਾਇ ॥*

*ਅੰਗ- 36*

ਪਾਪ ਕਰਦੇ ਨੇ, ਉਹਦਾ ਨਤੀਜਾ ਦੁੱਖ ਰੂਪ ਦੇ ਵਿਚ ਸਰੀਰ ਨੂੰ ਭੋਗਣਾ ਪੈਂਦੈ ਤੇ ਉਹਦੇ ਵਿਚੇ ਪਚ ਕੇ ਖਤਮ ਹੋ ਜਾਂਦਾ ਹੈ। ਖੁਸ਼ੀ ਨਹੀਂ ਆਇਆ ਕਰਦੀ, ਪਾਪ ਕਰਨ ਵਾਲੇ ਨੂੰ ਕਦੇ ਵੀ। ਬੰਦਗੀ ਕਰਨ ਵਾਲੇ ਕੋਲ ਕੁਛ ਨਾ ਹੋਵੇ, ਭੁੱਖਾ ਹੋਵੇ, ਛਾਲਾਂ ਮਾਰਦਾ ਫਿਰਦੈ, ਅਨੰਦ ਹੈ, ਝੂੰਮਦੈ ਉਹ।

*ਸੋ ਪ੍ਰਭੁ ਨਦਰਿ ਨ ਆਵਈ ਮਨਮੁਖਿ ਬੂਝ ਨ ਪਾਇ ॥*

*ਅੰਗ- 36*

ਜਿਹੜਾ ਤੇਰੇ ਨਾਲ ਰਹਿੰਦਾ ਹੈ ਉਹ ਤੇਰੀ ਨਿਗ੍ਹਾ 'ਚ ਨਹੀਂ ਆਉਂਦਾ। ਕਾਰਨ ਕੀ ਹੈ? ਮਨ ਦੇ ਪਿੱਛੇ ਲੱਗਣ ਵਾਲਾ ਨਹੀਂ ਬੁੱਝਦਾ ਇਸ ਗੱਲ ਨੂੰ। ਗੁਰੂ ਹਾਕਾਂ ਮਾਰਦੇ ਨੇ -

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥*

*ਅੰਗ- 1378*

ਚਾਰੇ ਵੇਦ, ਛੇਈ ਸ਼ਾਸਤਰ, ਸਤਾਈ ਸਿਮ੍ਰਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ, ਗੀਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ, ਬੇਅੰਤ ਸਾਧੂ ਮਹਾਤਮਾ ਆਵਾਜ਼ਾਂ ਮਾਰਦੇ ਨੇ। ਪਰ ਮਨਮੁਖਤਾ ਐਨੀ ਹਿਰਦੇ 'ਚ ਵਸ ਗਈ ਕਿ ਕੀ ਕਰਿਆ ਜਾਵੇ? ਉਹਦਾ ਚਿੱਤ ਨਹੀਂ ਫਿਰਦਾ -

*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥*

*ਅੰਗ- 1378*

ਨਹੀਂ ਉਹ ਸੁਣਦਾ, ਨਾ ਗੱਲ ਮੰਨਦੈ। ਪਾਪ ਦੇ ਵਿਚ ਮਸਤ ਹੋਇਆ-ਹੋਇਐ -

*ਸੋ ਪ੍ਰਭੁ ਨਦਰਿ ਨ ਆਵਈ ਮਨਮੁਖਿ ਬੂਝ ਨ ਪਾਇ ॥*
*ਜਿਸੁ ਵੇਖਾਲੇ ਸੋਈ ਵੇਖੈ ਨਾਨਕ ਗੁਰਮੁਖਿ ਪਾਇ ॥*

*ਅੰਗ- 36*

ਗੁਰਮੁਖ ਦੀ, ਗੁਰੂ ਦੀ ਸੰਗਤ ਦੇ ਵਿਚ ਇਹ ਚੀਜ਼ ਪ੍ਰਾਪਤ ਹੋ ਜਾਇਆ ਕਰਦੀ ਹੈ।

ਸੋ ਪਾਪ ਨੂੰ ਕੋਈ ਵੀ ਬੰਦਾ ਨਹੀਂ ਕਹਿੰਦਾ ਕਿ ਚੰਗੀ ਚੀਜ਼ ਹੈ। ਪੁੰਨ ਨੂੰ ਸਾਰੇ ਚੰਗਾ, ਨੇਕੀ ਨੂੰ, ਸੇਵਾ ਨੂੰ ਸਾਰੇ ਕਹਿੰਦੇ ਨੇ ਚੰਗੀ ਗੱਲ ਹੈ।

ਜਿਸਦੀ ਮਦਦ ਕਰ ਦਿਓ ਉਹ ਖੁਸ਼ ਹੋ ਜਾਂਦੈ। ਪਾਪ ਕਰਨ ਵਾਲਾ ਵੀ ਕੋਈ ਖੁਸ਼ ਹੁੰਦੈ? ਕਹਿੰਦੇ -

*ਪਾਪੁ ਬੁਰਾ ਪਾਪੀ ਕਉ ਪਿਆਰਾ ॥* *ਅੰਗ- 935*

ਜਿਹੜਾ ਪਾਪ ਦੇ ਵਿਚ ਪ੍ਰਵਿਰਤ ਹੋ ਗਿਆ। ਉਹਨੂੰ ਪਾਪ ਪਿਆਰਾ ਲਗਦੈ। ਕਾਰਨ ਦਸਦੈ? ਲੇਕਿਨ ਅੰਦਰਲੀ ਆਵਾਜ਼ ਸ਼ੁੱਧ ਜਿਹੜੀ ਹੈ ਉਹਨੂੰ ਕਿਵੇਂ ਦੂਰ ਕਰੇਗਾ। ਨਕਲੀ ਇਹਦੇ ਅੰਦਰ ਆਵਾਜ਼ ਪੈਦਾ ਹੋ ਗਈ, ਪਾਪਾਂ ਦੇ ਨਾਲ ਭਰੀ ਹੋਈ। ਉਹ ਉਤੋਂ-ਉਤੋਂ ਇਹਦਾ ਮਨ ਲਵਾਉਂਦੀ ਹੈ ਕਿ ਕੀ ਹੋ ਗਿਆ? ਕੁਛ ਨਹੀਂ ਹੈ। ਸਾਰੇ ਲੋਕ ਹੀ ਕਰਦੇ ਨੇ। ਕੀ ਸਭ ਨਰਕਾਂ ਨੂੰ ਜਾਣਗੇ?

ਸੋ ਉਸ ਵੇਲੇ ਠੀਕ ਸਿੱਧ ਕਰ ਲੈਂਦੈ, ਪਿਆਰਾ ਲਗਦੈ ਪਾਪ ਉਸ ਨੂੰ -

*ਪਾਪੁ ਬੁਰਾ ਪਾਪੀ ਕਉ ਪਿਆਰਾ ॥*
*ਪਾਪਿ ਲਦੇ ਪਾਪੇ ਪਾਸਾਰਾ ॥*
*ਪਰਹਰਿ ਪਾਪੁ ਪਛਾਣੈ ਆਪੁ ॥* *ਅੰਗ- 935*

ਜੇ ਪਾਪ ਨੂੰ ਛੱਡ ਦੇਵੇ ਤੇ ਆਪਣੇ ਆਪ ਦੀ ਪਛਾਣ ਕਰ ਲਵੇ ਕਿ ਮੈਂ ਕੌਣ ਹਾਂ, ਮਹਾਰਾਜ ਕਹਿੰਦੇ, ਫੇਰ ਉਹ ਪਾਪਾਂ ਤੋਂ ਉਪਰ ਲੰਘ ਜਾਂਦੈ। ਉਹਨੂੰ ਲੇਪ ਨਹੀਂ ਰਹਿੰਦਾ -

*ਨਾ ਤਿਸੁ ਸੋਗੁ ਵਿਜੋਗੁ ਸੰਤਾਪੁ ॥* *ਅੰਗ- 935*

ਪਾਪ ਦਾ ਫਲ ਕੀ ਹੁੰਦੈ? ਦਰਗਾਹ ਦੇ ਵਿਚ ਜਾ ਕੇ ਕਿੰਨੇ ਦੁਖ ਭੋਗਣੇ ਪੈਂਦੇ ਨੇ। ਪਾਪਾਂ ਦਾ ਜਦੋਂ ਹਿਸਾਬ ਕਿਤਾਬ ਹੁੰਦੈ ਤੇ ਐਸਾ ਮਹਾਰਾਜ ਜੀ ਫੁਰਮਾਨ ਕਰਦੇ ਨੇ ਪੜ੍ਹੋ ਪਿਆਰ ਨਾਲ -

*ਧਾਰਨਾ - ਜ਼ਿੰਦੇ ਰੋਵੇਂਗੀ ਤੇ ਰੋ-ਰੋ ਪਛੋਤਾਵੇਂਗੀ,*
*ਫੇਰ ਤੇਰਾ ਕੋਈ ਨਾ ਬਣੇ।*

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥* *ਅੰਗ- 315*

*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥*

*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ॥*
*ਥਾਉ ਨ ਹੋਵੀ ਪਉਦੀਈ ਹੁਣਿ*

*ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥* *ਅੰਗ- 464*

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥*
*ਅੰਗ- 1425*

ਪਿਆਰਾ ਲੱਗਿਆ ਪਾਪ, ਉਸ ਵੇਲੇ ਨਹੀਂ ਸੀ ਪਤਾ ਕਿ ਜ਼ਹਿਰ ਦੀ ਗੋਲੀ ਖਾ ਕੇ, ਮਰਨਾ ਪੈ ਜਾਣੈ। ਕੈਪਸੂਲ ਹੈ ਉਪਰ। ਬੜਾ ਪਿਆਰਾ ਲਗਦੈ ਪਾਪ ਕਰਨ ਵਾਲੇ ਨੂੰ। ਜੇ ਵਰਜੋ ਤਾਂ ਨਹੀਂ ਵਰਜ ਨੂੰ ਮੰਨਦਾ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ, ਔਖਾ ਹੋ ਜਾਂਦੈ ਲੇਖਾ ਦੇਣਾ -

*ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ ॥*
*ਅੰਗ- 473*

ਲੇਕਿਨ ਪਾਪ ਪਿਆਰਾ ਲਗਦੈ ਪਾਪ ਵਿਚ ਪਏ ਹੋਏ ਬੰਦੇ ਨੂੰ। ਬੰਦਾ ਨਹੀਂ ਰੁਕਦਾ। ਉਹ ਚੀਜ਼ ਹੀ ਐਸੀ ਹੁੰਦੀ ਹੈ। ਰਿਸ਼ਵਤ ਲੈਣ ਵਾਲਾ ਹਜ਼ਾਰਾਂ ਲੱਖਾਂ ਰੁਪਏ ਦੀ ਰਿਸ਼ਵਤ ਲੈ ਕੇ ਸੋਚਦੈ ਹੈ ਕਿ ਮੈਂ ਬੜੀ ਜਾਇਦਾਦ ਬਣਾ ਲਵਾਂਗਾ। ਬੱਚਿਆਂ ਵਾਸਤੇ ਸਭ ਕੁਝ ਕਰਾਂਗਾ। ਮੈਂ ਆਹ ਸੁਖ ਪਾਵਾਂਗਾ।

ਪਰ ਦੇਖਿਆ ਹੈ ਕੋਈ ਸੁਖੀ? ਮਹਾਰਾਜ ਕਹਿੰਦੇ, ਪਿਆਰਿਓ! ਸੁਖੀ ਨਹੀਂ ਕੋਈ ਵੀ ਹੋਇਆ ਕਰਦਾ, ਬਹੁਤ ਔਖੀ ਬਾਤ ਹੈ -

*ਧਾਰਨਾ - ਦੁਖੀਆ ਸਭ ਸੰਸਾਰ, ਨਾਨਕ ਦੁਖੀਆ-ਦੁਖੀਆ।*

ਪ੍ਰਾਪਤੀਆਂ ਦੇ ਨਾਲ ਮਹਾਰਾਜ ਕਹਿੰਦੇ -

*ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥* *ਅੰਗ- 953*

ਕੀ ਘਾਟਾ ਸੀ ਉਹਦੇ ਲੋਕ ਦੇ ਅੰਦਰ। ਕਈ ਵਾਰੀ ਮੈਂ ਦੱਸਿਆ ਹੈ ਕਿ ਇਥੇ ਦੇ ਬਾਦਸ਼ਾਹ ਨਾਲੋਂ ਇੰਦਰ ਨੂੰ ਦਸ ਅਰਬ ਗੁਣਾਂ ਜ਼ਿਆਦਾ ਸੁਖ ਹੈ। ਛੋਟੀ ਜਿਹੀ ਬਾਤ ਨਹੀਂ ਦਸ ਅਰਬ ਗੁਣਾਂ ਸੁਖ ਹੋ ਜਾਣਾ। ਲੇਕਿਨ ਮਨ ਤਾਂ ਸ਼ਾਂਤ ਨਾ ਹੋਇਆ।

*ਗੋਤਮੁ ਤਪਾ ਅਹਿਲਿਆ ਇਸਤ੍ਰੀ*
*ਤਿਸੁ ਦੇਖਿ ਇੰਦ੍ਰੁ ਲੁਭਾਇਆ ॥*
*ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ ॥*
*ਅੰਗ- 1344*

ਪਛਤਾਵਾ ਹੈ ਉਸ ਵੇਲੇ। ਕਿਉਂਕਿ ਸੁਖ ਹੋਰ ਥਾਂ 'ਤੇ ਭਾਲਦਾ ਸੀ। ਮਹਾਰਾਜ ਕਹਿੰਦੇ ਸੁਖ ਦੀ ਜੋ ਥਾਂ ਹੈ, ਜੇ ਉਥੇ ਨਹੀਂ ਜਾਂਦੇ ਸੁਖ ਨਹੀਂ ਮਿਲਿਆ ਕਰਦਾ-

*ਐਸਾ ਜਗੁ ਦੇਖਿਆ ਜੂਆਰੀ ॥*
*ਸਭਿ ਸੁਖ ਮਾਗੈ ਨਾਮੁ ਬਿਸਾਰੀ ॥* *ਅੰਗ- 222*

ਨਾਮ ਨੂੰ ਭੁੱਲ ਕੇ ਕਹਿੰਦਾ ਮੈਂ ਸੁਖੀ ਹਾਂ। ਰੁਖੀ ਰੋਟੀ ਖਾ ਲਈ, ਨਹੀਂ ਮਾੜੇ ਕੰਮਾਂ 'ਚ ਪਏ, ਨਹੀਂ ਰਿਸ਼ਵਤਾਂ ਲਈਆਂ, ਨਹੀਂ ਧੋਖੇ ਦਿਤੇ। ਦੁਨੀਆਂ ਦੇ ਅੰਦਰ ਬਹੁਤ ਚੰਗੀ ਚੀਜ਼ ਲਗਦੀ ਹੈ। ਪਰ ਮੁਕਾਬਲੇ ਦੀ ਦੌੜ ਲੱਗੀ ਹੈ ਕਿ ਮੈਂ ਪਿੱਛੇ ਰਹਿ ਗਿਆ। ਅੱਗਾ ਭੁੱਲ ਗਿਆ। ਜਿਹੜੀ ਨਿਗ੍ਹਾ ਹੈ ਕੁੱਤੇ ਵਾਲੀ ਨਿਗ੍ਹਾ ਹੈ ਇਸਦੀ। ਕੁੱਤੇ ਦੇ ਇੱਟ ਮਾਰੋ ਇੱਟ ਵਲ ਨਿਗ੍ਹਾ ਜਾਏਗੀ ਉਸ ਦੀ। ਮਹਾਰਾਜ ਕਹਿੰਦੇ, ਸ਼ੇਰ ਦ੍ਰਿਸ਼ਟੀ ਰੱਖੋ। ਇੱਟ ਜਿਹਨੇ ਮਾਰੀ ਹੈ ਸ਼ੇਰ ਉਹਨੂੰ ਪੈਂਦੈ। ਗੋਲੀ ਚਲਾ ਦਿਤੀ, ਲੱਗੀ ਨਾ, ਖੜਕਾ ਹੋਇਆ, ਸ਼ੇਰ ਉਸੇ ਨੂੰ ਪਵੇਗਾ ਜਿਸਨੇ ਮਾਰੀ। ਜਾ ਕੇ ਮਚਾਨ ਨੂੰ ਫੜ ਲੈਂਦੈ, ਨੀਵੀਂ ਹੋਵੇ। 20 ਫੁੱਟ ਤਕ ਆਰਾਮ ਨਾਲ ਹੀ ਛਾਲ ਮਾਰਦੈ ਉੱਚੀ। ਸੋ ਨਿਗ੍ਹਾ ਨਹੀਂ ਹੈ। ਮਹਾਰਾਜ ਕਹਿੰਦੇ, ਅੱਗੇ ਦੀ ਨਿਗ੍ਹਾ ਰੱਖ –

***....ਦੇ ਲੰਮੀ ਨਦਰਿ ਨਿਹਾਲੀਐ ॥ ਅੰਗ- 474***

ਦੂਰ ਦੇਖ ਕਿ ਇਹਦਾ ਨਤੀਜਾ ਕੀ ਹੋਏਗਾ। ਹੁਣ ਦੀ ਤਾਂ ਸੁਖੀ ਹੈ, 'ਆਹ ਜਗ ਮਿੱਠਾ ਅਗਲਾ ਕਿਨ ਡਿੱਠਾ।' ਤੇਰੇ ਕਹੇ 'ਤੇ ਤਾਂ ਬਦਲ ਨਹੀਂ ਜਾਣਾ। ਇਹ ਤਾਂ ਔਖਾ ਹੋਇਆ ਕਰਦੈ।

ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ) ਦਸਿਆ ਕਰਦੇ ਸੀ ਕਿ ਇਕ ਕੋਈ ਆਫੀਸਰ ਸੀ, ਉਹਦੇ ਕੋਲ ਕੋਈ ਮੁਕੱਦਮਾ ਸੀ, ਫੈਸਲਾ ਕਰ ਰਿਹਾ ਸੀ। ਜਿਹੜਾ ਬੰਦਾ ਬੇਕਸੂਰ ਸੀ ਉਹਦੇ ਸਿਰ 'ਤੇ ਕਸੂਰ ਮੜ ਕੇ ਉਹਨੂੰ ਫਾਂਸੀ ਦਿਵਾਉਣੀ ਚਾਹੁੰਦਾ ਸੀ। ਉਹ ਵਾਹਿਗੁਰੂ ਦੇ ਕੋਲ ਅਰਦਾਸਾਂ ਕਰਦਾ ਸੀ ਕਿ ਹੇ ਪ੍ਰਭੂ! ਤੁਸੀਂ ਕ੍ਰਿਪਾ ਕਰੋ, ਮੇਰਾ ਕਸੂਰ ਨਹੀਂ ਹੈ। ਅਖੀਰ ਉਹਦੀ ਅਰਦਾਸ ਦਰਗਾਹ 'ਚ ਸੁਣੀ ਗਈ। ਪ੍ਰਮੇਸ਼ਰ ਦਾ ਆਪਣਾ ਜੋ ਨਿਯਮ ਸੀ, ਵਰਤ ਗਿਆ।। ਉਹਦੇ ਉਤੋਂ ਪੜਦਾ ਚੁੱਕ ਦਿਤਾ। ਕੀ ਦੇਖਦੈ ਆਫੀਸਰ ਕਲਮ ਮੇਰੀ ਲਿਖ ਰਹੀ ਹੈ ਕਿ ਇਹਨੂੰ ਫਾਂਸੀ ਦੇ ਦਿਤੀ ਜਾਵੇ। ਸਜ਼ਾਏ ਮੌਤ ਦੇ ਰਿਹੈ। ਲੇਕਿਨ ਸਾਮ੍ਹਣੇ ਬੰਦਾ ਖੜ੍ਹਾ ਹੈ, ਕਲਮ ਰੁਕ ਗਈ ਉਥੇ ਹੀ। ਕਹਿਣ ਲੱਗਿਆ, ਤੂੰ ਕੌਣ ਹੈਂ, ਕਿਥੋਂ ਆ ਗਿਆ? ਕਿੱਥੇ ਲੁਕਿਆ ਹੋਇਆ ਸੀ?

ਕਹਿਣ ਲੱਗਿਆ, ਮੈਂ ਲੁੱਕਣਾ ਕਿੱਥੇ ਹੈ, ਤੇਰੇ ਨਾਲ ਰਹਿੰਦਾ ਹਰ ਵਕਤ। ਇਕ ਸਕਿੰਟ ਵਾਸਤੇ ਵੀ ਮੈਂ ਕਦੇ ਨਹੀਂ ਲੁਕਦਾ।

ਕਹਿੰਦਾ, ਤੈਨੂੰ ਕਦੇ ਦੇਖਿਆ ਤਾਂ ਹੈ ਨਹੀਂ।

ਉਹ ਕਹਿੰਦਾ, ਅੱਜ ਦੇਖ ਲੈ।

ਕਹਿੰਦਾ, ਤੇਰਾ ਨਾਉਂ ਕੀ ਹੈ?

ਕਹਿੰਦਾ, ਮੇਰਾ ਨਾਂ ਕੋਈ ਵੀ ਨਹੀਂ, ਤੁਸੀਂ ਧਰਿਆ ਹੋਇਐ, ਚਿਤ੍ਰ ਗੁਪਤ ਕਹਿੰਦੇ ਨੇ। ਮੈਂ ਤੇਰੇ ਕਿਰਦਾਰ ਨੂੰ ਰਿਕਾਰਡ ਕਰਦਾਂ ਫਿਲਮ ਦੇ ਅੰਦਰ। ਜਦੋਂ ਤੂੰ ਸੰਸਾਰ ਤੋਂ ਚਲਿਆ ਜਾਵੇਂਗਾ। ਅੱਗੇ ਇਸ ਤਰ੍ਹਾਂ ਨਾ

ਸਮਝ ਕਿ ਕੋਈ ਚੀਜ਼ ਨਹੀਂ ਹੈ। ਅੱਗੇ ਬਹੁਤ ਕੁਛ ਹੈ। ਉਥੇ ਤੇਰੇ ਕੀਤੇ ਹੋਏ ਕੰਮਾਂ ਦਾ ਲੇਖਾ ਇਹੋ ਜਿਹਾ ਲੈਣਗੇ ਜਿਵੇਂ ਤਿਲ ਪੀੜ ਦਿਤੇ ਜਾਂਦੇ ਨੇ –

***ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ ॥***

***ਅੰਗ – 473***

ਇਕੱਲੀ-ਇਕੱਲੀ ਗੱਲ ਦਾ ਤੇਰੇ ਤੋਂ ਜਵਾਬ ਮੰਗਿਆ ਜਾਏਗਾ –

***ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥***
***ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥***
***ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥***
***ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥ ਅੰਗ– 953***

ਇਹੋ ਜਿਹਾ ਲੇਖਾ ਹੋਏਗਾ ਕਿ ਦੇਣਾ ਹੀ ਔਖਾ ਹੋ ਜਾਏਗਾ, ਕੋਈ ਜਵਾਬ ਨਹੀਂ ਆਉਣਾ –

***ਧਾਰਨਾ – ਜਦੋਂ ਕੱਢ ਕੇ ਵਹੀ ਲੇਖਾ ਮੰਗਿਆ,***
***ਫੇਰ ਕੀ ਜਵਾਬ ਦੇਵੇਂਗਾ।***

ਹੈ ਜਵਾਬ ਕੋਈ? ਕਹਿੰਦਾ, ਮੈਂ ਕੀ ਕਰਿਆ ਹੈ? ਮੈਂ ਤਾਂ ਕੋਈ ਗਲਤ ਗੱਲ ਨਹੀਂ ਕਰੀ।

ਫਟਾਫਟ ਪੜ੍ਹਨਾ ਸ਼ੁਰੂ ਕਰ ਦਿਤਾ। ਕਹਿੰਦਾ, ਕਾਲੀ ਕਾਪੀ ਤੇਰੀ ਭਰੀ ਪਈ ਹੈ ਸਾਰੀ। ਮੈਂ ਤੇਰੇ ਅੰਦਰ ਬੈਠਾ ਹਾਂ ਹਰ ਵਕਤ। ਮੈਨੂੰ ਤੇਰਾ ਪਹਿਰੇਦਾਰ ਅਕਾਲ ਪੁਰਖ ਨੇ ਥਾਪਿਆ ਹੈ, ਸੂਖਸ਼ਮ ਸ਼ਕਤੀ ਹਾਂ। ਮੈਂ ਤੇਰਾ ਸਾਰਾ ਰਿਕਾਰਡ ਲੈ ਰਿਹਾ ਹਾਂ। ਤੂੰ ਹੁਣ ਤਕ 1150 ਐਸੇ ਉੱਗਰ ਪਾਪ ਕਰੇ ਨੇ ਜਿਹਦਾ ਤੇਰੇ ਕੋਲ ਜਵਾਬ ਨਹੀਂ ਹੋਣਾ। ਆਹ ਤੈਨੂੰ ਮੈਂ ਝਾਕੀ ਦਿਖਾਵਾਂ। ਮੀਟ ਅੱਖਾਂ। ਕੀ ਦੇਖਦੈ –

***ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥***
***ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥***

***ਅੰਗ– 1425***

ਤਪਤ ਥੰਮ ਗਲ ਨਾਲ ਲੱਗੇ ਹੋਏ ਨੇ, ਦਿਖਾਈ ਜਾਂਦੈ ਕਿ ਤੇਰੇ ਆਹ ਪਾਪ ਦਾ ਆਹ ਫਲ ਹੈ, ਇਸ ਦਾ ਆਹ ਫਲ ਹੈ।

ਕੰਬ ਗਿਆ ਉਸ ਵੇਲੇ। ਕਹਿਣ ਲੱਗਿਆ, ਬੜੀਆਂ ਭਿਆਨਕ ਸਜ਼ਾਵਾਂ ਨੇ।

ਕਹਿਣ ਲੱਗੇ, ਤੂੰ ਇਥੇ ਸਜ਼ਾਵਾਂ ਦੇਈ ਜਾਨੈ, ਤੈਨੂੰ ਪਤਾ ਨਹੀਂ ਕਿ ਤੇਰੇ ਤੋਂ ਵੀ ਕੋਈ ਜਵਾਬ ਲੈਣ ਵਾਲਾ ਬੈਠਾ ਹੈ। ਜਦੋਂ ਜਵਾਬ ਦੇਵੇਂਗਾ ਫੇਰ ਰੋਏਂਗਾ। ਫੇਰ ਨਹੀਂ ਕੁਛ ਬਣਿਆ ਕਰਦਾ।

ਕਹਿੰਦਾ, ਕੋਈ ਤਰੀਕਾ?

ਕਹਿਣ ਲੱਗੇ, ਤਰੀਕਾ ਹੈ ਜੇ ਤੂੰ ਕਰਨਾ ਚਾਹੁੰਨੈ ਤਾਂ ਮੈਂ ਦਸ ਦਿੰਦਾ ਹਾਂ। ਪਹਿਲਾਂ ਤਾਂ ਇਹ ਜਿਹੜਾ ਤੂੰ ਗਲਤ ਫੈਸਲਾ ਕਰਨ ਲੱਗਿਐਂ ਇਹਨੂੰ

ਕੱਟ ਦੇ। ਦੂਸਰਾ ਇਹ ਹੈ ਕਿ ਜੋ ਪਾਪ ਦੀ ਕਮਾਈ ਤੂੰ ਕੀਤੀ ਹੈ ਉਹ ਉਨ੍ਹਾਂ ਨੂੰ ਹੀ ਮੋੜ ਦੇ ਜਿਨ੍ਹਾਂ ਤੋਂ ਲਈ ਹੈ। ਜਿਨ੍ਹਾਂ ਦਾ ਨਹੀਂ ਪਤਾ ਉਹ ਤੂੰ ਪ੍ਰਮੇਸ਼ਰ ਦੇ ਨਮਿੱਤ ਦੇ ਦੇ। ਸੋਚਣ ਲਗ ਗਿਆ ਇਹ।

ਉਹਨੇ ਦੂਜੀ ਡਾਇਰੀ ਕੱਢੀ, ਉਹ ਲਿਖਣ ਲਗ ਗਿਆ।

ਕਹਿੰਦਾ, ਇਹ ਕੀ ਲਿਖਦੇ ਹੋਂ?

ਕਹਿਣ ਲੱਗਿਆ, ਤੇਰੇ ਮਨ ਵਿਚ ਖਿਆਲ ਆ ਰਹੇ ਨੇ ਚੰਗੇ, ਚੰਗੇ ਖਿਆਲਾਂ ਨੂੰ ਲਿਖ ਰਿਹਾ ਹਾਂ। ਕਲਜੁਗ ਦੇ ਅੰਦਰ ਰਿਆਇਤ ਹੈ ਕਿ ਪਾਪ ਚਿਤਵਦਾ ਹੈ ਆਦਮੀ। ਇੰਤਜ਼ਾਰ ਕਰਦੇ ਨੇ ਲਿਖਣ ਵਾਲੇ ਵੀ, ਸ਼ਾਇਦ ਇਹਦਾ ਮਨ ਠੀਕ ਹੋ ਜਾਵੇ। ਕਿਉਂਕਿ ਪਾਪਾਂ ਦਾ ਜੁਗ ਚਲ ਰਿਹਾ ਹੈ। ਉਸ ਵੇਲੇ ਲਿਖਿਆ ਜਾਂਦੈ ਜਿਸ ਵਕਤ ਪਾਪ ਕਰ ਲੈਂਦੈ। ਪੁੰਨ ਜਿਹੜਾ ਹੈ ਜਦੋਂ ਸੋਚਣਾ ਸ਼ੁਰੂ ਕਰਦੈ ਉਸ ਵੇਲੇ ਤੋਂ ਹੀ ਲਿਖਣਾ ਸ਼ੁਰੂ ਹੋ ਜਾਂਦੈ।

ਸੋ ਗੱਲ ਸਮਝ 'ਚ ਆ ਗਈ। ਕਹਿਣ ਲੱਗਿਆ, ਮੈਂ ਤਾਂ ਬੜਾ ਮਾੜਾ ਕੰਮ ਕਰਿਆ ਹੈ। ਮੈਂ ਛੁਟ ਸਕਦਾ ਹਾਂ?

ਕਹਿੰਦੇ, ਹਾਂ। ਕਿਸੇ ਪੂਰਨ ਮਹਾਂਪਰਖ ਦੀ ਸੰਗਤ 'ਚ ਜਾਹ। ਉਥੋਂ ਨਾਮ ਦੀ ਦਾਤ ਲੈ । ਨਾਮ ਨੇ ਕਰੋੜਾਂ ਪਾਪਾਂ ਨੂੰ ਕੱਟ ਦੇਣੈ। ਇਕੋ ਹੀ ਤਰੀਕਾ ਹੈ ਪਾਪਾਂ ਨੂੰ ਕੱਟਣ ਦਾ, ਉਹ ਹੈ ਪ੍ਰਮੇਸ਼ਰ ਦਾ ਨਾਉਂ।

***ਮੰਨੇ ਨਾਉ ਸੋਈ ਜਿਣਿ ਜਾਇ ॥***
***ਅਉਰੀ ਕਰਮ ਨ ਲੇਖੈ ਲਾਇ ॥*** ***ਅੰਗ- 954***

ਮਹਾਰਾਜ ਕਹਿੰਦੇ, ਪ੍ਰਕ੍ਰਿਤਕ ਦੁਨੀਆਂ ਦੁਖੀ ਹੈ। ਵੱਡੇ-ਵੱਡੇ ਬਾਦਸ਼ਾਹ, ਵੱਡੇ-ਵੱਡੇ ਦੇਵਤੇ, ਜਿਨ੍ਹਾਂ ਦੇ ਕੋਲ ਸੁਖਾਂ ਦੀ ਕੋਈ ਗਿਣਤੀ ਨਹੀਂ, ਉਹ ਵੀ ਰੋਂਦੇ ਨੇ ਤੇ ਜਿੱਤਦੇ ਕਿਹੜੇ ਨੇ, ਜਿੱਤਦੇ ਉਹ ਨੇ ਜਿਨ੍ਹਾਂ ਨੂੰ ਪ੍ਰਮੇਸ਼ਰ ਦੇ ਨਾਮ ਦੀ ਸੋਝੀ ਪੈ ਗਈ, ਉਨ੍ਹਾਂ ਨੇ ਆਪਣਾ ਇਲਾਜ ਕਰ ਲਿਆ। ਚਾਹੇ ਉਮਰ ਲੰਘ ਗਈ ਵੱਡੀ, ਚਾਹੇ ਛੋਟੀ ਲੰਘ ਗਈ, ਇਸ ਗੱਲ ਦਾ ਸਵਾਲ ਨਹੀਂ ਹੁੰਦਾ -

***ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ ॥***
***ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥***
***ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥***
***ਅੰਗ- 1378***

ਜਦੋਂ ਮੋੜ ਪੈ ਗਿਆ ਏਧਰਲੇ ਪਾਸੇ। ਪਾਪਾਂ ਦਾ ਬੋਝ ਫੇਰ ਹਲਕਾ ਹੋ ਜਾਂਦੈ।

ਅੱਗੇ ਮੈਨੂੰ ਇਕ ਟੈਲੀਫੋਨ ਆ ਰਿਹਾ ਸੀ ਕਿ ਸਾਡੇ ਪਾਪਾਂ ਦਾ ਇਲਾਜ ਕੀ ਹੋਊ? ਤੁਹਾਡੀਆਂ ਫਿਲਮਾਂ ਅਸੀਂ ਦੇਖ ਲਈਆਂ। ਅਸੀਂ ਤਾਂ

ਬੜੀਆਂ ਗਲਤੀਆਂ ਕਰ ਦਿਤੀਆਂ ਕਿ ਕੋਈ ਇਲਾਜ ਵੀ ਹੈ ਕਿ ਅਸੀਂ ਛੁਟ ਜਾਈਏ।

ਮੈਂ ਕਿਹਾ, ਦੇਖੋ, ਵਾਹਿਗੁਰੂ ਜੀ ਜਿਹੜੇ ਨੇ ਉਹਦੇ ਬਾਰੇ ਗੁਰੂ ਪੰਜਵੇਂ ਪਾਤਸ਼ਾਹ ਜੀ ਨੇ ਲਿਖਿਆ ਹੈ ਕਿ-

*ਸਦਾ ਸਦਾ ਸਦਾ ਦਇਆਲ ॥*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥ ਅੰਗ- 275*

ਤਿੰਨ ਵਾਰ ਕਿਹੈ ਕਿ ਉਹ ਕਦੇ ਵੀ ਕਰੋਪ ਨਹੀਂ ਹੁੰਦਾ। ਉਹ ਸਦਾ ਹੀ ਦਇਆਲ ਰਹਿੰਦੈ। ਕਰੋਪ ਕੀ ਹੁੰਦੈ, ਫੇਰ ਸਾਨੂੰ ਸਜ਼ਾ ਕਿਉਂ ਮਿਲਦੀ ਹੈ? ਉਹ ਸਾਡੇ ਕਰਮਾਂ ਦੀ ਸਜ਼ਾ ਮਿਲਦੀ ਹੈ। ਰੱਬ ਨਹੀਂ ਦਿੰਦਾ ਕਿਸੇ ਨੂੰ ਵੀ ਸਜ਼ਾ। ਰੱਬ ਪਿਆਰ ਕਰਦੈ। ਉਹਦੇ ਪਿਆਰ ਦੀ ਸ਼ਕਤੀ ਹੈ ਕਿ ਉਹ ਪਾਪਾਂ ਦਾ ਨਾਸ਼ ਕਰਕੇ ਬਚਾ ਲੈਂਦੈ ਜੀਵ ਨੂੰ। ਉਹਦਾ ਸਾਡਾ ਰਿਸ਼ਤਾ ਮਾਂ ਤੇ ਪਿਉ ਵਾਲਾ ਹੈ। ਮਾਤਾ ਪਿਤਾ ਦਾ ਜਿਵੇਂ ਪੁੱਤਰ ਨਾਲ ਪਿਆਰ ਹੁੰਦੈ, ਪੁੱਤਰ ਲੱਖਾਂ ਗਲਤੀਆਂ ਕਰਕੇ ਇਕ ਵਾਰੀ ਪੈਰਾਂ 'ਤੇ ਪੈ ਕੇ ਰੋਣ ਲਗ ਜਾਵੇ, ਮੈਨੂੰ ਬਖਸ਼ ਦਿਓ। ਸਾਰੇ ਗੁਨਾਹ ਉਹਦੇ ਮਾਂ ਉਸੇ ਵੇਲੇ ਬਖਸ਼ ਦਿੰਦੀ ਹੈ। ਮਾਤਾ ਜਿਹੜੀ ਹੈ ਅਉਗੁਣ ਚਿੱਤ 'ਚ ਨਹੀਂ ਰਖਦੀ ਪੁੱਤਰਾਂ ਦਾ। ਇਹ ਬਿਲਕੁਲ ਸਚਾਈ ਹੈ ਤੇ ਤੁਸੀਂ ਇਕ ਵਾਰੀ ਗੱਲ ਕਰ ਲਓ ਪ੍ਰਮੇਸ਼ਰ ਨਾਲ। ਦਵਾਈ ਖਾਣੀ ਸ਼ੁਰੂ ਕਰ ਦਿਓ, ਪਾਪ ਨਿਕਲ ਜਾਣਗੇ। ਜੇ ਉਤੋਂ-ਉਤੋਂ ਰੋਣਾ ਰੋਇਆ, ਫੇਰ ਉਹ ਬਿਰਤੀ ਭੁੱਲ ਗਈ, ਫੇਰ ਉਹਦੀ ਯਾਦ ਭੁੱਲ ਗਈ। ਫੇਰ ਤਾਂ ਨਹੀਂ ਗੱਲ ਬਣਦੀ। ਉਹਨੂੰ ਪਤਾ ਹੈ ਕਿ ਇਹ ਸੱਚੇ ਦਿਲੋਂ ਬੋਲ ਰਿਹੈ ਕਿ ਕਿਸੇ ਐਵੇਂ ਹੀ ਭਾਵ ਵਿਚ ਆ ਕੇ ਬੋਲ ਰਿਹੈ। ਭਾਵ ਨੂੰ ਨਹੀਂ ਪ੍ਰਮੇਸ਼ਰ ਮੰਨਦਾ, ਦਿਲ ਦੀ ਪੂਰੀ ਸਚਾਈ ਨੂੰ ਮੰਨਦੈ। ਉਹਦਾ ਤੇ ਸਾਡਾ ਸਬੰਧ ਜਿਹੜਾ ਹੈ ਉਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਮਾਤਾ ਯਾਦ ਨਾ ਰਖਦੀ, ਔਗੁਣ ਪੁੱਤਰਾਂ ਦੇ।***
***ਸੁਤੁ ਅਪਰਾਧ ਕਰਤ ਹੈ ਜੇਤੇ ॥***
***ਜਨਨੀ ਚੀਤਿ ਨ ਰਾਖਸਿ ਤੇਤੇ ॥ ਅੰਗ- 478***

ਪੁੱਤਰ ਗੁਨਾਹ ਕਰੀ ਜਾਂਦੈ, ਮਾੜੀਆਂ ਗੱਲਾਂ ਕਰੀ ਜਾਂਦੈ। ਮਾਂ-ਬਾਪ ਨੂੰ ਤੰਗ ਕਰੀ ਜਾਂਦੈ, ਜਦੋਂ ਰੋ ਕੇ ਪਛਤਾਅ ਕੇ ਆ ਜਾਂਦੈ, ਉਸ ਵੇਲੇ ਮਾਤਾ ਫੇਰ ਉਸ ਨੂੰ ਗੋਦੀ 'ਚ ਲੈ ਲੈਂਦੀ ਹੈ। ਪਿਆਰ ਕਰਦੀ ਹੈ। ਸੋ ਇਹ ਸਾਰੇ ਜਿਵੇਂ ਮਾਤਾ ਤੇ ਪੁੱਤਰ ਦਾ ਸਬੰਧ ਹੈ, ਸਾਡਾ ਸਬੰਧ ਵਾਹਿਗੁਰੂ ਨਾਲ ਪਿਆਰ ਦਾ ਹੈ। ਪਛਤਾਅ ਕੇ ਜਦੋਂ ਅਸੀਂ ਜਦੋਂ ਉਹਦੀ ਸ਼ਰਨ ਲੈ ਲੈਂਦੇ ਹਾਂ। ਫੇਰ ਉਹ ਸਾਨੂੰ ਬਖਸ਼ ਦਿਆ ਕਰਦੈ। ਬੋਝ ਨਾ ਰੱਖੋ ਆਪਣੇ ਆਪ 'ਤੇ। ਹਰ ਵਕਤ ਕਹੀ ਜਾਓ ਮੈਂ ਪਾਪੀ-ਮੈਂ ਪਾਪੀ। ਭੁੱਲ ਜਾਓ ਉਸਨੂੰ ਜਿਹੜਾ ਕੁਛ ਹੋ ਗਿਆ, ਇਕ ਵਾਰੀ ਬਖਸ਼ਾ ਲਓ। ਬਖਸ਼ਣ 'ਚ

ਦੇਰ ਨਹੀਂ ਲਾਉਂਦਾ ਉਹ। ਕਿਉਂਕਿ ਹੈ ਹੀ ਬਖਸ਼ਿੰਦ ਉਹਦਾ ਨਾਉਂ। ਸੋ ਇਸ ਤਰ੍ਹਾਂ ਦੇ ਨਾਲ ਪਾਪ ਕਰਨ ਵਾਲਾ ਕਹਿਣ ਲੱਗਿਆ, ਪਿਆਰਿਆ! ਦਿਲ 'ਚੋਂ ਪਾਪ ਕੱਢ ਦੇ। ਤੇਰੇ ਬਖਸ਼ੇ ਜਾਣਗੇ। ਸੋਚਣ ਲੱਗ ਗਿਆ ਕਿ ਮੈਂ ਦਾਨ ਕਰ ਦੇਵਾਂ, ਚਿਤ੍ਰਗੁਪਤ ਲਿਖਣ ਲੱਗ ਗਿਆ। ਦਸ ਦਿਤਾ ਕਿ ਤੇਰੇ ਖਿਆਲ ਸ਼ੁਭ ਹੋ ਰਹੇ ਨੇ।

ਮਹਾਰਾਜ ਜੀ ਦਸਿਆ ਕਰਦੇ ਸੀ ਕਿ ਫੇਰ ਉਹਨੇ ਸਾਰੀ ਜਾਇਦਾਦ, ਪਾਪ ਦੀ ਕਮਾਈ ਸਾਰੀ ਵੰਡ ਦਿਤੀ। ਹੋਰ ਕੋਈ ਇਲਾਜ ਨਹੀਂ ਹੋਇਆ ਕਰਦਾ ਇਹਦਾ। ਸੋ ਐਸੇ ਸੰਸਕਾਰ ਹੁੰਦੇ ਨੇ।

ਜਦੋਂ ਮੈਂ ਨੌਕਰੀ ਕਰਦਾ ਸੀ, ਉਸ ਵੇਲੇ ਇਕ ਪ੍ਰੇਮੀ ਦਸ ਹਜ਼ਾਰ ਰੁਪਿਆ, (ਅੱਜ ਦਾ ਦਸ ਲੱਖ) ਸਿਰਫ ਇਸ ਗੱਲ 'ਤੇ ਦਿੰਦਾ ਸੀ ਮੈਨੂੰ ਕਿ ਤੁਸੀਂ ਅੱਧੇ ਦਿਨ ਦੀ ਛੁੱਟੀ ਲੈ ਲਓ। ਛੁੱਟੀ ਡਾਕਟਰ ਤੋਂ ਮਨਜ਼ੂਰ ਕਰਾ ਕੇ ਉਤਲੇ ਅਫਸਰ ਤੋਂ ਲਿਆ ਦਿਤੀ। ਕਹਿੰਦਾ, ਦਸਤਖਤ ਕਰ ਦਿਓ। ਆਹ ਦਸ ਹਜ਼ਾਰ ਲੈ ਲਓ। ਤਿੰਨ ਕੋਠੀਆਂ ਪੈ ਜਾਣਗੀਆਂ। ਤਿੰਨ ਹਜ਼ਾਰ 'ਚ ਉਹਨਾਂ ਦਿਨਾਂ 'ਚ ਤਿੰਨ ਕਮਰਿਆਂ ਵਾਲੀ ਕੋਠੀ ਪੈ ਜਾਂਦੀ ਸੀ।

ਮੇਰੇ ਸਾਮ੍ਹਣੇ ਕੀ ਸੀ? ਉਹ ਇਹ ਸੀ ਕਿ ਕੋਠੀਆਂ ਤਾਂ ਪੈ ਜਾਣਗੀਆਂ, ਅਮੀਰੀ ਵੀ ਹੋ ਜਾਏਗੀ। ਪਰ ਗੱਲ ਗਲਤ ਹੈ। ਉਹ ਕਹਿਣ ਲੱਗਿਆ, ਤੁਹਾਡੇ ਉਪਰ ਤਾਂ ਕੋਈ ਗੱਲ ਆਉਣੀ ਹੀ ਨਹੀਂ ਹੈ। ਤੁਸੀਂ ਤਾਂ ਅੱਧਾ ਦਿਨ ਸੀਟ ਖਾਲੀ ਕਰ ਦਿਓ। ਹੁਕਮ ਚੰਦ ਨਾਂ ਸੀ ਉਹਦਾ। ਮੈਂ ਕਿਹਾ, ਹੁਕਮਚੰਦਾ! ਮੈਨੂੰ ਇਹ ਪਤਾ ਹੈ ਕਿ ਮੈਂ ਸੀਟ ਖਾਲੀ ਤਾਂ ਕਰ ਰਿਹਾ ਹਾਂ ਕਿ ਮੇਰੀ ਗੈਰਹਾਜ਼ਰੀ 'ਚ ਗਲਤ ਕੰਮ ਹੋ ਜਾਵੇ। ਜਦੋਂ ਮੈਨੂੰ ਪਤਾ ਹੈ ਫੇਰ ਤਾਂ ਨਹੀਂ ਇਹ ਗੱਲ ਹੁੰਦੀ। ਮੈਂ ਕਿਹਾ, ਨਾ ਇਹ ਕੋਠੀਆਂ ਮੇਰੇ ਤੋਂ ਛੱਡ ਹੋਣੀਆਂ ਨੇ, ਮੇਰਾ ਮਾਨਸ ਜਨਮ ਐਵੇਂ ਹੀ ਲੰਘ ਜਾਣੈ। ਇਹਦੇ ਵਿਚ ਮੈਂ ਐਸਾ ਬੁਰੀ ਤਰ੍ਹਾਂ ਫਸ ਜਾਣੈ, ਇਹਨਾਂ ਨੇ ਫੇਰ ਅਗਾਂਹਾਂ ਵਧਣੈ। ਤਿੰਨ ਕੋਠੀਆਂ ਜਿਹਦੇ ਕੋਲ ਹੋਣ ਉਹਨਾਂ ਦਾ ਕਿਰਾਇਆ, ਉਹਨਾਂ ਦੀ ਆਮਦਨ ਲੱਖਾਂ ਹੀ ਰੁਪਈਆਂ ਹੋ ਜਾਣੈ। ਜੇ ਦਸ ਲੱਖ ਅੱਜ ਦਾ ਹੈ, ਹੁਣ ਨੂੰ ਕਰੋੜ ਦੀਆਂ ਹੋ ਜਾਂਦੀਆਂ। ਮੈਂ ਕਿਹਾ ਇਹ ਗੱਲ ਨਹੀਂ ਮੈਂ ਕਰਨੀ ਹੈ। ਕਿਉਂਕਿ ਫਸ ਜਾਣੈ ਇਹਦੇ ਵਿਚ। ਫਸਿਆ ਹੋਇਆ ਬੰਦਾ ਨਿਕਲਣਾ ਔਖਾ ਹੋ ਜਾਂਦੈ।

ਸੋ ਇਹ ਦਲੇਰੀ ਹੈ, ਉਸ ਨੇ ਦਲੇਰੀ ਕਰੀ। ਸਾਰੀ ਜਾਇਦਾਦ ਵੇਚ ਦਿਤੀ। ਜਿੱਥੇ-ਜਿੱਥੇ ਪਤਾ ਸੀ। ਬਾਕੀ ਸਾਰੀ ਦੇ ਦਿਤੀ। ਕੋਈ ਸਵਾ ਡੇਢ ਮਹੀਨੇ ਬਾਅਦ ਜਦੋਂ ਆਇਆ। ਦੇਖ ਲਿਆ, ਕਹਿੰਦਾ ਅੱਜ ਤੁਸੀਂ ਕਿਵੇਂ ਆਏ? ਨੌਕਰੀ ਵਗੈਰਾ ਛੱਡ ਦਿਤੀ। ਸਾਧੂਆਂ ਦੇ ਚਲਿਆ ਗਿਆ, ਜਾ ਕੇ ਬੰਦਗੀ ਕਰਨ ਲੱਗ ਗਿਆ। ਕਿਉਂਕਿ ਦਿਲੋਂ ਸੱਚਾ ਸੀ ਬੰਦਾ। ਦੇਖ ਲਿਆ ਉਹਨੇ ਸਭ ਕੁਛ।

ਕਹਿਣ ਲੱਗਿਆ, ਹੁਣ ਤੇਰੇ ਸਾਰੇ ਹੀ ਪਾਪ ਜ਼ੀਰੋ ਬਣ ਗਏ ਨੇ।

ਤੇਰੇ ਪੁੰਨ ਜਿਹੜੇ ਨੇ ਪਾਪਾਂ ਤੋਂ ਵੱਧ ਹੋਣ ਕਰਕੇ, ਉਹ ਪਾਪ ਰੱਦ ਹੋ ਗਏ। ਤੇਰਾ ਜੀਵਨ ਜਿਹੜਾ ਹੈ ਉਹ ਪੁੰਨਾਂ ਦਾ ਚਲ ਰਿਹਾ ਹੈ। ਤੂੰ ਸਾਧੂਆਂ ਦੀ ਸੰਗਤ ਕਰਕੇ ਪਾਪ ਤੇ ਪੁੰਨ ਤੋਂ ਉੱਚਾ ਹੋ ਜਾ। ਸੋ ਇਸ ਤਰ੍ਹਾਂ ਦੇ ਨਾਲ ਆਦਮੀ ਪਾਪ ਕਰਦੈ ਤੇ ਉਹਨੂੰ ਠੀਕ ਸਿੱਧ (justify) ਕਰਦੈ। ਪਰ ਜਦੋਂ ਲੇਖਾ ਦੇਣਾ ਪੈਂਦਾ ਹੈ, ਫੇਰ ਔਖਾ ਹੋਣਾ ਪੈਂਦੈ।

ਸੋ ਭਾਈ ਗੁਰਦਾਸ ਜੀ ਕਹਿੰਦੇ ਨੇ ਕਿ ਉਹ ਬੀਬੀ–

***ਗਨਕਾ ਪਾਪਣਿ ਹੋਇਕੈ ਪਾਪਾਂ ਦਾ ਗਲਿ ਹਾਰੁ ਪਰੋਤਾ।***

***ਭਾਈ ਗੁਰਦਾਸ ਜੀ, ਵਾਰ 10/21***

ਐਨੇ ਪਾਪ ਕਰ ਲਏ ਕਿ ਮਾਨੋ ਗਲ ਵਿਚ ਪਾਪਾਂ ਦਾ ਹਾਰ ਹੀ ਪੈ ਗਿਆ ਤੇ ਉਹਨੂੰ ਪਿਆਰ ਕਰ ਰਹੀ ਹੈ ਵੱਡੀ ਬਾਤ ਇਹ ਸੀ। ਦਿਲ 'ਚ ਗਿਲਾਨੀ ਨਹੀਂ ਆਉਂਦੀ। ਅਚਾਨਕ ਐਸੀ ਘਟਨਾ ਹੋਈ, ਕੋਈ ਉਹਦੇ ਪੁੰਨ ਜਿਹੜੇ ਪਿਛਲੇ ਜਨਮਾਂ ਦੇ ਕੀਤੇ ਹੋਏ ਸੀ, ਉਹ ਜਾਗਦੇ ਨੇ। ਜਾਗਣ ਦੇ ਨਾਲ ਅੰਦਰ ਐਸਾ ਵਾਹਿਗੁਰੂ ਜੀ ਵਲੋਂ ਹੋਇਆ ਕਿ ਬਾਰਿਸ਼ ਹੋ ਰਹੀ ਹੈ, ਇਕ ਮਹਾਤਮਾ ਜਾਂਦੇ-ਜਾਂਦੇ, ਹੱਥ ਵਿਚ ਇਕ ਪਿੰਜਰਾ ਹੈ, ਤੋਤਾ ਫੜਿਆ ਹੋਇਆ ਹੈ, ਬੀਤ ਰਾਗ ਅਵਸਥਾ ਦੇ ਮਹਾਤਮਾ, ਬ੍ਰਹਮਗਿਆਨ ਦੇ ਪੂਰੇ; ਉਹ ਅਚਾਨਕ ਆ ਕੇ ਉਸ ਦੇ ਦਰਵਾਜ਼ੇ ਮੂਹਰੇ ਰੁਕ ਗਏ।

ਜੇ ਅਸੀਂ ਕਹੀਏ ਕਿ ਮੌਕਾ ਬਣ ਗਿਆ ਕਿ ਮੀਂਹ ਦਾ ਛਰਾਟਾ ਆਇਆ ਤਾਂ ਰੁਕ ਗਏ। ਐਸੀ ਬਾਤ ਨਹੀਂ ਹੈ। ਭਾਈ ਸਾਹਿਬ ਨੇ ਲਿਖਿਆ ਹੈ ਕਿ ਐਸਾ ਕੋਈ ਕਾਰਨ ਨਹੀਂ ਸੀ ਉਹ ਅਚਾਨਕ ਹੀ ਆ ਕੇ, ਉਹਦੇ ਦਰ ਦੇ ਉਤੇ ਆ ਕੇ ਰੁਕ ਗਏ। ਇਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਸੰਤ ਰੁਕ ਗਏ ਦੁਆਰੇ ਆ ਕੇ ਗਨਕਾ ਦੇ,***
***ਸੁੱਤੇ ਉਹਦੇ ਭਾਗ ਜਾਗ ਪਏ।***

ਅਚਾਨਕ ਰੁਕ ਜਾਣਾ, ਪੂਰੇ ਭਾਗ ਜਾਗਣ ਦੀ ਨਿਸ਼ਾਨੀ ਹੋਇਆ ਕਰਦੀ ਹੈ। ਕੋਈ ਐਸਾ ਉੱਚਾ ਕਰਮ ਉਸਦਾ ਪਿਛਲੇ ਜਨਮਾਂ 'ਚ ਕੀਤਾ ਹੋਇਆ ਸੀ, ਜੋ ਫਲ ਦੇਣ ਵਾਸਤੇ ਤਤਪਰ ਹੋ ਰਿਹਾ ਸੀ। ਮਹਾਰਾਜ ਕਹਿੰਦੇ, ਜਿੰਨੀ ਦੇਰ ਤਕ ਕਰਮ ਨਾ ਜਾਗੇ, ਸਾਧੂ ਦਾ ਦਰਸ਼ਨ ਤੇ ਸਾਧੂ ਦਾ ਮਿਲਾਪ ਨਹੀਂ ਹੋਇਆ ਕਰਦਾ। ਇਹ ਗੁਰਮਤਿ ਦਾ ਸਿਧਾਂਤ ਹੈ –

***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ ॥ ਅੰਗ– 204***

ਮਿਲਣ ਨਾਲ ਕੀ ਹੁੰਦੈ –

***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ ॥ ਅੰਗ– 204***

ਦਰਸ਼ਨ ਕਰਦੇ ਸਾਰ ਆਦਮੀ ਦੇ ਉਤੇ ਅਸਰ ਹੋਣਾ ਸ਼ੁਰੂ ਹੋ ਜਾਂਦੈ –

***ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥***

***ਅੰਗ– 520***

ਮਹਾਂਪੁਰਸ਼ ਦਾ ਦਰਸ਼ਨ ਐਵੇਂ ਨਹੀਂ ਹੋਇਆ ਕਰਦਾ। ਉਹਦੇ ਵਿਚ ਅਸਰ ਹੋਇਆ ਕਰਦੈ। ਸੁਰਤੀ ਨੂੰ ਬਦਲ ਦਿੰਦੈ। ਦੁਰਮਤ ਜਿਹੜੀ ਹੈ ਉਹਨੂੰ ਖਤਮ ਕਰ ਦਿੰਦੈ।

ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ) ਵਲ ਨੂੰ ਜਦੋਂ ਇਕੱਠੇ ਹੋ ਕੇ ਪਟਿਆਲੇ ਤੋਂ ਮੇਰੇ ਨਾਲ ਮੇਰੇ ਸਾਥੀ ਜਾਂਦੇ ਹੁੰਦੇ। ਕਈ ਕਿਸਮ ਦੇ ਖਿਆਲਾਂ ਵਾਲੇ ਸੀ, ਸਾਰੇ ਸ਼ਰਧਾਲੂ ਨਹੀਂ ਸੀ ਹੁੰਦੇ। ਜਦੋਂ ਟਰੇਨ ਫੜ ਲੈਣੀ ਦਬਲਾਨ ਦੇ ਸਟੇਸ਼ਨ 'ਤੇ, ਅਗਲਾ ਹੀ ਸਟੇਸ਼ਨ ਸੀ। ਇਕ ਗੱਲ ਮੈਂ ਦੇਖਣੀ, ਕੋਈ ਇਕ ਦੂਜੇ ਨਾਲ ਬੋਲਦਾ ਹੀ ਨਹੀਂ ਸੀ, ਜਦੋਂ ਤਕ ਮਹਾਂਪੁਰਸ਼ਾਂ ਦੇ ਜਾ ਕੇ ਦਰਸ਼ਨ ਨਹੀਂ ਸੀ ਕਰਦੇ, ਬੋਲਦੇ ਨਹੀਂ ਸੀ। ਹੁੰਦਾ ਕੀ ਸੀ, ਉਹ ਅੰਦਰੋਂ ਹੀ ਪ੍ਰਮੇਸ਼ਰ ਦਾ ਨਾਮ ਚੱਲ ਪੈਂਦਾ ਸੀ। ਆਪੇ ਵਾਹਿਗੁਰੂ-ਵਾਹਿਗੁਰੂ ਸਾਰਿਆਂ ਦੇ ਅੰਦਰ ਹੋਣ ਲਗ ਜਾਣਾ। ਕਿਉਂਕਿ ਪੈਰ ਪੁੱਟਿਐ ਸਾਧੂ ਵਲ। ਉਹ ਐਵੇਂ ਹੀ ਨਹੀਂ ਹੋਇਆ ਕਰਦਾ। ਪਾਪ ਵਲ ਪੈਰ ਪੁੱਟੋ, ਉਹਦੇ ਵੀ ਜਿਹੜੇ ਪ੍ਰਭਾਵ ਨੇ ਮਨ ਦੇ ਉਤੇ ਉਸੇ ਵੇਲੇ ਅਸਰ ਕਰਨਾ ਸ਼ੁਰੂ ਕਰ ਦਿੰਦੇ ਨੇ। ਦੋਵੇਂ ਚੀਜ਼ਾਂ ਨੇ।

ਉਥੇ ਜਾ ਕੇ ਜਦੋਂ ਦਰਸ਼ਨ ਕਰਦੈ ਮਹਾਂਪੁਰਸ਼ਾਂ ਦੇ, ਉਸ ਵੇਲੇ ਜਿਹੜੇ ਅੰਦਰ ਚੋਰ ਲੁਕੇ ਹੋਏ ਨੇ, ਇਹ ਛੁਪਣੇ ਸ਼ੁਰੂ ਹੋ ਜਾਂਦੇ ਨੇ -

***ਧਾਰਨਾ - ਪੰਜੇ ਵਸ ਆਉਂਦੇ ਨੇ, ਸੰਤਾਂ ਦਾ ਦਰਸ਼ਨ ਕਰਕੇ।***

ਕਾਮ ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਭੈੜੀ ਬੀਮਾਰੀ ਹੈ -

***ਬਿਸਰਿ ਗਈ ਸਭ ਤਾਤਿ ਪਰਾਈ ॥***
***ਜਬ ਤੇ ਸਾਧਸੰਗਤਿ ਮੋਹਿ ਪਾਈ ॥ 1 ॥ ਰਹਾਉ ॥***
***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ ॥ ਅੰਗ- 1299***

ਕਦੋਂ ਮਿਟੀ ਜਦੋਂ ਪੂਰਨ ਮਹਾਤਮਾ ਦੀ ਸੰਗਤ ਮਿਲੀ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਗੁਰਸਿੱਖ ਦੇ ਕੋਲੋਂ ਵਿਦਾ ਹੋਣ ਲੱਗੇ। ਉਸ ਨੇ ਕਿਹਾ, ਪਾਤਸ਼ਾਹ! ਇਕ ਮੇਰੇ ਮਨ 'ਚ ਬੜਾ ਸੰਸਾ ਹੈ, ਆਪ ਦੂਰ ਕਰੋ। ਕਹਿੰਦੇ ਕੀ? ਕਹਿੰਦੇ, ਮਹਾਂਪੁਰਸ਼ ਆਉਂਦੇ ਨੇ, ਜਦੋਂ ਮੈਂ ਪੁੱਛਦਾ ਹਾਂ, ਸੰਤ ਦਰਸ਼ਨ ਦਾ ਕੀ ਫਲ ਹੁੰਦੈ। ਉਸ ਵੇਲੇ ਕਈ ਕਿਸਮ ਦੀਆਂ ਗੱਲਾਂ ਮੈਨੂੰ ਦਸਦੇ ਨੇ। ਪਰ ਪਾਤਸ਼ਾਹ ਮੇਰਾ ਮਨ ਨਹੀਂ ਮੰਨਦਾ, ਐਨਾ ਫਲ ਦਸਦੇ ਨੇ।

ਮਹਾਰਾਜ ਕਹਿੰਦੇ, ਕੋਈ ਨਾ ਤੈਨੂੰ ਅਸੀਂ ਪ੍ਰਤੱਖ ਰੂਪ 'ਚ ਦਿਖਾ ਦਿੰਦੇ ਹਾਂ। ਕੱਲ੍ਹ ਨੂੰ ਅੰਮ੍ਰਿਤ ਵੇਲੇ ਉੱਠੀਂ ਪਹੁ-ਫੁਟਾਲੇ ਦੇ ਨਾਲ। ਜਿਹੜਾ ਪੂਰਬ ਦਿਸ਼ਾ ਦਾ ਸਰੋਵਰ ਹੈ ਰੋਹੀ ਦਾ, ਉਥੇ ਜਾ ਕੇ ਦਰਖਤ ਥੱਲੇ ਖੜ੍ਹਾ ਹੋ ਜਾਈਂ। ਉਥੇ ਤੈਨੂੰ ਦੱਸਣ ਵਾਲੇ ਆਉਣਗੇ। ਇਸੇ ਤਰ੍ਹਾਂ ਕੀਤਾ, ਕੁਝ ਦੇਰ ਖੜ੍ਹਿਆ, ਸੂਰਜ ਚੜ੍ਹ ਗਿਆ, ਵਾਪਸ ਆ ਗਿਆ।

ਮਹਾਰਾਜ ਨੇ ਪੁੱਛਿਆ, ਕੀ ਗੱਲ ਪਿਆਰਿਆ! ਕੋਈ ਆਇਆ?

ਕਹਿੰਦਾ, ਮਹਾਰਾਜ! ਕੋਈ ਬੰਦਾ ਨਹੀਂ ਆਇਆ।

ਕੋਈ ਹੋਰ?

ਕਹਿੰਦਾ, ਮਹਾਰਾਜ! ਇਕ ਕਾਉਂ ਦਾ ਜੋੜਾ ਸੀ ਸਾਮ੍ਹਣੇ ਟਾਹਣੇ 'ਤੇ, ਉਹ ਬਸ ਕਾਂ-ਕਾਂ ਕਰੀ ਗਏ ਨੇ।

ਕਹਿੰਦੇ, ਕੱਲ੍ਹ ਨੂੰ ਫੇਰ ਜਾਈਂ।

ਦੂਜੇ ਦਿਨ ਗਿਆ, ਮਹਾਰਾਜ ਨੇ ਕਿਹਾ ਅੱਜ?

ਕਹਿੰਦਾ, ਮਹਾਰਾਜ! ਅੱਜ ਤਾਂ ਫੇਰ ਕੋਈ ਨਹੀਂ ਆਇਆ।

ਕਾਵਾਂ ਦੀ ਥਾਂ 'ਤੇ ਬਗਲੇ ਬੈਠੇ ਸੀ।

ਕਹਿੰਦੇ, ਕੱਲ੍ਹ ਨੂੰ ਫੇਰ ਜਾਈਂ।

ਤੀਸਰੇ ਦਿਨ ਜਦੋਂ ਗਿਆ। ਫੇਰ ਵਾਪਸ ਆ ਗਿਆ। ਕੋਈ ਨਾ ਆਇਆ।

ਮਹਾਰਾਜ ਕਹਿੰਦੇ, ਕੀ ਗੱਲ ਭਾਈ?

ਕਹਿੰਦਾ, ਮਹਾਰਾਜ! ਕੋਈ ਨਹੀਂ ਆਇਆ, ਸਿਰਫ ਐਨਾ ਹੀ ਹੋਇਆ, ਜਿੱਥੇ ਬਗਲੇ ਬੈਠੇ ਸੀ, ਉਥੇ ਅੱਜ ਹੰਸਾਂ ਦਾ ਜੋੜਾ ਬੈਠਾ ਸੀ।

ਕਹਿੰਦੇ, ਕੱਲ੍ਹ ਫੇਰ ਜਾਈਂ।

ਹੁਕਮ ਮੰਨਦਾ ਸੀ, ਫੇਰ ਚਲਿਆ ਗਿਆ। ਕੀ ਦੇਖਦੈ ਕਿ ਇਕ ਜੋੜਾ, ਪੁਰਸ਼ ਤੇ ਇਸਤ੍ਰੀ ਬੈਠੇ ਨੇ। ਲੇਕਿਨ ਅਜੀਬ ਨੇ, ਇਸ ਦੇਸ਼ ਦੇ ਨਹੀਂ ਲਗਦੇ। ਜਦੋਂ ਇਹ ਗਿਆ ਤਾਂ ਇਹਦੇ ਚਰਨਾਂ ਦੇ ਉਤੇ ਨਮਸ਼ਕਾਰਾਂ ਕਰਨ ਲੱਗ ਗਏ। ਕਹਿੰਦੇ, ਗੁਰਸਿੱਖਾ! ਤੂੰ ਧੰਨ ਹੈਂ ਤੂੰ ਧੰਨ ਹੈਂ।

ਕਹਿੰਦਾ, ਮੈਂ ਕਿਹੜੀ ਗੱਲ 'ਚ ਧੰਨ ਹਾਂ।

ਕਹਿੰਦੇ, ਤੂੰ ਪੂਰਨ ਗੁਰੂ ਦੇ ਦਰਸ਼ਨ ਕੀਤੇ ਨੇ ਤੇ ਤੇਰੇ ਦਰਸ਼ਨ ਦਾ ਫਲ ਇਹ ਹੋਇਐ ਕਿ ਅਸੀਂ ਪਹਿਲੇ ਦਿਨ ਕਾਂ ਸੀ, ਦੂਸਰੇ ਦਿਨ ਤੇਰੇ ਦਰਸ਼ਨ ਦੇ ਫਲ ਨਾਲ ਬਗਲੇ, ਤੀਸਰੇ ਦਿਨ ਹੰਸ ਤੇ ਅੱਜ ਸਾਨੂੰ ਦੇਵ ਦੇਹੀ ਪ੍ਰਾਪਤ ਹੋ ਗਈ। ਦੇਖਦੇ-ਦੇਖਦੇ ਵਿਬਾਨ ਆਏ, ਚੜ੍ਹ ਕੇ ਚਲੇ ਗਏ।

ਮਹਾਰਾਜ ਨੇ ਕਿਹਾ ਕਿ ਕੁਛ ਸਮਝਿਆ?

ਨਾ ਮਹਾਰਾਜ ਇਸ ਤੋਂ ਅਗਾਂਹਾਂ ਮੇਰੀ ਸਮਝ 'ਚ ਕੁਛ ਨਹੀਂ। ਮਹਾਰਾਜ ਕਹਿੰਦੇ, ਪਿਆਰਿਆ! ਕਾਂ ਵਾਗੂੰ ਆਦਮੀ ਅੰਦਰੋਂ ਵੀ ਕਾਲਾ ਤੇ ਬਾਹਰੋਂ ਵੀ ਕਾਲਾ। ਨਿੰਦਿਆ ਚੁਗਲੀ ਕਰਦੈ। ਜਿਵੇਂ ਕਾਂ ਗੰਦ-ਮੰਦ ਖਾਂਦੈ ਇਹ ਵੀ ਗੰਦ ਮੰਦ ਖਾਂਦੈ। ਪਾਪ ਕਰਦੈ। ਨਿੰਦਿਆ, ਚੁਗਲੀ, ਈਰਖਾ, ਬਖੀਲੀ, ਝੂਠ, ਕੱਚ-ਪਿੱਚ ਦੇ ਅੰਦਰ, ਵਿਸ਼ੇ ਭੋਗਾਂ ਦੇ ਅੰਦਰ ਜੀਵਨ ਬਤੀਤ ਕਰਦੈ। ਸਾਧੂਆਂ ਦੀ ਸੰਗਤ ਵਿਚ ਆ ਜਾਵੇ। ਉਹਦੇ ਨਾਲ ਇਹਦਾ

ਜੀਵਨ ਬਦਲਦੈ। ਲੋਕ ਕਹਿੰਦੇ ਨੇ ਬੜਾ ਚੰਗਾ ਹੈ ਉਤੋਂ ਬੜੀ ਸੋਹਣੀ ਸਮਾਧੀ ਲਾ ਲਏਗਾ, ਅੱਖਾਂ ਮੀਚ ਲਏਗਾ। ਦੂਜਿਆਂ ਨੂੰ ਲੱਗੇਗਾ ਕਿ ਇਹ ਤਾਂ ਬਹੁਤ ਵਧੀਆ ਹੈ, ਅੱਖਾਂ ਮੀਚ ਕੇ ਬੈਠਾ ਰਹਿੰਦਾ ਹੈ, ਬੋਲਦਾ ਨਹੀਂ ਹੈ। ਪਰ ਅਜੇ ਅੰਦਰਲੇ ਵਿਕਾਰ ਨਹੀਂ ਖਤਮ ਹੋਏ। ਉਹੀ ਕਾਮ, ਓਹੀ ਕ੍ਰੋਧ, ਓਹੀ ਲੋਭ। ਦਬ ਤਾਂ ਗਏ ਪਰ ਅੰਦਰੋਂ ਨਹੀਂ ਸੁੱਚਾ ਹੋਇਆ। ਬਗਲੇ ਵਾਂਗੂੰ ਹੋਇਆ ਕਰਦੈ ਤੇ ਹਿਰਦੇ ਤੋਂ ਹਿਤ ਨਾਲ ਸੰਗਤ ਕਰਦੈ-ਕੁਛ ਲਾਭ ਲੈਣ ਲਈ। ਉਸ ਵੇਲੇ ਸੰਤਾਂ ਦਾ ਬਚਨ ਕਮਾਉਂਦੈ। ਬਚਨ ਕਮਾ ਕੇ ਉਹਦੇ ਅੰਦਰ ਕਰਮ, ਉਪਾਸ਼ਨਾ, ਦੋ ਦਰਜੇ ਲੰਘਣ ਤੋਂ ਬਾਅਦ, ਗਿਆਨ ਦੇ ਮੰਡਲ 'ਚ ਪਹੁੰਚਦੈ। ਗਿਆਨ ਦੇ ਮੰਡਲ 'ਚ ਜਾ ਕੇ ਇਹਨੂੰ ਸਤਿ ਤੇ ਅਸਤਿ ਦੀ ਪਛਾਣ ਹੋ ਜਾਂਦੀ ਹੈ। ਜਿਵੇਂ ਹੰਸ ਦੁੱਧ ਪੀਣ ਵੇਲੇ ਚੁੰਝ ਮਾਰਦੈ, ਪਿੱਛੇ ਹਟ ਕੇ ਬਹਿ ਜਾਂਦੈ। ਦੁੱਧ ਫਟ ਜਾਂਦੈ ਤੇ ਉਹ ਫੁੱਟੀਆਂ ਖਾ ਜਾਂਦੈ ਤੇ ਪਾਣੀ ਛੱਡ ਦਿੰਦੈ। ਇਸੇ ਤਰ੍ਹਾਂ ਗੁਰਮੁਖ ਦਰਜੇ ਨੂੰ ਪਹੁੰਚ ਕੇ ਸਤਿ ਤੇ ਅਸਤਿ ਦੀ ਪਛਾਣ ਕਰਕੇ ਮਾਇਆ ਜਿਹੜੀ ਅਸਤਿ ਹੈ ਇਸ ਤੋਂ ਨਿਰਲੇਪ ਹੋ ਕੇ ਜੋ ਇਥੇ ਆਤਮ ਤੱਤ ਹੈ, ਉਹਦਾ ਪਛਾਣੂ ਹੋ ਕੇ, ਆਤਮ ਤੱਤ ਦੇ ਵਿਚ ਲੀਨ ਹੋ ਜਾਂਦੈ।

ਸੋ ਪਿਆਰਿਆ! ਸੰਤਾਂ ਦਾ ਜੋ ਦਰਸ਼ਨ ਹੈ, ਉਹ ਇਸ ਤਰ੍ਹਾਂ ਪ੍ਰਤੱਖ ਰੂਪ 'ਚ ਹੋਇਆ ਕਰਦੈ।

***ਸੰਤ ਕੀ ਧੂਰਿ ਮਿਟੇ ਅਘ ਕੋਟ ॥ ਅੰਗ- 189***

ਧੂੜ ਮਿਲ ਜਾਵੇ, ਕਰੋੜਾਂ ਪਾਪਾਂ ਦਾ ਨਾਸ਼ ਹੋ ਜਾਂਦੈ।

***ਸੰਤ ਪ੍ਰਸਾਦਿ ਜਨਮ ਮਰਣ ਤੇ ਛੋਟ ॥ ਅੰਗ- 189***

ਜੰਮਣ ਮਰਨ ਦਾ ਕਾਰਨ ਹਉਮੈ ਹੋਇਆ ਕਰਦੀ ਹੈ, ਉਸ ਤੋਂ ਛੁਟਕਾਰਾ ਮਿਲ ਜਾਂਦੈ ਕਿਉਂਕਿ ਸੰਤ ਨਾਮ ਦੇ ਮੰਡਲ ਵਿਚ ਪਹੁੰਚ ਦਿੰਦੇ ਨੇ।

***ਸੰਤ ਕਾ ਦਰਸੁ ਪੂਰਨ ਇਸਨਾਨੁ ॥ ਅੰਗ- 189***

ਅੰਦਰਲਾ ਇਸ਼ਨਾਨ, ਬਾਹਰਲਾ ਇਸ਼ਨਾਨ, ਪੰਜ ਤਰ੍ਹਾਂ ਦੇ ਇਸ਼ਨਾਨ ਹੁੰਦੇ ਨੇ। ਜੇ ਅਸੀਂ ਸਰੀਰ ਦਾ ਇਸ਼ਨਾਨ ਕਰੀਏ ਮਨ ਮੈਲਾ ਰਹਿ ਜਾਂਦੈ। ਬੁੱਧੀ ਮੈਲੀ ਰਹਿ ਜਾਂਦੀ ਹੈ। ਅੰਤਸ਼ਕਰਣ ਵਿਚ ਮੈਲ ਭਰੀ ਪਈ ਹੈ। ਸੋ ਪੂਰੀ ਤਰ੍ਹਾਂ ਵਿਚਾਰ, ਆਚਾਰ ਸਾਰਾ ਉਹਦਾ ਇਸ਼ਨਾਨ ਹੋ ਜਾਇਆ ਕਰਦੈ।

***ਸੰਤ ਕ੍ਰਿਪਾ ਤੇ ਜਪੀਐ ਨਾਮੁ ॥ ਅੰਗ- 189***

ਜਦੋਂ ਉਹਦੀ ਕ੍ਰਿਪਾ ਹੋਣੀ ਸ਼ੁਰੂ ਹੋ ਜਾਂਦੀ ਹੈ, ਉਸ ਵੇਲੇ ਨਾਮ ਵਲ ਮਨ ਲੱਗਣਾ ਸ਼ੁਰੂ ਹੋ ਜਾਂਦੈ। ਨਾਮ ਵਲ ਮਨ ਤਾਂ ਲਗਦੈ ਜੇ ਅੰਦਰਲੇ ਪਾਪਾਂ ਦਾ ਖਾਤਮਾ ਹੋਵੇ। ਨਹੀਂ ਤਾਂ ਨਾਮ ਦਾ ਰਸ ਨਹੀਂ ਆਇਆ ਕਰਦਾ। ਇਹ ਨਿਸ਼ਾਨੀ ਹੈ ਕਿ ਜਦੋਂ ਪਾਪ ਖਤਮ ਹੋ ਗਏ, ਮੱਲੋ-ਮੱਲੀ ਚਿੱਤ ਕਰੇਗਾ ਕਿ ਛੇਤੀ ਦੇ ਕੇ ਬੈਠ ਕੇ ਨਾਮ ਜਪਣਾ ਸ਼ੁਰੂ ਕਰੀਏ। ਉਸ ਵੇਲੇ ਉਹਦਾ ਅੰਤਸ਼ਕਰਣ ਜਿਹੜਾ ਹੈ ਉਹ ਸ਼ੁੱਧ ਹੋਇਆ ਹੁੰਦੈ -

***ਸੰਤ ਕੈ ਸੰਗਿ ਮਿਟਿਆ ਅਹੰਕਾਰੁ ॥ ਅੰਗ- 189***

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਇਹ ਸਾਰੇ ਮਿਟ ਜਾਇਆ ਕਰਦੇ ਨੇ। ਫੇਰ ਹੁੰਦਾ ਕੀ ਹੈ? ਉਹ ਪੂਰਨ ਗਿਆਨ ਦੇ ਵਿਚ ਪਹੁੰਚ ਕੇ ਉਹਦੀ ਦਿੱਬਯ ਦ੍ਰਿਸ਼ਟੀ ਖੁੱਲ੍ਹ ਜਾਂਦੀ ਹੈ। ਦਿੱਬਯ ਦ੍ਰਿਸ਼ਟੀ ਖੁੱਲ੍ਹਣ ਦੇ ਨਾਲ ਆਹੀ ਸੰਸਾਰ ਪ੍ਰਮੇਸ਼ਰ ਰੂਪ ਹੋ ਕੇ ਨਜ਼ਰ ਆਉਣਾ ਸ਼ੁਰੂ ਹੋ ਜਾਂਦੈ।

***ਦ੍ਰਿਸਟਿ ਆਵੈ ਸਭੁ ਏਕੰਕਾਰੁ ॥***
***ਸੰਤ ਸੁਪ੍ਰਸੰਨ ਆਏ ਵਸਿ ਪੰਚਾ ॥*** ***ਅੰਗ - 189***

ਜਦੋਂ ਸੰਤ ਪ੍ਰਸੰਨ ਹੋ ਗਏ ਤੇ ਉਹਨਾਂ ਦੀ attention (ਧਿਆਨ) ਹੋ ਗਈ ਉਸ ਵੇਲੇ ਜਿਹੜੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਹੈ ਫੇਰ ਉਹ ਅਵਾਰਾ ਨਹੀਂ ਰਹਿੰਦੇ, ਵਸ ਵਿਚ ਆ ਜਾਂਦੇ ਨੇ। ਸੰਜਮ ਦੇ ਨਾਲ ਕੰਮ ਕਰਨਾ ਸ਼ੁਰੂ ਕਰ ਦਿੰਦੇ ਨੇ -

***ਅੰਮ੍ਰਿਤੁ ਨਾਮੁ ਰਿਦੈ ਲੈ ਸੰਚਾ ॥*** ***ਅੰਗ - 189***

ਜਿਹੜਾ ਪ੍ਰਮੇਸ਼ਰ ਦਾ ਨਾਮ ਹੈ, ਉਹਦਾ ਨਿਵਾਸ ਰਿਦੈ ਦੇ ਵਿਚ ਹੋ ਜਾਂਦੈ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿਣ ਲੱਗੇ, ਪਿਆਰਿਆ! ਇਹ ਤਾਂ ਪੂਰੀ ਦਇਆ ਹੋਵੇ -

***ਕਹੁ ਨਾਨਕ ਜਾ ਕਾ ਪੂਰਾ ਕਰਮ ॥***
***ਤਿਸੁ ਭੇਟੇ ਸਾਧੂ ਕੇ ਚਰਨ ॥*** ***ਅੰਗ - 189***

ਉਸ ਨੂੰ ਸਾਧੂ ਦੇ ਚਰਨਾਂ ਨਾਲ ਪ੍ਰੀਤ ਹੋਇਆ ਕਰਦੀ ਹੈ। ਸੋ -

***ਮਹਾਂਪੁਰਖੁ ਅਚਾਨਚੱਕ ਗਨਿਕਾ ਵਾੜੇ ਆਇ ਖਲੋਤਾ।***
***ਭਾਈ ਗੁਰਦਾਸ ਜੀ ਵਾਰ 10/21***

ਅੰਦਰੋਂ ਦੇਖ ਲਿਆ ਉਹਦਾ ਸਾਰਾ ਕਿ ਪਾਪਾਂ ਨਾਲ ਭਰੀ ਪਈ ਹੈ। ਲੇਕਿਨ ਪਿਛਲੇ ਸੰਸਕਾਰ ਇਹਦੇ ਬੜੇ ਉੱਤਮ ਨੇ। ਇਸ ਜਨਮ ਦੇ ਵਿਚ ਭੁੱਲੀ ਹੋਈ ਪਾਪਾਂ ਨੂੰ ਪਿਆਰ ਕਰ ਰਹੀ ਹੈ। ਉਸ ਵੇਲੇ ਮਹਾਂਪੁਰਸ਼ਾਂ ਦੀ ਦ੍ਰਿਸ਼ਟੀ ਹੋਈ, ਉਹਦੇ ਅੰਦਰ ਵੀ ਪਰਿਵਰਤਨ ਹੋਇਆ, ਦਰਸ਼ਨ ਕਰਦੀ ਸਾਰੀ। ਸਾਰੇ ਹੀ ਪਾਪ ਦਸ ਦਿਤੇ ਕਿ ਮਹਾਂਪੁਰਸ਼ੋ! ਮੈਂ ਤਾਂ ਐਨੀ ਪਾਪਣ ਹਾਂ। ਮੈਨੂੰ ਅੱਜ ਤੁਹਾਡੇ ਦਰਸ਼ਨ ਕਰਨ ਨਾਲ ਪ੍ਰਕਾਸ਼ ਹੋਇਐ। ਉਸ ਪ੍ਰਕਾਸ਼ 'ਚ ਮੈਂ ਦੇਖਿਐ ਕਿ ਮੇਰੇ ਵਰਗੀ ਪਾਪਣ ਦੁਨੀਆਂ 'ਤੇ ਹੋਰ ਵੀ ਹੈ ਕੋਈ? ਤੇ ਮੇਰਾ ਵੀ ਕੀ ਉਧਾਰ ਹੋ ਸਕਦੈ?

ਉਸ ਵੇਲੇ ਮਹਾਂਪੁਰਸ਼ ਪ੍ਰਸੰਨ ਹੋਏ ਤੇ ਉਹਨਾਂ ਨੇ ਉਸ ਬੀਬੀ ਨੂੰ ਬਚਨ ਕੀਤੇ ਕਿ ਬੇਟਾ! ਸਾਧੂਆਂ ਦੇ ਕੋਲ ਉੱਤਮ ਬਚਨ ਹੁੰਦੇ ਨੇ ਤੇ ਉਹਨਾਂ ਬਚਨਾਂ ਦੇ ਉਤੇ ਜੇ ਕੋਈ ਕਮਾਈ ਕਰ ਲਵੇ, ਤਾਂ ਉਹਦਾ ਪਾਰ ਉਤਾਰਾ ਹੋ ਜਾਇਆ ਕਰਦੈ। ਐਸਾ ਮਹਾਰਾਜ ਜੀ ਦਾ ਫੁਰਮਾਨ ਹੈ, ਪੜ੍ਹੋ ਪਿਆਰ ਨਾਲ -

***ਧਾਰਨਾ - ਤਾਰਦੇ ਨੇ ਸਾਨੂੰ ਬਚਨ ਗੁਰਾਂ ਦੇ।***

***ਸੰਤਹੁ ਸਾਗਰੁ ਪਾਰਿ ਉਤਰੀਐ ॥***
***ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥***
***ਅੰਗ- 747***

ਬਚਨ ਦੀ ਕਮਾਈ ਕਰਨੀ ਹੈ ਸੰਤਾਂ ਦੇ ਕੋਲ। ਜਿਹੜਾ ਬਚਨ ਦੀ ਕਮਾਈ ਕਰਦੈ ਉਹ ਲੰਘ ਜਾਂਦੈ। ਜਿਹੜਾ ਨਹੀਂ ਕਰਦਾ ਉਹਦਾ ਮੁਸ਼ਕਲ ਹੈ ਲੰਘਣਾ।

ਸੋ ਆਪ ਨੇ –

***ਦੁਰਮਤਿ ਦੇਖਿ ਦਇਆਲ ਹੋਇ ਹਥਹੁੰ ਉਸਨੋ ਦਿਤੋਨੁ ਤੋਤਾ।***

***ਭਾਈ ਗੁਰਦਾਸ ਜੀ ਵਾਰ 10/21***

ਕੋਈ ਸ਼ੁਭ ਮੱਤ ਨਹੀਂ ਉਹਦੀ ਦੇਖੀ। ਦਇਆਲ ਹੋ ਗਏ ਤੇ ਉਹਨੂੰ ਤੋਤਾ ਦੇ ਦਿਤਾ। ਤੋਤਾ ਦੇ ਕੇ ਉਹਨੂੰ ਜੁਗਤੀ ਦਸ ਦਿਤੀ –

***ਧਾਰਨਾ – ਹਥਹੁੰ ਦੇ ਸੰਤਾਂ ਨੇ ਤੋਤਾ, ਜੁਗਤੀ ਦੱਸੀ ਨਾਮ ਦੀ।***

ਸ਼ੁਭ ਮੱਤ ਦੇਖ ਕੇ ਤਾਂ ਦਇਆਲ ਹੁੰਦੇ ਨੇ। ਪਰ ਮਹਾਤਮਾ ਨੇ ਦੇਖ ਕੇ ਕਿ ਇਹਦਾ ਰੋਮ-ਰੋਮ ਪਾਪਾਂ ਨਾਲ ਭਰਿਆ ਹੋਇਐ ਤੇ ਹੁਣ ਇਹ ਪ੍ਰਭੂ ਦੀ ਸ਼ਰਨ ਮੰਗ ਰਹੀ ਹੈ। ਉਸ ਵੇਲੇ ਦਇਆਲ ਹੋ ਗਏ। ਕਹਿੰਦੇ, ਬੇਟਾ! ਕੋਈ ਬਾਤ ਨਹੀਂ। ਰੱਬ ਦਾ ਦਰ ਸਭ ਦੇ ਵਾਸਤੇ ਖੁੱਲ੍ਹਾ ਹੈ। ਇਹ ਤਾਂ ਬਖਸ਼ਿਸ਼ ਕੋਈ ਪਤਾ ਨਹੀਂ ਪਾਪੀਆਂ 'ਤੇ ਪਹਿਲਾਂ ਹੋ ਜਾਵੇ। ਜਿਹੜੇ ਕਹਿੰਦੇ ਨੇ ਕਿ ਅਸੀਂ ਨਾਮ ਜਪਦੇ ਹਾਂ, ਐਨਾ ਚਿਰ ਅਸੀਂ ਜਾਗਦੇ ਹਾਂ, ਐਨਾ ਭਜਨ ਕਰਦੇ ਹਾਂ। ਉਹ ਕਈ ਵਾਰੀ ਸੁੱਕੇ ਹੀ ਰਹਿ ਜਾਂਦੇ ਨੇ। ਕਿਉਂਕਿ 'ਅਸੀਂ' ਨਹੀਂ ਹਟਦੀ ਉਹਨਾਂ ਦੀ। 'ਮੈਂ' ਨਹੀਂ ਹਟਦੀ ਕਿ ਮੈਂ ਨਾਮ ਜਪਦਾ ਹਾਂ, ਮੈਂ ਐਨੀ ਬਾਣੀ ਪੜ੍ਹਦਾ ਹਾਂ। ਬਾਣੀ ਦਾ ਫਲ ਕਿੱਥੇ ਜਾਂਦਾ ਹੈ, ਉਹ ਮੈਂ ਖਾ ਜਾਂਦੀ ਹੈ। ਲਗਦਾ ਨਹੀਂ ਹੈ। ਸਮਰਪਣ ਨਹੀਂ ਆਪਣੇ ਆਪ ਨੂੰ ਕੀਤਾ। ਸ਼ੁਕਰ ਹੁੰਦਾ ਹੈ ਵਾਹਿਗੁਰੂ ਦਾ, ਪਾਤਸ਼ਾਹ ਤੇਰੀ ਮਿਹਰ ਹੈ, ਤੇਰੀ ਮਿਹਰ ਦੇ ਸਦਕੇ ਮੇਰਾ ਨਿਤਨੇਮ ਚੱਲ ਰਿਹਾ ਹੈ। ਤੇਰੀ ਮਿਹਰ ਦੇ ਸਦਕੇ ਤੂੰ ਮੈਨੂੰ ਅੰਮ੍ਰਿਤ ਵੇਲੇ ਦੀ ਜਾਗ ਦਿਤੀ ਹੈ। ਤੇਰੀ ਮਿਹਰ ਦੇ ਸਦਕੇ ਮੇਰਾ ਜਿਹੜਾ ਮਨ ਹੈ ਇਹ ਟਿਕ ਜਾਂਦੈ, ਤੇਰੇ ਨਾਮ ਦੇ ਵਿਚ, ਤੂੰ ਨਾਮ ਦਿੰਦੈਂ ਤਾਂ ਮੈਂ ਜਪਦਾ ਹਾਂ। ਮੇਰੀ ਮਿਹਨਤ ਕਾਹਦੀ ਹੈ। ਦੂਜੇ ਰਹਿ ਜਾਂਦੇ ਨੇ, ਕਈ ਵਾਰੀ ਮਹਾਂ ਪਾਪੀ ਆ ਕੇ ਅੱਗੇ ਨਿਕਲ ਜਾਂਦੇ ਨੇ। ਕਾਰਨ ਹੈ ਇਸ ਚੀਜ਼ ਦਾ। ਇਹ ਮਨ ਦੀ ਖੇਡ ਹੈ।

ਸੋ ਇਸ ਤਰ੍ਹਾਂ ਦੇ ਨਾਲ ਮਹਾਤਮਾ ਨੇ ਕਿਹਾ ਕਿ ਬੇਟਾ! ਬਚਨ ਕਮਾ ਲਏਂਗੀ। ਕਹਿੰਦੀ, ਹਾਂ ਜੋ ਆਪ ਬਚਨ ਕਰੋ, ਪਰ ਮੇਰੇ ਸਿਰ 'ਤੇ ਹੱਥ ਰੱਖੋ, ਕਿਉਂਕਿ ਮੈਂ ਪਾਪਾਂ ਦੇ ਨਾਲ ਐਨੀ ਬਲਹੀਣ ਹੋ ਚੁੱਕੀ ਹਾਂ ਕਿ ਮੈਂ ਕਿਸ ਤਰ੍ਹਾਂ ਬਚਨ ਕਮਾਉਂਗੀ ਤੁਹਾਡਾ। ਕਹਿੰਦੇ ਨਹੀਂ, ਬਹੁਤ ਸੁਖਾਲਾ ਬਚਨ ਹੈ। ਤੈਨੂੰ ਅਸੀਂ ਕੁਛ ਨਹੀਂ ਕਹਿੰਦੇ, ਇਕ ਬਾਤ ਕਹਿੰਦੇ ਹਾਂ। ਉਹਦੇ ਉਤੇ ਪਹਿਰਾ ਦੇਈਂ। ਕਹਿੰਦੇ, ਤੋਤਾ ਅਸੀਂ ਤੈਨੂੰ ਦਿੰਦੇ ਹਾਂ, ਇਹ ਅੰਮ੍ਰਿਤ ਵੇਲੇ ਤੋਂ ਰਾਮ-ਰਾਮ ਕਹਿੰਦਾ ਹੁੰਦੈ। ਤੂੰ ਉਠ ਕੇ ਇਸ਼ਨਾਨ ਕਰੀਂ, ਇਸ਼ਨਾਨ ਕਰਕੇ ਪਿੰਜਰਾ ਸਾਮ੍ਹਣੇ ਰੱਖ ਲਈਂ ਤੇ ਇਹਨੂੰ ਇਸ ਤਰ੍ਹਾਂ ਕਹੀਂ ਕਿ ਬੋਲ ਗੰਗਾ ਰਾਮਾ! ਰਾਮ-ਰਾਮ। ਇਹ ਰਾਮ-ਰਾਮ ਕਹੇਂਗਾ, ਫੇਰ ਤੂੰ ਕਹੀ ਜਾਈਂ ਰਾਮ-ਰਾਮ। ਇਹ ਨਾਮ ਜਪਣ ਦੀ ਜੁਗਤ ਹੋਇਆ ਕਰਦੀ ਹੈ। ਇਹ ਡਿਊਟੀ ਹੈ ਸੰਤ ਦੀ –

***ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥***
***ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥ ਅੰਗ- 1373***

ਉਹਨਾਂ ਨੇ ਨਾਮ ਜਪਾਉਣੈ ਤੇ ਨਾਮ ਜਪਾਉਣ ਵਾਲੇ ਦਾ ਆਦਰ ਕਿੰਨਾ ਕਰਦੇ ਨੇ ਗੁਰੂ ਸਾਹਿਬ। ਮਹਾਰਾਜ ਕਹਿੰਦੇ -

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ- 306***

ਕਹਿੰਦੇ, ਹੇ ਪ੍ਰਭੂ! ਮੈਨੂੰ ਉਸ ਗੁਰਸਿੱਖ ਦੀ ਧੂੜੀ ਲਿਆ ਦੇ, ਜਿਹੜਾ ਆਪ ਨਾਮ ਜਪਦੈ ਤੇ ਸੰਸਾਰ ਨੂੰ ਜਪਾਉਂਦੈ। ਕਹਿੰਦੇ, ਡਿਊਟੀ ਹੈ। ਪ੍ਰਮੇਸ਼ਰ ਦੇ ਪਿਆਰਿਆਂ ਦੀ ਡਿਊਟੀ ਹੁੰਦੀ ਹੈ। ਸੋ ਉਸ ਵੇਲੇ ਆਪ ਕਹਿਣ ਲੱਗੇ, ਬੇਟਾ! ਇਸ ਰਸਤੇ ਦੇ ਉਤੇ ਬੜੀ ਚੜ੍ਹਾਈ ਹੈ।

***ਗਿਆਨੁ ਧਿਆਨੁ ਸਿਮਰਣ ਜੁਗਤਿ ਕੂੰਜ ਕੁਰਮ ਹੰਸ ਵੰਸੁ ਨਵੇਲਾ।***
***ਭਾਈ ਗੁਰਦਾਸ ਜੀ, ਵਾਰ 7/20***

ਤਿੰਨ ਚੀਜ਼ਾਂ ਹੋਇਆ ਕਰਦੀਆਂ ਨੇ, ਇਕ ਕਰਮ ਹੁੰਦੇ, ਇਕ ਉਪਾਸ਼ਨਾ ਹੁੰਦੀ ਹੈ ਤੇ ਇਕ ਗਿਆਨ ਹੁੰਦੈ। ਕਹਿੰਦੇ, ਜੋ ਕੂੰਜ ਹੈ ਇਹ ਆਪਣੇ ਬੱਚੇ ਦੇ ਆਉਂਦੀ ਹੈ-

***ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥***
***ਤਿਨ ਕਵਣੁ ਖਲਾਵੈ ਕਵਣੁ ਚੁਗਾਵੈ***
***ਮਨ ਮਹਿ ਸਿਮਰਨੁ ਕਰਿਆ ॥ ਅੰਗ - 10***

ਉਹ ਸਿਮਰਨ ਦੀ ਸ਼ਕਤੀ ਦੇ ਨਾਲ ਉਨ੍ਹਾਂ ਬੱਚਿਆਂ ਨੂੰ ਟਰੇਨਿੰਗ ਦਿੰਦੀ ਹੈ। ਅੱਖਾਂ ਮੀਚ ਕੇ ਬੈਠ ਜਾਂਦੀ ਹੈ, ਇਥੋਂ ਹੀ ਬੱਚਿਆਂ ਨੂੰ ਪ੍ਰੇਰਨਾ ਦਿੰਦੀ ਹੈ ਕਿ ਹੁਣ ਆਂਡੇ ਤੋਂ ਬਾਹਰ ਨਿਕਲ ਗਏ, ਹੁਣ ਇਹ ਇਸ ਤਰ੍ਹਾਂ ਚੋਗਾ ਚੁਗਣ। ਬੱਚੇ ਪਲ ਜਾਂਦੇ ਨੇ ਜਾਂਦੀ ਨੂੰ।

ਸੋ ਸਿਮਰਨ ਦੇ ਵਿਚ ਨੌਧਾ ਭਗਤੀ ਆਇਆ ਕਰਦੀ ਹੈ। ਨੌਂ ਤਰ੍ਹਾਂ ਦੀ ਭਗਤੀ ਹੁੰਦੀ ਹੈ। ਸਰਵਣ ਭਗਤੀ ਹੈ। ਸਰਵਣ ਭਗਤੀ ਬਾਰੇ 'ਜਪੁਜੀ ਸਾਹਿਬ' ਦੀਆਂ ਚਾਰ ਪਉੜੀਆਂ ਦੇ ਅੰਦਰ ਉਹਦੀ ਮਹਾਨਤਾ ਲਿਖੀ ਹੈ। ਫੇਰ ਯਾਦ ਦੀ ਭਗਤੀ ਹੈ ਸਿਮਰਨ ਕਰਨਾ। ਯਾਦ ਦੇ ਵਿਚ ਵਾਹਿਗੁਰੂ ਵਸਾਉਣਾ। ਇਕ ਰਸਨਾ ਦੇ ਨਾਲ ਕਹੀ ਜਾਂਦੇ ਨੇ ਤੇ ਯਾਦ ਦਾ ਖਾਨਾ ਬੰਦ ਰਖਦੇ ਨੇ। ਮਨ ਦੌੜਿਆ ਫਿਰਦੈ, ਕਦੇ ਏਧਰ ਚਲਿਆ ਗਿਆ, ਕਦੇ ਓਧਰ ਚਲਿਆ ਗਿਆ। ਉਹ ਸਿਮਰਨ ਦੀ ਅਵਸਥਾ 'ਚ ਨਹੀਂ ਪਹੁੰਚਦੇ। ਇਕ ਹੱਠ ਕਰਦੇ ਨੇ। ਮੈਡੀਟੇਸ਼ਨ ਹੋਰ ਚੀਜ਼ ਹੁੰਦੀ ਹੈ ਤੇ ਸਿਮਰਨ ਹੋਰ ਚੀਜ਼ ਹੁੰਦਾ ਹੈ। ਮੈਡੀਟੇਸ਼ਨ ਕੇਵਲ ਫੋਕੀ ਕਸਰਤ ਹੁੰਦੀ ਹੈ। ਇਕ ਸ਼ਬਦ ਲੈ ਕੇ ਉਹਦੇ ਉਤੇ ਇਕਾਗਰਤਾ ਕਰੀ ਜਾਣੀ। ਜਿਹੜਾ ਸਿਮਰਨ ਗੁਰੂ ਮਹਾਰਾਜ ਕਹਿੰਦੇ ਨੇ ਉਸ ਸ਼ਬਦ ਦੇ ਪਿੱਛੇ, ਸ਼ਬਦ ਵਾਲੇ ਨੂੰ ਦੇਖੋ। ਉਹਦੇ ਨਾਲ ਪਿਆਰ ਦੀ ਲਹਿਰ ਦੇ ਨਾਲ ਮਿਲਣ ਦਾ ਯਤਨ ਕਰੋ। ਸੁੱਕਾ ਨਾ ਕਰੀ ਜਾਓ। ਨਾਮ ਦੇ ਵਿਚ ਭੇਦ ਹੋਇਆ ਕਰਦੈ -

***ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ ॥***

***ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ ॥***

***ਅੰਗ- 1374***

ਕਹਿੰਦੇ ਤਾਂ ਸਾਰੇ ਰਾਮ-ਰਾਮ, ਵਾਹਿਗੁਰੂ-ਵਾਹਿਗੁਰੂ ਨੇ। ਰੌਲਾ ਪਾਈ ਜਾਂਦੇ ਨੇ, ਉੱਚੀ-ਉੱਚੀ ਕਹੀ ਜਾਂਦੇ ਨੇ। ਪਰ ਕੋਈ ਭੇਦ ਹੈ ਇਹਦੇ ਵਿਚ। ਜਿਹੜੇ ਵਾਹਿਗੁਰੂ ਨੂੰ ਵਾਹਿਗੁਰੂ ਕਹਿੰਦੇ ਹੋਂ, ਉਹਦਾ ਜਿਹੜਾ ਆਕਾਰ ਹੈ, ਉਹਦੀ ਜਿਹੜੀ ਹੋਂਦ ਹੈ, ਉਹ ਹਿਰਦੇ 'ਚ ਹੋਣੀ ਚਾਹੀਦੀ ਹੈ, ਉਹ ਹੈ ਪਿਆਰ ਦਾ ਰੂਪ। ਪਿਆਰ, ਪਿਆਰ ਦੇ ਨਾਲ ਮਿਲਿਆ ਕਰਦੈ। ਜਦੋਂ ਸਾਡੇ ਅੰਦਰ ਪਿਆਰ ਦੀ ਤਰੰਗ ਉਠੇਗੀ, ਯਾਦ ਸ਼ਕਤੀ ਵਧੇਗੀ ਤਾਂ ਪ੍ਰਮੇਸ਼ਰ ਦੇ ਦਰ ਤਕ ਪਹੁੰਚ ਜਾਏਗੀ। ਉਸ ਪਿਆਰ ਦੇ ਨਾਲ ਜਦੋਂ ਅਸੀਂ ਵਾਹਿਗੁਰੂ ਕਹਿੰਦੇ ਹਾਂ, ਉਧਰਲੇ ਪਾਸੇ ਵੀ ਹੁੰਦਾ ਹੈ। ਜਦੋਂ ਇਕ ਵਾਰੀ ਕਹਿੰਦੈ, ਉਧਰਲੇ ਪਾਸੇ ਅਸਰ ਜ਼ਿਆਦਾ ਹੁੰਦਾ ਹੈ। ਉਧਰਲੇ ਪਾਸੇ ਵੀ ਯਾਦ ਦੀ ਸ਼ਕਤੀ ਤੁਰ ਪੈਂਦੀ ਹੈ -

***ਚਰਨ ਸਰਨ ਗੁਰੁ ਏਕ ਪੈਂਡਾ ਜਾਇ ਚਲ,***
***ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ।***
***ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ,***
***ਸਿਮਰਨ ਤਾਂਹਿ ਬਾਰੰਬਰ ਗੁਰੁ ਹੇਤ ਹੈ।***

***ਕਬਿੱਤ, ਭਾਈ ਗੁਰਦਾਸ ਜੀ***

ਗੁਰੂ ਹੇਤ ਨਾਲ, ਪਿਆਰ ਨਾਲ ਉਹਦੇ ਵਲ ਧਿਆਨ ਦਿੰਦੈ। ਸੋ ਇਹ ਸਿਮਰਨ ਹੋਇਆ ਕਰਦਾ ਹੈ, ਯਾਦ ਦੇ ਨਾਲ ਉਹਦਾ ਨਾਮ ਜਪਣਾ।

ਤੀਸਰਾ ਹੋਇਆ ਕਰਦਾ ਹੈ ਕੀਰਤਨ। ਕੀਰਤਨ, ਕੀਰਤਨ ਦਾ ਰੂਪ ਹੋ ਕੇ ਕਰਨਾ। ਇਕ ਤਾਂ ਹੁੰਦੈ, ਵਾਜੇ ਦੀਆਂ ਸੁਰਾਂ ਘੁੰਮਾਈ ਜਾਣੀਆਂ। ਬੜੇ ਸੋਹਣੇ ਰਸੀਲੇ ਰਾਗ ਗਾਉਂਦੇ ਨੇ, ਆਰਟਿਸਟਾਂ ਨੂੰ ਬਹੁਤ ਵਧੀਆ ਗਾਉਣਾ ਆਉਂਦੈ। ਸਾਜ ਬੜੇ ਵਧੀਆ ਹੁੰਦੇ ਨੇ। ਬੋਲ ਬੜੇ ਸੋਹਣੇ ਉਹਨਾਂ ਨੇ ਕੰਟਰੋਲ 'ਚ ਕਰੇ ਹੁੰਦੇ ਨੇ। ਲੇਕਿਨ ਉਹਦੇ ਨਾਲ ਜਿਹੜੇ ਅੰਦਰਲੇ ਭਾਵ ਨੇ ਉਹ ਸਾਥ ਨਹੀਂ ਦੇ ਰਹੇ। ਆਰਟਿਸਟ ਹੈਗੇ। ਕੀਰਤਨ ਉਹ ਹੈ ਜਿੱਥੇ ਅੰਦਰਲੇ ਭਾਵ ਵੀ ਨਾਲ ਸਾਥ ਦੇਣ। ਸੋ ਮਹਾਰਾਜ ਕਹਿੰਦੇ, ਇਹ ਤੀਸਰੀ ਕਿਸਮ ਦੀ ਭਗਤੀ ਹੋਇਆ ਕਰਦੀ ਹੈ। ਚੌਥੀ ਹੋਇਆ ਕਰਦੀ ਹੈ ਪਾਦ ਸੇਵਨ। ਚਰਨਾਂ ਦੀ ਸੇਵਾ ਕਰਨੀ। ਪੰਜਵੀਂ ਹੁੰਦੀ ਹੈ ਪੂਜਾ ਦੀ। ਛੇਵੀਂ ਹੁੰਦੀ ਹੈ ਨਮਸ਼ਕਾਰ ਕਰਨਾ। ਸੱਤਵੀਂ ਹੁੰਦੀ ਹੈ ਦਾਸ ਬਣ ਜਾਣਾ, ਗੁਲਾਮ ਬਣ ਜਾਣਾ। ਗੁਲਾਮ ਬਣ ਕੇ ਉਹਦੀ ਰਜ਼ਾ 'ਚ ਰਹਿਣਾ, ਆਪਣਾ ਹੱਕ ਜ਼ਿੰਦਗੀ ਦਾ ਖੋ ਦੇਣਾ। ਜੇ ਸੁਖ ਦਿੰਦੈ ਤਾਂ ਵੀ ਉਹਦੀ ਮਿਹਰ ਹੈ -

***ਜੇ ਸੁਖੁ ਦੇਹਿ ਤ ਤੁਝਹਿ ਅਰਾਧੀ***
***ਦੁਖਿ ਭੀ ਤੁਝੈ ਧਿਆਈ ॥ 2 ॥***
***ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥***

***ਅੰਗ- 757***

ਦੁਖ ਨੂੰ ਪ੍ਰਮੇਸ਼ਰ ਵਲੋਂ ਆਇਆ ਮੰਨਦਾ ਹੈ -

*ਕੇਤਿਆ ਦੂਖ ਭੂਖ ਸਦ ਮਾਰ ॥*
*ਏਹਿ ਭਿ ਦਾਤਿ ਤੇਰੀ ਦਾਤਾਰ ॥* *ਅੰਗ- 5*

ਕੋਈ ਵਿਰਲਾ ਹੈ ਜਿਹੜਾ ਇਸ ਖੇਲ੍ਹ 'ਚ ਖੇਲੇ। ਇਹ ਗੁਲਾਮ ਦਾ ਦਰਜਾ ਹੋਇਆ ਕਰਦੈ। ਗੁਲਾਮ ਦਾ ਕੋਈ ਅਧਿਕਾਰ ਨਹੀਂ ਦੁਨੀਆਂ 'ਚ ਹੋਇਆ ਕਰਦਾ। ਅਧਿਕਾਰ ਦੀ ਥਾਂ 'ਤੇ ਜੋ ਆਗਿਆ ਮਾਲਕ ਦੀ ਹੈ, ਉਹਦੇ ਮੁਤਾਬਿਕ ਉਹਨੂੰ ਚਲਣਾ ਪੈਂਦਾ ਹੈ। ਸੱਤਵੀਂ ਭਗਤੀ ਹੋਇਆ ਕਰਦੀ ਹੈ ਦਾਸ ਭਾਵ ਬਣ ਜਾਣਾ।

ਉਸ ਤੋਂ ਅਗਲੀ ਭਗਤੀ ਹੁੰਦੀ ਹੈ ਮਿੱਤਰ ਭਾਵਨਾ-

*ਮਿਤ੍ਰ ਪਿਆਰੇ ਨੂੰ, ਹਾਲ ਮੁਰੀਦਾਂ ਦਾ ਕਹਣਾ॥*
*ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ,*
*ਨਾਗ ਨਿਵਾਸਾਂ ਦੇ ਰਹਣਾ॥* *ਖਿਆਲ ਪਾਤਸ਼ਾਹੀ 10*

ਕਿੰਨਾਂ ਪਿਆਰ ਹੈ ਕਿ ਤੇਰੇ ਬਗੈਰ ਮੈਨੂੰ ਰਜਾਈਆਂ ਵੀ ਚੰਗੀਆਂ ਨਹੀਂ ਲਗਦੀਆਂ, ਨਾਗ ਲਗਦੀਆਂ ਨੇ। ਸੋ ਉਸ ਤੋਂ ਬਾਅਦ ਹੋਇਆ ਕਰਦੀ ਹੈ ਪ੍ਰੇਮਾ ਭਗਤੀ। ਸਭ ਕੁਛ ਪ੍ਰਭੂ ਨੂੰ ਸਉਂਪ ਦੇਣਾ। ਸ਼ਰਨਾਗਤ ਭਗਤੀ ਹੁੰਦੀ ਹੈ, ਆਪਣਾ ਕੁਛ ਨਾ ਰੱਖਣਾ ਆਪਣੇ ਕੋਲ। ਤਨ ਵੀ ਉਹਦਾ, ਧਨ ਵੀ ਉਹਦਾ, ਮਨ ਵੀ ਉਹਦਾ। ਸਾਰਾ ਕੁਛ ਉਹਨੂੰ ਸੌਂਪ ਕੇ ਗੁਰੂ ਦੇ ਪਰਨੇ ਹੋ ਜਾਣਾ -

*ਆਪੁ ਛਡਿ ਸਦਾ ਰਹੈ ਪਰਣੈ*
*ਗੁਰ ਬਿਨੁ ਅਵਰੁ ਨ ਜਾਣੈ ਕੋਇ ॥* *ਅੰਗ - 920*

ਸੋ ਕਹਿਣ ਲੱਗੇ, ਬੇਟਾ! ਇਹ ਸਿਮਰਨ ਦੇ ਵਿਚ ਆ ਜਾਂਦੀ ਹੈ। ਯਾਦ ਰੱਖਣ ਵਾਸਤੇ ਮਹਾਂਪੁਰਸ਼ ਜੁਗਤ ਦਸਦੇ ਹਨ ਕਿ ਪਹਿਲਾਂ ਤੂੰ ਕਿਹਾ ਕਰੀਂ ਤੋਤੇ ਨੂੰ ਰਾਮ-ਰਾਮ। ਫੇਰ ਤੋਤਾ ਬੋਲੇਗਾ, ਇਹ ਰਸਨਾ ਦੇ ਨਾਲ ਨਾਮ ਜਪਣਾ ਹੁੰਦਾ ਹੈ। ਜਿਹੜਾ ਰਸਨਾ ਦੇ ਨਾਲ ਨਾਮ ਨਹੀਂ ਜਪਦਾ, ਉਹਦੇ ਬਾਰੇ ਐਸਾ ਫੁਰਮਾਨ ਹੈ ਮਹਾਰਾਜ ਜੀ ਦਾ -

*ਧਾਰਨਾ - ਜਿਹੜੀ ਰਸਨਾ ਨਾਮ ਨਾ ਜਪਦੀ,*
*ਤਿਲ-ਤਿਲ ਕਰ ਕੱਟੀਏ।*

*ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ ॥*
*..........................................*
*ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ ॥*
*ਅੰਗ- 1362*

ਜਿਹੜੇ ਸਤਿਗੁਰ ਦੇ ਦਰਸ਼ਨ ਨਹੀਂ ਕਰਦੇ ਕਦੇ। ਮਹਾਂਪੁਰਸ਼ਾਂ ਦੇ ਦਰਸ਼ਨ ਨਹੀਂ ਕਰਦੇ, ਕਹਿੰਦੇ ਉਹ ਨੈਣ ਬੰਦ ਕਰ ਦਿਓ। ਕਿਉਂਕਿ ਐਸਾ ਪ੍ਰਭਾਵ ਪੈਦਾ ਕਰ ਲੈਣਗੇ ਦੇਖ-ਦੇਖ ਕੇ, ਜਿਹਦੇ ਨਾਲ ਬਿਰਤੀ ਗੰਧਲੀ ਹੋ ਜਾਏਗੀ, ਮੈਲੀ ਹੋ ਜਾਏਗੀ ਤੇ ਸਾਧੂਆਂ ਦੇ ਦਰਸ਼ਨ ਕਰਕੇ ਅੰਦਰ ਸ਼ਾਂਤੀ ਆਏਗੀ। ਅੰਦਰਲੇ ਪਾਸੇ ਗਿਆਨ ਆਏਗਾ। ਦਰਸ਼ਨ ਦਾ ਫਲ ਪ੍ਰਾਪਤ ਹੋਏਗਾ।

*ਕਰਨ ਨ ਸੁਨਹੀ ਨਾਦੁ ਕਰਨ ਮੁੰਦਿ ਘਾਲਿਆ ॥*

***ਅੰਗ - 1362***

ਜਿਹੜੇ ਕੰਨ ਹਰੀ ਦਾ ਜਸ ਸਰਵਣ ਨਹੀਂ ਕਰਦੇ। ਕਹਿੰਦੇ, ਉਹਨਾਂ ਨੂੰ ਬੰਦ ਕਰ ਦਿਓ, ਨਿੰਦਿਆ ਤਾਂ ਨਹੀਂ ਸੁਣਨਗੇ। ਚੁਗਲੀਆਂ ਦੀ ਗੱਲ ਤਾਂ ਨਹੀਂ ਸੁਣਨਗੇ। ਈਰਖਾ ਦੀਆਂ ਗੱਲਾਂ ਤਾਂ ਨਹੀਂ ਸੁਣਨਗੇ। ਪਾਪ ਹੋ ਜਾਏਗਾ ਜੇ ਇਹੀ ਰਸਨਾ ਜੇ ਇਹਦਾ ਦੁਰ-ਉਪਯੋਗ ਹੋ ਜਾਵੇ। ਕਿੱਡਾ ਵੱਡਾ ਨੁਕਸਾਨ ਕਰਦੀ ਹੈ। ਧਿਆਨ ਨਾਲ ਸੁਣੋ, ਮੈਂ ਕਈ ਵਾਰ ਦੱਸਿਆ ਹੈ, ਹਿਰਦੇ 'ਚ ਵਸਾਓ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਸਤਿਸੰਗ ਦਾ ਮਹਾਤਮ-

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*

***ਅੰਗ- 546***

ਚਲੋ ਸੁਣਨ ਦੀ ਅਵਸਥਾ ਜਿਹੜੀ ਹੈ ਉਹਨੂੰ ਨਾ ਵਿਚਾਰੋ। ਉਹ ਬਹੁਤ ਉਚੀ ਬਾਤ ਹੋਇਆ ਕਰਦੀ ਹੈ ਜਿੱਥੇ ਸੁਣਨ ਦੀ ਬਾਤ ਆਇਆ ਕਰਦੀ ਹੈ। ਕਹਿੰਦੇ ਸੁਣਨ ਮਾਤਰ ਨਾਲ ਕਈ ਕਰੋੜ ਯੱਗਾਂ ਦਾ ਫਲ ਮਿਲ ਜਾਇਆ ਕਰਦਾ ਹੈ। ਜੇ ਪੂਰੀ ਵਿਧੀ ਨਾਲ ਸੁਣੇ -

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥*

***ਅੰਗ- 669***

ਥਾਂ ਪੈ ਗਿਆ ਸਾਡਾ ਸਮਝ ਲਓ ਜੇ ਸਾਡੇ ਇਕ-ਇਕ ਦਿਨ ਦੇ ਵਧੇ ਪੁੰਨ ਖਰਬਾਂ 'ਚ ਚਲੇ ਗਏ। ਜ਼ਰਬ ਦਿੰਦੇ ਜਾਓ, ਖਰਬਾਂ 'ਚ ਚਲੇ ਜਾਣਗੇ। ਉਹ ਜਾਂਦੇ ਕਿੱਥੇ ਨੇ ਸਾਡੇ? ਸਾਰੀ ਜ਼ਿੰਦਗੀ ਕੀਰਤਨ ਸੁਣਦਿਆਂ ਦੀ ਲੰਘ ਗਈ, ਸੰਤਾਂ ਦੇ ਦਰਸ਼ਨ ਕਰਦਿਆਂ ਦੀ ਲੰਘ ਗਈ। ਉਹ ਫਲ ਗਿਆ ਕਿੱਥੇ? ਸਾਡੀ ਝੋਲੀ 'ਚ ਤਾਂ ਹੈ ਨਹੀਂ। ਮਹਾਰਾਜ ਕਹਿੰਦੇ, ਦੋਸ਼ ਕੀਹਨੂੰ ਹੈ? ਤੇਰੀ ਝੋਲੀ ਪਾਟੀ ਹੋਈ ਹੈ, ਸ਼ਰਧਾ ਤੋਂ ਹੀਣੀ ਹੈ। ਤੂੰ ਉਹਨਾਂ ਨੂੰ ਸਾਂਭ ਨਹੀਂ ਸਕਿਆ। ਝੋਲੀ ਵਿਚੋਂ ਗਿਰ ਗਏ। ਬਾਕੀ ਜਿਹੜੇ ਤੇਰੇ ਕਿਰਦਾਰ ਨੇ ਉਹ ਐਨੇ ਗਲਤ ਹੋ ਗਏ ਕਿ ਇਹਨਾਂ ਪੁੰਨਾਂ ਨੂੰ ਸੁਆਹ ਬਣਾ ਦਿਤਾ। ਕਿਵੇਂ ਬਣਦੈ? ਕਰੋੜਾਂ ਦੀਆਂ ਰਕਮਾਂ ਲਿਖ ਕੇ ਵੀਹ-ਪੱਚੀ ਕਰੋੜਾਂ ਦੀਆਂ ਰਕਮਾਂ ਲਿਖ ਲਓ ਤੇ ਉਹਨਾਂ ਨੂੰ ਗੁਣਾਂ ਕਰਨ ਲਗ ਜਾਓ ਜਾਂ ਮਲਟੀਪਲਾਈ ਕਰਨ ਲਗ ਜਾਓ। ਕਰੀ ਜਾਓ, ਭਰ ਲਓ ਕਾਗਜ਼। ਆਖਰੀ ਗੱਲ ਉਹਨੇ ਬੋਲੀ ਨਹੀਂ ਟੀਚਰ ਨੇ। ਕੈਲਕੂਲੇਟਰ ਦੀ ਮਦਦ ਨਾਲ ਦੇਈ ਜਾਓ ਜ਼ਰਬਾਂ। ਰਕਮ ਬੇਅੰਤ ਆ ਗਈ, 55 ਸਿਫਰਿਆਂ ਤਕ ਅਸੀਂ ਜਾਣਦੇ ਹਾਂ ਗਿਣਨ, ਉਥੇ ਤਕ ਚਲੀ ਗਈ। ਜਦੋਂ ਸਾਰਾ ਕੁਛ ਕਰ ਲਿਆ, ਕਹਿੰਦੇ ਕੱਢ ਲਿਆ? ਕਹਿੰਦੇ, ਹਾਂ ਜੀ। ਕਹਿੰਦੇ ਹੁਣ ਇਹਨੂੰ ਜ਼ੀਰੋ ਨਾਲ ਜ਼ਰਬ ਦੇ ਦਿਓ। ਕੀ ਬਣ ਗਿਆ? ਜ਼ੀਰੋ ਬਣ ਗਿਆ। ਕਿਉਂਕਿ ਗਲਤ ਸਟੈਪ ਲੈ ਲਿਆ। ਸਾਵਧਾਨੀ ਨਾ ਵਰਤੀ। ਉਹ ਰਕਮ

ਜਿਹੜੀ 55 ਸਿਫਰਿਆਂ ਵਾਲੀ ਸੀ ਇਕ ਜ਼ੀਰੋ ਨੇ ਜ਼ੀਰੋ ਬਣਾ ਦਿਤੀ। ਗਣਿਤ ਹੈ ਇਹ ਸਾਰਾ। ਇਸੇ ਤਰ੍ਹਾਂ ਜੋ ਗੁਰੂ ਦੀ ਇਲਾਹੀ ਬਾਣੀ ਹੈ ਉਹ ਸਾਨੂੰ ਕਹਿੰਦੀ ਹੈ ਕਿ ਜੇ ਤੁਸੀਂ ਸਾਰੇ ਕਰਮ ਧਰਮ, ਤੀਰਥ ਯਾਤਰਾ ਕਰ ਲਈਆਂ। ਕਾਹਬੇ ਵੀ ਜਾ ਆਏ, ਹਜ਼ੂਰ ਸਾਹਿਬ ਵੀ ਜਾ ਆਏ। ਅਠਾਹਠ ਤੀਰਥਾਂ ਦਾ ਇਸ਼ਨਾਨ, ਮੰਦਰ ਕੋਈ ਨਹੀਂ ਛੱਡਿਆ। ਸਾਧੂਆਂ, ਸੰਤਾਂ ਦੇ ਬੇਅੰਤ ਦਰਸ਼ਨ ਕਰ ਲਏ। ਕੀ ਹੋਏਗਾ? ਵੱਡੀ ਭਾਰੀ ਰਕਮ ਸਾਡੇ ਪੁੰਨਾਂ ਦੀ ਬਣ ਗਈ। ਪਰ ਕਹਿੰਦੇ, ਪਿਆਰਿਆ –

***ਕਰੈ ਨਿੰਦ ਸਭ ਬਿਰਥਾ ਜਾਵੈ ॥*** ***ਅੰਗ- 875***

ਜੇ ਇਕ ਵਾਰੀ ਤੂੰ ਨਿੰਦਿਆ ਕਰ ਦਿਤੀ ਇਹ ਸਾਰੀ ਬਿਰਥਾ ਹੋ ਜਾਂਦੀ ਹੈ –

***ਧਾਰਨਾ – ਨਿੰਦਾ ਭਲੀ ਕਿਸੇ ਦੀ ਨਾਹੀ,***
***ਮਨਮੁਖ ਲੋਕੀ ਕਰਦੇ ਨੇ।***

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥***
***ਅੰਗ- 755***

ਜ਼ੁਬਾਨ ਦੇ ਨਾਲ ਨਿੰਦਿਆ ਕਰ ਦਿਤੀ ਜੇ ਕਿਸੇ ਦੀ, ਸਾਰੀ ਜ਼ਿੰਦਗੀ ਦੀ ਕੀਤੀ ਹੋਈ ਕਮਾਈ, ਨੇਕ ਕਰਮ, ਸਾਰੇ ਜ਼ੀਰੋ ਬਣ ਗਏ। ਗੁਰੂ ਦੀ ਬਾਣੀ ਤਾਂ ਕਹਿੰਦੀ ਹੈ ਅਰਬਾਂ-ਖਰਬਾਂ ਤੁਹਾਡੇ ਪੁੰਨ ਜਮ੍ਹਾਂ ਹੋ ਜਾਂਦੇ ਨੇ। ਪਰ ਜਮ੍ਹਾਂ ਕਿਉਂ ਨਹੀਂ ਹੁੰਦੇ? ਮਹਾਰਾਜ ਕਹਿੰਦੇ, ਜੇ ਈਰਖਾ ਹੈ ਨਾ ਤੁਹਾਡੇ ਮਨ ਦੇ ਅੰਦਰ –

***ਜਿਸੁ ਅੰਦਰਿ ਤਾਤਿ ਪਰਾਈ ਹੋਵੈ***
***ਤਿਸ ਕਾ ਕਦੇ ਨ ਹੋਵੀ ਭਲਾ ॥*** ***ਅੰਗ- 308***

ਇਹਨਾਂ ਨੂੰ ਕਿਵੇਂ ਸਰਪਾਸ ਕਰ ਜਾਵਾਂਗੇ, ਐਡੇ ਵੱਡੇ ਹੁਕਮਾਂ ਨੂੰ। ਕਹਿੰਦੇ, ਫੇਰ ਜੀਭ ਹੀ ਕੱਟ ਦਿਓ। ਨਿੰਦਿਆ ਹੀ ਨਾ ਹੋਵੇ। ਜੇ ਨਾਮ ਨਹੀਂ ਜਪਦੀ। ਇਹ ਮਿਲੀ ਨਾਮ ਜਪਣ ਵਾਸਤੇ ਹੈ –

***ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ ॥***
***ਕਰਨ ਨ ਸੁਨਹੀ ਨਾਦੁ ਕਰਨ ਮੁੰਦਿ ਘਾਲਿਆ ॥***
***ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ ॥***
***ਹਰਿਹਾਂ ਜਬ ਬਿਸਰੈ ਗੋਬਿਦ ਰਾਇ ਦਿਨੋ ਦਿਨੁ ਘਟੀਐ ॥***
***ਅੰਗ- 1362***

***ਰੇ ਜਿਹਬਾ ਕਰਉ ਸਤ ਖੰਡ ॥ ਜਾਮਿ ਨ ਉਚਰਸਿ ਸ੍ਰੀ ਗੋਬਿੰਦ ॥***
***ਅੰਗ- 1163***

ਸੋ ਰਸਨਾ ਹੈ –

***ਰਸਨਾ ਜਪੀਐ ਏਕੁ ਨਾਮ ॥*** ***ਅੰਗ- 211***

ਫਲ ਕੀ ਹੋਏਗਾ?

ਇਥੇ ਮਹਾਨ ਅਨੰਦ ਦੀ ਪ੍ਰਾਪਤੀ ਰਸਨਾ ਨਾਲ ਨਾਮ ਜਪ ਕੇ ਹੋ

ਜਾਏਗੀ।

***ਈਹਾ ਸੁਖੁ ਆਨੰਦੁ ਘਨਾ***
***ਆਗੈ ਜੀਅ ਕੈ ਸੰਗਿ ਕਾਮ ॥ ਅੰਗ- 211***

ਜਦੋਂ ਅਸੀਂ ਇਥੋਂ ਚੱਲੇ -

***ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥***
***ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥***
***ਜਿਹ ਪੈਡੈ ਮਹਾ ਅੰਧ ਗੁਬਾਰਾ ॥***
***ਹਰਿ ਕਾ ਨਾਮੁ ਸੰਗਿ ਉਜੀਆਰਾ ॥***
***ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥***
***ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥ ਅੰਗ- 264***

ਕਹਿੰਦੇ, ਇਥੇ ਵੀ ਸੁੱਖ ਤੇ ਜੀਅ ਦੇ ਨਾਲ ਇਹਨੇ ਫੇਰ ਅੱਗੇ ਜਾਣੈ -

***ਗੁਰ ਕੈ ਬਚਨਿ ਰਿਦੈ ਧਿਆਨੁ ਧਾਰੀ ॥***
***ਰਸਨਾ ਜਾਪੁ ਜਪਉ ਬਨਵਾਰੀ ॥ ਅੰਗ - 740***

ਰਸਨਾ ਦੇ ਨਾਲ ਜਾਪ ਕਰੋ। ਇਕ ਸਮਾਂ ਆਏਗਾ, ਜਦੋਂ ਰਸਨਾ ਰਸ ਵਿਚ ਗੀਧੀ ਹੋਣ ਲਗ ਗਈ, ਰਸ ਆਉਣ ਲਗ ਗਿਆ ਰਸਨਾ 'ਚ ਉਸ ਵੇਲੇ ਇਹ ਹਿੱਲਣ ਜੁੱਲਣ ਤੋਂ ਹਟ ਜਾਂਦੀ ਹੈ। ਫੇਰ ਨਹੀਂ ਹਿਲਦੀ। ਫੇਰ ਵਾਰੀ ਕੀਹਦੀ ਆਉਂਦੀ ਹੈ ਉਸ ਤੋਂ ਬਾਅਦ? ਸਵਾਸ ਦੀ ਵਾਰੀ -

***ਧਾਰਨਾ - ਸ੍ਵਾਸ-ਸ੍ਵਾਸ ਦੇ ਗੇੜੇ ਜਪ ਲਓ ਵਾਹਿਗੁਰੂ।***

***ਸਾਸਿ ਸਾਸਿ ਸਿਮਰਹੁ ਗੋਬਿੰਦ ॥***
***ਮਨ ਅੰਤਰ ਕੀ ਉਤਰੈ ਚਿੰਦ ॥ ਅੰਗ- 295***

ਸਵਾਸ ਦੇ ਉਤੇ ਨਾਮ ਆਪਣੇ ਆਪ ਚਲਿਆ ਜਾਂਦਾ ਹੈ, ਜੁਗਤ ਹੈ ਇਹ ਵੀ ਨਾਮ ਜਪਣ ਦੀ। ਉਸੇ ਤਰ੍ਹਾਂ ਦੇ ਨਾਲ ਜਦੋਂ ਨਾਮ ਜਪਦਿਆਂ ਮਹਾਰਾਜ ਕਹਿੰਦੇ -

***ਮਨ ਰਾਮ ਨਾਮ ਗੁਨ ਗਾਈਐ ॥***
***ਨੀਤ ਨੀਤ ਹਰਿ ਸੇਵੀਐ***
***ਸਾਸਿ ਸਾਸਿ ਹਰਿ ਧਿਆਈਐ ॥ ਅੰਗ- 211***

ਸਵਾਸ ਦੇ ਉਤੇ ਨਾਮ ਸਵਾਰ ਹੋ ਜਾਂਦੈ। ਅੰਦਰ ਨੂੰ ਸਵਾਸ ਜਾਂਦੈ, ਬਾਹਰ ਨੂੰ ਆਉਂਦੈ ਉਹ loaded ਆਉਂਦੈ ਨਾਮ ਦੇ ਨਾਲ। ਰਸ ਦੇ ਵਿਚ ਮਖਮੂਰ ਹੈ ਆਦਮੀ। ਖੁਮਾਰੀ ਚੜ੍ਹੀ ਹੋਈ ਹੈ ਤੇ ਸਵਾਸ ਨੇ ਤਾਂ ਆਉਣਾ ਹੀ ਹੈ। ਉਹ ਤਾਂ ਬੰਦ ਨਹੀਂ ਹੁੰਦਾ। ਸੂਖਸ਼ਮ ਸਵਾਸ ਹੋ ਜਾਂਦੈ, ਬਹੁਤ ਸੂਖਸ਼ਮ। ਫੇਰ ਉਹਦੇ ਉਤੇ ਨਾਮ ਚਲਦੈ। ਉਹਦੇ ਬਾਰੇ ਮਹਾਰਾਜ ਦਾ ਫੁਰਮਾਨ ਹੈ ਕਿ -

***ਸਾਸਿ ਸਾਸਿ ਅਰਾਧਿ ਹਰਿ ਹਰਿ ਧਿਆਇ***
***ਸੋ ਪ੍ਰਭੁ ਮਨਿ ਮੁਖੀ ॥ ਅੰਗ- 456***

ਮਨ ਦੇ ਨਾਲ ਤੇ ਮੂੰਹ ਦੇ ਨਾਲ। ਸਵਾਸ ਦੇ ਉਤੇ ਨਾਮ ਜਪ ਕੇ

ਧਿਆਨ ਦੇ ਵਿਚ ਲਿਆਓ ਪ੍ਰਭੂ–

*ਸਾਸਿ ਸਾਸਿ ਅਰਾਧਿ ਹਰਿ ਹਰਿ ਲਹਿ ਜਾਇ*
*ਮਨ ਕੀ ਚਿੰਦ ॥* *ਅੰਗ – 501*

ਜਿਹੜੀਆਂ ਚਿੰਤਾਂ ਨੇ, ਮੈਲਾਂ ਨੇ ਸਾਰੀਆਂ ਸਵਾਸ ਦੇ ਨਾਲ ਨਾਮ ਜਪ ਕੇ ਲਹਿ ਜਾਂਦੀਆਂ ਨੇ। ਇਥੇ ਤਕ ਦੇ ਨਾਮ ਨੂੰ ਕਰਮ ਕਹਿੰਦੇ ਨੇ। ਕਿਵੇਂ ਜਪਣੈ? ਜਗਿਆਸੂਆਂ ਦੀ ਲੋਚਾ ਹੈ, ਜਿਹਨਾਂ ਨੂੰ ਸੋਝੀ ਹੁੰਦੀ ਹੈ ਉਹ ਤਰਲੇ ਮਾਰਦੇ ਨੇ ਕਿ ਅਸੀਂ ਕਿਵੇਂ ਜਪੀਏ। ਸੋ ਇਹਦੇ ਵਿਚ ਜਦੋਂ ਆਦਮੀ ਇਸ ਅਵਸਥਾ 'ਚ ਪਹੁੰਚ ਜਾਂਦੈ, ਫੇਰ ਉਪਾਸ਼ਨਾ ਦੇ ਮੰਡਲ 'ਚ ਦਾਖਲ ਹੋ ਜਾਂਦੈ। ਸੁਰਤ ਦੇ ਮੰਡਲ 'ਚ ਚਲਿਆ ਜਾਂਦੈ। ਉਥੇ ਦੇ ਬਾਰੇ ਐਸਾ ਫੁਰਮਾਨ ਹੈ –

*ਧਾਰਨਾ – ਧਰੀਏ ਮਨ ਵਿਚ ਧਿਆਨ,*
*ਗੁਰਾਂ ਦੀ ਮੂਰਤ ਦਾ।*

*ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥ ਅੰਗ– 864*

ਇਸ ਥਾਂ 'ਤੇ ਕੇਵਲ ਬੁੱਧੀ ਦੇ ਨਾਲ ਜੋ ਇਸ ਗੱਲ ਨੂੰ ਵਿਚਾਰਦੇ ਨੇ ਉਹਨਾਂ ਦੇ ਮਨ ਵਿਚ ਬੜੇ ਸ਼ੰਕੇ ਨੇ। ਕਿਉਂਕਿ ਇਕ ਤੁਕ ਪੜ੍ਹ ਲਈ ਉਹਦਾ ਭਾਵ ਜਾਣਿਆ ਨਹੀਂ ਪੂਰੀ ਤਰ੍ਹਾਂ ਦੇ ਨਾਲ ਤੇ ਕਿੰਤੂ ਆਪਣੇ ਮਨ ਵਿਚ ਵੀ ਤੇ ਜਿਹੜੇ ਦੂਸਰੇ ਨੇ ਉਹਨਾਂ ਦੇ ਵੀ। ਸੋ ਇਸ ਕਰਕੇ ਇਹ ਰਸਤਾ ਗੁਪਤ ਹੋਇਐ ਕਰਦੈ। ਅਨਅਧਿਕਾਰੀ ਦੇ ਕੋਲ ਬਾਤ ਕਰਨੀ ਹੀ ਆਪਣੇ ਆਪ ਨੂੰ ਖਤਮ ਕਰਨ ਦੇ ਬਰਾਬਰ ਹੋਇਆ ਕਰਦੀ ਹੈ। ਸੋ ਮਹਾਰਾਜ ਕਹਿੰਦੇ –

*ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥*
*ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥* *ਅੰਗ – 864*

ਗੁਰੂ ਦਾ ਸ਼ਬਦ, ਉਹ ਜੋ ਮੰਤ੍ਰ ਹੈ, ਮਨ ਮੰਨਦੈ ਬਾਣੀ ਦੇ ਨਾਲ ਤੇ ਗੁਰੂ ਦੀ ਮੂਰਤ ਜਿਹੜੀ ਹੈ ਉਹਦਾ ਧਿਆਨ ਹੁੰਦੈ। ਧਿਆਨ ਤਿੰਨ ਤਰ੍ਹਾਂ ਦੇ ਹੁੰਦੇ ਨੇ – 1. ਸੰਪਤ ਧਿਆਨ, 2. ਪ੍ਰਤੀਕ ਧਿਆਨ. 3. ਅਹੰਗ੍ਰਹਿ ਧਿਆਨ ਹੋਇਆ ਕਰਦੈ। ਸ਼ਬਦ ਦਾ ਧਿਆਨ ਹੁੰਦੈ, ਧੁਨ ਦਾ। ਉਹ ਸ਼ਬਦ ਦਾ ਧਿਆਨ ਹੁੰਦੈ ਜਿਥੇ ਕਹਿੰਦੇ ਨੇ–

*ਸਤਿਗੁਰ ਬਚਨ ਬਚਨ ਹੈ ਸਤਿਗੁਰ...॥* *ਅੰਗ– 1309*
*ਬਾਣੀ ਗੁਰੂ ਗੁਰੂ ਹੈ ਬਾਣੀ*
*ਵਿਚਿ ਬਾਣੀ ਅੰਮ੍ਰਿਤੁ ਸਾਰੇ ॥* *ਅੰਗ– 982*

ਸ਼ਬਦ ਦਾ ਧਿਆਨ ਹੁੰਦੈ ਤੇ ਮੂਰਤਿ ਦਾ ਵੀ ਧਿਆਨ ਹੁੰਦੈ।

ਜਦੋਂ ਸਾਡਾ ਕੋਈ ਬਹੁਤ ਪਿਆਰਾ ਸਾਡੇ ਯਾਦ ਆਉਂਦੈ। ਉਹਦਾ ਵਜੂਦ ਸਾਡੀਆਂ ਅੱਖਾਂ ਦੇ ਸਾਮ੍ਹਣੇ ਆ ਜਾਂਦੈ। ਅੰਦਰ ਵਸ ਜਾਂਦੈ। ਸਾਨੂੰ ਖਿੱਚ ਪੈਂਦੀ ਹੈ। ਮਾੜੇ ਬੰਦੇ ਦਾ ਧਿਆਨ ਧਰ ਕੇ ਦੇਖ ਲਓ, ਮਾੜੇ ਸੰਸਕਾਰ ਅੰਦਰ ਆਉਣਗੇ। ਨਗਨ ਚਿੱਤਰਾਂ ਦਾ ਧਿਆਨ ਕਰਕੇ ਦੇਖ ਲਓ, ਸਾਰਾ ਸਰੀਰ ਜਿਹੜਾ ਹੈ ਦੂਸ਼ਿਤ ਹੋ ਜਾਏਗਾ। ਮਹਾਂਪੁਰਸ਼ਾਂ ਦਾ

ਧਿਆਨ, ਗੁਰੂ ਦਾ ਧਿਆਨ ਸ਼ਾਂਤੀ ਦੇਵੇਗਾ, ਪਿਆਰ ਦੇਵੇਗਾ ਕਿਉਂਕਿ ਉਹ ਪਿਆਰ ਦੀ ਮੂਰਤ ਹੈ। ਸੋ ਜਿਹੋ ਜਿਹਾ ਵਜੂਦ ਹੁੰਦੈ ਉਹੋ ਜਿਹਾ ਹੀ ਉਹਦੇ ਵਿਚੋਂ ਅਸਰ ਆਉਣਾ ਸ਼ੁਰੂ ਹੋ ਜਾਂਦੈ। ਸੋ ਧਿਆਨ ਦੇ ਉਤੇ ਕਿੰਤੂ ਉਹਨਾਂ ਦਾ ਹੁੰਦੈ, ਜਿਹਨਾਂ ਨੂੰ ਪਤਾ ਨਹੀਂ ਹੁੰਦਾ ਇਸ ਗੱਲ ਦਾ। ਕਹਿੰਦੇ ਜੀ, ਰੁਕ ਜਾਏਗੀ ਸੁਰਤ। ਨਹੀਂ ਰੁਕਦੀ, ਉਥੇ ਤ੍ਰਿਕੁਟੀ ਹੁੰਦੀ ਹੈ ਧਿਆਤਾ, ਧਿਆਨ, ਧੇਅ ਦੀ। ਮਹਾਂਪੁਰਸ਼ਾਂ ਦੀ ਮਦਮਦ ਤੇ ਸੂਝ ਦੇ ਨਾਲ ਉਹ ਤ੍ਰਿਕੁਟੀ ਟੁੱਟ ਜਾਇਆ ਕਰਦੀ ਹੈ ਤੇ ਉਸ ਤੋਂ ਬਾਅਦ ਅਹੰਗ੍ਰਹਿ ਧਿਆਨ ਜਿਹੜਾ ਗਿਆਨ ਦੇ ਵਿਚ ਆ ਕੇ ਪ੍ਰਾਪਤ ਹੁੰਦੈ। ਉਹ ਤੀਸਰੀ ਅਵਸਥਾ ਹੋਇਆ ਕਰਦੀ ਹੈ ਨਾਮ ਜਪਣ ਦੀ। ਉਸ ਵੇਲੇ ਸਾਰੀ ਸ੍ਰਿਸ਼ਟੀ, ਅੱਗੇ ਪਿੱਛੇ, ਇਸ ਤਰ੍ਹਾਂ ਹੁੰਦੈ ਕਿ ਇਹ ਵਾਹਿਗੁਰੂ ਹੀ ਹੈ, ਮੇਰੇ ਰੋਮ-ਰੋਮ ਦੇ ਵਿਚ ਉਹਦਾ ਵਾਸਾ ਹੈ। ਉਸ ਵੇਲੇ ਜਿਹੜਾ ਨਾਮ ਹੈ ਸਾਰੇ ਸਰੀਰ ਦੇ ਵਿਚੋਂ ਇਸ ਤਰ੍ਹਾਂ ਚਲਦੈ -

***ਧਾਰਨਾ - ਰੋਮ ਰੋਮ ਹਰਿ ਧਿਆਵੈ ਗੁਰਮੁਖ ਪਿਆਰੇ ਦਾ।***

***ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ ਅੰਗ- 941***

ਸਾਰਾ ਸਰੀਰ ਅਪਣੱਤ ਛੱਡ ਕੇ ਪ੍ਰਮੇਸ਼ਰ ਦੇ ਵਿਚ ਲੀਨ ਹੋ ਜਾਂਦੈ। ਵਜੂਦ ਖਤਮ ਹੋ ਜਾਇਆ ਕਰਦੈ, ਉਥੇ ਨਾਮ ਹੀ ਰਹਿ ਜਾਂਦੈ, ਹੋਰ ਕੋਈ ਨਹੀਂ ਰਹਿੰਦਾ -

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥***
***ਅਨਲ ਅਗਮ ਜੈਸੇ ਲਹਰਿ ਮਇ ਓਦਧਿ***
***ਜਲ ਕੇਵਲ ਜਲ ਮਾਂਹੀ ॥ ਅੰਗ- 657***

ਸੋ ਇਹ ਜੁਗਤ ਤੇ ਮਿਹਨਤ ਵਾਹਿਗੁਰੂ ਦੀ ਕ੍ਰਿਪਾ ਦੇ ਉਤੇ ਅਧਾਰਿਤ ਹੈ ਮਿਹਨਤ ਕਰੋ, ਸਭ ਨੂੰ ਮਿਲ ਸਕਦੀ ਹੈ। ਨਾ ਮਿਹਨਤ ਕਰੋ, ਕੇਵਲ ਬੁੱਧੀ ਨਾਲ ਜਾਣਨ ਦਾ ਯਤਨ ਕਰੋ, ਫੇਰ ਕੁਛ ਵੀ ਅਸਰ ਨਹੀਂ ਹੁੰਦਾ।

ਅਸੀਂ ਅੰਬ ਦੇ ਬਾਰੇ ਜਾਣ ਜਾਈਏ, ਚੂਪਦੇ ਦਾ ਤਾਂ ਨਹੀਂ ਹਾਂ। ਪਰ ਲਾਭ ਤਾਂ ਉਹਨੇ ਲੈਣੈ ਜਿਹਨੇ ਅੰਬ ਤੋੜ ਕੇ ਚੂਪ ਲੈਣੈ। ਜਾਨਣ ਵਾਲੇ ਨੂੰ ਕੁਛ ਨਹੀਂ ਮਿਲਦਾ ਹੁੰਦਾ। ਬੁੱਧੀ ਵਿਚ ਚੀਜ਼ਾਂ ਜਾਣ ਲਈਆਂ ਕੋਈ ਗੱਲ ਨਹੀਂ ਹੋਇਆ ਕਰਦੀ। ਇਸੇ ਤਰ੍ਹਾਂ ਦੇ ਨਾਲ ਫੇਰ ਸਰੀਰ ਦੇ ਅੰਦਰ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥***
***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ- 293***

ਸੋ ਨਾਮ ਜਿਸ ਵਕਤ ਐਨਾ ਡੂੰਘਾ ਚਲਿਆ ਜਾਂਦੈ। ਤਾਂ ਉਸ ਵੇਲੇ -

***ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥***
***ਅੰਗ - 1420***

ਐਸਾ ਫੁਰਮਾਨ ਹੈ -

***ਧਾਰਨਾ - ਨਾਮ ਹਰੀ ਦਾ ਜਪਦੇ, ਸਾਰੇ ਬਣਾਂ ਦੇ ਪੰਖੇਰੂ।***

***ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ***
***ਸੁਨਿ ਘਨਿਹਰ ਕੀ ਘੋਰ ॥***
***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ***
***ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥ ਅੰਗ- 1265***

ਇਥੇ ਤਕ ਬਿਰਤੀ ਚਲੀ ਜਾਂਦੀ ਹੈ ਕਿ ਦਰਖਤ ਵੀ ਨਾਮ ਜਪਦੇ, ਘਾਹ ਵੀ ਨਾਮ ਜਪਦਾ, ਹਰ ਥਾਂ ਦੇ ਵਿਚ ਸਬੰਧ ਜੁੜ ਜਾਂਦੈ, ਕਿਉਂਕਿ ਵਾਹਿਗੁਰੂ ਹੈ ਹਰ ਥਾਂ ਦੇ ਉਤੇ -

***ਸੋ ਅੰਤਰਿ ਸੋ ਬਾਹਰਿ ਅਨੰਤ ॥***
***ਘਟਿ ਘਟਿ ਬਿਆਪਿ ਰਹਿਆ ਭਗਵੰਤ ॥***
***ਧਰਨਿ ਮਾਹਿ ਆਕਾਸ ਪਇਆਲ ॥***
***ਸਰਬ ਲੋਕ ਪੂਰਨ ਪ੍ਰਤਿਪਾਲ ॥***
***ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥***
***ਜੈਸੀ ਆਗਿਆ ਤੈਸਾ ਕਰਮੁ ॥ ਪਉਣ ਪਾਣੀ ਬੈਸੰਤਰ ਮਾਹਿ ॥***
***ਚਾਰਿ ਕੁੰਟ ਦਹ ਦਿਸੇ ਸਮਾਹਿ ॥***
***ਤਿਸ ਤੇ ਭਿੰਨ ਨਹੀ ਕੋ ਠਾਉ ॥***
***ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥ ਅੰਗ- 293***

ਜਿਹਨਾਂ ਨੇ ਮਿਹਨਤਾਂ ਕਰੀਆਂ ਨੇ। ਮੈਂ ਇਕ ਪੁਸਤਕ ਦੇਖ ਰਿਹਾ ਸੀ, ਡਾ. ਸਵਾਮੀ ਰਾਮ ਜੀ ਦੀ ਲਿਖੀ ਹੋਈ ਹੈ ਅਮਰੀਕਾ 'ਚ। ਉਹ ਕਹਿੰਦੇ ਕਿ ਐਸਾ ਹੋਇਆ ਇਕ ਵਾਰੀ ਮੈਂ ਹੈਰਾਨ ਹੋ ਗਿਆ ਕਿ ਇਕ ਅਵਾਜ਼ ਆਉਣ ਲੱਗ ਗਈ। ਕਹਿੰਦੇ, ਮੈਂ ਦਰਖਤ ਨਾਲ ਕੰਨ ਲਾਇਆ ਉਹਦੇ ਵਿਚੋਂ ਵੀ ਆਵੇ। ਘਾਹ ਨਾਲ ਲਾਇਆ, ਉਹਦੇ ਵਿਚੋਂ ਵੀ ਆਵੇ। ਇਕ ਸੰਗੀਤ ਵੱਜੇ। ਸੰਗੀਤਕ ਧੁਨ ਹਰ ਥਾਂ ਤੋਂ ਆਵੇ। ਕਹਿੰਦਾ, ਪਾਣੀ ਦੇ ਕੋਲ ਚਲਿਆ ਗਿਆ, ਉਥੋਂ ਵੀ ਆਵੇ, ਹਵਾ ਵਲ ਧਿਆਨ ਦਿਤਾ ਉਹਦੇ 'ਚੋਂ ਵੀ ਆਵੇ। ਮਹਾਰਾਜ ਕਹਿੰਦੇ, ਇਹ ਸਾਰੀਆਂ ਚੀਜ਼ਾਂ ਪ੍ਰਭੂ ਦਾ ਨਾਮ ਜਪਦੀਆਂ ਨੇ, ਆਪਣੇ ਤਰੀਕੇ ਨਾਲ। ਉਹ ਇਹ ਹੈ ਕਿ ਇਹਨਾਂ ਦੇ ਵਿਚ ਨਾਮ ਦੀ ਧੁਨ ਹੈ -

***ਨਾਮ ਕੇ ਧਾਰੇ ਸਗਲੇ ਜੰਤ ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਅੰਗ- 284***

ਇਹ ਇਕ ਅਵਸਥਾ ਹੋਇਆ ਕਰਦੀ ਹੈ। ਫੇਰ ਉਹਦੀ ਪ੍ਰਾਪਤੀ ਕੀ ਹੁੰਦੀ ਹੈ -

***ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ਅੰਗ- 397***

ਉਹ ਜਿਉਂਦਾ, ਤੁਰਦਾ-ਫਿਰਦਾ ਰੱਬ ਦਾ ਰੂਪ ਹੋਇਆ ਕਰਦੈ-

***ਖ਼ਾਲਸਾ ਮੇਰੋ ਰੂਪ ਹੈ ਖ਼ਾਸ।***

***ਖ਼ਾਲਸੇ ਮਹਿ ਹੌਂ ਕਰਹੁੰ ਨਿਵਾਸ।***

ਆਤਮ ਰਸ ਜਿਹ ਜਾਨਹੀ,

***ਸੋ ਹੈ ਖਾਲਸ ਦੇਵ॥ ਪ੍ਰਭ ਮਹਿ, ਮੋ ਮਹਿ, ਤਾਸ ਮਹਿ,***
***ਰੰਚਕ ਨਾਹਨ ਭੇਵ॥ (ਸਰਬ ਲੋਹ ਗ੍ਰੰਥ 'ਚੋਂ)***

ਇਸ ਤੋਂ ਬਾਅਦ ਗਿਆਨ ਦਾ ਪ੍ਰਕਾਸ਼ ਹੋ ਜਾਂਦੈ, ਜਿੱਧਰ ਦੇਖਦੈ ਪ੍ਰਭੂ ਹੀ ਪ੍ਰਭੂ। ਨੇਤਰ ਖੁਲ੍ਹ ਜਾਂਦੇ ਨੇ-

***ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ***
***ਤੂੰਹੀ ਤੂੰਹੀ ਮੋਹਿਨਾ ॥ ਅੰਗ- 407***

ਇਹਦੇ ਬਾਰੇ ਮਹਾਰਾਜ ਕਹਿੰਦੇ ਕੋਈ ਕਹਿ ਨਹੀਂ ਸਕਦਾ -

***ਧਾਰਨਾ - ਸਹਿਜ ਸਮਾਧ ਲਗੀ ਲਿਵ ਅੰਤਰ,***
***ਸੋ ਰਸ ਸੋਈ ਜਾਨੈ।***

***ਸਹਜ ਸਮਾਧਿ ਲਗੀ ਲਿਵ ਅੰਤਰਿ***
***ਸੋ ਰਸੁ ਸੋਈ ਜਾਣੈ ਜੀਉ ॥ ਅੰਗ- 106***

ਇਹ ਲਿਵ ਦੀ ਅਵਸਥਾ ਹੋਇਆ ਕਰਦੀ ਹੈ -

***ਅਦਿਸਟੁ ਅਗੋਚਰੁ ਪਾਰਬ੍ਰਹਮੁ***
***ਮਿਲਿ ਸਾਧੂ ਅਕਥੁ ਕਥਾਇਆ ਥਾ ॥***
***ਅਨਹਦ ਸਬਦੁ ਦਸਮ ਦੁਆਰਿ ਵਜਿਓ***
***ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥ ਅੰਗ- 1002***

ਲਿਵ ਲਗ ਗਈ। ਇਕ ਸਕਿੰਟ ਵਾਸਤੇ ਵੀ ਨਹੀਂ ਟੁੱਟਦੀ। ਜੇ ਟੁੱਟਦੀ ਹੈ ਤਾਂ ਅਨੁਭਵ ਇਹ ਕਹਿੰਦੈ ਕਿ-

***ਆਖਾ ਜੀਵਾ ਵਿਸਰੈ ਮਰਿ ਜਾਉ ॥ ਅੰਗ- 9***

ਅਵਸਥਾ ਆ ਜਾਂਦੀ ਹੈ, ਇਕ ਸਕਿੰਟ ਵਾਸਤੇ ਵੀ ਪ੍ਰਮੇਸ਼ਰ ਨਹੀਂ ਭੁੱਲਦਾ -

***ਹਰਿ ਨਾਮੁ ਸਲਾਹਿਨ ਨਾਮੁ ਮਨਿ***
***ਨਾਮਿ ਰਹਨਿ ਲਿਵ ਲਾਇ ॥***
***ਅਨਹਦ ਧੁਨੀ ਦਰਿ ਵਜਦੇ ਦਰਿ ਸਚੈ ਸੋਭਾ ਪਾਇ ॥***
***ਅੰਗ- 42***

***ਅਨਹਦ ਧੁਨੀ ਸਦ ਵਜਦੇ ਉਨਮਨਿ ਹਰਿ ਲਿਵ ਲਾਇ ॥***
***ਅੰਗ- 91***

ਉਨਮਨ 'ਚ ਪਹੁੰਚ ਗਏ -

***ਕਹਿ ਕਬੀਰ ਬੁਧਿ ਹਰਿ ਲਈ ਮੇਰੀ***
***ਬੁਧਿ ਬਦਲੀ ਸਿਧਿ ਪਾਈ ॥ ਅੰਗ- 339***

***ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥***
***ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥ ਅੰਗ -8***

ਉਹ ਉਨਮਨ ਅਵਸਥਾ ਜਿਹੜੀ ਆਤਮਕ ਬੁੱਧੀ, ਉਹ ਜਾਗ ਪਈ, ਪ੍ਰਗਟ ਹੋ ਗਈ।

***ਅਨਹਦ ਧੁਨੀ ਸਦ ਵਜਦੇ ਉਨਮਨਿ ਹਰਿ ਲਿਵ ਲਾਇ ॥***
***ਨਾਨਕ ਹਰਿ ਭਗਤਿ ਤਿਨਾ ਕੈ ਮਨਿ ਵਸੈ***
***ਜਿਨ ਮਸਤਕਿ ਲਿਖਿਆ ਧੁਰਿ ਪਾਇ ॥ ਅੰਗ - 91***

ਸੋ ਇਹਦੀ ਮਹਾਤਮਾ ਨੇ ਜੁਗਤੀ ਦਸ ਦਿਤੀ। ਬਚਨ ਕਮਾਇਆ।

***ਰਾਮ ਨਾਮੁ ਉਪਦੇਸੁ ਕਰਿ***
***ਖੇਲਿ ਗਇਆ ਦੇ ਵਣਜੁ ਸਓਤਾ॥***

***ਭਾਈ ਗੁਰਦਾਸ ਜੀ ਵਾਰ 10/21***

ਨਾਮ ਦੀ ਦਾਤ ਦੇ ਦਿਤੀ, ਮੰਤ੍ਰ ਦੇ ਦਿਤਾ ਤੇ ਉਹ ਫੇਰ ਦਿਨ ਰਾਤ ਰਾਮ-ਰਾਮ ਕਰਦੀ ਹੈ। ਪਹਿਲਾਂ ਰਸਨਾ ਨਾਲ ਸੀ ਨਾਮ, ਫੇਰ ਸਵਾਸ ਨਾਲ, ਹੌਲੀ-ਹੌਲੀ ਤਰੱਕੀ ਕਰਕੇ ਨਾਮ ਧਿਆਨ ਮੰਡਲ 'ਚ ਚਲਿਆ ਗਿਆ। ਉਸ ਤੋਂ ਤਰੱਕੀ ਕਰੀ ਤ੍ਰਿਕੁਟੀ ਟੁੱਟ ਗਈ ਤੇ ਸੁਰਤਿ ਦਾ ਨਾਮ ਜਿਹੜਾ ਚੜ੍ਹ ਕੇ ਲਿਵ ਦੀ ਅਵਸਥਾ ਤਕ ਪਹੁੰਚ ਗਿਆ। ਭਾਈ ਗੁਰਦਾਸ ਜੀ ਲਿਖਦੇ ਨੇ ਕਿ ਉਸ ਬੀਬੀ ਦੀ ਲਿਵ ਲਗ ਗਈ -

***ਲਿਵਲਾਗੀ ਤਿਸੁ ਤੋਤਿਅਹੁ ਨਿਤ ਪੜ੍ਹਾਏ ਕਰੈ ਅਸੋਤਾ॥***

***ਭਾਈ ਗੁਰਦਾਸ ਜੀ ਵਾਰ 10/21***

ਫੇਰ ਨਹੀਂ ਉਹ ਹਟੀ। ਅਸੋਤਾ ਕਰਦੀ ਹੈ, ਨੀਂਦ ਜਿੰਨੀ ਚਾਹੀਦੀ ਹੈ ਉਹਨੂੰ ਤੋੜ ਦਿੰਦੀ ਹੈ।

***ਪਤਿਤ ਉਧਾਰਣੁ ਰਾਮ ਨਾਮ ਦੁਰਮਤਿ ਪਾਪ ਕਲੇਵਰੁ ਧੋਤਾ।***

***ਭਾਈ ਗੁਰਦਾਸ ਜੀ ਵਾਰ 10/21***

ਪਹਾੜਾਂ ਵਰਗੇ ਪਾਪ ਜਿਹੜੇ ਸੀ ਉਹ ਧੋ ਕੇ ਬਾਹਰ ਮਾਰੇ ਨਾਮ ਨੇ -

***ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥***

***ਅੰਗ - 4***

ਨਾਮ ਪ੍ਰਵੇਸ਼ ਕਰ ਗਿਆ ਅੰਦਰ, ਹਰ ਵਕਤ ਨਾਮ 'ਚ ਰਹਿੰਦੀ ਹੈ। ਕਈ ਥਾਂ ਸਾਖੀ ਆਉਂਦੀ ਹੈ ਕਿ ਇਕ ਸਾਂਢ ਮਰਿਆ ਹੋਇਆ ਸੀ। ਪੰਡਤ ਉਹਨੂੰ ਜਿਉਂਦਾ ਕਰਨ ਵਾਸਤੇ ਗਾਇਤ੍ਰੀ ਦਾ ਮੰਤਰ ਪੜ੍ਹਦੇ ਸੀ, ਪਰ ਉਹ ਜਿਉਂਦਾ ਨਹੀਂ ਸੀ ਹੁੰਦਾ। ਇਹ ਲੰਘੀ ਜਾਂਦੀ ਸੀ ਬੀਬੀ ਤੇ ਉਸ ਵੇਲੇ ਐਵੇਂ ਹੀ ਤਰਕ ਮਾਰੀ ਕਿ ਆਹ ਜਾਂਦੀ ਹੈ, ਇਹ ਵੀ ਲੱਗੀ ਰਹਿੰਦੀ ਹੈ ਦਿਨ ਰਾਤ। ਬਾਰ-ਬਾਰ ਬੇਨਤੀਆਂ ਕਰੀਆਂ, ਆਵਾਜ਼ ਆ ਗਈ ਅੰਦਰੋਂ ਕਿ ਕੋਈ ਨੀਂ ਇਹਨਾਂ ਦਾ ਅਹੰਕਾਰ ਟੁੱਟ ਜਾਏਗਾ। ਰਾਮ ਕਹਿ ਤੇ ਛਿੱਟਾ ਮਾਰ। ਛਿੱਟਾ ਮਾਰਿਆ ਤਾਂ ਸਾਂਢ ਉੱਠ ਕੇ ਬੈਠ ਗਿਆ। ਨੀਵੀਆਂ ਪਾ ਲਈਆਂ ਸਾਰਿਆਂ ਨੇ ਕਿ ਰਾਮ ਦਾ ਨਾਮ ਜਿਹੜਾ ਹੈ ਇਹ ਤਾਂ ਸਭ ਤੋਂ ਉਤੇ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨੂੰ, ਯੋਗੀਆਂ ਨੂੰ, ਕਰਾਮਾਤੀਆਂ ਨੂੰ ਇਹ ਦ੍ਰਿਸ਼ਟਾਇਆ ਕਿ ਪਿਆਰਿਓ! ਨਾਮ

ਦੀ ਅਵਸਥਾ ਸਭ ਤੋਂ ਉਤੇ ਹੈ-

*ਨਾਨਕ ਕੈ ਘਰਿ ਕੇਵਲ ਨਾਮੁ ॥* *ਅੰਗ- 1136*
*ਕਲਜੁਗ ਨਾਨਕ ਨਾਮੁ ਸੁਖਾਲਾ।*

ਸੁਖਾਲਾ ਵੀ ਹੈ ਤੇ ਇਹਦੇ ਵਿਚ ਪ੍ਰਾਪਤੀ ਤੇ ਮਹਿਮਾ ਵੀ ਇਹਦੀ ਸਭ ਤੋਂ ਉਤੇ ਹੈ। ਸੋ ਲਿਵ ਲੱਗ ਗਈ, ਅਖੀਰ ਸਮਾਂ ਆ ਗਿਆ ਜਾਣ ਦਾ। ਕਈ ਪ੍ਰੇਮੀਆਂ ਦਾ ਖਿਆਲ ਹੈ ਕਿ ਸੱਪ ਨੇ ਤੋਤਾ ਖਾ ਲਿਆ, ਇਹਨੇ ਜਦੋਂ ਹੱਥ ਲਾਇਆ ਤਾਂ ਸੱਪ ਨੇ ਇਹਨੂੰ ਕੱਟ ਲਿਆ। ਲੇਕਿਨ ਕਿਵੇਂ ਵੀ ਇਹਦਾ ਅੰਤ ਆਇਆ। ਹਰ ਵਕਤ ਨਾਮ 'ਚ ਰਹਿੰਦੀ ਸੀ। ਅੰਤ ਦੇ ਵੇਲੇ ਜਿੱਥੇ ਨਾਮ ਹੈ -

*ਨਾਮੁ ਸੁਣਤ ਜਮੁ ਦੂਰਹੁ ਭਾਗੈ ॥* *ਅੰਗ- 1150*

ਜਿੱਥੇ ਨਾਮ ਸੁਣਿਆ ਜਾਂਦਾ ਹੈ, ਨਾਮ ਦੀ ਆਵਾਜ਼ ਆਉਂਦੀ ਹੈ, ਜਮ ਉਥੇ ਨੇੜੇ ਨਹੀਂ ਆਉਂਦਾ, ਨੱਠ ਜਾਂਦੈ ਉਥੋਂ ਤੇ ਇਹਦੀ ਅਵਸਥਾ ਕੀ ਹੋਈ? ਹਰ ਵਕਤ ਨਾਮ 'ਚ ਰਹਿੰਦੀ ਸੀ ਤੇ ਜਦੋਂ ਅੰਤ ਦਾ ਸਮਾਂ ਆਇਆ ਤਾਂ ਇਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਹੈ -

*ਧਾਰਨਾ - ਗਨਕਾ ਚੱਲੀ ਹੈ ਬਬਾਨਾਂ ਉਤੇ ਬੈਠ ਕੇ,*
*ਪਾਪਾਂ ਦਾ ਪਹਾੜ ਢਹਿ ਗਿਆ।*

*ਅੰਤਕਾਲੁ ਜਮਜਾਲੁ ਤੋੜਿ ਨਰਕੈ ਵਿਚਿ ਨ ਖਾਧੁਸੁ ਗੋਤਾ।*
*ਗਈ ਬੈਕੁੰਠਿ ਬਿਬਾਣਿ ਚੜ੍ਹਿ ਨਾਉ ਨਰਾਇਣੁ ਛੋਤਿ ਅਛੋਤਾ।*
*ਭਾਈ ਗੁਰਦਾਸ ਜੀ ਵਾਰ 10/21*

ਸੋ ਨਾਮ ਦੀ ਮਹਿਮਾ ਗੁਰੂ ਮਹਾਰਾਜ ਦਸਦੇ ਨੇ ਕਿ ਐਸੇ-ਐਸੇ ਪਾਪੀ ਸੰਤ ਰੂਪ ਦੇ ਵਿਚ ਆ ਗਏ। ਮਹਾਨ ਆਦਰਯੋਗ ਬਣ ਗਏ। ਕਿੱਡੀ ਸੀ ਨਿਰਾਦਰੀ ਇਸ ਦੀ - *'ਗਨਿਕਾ ਪਾਪਣਿ ਹੋਇਕੈ ਪਾਪਾਂ ਦਾ ਗਲਿ ਹਾਰੁ ਪਰੋਤਾ।'*

ਸਾਰੇ ਪਾਪਾਂ ਦਾ ਖਾਤਮਾ ਹੋ ਗਿਆ। ਨਾਮ ਨੇ ਖਾਤਮਾ ਕਰ ਦਿਤਾ ਤੇ ਉੱਚੀ ਤੋਂ ਉੱਚੀ ਪਦਵੀ, ਪ੍ਰਾਪਤ ਉਸ ਨੂੰ ਹੋ ਗਈ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ ਪਿਆਰਿਆ -

*ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥*
*ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰ ਧਾਰੋ ॥*
*ਅੰਗ- 632*

ਤੁਸੀਂ ਵੀ ਹਿਰਦੇ 'ਚ ਧਾਰਨ ਕਰੋ ਇਹ ਗੱਲ ਤੇ ਜੇ ਤੂੰ ਕਰੇਂਗਾ, ਤੂੰ ਵੀ ਇਸੇ ਤਰ੍ਹਾਂ ਤਰ ਜਾਏਂਗਾ। ਪਾਪਾਂ ਬਾਰੇ ਨਾ ਡਰ ਕਿ ਮੇਰੇ 'ਤੇ ਬੇਅੰਤ ਪਹਾੜ ਪਏ ਨੇ ਦੇ, ਨਾਮ ਦਾ ਸਾਬਣ ਲੈ-ਲੈ, ਤਰ ਜਾਏਂਗਾ -

*ਧਾਰਨਾ - ਤੂੰ ਵੀ ਤਰ ਜਾਏਂਗਾ,*
*ਭਜ ਲੈ ਗੋਬਿੰਦ ਨੂੰ।*
*ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ ॥*
*ਅੰਗ - 632*

ਆਪਣੇ ਆਪ ਨੂੰ ਨਾ ਬਾਹਰ ਕੱਢ। ਜੇ ਉਹਦਾ ਉਧਾਰ ਹੋ ਸਕਦਾ ਹੈ, ਤੂੰ ਗੁਰੂ ਵਾਲਾ ਬਣ ਤੇ ਮੰਤਰ ਦੀ ਪ੍ਰਾਪਤੀ ਕਰ। ਬੰਦਗੀ ਕਰ, ਕੁਛ ਕਰ, ਸੁਣ ਕੇ ਨਾ ਭੁੱਲ। ਨੁਕਸ ਇਥੇ ਪੈਂਦੈ ਜਦ ਅਸੀਂ ਅੰਦਰਲੀਆਂ ਰਹਿਤਾਂ ਨਹੀਂ ਰਖਦੇ। ਇਹ ਜੋ ਪੁਸਤਕ ਹੈ ਵਾਹਿਗੁਰੂ ਨੇ ਪਤਾ ਨਹੀਂ ਕਿਵੇਂ ਬਣਾ ਲਈ ਇਹ, ਲਗਾਤਾਰ ਸੱਤ ਦੀਵਾਨਾਂ ਦੇ ਅੰਦਰ ਇਕੋ ਹੀ ਵਿਚਾਰ ਚਲਦੀ ਰਹੀ ਕਿ ਕਿਸ ਤਰ੍ਹਾਂ ਦੇ ਨਾਲ ਨਾਮ ਜਪਿਆ ਜਾਂਦੈ। ਕਿਸ ਤਰ੍ਹਾਂ ਦੇ ਨਾਲ ਇਹ ਫਲੀਭੂਤ ਹੁੰਦੈ। ਕਿਹੜੀ ਕੁਰਹਿਤ ਕਰਨ ਦੇ ਨਾਲ ਨਾਮ ਦੇ ਮੰਡਲ 'ਚੋਂ ਨਿਕਲ ਜਾਂਦੇ ਹਾਂ। ਮੈਂ ਤਾਂ ਆਪ ਜਦੋਂ ਪੜ੍ਹਦਾ ਹਾਂ, ਹੈਰਾਨ ਹੋ ਜਾਂਦਾ ਹਾਂ ਕਿ ਇਹ ਬਚਨ ਕਿੱਥੋਂ ਆ ਗਏ? ਬੜਾ ਸੋਹਣਾ ਇਹਦੇ ਵਿਚ ਲਿਖਿਆ ਗਿਆ ਹੈ, 'ਸੁਰਤਿ ਸਬਦਿ ਮਾਰਗ' ਇਹਨੂੰ ਨਾਮ ਦਿਤਾ ਗਿਆ ਹੈ। ਮੈਂ ਵੀ ਵਿਚਾਰ ਕੇ ਥੋੜ੍ਹੀ ਜਿਹੀ ਦੇਖੀ ਹੈ ਬਿਲਕੁਲ ਠੀਕ ਹੈ, ਜੇ ਅੰਦਰਲੀਆਂ ਰਹਿਤਾਂ ਦੇ ਉਤੇ ਪੱਕਾ ਰਹੇ, ਅੰਦਰਲੀਆਂ ਰਹਿਤਾਂ ਧਾਰਨ ਕਰੇ, ਸਾਵਧਾਨ ਰਹੇ, ਉਸ ਵੇਲੇ ਸਾਡਾ ਵੀ ਉਧਾਰ ਹੋ ਸਕਦੈ, ਕੋਈ ਸਾਡੇ ਵਾਸਤੇ ਦਰਵਾਜ਼ੇ ਬੰਦ ਨਹੀਂ ਹੈ ਕਿ ਤੁਸੀਂ ਪਾਪ ਬਹੁਤ ਕਰੇ ਨੇ। ਹੋਰ ਜਨਮ ਧਾਰ ਕੇ ਆਓ। ਪ੍ਰਮੇਸ਼ਰ ਦੇ ਦਰ 'ਤੇ ਐਸੀਆਂ ਬਾਤਾਂ ਨਹੀਂ ਹੈ। ਉਹ ਬਖਸ਼ਿਸ਼ ਦਾ ਦਰ ਹੈ –

***ਜੋ ਸਰਣਿ ਆਵੈ ਤਿਸੁ ਕੰਠਿ ਲਾਵੈ***
***ਇਹੁ ਬਿਰਦੁ ਸੁਆਮੀ ਸੰਦਾ ॥*** ***ਅੰਗ – 544***

ਇਥੇ ਇਸ ਤਰ੍ਹਾਂ ਨਹੀਂ ਕਿਹਾ ਕਿ ਪੁੰਨੀ ਸ਼ਰਨ ਆਵੇ। ਉਹਦੇ ਵਿਚ ਪਾਪੀ ਵੀ ਆ ਗਏ, ਪੁੰਨੀ ਵੀ ਆ ਗਏ। ਕੇਵਲ ਸ਼ਰਨ ਆਉਣੈ, ਸਮਰਪਿਤ ਕਰਨੈ ਆਪਣੇ ਆਪ ਨੂੰ। ਚਾਹੇ ਮਹਾਂਪਾਪੀ ਹੈ। ਜੇ ਬਾਲਮੀਕ ਨੇ ਆਪਣਾ ਆਪ ਸਮਰਪਿਤ ਕੀਤਾ ਕਿੱਡੀ ਪਦਵੀ 'ਤੇ ਪਹੁੰਚ ਗਿਆ। ਕ੍ਰਿਸ਼ਨ ਮਹਾਰਾਜ ਨੇ ਪਾਂਡਵਾਂ ਦੇ ਯੱਗ 'ਚ ਬੁਲਾ ਕੇ ਉਹਨਾਂ ਦੇ ਚਰਨ ਵੀ ਧੋਤੇ ਤੇ ਜੂਠੀਆਂ ਪੱਤਲਾਂ ਆਪਣੇ ਹੱਥ ਨਾਲ ਚੁੱਕੀਆਂ ਤੇ ਯੱਗ ਸੰਪੂਰਨ ਨਹੀਂ ਸੀ ਹੁੰਦਾ –

***ਰੇ ਚਿਤ ਚੇਤਿ ਚੇਤ ਅਚੇਤ ॥ ਕਾਹੇ ਨ ਬਾਲਮੀਕਹਿ ਦੇਖ ॥***
***ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ ॥***
***ਅੰਗ– 1124***

ਉਹਦਾ ਤਾਂ ਕਿਰਦਾਰ ਸੀ ਕਿ –

***ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾੜਾ।***
***ਭਾਈ ਗੁਰਦਾਸ ਜੀ ਵਾਰ 10/19***

ਪਾਪਾਂ ਦਾ ਕੋਈ ਹਿਸਾਬ ਸੀ ਉਸ ਦੇ। ਲੇਕਿਨ ਜਦੋਂ ਪੂਰਾ ਸਤਿਗੁਰੂ ਮਿਲ ਗਿਆ –

***ਪੂਰਾ ਸਤਿਗੁਰੁ ਭੇਟਿਆ ਮਨ ਵਿਚਿ ਹੋਆ ਖਿੰਜੋ ਤਾੜਾ।***
***ਭਾਈ ਗੁਰਦਾਸ ਜੀ ਵਾਰ 10/21***

ਐਵੇਂ ਰੌਲਾ ਪਾਈ ਜਾਨੇ ਹਾਂ ਅਸੀਂ। ਪਹਿਲਾਂ ਤੋਂ ਹੀ ਸਤਿਗੁਰੂ ਦਾ

ਵਜੂਦ ਆਉਂਦੈ। ਪੂਰਾ ਮਿਲ ਗਿਆ ਤੇ ਉਸ ਨੇ ਉਸ ਨੂੰ ਨਾਮ ਦੀ ਦਾਤ ਦਿਤੀ। ਉਹਨੇ ਦ੍ਰਿੜ੍ਹਤਾ ਦੇ ਨਾਲ ਨਾਮ ਦੀ ਕਮਾਈ ਕੀਤੀ। ਕਿਉਂਕਿ ਸਮਰਪਿਤ ਕਰ ਦਿਤਾ ਆਪਣੇ ਆਪ ਨੂੰ। ਗੋਲਾ ਬਣ ਗਿਆ, ਗੁਲਾਮ ਬਣ ਗਿਆ, ਫੇਰ ਕਿੰਤੂ ਪਰੰਤੂ ਨਹੀਂ ਉਹਦੇ ਮਨ ਵਿਚ ਆਇਆ। ਪੁੱਗ ਗਿਆ ਤੇ ਪੁੱਗਿਆ ਹੋਇਆ ਅੱਜ ਤੱਕ ਅਮਰ ਚਲਿਆ ਆਉਂਦੈ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ –

***ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ ॥***

***ਅੰਗ– 632***

ਤੂੰ ਨਾ ਇਹ ਦੇਖ ਕਿ ਮੈਂ ਮਹਾਂ ਪਾਪੀ ਹਾਂ ਜਾਂ ਕਈ ਵਾਰੀ ਪਾਪ ਕਰਨ ਵਾਲੇ ਮੂਹਰੇ ਲੰਘ ਜਾਂਦੇ ਨੇ। ਕਿਉਂਕਿ ਉਹਨਾਂ ਨੇ ਮੰਨ ਲਿਆ। ਕਈ ਵਾਰੀ ਕਈ ਐਸੇ ਹੁੰਦੇ ਨੇ ਬਾਹਰੋਂ ਬੜੀ ਉਹਨਾਂ ਦੀ ਮਾਨਤਾ ਹੈ ਲੇਕਿਨ ਅੰਦਰੋਂ ਪਾਪ ਦੇ ਭਰੇ ਹੋਏ, ਗੁਨਾਹਾਂ ਦੇ ਭਰੇ ਹੋਏ ਉਹ ਜਿਹੜੀ ਹੈ ਚੀਜ਼ ਓਹੀ ਨਹੀਂ ਉਹਨਾਂ ਨੂੰ ਅਗਾਂਹਾਂ ਲੰਘਣ ਦਿੰਦੀ। ਕਿਉਂਕਿ ਉਹ ਬਗਲਾ ਬਿਰਤੀ ਹੋਇਆ ਕਰਦੀ ਹੈ। ਬਾਹਰੋਂ ਬੜੇ ਸੋਹਣੇ, ਅੰਦਰ ਪਾਪ ਭਰੇ ਹੋਏ। ਸੋ ਇਕ ਬਿਰਤੀ ਧਾਰਨ ਕਰਕੇ ਜਦੋਂ ਅਸੀਂ ਗੁਰੂ ਦੀ ਸ਼ਰਨ ਵਿਚ ਜਾਵਾਂਗੇ, ਗੁਰੂ ਸਾਡੀ ਮਾਂ ਵਰਗਾ ਹੈ –

***ਸੁਤੁ ਅਪਰਾਧ ਕਰਤ ਹੈ ਜੇਤੇ ॥***
***ਜਨਨੀ ਚੀਤਿ ਨ ਰਾਖਸਿ ਤੇਤੇ ॥ 1 ॥***
***ਰਾਮਈਆ ਹਉ ਬਾਰਿਕੁ ਤੇਰਾ ॥***
***ਕਾਹੇ ਨ ਖੰਡਸਿ ਅਵਗਨੁ ਮੇਰਾ ॥***
***ਜੇ ਅਤਿ ਕ੍ਰੋਪ ਕਰੇ ਕਰਿ ਧਾਇਆ ॥***
***ਤਾ ਭੀ ਚੀਤਿ ਨ ਰਾਖਸਿ ਮਾਇਆ ॥*** ***ਅੰਗ– 478***

ਗਾਲਾਂ ਵੀ ਮਾਂ ਨੂੰ ਕੱਢੀ ਜਾਵੇ। ਧੱਕੇ ਵੀ ਮਾਰ ਦੇਵੇ। ਮਾਂ ਨਾ ਕਦੇ ਵੀ ਉਸ ਨੂੰ ਮਾੜਾ ਕਹੇਗੀ।

ਇਥੇ ਇਕ ਬੀਬੀ ਸੀ ਉਹ ਆਪਣੇ ਪੁੱਤਰ ਦੀਆਂ ਸ਼ਿਕਾਇਤਾਂ ਲਾਉਣ ਲੱਗ ਗਈ। ਉਹਦੇ ਮੂੰਹ 'ਚੋਂ ਨਿਕਲ ਗਿਆ ਕਿ ਇਸ ਤੋਂ ਮਰ ਹੀ ਜਾਵੇ ਚੰਗਾ ਹੈ। ਉਹ ਕੁਦਰਤ ਐਸੀ ਹੋਈ ਕਿ ਪੰਜ–ਛੇ ਦਿਨ ਬਾਅਦ ਐਕਸੀਡੈਂਟ ਹੋ ਗਿਆ, ਉਹ ਮਰ ਗਿਆ। ਐਨੀ ਰੋਂਦੀ ਫਿਰਦੀ ਸੀ ਉਹ ਸਾਡੇ ਤੋਂ ਬਰਾਈ ਨਾ ਜਾਵੇ। ਬੀਬੀ ਜੀ ਨਾਲ ਗੱਲ ਹੋਈ ਸੀ। ਇਹਨਾਂ ਨੇ ਬਹੁਤ ਸਮਝਾਇਆ ਕਿ ਤੂੰ ਆਪਣੇ ਮੂੰਹ ਨਾਲ ਹੀ ਕਹਿੰਦੀ ਸੀ। ਕਹਿੰਦੀ, ਮੈਂ ਅੰਦਰੋਂ ਤਾਂ ਨਹੀਂ ਸੀ ਕਹਿੰਦੀ, ਉਤੋਂ–ਉਤੋਂ ਕਹਿੰਦੀ ਸੀ, ਗੁਬਾਰ ਕੱਢਦੀ ਸੀ। ਅੰਦਰੋਂ ਤਾਂ ਮੇਰਾ ਪਿਆਰਾ ਪੁੱਤਰ ਹੈ, ਕੀ ਹੋ ਗਿਆ ਜੇ ਉਹ ਗਲਤੀਆਂ ਕਰਦਾ ਸੀ ਤਾਂਵੀ ਮੇਰਾ ਪੁੱਤਰ ਹੀ ਸੀ। ਸਾਡਾ ਸਬੰਧ ਪ੍ਰਮੇਸ਼ਰ ਨਾਲ ਐਸਾ ਹੈ। ਜੋੜੋ ਸਬੰਧ। ਉਧਰ ਰੁਖ ਕਰੋ, ਉਹ ਬਖਸ਼ਣ ਨੂੰ ਤਿਆਰ ਬੈਠਾ ਹੈ, ਕੋਈ ਬਖਸ਼ਾ ਲਓ। ਉਹਦੇ ਘਰ 'ਚ ਕੀ ਘਾਟਾ ਹੈ। ਸੋ ਇਸ ਤਰ੍ਹਾਂ ਦੇ ਨਾਲ ਜੋ ਬੇਨਤੀਆਂ ਕੀਤੀਆਂ ਨੇ ਧਿਆਨ ਵਿਚ ਲਿਆਓ ਤੇ ਇਹਦੇ ਉਤੇ ਚੱਲਣ ਦਾ ਯਤਨ ਕਰੋ। ਮਹਾਰਾਜ

ਕਹਿੰਦੇ ਫੇਰ ਤੂੰ ਵੀ ਪਾਰ ਉਤਰ ਜਾਏਂਗਾ। ਤੇਰੇ ਵਾਸਤੇ ਕੋਈ ਬੰਧਸ਼ ਨਹੀਂ ਲੱਗੀ ਹੋਈ। ਮਹਾਂ-ਮਹਾਂ ਹਤਿਆਰੇ ਵੀ ਪਾਪ ਕਰਨ ਵਾਲੇ ਪ੍ਰਮੇਸ਼ਰ ਦਾ ਨਾਮ ਜਦੋਂ ਹਿਰਦੇ 'ਚ ਵਸ ਜਾਂਦੈ ਉਹ ਆਪ ਹੀ ਨੀਂ ਉਧਰਦੇ ਲੱਖਾਂ ਨੂੰ ਉਧਾਰਨ ਦੇ ਕਾਬਲ ਹੋ ਜਾਇਆ ਕਰਦੇ ਨੇ। ਅਸੀਂ ਜੇ ਕਹੀਏ, ਫਲਾਣਾ ਤਾਂ ਐਹੋ ਜਿਹਾ ਸੀ। ਉਹਦਾ ਤਾਂ ਡਾਕੇ ਮਾਰਦਾ ਹੁੰਦਾ। ਐਸੀਆਂ ਮਿਸਾਲਾਂ ਨੇ, ਬਹੁਤ ਸਾਰੀਆਂ। ਮੈਂ ਬਹੁਤ ਵਾਰੀ ਸਤਿਸੰਗ 'ਚ ਦੱਸੀਆਂ ਨੇ। ਡਾਕੇ ਮਾਰਨ ਵਾਲੇ ਐਡੇ ਉੱਚੇ ਮਹਾਤਮਾ ਹੋਏ ਦੁਨੀਆਂ ਉਹਨਾਂ ਦੇ ਪੈਰਾਂ ਦੇ ਉਤੇ ਜਾ ਕੇ ਡਿੱਗਿਆ ਕਰੇ। ਨਾਲੇ ਉਹਨਾਂ ਨੂੰ ਪਤਾ ਸੀ ਕਿ ਇਹ ਡਾਕੇ ਮਾਰਦਾ ਹੁੰਦਾ ਸੀ। ਸਾਰਿਆਂ ਦੇ ਸਾਮ੍ਹਣੇ ਮਾੜੇ ਕੰਮ ਕਰਦਾ ਹੁੰਦਾ। ਉਹ ਕਿੱਧਰ ਚਲੇ ਗਏ? ਉਹ ਨਾਮ ਦੇ ਬਲ ਨਾਲ ਮਾਤ ਪਾ ਦਿਤੇ। ਹੁਣ ਉਹਨਾਂ ਦੇ ਕੋਲ ਕੀ ਰਹਿ ਗਿਆ? ਜਿਹੜਾ ਨਾਮ ਦਾ ਪ੍ਰਕਾਸ਼ ਸੀ ਉਹੀ ਨਜ਼ਰ ਆਉਂਦੈ। ਉਹ ਤਾਂ ਮਿਟ ਗਿਆ ਜਿਹੜਾ ਪਾਪ ਦਾ ਸੀ ਸਮਾਂ। ਉਹਨੂੰ ਬਾਰ-ਬਾਰ ਯਾਦ ਦੂਜਾ ਕਰਦੈ, ਉਹ ਆਪਣੇ ਉਤੇ ਬੋਝ ਚੁੱਕਣਾ ਸ਼ੁਰੂ ਕਰ ਦਿੰਦੈ। ਸੋ ਇਸ ਕਰਕੇ ਸਾਧਸੰਗਤ ਜੀ! ਅੰਦਰਲੀਆਂ ਰਹਿਤਾਂ ਰੱਖੋ, ਬਾਹਰਲੀਆਂ ਤਾਂ ਰੱਖਣੀਆਂ ਹੀ ਰੱਖਣੀਆਂ ਨੇ ਪੰਜ ਪਿਆਰਿਆਂ ਨੇ ਤੁਹਾਨੂੰ ਕਹਿ ਦਿਤੀਆਂ। ਤੁਸੀਂ ਅੰਦਰ ਧਾਰਨ ਕਰ ਲਿਆ ਕਿ ਨਹੀਂ ਅਸੀਂ ਰਹਿਤਾਂ ਤੋੜਾਂਗੇ। ਅੰਦਰਲੀਆਂ ਨੂੰ ਧਾਰਨ ਨਹੀਂ ਕਰਿਆ, ਕਿਉਂਕਿ ਕੋਈ ਮਿਲਿਆ ਨਹੀਂ ਹੈ pledge (ਪ੍ਰਤੱਗਿਆ) ਕਰਾਉਣ ਵਾਲਾ। ਮਹਾਤਮਾ ਦੀ ਸੰਗਤ 'ਚ ਆ ਕੇ, ਮਹਾਤਮਾ ਪਹਿਲਾਂ ਰਹਿਤਾਂ ਰਖਾਉਂਦੇ ਨੇ ਕਿ ਤੂੰ ਇਹ ਰਹਿਤਾਂ ਰੱਖਣੀਆਂ ਨੇ -

***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥*** ***ਅੰਗ- 274***

***ਕਰਨ ਨ ਸੁਨੈ ਕਾਹੂ ਕੀ ਨਿੰਦਾ ॥*** ***ਅੰਗ - 274***

***ਹਮ ਨਹੀ ਚੰਗੇ ਬੁਰਾ ਨਹੀ ਕੋਇ ॥*** ***ਅੰਗ- 728***
***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥***
***ਅੰਗ- 1364***

ਸੋ ਇਸ ਪੁਸਤਕ ਦੇ ਵਿਚੋਂ ਸਾਰੀਆਂ ਲੱਭ ਜਾਂਦੀਆਂ ਨੇ। ਮਹਾਰਾਜ ਦੀ ਬੜੀ ਮਿਹਰ ਹੈ ਕਿ ਲਿਖਤ ਰੂਪ 'ਚ ਸਾਡੇ ਸਾਮ੍ਹਣੇ ਆ ਗਿਆ। ਜੇ ਅਸੀਂ ਵੀਡੀਓ ਫਿਲਮਾਂ 'ਚ ਦੇਖੀਏ ਤਾਂ 21 ਘੰਟੇ ਲਗਦੇ ਨੇ, ਪੁਸਤਕ ਰੂਪ 'ਚ ਹੈ ਜਦੋਂ ਮਰਜ਼ੀ ਚੁਕ ਕੇ ਪੜ੍ਹ ਲਓ। ਲੇਕਿਨ ਮੈਂ ਇਕ ਬੇਨਤੀ ਕਰਦਾ ਹਾਂ ਕਿ ਜੇ ਪੜ੍ਹਨੀ ਹੈ ਤਾਂ ਬੁੱਧੀ ਨੂੰ heat ਨਾ ਕਰੋ, ਨਹੀਂ ਫੇਰ ਕੋਈ ਅਸਰ ਨਹੀਂ ਹੋਣਾ। ਇਹ ਨਹੀਂ ਹੈ ਕਿ ਇਹਨੂੰ ਯਾਦ ਕਰਕੇ ਅਗਾਂਹਾਂ ਸੁਣਾਈਏ।

ਇਕ ਦਿਨ ਇਥੇ ਇਕ ਸਿੰਘ ਆਇਆ, ਬੈਠਾ ਰਿਹਾ ਸਾਰੀ ਸੰਗਤ 'ਚ। ਉੱਠ ਕੇ ਖੜ੍ਹਾ ਹੋ ਗਿਆ ਅਚਾਨਕ। ਮੈਂ ਕਿਹਾ ਕੀ ਗੱਲ ਭਾਈ ਸਾਹਿਬ?

ਬੜਾ ਸੋਹਣਾ ਉਹਦਾ ਵੇਸ-ਭੂਸ਼ਨ। ਪੂਰਾ ਸਿੰਘ ਲੱਗੇ। ਕਹਿੰਦਾ, ਜੀ ਮੈਂ ਤਾਂ ਜੀ ਤੁਹਾਡਾ ਚੋਰ ਹਾਂ। ਮੈਂ ਕਿਹਾ, ਕਿਵੇਂ?

ਕਹਿੰਦਾ, ਮੈਂ ਤੁਹਾਡੇ ਖਿਆਲ ਚੁਰਾ ਲਏ। ਮੈਂ ਢਾਡੀ ਹਾਂ, ਮੈਂ ਆਪਣੇ ਬਣਾ ਕੇ ਹੁਣ ਦਸਦਾਂ। ਅਸਰ ਕੀ ਹੋਇਆ ਮੇਰੀ ਮਾਨਤਾ ਬੜੀ ਵਧ ਗਈ। ਲੋਕ ਕਹਿੰਦੇ ਇਹ ਤਾਂ ਬਹੁਤ ਵਿਦਵਾਨ ਹੈ। ਮੈਂ ਕਿਹਾ, ਉਹ ਤਾਂ ਗੱਲ ਤੇਰੀ ਬਹੁਤ ਵਧੀਆ ਹੈ ਪਰ ਕੁਛ ਆਪਣੇ ਉਤੇ ਵੀ ਕਮਾ ਲਿਆ ਕਰ। ਹੈ ਕੋਈ ਖਿਆਲ ਐਸਾ? ਕਹਿੰਦਾ, ਆਹੀ ਮੈਂ ਦੱਸਣ ਆਇਆ ਕਿ ਕਮਾਉਣ ਵਾਲੀ ਗੱਲ ਤਾਂ ਬਹੁਤ ਦੂਰ ਦੀ ਰਹਿ ਗਈ, ਪਰ ਚੋਰੀ ਕੀਤੇ ਬਚਨ ਮੈਨੂੰ ਪੈਸਾ ਵੀ ਜ਼ਿਆਦਾ ਦਿਵਾਉਣ ਲੱਗ ਗਏ, ਮੇਰੇ ਪ੍ਰੋਗਰਾਮ ਵੀ ਵਧ ਗਈਆਂ, ਤੁਸੀਂ ਨਾ ਬੁਰਾ ਮੰਨਿਓ। ਮੈਂ ਕਿਹਾ, ਅਸੀਂ ਟੇਪਾਂ ਭਰੀਆਂ ਹੀ ਤਾਂ ਨੇ ਕਿ ਸ੍ਰੀ ਗੁਰੂ ਨਾਨਕ ਸਾਹਿਬ ਦਾ ਜੋ ਸਿਧਾਂਤ ਹੈ ਇਹ ਦੁਨੀਆਂ ਨੂੰ ਪਤਾ ਲੱਗੇ। ਸੋ ਇਸ ਤਰ੍ਹਾਂ ਸਾਧਸੰਗਤ ਜੀ ਅੰਦਰੋਂ, ਸਾਵਧਾਨ ਹੋਵੋ। ਆਪਣੇ ਆਪ ਨੂੰ ਪਰਖੋ। ਗੁਰੂ ਦੇ ਚਰਨਾਂ 'ਤੇ ਆਪਣੇ ਆਪ ਨੂੰ ਸਮਰਪਿਤ ਕਰ ਦਿਓ, ਜਦੋਂ ਅਸੀਂ ਗੁਰੂ ਦੇ ਬਣ ਗਏ ਫੇਰ ਗੁਰੂ ਸਾਡਾ ਬਣ ਜਾਂਦੈ। ਮਹਾਰਾਜ ਦਾ ਬਚਨ ਹੈ - ਕਹਿੰਦੇ ਜੋਗਿਆ! ਕੀਹਦੇ ਜੋਗੈ? ਕਹਿੰਦਾ, ਗੁਰੂ ਜੋਗਾ।

ਕਹਿੰਦੇ, ਜੇ ਤੂੰ ਗੁਰੂ ਜੋਗਾ ਹੈਂ ਤਾਂ ਗੁਰੂ ਅੱਜ ਤੋਂ ਤੇਰੇ ਜੋਗਾ ਹੋ ਜਾਏਗਾ। ਗੁਰੂ ਨਹੀਂ ਇਸ ਤਰ੍ਹਾਂ ਨਹੀਂ ਹੁੰਦਾ, ਜਿਹੜਾ ਗੁਰੂ ਦੇ ਪਰਣੇ ਹੋ ਜਾਏ ਗੁਰੂ ਉਹਦਾ ਹੋ ਜਾਂਦੈ। ਸੋ ਹੁਣ ਸਾਰੇ ਪ੍ਰੇਮੀ ਅਨੰਦ ਸਾਹਿਬ, ਗੁਰ ਸਤੋਤਰ ਦੇ ਵਿਚ ਬੋਲੋ।

ਹੁਕਮਨਾਮਾ, ਅਰਦਾਸ।

# ਸੱਚਾ ਪਿਆਰ

ਸ਼ਾਨ......................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - 289*

*ਧਾਰਨਾ - ਪ੍ਰੀਤਮ ਮੇਰਾ ਪਿਆਰਾ,*
*ਕੋਈ ਆਣ ਕੇ ਮਿਲਾਵੇ।*

*ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ*
*ਹਉ ਤਿਸੁ ਪਹਿ ਆਪੁ ਵੇਚਾਈ ॥*
*ਦਰਸਨੁ ਹਰਿ ਦੇਖਣ ਕੈ ਤਾਈ ॥*
*ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ*
*ਹਰਿ ਹਰਿ ਨਾਮੁ ਧਿਆਈ ॥ ਰਹਾਉ ॥*
*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥*
*ਤਨੁ ਮਨੁ ਕਾਟਿ ਕਾਟਿ ਸਭੁ ਅਰਪੀ*
*ਵਿਚਿ ਅਗਨੀ ਆਪੁ ਜਲਾਈ ॥*
*ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥*
*ਨਾਨਕੁ ਗਰੀਬੁ ਢਹਿ ਪਇਆ ਦੁਆਰੈ*
*ਹਰਿ ਮੇਲਿ ਲੈਹੁ ਵਡਿਆਈ ॥* *ਅੰਗ - 757*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ, ਬੇਨਤੀ ਕੀਤੀ ਹੈ ਕਿ ਕੋਈ, ਉਨੇ ਬੋਦੇ, ਜਿਸਨੂੰ ਮੈਂ ਮਿਲਣਾ ਚਾਹੁੰਦਾ ਹਾਂ, ਜੋ ਮੇਰਾ ਪਿਆਰਾ ਹੈ, ਉਹਨੂੰ ਕੋਈ ਮਿਲਾ ਦੇਵੇ, ਮਿਲਾਉਣ ਦੀ ਕੀਮਤ ਮੈਂ ਦੇਣ ਵਾਸਤੇ ਤਿਆਰ ਹਾਂ। ਕਿਉਂਕਿ ਮੇਰੇ ਮਨ ਦੇ ਅੰਦਰ ਲੋਚਾ ਹੈ - ***'ਦਰਸਨੁ ਹਰਿ ਦੇਖਣ ਕੈ ਤਾਈ॥'*** ਉਸੇ ਪਾਸ ਬੇਨਤੀ ਹੈ - ***'ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ ॥'*** ਤੇ ਮੈਂ ਆਪਣਾ ਜੀਵਨ ਕਿਸ ਤਰ੍ਹਾਂ ਦਾ ਬਣਾਵਾਂ, ਜੇ ਸੁੱਖ ਵੀ ਹੈ ਮੈਨੂੰ ਦਿੱਤਾ ਹੋਇਆ। ਬੇਅੰਤ ਸੁਖ ਹੈ ਕਾਰਾਂ ਨੇ, ਕੋਠੀਆਂ ਨੇ, ਬਿਜ਼ਨਸਾਂ ਬੜੀਆਂ ਚੱਲ ਰਹੀਆਂ ਨੇ, ਜ਼ਮੀਨਾਂ-ਜਾਇਦਾਦਾਂ, ਬੜੇ ਅਹੁਦੇ ਨੇ ਤਾਂ ਵੀ ਹੇ ਪ੍ਰਭੂ! ਮੈਂ ਤੇਰਾ ਹੀ ਧਿਆਨ ਕਰਾਂ। ਤੈਨੂੰ ਹੀ ਧਿਆਵਾਂ। ਜੇ ਭਲਾ ਦੁੱਖ ਆ ਜਾਵੇ ਤਾਂ ਵੀ ਮੈਂ ਤੇਰਾ ਹੀ ਧਿਆਨ ਕਰਾਂ, ਤੈਨੂੰ ਹੀ ਧਿਆਵਾਂ ਓਨਾਂ ਹੀ ਪਿਆਰ ਕਰਾਂ -

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥*
*ਅੰਗ - 757*

ਸੁੱਖ ਤੇ ਦੁਖ ਦੀ ਸਮਾਨ ਅਵਸਥਾ, ਦੋਹਾਂ ਅਵਸਥਾ 'ਚ ਮੈਂ ਤੇਰਾ ਧਿਆਨ ਕਰਾਂ। ਜੇ ਮੈਨੂੰ ਰੋਟੀ ਖਾਣ ਨੂੰ ਨਾ ਮਿਲੇ, ਕੱਪੜਾ ਪਹਿਨਣ ਨੂੰ ਨਾ ਮਿਲੇ, ਮਕਾਨ ਰਹਿਣ ਨੂੰ ਨਾ ਮਿਲੇ ਤਾਂ ਮੈਂ ਕਦੇ ਵੀ ਯਾਚਨਾ ਨਹੀਂ ਕਰਦਾ ਕਿ ਮੈਨੂੰ ਦੇਹ, ਮੈਨੂੰ ਰੋਟੀ ਵੀ ਦੇਹ, ਮੈਨੂੰ ਕੱਪੜੇ ਵੀ ਦੇਹ, ਮੇਰੀ ਪਹਿਲੀ ਮੰਗ ਤੇਰੇ ਦਰਸ਼ਨ ਨੇ। ਮੈਨੂੰ ਇਹ ਦੇ। ਮੈਂ ਰੱਜਿਆ ਹੀ ਰਹਾਂ, ਐਵੇਂ ਹੀ, ਬਗੈਰ ਭੁੱਖ ਦੇ ਵਿਚੇ ਹੀ ਤੇ ਜੇ ਦੁੱਖ ਹੈ ਮੈਂ ਉਹਨੂੰ ਸੁੱਖ ਕਰਕੇ ਮੰਨ ਲਵਾਂ। ਤਨ ਮਨ ਕੱਟ-ਕੱਟ ਕੇ ਅਰਪਣ ਕਰ ਦੇਵਾਂ, ਇਹਦੀ ਕੀਮਤ ਦੇਣ ਵਾਸਤੇ। ਪੱਖਾਂ ਫੇਰਾਂ, ਪਾਣੀ ਢੋਵਾਂ ਤੇ ਮੈਂ ਹੋਰ ਸਾਧੂਆਂ ਦੀ ਸੇਵਾ ਕਰਾਂ। ਮੈਂ ਗਰੀਬ ਆ ਕੇ ਤੇਰੇ ਦੁਆਰੇ 'ਤੇ ਢਹਿ ਪਿਆ। ਬਖਸ਼ ਲੈ ਇਹ ਤੇਰੀ ਵਡਿਆਈ ਹੈ, ਕਿਉਂਕਿ ਤੂੰ ਬਖਸ਼ਣਹਾਰ ਹੈਂ, ਬਖਸ਼ ਦਿੰਦਾ ਹੈਂ। ਸੋ ਬੜੀ ਲੋਚਾ ਹੈ ਮਨ ਦੇ ਅੰਦਰ, ਕਿਸੇ-ਕਿਸੇ ਦੇ ਉੱਠਦੀ ਹੈ। ਬਾਕੀ ਸੰਸਾਰ ਜਿਹੜਾ ਹੈ ਉਹ ਤਾਂ ਮਾਇਆ ਨੇ ਜਾਲਿਆ ਪਿਆ ਹੈ -

*ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ*
*ਕੋਈ ਹਰਿਆ ਬੂਟੁ ਰਹਿਓ ਰੀ ॥* *ਅੰਗ - 384*

ਕੋਈ ਹਰਾ ਬੂਟਾ ਹੈ, ਨਹੀਂ ਤਾਂ ਸਾਰਿਆਂ ਦਾ ਮਨ ਮਾਇਆ ਨੇ ਜਾਲ ਦਿੱਤਾ ਹੈ। ਦਰਸ਼ਨ ਦੀ ਲੋਚਾ ਕਿਸੇ-ਕਿਸੇ ਮਨ ਦੇ ਅੰਦਰ ਉਠਦੀ ਹੈ। ਮਹਾਰਾਜ ਕਹਿੰਦੇ, ਕੁਰਬਾਨ ਜਾਂਦੇ ਹਾਂ ਅਸੀਂ -

*ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥*
*ਨਾਨਕ ਤਾ ਕੈ ਬਲਿ ਬਲਿ ਜਾਸਾ ॥* *ਅੰਗ - 266*

ਬਲਿਹਾਰ ਹਾਂ ਉਸਦੇ ਜਿਹੜਾ ਇਸ ਕਲਜੁਗ ਦੇ ਵਿੱਚ ਵਾਹਿਗੁਰੂ ਦੇ ਦਰਸ਼ਨਾਂ ਦੀ ਲੋਚਾ ਕਰਦਾ ਹੈ ਤੇ ਥਾਂ-ਥਾਂ 'ਤੇ ਪੁੱਛਦਾ ਫਿਰਦਾ ਹੈ ਕਿ ਮੈਨੂੰ ਦੱਸੋ ਤਾਂ ਸਹੀ ਕਿਸ ਤਰੀਕੇ ਦੇ ਨਾਲ ਤੁਸੀਂ ਪ੍ਰਭੂ ਦੀ ਪ੍ਰਾਪਤੀ ਕੀਤੀ ਹੈ -

*ਧਾਰਨਾ - ਮੈਨੂੰ ਦੱਸਿਓ ਸੁਹਾਗਣ ਸਈਓ*
*ਕਿਵੇਂ ਤੁਸੀਂ ਰਾਵਿਆ ਰਾਮ ਪਿਆਰਾ।*

ਪੁੱਛ ਰਿਹਾ ਹੈ ਉਨ੍ਹਾਂ ਸੁਹਾਗਣਾਂ ਨੂੰ, ਉਨ੍ਹਾਂ ਸਾਧੂਆਂ ਦੇ ਕੋਲ ਜਾ ਕੇ ਬੇਨਤੀ ਕਰ ਰਿਹਾ ਹੈ ਜਗਿਆਸੂ ਕਿ ਪਿਆਰਿਓ! ਮੈਨੂੰ ਰਸਤਾ ਦਿਓ। ਤੁਸੀਂ ਕਿਸ ਤਰ੍ਹਾਂ ਦੇ ਨਾਲ ਪ੍ਰਮੇਸ਼ਰ ਦੀ ਪ੍ਰਾਪਤੀ ਕਰ ਲਈ। ਜਿਹਨੂੰ ਮੈਂ ਪਿਆਰ ਕਰਦਾ ਹਾਂ, ਤੁਸੀਂ ਉਸੇ ਨੂੰ ਪਿਆਰ ਕਰਦੇ ਓਂ। ਤੁਹਾਨੂੰ ਮਿਲ ਗਿਆ ਮੈਨੂੰ ਅਜੇ ਮਿਲਿਆ ਨਹੀਂ ਹੈ। ਕਿਹੜਾ ਨੁਕਸ ਹੈ ਮੇਰੇ ਵਿੱਚ? ਮੈਨੂੰ ਪਤਾ ਲੱਗ ਜਾਵੇ ਕਿ ਆਹ ਨੁਕਸ ਹੈ ਤਾਂ ਮੈਂ ਨੁਕਸ ਦੂਰ ਕਰਾਂ। ਕਿਹੜੇ ਗੁਣ ਨੇ ਧਾਰਨ ਕਰਨ 'ਤੇ ਜਿਹਦੇ ਨਾਲ ਪ੍ਰਮੇਸ਼ਰ ਤੁਹਾਨੂੰ ਪ੍ਰਾਪਤ ਹੋ ਗਿਆ। ਮੈਂ ਮਨ ਵੀ ਦੇਣ ਨੂੰ ਤਿਆਰ ਹਾਂ, ਤਨ ਵੀ ਦੇਣ ਨੂੰ

ਤਿਆਰ ਹਾਂ, ਧਨ ਵੀ ਦੇਣ ਨੂੰ ਤਿਆਰ ਹਾਂ, ਪਰ ਕੋਈ ਮਿਲਾ ਦੇਵੇ, ਕੋਈ। ਕੋਈ ਜਨ। ਕਿਉਂਕਿ ਸੌਦਾ ਬੜਾ ਮਹਿੰਗਾ ਹੈ। ਬੜਾ ਮੁਸ਼ਕਲ ਹੈ। ਗੁਰੂ ਮਹਾਰਾਜ ਦੀ ਗੱਲ ਨੂੰ ਮੰਨਣਾ। ਕਿਉਂਕਿ ਅਸੀਂ ਸੁਣਨ ਵਾਸਤੇ ਤਿਆਰ ਨਹੀਂ ਹਾਂ। ਕਿਸੇ ਦੇ ਅੰਦਰ ਲੋਚਾ ਨਹੀਂ, ਪੂਰੀ ਕੀਮਤ ਦੇਣ ਵਾਸਤੇ ਕੋਈ ਵੀ ਤਿਆਰ ਨਹੀਂ ਹੈ। ਅਸੀਂ ਕਹਿੰਦੇ ਹਾਂ ਕਿ ਦੇਖੋ ਕੋਈ ਤਾਂ ਨਹੀਂ ਕਹਿਣਾ ਹੈਗਾ। ਅਸੀਂ ਤਾਂ ਕਹਿੰਦੇ ਹਾਂ ਕਿ ਸਾਡੇ ਵਿੱਚੋਂ ਕੋਈ ਮਿਲਾ ਦਿਓ। ਬਾਕੀ ਚਾਹੇ ਰੱਬ ਨੂੰ ਮਿਲਾਉਣ ਦੀ ਸਮਰੱਥਾ ਹੀ ਰੱਖ ਦੇਣ। ਅਸੀਂ ਨਹੀਂ ਉਨ੍ਹਾਂ ਦੀ ਗੱਲ ਸੁਣਨੀ। ਇਹ ਦੀਵਾਰ ਬਣਾਈ ਹੋਈ ਹੈ ਇੱਕ ਬੜੀ ਭਾਰੀ ਜਿਹੜੀ ਤੋੜਨੀ ਹੀ ਔਖੀ ਹੈ। ਲੋਚਾ ਨਹੀਂ ਹੈ, ਪਿਆਸਾ ਪਿਆ ਹੈ ਆਦਮੀ। ਕਹਿੰਦਾ ਕੋਈ ਮੇਰੇ ਮੂੰਹ 'ਚ ਪਾਣੀ ਪਾ ਦਿਓ, ਕੋਈ ਵੀ। ਉਹ ਕਹਿਣ ਲੱਗਿਆ ਕਿ ਮੇਰੀ ਤਾਂ ਜਾਤ ਬੜੀ ਛੋਟੀ ਹੈ, ਮੇਰਾ ਤਾਂ ਤੂੰ ਪਰਛਾਵਾਂ ਨਹੀਂ ਲੈਂਦਾ ਪਿਆਰਿਆ! ਰਵਿਦਾਸ ਜੀ ਕਹਿੰਦੇ। ਮੇਰੇ ਉਪਰ ਤਾਂ ਤੂੰ ਕਿੰਤੂ ਕਰਦਾ ਹੈਂ। ਕਿਵੇਂ ਤੈਨੂੰ ਪ੍ਰਭੂ ਮਿਲ ਜਾਏਗਾ? ਕਹਿੰਦਾ, ਐਸ ਵੇਲੇ ਨਹੀਂ ਮੈਂ ਕਿੰਤੂ ਕਰਦਾ। ਮੈਨੂੰ ਆਪਣੀ ਜਾਨ ਬਚਾਉਣ ਦਾ ਸਵਾਲ ਹੈ। ਮੈਂ ਪ੍ਰਭੂ ਨੂੰ ਮਿਲਣਾ ਹੈ, ਕੋਈ ਵੀ ਮਿਲਾ ਦਿਓ, ਜਿਹਦਾ ਜੀਅ ਕਰਦਾ ਹੈ –

***ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥*** ***ਅੰਗ – 701***

ਕੋਈ ਵੀ ਬੰਦਾ, ਸੰਸਾਰ ਦੇ ਅੰਦਰ ਪ੍ਰਮੇਸ਼ਰ ਨੂੰ ਮਿਲਾਉਣ ਵਾਲਾ ਹੋਵੇ, ਮੈਂ ਉਹਨੂੰ ਤਨ ਵੀ ਦੇ ਦੇਵਾਂ, ਧਨ ਵੀ ਦੇ ਦੇਵਾਂ, ਮਨ ਵੀ ਦੇ ਦੇਵਾਂ ਤੇ ਮੈਂ ਦਿਨ ਰਾਤ ਬੈਰਾਗੀ ਹੋ ਕੇ ਉਹਦੇ ਪਿੱਛੇ ਤੁਰਿਆ ਫਿਰਾਂ। ਪਰ ਮਿਲਾ ਦੇ, ਜਿਹਨੂੰ ਮੈਂ ਮਿਲਣਾ ਚਾਹੁੰਦਾ ਹਾਂ। ਮੇਰੀ ਪਿਆਸ ਬੁਝਾ ਦੇ, ਪਿਆਸ ਲੱਗੀ ਹੋਈ ਹੈ, ਕੋਈ ਵੀ ਬੁਝਾ ਦਿਓ। ਬੜਾ ਵੱਡਾ ਘੇਰਾ ਹੈ ਗੁਰੂ ਮਹਾਰਾਜ ਦਾ, 'ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥' ਕਿਉਂਕਿ ਪ੍ਰਮੇਸ਼ਰ ਨੂੰ ਮਿਲਣਾ ਸਾਡਾ ਪ੍ਰਮ ਮਨੋਰਥ ਹੈ। ਜਦ ਬੰਦਾ ਲਕੀਰਾਂ 'ਚ ਆ ਜਾਂਦਾ ਹੈ, ਸਰਕਲਾਂ 'ਚ ਆ ਜਾਂਦਾ ਹੈ, ਫੇਰ ਇਹ ਗੱਲ ਨਹੀਂ ਕਹਿੰਦਾ, ਕਿਉਂਕਿ ਗੱਲ ਖਤਮ ਹੋ ਜਾਂਦੀ ਹੈ। ਲੋਚਾ ਨਹੀਂ ਲੱਗੀ ਹੋਈ, ਪਿਆਸਾ ਕਹਿੰਦਾ ਹੈ ਕਿ ਮੇਰੇ ਮੂੰਹ 'ਚ ਪਾਣੀ ਪਾ ਕੇ ਮੇਰੀ ਜਾਨ ਬਚਾ ਦਿਓ। ਚਾਹੇ ਰਵੀਦਾਸ ਜੀ ਬਚਾਉਣ ਚਾਹੇ ਕਬੀਰ ਜੀ ਬਚਾਉਣ, ਚਾਹੇ ਸਧਨਾ ਬਚਾਵੇ, ਪਰ ਮੈਨੂੰ ਬਚਾ ਦਿਓ, ਪਾਣੀ ਪਾ ਕੇ ਮੂੰਹ ਵਿੱਚ। ਇਵੇਂ ਹੀ ਜਿਹਨੂੰ ਪੱਕੀ ਜਗਿਆਸਾ ਹੈ, ਦਿਨ ਰਾਤ ਜਿਹਦੇ ਨੈਣਾਂ 'ਚੋਂ ਨੀਰ ਜਾਂਦਾ ਹੈ, ਉਹਨੂੰ ਮਿਲਾ ਦਿਓ ਕੋਈ ਵੀ ਰਹਿਮ ਕਰਕੇ। ਕਹਿੰਦੇ, ਜਾ ਕੇ ਪੁੱਛ ਸੁਹਾਗਣਾਂ ਨੂੰ।

***ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥***
***ਅੰਗ – 722***

ਮੇਰੇ ਵਿੱਚ ਕਿਹੜਾ ਨੁਕਸ ਹੈ, ਜਿਹਦੇ ਕਰਕੇ ਮੈਨੂੰ ਪ੍ਰਭੂ ਨਹੀਂ ਮਿਲਦਾ। ਉਸ ਵੇਲੇ ਉਨ੍ਹਾਂ ਨੇ ਦੱਸਿਆ ਪੜ੍ਹੋ ਪਿਆਰ ਨਾਲ–

***ਧਾਰਨਾ – ਤੇਰੇ ਚੋਲਾ ਨਾ ਕੰਤ ਨੂੰ ਭਾਵੇ,***
***ਮਾਇਆ ਵਾਲੇ ਰੰਗ ਰੰਗਿਆ।***

ਸੁਹਾਗਣ ਦੱਸਦੀ ਹੈ ਕਿ ਪਿਆਰਿਆ! ਤੇਰਾ ਜਿਹੜਾ ਕੱਪੜਾ ਪਹਿਨਿਆ ਹੋਇਆ ਹੈ ਉਹ ਮਹਾਂਬਦਬੂਦਾਰ ਹੈ, ਦੂਰ-ਦੂਰ ਤੱਕ ਇਸ ਦੀ ਬਦਬੂ ਜਾਂਦੀ ਹੈ, ਕਿਵੇਂ ਭਾਵੇਗਾ ਜਿਹਨੂੰ ਤੂੰ ਮਿਲਣਾ ਚਾਹੁੰਦਾ ਹੈਂ, ਉਹ ਤਾਂ ਬਹੁਤ ਸਵੱਛ ਹੈ ਸੁੰਦਰ ਹੈ, ਪਿਆਰਾ ਹੈ ਉਹ ਕਦੇ ਕੌੜਾ ਨਹੀਂ ਬੋਲਦਾ, ਸਦਾ ਹੀ ਬਖਸ਼ਿੰਦ ਹੈ - 'ਸਦਾ ਸਦਾ ਸਦਾ ਦਇਆਲ।' ਉਹਨੂੰ ਤੂੰ ਇਹ ਚੋਲਾ ਪਾ ਕੇ ਕਿਵੇਂ ਮਿਲੇਂਗਾ? ਕਿਉਂਕਿ ਚੋਲਾ ਤੇਰਾ ਮਾਇਆ ਦੇ ਰੰਗ ਨਾਲ ਰੰਗਿਆ ਪਿਆ ਹੈ। ਇਹਦੇ ਵਿੱਚ ਪਿਆਰ ਦਾ ਰੰਗ ਨਹੀਂ ਹੈ, ਮਾਇਆ ਦਾ ਰੰਗ ਹੈ, ਇਹਦੇ 'ਚ ਤੇਰੀ ਮੈਂ-ਮੈਂ ਹੈ, ਤੇਰੀ ਮੇਰੀ-ਮੇਰੀ ਹੈ। ਨਿੰਦਿਆ ਦੇ ਰੰਗ ਦਾ ਪਾਹ ਦਿੱਤਾ ਹੋਇਆ, ਵੈਰ ਦਾ, ਵਿਰੋਧ ਦਾ, ਈਰਖਾ ਦਾ ਰੰਗ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਪੰਜ ਬਦਬੂਦਾਰ ਚੀਜ਼ਾਂ ਇਹਦੇ ਵਿੱਚ ਮਰੀਆਂ ਹੋਈਆਂ ਬਿੱਲੀਆਂ ਪਈਆਂ ਨੇ। ਆਸਾ ਅੰਦੇਸ਼ਾ ਇਹ ਚੀਜ਼ਾ ਇਹਦੇ ਵਿੱਚ ਪਈਆਂ ਨੇ ਤੇ ਇਹਦੇ ਨਾਲ ਐਨਾ, ਕਿਸ ਤਰ੍ਹਾਂ ਦੇ ਨਾਲ ਮੇਲ ਹੋ ਸਕਦਾ ਹੈ, ਜਦ ਬਦਬੂ ਹੀ ਐਨੀ ਮਾਰਦੀ ਹੈ। ਉਹ ਪਿਆਰਾ ਹੈ, ਉਹ ਇਸ ਚੋਲੇ ਨਾਲ ਨਹੀਂ ਤੈਨੂੰ ਮਿਲਣਾ, ਇਹ ਤਾਂ ਬਦਲਣਾ ਪੈਣਾ ਹੈ। ਮਾਇਆ ਦਾ ਚੋਲਾ ਪ੍ਰਮੇਸ਼ਰ ਤੱਕ ਨਹੀਂ ਮਿਲਾਇਆ ਕਰਦਾ। ਮਾਇਆ ignorance ਨੂੰ, ਭੁੱਲ ਨੂੰ, ਅਵਿਦਿਆ ਨੂੰ, ਇਨ੍ਹਾਂ ਨੂੰ ਆਖਿਆ ਜਾਂਦਾ ਹੈ ਜਾਂ ਹਉਮੈ ਦਾ ਨਾਮ ਲੈ ਲਓ, ਇੱਕੋ ਹੀ ਗੱਲ ਹੋ ਜਾਇਆ ਕਰਦੀ ਹੈ। ਜਦੋਂ ਤੱਕ ਤੇਰੇ ਅੰਦਰ ਮੈਂ ਭਾਵ ਕਾਇਮ ਹੈ, ਤੂੰ ਅਲੱਗ ਆਪਣੇ ਆਪ ਨੂੰ ਜਾਣਦਾ ਹੈਂ ਵਾਹਿਗੁਰੂ ਤੋਂ। ਇਹ ਚੋਲਾ ਪਹਿਨ ਕੇ ਨਹੀਂ ਰੱਬ ਨੂੰ ਮਿਲ ਹੁੰਦਾ-

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥***

***ਅੰਗ - 1102***

ਉਹਨੂੰ ਮਿਲਣ ਵਾਸਤੇ ਹੋਰ ਚੀਜ਼ਾਂ ਚਾਹੀਦੀਆਂ ਨੇ। ਤੂੰ ਸੋਹਣਾ ਸ਼ਿੰਗਾਰ ਬਣਾ ਜਿਹਦੇ ਨਾਲ ਉਹ ਖਿੱਚ ਖਾ ਜਾਵੇ। ਐਸਾ ਤੇਰਾ ਸ਼ਿੰਗਾਰ ਹੋਣਾ ਚਾਹੀਦਾ ਹੈ, ਜਿਹਦੇ ਨਾਲ ਉਹ ਸਿੰਘਾਸ਼ਨ ਛੱਡ ਕੇ ਤੁਰ ਪਵੇ। ਉਹ ਸ਼ਿੰਗਾਰ ਹੈ ਪਿਆਰ ਦਾ।

ਸ੍ਰੀ ਰਾਮ ਚੰਦਰ ਜੀ, ਜੰਗਲਾਂ ਦੇ ਅੰਦਰ, ਮੱਧ ਪ੍ਰਦੇਸ਼ ਦੇ ਵਿੱਚ ਬਿਲਾਸਪੁਰ ਦੇ ਨੇੜੇ ਪੰਚਵਟੀ ਦੇ ਵਿੱਚ ਰਹਿ ਰਹੇ ਸੀ। ਉਥੇ ਰਾਵਣ ਆਇਆ ਤੇ ਉਹਨੇ ਬਹੁਤ ਮਾਇਆ ਦੇ ਛਲਾਵੇ ਕਰੇ ਇੱਕ ਸੋਨੇ ਦਾ ਹਰਨ ਬਣਾ ਕੇ ਨਠਾ ਦਿੱਤਾ। ਸੀਤਾ ਜੀ ਦਾ ਮਨ ਪ੍ਰੇਰਿਆ ਗਿਆ ਤੇ ਉਹ ਕਹਿਣ ਲੱਗੀ ਰਾਮਚੰਦਰ ਜੀ ਨੂੰ ਕਿ ਤੁਸੀਂ ਇਹ ਹਰਨ ਜ਼ਰੂਰ ਲੈ ਕੇ ਆਓ ਮੇਰੇ ਕੋਲ। ਕਿਹਾ ਵੀ ਉਨ੍ਹਾਂ ਨੇ ਕਿ ਇਹ ਤਾਂ ਮਾਇਆਵੀ ਹਰਨ ਹੈ, ਕਦੇ ਹਰਨ ਵੀ ਸੋਨੇ ਦਾ ਹੁੰਦਾ ਹੈ? ਇਹ ਤਾਂ ਕਿਸੇ ਰਾਕਸ਼ਸ਼ ਨੇ ਮਾਇਆ ਫੈਲਾਈ ਹੈ। ਰਾਜ ਗਾਓ, ਤ੍ਰਿਅ ਗਾਓ, ਬਾਲ ਗਾਓ, ਬ੍ਰਾਹਮਣ ਗਾਓ ਤਿੰਨ ਹੋਇਆ ਕਰਦੇ ਨੇ ਇਹ ਪਿੱਛੇ ਨਹੀਂ ਹੱਟਿਆ ਕਰਦੇ। ਬਾਰ-ਬਾਰ ਕਹਿਣ 'ਤੇ ਸ੍ਰੀ ਰਾਮਚੰਦਰ ਜੀ ਕਹਿਣ ਲੱਗੇ, ਲੱਛਮਣ! ਜਿਹੜੇ

ਇੱਥੇ ਦੇ ਲੋਕ ਨੇ, ਜਿਨ੍ਹਾਂ ਨੂੰ ਅਸੀਂ ਅਸੁਰ ਕਹਿੰਦੇ ਹਾਂ, ਉਨ੍ਹਾਂ ਦਾ ਇੱਥੇ ਬੜਾ ਜ਼ੋਰ ਹੈ, ਜਾਦੂ ਟੂਣੇ ਬਹੁਤ ਕੁਛ ਉਹ ਜਾਣਦੇ ਨੇ ਤੇ ਤੂੰ ਇਸ ਤਰ੍ਹਾਂ ਕਰੀ ਰਾਖੀ ਕਰੀਂ ਸੀਤਾ ਜੀ ਦੀ ਤੇ ਮੈਂ ਇਸ ਹਰਨ ਨੂੰ ਫੜ ਕੇ ਲਿਆਉਂਦਾ ਹਾਂ। ਰਾਮਚੰਦਰ ਜੀ ਅੱਗੇ ਚਲੇ ਜਾਂਦੇ ਨੇ, ਉਹ ਹਰਨ ਗਾਇਬ ਹੋ ਗਿਆ ਤੇ ਉੱਚੀ ਆਵਾਜ਼ ਵਿੱਚ ਉਸ ਰਾਕਸ਼ਸ਼ ਨੇ ਆਵਾਜ਼ ਦਿੱਤੀ ਕਿ ਹੇ ਲੱਛਮਣ ਮੈਂ ਮਾਰਿਆ ਗਿਆ, ਮੈਂ ਮਾਰਿਆ ਗਿਆ। ਛੇਤੀ ਆ ਮੇਰੇ ਕੋਲ। ਤਿੰਨ ਵਾਰੀ ਗੂੰਜਵੀਂ ਆਵਾਜ਼ ਆਈ, ਸੀਤਾ ਜੀ ਨੇ ਕਿਹਾ ਕਿ ਕੀ ਹੋ ਗਿਆ ਰਾਮ ਜੀ ਨੂੰ? ਤੁਸੀਂ ਛੇਤੀ ਜਾਓ। ਉਹ ਕਹਿਣ ਲੱਗਿਆ ਕਿ ਮੈਨੂੰ ਹੁਕਮ ਹੈ ਕਿ ਮੈਂ ਇਹ ਥਾਂ ਨਹੀਂ ਛੱਡਣਾ। ਉਹਨੇ ਕਿਹਾ ਕਿ ਭਰਾ ਮਦਦ ਮੰਗਦਾ ਹੋਵੇ ਤੇ ਤੁਸੀਂ ਜਾਵੋਂ ਨਾ? ਉਹ ਕਹਿਣ ਲੱਗਿਆ ਕਿ ਇਹ ਛਲ ਹੈ, ਕਪਟ ਹੈ, ਕੌਣ ਹੈ ਦੁਨੀਆਂ ਦੇ ਵਿੱਚ ਅੱਜ ਜਿਹੜਾ ਉਨ੍ਹਾਂ ਨੂੰ ਮਾਰ ਸਕਦਾ ਹੈ, ਜਾਂ ਦੁੱਖ ਦੇ ਸਕਦਾ ਹੈ? ਬਾਰ-ਬਾਰ ਕਹਿਣ 'ਤੇ ਜਿਸ ਵਕਤ ਉਸਨੇ ਕਿਹਾ ਕਿ ਮੈਂ ਫੇਰ ਸਰਾਪ ਦੇਵਾਂਗੀ। ਉਸ ਵੇਲੇ ਲਛਮਣ ਜੀ ਨੇ ਰਾਮਕਾਰ ਕੱਢ ਦਿੱਤੀ।

***ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥***
***ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ ॥***

***ਅੰਗ - 819***

ਪ੍ਰਮੇਸ਼ਰ ਦਾ ਨਾਮ ਲੈ ਕੇ ਤੀਰ ਦੇ ਨਾਲ, ਆਲੇ-ਦੁਆਲੇ ਘੇਰਾ ਬਣਾ ਦਿੱਤਾ ਕਿ ਇਹਦੇ ਵਿੱਚ ਕੋਈ ਇੱਲ-ਬਲਾ ਨਹੀਂ ਵੜੇਗੀ, ਕੋਈ ਰਾਕਸ਼ਸ਼ ਨਹੀਂ ਵੜੇਗਾ, ਤੇਰੀ ਰਾਖੀ ਇਸ ਰਾਮਕਾਰ ਨੇ ਕਰਨੀ ਹੈ। ਤੱਤੀ ਵਾ ਨਹੀਂ ਤੈਨੂੰ ਲੱਗਣੀ ਕਿਉਂਕਿ ਚੌਗਿਰਦ ਤੇਰੇ ਰਾਮ ਕਾਰ ਕੱਢ ਦਿੱਤੀ ਗਈ ਹੈ।

ਉਸ ਵੇਲੇ ਆਪ ਜਾਂਦੇ ਨੇ, ਅੱਗੇ ਰਾਮ ਜੀ ਮੁੜੇ ਆਉਂਦੇ ਨੇ, ਕਹਿੰਦੇ ਉਹ ਛਲ ਸੀਗਾ। ਤੂੰ ਕਿਉਂ ਆ ਗਿਆ? ਕਹਿਣ ਲੱਗਿਆ, ਮਹਾਰਾਜ! ਮੈਨੂੰ ਤਾਂ ਸੀਤਾ ਜੀ ਇਸ ਤਰ੍ਹਾਂ ਕਿਹਾ ਹੈ ਮੈਂ ਤਾਂ ਆ ਗਿਆ। ਕਹਿਣ ਲੱਗੇ, ਬੜੀ ਗਲਤੀ ਹੋਈ। ਉਨ੍ਹਾਂ ਦੀ ਰਾਖੀ ਕੌਣ ਕਰੇਗਾ? ਕਹਿੰਦਾ, ਮੈਂ ਕਾਰ ਕੱਢ ਆਇਆ। ਕਹਿੰਦੇ, ਉਹ ਛਲ ਕਪਟ ਨਾਲ ਬਾਹਰ ਕੱਢ ਲੈਣਗੇ ਉਹਨੂੰ। ਇੰਨੇ ਨੂੰ ਪਿੱਛੋ ਰਾਵਣ ਆਇਆ, ਭੀਖ ਮੰਗਦਾ ਹੈ, ਸਾਧੂ ਦਾ ਵੇਸ ਧਾਰਿਆ ਹੋਇਆ ਹੈ। ਉਹ 'ਕਾਰ' ਤੋਂ ਬਾਹਰ ਨਹੀਂ ਨਿਕਲਦੀ, ਉਹ ਕਹਿੰਦਾ ਕਾਰ ਤੋਂ ਬਾਹਰ ਆ ਕੇ ਦੇਹ। ਅਖੀਰ ਕਹਿਣ ਲੱਗਿਆ ਕਿ ਮੈਂ ਸਰਾਪ ਦੇ ਦੇਵਾਂਗਾ। ਉਸ ਵੇਲੇ ਭੀਖਿਆ ਦੇਣ ਵਾਸਤੇ ਆਪ ਨੇ ਇੱਕ ਕਦਮ ਕਾਰ ਤੋਂ ਬਾਹਰ ਰੱਖ ਲਿਆ, ਉਸੇ ਵੇਲੇ ਰਾਵਣ ਨੇ ਸੀਤਾ ਜੀ ਨੂੰ ਚੁੱਕ ਲਿਆ ਤੇ ਆਪਣੀ ਲੰਕਾ ਨੂੰ ਲੈ ਗਏ। ਕਿਸੇ ਨੂੰ ਨਹੀਂ ਪਤਾ ਇਸ ਗੱਲ ਦਾ। ਇਸ ਤੋਂ ਬਾਅਦ ਜਦੋਂ ਉਹ ਆਏ ਹੈਰਾਨ ਹੋ ਗਏ, ਉਹਦੀ ਤਲਾਸ਼ ਸ਼ੁਰੂ ਹੋ ਗਈ। ਬੜੀ ਦੂਰ ਤੱਕ ਸ੍ਰੀ ਰਾਮ ਚੰਦਰ ਜੀ ਤੇ ਲਛਮਣ ਜੀ ਜਾਂਦੇ ਨੇ, ਕਿਤੇ ਵੀ ਸੀਤਾ ਜੀ ਨਹੀਂ ਮਿਲਦੀ, ਅਖੀਰ ਕੁਛ ਕੰਨਾਂ 'ਚ ਸੋ ਪਈ ਕਿ ਲੰਕਾ ਦਾ ਜੋ ਰਾਜਾ

ਹੈ ਉਹ ਚੁੱਕ ਕੇ ਲੈ ਗਿਆ, ਉਸ ਵੇਲੇ ਹਨੂੰਮਾਨ ਨੂੰ ਰਾਮਚੰਦਰ ਜੀ ਨੇ ਲੰਕਾ 'ਚ ਭੇਜਿਆ ਕਿ ਤੂੰ ਸੀਤਾ ਦੀ ਖਬਰ ਲੈ ਕੇ ਆ, ਕਿਉਂਕਿ ਉਹਦਾ ਜੀਉਂਦਾ ਰਹਿਣਾ ਬੜਾ ਮੁਸ਼ਕਲ ਹੈ, ਉਹਦੀ ਅਵਸਥਾ ਹੀ ਐਸੀ ਹੈ -

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥***

*ਅੰਗ - ੭੦੮*

ਕਹਿਣ ਲੱਗੇ, ਹਨੂੰਮਾਨ! ਐਸਾ ਕਰ ਤੂੰ ਲੰਕਾ ਦੇ ਵਿੱਚ ਜਾਹ, ਉਥੇ ਦੇਖ ਕਿਸੇ ਥਾਂ ਦੇ ਉਤੇ ਸੀਤਾ ਜੀ ਜੀਉਂਦੀ ਹੈ ਜਾਂ ਚੜ੍ਹਾਈ ਕਰ ਗਈ ਹੈ? ਕਿਸ ਥਾਂ 'ਤੇ ਹੈ, ਪੂਰੀ ਖੋਜ ਕਰਕੇ ਆਈਂ? ਹਨੂੰਮਾਨ ਜਾਂਦਾ ਹੈ ਲੰਕਾ 'ਚ, ਤਲਾਸ਼ ਕਰ ਲਿਆ ਉਸਨੇ। ਸੀਤਾ ਜੀ ਨੂੰ ਰਾਮਚੰਦਰ ਜੀ ਦੀ ਮੁੰਦਰੀ ਨਿਸ਼ਾਨੀ ਵਜੋਂ ਦਿੱਤੀ, ਉਸ ਵੇਲੇ ਵਾਪਸ ਜਿਸ ਵਕਤ ਆਉਂਦਾ ਹੈ, ਇਹ ਇੰਤਜ਼ਾਰ ਕਰ ਰਹੇ ਨੇ ਇਹਦਾ। ਹਰ ਰੋਜ਼ ਇਧਰ ਨੂੰ ਦੇਖਦੇ ਨੇ ਕਿ ਕਦੋਂ ਹਨੂੰਮਾਨ ਆਏਗਾ, ਕਦੋਂ ਕੋਈ ਖਬਰ ਲਿਆਏਗਾ। ਉਸ ਵੇਲੇ ਪੁਛਿਆ -

"ਔਹ ਹਨੂਮਾਨ! ਕਹਿਓ ਰਘੁਬੀਰ! ਕੁਛ ਸੁਧ ਹੈ ਸੀਅ ਕੀ ਛਿਤ ਮਾਹਿ?"

ਕਹਿਣ ਲੱਗੇ ਕਿ ਕੁਛ ਪਤਾ ਲੱਗਿਆ ਇਸ ਧਰਤੀ ਦੇ ਉਤੇ ਸੀਤਾ ਜੀ ਦਾ?

ਕਹਿਣ ਲੱਗੇ -

"ਹੈ ਪ੍ਰਭ, ਲੰਕ ਕਲੰਕ ਬਿਨਾ ਬਸਹਿ ਰਾਵਣ ਬਾਗ ਕੇ ਮਾਹੀ।"

ਹੈ ਮਹਾਰਾਜ! ਕਲੰਕ ਅਜੇ ਤੱਕ ਉਹਨੂੰ ਕੋਈ ਨਹੀਂ ਲੱਗਿਆ। ਰਾਵਣ ਦੇ ਬਾਗ ਵਿੱਚ ਦਰਖਤਾਂ ਥੱਲੇ ਰਹਿੰਦੀ ਹੈ।

ਕਹਿਣ ਲੱਗੇ -

**"ਜੀਵਤ ਹੈ?"**

**"ਕਹਿਬੇ ਹੀ ਕੋ ਨਾਥ।"**

ਐਨਾ ਕੁ ਮੈਂ ਕਹਿ ਸਕਦਾ ਹਾਂ ਕਿ ਜੀਉਂਦੀ ਤਾਂ ਹੈ ਪਰ ਕਹਿਣ ਵਾਸਤੇ ਹੀ ਹੈ।

**"ਸੋ ਮਰ ਕਿਉਂ ਨਾ ਗਈ ਹਮਰੇ ਬਿਛਰਾਹੀ।"**

ਉਹ ਮਰੀ ਕਿਉਂ ਨਾ ਮੇਰੇ ਵਿਛੜਨ 'ਤੇ, ਉਹ ਤਾਂ ਰਹਿ ਨਹੀਂ ਸਕਦੀ ਸੀ, ਉਹ ਤਾਂ ਜੀਉਂਦੀ ਹੀ ਤਾਂ ਸੀ, ਜੇ ਮੇਰੇ ਨਾਲ ਸੀ। ਕਹਿਣ ਲੱਗੇ -

**"ਪ੍ਰਾਨ ਬਸੈ ਪਗ ਪੰਕਜ ਮਹਿ,**

**ਜਮ ਆਵਤ ਹੈ ਪਰ ਪਾਵਤ ਨਾਹੀ।"**

ਨਹੀਂ ਮਹਾਰਾਜ! ਉਹਦੇ ਜਿਹੜੇ ਪ੍ਰਾਣ ਨੇ ਸੀਤਾ ਜੀ ਦੇ, ਉਹ ਤੁਹਾਡੇ ਚਰਨਾਂ ਵਿੱਚ ਵਸਦੇ ਨੇ।

ਜਮ ਲੈਣ ਵਾਸਤੇ ਆਉਂਦੇ ਨੇ ਉਨ੍ਹਾਂ ਨੂੰ ਪਰ ਪ੍ਰਾਣ ਨਹੀਂ ਲੱਭਦੇ।

ਸੋ ਪਿਆਰ ਦੀ ਬਾਤ ਹੈ ਸਾਰੀ। ਮਹਾਂਪੁਰਸ਼ ਕਹਿਣ ਲੱਗੇ, ਪਿਆਰਿਆ! ਪ੍ਰਮੇਸ਼ਰ ਨਹੀਂ ਮਿਲਦਾ ਪਿਆਰ ਤੋਂ ਬਿਨਾਂ।

***ਸਾਚ ਕਹੂੰ ਸੁਨ ਲੇਹੁ ਸਭੈ ਜਿਨਿ ਪ੍ਰੇਮ ਕੀਓ***
***ਤਿਨ ਹੀ ਪ੍ਰਭ ਪਾਇਓ।***

ਇਹ ਜਿਹੜਾ ਤੂੰ ਚੋਲਾ ਪਹਿਨਿਆ ਹੋਇਆ ਹੈ ਨਾ ਮਾਇਆ, ਭੁੱਲ ਦਾ, ਆਪਣੇ ਆਪ ਨੂੰ ਬਣਾਈ ਜਾਂਦਾ ਹੈ, ਮੈਂ ਹਾਂ, ਮੈਂ ਹਾਂ। ਇਹ ਮੈਂ ਤਾਂ ਹੈ ਨਹੀਂ ਇਹ ਤਾਂ ਹੈ ਪ੍ਰਮੇਸ਼ਰ। ਝੂਠੀ ਰੂਹ ਅਪਣਾਈ ਹੋਈ ਹੈ, ਜੋ ਸੱਚੀ ਰੂਹ ਹੈ ਉਸ ਵਲ ਤੇਰਾ ਧਿਆਨ ਤੱਕ ਨਹੀਂ ਹੈ। ਜਦ ਤੱਕ ਤੂੰ ਸੱਚ ਦੀ ਪਛਾਣ ਵਿੱਚ ਨਹੀਂ ਆਉਂਦਾ। ਓਨੀਂ ਦੇਰ ਤੱਕ ਪ੍ਰਮੇਸ਼ਰ ਦਾ ਨਹੀਂ ਪਤਾ ਲੱਗਦਾ ਕਿਉਂਕਿ ਮਾਇਆ ਦਾ ਚੋਲਾ ਪਹਿਨਿਆ ਹੋਇਆ ਹੈ। ਇਹਦੇ ਵਿੱਚ ਦੁਰਗੰਧਾਂ ਹੀ ਦੁਰਗੰਧਾਂ ਨੇ ਸਾਰੀਆਂ - ਵੈਰ, ਵਿਰੋਧ, ਕਾਮ, ਲੋਭ, ਧ੍ਰੋਹ। ਈਰਖਾ ਇਹਦੇ ਵਿੱਚ ਹੈ, ਛਲ ਇਹਦੇ ਵਿੱਚ, ਕਪਟ ਇਹਦੇ ਵਿੱਚ ਹੈ, ਧੋਖੇ ਇਹਦੇ ਵਿੱਚ ਨੇ -

***ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ ॥***
***ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ ॥***

***ਅੰਗ - 722***

ਲਬੁ ਦੇ ਰੰਗ ਵਿੱਚ ਰੰਗਿਆ ਹੋਇਆ ਚੋਲਾ ਇਹ ਮੇਰੇ ਪਿਆਰੇ ਨੂੰ ਨਹੀਂ ਭਾਉਂਦਾ। ਭਾਵੇ ਕਿਵੇਂ? ਕਹਿਣ ਲੱਗੇ, ਪਿਆਰ ਦਾ ਤੂੰ ਸ਼ਿੰਗਾਰ ਕਰ ਲੈ ਤੇ ਪ੍ਰਮੇਸ਼ਰ ਦੇ ਅਦਬ ਵਿੱਚ ਆ ਜਾ। ਜਦੋਂ ਇਹ ਸ਼ਿੰਗਾਰ ਕਰ ਲਏਂਗਾ, ਤਾਂ ਤੈਨੂੰ ਪ੍ਰਮੇਸ਼ਰ ਦੇ ਪਿਆਰੇ ਦੇ ਦਰਸ਼ਨ ਹੋਣਗੇ -

***ਧਾਰਨਾ - ਭੈ ਤੇ ਪਿਆਰ ਦਾ ਸ਼ਿੰਗਾਰ ਬਣਾ ਲੈ,***
***ਮਿਲਣਾ ਜੇ ਤੂੰ ਰਾਮ ਪਿਆਰੇ ਨੂੰ।***

ਕਹਿਣ ਲੱਗੇ, ਭੈ ਦਾ ਜਿਹਨੂੰ ਅਦਬ ਕਹਿੰਦੇ ਨੇ, ਇਹਦਾ ਤੇ ਪਿਆਰ ਦਾ ਸ਼ਿੰਗਾਰ ਬਣਾ ਲੈ।

***ਇਆਨੜੀਏ ਮਾਨੜਾ ਕਾਇ ਕਰੇਹਿ ॥***
***ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ ॥***
***ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ ॥***
***ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥***

***ਅੰਗ - 722***

ਜਦੋਂ ਪਿਆਰ ਦਾ ਸ਼ਿੰਗਾਰ ਹੋ ਗਿਆ ਤੇ ਅਦਬ ਦੀਆਂ ਸਿਲਾਈਆਂ ਹੋ ਗਈਆਂ -

***ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ ॥***
***ਅੰਗ - 722***

ਜਿਹੜਾ ਮਾਲਕ ਹੈ ਉਹਨੇ ਉਹਨੂੰ ਪਿਆਰ ਕਰਨਾ ਸ਼ੁਰੂ ਕਰ ਦੇਣਾ ਹੈ। ਲੇਕਿਨ ਇਹਦੇ ਵਿੱਚ ਆਪਣਾ ਆਪ ਨਹੀਂ ਹੁੰਦਾ। ਜਿੱਥੇ ਪਿਆਰ ਟੁੱਟਦਾ ਹੈ ਦੁਨੀਆਂਦਾਰੀ ਦਾ ਵੀ। ਅਭਿਮਾਨ ਹੋਵੇ ਇੱਕ ਦੇ ਵਿੱਚ, ਪੜਦਾ ਪਾਵੇ, ਉਹ ਪਿਆਰ ਨਹੀਂ ਹੋਇਆ ਕਰਦਾ। ਜਿੱਥੇ ਮੈਂ ਹੈ ਸਾਡੀ, ਜਿੱਥੇ ਸਾਡੀ ਹਉਮੈ ਹੈ ਉਥੇ ਪਿਆਰ ਨਹੀਂ ਹੋਇਆ ਕਰਦਾ। ਦੁਨੀਆਂਦਾਰੀ ਦੇ ਵਿੱਚ ਵੀ ਇਹੀ ਅਸੂਲ ਹੈ-

***ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥***
***ਅੰਗ - 722***

ਮਹਾਰਾਜ ਦੁਨੀਆਂਦਾਰੀ ਦੀ ਮਿਸਾਲ ਦਿੰਦੇ ਨੇ। ਕਹਿੰਦੇ, ਇਹਦਾ ਜਵਾਬ ਲੈਣਾ ਹੈ? ਕਹਿੰਦੇ -

***ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ***
***ਹਿਕਮਤਿ ਹੁਕਮੁ ਚੁਕਾਈਐ ॥*** ***ਅੰਗ - 722***

ਚਾਹੇ ਦੁੱਖ ਦਿੰਦਾ ਹੈ, ਚਾਹੇ ਸੁੱਖ ਦਿੰਦਾ ਹੈ, ਭਲਾ ਕਰਕੇ ਮੰਨ ਲਓ। ਜੇ ਦੁੱਖ ਦੇ ਵਿੱਚ ਉਲਾਂਭੇ ਦੇਣੇ ਸ਼ੁਰੂ ਕਰ ਦਿੱਤੇ, ਸੁੱਖ ਦੇ ਵਿੱਚ ਖੁਸ਼ੀਆਂ ਮੰਨ ਲਈਆਂ, ਫੇਰ ਨਹੀਂ ਗੱਲ ਬਣਿਆ ਕਰਦੀ-

***ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ ॥***
***ਅੰਗ - 147***

ਉਹਨੂੰ ਤੂੰ ਪਿਆਰ ਕਰ ਇਸ ਤਰ੍ਹਾਂ ਦੇ ਨਾਲ।

***ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ***
***ਹਿਕਮਤਿ ਹੁਕਮੁ ਚੁਕਾਈਐ ॥ ਅੰਗ - 722***

ਜਿਹੜੀ ਆਹ ਵਿੱਚ ਆ ਜਾਂਦੀ ਹੈ ਨਾ ਅਕਲ, ਇਹਨੂੰ ਤੂੰ ਚੁੱਕ ਦੇ -

***ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ ॥***
***ਅੰਗ - 722***

ਉਹਦੇ ਚਰਨਾਂ ਨਾਲ ਚਿੱਤ ਲਾ ਕੇ ਰੱਖੋ।

***ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ ॥***
***ਅੰਗ - 722***

ਜੋ ਕੁਛ ਕਹਿੰਦਾ ਹੈ, ਉਹ ਕੁਛ ਕਰੋ। ਐਸਾ ਸ਼ਿੰਗਾਰ ਲਾਓ, ਐਸੀ ਸਪਰਉ ਕਰੋ ਕਿ ਤਨ ਤੇ ਮਨ ਉਹਦੇ ਅਰਪਣ ਕਰ ਦਿੱਤਾ। ਜੋ ਕੁਛ ਕਹਿੰਦਾ ਹੈ ਉਹ ਕਰੋ -

***ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ ॥***
***ਅੰਗ - 722***

ਰੱਬ ਨੂੰ ਮਿਲਣ ਦੀਆਂ ਰਹਿਤਾਂ ਆਹ ਚਾਰ ਲਾਈਨਾਂ ਦੇ ਵਿੱਚ ਗੁਰੂ

ਮਹਾਰਾਜ ਨੇ ਲਿਖ ਦਿੱਤੀਆਂ। ਅਖੀਰ ਦੇ ਉਤੇ ਆਪ ਸਾਰੀ ਗੱਲ ਦਾ ਨਿਚੋੜ ਕੱਢਦੇ ਕਹਿੰਦੇ ਨੇ -

*ਆਪੁ ਗਵਾਈਐ ਤਾ ਸਹੁ ਪਾਈਐ*
*ਅਉਰੁ ਕੈਸੀ ਚਤੁਰਾਈ ॥* *ਅੰਗ - 722*

ਇਹ ਆਪ ਹੀ ਸਾਡੇ ਰੁਕਾਵਟ ਬਣੀ ਹੋਈ ਸਾਡੇ ਤੇ ਵਾਹਿਗੁਰੂ ਦੇ ਵਿੱਚ।

ਭਗਤ ਰਵਿਦਾਸ ਜੀ ਕਹਿੰਦੇ ਨੇ ਕਿ ਜਦੋਂ ਤੱਕ ਅਸੀਂ ਸੀਗੇ, ਰੱਬ ਨਹੀਂ ਆਇਆ ਨੇੜੇ। ਜਦੋਂ ਅਸੀਂ ਆਪਣੇ ਆਪ ਨੂੰ ਕੱਢ ਦਿੱਤਾ, ਉਸ ਵੇਲੇ ਪ੍ਰਮੇਸ਼ਰ ਮਿਲ ਗਿਆ।

*ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥*
*ਅਨਲ ਅਗਮ ਜੈਸੇ ਲਹਰਿ ਮਇ ਓਦਧਿ*
*ਜਲ ਕੇਵਲ ਜਲ ਮਾਂਹੀ ॥* *ਅੰਗ - 657*

ਹੁਣ ਤਾਂ ਤੂੰ ਹੀ ਰਹਿ ਗਿਆ -

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥*
*ਅੰਗ - 1375*

ਸੋ ਇਸ ਤਰ੍ਹਾਂ ਦੇ ਨਾਲ ਆਪਾ ਗਵਾਉਣਾ ਪੈਂਦਾ ਹੈ, ਜਦੋਂ ਤੱਕ ਆਪਾ ਨਹੀਂ ਗੁਆ ਹੁੰਦਾ, ਓਨੀਂ ਦੇਰ ਤੱਕ ਪ੍ਰਮੇਸ਼ਰ ਨਹੀਂ ਪ੍ਰਾਪਤ ਹੋਇਆ ਕਰਦਾ। ਜੋ ਪਿਆਰ ਦੀ ਹੱਦ ਹੈ ਉਹਦੇ ਵਿੱਚ ਮੈਂ ਭਾਵ ਨਹੀਂ ਹੋਇਆ ਕਰਦਾ। ਪਿਆਰ ਦਿੰਦਾ ਹੀ ਦਿੰਦਾ ਹੈ, ਲੈਂਦਾ ਨਹੀਂ ਕਦੇ ਵੀ, ਕੁਛ ਨਹੀਂ ਮੰਗਦਾ, ਕੋਈ wish ਨਹੀਂ ਕਰਦਾ ਕੋਈ desire ਨਹੀਂ ਕਰਦਾ, ਇਨ੍ਹਾਂ ਤੋਂ ਉੱਤੇ ਪਿਆਰ ਮੰਗਦਾ ਹੈ ਸਿਰਫ।

ਮਨਸੂਰ ਇੱਕ ਬਹੁਤ ਸੂਫੀ ਪੀਰ ਹੋਇਆ ਹੈ, ਉਹਨੇ ਆਪਣੇ ਵਿਚਾਰ ਲਿਖੇ ਨੇ ਕਵਿਤਾਵਾਂ ਲਿਖੀਆਂ ਨੇ, ਇਹਨੂੰ ਕੱਟੜਾਂ ਨੇ ਫੜ ਕੇ ਸੂਲੀ 'ਤੇ ਚਾੜ੍ਹ ਦਿੱਤਾ ਸੀ ਕਿਉਂਕਿ ਇਹ ਸੱਚ ਬੋਲਦਾ ਸੀ, ਅਨਹਲ-ਹੱਕ-ਬਗੋ (ਅਹੰ ਬ੍ਰਹਮਅਸਮੀ) ਪ੍ਰਮੇਸ਼ਰ ਇੱਥੇ ਸਾਰੇ ਹੀ ਹੈ, ਮੇਰੀ ਜਿਹੜੀ ਜਾਤ ਹੈ ਇਹ ਪ੍ਰਮੇਸ਼ਰ ਹੈ। ਸਮਝ 'ਚ ਨਾ ਆਈ ਉਹ ਕਹਿਣ ਲੱਗੇ ਕਿ ਇਹ ਸਰੀਰਕ ਰੂਪ ਵਿੱਚ ਕਹਿੰਦਾ ਹੈ, ਜਿਸ ਤਰ੍ਹਾਂ ਕ੍ਰਿਸ਼ਨ ਮਹਾਰਾਜ ਨੂੰ ਬਹੁਤ ਭੁੱਲੜ ਬੰਦੇ ਕਹਿ ਦਿੰਦੇ ਨੇ ਕਿ ਜੀ, ਉਹ ਆਪਣੇ ਆਪ ਨੂੰ ਰੱਬ ਕਹਾਉਂਦੇ ਸੀ, ਬ੍ਰਹਮ ਕਹਾਉਂਦੇ ਸੀ। ਉਹ ਬ੍ਰਹਮ ਬਿਰਤੀ 'ਚੋਂ ਹੋ ਕੇ ਬੋਲਦੇ ਸੀ, ਜੀਵ ਭਾਵ ਦੇ ਵਿੱਚੋਂ ਨਹੀਂ ਸੀ ਗੱਲ ਕਰਦੇ ਅਸੀਂ। ਜੀਵ ਭਾਵ ਦੇ ਬੰਦੇ ਬ੍ਰਹਮ ਭਾਵ ਨੂੰ ਸਮਝ ਨਹੀਂ ਸੀ ਸਕਦੇ। ਸੋ ਉਨ੍ਹਾਂ ਦੇ ਵੀ ਕੱਟੜ ਜਿਹੜੇ ਸੀ ਉਨ੍ਹਾਂ ਨੇ ਨਾ ਸਮਝਿਆ। ਉਸਨੂੰ ਸੂਲੀ 'ਤੇ ਚਾੜ੍ਹਿਆ। ਵੱਟੇ ਮਾਰੇ, ਸੰਗ ਸਾਰ ਕੀਤੀ। ਸਭ ਨੇ ਵੱਟੇ ਮਾਰੇ ਕੋਈ ਨਾ ਸ਼ਹਿਰ ਦੇ ਵਿੱਚ ਛੱਡਿਆ ਜਿਹੜਾ ਵੱਟਾ ਨਾ ਮਾਰੇ ਉਹਦੇ। ਲਹੂ ਲੁਹਾਨ ਹੋਏ ਨੂੰ ਚੁੱਕ ਕੇ ਸੂਲੀ 'ਤੇ ਚਾੜ੍ਹ ਦਿੱਤਾ। ਉਹ ਪ੍ਰਮੇਸ਼ਰ ਦੇ ਨਾਲ ਗੱਲ ਕਰਦਾ ਕਹਿੰਦਾ ਹੈ ਕਿ ਹੇ

ਪ੍ਰਭੂ! ਮੈਂ ਤੈਨੂੰ ਪਿਆਰ ਕਰਦਾ ਹਾਂ, ਮੈਂ ਤੈਨੂੰ ਸੱਚਾ ਪਿਆਰ ਕਰਦਾ ਹਾਂ, ਜੇ ਮੈਂ ਤੈਨੂੰ ਇਸ ਕਰਕੇ ਪਿਆਰ ਕਰਦਾ ਹਾਂ ਕਿ ਮੈਂ ਨਰਕਾਂ ਤੋਂ ਡਰਦਾ ਹਾਂ ਤਾਂ ਮੈਨੂੰ ਸਾਰੀ ਜ਼ਿੰਦਗੀ ਜਦ ਤੱਕ ਤੇਰੀ ਕਾਇਨਾਤ ਕਾਇਮ ਹੈ, ਮੈਨੂੰ ਨਰਕਾਂ ਦੇ ਵਿੱਚ ਸੁੱਟ ਦੇ। ਮੈਂ ਨਰਕਾਂ ਦੇ ਵਿੱਚ ਹੀ ਸੜਦਾ ਰਹਾਂ। ਹੇ ਅੱਲਾਹ ਤਾਲਾ! ਜੇ ਮੈਂ ਤੈਨੂੰ ਇਸ ਕਰਕੇ ਪਿਆਰ ਕਰਦਾ ਹਾਂ ਕਿ ਮੈਨੂੰ ਬਹਿਸ਼ਤ ਮਿਲੇ ਤਾਂ ਬਹਿਸ਼ਤਾਂ ਨੂੰ ਅੱਗ ਲਾ ਦੇ। ਮੈਨੂੰ ਸ਼ਕਤੀ ਦੇਹ ਕਿ ਮੈਂ ਬਹਿਸ਼ਤਾਂ ਸਾਰੀਆਂ ਨੂੰ ਅੱਗ ਲਾ ਆਵਾਂ। ਜੇ ਮੈਂ ਤੈਨੂੰ ਇਸ ਕਰਕੇ ਪਿਆਰ ਕਰਦਾ ਹਾਂ ਕਿ ਮੇਰੀਆਂ ਵਾਸ਼ਨਾਵਾਂ ਪੂਰੀਆਂ ਹੋਣ, ਹੇ ਅੱਲਾਹ ਤਾਲਾ ਮੇਰੀ ਵਾਸ਼ਨਾ ਕਦੇ ਨਾ ਪੂਰੀ ਕਰੀਂ। ਜੇ ਮੈਂ ਇਸ ਵਾਸਤੇ ਪਿਆਰ ਕਰਦਾ ਹਾਂ ਕਿ ਮੇਰਾ ਪਰਿਵਾਰ ਵਧੀਆ ਰਹੇ, ਸੁਖੀ ਰਹੇ। ਤਾਂ ਮੇਰੇ ਪਰਿਵਾਰ ਨੂੰ ਦੁੱਖਾਂ ਦੇ ਵਿੱਚ ਪਾ ਦੇ, ਜੇ ਮੈਂ ਤੈਨੂੰ ਇਸ ਕਰਕੇ ਪਿਆਰ ਕਰਦਾ ਹਾਂ ਕਿ ਮੇਰਾ ਸਰੀਰ ਸੁੱਖੀ ਰਹੇ ਤਾਂ ਹੇ ਅੱਲਾਹ ਤਾਲਾ ਮੈਨੂੰ ਐਸਾ ਦੁੱਖ ਦੇ ਕਿ ਜਿਹੜਾ ਜ਼ਿੰਦਗੀ ਭਰ ਹਟੇ ਨਾ। ਮੈਂ ਤਾਂ ਤੇਰੀ ਜ਼ਾਤ ਨੂੰ ਪਿਆਰ ਕਰਦਾ ਹਾਂ ਕਿਉਂਕਿ ਉਹ ਬਹੁਤ ਪਿਆਰੀ ਜ਼ਾਤ ਹੈਂ, ਤੂੰ ਨਿਰਾ ਹੀ ਪਿਆਰ ਹੈਂ –

***ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥ ਜਾਪੁ ਸਾਹਿਬ***

ਤੂੰ ਤਾਂ ਸਾਰੇ ਸੰਸਾਰ ਦੇ ਅੰਦਰ ਪਿਆਰ ਦਾ ਰੂਪ ਧਾਰਨ ਕਰਕੇ ਫੈਲਿਆ ਹੋਇਆ ਹੈਂ, ਮੈਂ ਤੈਨੂੰ ਪਿਆਰ ਕਰਦਾ ਹਾਂ, ਮੇਰੀ ਕਾਮਨਾ ਕੋਈ ਨਹੀਂ ਹੈ, ਕੇਵਲ ਮੈਂ ਤੈਨੂੰ ਪਿਆਰ ਕਰਦਾ ਹਾਂ। ਸੋ ਇਹ ਜੋ ਪਿਆਰ ਦੀ ਬਾਤ ਹੋਇਆ ਕਰਦੀ ਹੈ ਇਹਦੇ ਵਿੱਚ ਮੰਗਣਾ ਨਹੀਂ ਹੋਇਆ ਕਰਦਾ। ਦੇਣਾ ਹੀ ਦੇਣਾ ਹੋਇਆ ਕਰਦਾ ਹੈ, ਲੈਣਾ ਨਹੀਂ ਹੋਇਆ ਕਰਦਾ। ਕੋਈ ਚੀਜ਼ ਨਹੀਂ ਮੰਗਦਾ ਪਿਆਰ ਵਾਲਾ। ਮਹਾਰਾਜ ਕਹਿੰਦੇ, ਉਹਦੇ ਅੰਦਰ ਜੀਵਨ ਦੀ ਰੌਂ ਰੁਮਕਦੀ ਹੈ, ਜਿਹਦੇ ਅੰਦਰ ਪਿਆਰ ਹੈ, ਜਿਹਦੇ ਅੰਦਰ ਪਿਆਰ ਨਹੀਂ ਹੈ, ਉਹ ਮੁਰਦਾ ਸਰੀਰ ਨੇ ਸਾਰੇ –

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥***
***ਨਾਨਕ ਅਵਰੁ ਨ ਜੀਵੈ ਕੋਇ ॥***
***ਜੇ ਜੀਵੈ ਪਤਿ ਲਥੀ ਜਾਇ ॥***
***ਸਭੁ ਹਰਾਮੁ ਜੇਤਾ ਕਿਛੁ ਖਾਇ ॥ ਅੰਗ – 142***

ਜਿਹੜਾ ਕਹਿੰਦਾ ਹੈ ਕਿ ਮੈਂ ਜੀਉਂਦਾ ਹਾਂ, ਉਹਦੀ ਤਾਂ ਨਾਮ ਤੋਂ ਬਗੈਰ ਰੋਜ਼ ਪਤ ਲਹਿ ਰਹੀ ਹੈ, ਇਸ ਤਰ੍ਹਾਂ ਪਿਆਰ ਜੋ ਹੈ ਆਦਮੀ ਦੇ ਅੰਦਰ ਉਹ ਤਾਂ ਹੈ ਜੀਉਂਦਾ। ਪਿਆਰ ਤੋਂ ਹੀਣਾ ਜਿਹੜਾ ਹੈ ਜਿਹਨੂੰ ਕਦੇ ਪਿਆਰ ਆਇਆ ਹੀ ਨਹੀਂ –

***ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥***
***ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨ ॥***
***ਅੰਗ – 1379***

ਉਹ ਤਾਂ ਮਸਾਣ ਹੋਇਆ ਕਰਦੇ ਨੇ ਜਿਨ੍ਹਾਂ ਦੇ ਅੰਦਰ ਪਿਆਰ ਦੀ ਰੌਂ ਨਹੀਂ ਰੁਮਕਦੀ ਕਹਿੰਦੇ ਉਹਦਾ ਜੀਵਨ ਕੁਛ ਨਹੀਂ ਹੋਇਆ ਕਰਦਾ।

ਮੁਰਦਾ ਹੋਇਆ ਕਰਦਾ ਹੈ ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਮਿਰਤਕ ਕਹੀਏ ਨਾਨਕਾ,*
*ਮਿਰਤਕ ਕਹੀਏ ਨਾਨਕਾ।*
*ਜਿਹ ਪ੍ਰੀਤ ਨਹੀ ਭਗਵੰਤ।*

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥*

*ਅੰਗ - 253*

ਪੰਜ ਸਿਫਤਾਂ ਇੱਕ ਬੰਦੇ ਦੇ ਵਿੱਚ ਹੋਣ ਆਖਰੀ ਹੱਦ ਤੱਕ ਦੀਆਂ। ਜੇ ਉਹਦੇ ਅੰਦਰ ਪਿਆਰ ਦੀ ਰੌ ਨਹੀਂ ਰੁਮਕਦੀ ਕਹਿੰਦੇ ਉਹ ਤਾਂ ਮੁਰਦਾ ਸਰੀਰ ਹੈ। ਕਿਉਂਕਿ ਪ੍ਰਮੇਸ਼ਰ ਆਪ ਨਿਰਾ ਪਿਆਰ ਹੋਣ ਕਰਕੇ, ਉਹ ਆਪਣੀ ਸ੍ਰਿਸ਼ਟੀ ਨੂੰ ਦਿੰਦਾ ਹੀ ਦਿੰਦਾ ਹੈ।

*ਦੇਦਾ ਦੇ ਲੈਦੇ ਥਕਿ ਪਾਹਿ ॥ ਅੰਗ - 2*

ਇਹ ਵੀ ਹਰ ਵਕਤ ਕਹਿੰਦਾ ਰਹਿੰਦਾ ਹੈ ਦੇ ਦੇ, ਸਾਰੀ ਜ਼ਿੰਦਗੀ ਇਹਦੀ ਦੇ ਦੇ ਖਤਮ ਨਹੀਂ ਹੁੰਦੀ।

*ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥*

*ਅੰਗ - 2*

ਉਹ ਦਿੰਦਾ ਹੀ ਰਹਿੰਦਾ ਹੈ, ਪਰ ਉਸਨੂੰ ਇੱਕ ਭੁੱਖ ਦਸਦੇ ਨੇ-

*ਗੋਬਿੰਦ ਭਾਉ ਭਗਤਿ ਦਾ ਭੁਖਾ।*

ਪਿਆਰ ਦਾ ਭੁੱਖਾ ਹੈ, ਜਿੱਥੇ ਪਿਆਰ ਦੇ ਨਾਲ ਉਹਨੂੰ ਕੋਈ ਬੁਲਾਉਂਦਾ ਹੈ, ਉਥੇ ਉਸੇ ਵੇਲੇ ਹਾਜ਼ਰ ਹੋ ਜਾਇਆ ਕਰਦਾ ਹੈ।

ਗੁਰੂ ਘਰ ਦੇ ਅੰਦਰ ਇੱਕ ਇਤਿਹਾਸ ਦੇ ਵਿੱਚ ਜ਼ਿਕਰ ਆਉਂਦਾ ਹੈ, ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਦਾ। ਆਪ ਡਰੌਲੀ ਜੰਗਲ ਦੇ ਵਿੱਚ ਨਿਵਾਸ ਰੱਖ ਰਹੇ ਨੇ। ਨੇੜੇ ਹੀ ਇੱਕ ਪਿੰਡ ਹੈ, ਉਸ ਪਿੰਡ ਦੇ ਅੰਦਰ ਕੋਈ ਗੁਰਮੁਖ ਪਿਆਰਾ ਰਹਿੰਦਾ ਹੈ, ਪਰਿਵਾਰ ਰਹਿ ਰਿਹਾ ਹੈ। ਉਥੇ ਗੁਰਸਿੱਖ ਜੋ ਹੈ ਭਾਈ ਆਕੁਲ ਨਾਮ ਦਾ ਹੈ ਤੇ ਜਿਸ ਵਕਤ ਵਰ ਪ੍ਰਾਪਤ ਹੋ ਗਈ ਲੜਕੀ। ਉਨ੍ਹਾਂ ਦਿਨਾਂ ਵਿੱਚ ਇਹ ਰਿਵਾਜ਼ ਹੋਇਆ ਕਰਦਾ ਸੀ ਕਿ ਬ੍ਰਾਹਮਣ ਨੂੰ ਜਾਂ ਨਾਈ ਨੂੰ ਇਨ੍ਹਾਂ ਨੂੰ ਭੇਜਿਆ ਕਰਦੇ ਸੀ ਬੜੇ ਸਿਆਣੇ ਸੀ ਇਹ, ਗੱਲਬਾਤ ਨਾਲ ਜਾਣ ਲੈਂਦੇ ਸੀ ਕਿ ਇਹ ਘਰ ਕਿਹੋ ਜਿਹਾ ਹੈ, ਸਾਡੇ ਜਜ਼ਮਾਨਾਂ ਦਾ ਘਰ ਕਿਹੋ ਜਿਹਾ ਹੈ। ਇਹ ਫੇਰ ਮਿਲਾਪ ਕਰਾ ਦਿਆ ਕਰਦੇ ਸੀ, ਰਿਸ਼ਤੇ ਕਰਾ ਦਿਆ ਕਰਦੇ ਸੀ ਜੇ ਨਾ ਹੋਵੇ ਨਹੀਂ ਕਰਾਇਆ ਕਰਦੇ ਸੀ। ਆਪਣੇ ਵਲੋਂ ਪੂਰੀ ਤਸੱਲੀ ਨਾਲ ਕਰਦੇ ਸੀ। ਸੋ ਭਾਈ ਆਕੁਲ ਨੇ ਇਨ੍ਹਾਂ ਨੂੰ ਬੁਲਾਇਆ, ਬੁਲਾ ਕੇ ਰੁਪਈਆ ਦਿੱਤਾ ਕਹਿਣ ਲੱਗੇ, ਤੁਸੀਂ ਹੁਣ ਜਾਓ, ਆਪਣੀ ਲੜਕੀ ਜੋ ਹੈ ਵਰ ਯੋਗ ਹੋ ਚੁੱਕੀ ਹੈ ਤੇ ਜਲਦੀ ਸ਼ਾਦੀ ਹੋ ਜਾਵੇ। ਕੋਈ ਚੰਗਾ ਘਰ ਦੇਖੋ ਜਿੱਥੇ ਲੜਕੀ ਜਾ ਕੇ ਆਪਣਾ ਗੁਜ਼ਾਰਾ ਚੰਗਾ ਕਰ ਸਕੇ, ਭੁੱਖੀ ਨਾ ਮਰੇ ਤੇ ਚੰਗਾ ਇਜ਼ਤਦਾਰ ਘਰ ਹੋਵੇ। ਸੋ ਜਿਸ ਤਰ੍ਹਾਂ ਦਾ ਉਨ੍ਹਾਂ ਨੇ ਕਿਹਾ ਉਹ ਟੋਲ੍ਹਦੇ

ਫਿਰਦੇ ਨੇ। ਟੋਲਦੇ-ਟੋਲਦੇ ਇੱਕ ਪਿੰਡ ਤੁਗਲਾਣੀ ਹੈ, ਮਾਲਵੇ ਵਿੱਚ। ਉਸ ਥਾਂ 'ਤੇ ਜਾ ਕੇ ਦੇਖਿਆ ਘਰ ਬੜਾ ਚਲਦਾ ਫਿਰਦਾ, ਬੰਦੇ ਬੜੇ ਸ਼ਰੀਫ। ਪਸੰਦ ਆ ਗਿਆ ਲੜਕੇ ਨੂੰ ਰੁਪਈਆ ਦੇ ਆਏ ਓਥੇ ਤੇ ਆ ਕੇ ਵਧਾਈਆਂ ਦਿੱਤੀਆਂ। ਕਹਿਣ ਲੱਗੇ, ਜਜ਼ਮਾਨ ਵਧਾਈਆਂ ਬਹੁਤ ਸੋਹਣਾ ਘਰ ਲੱਭਿਆ ਹੈ। ਲੜਕਾ ਐਸਾ ਹੈ ਜਿਵੇਂ ਰੱਬ ਨੇ ਵਿਹਲਾ ਬੈਠ ਕੇ ਬਣਾਇਆ ਹੁੰਦਾ ਹੈ। ਕਹਿਣ ਲੱਗੇ ਪਿਆਰਿਓ! ਇੱਕ ਗੱਲ ਮੈਂ ਭੁੱਲ ਗਿਆ ਸੀ ਕਿ ਜੋ ਮੇਰਾ ਘਰ ਹੈ ਉਹ ਗੁਰੂ ਘਰ ਨਾਲ ਜੁੜਿਆ ਹੋਇਆ ਹੈ। ਉਸ ਵੇਲੇ ਗੁਰੂ ਘਰ ਨਾਲ ਬਹੁਤੇ ਨਹੀਂ ਸੀ ਜੁੜੇ ਹੁੰਦੇ, ਥੋੜ੍ਹੇ ਜੁੜੇ ਹੁੰਦੇ। ਬਾਕੀ ਜਿਹੜੀ ਮਜਿਓਰਟੀ ਸੀ ਉਹ ਕੀਹਦੇ ਨਾਲ ਜੁੜੀ ਹੁੰਦੀ ਉਹ ਸਰਵਰ ਨਾਲ ਜੁੜੀ ਹੁੰਦੀ। ਪੀਰ ਅਹਿਮਦ ਸੀ, ਜਿਹਨੂੰ ਸਰਵਰੀਆਂ ਕਹਿੰਦੇ ਸੀ। ਉਹਦੇ ਨਾਲ ਜੁੜੇ ਹੁੰਦੇ, ਉਹ ਕਰਾਮਾਤੀ ਪੀਰ ਸੀ। ਉਥੇ ਸੰਗ ਲੈ ਕੇ ਜਾਣਾ। ਸਾਲ ਦੇ ਵਿੱਚ ਦੋ ਵਾਰੀ ਵੀ ਜਾਣਾ, ਇੱਕ ਵਾਰੀ ਵੀ ਜਾਣਾ ਤੇ ਉਥੇ ਕਬਰ ਨੂੰ ਮੱਥੇ ਟੇਕ ਕੇ ਆਉਣਾ, ਰਿਵਾਜ ਇਹ ਹੁੰਦਾ ਕਿ ਜਿਵੇਂ ਦੇਗ ਬਣਾਉਂਦੇ ਹਾਂ ਭੋਗ ਲਵਾਉਂਦੇ ਹਾਂ, ਇਸ ਤਰ੍ਹਾਂ ਇੱਕ ਰੋਟ ਬਣਾਇਆ ਜਾਂਦਾ ਸੀ ਸਵਾ ਮਣ ਦਾ, ਸਵਾ ਮਣ ਆਟਾ ਲੈ ਕੇ ਪਾਥੀਆਂ ਜਾਲੀਆਂ ਜਾਂਦੀਆਂ, ਉਹ ਧਰਤੀ ਗਰਮ ਕੀਤੀ ਜਾਂਦੀ, ਉਹਦੇ ਉਤੇ ਰੱਖ ਕੇ ਫੇਰ ਮੁੜ ਕੇ ਅੱਗ ਜਾਲੀ ਜਾਂਦੀ। ਉਹ ਕਈ ਉਂਗਲ ਮੋਟਾ ਹੁੰਦਾ ਡਬਲਰੋਟੀ ਵਾਂਗਣ। ਜਦ ਉਹ ਪੱਕ ਜਾਂਦਾ ਸੀ ਪੂਰੀ ਤਰ੍ਹਾਂ ਨਾਲ ਫੇਰ ਉਹਨੂੰ ਕੱਢ ਕੇ ਅਰਦਾਸ ਹੁੰਦੀ ਸੀ ਪੀਰ ਦੀ ਕਿ ਤੂੰ ਪਹਿਲਾਂ ਭੋਗ ਲਾ। ਉਸ ਵੇਲੇ ਅਸੀਂ ਕਿਰਪਾਨ ਫੇਰਦੇ ਹਾਂ, ਉਹਦੇ ਜੋ ਏਜੰਟ ਸੀ ਭਰਾਈ ਢੋਲ੍ਹ ਵਜਾਉਣ ਵਾਲੇ ਉਹ ਇੱਕ ਪਾਸਿਓਂ ਚੱਕ ਵੱਢਦੇ ਸੀ ਮੂੰਹ ਨਾਲ। ਉਹ ਮੂੰਹ ਨਾਲ ਕੱਟ ਕੇ ਖਾਂਦੇ ਸੀ ਉਸ ਤੋਂ ਬਾਅਦ ਐਉਂ ਸਮਝਦੇ ਸੀ ਕਿ ਪੀਰ ਨੂੰ ਭੋਗ ਲੱਗ ਗਿਆ, ਤਾਂ ਫੇਰ ਉਹ ਵੰਡਿਆ ਜਾਂਦਾ ਸੀ ਇਹ ਸਰਵਰੀਆਂ ਦੀ ਰੀਤ ਸੀ। ਬਗੈਰ ਬਣਾਏ ਅੱਧੇ ਮੁਸਲਮਾਨ ਸੀ ਇਹ ਲੋਕ। ਉਨ੍ਹਾਂ ਦੀਆਂ ਰਹੁ-ਰੀਤਾਂ ਕਰਦੇ ਸੀ, ਸਾਰਾ ਪੰਜਾਬ ਇਹਦੇ ਵਿੱਚ ਹੀ ਸੀ। ਸਿੱਖੀ ਬਹੁਤ ਘੱਟ ਸੀ, ਕਿਸੇ-ਕਿਸੇ ਪਿੰਡ ਦੇ ਵਿੱਚ ਹੁੰਦਾ, ਮਾਝੇ ਵਿੱਚ ਗੁਰੂ ਮਹਾਰਾਜ ਗੁਰੂ ਪੰਜਵੇਂ ਪਾਤਸ਼ਾਹ ਰਹੇ, ਤੀਸਰੇ ਪਾਤਸ਼ਾਹ ਰਹੇ, ਚੌਥੇ ਰਹੇ, ਦੂਸਰੇ ਰਹੇ, ਗੁਰੂ ਨਾਨਕ ਸਾਹਿਬ ਰਹੇ। ਲੇਕਿਨ ਅੰਮ੍ਰਿਤਸਰ ਦੀਆਂ ਜੜ੍ਹਾਂ ਤੱਕ, ਤਰਨ-ਤਾਰਨ ਦੀਆਂ ਜੜ੍ਹਾਂ ਤੱਕ ਸਰਵਰੀਆਂ ਦਾ ਵਾਸਾ ਹੋਇਆ ਕਰਦਾ ਸੀ। ਸਾਰੇ ਦਾ ਸਾਰਾ ਪਿੰਡ ਸਰਵਰੀਆਂ ਦਾ ਇੱਕ ਦੋ ਸਿੱਖ ਹੋਇਆ ਕਰਦੇ ਸੀ। ਸੋ ਇਸ ਤਰ੍ਹਾਂ ਦੇ ਨਾਲ ਉਨ੍ਹਾਂ ਦੀ ਰਹੁ-ਰੀਤ ਕਬਰਾਂ ਨੂੰ ਮੱਥੇ ਟੇਕਣੇ ਗੁਰੂਆਂ ਦੇ ਕਦੇ ਭੁੱਲ ਕੇ ਵੀ ਨਹੀਂ ਸੀ ਆਉਂਦੇ। ਸੋ ਪੁਛਿਆ ਕਿ ਉਹ ਗੁਰਸਿੱਖ ਨੇ? ਕਹਿਣ ਲੱਗੇ, ਇਹ ਤਾਂ ਨਹੀਂ ਅਸੀਂ ਪੁੱਛਿਆ। ਕਹਿੰਦੇ, ਫੇਰ ਕੁਛ ਦੇਖਿਆ ਹੋਣਾ ਹੈ। ਕਹਿੰਦੇ, ਦੇਖਿਆ ਤਾਂ ਇਹ ਸੀਗਾ ਕਿ ਉਨ੍ਹਾਂ ਦੇ ਘਰ ਵਿੱਚ ਇੱਕ ਮੁਕਾਮ ਜਿਹਾ ਬਣਾਇਆ ਹੋਇਆ ਸੀ, ਉਥੇ ਦੀਵੇ ਜਗਾਉਂਦੇ ਨੇ, ਵੀਰਵਾਰ ਨੂੰ ਤੇ ਸਾਨੂੰ ਐਸ ਤਰ੍ਹਾਂ ਲਗਦਾ ਸੀ ਕਿ ਉਹ ਘਰ ਸਰਵਰੀਆਂ ਦਾ ਸੀ। ਪਰ ਕਹਿਣ ਲੱਗੇ, ਜਜਮਾਨ ਇਹ ਤਾਂ ਠੀਕ ਹੈ, ਪਰ ਚਲਦਾ ਪੁਰਜ਼ਾ ਬਹੁਤ ਹੈ ਘਰ। ਰੋਟੀ

ਬਹੁਤ ਮਿਲੇਗੀ ਤੇਰੀ ਲੜਕੀ ਨੂੰ, ਬੰਦੇ ਬੜੇ ਸ਼ਰੀਫ ਨੇ।

ਕਹਿਣ ਲੱਗੇ ਕਿ ਗਲਤੀ ਹੋ ਗਈ। ਲੜਕੀ ਨੂੰ ਵੀ ਪਤਾ ਲੱਗ ਗਿਆ ਉਹਨੇ ਕਿਹਾ ਕਿ ਬੜਾ ਮਾੜਾ ਕੰਮ ਹੋਇਆ ਕਿ ਮੇਰਾ ਨਿਸ਼ਚਾ ਗੁਰੂ ਦੇ ਚਰਨਾਂ 'ਚ ਹੈ ਤੇ ਇਨ੍ਹਾਂ ਨੇ ਮੈਨੂੰ ਕਬਰਾਂ ਨੂੰ ਮੱਥੇ ਟਿਕਾਉਣੇ ਨੇ। ਗੁਰੂ ਦੇ ਆਉਣ ਨਹੀਂ ਦੇਣਾ ਮੁੜ ਕੇ ਤੋੜ ਦੇਣਾ ਹੈ ਮੈਨੂੰ। ਮੇਰਾ ਤਾਂ ਜੀਵਨ ਹੀ ਬਰਬਾਦ ਹੋ ਗਿਆ, ਬਹੁਤ ਅਫਸੋਸ 'ਚ ਰਹਿਣ ਲੱਗ ਗਈ। ਅਖੀਰ ਸ਼ਾਦੀ ਦਾ ਦਿਨ ਆ ਗਿਆ। ਵਿਆਹ ਹੋ ਗਿਆ। ਡੋਲੀ ਦੇ ਵਿੱਚ ਉਸਨੂੰ ਬਿਠਾ ਦਿੱਤਾ, ਉਹਨੂੰ ਹੋਰ ਕੋਈ ਚਿੰਤਾ ਨਹੀਂ ਇੱਕ ਚਿੰਤਾ ਹੈ ਕਿ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਅਸੀਂ ਆਪ ਦੇ ਚਰਨਾਂ ਦੇ ਭੌਰੇ ਹਾਂ। ਫੇਰ ਮਿਲਾਪ ਮੇਰਾ ਹੋ ਸਕੇਗਾ ਕਿ ਨਹੀਂ ਹੋ ਸਕੇਗਾ ਮੈਂ ਤਾਂ ਜੀਉਂਦੀ ਮਾਰੀ ਗਈ। ਕ੍ਰਿਪਾ ਕਰ ਮੇਰੇ ਉਤੇ, ਬਖਸ਼ ਦੇ, ਜੇ ਮੇਰੇ ਮਾੜੇ ਕਰਮ ਨੇ ਤਾਂ ਵੀ ਬਖਸ਼ ਦੇ। ਡੋਲੀ ਸਾਝਰੇ ਹੀ, ਕਿਉਂਕਿ ਪੈਦਲ ਜਾਇਆ ਕਰਦੇ ਸੀ, ਦੂਰ ਦੇ ਪੈਂਡੇ ਹੁੰਦੇ। ਅੰਮ੍ਰਿਤ ਵੇਲੇ ਹੀ ਤੁਰ ਪੈਂਦੇ ਸੀ। ਸੋ ਉਸ ਪਿੰਡ ਦੇ ਉੱਚੇ ਪਿੰਡ ਤੋਂ ਵੱਡਾ ਗਾਉਂ ਜਿਹਨੂੰ ਕਹਿੰਦੇ ਸੀ ਉਥੋਂ ਡੋਲੀ ਤੁਗਲਾਣੀ ਨੂੰ ਤੁਰੀ, ਘੋੜਿਆਂ 'ਤੇ ਬਰਾਤ ਚੜ੍ਹੀ ਜਾਂਦੀ ਹੈ ਤੇ ਪਿੱਛੇ ਕਹਾਰ ਡੋਲੀ ਨੂੰ ਲਈਂ ਜਾਂਦੇ ਨੇ ਤੇ ਜਿਸ ਵਕਤ ਡਰੌਲੀ ਆਇਆ ਤਾਂ ਬੀਬੀ ਦੇ ਕੰਨ ਵਿੱਚ ਆਵਾਜ਼ ਪਈ, ਬਹੁਤ ਪਿਆਰੀ ਆਵਾਜ਼। ਪਛਾਣ ਗਈ ਕਿ ਇਹ ਤਾਂ ਹਰੀ ਦਾ ਜਸ ਹੋ ਰਿਹਾ ਹੈ ਤੇ ਮੇਰੇ ਤਾਂ ਸਤਿਗੁਰੂ ਜੀ ਇਥੇ ਆਏ ਹੋਏ ਨੇ ਇਹ ਤਾਂ ਡਰੌਲੀ ਪਿੰਡ ਆ ਗਿਆ। ਪਹੁ-ਫੁਟਾਲਾ ਹੋਇਆ-ਹੋਇਆ ਹੈ, ਉਸ ਵੇਲੇ ਮਨ ਵਿੱਚ ਲੋਚਾ ਲੱਗੀ ਕਿ ਹੇ ਪ੍ਰਭੂ! ਹੁਣ ਤੂੰ ਮੈਨੂੰ ਦਰਸ਼ਨ ਦੇਹ, ਮੈਂ ਤੇਰੇ ਦਰਸ਼ਨ ਕਰਾਂ। ਆਪਣੇ ਕੰਗਣ ਲਾਹੇ। ਲਾਹ ਕੇ ਜਿਹੜੇ ਕਹਾਰ ਲਈਂ ਜਾਂਦੇ ਸੀ ਉਨ੍ਹਾਂ ਨੂੰ ਦੇ ਕੇ ਕਹਿਣ ਲੱਗੀ ਕਿ ਵੀਰੋ! ਆਹ ਡੋਲੀ ਥੋੜ੍ਹੀ ਦੇਰ ਵਾਸਤੇ ਤੁਸੀਂ ਰੋਕੋ ਮੈਂ ਗੁਰੂ ਦੇ ਦਰਸ਼ਨ ਕਰਕੇ ਇੱਥੇ ਆਉਂਦੀ ਹਾਂ, ਮੇਰੇ ਸਤਿਗੁਰੂ ਇੱਥੇ ਆਏ ਹੋਏ ਨੇ। ਉਸੇ ਵੇਲੇ ਉਨ੍ਹਾਂ ਨੇ ਡੋਲੀ ਧਰਤੀ 'ਤੇ ਰੱਖ ਦਿੱਤੀ ਜਿਹੜੀ ਬਰਾਤ ਸੀ ਉਹ ਅੱਗੇ ਤੁਰੀ ਜਾਂਦੀ ਹੈ। ਪਿੰਡ ਲੰਘ ਗਈ। ਇਹ ਬੀਬੀ ਕਾਹਲੀ ਨਾਲ ਗਲੀਆਂ 'ਚੋਂ ਹੁੰਦੀ ਹੋਈ ਉਥੇ ਪਹੁੰਚੀ ਜਿੱਥੇ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਬੈਠੇ ਨੇ ਤੇ ਕੀਰਤਨ ਹੋ ਰਿਹਾ ਹੈ, ਉਸ ਵੇਲੇ ਚਰਨਾਂ 'ਤੇ ਜਾ ਕੇ ਸੀਸ ਨਿਵਾਇਆ ਬਹੁਤ ਹੀ ਵੈਰਾਗ ਕਰਿਆ। ਇਸ ਤਰ੍ਹਾਂ ਦੇ ਭਾਵ ਪ੍ਰਗਟ ਹੋ ਰਹੇ ਨੇ -

***ਧਾਰਨਾ - ਤੇਰੇ ਬਿਨਾਂ ਨਾ ਜਗਤ ਉਤੇ ਕੋਈ,***
***ਜਿਹੜਾ ਮੇਰਾ ਦੁੱਖ ਕੱਟ ਦਏ।***
***ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ ॥***
***ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ॥***

***ਅੰਗ - 792***

ਪਾਤਸ਼ਾਹ -

*ਦੂਜਾ ਨਾਹੀ ਕੋਇ ਜਿਸੁ ਆਗੈ ਪਿਆਰੇ ਜਾਇ ਕਹਾ ॥*

*ਅੰਗ - 660*

ਕ੍ਰਿਪਾ ਕਰੋ, ਮਹਾਰਾਜ ਨੇ ਦੇਖਿਆ ਬੱਚੀ ਹੈ ਤੇ ਹੁਣੇ-ਹੁਣੇ ਇਹਦੇ ਫੇਰੇ ਹੋਏ ਹੋਣੇ ਨੇ ਤੇ ਕਿਸ ਤਰ੍ਹਾਂ ਦੇ ਨਾਲ ਇਹ ਦਰਬਾਰ 'ਚ ਆ ਗਈ? ਮਹਾਰਾਜ ਜੀ ਨੇ ਅੰਤਰਧਿਆਨ ਹੋ ਕੇ ਸਾਰੀ ਗੱਲ ਭਾਂਪ ਲਈ। ਉਸ ਵੇਲੇ ਕਹਿਣ ਲੱਗੇ, ਬੇਟਾ! ਦੁਖੀ ਨਾ ਹੋ, ਤੂੰ ਭਾਈ ਆਕੁਲ ਦੀ ਲੜਕੀ ਨਹੀਂ, ਮੇਰੀ ਵੀ ਲੜਕੀ ਹੈਂ। ਮੇਰੀ ਬੱਚੀ ਹੈਂ ਤੂੰ। ਉਧਰਲੇ ਪਾਸੇ ਬਰਾਤ ਵਿੱਚ ਕਹਿਣ ਲੱਗੇ ਡੋਲੀ ਕਿੱਥੇ ਰਹਿ ਗਈ। ਭਾਈ ਸਾਧੂ ਨੂੰ ਭੇਜਿਆ ਕਿ ਤੈਨੂੰ ਕਿਹਾ ਸੀ ਡੋਲੀ ਦੇ ਨਾਲ ਆਈਂ, ਪਤੀ ਸੀ ਉਹਦਾ, ਉਹ ਜਿਸ ਵਕਤ ਟੋਲ੍ਹਦਾ ਆਇਆ, ਪੁੱਛਿਆ! ਉਹ ਕਹਿਣ ਲੱਗੇ, ਕਿ ਉਹ ਤਾਂ ਗੁਰੂ ਦੇ ਦਰਸ਼ਨ ਕਰਨ ਗਈ ਹੈ, ਆਹ ਰਸਤੇ ਗਈ ਹੈ। ਗੁਰੂ ਮਹਾਰਾਜ ਦੀ ਹਜ਼ੂਰੀ 'ਚ ਪਹੁੰਚਦਾ ਹੈ, ਦਰਸ਼ਨ ਕਰਦੇ ਸਾਰ ਉਸ ਵੇਲੇ ਅਸਰ ਹੋਇਆ।

ਦਰਸ਼ਨਾਂ ਦਾ ਸਾਧਸੰਗਤ ਜੀ ਫਲ ਹੋਇਆ ਕਰਦਾ ਹੈ। ਗੁਰੂ ਦਾ ਦਰਸ਼ਨ ਏਵੇਂ ਨਹੀਂ ਜਾਇਆ ਕਰਦਾ। ਗੁਰੂ ਦੇ ਦਰਸ਼ਨ ਦਾ ਫਲ ਮਨ ਦੇ ਵਿਚ ਨਿਰਮਲਤਾਈ ਆ ਗਈ। ਜਾ ਕੇ ਅੱਜ ਪਹਿਲੀ ਵਾਰੀ ਸੀਸ ਨਿਵਾਇਆ, ਗੁਰੂ ਮਹਾਰਾਜ ਨੇ ਪਿੱਠ ਦੇ ਉਤੇ ਹੱਥ ਰੱਖ ਦਿਤਾ। ਪਿਠ ‘ਤੇ ਹੱਥ ਰੱਖਣ ਦੀ ਦੇਰ ਸੀ ਕਿ ਉਹ ਕਾਇਆ ਕਲਪ ਹੋ ਗਈ ਜਿਹੜੇ ਉਹ ਮਾੜੇ ਖਿਆਲ ਸੀ, ਉਹਦੀ ਥਾਂ ‘ਤੇ ਗੁਰੂ ਦਾ ਪਿਆਰ ਆ ਗਿਆ। ਯਾਚਨਾ ਕੀਤੀ ਕਿ ਪਾਤਸ਼ਾਹ! ਮੈਨੂੰ ਵੀ ਆਪਣਾ ਸਿੱਖ ਬਣਾ ਲਓ। ਕਹਿਣ ਲੱਗੇ, ਭਾਈ! ਦੇਖ ਦੋ ਬੇੜੀਆਂ ‘ਚ ਤਾਂ ਬੈਠ ਨਹੀਂ ਹੋਣਾ, ਇਹ ਲੜਕੀ ਮੇਰੀ ਹੈ ਗੁਰਸਿੱਖ ਬੱਚੀ ਹੈ। ਇਹਨੂੰ ਅਸੀਂ ਦੁਖੀ ਨਹੀਂ ਦੇਖ ਸਕਦੇ। ਤੂੰ ਜੇ ਸਿੱਖੀ ਧਾਰਨੀ ਹੈ ਤਾਂ ਤੂੰ ਫੇਰ ਸਰਵਰੀਆ ਹੈਂ, ਤੁਹਾਡੇ ਘਰ ਵਿੱਚ ਮੁਕਾਮ ਬਣਿਆ ਹੋਇਆ ਹੈ, ਉਹ ਢਾਹੁੰਣਾ ਪਵੇਗਾ। ਮਹਾਰਾਜ! ਜੋ ਵੀ ਆਪ ਹੁਕਮ ਦੇਵੋ, ਮੈਂ ਕਰਨ ਵਾਸਤੇ ਤਿਆਰ ਹਾਂ। ਉਸ ਵੇਲੇ ਮਹਾਰਾਜ ਜੀ ਨੇ ਕ੍ਰਿਪਾ ਕੀਤੀ, ਨਾਮ ਦੀ ਦਾਤ ਦਿੱਤੀ। ਰੋਮ-ਰੋਮ ਦੇ ਵਿਚੋਂ ਨਾਮ ਸ਼ੁਰੂ ਹੋ ਗਿਆ। vibration ਸ਼ੁਰੂ ਹੋ ਗਈ। ਪਿਆਰ ਹੋ ਗਿਆ ਗੁਰੂ ਮਹਾਰਾਜ ਨਾਲ ਪਹਿਲੀ ਮਿਲਣੀ ਦੇ ਵਿੱਚ ਹੀ। ਸੋ ਜਿਹੜੀਆਂ ਪੁੱਠੀਆਂ ਗੱਲਾਂ ਸੀ ਉਹ ਤਾਂ ਸਿੱਧੀਆਂ ਹੋ ਗਈਆਂ। ਮਹਾਰਾਜ ਕਹਿਣ ਲੱਗੇ, ਬੇਟੀ! ਤੇਰੇ ਕਰਮਾਂ ਦੇ ਵਿੱਚ ਲਿਖਿਆ ਹੋਇਆ ਸੀ ਇਹ ਲੇਖ। ਉਰ੍ਹੇ ਹੋ ਸਾਡੇ ਕੋਲ, ਮਹਾਰਾਜ ਜੀ ਨੇ ਆਪਣਾ ਅਗੂੰਠਾ ਮਸਤਕ ਨੂੰ ਲਾਇਆ ਜਿੱਥੇ ਦੋਵੇਂ ਅੱਖਾਂ ਤੇ ਨੱਕ ਦੀ ਜੜ੍ਹ ਹੈ। ਇੱਥੇ ਇਸ ਤਰ੍ਹਾਂ ਕਰਿਆ ਜਿਵੇਂ ਕੋਈ ਮੇਟ ਦਿੱਤਾ ਜਾਂਦਾ ਹੈ ਲੇਖ। ਮਹਾਰਾਜ ਜੀ ਨੇ ਉਸ ਤੋਂ ਬਾਅਦ ਉਂਗਲੀ ਦੇ ਨਾਲ ਲਿਖ ਦਿੱਤਾ ਕੁਛ। ਉਹ ਸਾਰਾ ਲੇਖ ਕੱਟਿਆ ਗਿਆ, ਪੁੱਠੀਆਂ ਗੱਲਾਂ ਤੋਂ ਸਿੱਧੀਆਂ ਗੱਲਾਂ ਸ਼ੁਰੂ ਹੋ ਗਈਆਂ-

*ਧਾਰਨਾ - ਪੁੱਠੀ ਬਾਤ ਤੋਂ ਸਿੱਧੀ ਹੋ ਜਾਏ,*

***ਕ੍ਰਿਪਾ ਹੋ ਜਾਏ ਤੇਰੀ ਮਾਲਕਾ।***

***ਅਪੁਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ ॥***
***ਅੰਧਕਾਰ ਮਹਿ ਰਤਨੁ ਪ੍ਰਗਾਸਿਓ ਮਲੀਨ ਬੁਧਿ ਹਛਨਈ ॥ 1 ॥***
***ਜਉ ਕਿਰਪਾ ਗੋਬਿੰਦ ਭਈ ॥***
***ਸੁਖ ਸੰਪਤਿ ਹਰਿ ਨਾਮ ਫਲ ਪਾਏ ਸਤਿਗੁਰ ਮਿਲਈ ॥***
***ਅੰਗ - 402***

ਇੱਕ ਰਾਜਾ ਸੀ ਤੇ ਵਜ਼ੀਰ ਸੀ ਕਿਸੇ ਦੇਸ਼ ਦੇ ਅੰਦਰ, ਰਾਜੇ ਦੇ ਇੱਕ ਪੁੱਤਰ ਜਨਮਿਆ, ਜੋ ਪਿੰਗਲਾ ਸੀ, ਜੋ ਕੁਬੜਾ ਸੀ। ਦੂਸਰੀ ਦਫਾ ਉਸ ਦੇ ਇੱਕ ਲੜਕੀ ਨੇ ਜਨਮ ਲਿਆ। ਜਿਸਦੀ ਛਾਤੀ ਵਿੱਚ ਇਕ ਦੁੱਧ ਸੀ। ਇਧਰ ਵਜ਼ੀਰ ਦੇ ਘਰ ਲੜਕਾ ਪੈਦਾ ਹੋਇਆ ਉਹ ਅੰਨ੍ਹਾ ਸੀ ਜਮਾਂਦਰੂ, ਜੋਤਸ਼ੀਆਂ ਨੂੰ ਪੁੱਛਿਆ ਕਿ ਇਹ ਕੀ ਗੱਲ ਹੋ ਗਈ? ਕਾਹਦੀ ਸਾਡੇ ਉਤੇ ਕਰੋਪੀ ਹੋ ਗਈ। ਕਹਿਣ ਲੱਗੇ, ਮਹਾਰਾਜ! ਇਨ੍ਹਾਂ ਦਾ ਅਸੀਂ ਗ੍ਰਹਿ ਦੇਖਿਆ ਹੈ ਬੱਚਿਆਂ ਦਾ ਕਿ ਜੇ ਇਹ ਤੁਹਾਡੇ ਕੋਲ ਰਹੇ ਤਾਂ ਤੁਹਾਡਾ ਰਾਜ ਨਸ਼ਟ ਹੋ ਜਾਏਗਾ, ਇਨ੍ਹਾਂ ਨੂੰ ਆਪਣੇ ਰਾਜ ਤੋਂ ਬਾਹਰ ਕਿਸੇ ਥਾਂ ਦੇ ਉਤੇ ਸੁੱਟ ਆਓ ਤਾਂ ਕਿ ਜਿਹੜੇ ਇਨ੍ਹਾਂ ਦੀ ਕਿਸਮਤ ਵਿੱਚ ਵਿਘਨ ਲਿਖੇ ਹੋਏ ਨੇ, ਤੁਹਾਡੇ 'ਤੇ ਨਾ ਪੈਣ। ਭਾਵੇਂ ਆਪਣੀ ਓਲਾਦ ਸੀ, ਉਸ ਬਾਦਸ਼ਾਹ ਨੇ ਵਜ਼ੀਰ ਦੇ ਲੜਕੇ ਸਮੇਤ ਰਥ ਵਿੱਚ ਬਿਠਾਏ, ਛੋਟੇ ਬੱਚੇ ਨੇ ਤੇ ਲਿਆ ਕੇ ਇੱਕ ਜੰਗਲ ਦੇ ਵਿੱਚ ਛੱਡ ਦਿਤੇ। ਉਥੋਂ ਆਪਣਾ ਰਥ ਵਗੈਰਾ ਕੱਢ ਲਿਆ। ਉਹ ਬੱਚੇ ਉਥੇ ਹੀ ਰਹਿਣ ਲੱਗ ਗਏ। ਕੋਈ ਉੱਚ ਕੋਟੀ ਦੇ ਮਹਾਂਪੁਰਸ਼ ਉਥੇ ਰਹਿੰਦੇ ਸਨ, ਉਨ੍ਹਾਂ ਦੀ ਨਿਗ੍ਹਾਂ ਉਨ੍ਹਾਂ ਬੱਚਿਆਂ 'ਤੇ ਪੈ ਗਈ ਤੇ ਦੇਖ ਕੇ ਕਹਿਣ ਲੱਗੇ ਕਿ ਕਿਸਮਤ ਦੇ ਹਲਕੇ ਨੇ ਤਿੰਨੋ ਹੀ ਪਰ ਹੁਣ ਸਾਡੇ ਕੋਲ ਆ ਗਏ ਨੇ, ਇਨ੍ਹਾਂ ਨੂੰ ਭਜਨ ਬੰਦਗੀ 'ਚ ਲਾਈਏ। ਕਿਉਂਕਿ ਭਜਨ ਬੰਦਗੀ ਕਰਨ ਨਾਲ, ਵਿਘਨਾਂ ਦਾ ਨਾਸ਼ ਹੋ ਜਾਂਦਾ ਹੈ। ਜੇ ਭਜਨ ਬੰਦਗੀ ਨਾ ਕਰੋ ਕਰੋੜਾਂ ਵਿਘਨ ਆ ਕੇ ਚਿੰਬੜ ਜਾਇਆ ਕਰਦੇ ਨੇ।

***ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ ॥***
***ਅੰਗ - 522***

ਤੇ ਜੇ ਵਿਘਨਾਂ ਦਾ ਨਾਸ਼ ਕਰਨਾ ਹੈ ਤਾਂ ਇਹਦੇ ਉਲਟ ਕਰ ਲਓ।

***ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥*** ***ਅੰਗ - 262***

ਮਹਾਤਮਾ ਨੇ ਨਾਮ ਜਪਣ ਦੀ ਜੁਗਤੀ ਬੱਚਿਆਂ ਨੂੰ ਦੱਸ ਦਿਤੀ, ਉਹਦੀ ਅਵਸਥਾ ਦੇ ਮੁਤਾਬਿਕ। ਭਜਨ ਬੰਦਗੀ ਕਰਦੇ ਨੇ। ਕੁਛ ਸਮਾਂ ਬਾਹਰ ਜਾਂਦੇ ਨੇ। ਬਾਕੀ ਸਤਿਸੰਗ ਸੁਣਦੇ ਨੇ, ਜਿੰਨੀ ਕੁ ਹੋ ਸਕਦੀ ਹੈ ਸੇਵਾ ਕਰਦੇ ਨੇ ਤੇ ਇੱਕ ਵਾਰੀ ਤਿੰਨੋ ਹੀ ਬਾਹਰ ਗਏ ਤਾਂ ਬਹੁਤ ਸੋਹਣੇ ਫਲ ਲੱਗੇ ਹੋਏ ਨੇ। ਪਰ ਹੱਥ ਕਿਸੇ ਦਾ ਵੀ ਨਹੀਂ ਜਾਂਦਾ। ਉਸ ਵੇਲੇ ਜਿਹੜਾ ਕੁਬੜਾ ਲੜਕਾ ਸੀ, ਕਹਿਣ ਲੱਗਿਆ, ਦੇਖੋ ਕਿੰਨੇ ਵਧੀਆ ਫਲ ਲੱਗੇ ਹੋਏ ਨੇ, ਇਹ ਆਪਾਂ ਕਿਸੇ ਤਰ੍ਹਾਂ ਤੋੜ ਕੇ ਖਾਈਏ। ਤਾਂ ਕਿ

ਆਪਣੀ ਭੁੱਖ ਦੀ ਨਵਿਰਤੀ ਹੋਵੇ। ਉਸ ਵੇਲੇ ਜਿਹੜਾ ਅੰਨ੍ਹਾ ਸੀ ਉਹ ਕਹਿਣ ਲੱਗਿਆ ਕਿ ਦੱਸੋ ਕਿਵੇਂ? ਮੈਨੂੰ ਤਾਂ ਫਲ ਦਿਸਦੇ ਨਹੀਂ ਪਰ ਮੈਨੂੰ ਦੱਸੋ ਕਿਵੇਂ ਤੋੜੇ ਜਾ ਸਕਦੇ ਨੇ। ਕਹਿੰਦੇ ਜੇ ਮੈਂ ਤੇਰੇ ਮੋਢਿਆਂ 'ਤੇ ਬੈਠ ਜਾਵਾਂ ਤਾਂ ਇਸ ਫਲ ਤੱਕ ਮੇਰਾ ਹੱਥ ਪਹੁੰਚ ਜਾਏਗਾ, ਤੈਨੂੰ ਵੀ ਦੇਈ ਜਾਵਾਂਗੇ ਤੇ ਅਸੀਂ ਵੀ ਖਾਈ ਜਾਵਾਂਗੇ। ਸੋ ਉਸ ਲੜਕੇ ਨੂੰ ਉਹਨੇ ਮੋਢਿਆਂ 'ਤੇ ਚੁੱਕ ਲਿਆ। ਦਰਖਤ ਦੇ ਕੋਲ ਲੈ ਗਿਆ, ਫਲ ਮਿਲ ਗਿਆ। ਫਲ ਉਸ ਨੇ ਪਹਿਲਾਂ ਆਪਣੀ ਭੈਣ ਵਲ ਸੁੱਟਿਆ, ਫੇਰ ਉਹਨੇ ਆਪਣੀ ਜੇਬ ਵਿੱਚ ਪਾਇਆ। ਤੀਸਰਾ ਫਲ ਉਸ ਲੜਕੇ ਨੂੰ ਦਿੱਤਾ ਜਿਹਨੇ ਮੋਢਿਆਂ 'ਤੇ ਚੁੱਕਿਆ ਹੋਇਆ ਸੀ ਉਸਨੂੰ। ਕੁਛ ਉਸਨੂੰ ਐਸਾ ਵਹਿਮ ਪਿਆ ਕਿ ਆਪ ਤਾਂ ਖਾਈ ਜਾਂਦੇ ਨੇ ਫਲ ਮੈਨੂੰ ਨਹੀਂ ਦਿੰਦੇ। ਉਹਨੇ ਗੁੱਸੇ 'ਚ ਆਏ ਹੋਏ ਨੇ ਕੁਬੜੇ ਨੂੰ ਵਗਾਹ ਕੇ ਮਾਰਿਆ। ਵਗਾਹ ਕੇ ਮਾਰਨ ਦੀ ਦੇਰ ਸੀ ਜਿਹੜਾ ਕੁੱਬ ਸੀ ਨਿਕਲ ਗਿਆ। ਸਿੱਧਾ ਹੋ ਗਿਆ। ਉਸ ਲੜਕਾ ਨੇ ਜਦ ਦੇਖਿਆ ਕਿ ਮੇਰੇ ਵੀਰ ਨੂੰ ਇਹਨੇ ਵਗਾਹ ਕੇ ਮਾਰਿਆ, ਉਹਨੇ ਚੁੱਕ ਕੇ ਇੱਟ ਉਹਦੇ ਮੱਥੇ 'ਚ ਮਾਰੀ, ਜਦੋਂ ਮੱਥੇ 'ਚ ਮਾਰੀ ਕੋਈ ਨਾੜ ਸੀ ਐਸੀ ਅੱਖਾਂ ਦੇ ਸਾਮ੍ਹਣੇ ਜਿਹਨੇ ਗਲਤ ਕੰਮ ਕਰਿਆ ਹੋਇਆ ਸੀ, ਉਹਦੇ ਵਿੱਚੋਂ ਖੂਨ ਨਿਕਲਣਾ ਸ਼ੁਰੂ ਹੋ ਗਿਆ ਤੇ ਹੌਲੀ-ਹੌਲੀ ਉਹਨੂੰ ਦਿੱਸਣ ਲੱਗ ਗਿਆ, ਜਦ ਉਹਨੂੰ ਦਿੱਸਿਆ ਇਹਨੇ ਕਿਹਾ ਕਿ ਉਹਨੇ ਮੇਰੇ ਇੱਟ ਮਾਰੀ ਹੈ, ਉਹਨੇ ਪੈਰ ਮਾਰਿਆ ਜਿਹੜਾ ਤੀਸਰਾ ਵਾਧੂ ਦਾ ਥਣ ਸੀ ਉਹ ਗਾਇਬ ਹੋ ਗਿਆ। ਮਹਾਂਪੁਰਸ਼ਾਂ ਕੋਲ ਚਲੇ ਗਏ ਜਾ ਕੇ ਸਾਰੀ ਗੱਲ ਦੱਸੀ ਕਿ ਐਸ ਤਰ੍ਹਾਂ ਹੋਇਆ ਸਾਡੇ ਨਾਲ, ਕਹਿਣ ਲੱਗੇ ਭਾਈ! ਤੁਸੀਂ ਆ ਕੇ ਸੰਗਤਾਂ ਦੀ ਸੇਵਾ ਕਰੀ ਹੈ, ਝਾੜੂ ਦਿੱਤੇ ਨੇ, ਬਰਤਨ ਮਾਂਜੇ ਨੇ ਉਹਦਾ ਫਲ ਤੁਹਾਨੂੰ ਇਹ ਹੋਇਆ, ਦੂਜਾ ਤੁਸੀਂ ਨਾਮ ਜਪਿਆ ਹੈ ਤੇ ਇਹਦੇ ਨਾਲ ਜਿਹੜੇ ਤੁਹਾਡੇ ਪੁੱਠੇ ਲੇਖ ਸੀ ਸਿੱਧੇ ਹੋ ਗਏ। ਜਿਹੜੇ ਦੂਤ ਤੇ ਦੁਸਟ ਸੀ ਸੱਜਣ ਬਣ ਗਏ। *'ਅਪੁਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ ॥ '*

ਏਸੇ ਤਰ੍ਹਾਂ ਦੇ ਨਾਲ ਬੀਬੀ ਜਦੋਂ ਗੁਰੂ ਮਹਾਰਾਜ ਦੀ ਚਰਨ ਸ਼ਰਨ ਆ ਗਈ ਤੇ ਉਹਦਾ ਪਤੀ ਸੱਧੂ ਵੀ ਆ ਗਿਆ ਤੇ ਮਹਾਰਾਜ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਦਾ ਹੀ ਬਣ ਗਿਆ, ਪਿਆਰ ਵਿੱਚ ਆ ਗਿਆ। ਉਸ ਵੇਲੇ ਮਹਾਰਾਜ ਕਹਿਣ ਲੱਗੇ, ਭਾਈ ਸੱਧੂ! ਪਿਆਰ ਇੱਕ ਪਾਸੇ ਹੁੰਦਾ ਹੈ, ਦੋ ਪਾਸੇ ਨਹੀਂ ਹੁੰਦਾ। ਹਮੇਸ਼ਾ ਪਿਆਰ ਇੱਕੋ ਹੀ ਹੁੰਦਾ ਹੈ, ਇਹ ਨਹੀਂ ਹੈ ਕਿ ਮੈਂ ਉਹਨੂੰ ਵੀ ਪਿਆਰ ਕਰਦਾ ਹਾਂ ਉਹਨੂੰ ਵੀ ਕਰਦਾ ਹਾਂ। ਬਿਲਕੁਲ ਨਹੀਂ ਹੋਇਆ ਕਰਦਾ, ਉਹ ਤਾਂ ਪ੍ਰਮੇਸ਼ਰ ਨਾਲ ਵੀ ਨਹੀਂ ਹੋਇਆ ਕਰਦਾ।

***ਧਾਰਨਾ - ਲੋਕ ਕੁਟੰਬ ਸਭਹੂੰ ਤੇ ਤੋੜੈ,***
***ਤਉ ਆਪਨ ਬੇਢੀ ਆਵੈ ਹੋ।***

***ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ ॥***
***ਅੰਗ - 657***

ਨਾਮਦੇਵ ਜੀ ਦੀ ਛੱਪਰੀ ਨੂੰ ਅੱਗ ਲੱਗ ਗਈ। ਵਾਹਿਗੁਰੂ ਜੀ ਨੇ ਆ ਕੇ ਉਹ ਛੱਪਰੀ ਬਣਾ ਦਿੱਤੀ। ਪੜੌਸਣ ਜਿਹੜੀ ਸੀ ਉਹਨੂੰ ਬੜੀ ਪਸੰਦ ਆਈ। ਉਹਨੇ ਕਿਹਾ ਨਾਮਦੇਵ! ਬਹੁਤ ਵਧੀਆ ਕਾਰੀਗਰ ਆਇਆ ਹੈ ਤੇਰੀ ਛੱਪਰੀ ਬਣਾਉਣ ਵਾਸਤੇ, ਜੇ ਤੂੰ ਮੈਨੂੰ ਦਸ ਪਾ ਦੇਵੇਂ ਤਾਂ ਮੈਂ ਵੀ ਆਪਣੀ ਇੱਕ ਛੱਪਰੀ ਬਣਾ ਲਵਾਂ। ਮੇਰੇ ਤਾਂ ਪੱਕੇ ਘਰ ਨੇ ਪਰ ਆਹ ਵਿਹੜੇ ਦੇ ਵਿੱਚ ਇੱਕ ਮੈਂ ਵੀ ਬਣਾ ਲਵਾਂ, ਬੜੀ ਸੋਹਣੀ ਲੱਗਦੀ ਹੈ।

***ਪਾੜ ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ ॥***
***ਤੋ ਪਹਿ ਦੁਗਣੀ ਮਜੂਰੀ ਦੈਹਉ***
***ਮੋ ਕਉ ਬੇਢੀ ਦੇਹੁ ਬਤਾਈ ਹੋ॥*** ***ਅੰਗ - 657***

ਕਹਿਣ ਲੱਗੇ, ਭੈਣ! -

***ਰੀ ਬਾਈ ਬੇਢੀ ਦੇਨੁ ਨ ਜਾਈ ॥*** ***ਅੰਗ - 657***

ਐਸ ਤਰ੍ਹਾਂ ਤਾਂ ਨਹੀਂ ਬੇਢੀ ਆਉਂਦਾ, ਜਿਵੇਂ ਤੂੰ ਕਹਿੰਦੀ ਹੈਂ, ਉਹ ਮਜੂਰੀ ਜਿਹੜੀ ਮੰਗਦਾ ਹੈ -

***ਦੇਖੁ ਬੇਢੀ ਰਹਿਓ ਸਮਾਈ ॥***
***ਹਮਾਰੈ ਬੇਢੀ ਪ੍ਰਾਨ ਅਧਾਰਾ ॥ 1 ॥ ਰਹਾਉ ॥***
***ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ ॥***
***ਅੰਗ - 657***

ਉਹ ਤਾਂ ਪ੍ਰਾਣਾਂ ਦਾ ਆਧਾਰ ਹੈ ਮੇਰਾ।

***ਆਖਾ ਜੀਵਾ ਵਿਸਰੈ ਮਰਿ ਜਾਉ ॥*** ***ਅੰਗ - 9***

ਮੈਂ ਤਾਂ ਉਹਦੇ ਪਿਆਰ ਵਿੱਚ ਜੀਉਂਦਾ ਹਾਂ, ਮੇਰੇ ਪ੍ਰਾਣਾਂ ਦਾ ਆਧਾਰ ਹੀ ਇੱਕ ਓਹੀ ਹੈ।

ਸਾਡੇ ਪ੍ਰਾਣਾਂ ਦਾ ਆਧਾਰ ਰੋਟੀ ਪਾਣੀ ਹੈ, ਸ਼ੋਹਰਤ ਹੈ, ਮਾਇਆ ਦੇ ਬੇਅੰਤ ਰੂਪ ਨੇ। ਸਾਡੇ ਪ੍ਰਾਣਾਂ ਦਾ ਆਧਾਰ ਵਾਹਿਗੁਰੂ ਨੂੰ ਬਣਦਾ। ਪ੍ਰਾਣਾਂ ਦਾ ਆਧਾਰ ਜਿਹਦਾ ਬਣ ਜਾਵੇ ਮਹਾਰਾਜ ਕਹਿੰਦੇ ਫੇਰ -

***ਸਾਚੇ ਨਾਮ ਕੀ ਲਾਗੈ ਭੂਖ ॥***
***ਉਤੁ ਭੂਖੈ ਖਾਇ ਚਲੀਅਹਿ ਦੂਖ ॥*** ***ਅੰਗ - 9***

**ਸਾਰੇ ਦੁੱਖਾਂ ਦਾ ਖਾਤਮਾ ਹੋ ਜਾਇਆ ਕਰਦਾ ਹੈ ਜੇ ਨਾਮ ਦੀ ਭੁ'ਖ ਲ'ਗ ਜਾਏ। ਕਹਿਣ ਲੱਗੇ, ਬੀਬੀ! ਭੈਣ! ਮੇਰੇ ਤਾਂ ਉਹ ਪ੍ਰਾਣਾਂ ਦਾ ਆਧਾਰ ਹੈ। ਕਹਿਣ ਲੱਗੀ ਕਿ ਮੈਂ ਤਾਂ ਮਜੂਰੀ ਦੀ ਗੱਲ ਕਰਦੀ ਹਾਂ, ਤੂੰ ਹੋਰ ਹੀ ਗੱਲ 'ਚ ਪੈ ਗਿਆ। ਮੈਨੂੰ ਇਹ ਦੱਸ ਕਿ ਉਹਦੀ ਮਜੂਰੀ ਕੀ ਹੈ? ਕਹਿੰਦੇ -**

***ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ ॥***
***ਅੰਗ - 657***

ਹੈ ਤੇਰੇ ਕੋਲ ਪਿਆਰ? ਕਹਿੰਦੀ, ਅਸੀਂ ਵੀ ਤਾਂ ਕਰਦੇ ਹਾਂ। ਕਹਿੰਦੇ, ਐਸ ਤਰ੍ਹਾਂ ਨਹੀਂ ਮੰਨਦਾ ਉਹ।

***ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ ॥***

***ਅੰਗ - 657***

100% ਪਿਆਰ ਮੰਗਦਾ ਹੈ, ਜੇ ਪਿਆਰ devided ਹੈ ਫੇਰ ਨਹੀਂ ਆਉਂਦਾ। ਉਹਦਾ ਪਿਆਰ ਚੀਜ਼ ਹੀ ਐਸੀ ਹੁੰਦੀ ਹੈ, ਜੇ ਕਹੇ ਕਿ ਮੈਂ ਉਹਨੂੰ ਵੀ ਪਿਆਰ ਕਰਦਾ ਹਾਂ, ਉਹਨੂੰ ਵੀ ਕਰਦਾ ਹਾਂ, ਬਿਲਕੁਲ ਗਲਤ ਹੁੰਦਾ ਹੈ। ਪਿਆਰ ਤਾਂ ਇੱਕ ਨਾਲ ਹੀ ਹੁੰਦਾ, ਦੋ ਥਾਂ ਨਹੀਂ ਪਿਆਰ ਹੋਇਆ ਕਰਦਾ। ਸੋ ਇਸ ਤਰ੍ਹਾਂ ਦੇ ਨਾਲ ਉਹ ਪਿਆਰ ਦੀ ਮਜ਼ਦੂਰੀ ਮੰਗਦਾ ਹੈ।

ਸੋ ਦੇਖਦੇ ਸਾਰ ਭਾਈ ਸੱਧੂ ਨੂੰ ਗੁਰੂ ਮਹਾਰਾਜ ਨਾਲ ਪਿਆਰ ਹੋ ਗਿਆ। ਬੀਬੀ ਪਹਿਲਾਂ ਹੀ ਪਿਆਰ ਕਰਦੀ ਸੀ, ਮਹਾਰਾਜ ਨੇ ਅਸੀਸ ਦਿਤੀ ਕਿ ਜਾਓ ਤੁਹਾਡੇ ਲੇਖ ਕੱਟ ਦਿੱਤੇ ਤੁਸੀਂ ਗੁਰੂ ਘਰ ਦੀ ਸਿੱਖੀ ਕਮਾਓ। ਘਰ ਜਾਂਦਾ ਹੈ ਰਸਤੇ ਵਿੱਚ ਬਰਾਤ ਵੀ ਠਹਿਰੀ ਹੋਈ ਹੈ। ਕਹਿਣ ਲੱਗੇ, ਦੋਵੇਂ ਨਹੀਂ ਆਏ, ਕੀ ਹੋ ਗਿਆ? ਕਈਆਂ ਨੇ ਕਿਹਾ ਕਿ ਉਥੇ ਗੁਰੂ ਆਇਆ ਹੋਇਆ ਹੈ, ਉਹਦੇ ਸਿੱਖਾਂ ਨੇ ਨਾ ਫੜ ਲਏ ਹੋਣ। ਕਿਉਂਕਿ ਸਰਵਰਈਏ, ਨਿਗ੍ਹਾਈਏ ਇਹ ਗੁਰੂ ਘਰ 'ਚ ਬਿਲਕੁਲ ਨਹੀਂ ਜਾਇਆ ਕਰਦੇ ਸੀ। ਡਰਦੇ ਸੀ ਗੁਰੂ ਘਰ ਤੋਂ। ਜੇ ਕੋਈ ਨਾਉਂ ਵੀ ਲੈਂਦਾ ਸੀ ਤਾਂ ਵੀ ਉਸ ਤੋਂ ਪਾਸੇ ਹੋ ਜਾਂਦੇ ਸੀ ਕਿ ਜੇ ਗੁਰੂ ਦਾ ਨਾਉਂ ਲਿਆ, ਗੁਰੂ ਦੀ ਗੱਲ ਕਰੀ, ਉਹ ਬਦਲ ਜਾਇਆ ਕਰਦਾ ਸੀ। ਸੋ ਇਸ ਤਰ੍ਹਾਂ ਕਰਕੇ ਦੇਖਣ ਲੱਗੇ, ਵਾਪਸ ਆ ਗਏ, ਅਜੇ ਨਾ ਭਾਈ ਸੱਧੂ ਆਇਆ ਹੈ, ਨਾ ਬੀਬੀ ਆਈ ਹੈ, ਖੜ੍ਹੇ ਨੇ ਹੈਰਾਨ ਨੇ ਕਿ ਕੀ ਗੱਲ ਉਹ ਕਿੱਥੇ ਚਲੀ ਗਏ? ਉਹ ਕਹਿਣ ਲੱਗੇ, ਡੋਲੀ ਵਾਲੇ ਕਿ ਉਹ ਤਾਂ ਗੁਰੂ ਮਹਾਰਾਜ ਦੇ ਦਰਸ਼ਨ ਕਰਨ ਗਏ ਨੇ। ਕਹਿੰਦੇ ਸਾਡਾ ਮੁੰਡਾ ਤਾਂ ਗੁਰੂ ਨੂੰ ਮੰਨਦਾ ਹੀ ਨਹੀਂ ਸੀ। ਉਹ ਦਰਸ਼ਨ ਕਰਨ ਨਹੀਂ ਅਸੀਂ ਭੇਜਿਆ ਹੈ ਉਹਨੂੰ ਵਹੁਟੀ ਲੈਣ ਵਾਸਤੇ। ਐਨੇ ਨੂੰ ਜਿਸ ਵਕਤ ਆਇਆ ਤਾਂ ਲੜਕੇ ਦਾ ਰੂਪ ਰੰਗ ਹੀ ਹੋਰ ਹੋਇਆ-ਹੋਇਆ, ਖੁਸ਼ੀ ਹੀ ਹੋਰ। ਕਹਿਣ ਲੱਗੇ, ਕੀ ਗੱਲ? ਕਹਿਣ ਲੱਗਿਆ ਕਿ ਮੈਂ ਤਾਂ ਸਿੱਖੀ ਧਾਰਨ ਕਰਕੇ ਆਇਆ ਹਾਂ। ਕਹਿੰਦੇ, ਆਪਾਂ ਤਾਂ ਸਿੱਖੀ ਦੇ ਸੈਂਕੜੇ ਕੋਹ ਦੂਰ ਹਾਂ, ਤੂੰ ਇਹ ਕੀ ਕੁਰੀਤੀ ਕੀਤੀ, ਸਿੱਖ ਬਣ ਗਿਆ। ਇਹਦਾ ਤਾਂ ਸਾਨੂੰ ਪਤਾ ਸੀ ਕਿ ਇਸ ਲੜਕੀ ਨੇ ਆਉਣਾ ਹੈ, ਸਾਡੇ ਘਰ 'ਚ ਜ਼ਰੂਰ ਫਤੂਰ ਪਾਏਗੀ ਕੋਈ ਨਾ ਕੋਈ। ਕਿਉਂਕਿ ਗੁਰੂ ਦੀ ਸਿੱਖ ਹੈ ਇਹ ਸਿੱਖ ਹਟਦੇ ਨਹੀਂ ਹੁੰਦੇ ਆਪਣੇ ਗੁਰੂ ਨੂੰ ਪਿਆਰ ਕਰਨ ਤੋਂ। ਹੋ ਗਈ ਰਾਹ ਵਿੱਚ ਹੀ ਗੱਲ ਹੋ ਗਈ ਐਸੀ, ਬਹੁਤ ਬਚਨ ਉਹਨੇ ਕਹੇ ਕਹਿਣ ਲੱਗਿਆ ਕਿ ਮੈਂ ਤਾਂ ਗੁਰੂ ਦਾ ਇੱਕ ਵਾਰੀ ਦਰਸ਼ਨ ਕਰਿਆ ਮੈਂ ਸਹਿ ਨਹੀਂ ਸਕਿਆ। ਉਹ ਤਾਂ ਨਿਰਾ ਹੀ ਪਿਆਰ ਹੈ ਤੁਸੀਂ ਕਿਉਂ ਉਹਨੂੰ ਕੋਸਦੇ ਓਂ। ਕਬਰਾਂ ਨੂੰ ਮੰਨਦੇ ਓਂ, ਕਬਰ ਕਦੇ ਬੋਲੀ ਵੀ ਹੈ। ਉਹਦੇ ਵਿਚੋਂ ਕਦੇ ਕੁਛ ਆਇਆ ਵੀ ਹੈ। ਸੋ ਇਸ ਤਰ੍ਹਾਂ ਬਚਨ ਕਰਦੇ-ਕਰਦੇ ਤੁਖਲਾਣੀ ਪਿੰਡ ਦੇ ਵਿੱਚ ਪਹੁੰਚ ਜਾਂਦੇ ਨੇ, ਡੋਲੀ ਉਤਾਰੀ। ਮਾਂ ਤੇ ਭੈਣਾਂ, ਸਰੀਕਾ ਵਗੈਰਾ ਸਾਰਾ ਖੜ੍ਹਾ ਹੈ

ਕਿਉਂਕਿ ਘਰ ਵਿੱਚ ਹੀ ਮੁਕਾਮ ਹੈ ਤਾਂ ਉਹ ਪਹਿਲਾਂ ਕਹਿੰਦੇ ਨੇ ਕਿ ਮੁਕਾਮ ਦੇ ਉਤੇ ਜਾ ਕੇ ਇਹਦਾ ਮੱਥਾ ਟਿਕਾਈਏ, ਫੇਰ ਘਰ ਵਾੜੀਏ। ਉਹ ਬੀਬੀ ਦਾ ਧਿਆਨ ਆਪਣੇ ਗੁਰੂ ਮਹਾਰਾਜ ਦੇ ਚਰਨਾਂ 'ਚ ਹੈ, ਬਾਰ-ਬਾਰ ਅਰਦਾਸਾਂ ਕਰਦੀ ਹੈ ਹੇ ਪਾਤਸ਼ਾਹ! ਹੁਣ ਮੇਰੀ ਲਾਜ ਰੱਖੀਂ, ਇਹ ਸੀਸ ਤੈਨੂੰ ਨਿਵ ਗਿਆ, ਤੇਰੇ ਚਰਨਾਂ ਨੂੰ ਨਿਵਿਆ ਹੋਇਆ ਪਵਿੱਤਰ ਸੀਸ ਹੁਣ ਹੋਰ ਕਿਸੇ ਥਾਂ ਨਹੀਂ ਨਿਵਣਾ ਚਾਹੀਦਾ ਤੇ ਇਧਰ ਭਾਈ ਸੱਧੂ ਉਤਰਿਆ, ਨੱਠ ਕੇ ਜਾ ਕੇ ਕਹੀ ਲੈ ਆਇਆ, ਜਿੱਥੇ ਬੀਬੀਆਂ ਇਕੱਠੀਆਂ ਹੋ ਕੇ ਉਹਨੂੰ ਹੌਲੀ-ਹੌਲੀ ਤੋਰ ਕੇ ਲਿਜਾ ਰਹੀਆਂ ਸੀ ਕਿ ਮੱਥਾ ਟਿਕਾਈਏ, ਉਹ ਕੀ ਦੇਖਦੇ ਨੇ ਭਾਈ ਸੱਧੂ ਨੇ ਉਹ ਮੁਕਾਮ ਢਾਹੁੰਣਾ ਹੀ ਸ਼ੁਰੂ ਕਰ ਦਿੱਤਾ। ਕਹਿੰਦਾ, ਖਬਰਦਾਰ! ਕਿਸੇ ਨੇ ਮੱਥਾ ਨਹੀਂ ਟਿਕਾਉਣਾ ਇਹਨੂੰ। ਜਿੱਥੇ ਟੇਕਣਾ ਸੀ ਟੇਕ ਦਿੱਤਾ, ਜਿਹੜੇ ਘਰ ਅਸੀਂ ਜਾਣਾ ਸੀ ਜਾ ਆਏ। ਜਿੱਥੇ ਦੇ ਹੋਣਾ ਸੀ ਅਸੀਂ ਹੋ ਗਏ। ਦੇਖਦੇ-ਦੇਖਦੇ ਮੁਕਾਮ ਢਾਹ ਦਿੱਤਾ, ਬਥੇਰਿਆਂ ਨੇ ਕਿਹਾ ਕਿ ਪੀਰ ਨਰਾਜ਼ ਹੋ ਜਾਏਗਾ। ਕਹਿਣ ਲੱਗਿਆ, ਕਿ ਮੇਰੇ ਗੁਰੂ ਨਾਲੋਂ ਵੱਡਾ ਨਹੀਂ ਹੈ ਪੀਰ। ਮੇਰਾ ਗੁਰੂ ਸਭ ਤੋਂ ਵੱਡਾ ਹੈ। ਉਸ ਗੁਰੂ ਦੇ ਮੁਕਾਬਲੇ 'ਤੇ ਕੋਈ ਨਹੀਂ ਪਹੁੰਚ ਸਕਦਾ ਐਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਜਿਨ ਕਲਿ ਰਾਖੀ ਮੇਰੀ,***
***ਸਤਿਗੁਰ ਨਾਨਕ ਤੋਂ ਬਲਿਹਾਰੇ।***
***ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥***
***ਅੰਗ - 750***

ਕਹਿਣ ਲੱਗਿਆ, ਗੁਰੂ ਨਾਨਕ ਪਾਤਸ਼ਾਹ ਤੋਂ ਕੋਈ ਵੱਡਾ ਨਹੀਂ ਹੈ, ਮੈਨੂੰ ਜੋ ਮਿਲਣਾ ਸੀ ਮਿਲ ਗਿਆ, ਜਿਹਦੇ ਅਸੀਂ ਹੋਣਾ ਸੀ ਹੋ ਗਏ ਇਹ ਮਿੱਟੀ ਕੁਛ ਨਹੀਂ ਕਰਦੀ ਹੈ, ਸਾਰਿਆਂ ਦੇ ਦੇਖਦੇ-ਦੇਖਦੇ ਢਾਹ ਦਿੱਤਾ ਮੁਕਾਮ। ਥੋੜ੍ਹੀ ਦੇਰ ਤੋਂ ਬਾਅਦ ਪਿਤਾ ਨੂੰ ਵੀ ਗੁਰੂ ਦਾ ਪਿਆਰ ਹੋ ਗਿਆ, ਘਰ ਵਿੱਚ ਖੁਸ਼ਹਾਲੀ ਹੋ ਗਈ, ਪਿਆਰ ਆ ਗਿਆ, ਵਹਿਮ-ਪ੍ਰਸਤੀ ਖਤਮ ਹੋ ਗਈ। ਬਰਕਤਾਂ ਪੈ ਗਈਆਂ, ਸਾਰਾ ਪਿੰਡ ਦੇਖਦਾ ਹੈ। ਉਸ ਤੋਂ ਬਾਅਦ ਹੌਲੀ-ਹੌਲੀ ਘਰ ਬਹੁਤ ਸੋਹਣਾ ਚੱਲਣ ਲੱਗ ਗਿਆ, ਇਹ ਬੀਬੀ ਤੇ ਭਾਈ ਸੱਧੂ ਹਰ ਛੇ ਮਹੀਨੇ ਤੋਂ ਬਾਅਦ ਜਿੱਥੇ ਵੀ ਪਤਾ ਲੱਗੇ ਗੁਰੂ ਮਹਾਰਾਜ ਆਏ, ਦੇ ਦਰਸ਼ਨਾਂ ਨੂੰ ਜਾਂਦੇ ਨੇ। ਬੜਾ ਆਦਰਸ਼ਕ ਪਿਆਰ ਹੈ ਦੋਹਾਂ ਦੇ ਅੰਦਰ। ਗੁਰੂ ਮਹਾਰਾਜ ਬੜੇ ਪ੍ਰਸੰਨ ਹੁੰਦੇ ਨੇ, ਦੋਵੇਂ ਹੱਥ ਦੋਵਾਂ ਦੇ ਸੀਸ 'ਤੇ ਰੱਖ ਕੇ ਅਸੀਸ ਦਿੰਦੇ ਨੇ।

ਸੋ ਇਸ ਤਰ੍ਹਾਂ ਗੁਰੂ ਨਾਲ ਜਿਹਦਾ ਸਬੰਧ ਹੁੰਦਾ ਹੈ, ਸੰਤਾਂ ਨਾਲ ਹੋਵੇ, ਗੁਰੂ ਨਾਲ ਹੋਵੇ, ਇਸ ਸਬੰਧ ਦੀਆਂ ਕੁਛ ਸ਼ਰਤਾਂ ਹੋਇਆ ਕਰਦੀਆਂ ਨੇ। ਪਹਿਲਾਂ ਤਾਂ ਜੇ ਦਰਸ਼ਨ ਰੋਜ਼ ਕਰ ਸਕੇ ਤਾਂ ਉਹਦੇ ਵਰਗੀ ਤਾਂ ਬਾਤ ਨਹੀਂ ਹੈ ਜੇ ਤੀਜੇ ਦਿਨ ਨਾ ਹੋਵੇ ਤਾਂ ਹਫਤੇ ਬਾਅਦ ਜ਼ਰੂਰ ਮਿਲਣਾ ਚਾਹੀਦਾ ਹੈ। ਹਫਤੇ ਬਾਅਦ ਨਹੀਂ ਹੁੰਦਾ ਤਾਂ ਪੰਦਰਾਂ ਦਿਨਾਂ ਬਾਅਦ। ਇਹ ਨਹੀਂ ਹੁੰਦਾ ਤਾਂ ਸੰਗਰਾਂਦ ਵਗੈਰਾ, ਪੂਰਨਮਾਸ਼ੀ ਇਨ੍ਹਾਂ ਦਿਹਾੜਿਆਂ

'ਤੇ ਜਾ ਕੇ ਗੁਰੂ ਦੇ ਦਰਸ਼ਨ ਕਰੇ। ਮਹਾਤਮਾ ਨਾਲ ਪਿਆਰ ਹੈ ਮਹਾਤਮਾ ਦੇ ਜਾ ਕੇ ਦਰਸ਼ਨ ਕਰੇ। ਜੇ ਕੰਮ ਐਨਾ ਜ਼ਿਆਦਾ ਹੈ ਕਿ ਨਹੀਂ ਆ ਸਕਦਾ ਤਾਂ ਦੋ ਮਹੀਨੇ ਬਾਅਦ ਜਾਣਾ ਚਾਹੀਦਾ ਹੈ। ਜੇ ਦੋ ਮਹੀਨੇ ਵਿੱਚ ਵੀ ਨਹੀਂ ਆ ਸਕਦਾ ਤਾਂ ਛੇ ਮਹੀਨੇ 'ਚ ਇੱਕ ਵਾਰ ਜ਼ਰੂਰ ਜਾਣਾ ਚਾਹੀਦਾ ਹੈ। ਛੇ ਮਹੀਨਿਆਂ ਦੇ ਵਿੱਚ ਨਹੀਂ, ਤਾਂ ਜਦੋਂ ਭੰਡਾਰੇ ਦਾ ਦਿਨ ਗੁਰੂਪੁਰਬ ਮਨਾ ਰਹੇ ਹੁੰਦੇ ਨੇ ਉਸ ਦਿਨ ਉਸ ਦਿਨ ਹੁੰਮ-ਹੁੰਮਾ ਕੇ ਜ਼ਰੂਰ ਜਾਣਾ ਚਾਹੀਦਾ ਹੈ। ਜਿਸ ਤਰ੍ਹਾਂ ਗੁਰੂ ਮਹਾਰਾਜ ਕੋਲ ਵਿਸਾਖੀ ਨੂੰ ਇਕੱਠ ਹੋਇਆ ਕਰਦਾ ਸੀ, ਗੁਰੂ ਦਸ਼ਮੇਸ਼ ਪਿਤਾ ਦਾ। ਉਸ ਤੋਂ ਬਾਅਦ ਜੇ ਸਾਲ ਬਾਅਦ ਨਹੀਂ ਜਾ ਸਕਦਾ ਤਾਂ ਦੂਜੇ ਸਾਲ ਜ਼ਰੂਰ ਪੈਂਦਾ ਹੈ, ਜੇ ਫੇਰ ਵੀ ਨਹੀਂ ਜਾ ਸਕਦਾ ਤਾਂ ਤੀਜੇ ਸਾਲ ਦੀ ਮੋਹਲਤ ਹੁੰਦੀ ਹੈ। ਜੇ ਤੀਜੇ ਸਾਲ ਵੀ ਨਹੀਂ ਜਾਂਦਾ ਫੇਰ ਸਿੱਖੀ ਦੀ ਲਿਸਟ ਵਿੱਚੋਂ ਨਾਮ ਕੱਟ ਦਿੱਤਾ ਜਾਂਦਾ ਹੈ ਉਹਦਾ। ਫੇਰ ਨਹੀਂ ਉਹ ਪ੍ਰਵਾਨ ਹੋਇਆ ਕਰਦਾ।

ਸੋ ਇਹ ਕਿਰਤੀ ਸਿੱਖ ਸੀਗੇ, ਲੱਕੜੀ ਦਾ ਕੰਮ ਕਰਦੇ ਸੀ, ਦਰਖਤ ਵੱਢ ਲਿਆਉਣੇ, ਕਦੇ ਕੋਲੇ ਬਣਾਉਣੇ ਤੇ ਸੋਹਣੇ ਦਰਖਤ ਵੱਢ ਕੇ ਲਿਆ ਕੇ, ਜੰਗਲ ਆਮ ਹੋਇਆ ਕਰਦੇ ਸੀ ਇੱਥੇ, ਉਨ੍ਹਾਂ ਦੀਆਂ ਚੀਜ਼ਾਂ ਬਣਾਉਣੀਆਂ, ਜੋੜੀਆਂ ਬਣਾਉਣੀਆਂ, ਮੰਜੇ ਵਗੈਰਾ ਬਣਾਉਣੇ, ਇਸ ਤਰ੍ਹਾਂ ਧਰਮ ਦੀ ਕਿਰਤ ਕਰਕੇ ਸੁਚੀ ਕਿਰਤ ਦੇ ਨਾਲ ਗੁਜ਼ਾਰਾ ਕਰਿਆ ਕਰਦੇ ਸੀ ਤੇ ਹਰ ਵਕਤ ਗੁਰੂ ਦੇ ਧਿਆਨ ਵਿੱਚ ਰਹਿੰਦੇ ਸੀ ਦੋਵੇਂ। ਜਦ ਗੁਰੂ ਦੀ ਬਾਤ ਕਰਨੀ ਉਸੇ ਵੇਲੇ ਦੋਹਾਂ ਦੇ ਨੇਤਰ ਗਿੱਲੇ ਹੋ ਜਾਣੇ, ਪਿਆਰ ਆ ਜਾਣਾ। ਆਪਣੀ ਮਜ਼ਬੂਰੀ ਦੇਖਦੇ ਹੋਏ ਜਾ ਨਹੀਂ ਸੀ ਸਕਦੇ ਕਿਉਂਕਿ ਅੱਜ ਵਰਗਾ ਤਾਂ ਹੈ ਨਹੀਂ ਸੀ ਕਿ ਟਿਕਟ ਲਈ ਤੇ ਬੱਸ 'ਤੇ ਚੜ੍ਹ ਗਏ। ਪੈਦਲ ਚੱਲਣਾ ਪਿਆ ਕਰਦਾ ਸੀ, ਦੇਖਣਾ ਪੈਂਦਾ ਸੀ ਕਿ ਗੁਰੂ ਮਹਾਰਾਜ ਕਿੱਥੇ ਨੇ ਅੱਜਕਲ੍ਹ।

ਸੋ ਇਹ ਛੇ ਮਹੀਨਿਆਂ ਬਾਅਦ ਬਗੈਰ ਕਿਸੇ ਨਾਗ੍ਹੇ ਤੋਂ ਗੁਰੂ ਮਹਾਰਾਜ ਦੇ ਚਰਨਾਂ 'ਚ ਜਾ ਕੇ ਨਮਸ਼ਕਾਰ ਕਰਿਆ ਕਰਦੇ ਸੀ ਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਕੇ, ਇਨ੍ਹਾਂ ਦੇ ਘਰ ਇੱਕ ਬਹੁਤ ਹੀ ਸੁੰਦਰ ਬੱਚਾ ਹੋਇਆ, ਸਮਾਂ ਲੰਘਿਆ ਤਾਂ ਬੱਚੇ ਨੂੰ ਲੈ ਕੇ ਗੁਰੂ ਮਹਾਰਾਜ ਦੇ ਚਰਨਾਂ 'ਚ ਗਏ ਕਿਉਂਕਿ ਜਿੱਥੋਂ ਦਾਤ ਮਿਲੀ ਹੁੰਦੀ ਹੈ ਉਥੇ ਜ਼ਰੂਰ ਲਿਜਾਣਾ ਚਾਹੀਦਾ ਹੈ। ਬਹੁਤ ਸਾਰੇ ਐਸੇ ਹੁੰਦੇ ਨੇ -

***ਦਾਤਿ ਪਿਆਰੀ ਵਿਸਰਿਆ ਦਾਤਾਰਾ ॥ ਅੰਗ - 676***

ਨਾ ਗੁਰੂ ਨੂੰ ਜਾ ਕੇ ਦਸਦੇ ਨੇ ਤੇ ਦਿੱਤੀ ਦਾਤ ਵਿੱਚ ਹੀ ਮਸਤ ਹੋ ਜਾਇਆ ਕਰਦੇ ਨੇ। ਜੇ ਬਿਮਾਰ ਹੋ ਜਾਏ ਫੇਰ ਨੱਠੇ ਆਉਣਗੇ।

ਇਨ੍ਹਾ ਨੇ ਬੱਚੇ ਦਾ ਨਾਉਂ ਰਖਾਉਣਾ ਸੀ, ਗੁਰੂ ਮਹਾਰਾਜ ਦੇ ਚਰਨਾਂ 'ਚ ਲੈ ਗਏ। ਗੁਰੂ ਮਹਾਰਾਜ ਨੇ ਜਿਸ ਵਕਤ ਰੂਪ ਰੰਗ ਦੇਖਿਆ ਕਹਿੰਦੇ, ਬਾਈ ਇਹ ਤਾਂ ਨਿਰਾ ਹੀ ਰੂਪ ਹੈ, ਇਹਦਾ ਨਾਉਂ ਹੀ ਰੂਪ ਚੰਦ ਰੱਖ ਲਓ। ਬਚਪਨ ਤੋਂ ਹੀ ਬੱਚਾ ਗੁਰੂ ਦੇ ਪਿਆਰ ਵਾਲਾ ਹੋਇਆ। ਥੋੜ੍ਹਾ

ਵੱਡਾ ਹੋਇਆ, ਗੁਰੂ ਦੀਆਂ ਗੱਲਾਂ ਘਰ ਵਿੱਚ ਮਾਂ ਵੀ ਕਰਦੀ ਹੈ, ਪਿਤਾ ਵੀ ਕਰਦਾ ਹੈ ਇਸ ਬੱਚੇ ਨੂੰ ਬਹੁਤ ਲਗਨ ਲੱਗ ਗਈ ਦਰਸ਼ਨਾਂ ਦੀ। ਹੁਣ ਜਦ ਮਾਂ-ਬਾਪ ਜਾਂਦੇ ਨੇ ਤੇ ਨਾਲ ਹੀ ਇਹ ਬੱਚਾ ਵੀ ਜਾਂਦਾ ਹੈ। ਪਿਆਰ ਕਰਦੇ ਨੇ ਹਰ ਵਕਤ। ਹਰ ਵਕਤ ਪਿਆਰ ਦੇ ਵਿੱਚ ਰਹਿੰਦੇ ਨੇ।

ਇਹ ਦੇਖੀ ਹੋਈ ਹੈ ਗੱਲ ਜਿਹੜੇ ਆਪਣੇ ਮਹਾਂਪੁਰਸ਼ਾਂ ਨੂੰ, ਗੁਰੂਆਂ ਨੂੰ ਪਿਆਰ ਕਰਦੇ ਨੇ। ਗੁਰੂਆਂ ਦੇ ਨਾਲ ਜੁੜੇ ਹੋਏ ਨੇ ਉਸ ਘਰ ਵਿੱਚ ਹੋਰ ਗੱਲ ਹੀ ਕੋਈ ਨਹੀਂ ਹੁੰਦੀ ਜਿਸ ਤਰ੍ਹਾਂ ਕਹਿੰਦੇ ਭੁੱਖੇ ਨੂੰ ਜੇ ਕੋਈ ਬਾਤ ਪਾਵੇ ਕਿ ਬੁੱਝ ਕੀ ਹੈ? ਉਹ ਕਹੇਗਾ ਕਿ ਰੋਟੀ। ਉਸੇ ਤਰ੍ਹਾਂ ਗੁਰਸਿਖ ਜਿਹੜੇ ਪਰਿਵਾਰ ਨੇ ਉਨ੍ਹਾਂ ਦੇ ਘਰ ਵਿੱਚ ਹਰ ਵਕਤ ਗੁਰੂ ਮਹਾਰਾਜ ਦੀ ਬਾਤ ਚਲਦੀ ਹੈ। ਗੁਰੂਆਂ ਦੇ ਪਿਆਰ ਦੀਆਂ ਗੱਲਾਂ ਚਲਦੀਆਂ ਨੇ। ਦੁਨੀਆਂ ਦੀ ਨਹੀਂ ਚਲਦੀ, ਰਾਜਨੀਤੀ ਦੀ ਨਹੀਂ ਚਲਦੀ, ਉਹ ਆਪਣੇ ਗੁਰੂ ਦੇ ਪਿਆਰ ਵਿੱਚ ਰੱਤੇ ਹੁੰਦੇ ਨੇ, ਗੁਰੂ ਦੇ ਪਿਆਰ ਵਿੱਚ ਹੀ ਗੱਲ ਕਰਦੇ ਨੇ। ਸੋ ਇਸ ਪਰਿਵਾਰ ਵਿੱਚ ਹਰ ਵਕਤ ਗੁਰੂ ਦਾ ਪਿਆਰ ਛਾਇਆ ਰਹਿੰਦਾ ਹੈ ਤੇ ਪਿਆਰ ਕਰਦੇ ਨੇ ਇਸ ਤਰ੍ਹਾਂ ਪੜ੍ਹ ਲਓ-

***ਧਾਰਨਾ - ਜਿਵੇਂ ਚੰਦ ਤੇ ਚਕੋਰ ਦੀ ਪ੍ਰੀਤੀ***
***ਏਵੇਂ ਗੁਰੂ ਪਿਆਰਾ ਸਿ'ਖ ਨੂੰ।***
***ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।***
***ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ***
***ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।***
***ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।***
***ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮਾਲੇ।***
***ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥***

***ਭਾਈ ਗੁਰਦਾਸ ਜੀ, ਵਾਰ 27/4***

ਭਾਈ ਗੁਰਦਾਸ ਜੀ ਜਿਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਦਾ ਦਰਜਾ ਮਿਲਿਆ ਹੋਇਆ ਹੈ। ਆਪ ਗੁਰਮਤਿ ਦੀ ਵਿਆਖਿਆ ਕਰਦੇ ਨੇ। ਗੁਰੂ ਦੇ ਸਿੱਖ ਦਾ ਪਿਆਰ ਨਿਰੂਪਣ ਕਰਦੇ ਹੋਏ ਆਪ ਫੁਰਮਾਉਂਦੇ ਨੇ ਕਿ ਜਿਵੇਂ ਚੰਦ ਤੇ ਚਕੋਰ ਦੀ ਪ੍ਰੀਤੀ, ਚਕਵੀ ਤੇ ਸੂਰਜ ਦੀ, ਪਾਣੀ ਤੇ ਫੁੱਲ ਦੀ ਇਸੇ ਤਰ੍ਹਾਂ ਮੋਰਾਂ ਤੇ ਬੱਦਲਾਂ ਦੀ ਪ੍ਰੀਤੀ, ਨਾਰ ਦਾ ਤੇ ਪਤੀ ਦਾ ਪਿਆਰ ਹੈ, ਮਾਂ ਤੇ ਬੱਚੇ ਦਾ ਹੈ, ਇਸ ਤੋਂ ਕਿਤੇ ਵੱਧ ਸਿੱਖ ਦਾ ਪਿਆਰ ਹੋਇਆ ਕਰਦਾ ਹੈ। ਸੋ ਜੋ ਸਿੱਖ ਹੈ ਉਹ ਆਪਣੇ ਗੁਰੂ ਦੇ ਪਿਆਰ ਦੇ ਵਿੱਚ ਦਿਨ ਗੁਜ਼ਾਰਦਾ ਹੈ। ਹਰ ਵਕਤ ਗੁਰੂ ਦੀ ਗੱਲ ਕਰਦਾ ਹੈ। ਜਿਨ੍ਹਾਂ ਘਰਾਂ ਦੇ ਵਿੱਚ ਇਹ ਰੀਤਾਂ ਨੇ, ਉਹ ਜਾਣਦੇ ਨੇ ਕਿ ਘਰ ਵਿੱਚ ਗੱਲ ਹਰ ਵਕਤ ਚਲਦੀ। ਪਿਆਰ ਵਾਲੇ ਮਹਾਂਪੁਰਸ਼ ਦੀ, ਪਿਆਰ ਵਾਲੇ ਗੁਰੂ ਦੀ। ਇੱਕੋ ਹੀ ਗੱਲ ਚਲਦੀ ਰਹਿੰਦੀ ਹੈ, ਚਾਹੇ ਗੁਰੂ ਦੀ ਚੱਲੇ, ਚਾਹੇ ਗੁਰਮੁਖਾਂ ਦੀ। ਹੋਰ ਉਥੇ ਨਾ ਚੁਗਲੀ, ਨਾ ਈਰਖਾ,

ਨਾ ਨਿੰਦਿਆ, ਨਾ ਵਖੀਲੀ, ਨਾ ਕੋਈ ਘਾਟੇ, ਨਾ ਕੋਈ ਵਾਧੇ, ਨਾ ਕੋਈ ਅਖਬਾਰਾਂ ਦੀਆਂ ਗੱਲਾਂ। ਫਿੱਕੀਆਂ ਲਗਦੀਆਂ ਨੇ। ਜੇ ਗੱਲ ਚਲਦੀ ਹੈ ਤਾਂ ਸੰਤਾਂ ਦੀ ਚਲਦੀ ਹੈ, ਮਹਾਂਪੁਰਸ਼ਾਂ ਦੀ। ਗੁਰੂਆਂ ਦੇ ਜੀਵਨ 'ਤੇ ਚਲਦੀ ਹੈ, ਗੁਰਸਿੱਖਾਂ ਦੀ ਬਾਤ ਚਲਦੀ ਹੈ ਸੋ ਇਸ ਤਰ੍ਹਾਂ ਘਰ ਵਿੱਚ ਹਰ ਵਕਤ ਸਤਿਸੰਗ ਬਣਿਆ ਰਹਿੰਦਾ ਹੈ ਤੇ ਗੁਰੂ ਨੂੰ ਇਹ ਪ੍ਰਮੇਸ਼ਰ ਰੂਪ 'ਚ ਸਮਝਦੇ ਸੀ। ਮੇਰਾ ਜਿਹੜਾ ਗੁਰੂ ਹੈ ਉਹ ਆਪ ਸੰਸਾਰ 'ਤੇ ਆਇਆ ਹੋਇਆ ਹੈ। ਚਾਰ ਪ੍ਰਤੀਤੀਆਂ ਹੁੰਦੀਆਂ ਨੇ, ਪਹਿਲੀ ਹੁੰਦੀ ਹੈ ਕਿ ਮੇਰਾ ਗੁਰੂ ਬਹੁਤ ਚੰਗਾ ਸੰਤ ਹੈ, ਦੂਸਰੀ ਹੋਇਆ ਕਰਦੀ ਹੈ, ਮੇਰਾ ਗੁਰੂ ਸਭ ਸੰਤਾਂ ਤੋਂ ਵੱਡਾ ਸੰਤ ਹੈ, ਤੀਸਰਾ ਹੋਇਆ ਕਰਦਾ ਹੈ ਕਿ ਮੇਰਾ ਗੁਰੂ ਤਾਂ ਰੱਬ ਵਰਗਾ ਹੈ। ਚੌਥੀ ਪ੍ਰਤੀਤ ਜਿਹੜੀ ਸਭ ਤੋਂ ਉੱਤਮ ਹੁੰਦੀ ਹੈ ਉਹ ਹੁੰਦੀ ਹੈ ਕਿ ਮੇਰਾ ਗੁਰੂ ਤਾਂ ਆਪ ਪਰਮੇਸ਼ਰ ਹੈ। ਜਿਹੜਾ ਗੁਰੂ ਨੂੰ ਪ੍ਰਮੇਸ਼ਰ ਕਰਕੇ ਨਹੀਂ ਮੰਨਦਾ, ਮਨੁੱਖ ਕਰਕੇ ਮੰਨਦਾ ਹੈ ਕਹਿੰਦੇ ਉਹਦੇ ਵਾਸਤੇ ਨਰਕ ਤਿਆਰ ਖੜ੍ਹੇ ਨੇ। ਕਿਉਂਕਿ ਗੁਰੂ ਨੂੰ ਮਨੁੱਖ ਜਿਹੜਾ ਕਹਿੰਦਾ ਹੈ ਉਹਦਾ ਤਾਂ ਸਭ ਕੁਛ ਗਿਆ ਆਇਆ। ਕੁਛ ਨਹੀਂ ਉਹਦੇ ਕੋਲ ਬਚਦਾ।

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥***
***ਅੰਗ - 442***

ਸੋ ਇਸ ਤਰ੍ਹਾਂ ਦੇ ਨਾਲ -

***ਲਖੇ ਗੁਰ ਪਰਮੇਸਰ ਰੂਪ ਸਦਾ ਅਰਾਧੇ ਰਿਦੈ ਅਨੂਪ***

ਗੁਰੂ ਮਹਾਰਾਜ ਨੂੰ ਪ੍ਰਮੇਸ਼ਰ ਦਾ ਰੂਪ ਸਮਝ ਕੇ ਹਰ ਵਕਤ ਉਨ੍ਹਾਂ ਦੇ ਧਿਆਨ ਵਿੱਚ ਰਹਿੰਦੇ ਨੇ -

***ਧਾਰਨਾ - ਧਰੀਏ ਮਨ ਵਿਚ ਧਿਆਨ, ਗੁਰਾਂ ਦੀ ਮੂਰਤ ਦਾ।***

***ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥***
***ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥*** ***ਅੰਗ - 864***

ਬੜਾ ਰੌਲਾ-ਗੌਲਾ ਹੈ ਇਸ ਖਿਆਲ ਦੇ ਪਿੱਛੇ, ਇੱਕ ਪਾਸੇ ਫੋਕਾ ਰਸ ਤੋਂ ਹੀਣਾ ਬੰਦਾ, ਉਹ ਕਹਿੰਦਾ ਹੈ ਕਿ ਗੁਰੂ ਦੀ ਮੂਰਤ ਦਾ ਧਿਆਨ ਨਾ ਧਰ, ਇਹ ਬੁੱਤ ਪ੍ਰਸਤੀ ਹੈ। ਉਹ ਕਹਿੰਦਾ ਹੈ 'ਗੁਰ ਮੂਰਤਿ ਗੁਰ ਸਬਦਿ ਹੈ' ਗੁਰੂ ਦਾ ਸ਼ਬਦ ਇਹ ਅਵਸਥਾ ਭੇਦ ਹੈ ਸਾਧਸੰਗਤ ਜੀ, ਪਹਿਲਾਂ ਹੀ ਨਹੀਂ ਇਹ ਗੱਲ ਆਉਂਦੀ। ਪੀ.ਐਚ.ਡੀ ਦਾ ਸਵਾਲ, ਪੀ.ਐਚ.ਡੀ ਦਾ ਸਬਕ ਪਹਿਲੀ ਜਮਾਤ ਵਾਲੇ ਬੱਚੇ ਨੂੰ ਦਿਓਂਗੇ, ਬੱਚਾ ਪਾਸ ਹੀ ਨਹੀਂ ਹੋਣਾ। ਇਹ ਤਾਂ ਚਲਦੀ ਹੈ ਪਿਆਰ ਦੀ ਬਾਤ ਜਿਹਦੇ ਨਾਲ ਪਿਆਰ ਹੁੰਦਾ ਹੈ ਉਹਦੀ ਸ਼ਕਲ ਅੰਦਰ ਵਸਦੀ ਰਹਿੰਦੀ ਹੈ, ਜਿਹਦੇ ਨਾਲ ਵੈਰ ਹੁੰਦਾ ਹੈ ਉਹ ਅੰਦਰ ਵੜਦਾ ਰਹਿੰਦਾ ਹੈ ਹਰ ਵਕਤ। ਪਿਆਰ ਵਾਲਾ ਹਰ ਵਕਤ ਬਰਕਤਾਂ ਪਾਉਂਦਾ ਰਹਿੰਦਾ ਹੈ। ਗੁਰੂ ਦਾ ਧਿਆਨ ਆਉਂਦਾ ਹੈ, ਗੁਰੂ ਨਾਨਕ ਕਹਿ ਲਓ।

ਮੈਨੂੰ ਕਹਿਣ ਲੱਗੇ ਕਿ ਗੁਰਦੁਆਰੇ 'ਚ ਗੁਰੂ ਦੀ ਮੂਰਤ ਨਹੀਂ ਲਾਉਣੀ ਚਾਹੀਦੀ, ਗੁਰੂ ਨਾਨਕ ਸਾਹਿਬ ਦੀ ਤਸਵੀਰ ਨਾ ਲਾਓ। ਕਹਿੰਦੇ, ਇਸ ਤਸਵੀਰ ਵਿੱਚ ਕੋਈ ਅਸਰ ਨਹੀਂ ਹੈ। ਖਿਆਲ ਹੈ ਇਹ। ਮੈਂ ਕਿਹਾ ਅਸਰ ਕਿਉਂ ਨਹੀਂ ਹੈ? ਕਹਿੰਦੇ, ਕੀ ਹੈ, ਕਾਗਜ਼ ਹੈ ਇਹ, ਰੰਗ ਕਰਿਆ ਹੋਇਆ ਹੈ। ਮੈਂ ਕਿਹਾ, ਚੰਗਾ, ਸਵੇਰੇ ਹੀ ਮੈਂ ਕਹਿ ਦਿੰਦਾ ਹਾਂ ਸਾਰਿਆਂ ਨੂੰ ਕਿ ਗੁਰੂ ਨਾਨਕ ਸਾਹਿਬ ਦੀ ਗੁਰੂ ਦਸਵੇਂ ਪਾਤਸ਼ਾਹ ਦੀ ਤਸਵੀਰ ਜਿੱਥੇ ਆਪਾਂ ਪੈਰ ਪੂੰਝਦੇ ਹਾਂ, ਉਸ mat ਦੇ ਉਤੇ ਰੱਖ ਦਿਓ। ਦੋਵੇਂ ਤਸਵੀਰਾਂ। ਮੈਂ ਕਿਹਾ, ਭਾਈ ਸਾਹਿਬ! ਫੇਰ ਤੁਸੀਂ ਤਿੰਨੋ ਚਾਰੋਂ ਜਣੇ ਰੌਲਾ ਪਾਉਂਦੇ ਓਂ, ਅਸੀਂ ਤੁਹਾਡੇ ਪਿੱਛੇ ਹੋਵਾਂਗੇ ਤੇ ਉਹਦੇ ਉਤੇ ਦੀ ਲੰਘ ਕੇ ਦਿਖਾਓ ਸਾਨੂੰ। ਹੈ ਅੰਦਰੋਂ ਇਹ ਗੱਲ? ਉਤੋਂ-ਉਤੋਂ ਤੁਸੀਂ misguied ਕਰੀ ਜਾਂਦੇ ਓਂ। ਅੰਦਰੋਂ ਤੁਸੀਂ ਇਨ੍ਹਾਂ ਨੂੰ ਹੀ ਨਮਸ਼ਕਾਰ ਕਰਦੇ ਓਂ। ਜੇ ਗੁਰੂ ਦਾ ਵਜੂਦ ਹੋਵੇ, ਸਮਝ ਲਓ ਕਿ ਆਦਮੀ ਵਾਂਗੂੰ ਇਸ ਤਰ੍ਹਾਂ ਹੀ, ਉਹਦੀ ਤਸਵੀਰ ਦੇਖਦੇ ਸਾਰ ਖੇੜਾ ਆ ਜਾਂਦਾ ਹੈ। ਮਨ ਖਿੜ ਜਾਂਦਾ ਹੈ ਆਪਣੇ ਪਿਆਰੇ ਦੀ ਤਸਵੀਰ ਦੇਖ ਕੇ। ਕਿਹੜਾ ਬੰਦਾ ਹੈ ਜਿਹੜਾ ਗੁਰੂ ਦੀ ਤਸਵੀਰ ਦੇ ਉਤੋਂ ਦੀ ਪੈਰ ਧਰ ਕੇ ਲੰਘ ਜਾਏਗਾ, ਲੰਘ ਕੇ ਦਿਖਾਵੇ ਨਾਸਤਕ ਤੋਂ ਨਾਸਤਕ ਜਿਹੜਾ ਭੇਖਧਾਰੀ ਫਿਰਦਾ ਹੈ। ਮੈਂ ਕਿਹਾ ਕਿ ਲੰਘੋ ਤਾਂ ਤੁਸੀਂ ਐਵੇਂ ਗੱਲਾਂ ਮਾਰੀ ਜਾਂਦੇ ਓਂ, ਐਵੇਂ ਊਟ ਪਟਾਂਗ। ਕੋਈ ਜਵਾਬ ਨਹੀਂ ਸੀ ਉਨ੍ਹਾਂ ਕੋਲ। ਮੈਂ ਕਿਹਾ, ਜਵਾਬ ਦੇਵੋ, ਸੰਗਤ ਵਿੱਚ ਅਸੀਂ ਐਲਾਨ ਕਰ ਦੇਣਾ ਹੈ ਕਿ ਗੁਰੂ ਦਸ਼ਮੇਸ਼ ਪਿਤਾ ਤੇ ਗੁਰੂ ਨਾਨਕ ਸਾਹਿਬ ਦੀ ਤਸਵੀਰ ਤੋਂ ਸਾਡੀ ਕਮੇਟੀ ਦੇ ਇਨ੍ਹਾਂ ਮੈਂਬਰਾਂ ਨੇ ਲੰਘਣਾ ਹੈ। ਫੇਰ ਚੁੱਪ, ਕੋਈ ਜਵਾਬ ਹੀ ਨਹੀਂ ਦਿੰਦੇ।

ਮੈਂ ਕਿਹਾ ਤਸਵੀਰ ਦਾ ਅਸਰ ਹੈ। ਨੰਗੀ ਤਸਵੀਰ ਲੱਗੀ ਹੋਵੇ, ਨੰਗੇਜ਼ ਦੀ, ਕਿੰਨਾ ਮਨ ਦੇ ਉਤੇ ਅਸਰ ਪਏਗਾ। ਬੱਚੇ ਕਿਉਂ ਵਿਗੜਦੇ ਨੇ ਟੈਲੀਵੀਜ਼ਨਾਂ ਨੂੰ ਦੇਖ ਕੇ। ਉਹ ਨੰਗੀਆਂ ਤਸਵੀਰਾਂ ਦਾ ਅਸਰ ਪੈਂਦਾ ਹੈ। ਮਾੜੀ ਸੋਚ ਰੱਖਦੇ ਨੇ, ਸਿਰ ਦੁਖਦੇ ਨੇ, ਸਿਹਤ ਖਰਾਬ ਹੋਈ ਪਈ ਹੈ, ਉਹਦਾ ਅਸਰ ਹੁੰਦਾ ਹੈ, ਹਰ ਚੀਜ਼ ਦਾ ਚੰਗਾ ਵਾਤਾਵਰਣ, ਸੋਹਣਾ ਦੇਖ ਲਓ ਤੁਸੀਂ, ਦਰਖਤ ਲੱਗੇ ਹੋਣ, ਘਾਹ ਕੱਟਿਆ ਹੋਵੇ, ਫੁਹਾਰੇ ਚਲਦੇ ਹੋਣ, ਫੁੱਲ ਖਿੜੇ ਹੋਏ ਹੋਣ, ਕਿੰਨਾ ਜੀਅ ਕਰਦਾ ਹੈ ਕਿ ਇੱਥੇ ਬੈਠ ਕੇ ਨਾਮ ਜਪੀਏ, ਉਹ ਬਾਹਰਲੇ ਵਾਤਾਵਰਣ ਨੇ ਖਿੱਚੇ ਕਿ ਨਹੀਂ? ਅੰਦਰ ਅਸਰ ਪੈਂਦਾ ਹੈ। ਫੇਰ ਗੁਰੂ ਦਾ ਜਿਹੜਾ ਪਿਆਰਾ ਹੈ, ਉਹਦੀ ਸੂਰਤ ਅੱਖਾਂ ਤੋਂ ਓਹਲੇ ਕਿਵੇਂ ਹੋ ਜਾਏਗੀ। ਜਿਹਨੂੰ ਪਿਆਰ ਕਰਦੇ ਹਾਂ, ਪੁਛੋ ਪਿਆਰ ਕਰਨ ਵਾਲਿਆਂ ਨੂੰ, ਕਦੇ ਸੂਰਤ ਓਹਲੇ ਵੀ ਹੁੰਦੀ ਹੈ ਉਹ ਹਰ ਵਕਤ ਦੇਖਦਾ ਹੈ।

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਲਹਿਰੇ ਗਾਗੇ, ਓਸ ਵੇਲੇ ਭਾਈ ਬਿਧੀ ਚੰਦ ਜੀ ਪੱਟੀ ਦੇ ਵਿਚੋਂ ਦੁਸ਼ਾਲੇ ਲੈਣ ਗਏ ਹੋਏ ਨੇ। ਉਹ ਦੁਸ਼ਾਲੇ ਲੈ ਆਂਦੇ ਤੇ ਲੇਕਿਨ ਪੁਲਿਸ ਨੇ ਦਰਵਾਜ਼ੇ ਬੰਦ ਕਰ ਦਿੱਤੇ ਸਾਰੇ ਹੀ, ਇੱਕ ਦਮ ਗਲੀਆਂ 'ਚ ਘੁੰਮਣ ਲੱਗ ਗਈ, ਦੂਰੋਂ ਦੇਖਿਆ ਭਾਈ ਸਾਹਿਬ

ਨੇ ਕਿ ਪੁਲਿਸ ਤਾਂ ਸਾਮ੍ਹਣੇ ਆ ਰਹੀ ਹੈ। ਉਸ ਵੇਲੇ ਇੱਕ ਭੱਠ ਵਾਲਾ ਸੀ ਉਹਨੂੰ ਕਿਹਾ ਕਿ ਮੈਨੂੰ ਕੋਈ ਥਾਂ ਦੇ ਲੁਕਣ ਵਾਸਤੇ। ਉਹ ਕਹਿੰਦਾ ਮੇਰੇ ਕੋਲ ਤਾਂ ਕੋਈ ਥਾਂ ਨਹੀਂ, ਮੇਰੇ ਕੋਲ ਤਾਂ ਆਹ ਭੱਠ ਹੀ ਹੈ। ਕਹਿੰਦੇ, ਆਹ ਪਰ੍ਹੇ ਕਰ ਲੈ ਆਪਣਾ ਕੜਾਹਾ ਇਹਦੇ ਉਤੋਂ, ਕੜਾਹਾ ਪਰ੍ਹੇ ਕਰਦੇ ਹੀ ਕਹਿੰਦਾ ਹੇ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ! ਕ੍ਰਿਪਾ ਕਰੋ, ਉਨ੍ਹਾਂ ਦੀ ਤਸਵੀਰ ਹਿਰਦੇ ਵਿੱਚ ਵਸਾ ਕੇ ਭੱਠ ਵਿੱਚ ਛਾਲ ਮਾਰ ਦਿੱਤੀ। ਇੱਧਰ ਇਤਿਹਾਸ ਵਿੱਚ ਲਿਖਿਆ ਹੋਇਆ ਹੈ ਕਿ ਗੁਰੂ ਮਹਾਰਾਜ ਜੀ ਕਹਿਣ ਲੱਗੇ ਕਿ ਜਲਦੀ ਮਸਕਾਂ ਪਾਣੀ ਦੀਆਂ ਲਿਆ ਕੇ ਸਾਡੇ ਉਤੇ ਪਾਓ। ਹੁਕਮ ਦੀ ਤਾਮੀਲ ਹੋ ਗਈ। ਇੱਕ ਮਸਕ ਆਉਂਦੀ ਹੈ, ਦੂਜੀ ਭਰ ਲਿਆਉਂਦੇ ਨੇ। ਮਸਕਾਂ ਹੀ ਪਾਈ ਜਾਂਦੇ ਨੇ। ਸਾਰੀ ਸੰਗਤ ਹੈਰਾਨ ਹੈ ਕਿ ਮਹਾਰਾਜ ਦੇ ਕੱਪੜੇ ਭਿੱਜੇ ਪਏ ਨੇ। ਮਸਕਾਂ ਪੁਆਈ ਜਾਂਦੀ ਹੈ। ਓਧਰ ਪੁਲਿਸ ਲੰਘ ਜਾਂਦੀ ਹੈ, ਭੱਠ ਵਾਲਾ ਕਹਿੰਦਾ ਕਿ ਹੁਣ ਤਾਂ ਕੋਈ ਨਹੀਂ ਹੁਣ ਤਾਂ ਨਿਕਲ ਆ। ਤੂੰ ਤਾਂ ਕੋਈ ਸਾਧੂ ਲਗਦਾ ਹੈਂ। ਤੈਨੂੰ ਤਾਂ ਭੱਠ ਨੇ ਜਾਲਿਆ ਹੀ ਨਹੀਂ। ਕਹਿੰਦਾ ਮੈਨੂੰ ਭੱਠ ਕਿਵੇਂ ਜਾਲ ਦਿੰਦਾ ਹੈ, ਮੇਰੇ ਕੋਲ ਤਾਂ ਸੀਤਲਤਾ ਦਾ ਸੋਮਾ ਗੁਰੂ ਛੇਵੇਂ ਪਾਤਸ਼ਾਹ ਮੇਰੇ ਅੰਦਰ ਵਸਦੇ ਨੇ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਅਨੰਦਪੁਰ ਸਾਹਿਬ 'ਚ ਨੇ, ਦੇਵੀਦਾਸ ਵਜ਼ੀਰ ਸੀ ਬਿਲਾਸਪੁਰੀਏ ਰਾਜੇ ਦਾ। ਜਿਸ ਵਕਤ ਰਾਜੇ ਗੋਂਦਾਂ ਗੁੰਦ ਰਹੇ ਨੇ ਗੁਰੂ ਸਾਹਿਬ 'ਤੇ ਹਮਲੇ ਦੀਆਂ, ਉਹ ਕਹਿਣ ਲੱਗਿਆ, ਤੁਸੀਂ ਦਰਵੇਸਾਂ ਨਾਲ ਕਿਉਂ ਝਗੜਾ ਕਰਦੇ ਓਂ, ਉਹ ਤਾਂ ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ਹੈ, ਕਿਸੇ ਨੂੰ ਕੁਛ ਕਹਿੰਦਾ ਨਹੀਂ ਸਭ ਦਾ ਭਲਾ ਮਨਾਉਂਦਾ ਹੈ। ਇਨ੍ਹਾਂ ਦੇ ਦਾਦੇ ਨੇ ਤੁਹਾਡੇ ਸਾਰੇ ਦਾਦਿਆਂ ਨੂੰ ਜੇਲ੍ਹਾਂ 'ਚੋਂ, ਗਵਾਲੀਅਰ ਦੇ ਕਿਲ੍ਹੇ 'ਚੋਂ ਕੱਢਿਆ ਹੈ ਆਹੀ ਤੁਸੀਂ ਇਹਦਾ ਬਦਲਾ ਦਿੰਦੇ ਓਂ। ਐਨੀ ਗੱਲ ਸੁਣ ਕੇ ਸ੍ਰੀ ਚੰਦ ਬਹੁਤ ਨਰਾਜ਼ ਹੋ ਗਿਆ ਕਹਿਣ ਲੱਗਿਆ, ਭੀਮਚੰਦਾ! ਤੇਰੇ ਘਰ ਤਾਂ ਗੁਰੂ ਦਾ ਜਾਸੂਸ ਬੈਠਾ ਹੈ, ਅਸੀਂ ਤੇਰਾ ਸਾਥ ਕਿਵੇਂ ਦੇਈਏ। ਇਹਨੂੰ ਸਖਤ ਸਜ਼ਾ ਦੇਣੀ ਚਾਹੀਦੀ ਹੈ, ਇਹਨੇ ਬੇਇਜ਼ਤੀ ਕੀਤੀ ਹੈ ਸਾਡੀ। ਅਸੀਂ ਰਾਜਪੂਤ ਹਾਂ, ਅਖੀਰ ਇਹ ਹੋਇਆ ਕਿ ਇਹਨੂੰ ਪਹਾੜ ਦੀ ਚੋਟੀ 'ਤੇ ਲਿਜਾ ਕੇ ਇਹਦੀ ਅੱਖਾਂ ਦੇ ਵਿੱਚ ਗਰਮ ਕਰਕੇ ਸਿਲਾਈਆਂ ਫੇਰ ਦਿਓ, ਉਸ ਤੋਂ ਬਾਅਦ ਧੱਕਾ ਦੇ ਦਿਓ ਉਤੋਂ, ਆਪੇ ਰੁੜ੍ਹਦਾ-ਰੁੜ੍ਹਦਾ ਮਰ ਜਾਏਗਾ। ਜਲਾਦ ਲੈ ਕੇ ਚਲੇ ਜਾਂਦੇ ਨੇ, ਦੇਵੀਦਾਸ ਵਜ਼ੀਰ ਐਨਾ ਪਿਆਰਾ ਲੱਗਿਆ ਉਨ੍ਹਾਂ ਨੂੰ, ਜੀਅ ਨਹੀਂ ਉਨ੍ਹਾਂ ਦਾ ਕਰਦਾ। ਕਹਿਣ ਲੱਗੇ, ਵਜ਼ੀਰ ਸਾਹਿਬ! ਸਾਨੂੰ ਜੋ ਹੁਕਮ ਹੈ ਉਹ ਅਸੀਂ ਵਜਾਉਣਾ ਹੈ, ਤੁਸੀਂ ਦੱਸੋ ਕਿਵੇਂ ਕਰੀਏ ਅਸੀਂ। ਕਹਿੰਦੇ, ਤੁਸੀਂ ਹੁਕਮ ਵਜਾਉਣਾ ਹੈ ਪਰ ਮੈਨੂੰ ਤੁਸੀਂ ਥੋੜ੍ਹੀ ਦੇਰ ਬੈਠ ਜਾਣ ਦਿਓ, ਮੈਂ ਸਿਰ ਹਿਲਾਵਾਂਗਾ, ਉਸ ਵੇਲੇ ਤੁਸੀਂ ਆਪਣਾ ਕੰਮ ਕਰ ਲਿਓ। ਸਿਲਾਈਆਂ ਰੱਖ ਦਿਓ, ਅੰਗੀਠੀ ਜਲਾ ਕੇ ਸਿਲਾਈਆਂ ਰੱਖ ਦਿੱਤੀਆਂ ਗਈਆਂ। ਇਹ ਸੁਰਤ ਲੈ ਕੇ ਗੁਰੂ ਦਸ਼ਮੇਸ਼ ਪਿਤਾ ਦੇ ਚਰਨਾਂ 'ਚ ਪਹੁੰਚਦਾ ਹੈ ਅਨੰਦਪੁਰ ਸਾਹਿਬ, ਮਹਾਰਾਜ

ਜੀ ਤਖਤ 'ਤੇ ਬਿਰਾਜਮਾਨ ਦੇਖ ਕੇ ਉਨ੍ਹਾਂ ਦੇ ਚਰਨਾਂ ਦਾ ਧਿਆਨ ਕਰਦਾ ਹੈ, ਹੱਥ ਬੰਨ੍ਹ ਕੇ ਬੈਠ ਜਾਂਦਾ ਹੈ, ਸਾਮ੍ਹਣੇ ਸਮਰੱਥ ਗੁਰੂ ਮਹਾਰਾਜ ਬੈਠੇ ਨੇ, ਬੇਨਤੀਆਂ ਕਰਦਾ ਹੈ ਪਾਤਸ਼ਾਹ! ਹੁਣ ਤੇਰੇ ਬਿਨਾਂ ਨਹੀਂ ਹੈ ਕੋਈ ਜਿਹੜਾ ਮੇਰੀ ਰਾਖੀ ਕਰੇ। ਨਾਲ ਸਿਰ ਹਿਲਾ ਦਿੱਤਾ ਤੇ ਉਨ੍ਹਾਂ ਨੇ ਲਾਲ ਹੋਈਆਂ-ਹੋਈਆਂ ਸਿਲਾਈਆਂ ਕੱਢੀਆਂ ਤੇ ਦੋਹਾਂ ਅੱਖਾਂ ਦੇ ਵਿੱਚ ਫੇਰ ਦਿੱਤੀਆਂ। ਨਾ ਇਹਨੇ ਹਾਏ ਕਿਹਾ ਕੁਛ ਹੋਰ। ਸਿਲਾਈਆਂ ਫੇਰੀਆਂ ਤੇ ਅੱਖਾਂ ਇਹਨੇ ਬੰਦ ਕਰੀਆਂ ਹੋਈਆਂ ਨੇ। ਉਨ੍ਹਾਂ ਨੇ ਕਿਹਾ ਕਿ ਅੰਨ੍ਹਾ ਤਾਂ ਹੋ ਗਿਆ, ਹੁਣ ਧੱਕਾ ਕਾਹਨੂੰ ਦੇਣਾ ਹੈ, ਇੱਥੇ ਤਾਂ ਆਪੇ ਹੀ ਧੱਕਾ ਆ ਜਾਏਗਾ ਇਹਨੂੰ। ਉੱਚੀ ਚੋਟੀ ਹੈ ਉਤਰਨ ਨੂੰ ਰਾਹ ਕੋਈ ਨਹੀਂ।

ਸੋ ਚਲੇ ਜਾਂਦੇ ਨੇ, ਜਲਾਦਾਂ ਦੇ ਚਲੇ ਜਾਣ ਤੋਂ ਬਾਅਦ, ਘੰਟਾ ਦੋ ਘੰਟੇ ਗੁਰੂ ਮਹਾਰਾਜ ਦੇ ਚਰਨਾਂ ਨੂੰ ਹਿਰਦੇ 'ਚ ਵਸਾਈ ਬੈਠਾ ਹੈ। ਹੌਲੀ ਦੇ ਕੇ ਨੇਤਰ ਖੋਲ੍ਹ ਕੇ ਦੇਖਣ ਲੱਗਿਆ ਕਿ ਮੈਨੂੰ ਹਨ੍ਹੇਰਾ ਪੈ ਗਿਆ ਕਿ ਚਾਨ੍ਹਣਾ ਹੈ। ਹੈਰਾਨ ਹੋ ਗਿਆ ਕਿ ਮੇਰੀ ਅੱਖਾਂ ਨੂੰ ਤਾਂ ਹੋਇਆ ਹੀ ਕੁਛ ਨਹੀਂ। ਉਸ ਵੇਲੇ ਬੜੇ ਹੀ ਵੈਰਾਗ ਵਿੱਚ ਆ ਗਿਆ। ਉਸੇ ਪਹਾੜੀ ਤੋਂ ਅਨੰਦਪੁਰ ਸਾਹਿਬ ਵੱਲ ਨੂੰ ਉਤਰਨਾ ਸ਼ੁਰੂ ਕਰ ਦਿੱਤਾ। ਅਨੰਦਪੁਰ ਸਾਹਿਬ ਪਹੁੰਚਦਾ ਹੈ, ਪਤਾ ਕਰਿਆ ਕਿ ਗੁਰੂ ਮਹਾਰਾਜ ਅੰਦਰ ਗਏ ਸੀ ਫੇਰ ਬਾਹਰ ਨਹੀਂ ਆਏ। ਐਸ ਵੇਲੇ ਅੰਦਰ ਚਲੇ ਗਏ। ਅੱਗੇ ਜਾ ਕੇ ਫੇਰ ਪੁੱਛਿਆ ਪਹਿਰੇਦਾਰਾਂ ਨੂੰ, ਉਹ ਕਹਿਣ ਲੱਗੇ ਕਿ ਮਹਾਰਾਜ ਅੱਜ, ਅਚਾਨਕ ਉਨ੍ਹਾਂ ਦੇ ਚਰਨਾਂ ਦੇ ਵਿੱਚ ਕੁਛ ਜ਼ਖਮ ਹੋ ਗਏ ਨੇ, ਖ਼ੂਨ ਸਿੰਮਿਆ ਹੈ। ਸਮਝ ਗਿਆ ਕਿ ਚਰਨ ਤਾਂ ਮੇਰੇ ਨੇਤਰਾਂ 'ਚ ਵਸਦੇ ਸੀ ਉਨ੍ਹਾਂ। ਸਿਲਾਈਆਂ ਇਨ੍ਹਾਂ ਦੇ ਚਰਨਾਂ 'ਤੇ ਫਿਰ ਗਈਆਂ, ਮੇਰੀਆਂ ਅੱਖਾਂ 'ਚ ਨਹੀਂ ਫਿਰੀਆਂ। ਉਹ ਵੇਲੇ ਭੁੱਬਾਂ ਨਿਕਲ ਗਈਆਂ ਇਹਦੀਆਂ, ਪਾਤਸ਼ਾਹ! ਐਡਾ ਦਿਆਲੂ! ਐਡਾ ਕ੍ਰਿਪਾਲੂ। ਕਹਿੰਦੇ, ਪਿਆਰਿਆ! ਜਿੱਥੇ ਮੇਰਾ ਸਿੱਖ, ਮੇਰਾ ਧਿਆਨ ਧਰਦਾ ਹੈ ਮੈਂ ਉਥੇ ਹਾਜ਼ਰ ਹੁੰਦਾ ਹਾਂ। ਸੋ ਇਹ ਜੋ ਦੋਵੇਂ ਸੀ ਇਹ ਹਰ ਵਕਤ ਗੁਰੂ ਦਾ ਧਿਆਨ ਹਿਰਦੇ 'ਚ ਵਸਾ ਕੇ ਰੱਖਦੇ ਸੀ।

ਹਰ ਵਕਤ ਗੁਰੂ ਦੀ ਕੀਰਤੀ ਮਹਾਰਾਜ ਨੂੰ ਹਾਜ਼ਰ ਨਾਜ਼ਰ ਜਾਣ ਕੇ ਹਰ ਵਕਤ ਉਨ੍ਹਾਂ ਦੀ ਕੀਰਤੀ ਦੇ ਵਿੱਚ ਰਹਿੰਦੇ ਸੀ। ਐਸ ਤਰ੍ਹਾਂ ਜੁੜੇ ਹੋਏ ਆਪਣਾ ਜੀਵਨ ਬਤੀਤ ਕਰਦੇ ਨੇ, ਗੁਰੂ ਮਹਾਰਾਜ ਦੇ ਚਰਨਾਂ 'ਤੇ ਤਿੰਨੋਂ ਜਣੇ ਜਾ ਕੇ ਜਦੋਂ ਵੀ ਮੌਕਾ ਮਿਲਦਾ ਹੈ ਸੀਸ ਨਿਵਾਉਂਦੇ ਨੇ, ਗੁਰੂ ਮਹਾਰਾਜ ਅਸੀਸਾਂ ਦਿੰਦੇ ਨੇ ਪਿਆਰ ਪੈ ਗਿਆ, ਗੁਰੂ ਮਹਾਰਾਜ ਜੀ ਗਰਮੀ ਦਾ ਮਹੀਨਾ, ਜੇਠ ਦਾ ਮਹੀਨਾ, ਲੋਅ ਚਲਦੀ ਹੈ, ਜੇਠ ਤੇ ਹਾੜ੍ਹ ਦਾ ਸੰਗਮ ਹੈ ਧਰਤੀ ਤਪੀ ਪਈ ਹੈ ਮਾਲਵੇ ਦੀ, ਰੇਤਾ ਹੀ ਰੇਤਾ ਹੀ ਚਾਰੋਂ ਪਾਸੇ। ਕਿਤੇ ਹਰੀਵਾਈ ਨਹੀਂ ਨਜ਼ਰ ਆਉਂਦੀ ਤੇ ਗੁਰੂ ਮਹਾਰਾਜ ਜਿੱਥੇ ਠਹਿਰੇ ਹੋਏ ਸੀ ਉਥੇ ਖਸ ਦੀਆਂ ਟਟੀਆਂ ਲਾ ਕੇ ਸ਼ੋਰਾ ਵਗੈਰਾ ਲਾ ਕੇ ਐਨੀ ਠੰਢ ਕੀਤੀ ਹੋਈ ਸੀ ਜਿਵੇਂ ਸ਼ਿਮਲੇ ਵਿੱਚ ਰਹਿੰਦੇ ਨੇ। ਅੱਜ ਇਹ ਦੋਵੇਂ ਪਿਉ ਪੁੱਤਰ ਸਦਾ ਦੇ ਮੁਤਾਬਿਕ ਲੱਕੜਾਂ ਵੱਢਣ ਵਾਸਤੇ ਜਾਂਦੇ

ਨੇ ਤੇ ਉਥੇ ਜਾ ਕੇ ਪਾਣੀ ਦਾ ਕੂੰਨਾ ਨਾਲ ਲੈ ਗਏ ਤੇ ਉਤੇ ਲਟਕਾ ਦਿੱਤਾ। ਦਸ ਵੱਜ ਗਏ, ਉਸ ਵੇਲੇ ਪਿਤਾ ਨੇ ਕਿਹਾ ਪੁੱਤਰ! ਕਿਉਂਕਿ ਉਹ ਦੇਸ ਐਸਾ ਸੀ ਮਾਲਵੇ ਦਾ ਕਿ ਪਾਣੀ ਨਹੀਂ ਸੀਗਾ ਉਥੇ। ਬਹੁਤ ਮੁਸ਼ਕਲ ਨਾਲ ਪਾਣੀ ਕਿਸੇ ਟੋਭੇ 'ਚੋਂ, ਜਾਂ ਮੀਂਹ ਵੇਲੇ ਪਾਣੀ ਕਿਤੇ ਇਕੱਠਾ ਕਰ ਲੈਂਦੇ ਸੀ ਟੋਏ ਪੁੱਟ ਕੇ, ਉਤੋਂ ਲਿਪ ਦਿੰਦੇ ਸੀ, ਬਾਹਰਲੀ ਹਵਾ ਪੈਂਦੀ ਨਹੀਂ ਪਾਣੀ ਖਰਾਬ ਨਹੀਂ ਸੀ ਹੁੰਦਾ, ਚਾਰ-ਚਾਰ, ਪੰਜ-ਪੰਜ ਮਹੀਨੇ। ਸੋ ਉਹਦੇ ਵਿਚੋਂ ਪਾਣੀ ਭਰਦੇ ਸੀ, ਗਰਮੀ ਦਾ ਮਹੀਨਾ ਸੀ, ਮੀਂਹ ਦੀ ਆਸ ਰੱਖੀ ਹੋਈ, ਥੋੜ੍ਹਾ-ਥੋੜ੍ਹਾ ਪਾਣੀ ਰਹਿੰਦਾ ਸੀ, ਉਹ ਪਾਣੀ ਲੈ ਕੇ ਕੂੰਨੇ 'ਚ ਪਾ ਕੇ ਆਪ ਨੇ ਦਰਖਤ ਦੇ ਨਾਲ ਟੰਗ ਦਿੱਤਾ, ਬੜੀ ਹੀ ਗਰਮ ਹਵਾ ਚੱਲ ਰਹੀ ਹੈ, ਲੂ, ਪਿੰਡਾ ਸਾੜਦੀ ਜਾ ਰਹੀ ਹੈ, ਦਸ ਵੱਜ ਗਏ ਦੋਹਾਂ ਨੂੰ ਕੰਮ ਕਰਦਿਆਂ ਨੂੰ ਤੇ ਓਸ ਵੇਲੇ ਪਿਤਾ ਨੇ ਕਿਹਾ ਭਾਈ ਸੱਧੂ ਨੇ, ਕਹਿੰਦੇ ਬੇਟਾ ਰੂਪਾ! ਪਿਆਸ ਬੜੀ ਲੱਗੀ ਹੋਈ ਹੈ, ਤੈਨੂੰ ਵੀ ਲੱਗੀ ਹੋਣੀ ਹੈ ਤੇ ਤੂੰ ਐਸ ਤਰ੍ਹਾਂ ਕਰ, ਪਾਣੀ ਲਿਆ ਆਪਾਂ ਥੋੜ੍ਹਾ-ਥੋੜ੍ਹਾ ਪੀ ਲਈਏ। ਕਿਉਂਕਿ ਸਾਰੇ ਦਿਨ ਦੇ ਵਿੱਚ ਓਨਾਂ ਹੀ ਪਾਣੀ ਸੀ ਉਨ੍ਹਾਂ ਕੋਲ ਜਿਹੜਾ ਦਿਨ ਭਰ ਪੀਣਾ ਸੀ। ਸੋ ਪਿਆਰ ਦੇ ਵਿੱਚ ਰੱਤੇ ਹੋਏ, ਹੱਥਾਂ ਨਾਲ ਕੰਮ ਕਰਦੇ ਨੇ ਲੇਕਿਨ ਚਿੱਤ ਕਿੱਥੇ ਹੈ, ਚਿੱਤ ਗੁਰੂ ਦੇ ਨਾਲ ਲੱਗਿਆ ਹੋਇਆ ਹੈ। ਕਿਉਂਕਿ ਜੋ ਨਾਮ ਜਪਣਾ ਹੈ ਕੋਈ ਵਿਹਲਿਆਂ ਤੋਂ ਨਹੀਂ ਜਪ ਹੁੰਦਾ ਕਿ ਵਿਹਲਾ ਹੋ ਜਾਵਾਂ, ਕੋਈ ਕੰਮ ਨਾ ਮੈਨੂੰ ਰਹੇ ਕਿਉਂਕਿ ਬਿਲਕੁਲ ਖਿਆਲ ਗਲਤ ਹੈ ਤੇ ਜੇ ਕੋਈ ਕਹੇ ਕਿ ਮੈਂ ਪਿਆਰ ਵਿਹਲਾ ਹੋ ਕੇ, ਬੈਠ ਕੇ ਕਰਾਂਗਾ, ਕਦੇ ਇਹ ਗੱਲ ਸੁਣੀ ਹੈ ਕਿ ਹੋ ਸਕਦੀ ਹੈ? ਜਿਹਦੇ ਹਿਰਦੇ 'ਚ ਪਿਆਰ ਵਸ ਗਿਆ ਉਹ ਤਾਂ ਪਿਆਰ ਵਿੱਚ ਰੱਤਿਆ ਹੀ ਰਹਿੰਦਾ ਹੈ, ਕੋਈ ਕੰਮ ਕਰੇ।

ਇਸੇ ਤਰ੍ਹਾਂ ਦੇ ਨਾਲ ਇਹ ਪਿਉ ਪੁੱਤਰ ਸਦਾ ਹੀ ਗੁਰੂ ਦੇ ਪਿਆਰ ਵਿੱਚ ਰਹਿੰਦੇ ਨੇ, ਗੁਰੂ ਦੇ ਧਿਆਨ ਵਿੱਚ ਰਹਿੰਦੇ ਨੇ। ਹੱਥਾਂ ਨਾਲ, ਪੈਰਾਂ ਨਾਲ ਕੰਮ ਕਰਦੇ ਨੇ, ਤੁਰਦੇ ਨੇ, ਜਾਂਦੇ ਨੇ ਲੱਕੜਾਂ ਕੱਟਦੇ ਨੇ ਲੇਕਿਨ ਧਿਆਨ ਐਨਾ ਪਰਪੱਕ ਹੋ ਗਿਆ ਕਿ ਗੁਰੂ ਅੱਖਾਂ ਤੋਂ ਓਹਲੇ ਨਹੀਂ ਹੁੰਦਾ। ਐਸਾ ਫੁਰਮਾਨ ਹੈ ਗੁਰਬਾਣੀ ਦੇ ਅੰਦਰ -

***ਧਾਰਨਾ - ਚਿੱਤ ਰੱਖੀਏ ਗੁਰਾਂ ਦੇ ਨਾਲੇ,***
***ਹੱਥੀਂ ਪੈਰੀਂ ਕੰਮ ਕਰੀਏ।***

***ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਾਲਿ ॥***
***ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ ॥***

***ਅੰਗ - 1376***

ਆਪਣੇ ਪਿਆਰੇ ਦੇ ਨਾਲ ਚਿੱਤ ਹਰ ਵਕਤ ਜੁੜਿਆ ਰਹਿੰਦਾ ਹੈ, ਸੱਚਾ ਪਿਆਰ ਜਿਸ ਥਾਂ 'ਤੇ ਹੈ ਇੱਕ ਸਕਿੰਟ ਵਾਸਤੇ ਵੀ ਉਹ ਭੁੱਲਿਆ ਨਹੀਂ ਕਰਦਾ, ਸੋ ਲੱਕੜੀ ਵੱਢ ਰਹੇ ਨੇ, ਦਸ ਵਜ ਗਏ। ਪਾਣੀ ਦੀ ਪਿਆਸ ਲੱਗੀ, ਪੁੱਤਰ! ਪਿਆਸ ਬਹੁਤ ਲੱਗ ਗਈ। ਥੋੜ੍ਹਾ ਪਾਣੀ ਆਪਾਂ ਪੀ ਲਈਏ, ਕੁਛ ਦੁਪਹਿਰੇ ਪੀ ਲਵਾਂਗੇ ਤੇ ਕੁਛ ਫੇਰ ਲੌਢੇ ਵੇਲੇ ਵੀ ਕੰਮ

ਕਰਨਾ ਹੈ ਉਸ ਵੇਲੇ ਪੀ ਲਵਾਂਗੇ, ਹਿਸਾਬ ਨਾਲ ਥੋੜ੍ਹਾ-ਥੋੜ੍ਹਾ ਪਾਣੀ ਲਿਆ ਤਾਂ ਕਿ ਪਿਆਸ ਬੁੱਝ ਜਾਵੇ।

ਪੁੱਤਰ ਨੇ ਬਰਤਨ ਚੁਕਿਆ ਕਿ ਆਪ ਵੀ ਪੀ ਲਵਾਂਗਾ ਤੇ ਪਿਤਾ ਜੀ ਨੂੰ ਲਿਆ ਦੇਵਾਂਗਾ, ਜਿਸ ਵਕਤ ਉਥੇ ਗਿਆ, ਹੱਥ ਲਾਇਆ ਕੂੰਨੇ ਨੂੰ ਹੈਰਾਨ ਹੋ ਗਿਆ ਕਿ ਐਨਾ ਠੰਢਾ ਪਾਣੀ? ਕਿਉਂਕਿ ਹੋ ਹੀ ਜਾਇਆ ਕਰਦਾ ਹੈ ਲੋਅ ਨਾਲ ਪਾਣੀ। ਵਾਪਸ ਆ ਗਿਆ, ਚਿੱਤ ਵਿੱਚ ਆਇਆ ਕਿ ਮੇਰਾ ਸਤਿਗੁਰੂ ਆਵੇ, ਤੇ ਐਨਾ ਠੰਢਾ ਪਾਣੀ ਪੀਵੇ ਤਾਂ ਮੇਰੀ ਭਾਵਨਾ ਪੂਰੀ ਹੋਵੇ, ਵਾਪਸ ਆ ਗਿਆ ਪਿਤਾ ਨੇ ਕਿਹਾ ਕਿ ਪੁੱਤਰ ਪਾਣੀ ਨਹੀਂ ਲਿਆਇਆ?

ਕਹਿਣ ਲ'ਗਿਆ, ਪਿਤਾ ਜੀ! ਪਾਣੀ ਆਪਣੇ ਪੀਣ ਵਾਲਾ ਨਹੀਂ ਹੈ।

ਕਹਿੰਦੇ, ਖਰਾਬ ਹੋ ਗਿਆ?

ਕਹਿੰਦੇ, ਨਹੀਂ ਬਹੁਤਾ ਠੰਢਾ ਹੋ ਗਿਆ।

ਫੇਰ?

ਕਹਿੰਦੇ, ਇਹ ਤਾਂ ਗੁਰੂ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੇ ਪੀਣ ਵਾਲਾ ਹੈ, ਉਹ ਪੀਂਦੇ ਨੇ ਐਸਾ ਪਾਣੀ। ਆਪਾਂ ਤਾਂ ਜਿਹੋ ਜਿਹਾ ਮਿਲ ਜਾਂਦਾ ਹੈ ਉਹੋ ਜਿਹਾ ਪੀ ਲੈਂਦੇ ਹਾਂ। ਇਹ ਪਾਣੀ ਤਾਂ ਉਨ੍ਹਾਂ ਦੇ ਪੀਣ ਵਾਲਾ ਹੈ, ਉਹ ਪਾਣੀ ਪੀਣਗੇ ਤਾਂ ਆਪਾਂ ਪੀਵਾਂਗੇ। ਪਿਤਾ ਵੀ ਉਸੇ ਰਾਸ ਦਾ ਸੀ, ਉਹਦੇ ਮਨ 'ਚ ਖੁਸ਼ੀ ਆਈ ਕਿ ਮੇਰੇ ਪੁੱਤਰ ਦਾ ਪਿਆਰ ਮੇਰੇ ਗੁਰੂ ਨਾਲ ਹੈ। ਉਸੇ ਤਰ੍ਹਾਂ ਨਾਲ ਫੇਰ ਕੰਮ 'ਤੇ ਲੱਗ ਗਏ। ਲੋਅ ਚਲਦੀ ਸੀ ਬਹੁਤ ਜ਼ਿਆਦਾ, ਸ਼ੁਰੂ ਹੋ ਚੁੱਕੀ ਸੀ ਗਿਆਰ੍ਹਾਂ ਵਜੇ ਤੇ ਪਾਣੀ ਦੀ ਪਿਆਸ ਤੋਂ ਬਿਨਾਂ ਆਦਮੀ ਨਹੀਂ ਸੀ ਕੱਟ ਸਕਦਾ, ਰੋਟੀ ਤੋਂ ਬਗੈਰ ਭੁੱਖਾ ਕੱਢ ਲੈਂਦਾ ਹੈ। ਪਿਆਸ ਲੱਗੀ ਹੋਵੇ ਤਾਂ ਜੀਭ ਸੁੱਕ ਜਾਂਦੀ ਹੈ, ਪਿੱਛੇ ਨੂੰ ਮੁੜ ਜਾਂਦੀ, ਗਲ ਵਲ ਨੂੰ ਚਲੀ ਜਾਂਦੀ ਹੈ ਤੇ ਜਾਨ ਨਿਕਲਣ ਵਾਲੀ ਹੋ ਜਾਂਦੀ ਹੈ।

ਸੋ ਇਸ ਤਰ੍ਹਾਂ ਕਰਦੇ-ਕਰਦੇ ਜਦੋਂ ਬਾਰ੍ਹਾਂ ਵੱਜ ਗਏ, ਸਾਢੇ ਬਾਰ੍ਹਾਂ ਵ'ਜ ਗਏ, ਦੋਵੇਂ ਲੰਮੇ ਪੈ ਗਏ, ਹੋਸ਼ ਘੱਟ ਗਈ। ਇੱਕੋ ਹੀ ਗੱਲ ਕਰੀ ਜਾਂਦੇ ਨੇ ਹੇ ਮੇਰੇ ਪਾਤਸ਼ਾਹ! ਤੁਸੀਂ ਪਾਣੀ ਪੀਓਂਗੇ ਤਾਂ ਅਸੀਂ ਪੀਆਂਗੇ। ਕ੍ਰਿਪਾ ਕਰੋ ਐਨਾ ਠੰਢਾ ਪਾਣੀ ਹੈ ਤੁਹਾਡੇ ਪੀਣ ਵਾਲਾ। ਅਸੀਂ ਕੀਟ ਹਾਂ, ਜੀਵ ਹਾਂ ਅਸੀਂ ਐਨਾ ਠੰਢਾ ਪਾਣੀ ਪੀਈਏ? ਤੁਸੀਂ ਪੀਵੋ ਆ ਕੇ।

ਉਸ ਵੇਲੇ ਗੁਰੂ ਮਹਾਰਾਜ ਜੀ ਬਹੁਤ ਠੰਢੇ ਥਾਂ ਬਿਰਾਜ ਰਹੇ ਸੀ, ਤਪਸ਼ ਪੈ ਰਹੀ ਸੀ। ਹੱਦ ਤੋਂ ਜ਼ਿਆਦਾ ਗਰਮੀ ਸੀ। ਮਹਾਰਾਜ ਨੇ ਚੋਬਦਾਰ ਨੂੰ ਕਿਹਾ ਕਿ ਸਾਡੇ ਘੋੜੇ 'ਤੇ ਕਾਠੀ ਪੁਆ ਕੇ ਹੁਣੇ ਇੱਕ ਦਮ ਲਿਆ। ਹੁਕਮ ਦੀ ਤਾਮੀਲ ਹੋ ਗਈ, ਸਾਰਿਆਂ ਨੇ ਦੇਖਿਆ, ਭਾਈ

ਬਿਧੀ ਚੰਦ ਜੀ ਦੇਖਦੇ ਨੇ ਕਿ ਮਹਾਰਾਜ ਦੇ ਘੋੜੇ 'ਤੇ ਕਿਉਂ ਕਾਠੀ ਪੈ ਰਹੀ ਹੈ? ਪੈਂਧੇ ਖਾਨ ਦੇਖਦਾ ਹੈ ਕਿ ਕਾਠੀ ਪੈ ਰਹੀ ਹੈ, ਕਿੱਧਰੇ ਜਾਣਾ ਹੈ? ਉਹਨੇ ਛੇਤੀ-ਛੇਤੀ ਆਪਣੇ ਘੋੜਿਆਂ 'ਤੇ ਕਾਠੀਆਂ ਪਾ ਲਈਆਂ। ਗੁਰੂ ਮਹਾਰਾਜ ਜੀ ਆਉਂਦੇ ਸਾਰ ਇਕ ਦਮ ਘੋੜੇ 'ਤੇ ਪਲਾਕੀ ਮਾਰ ਕੇ ਉਤੇ ਬੈਠ ਗਏ ਤੇ ਬੈਠਦੇ ਹੀ ਘੋੜੇ ਨੂੰ ਸਰਪਟ ਦੁੜਾ ਦਿੱਤਾ। ਇਹ ਵੀ ਪਿ'ਛੇ ਦੌੜੇ, ਗੁਰੂ ਮਹਾਰਾਜ ਦੇ। ਪਰ ਹੈਰਾਨ ਹੋ ਗਏ, ਗੁਰੂ ਮਹਾਰਾਜ ਕਿ'ਥੇ ਚਲੇ ਗਏ? ਧੂੜ ਉੱਡਦੀ ਹੈ ਉਸ ਤੋਂ ਬਾਅਦ ਗੁਰੂ ਮਹਾਰਾਜ ਦਿਸਦੇ ਕੋਈ ਨਹੀਂ, ਚਲੇ ਕਿਥੇ ਗਏ? ਐਉਂ ਪੜ੍ਹ ਲਓ -

***ਧਾਰਨਾ - ਹਰਿ ਜੀ ਛੱਡ ਕੇ ਸਿੰਘਾਸ਼ਨ ਆ ਗਏ,***
***ਬੰਨ੍ਹੇ ਹੋਏ ਸੱਚੇ ਪਿਆਰ ਦੇ।***
***ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥***
***ਜਹ ਜਹ ਕਾਜ ਕਿਰਤਿ ਸੇਵਕ ਕੀ***
***ਤਹਾ ਤਹਾ ਉਠਿ ਧਾਵੈ ॥ 1 ॥***
***ਸੇਵਕ ਕਉ ਨਿਕਟੀ ਹੋਇ ਦਿਖਾਵੈ ॥***
***ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥***

***ਅੰਗ - 403***

ਨੇੜੇ ਹੋ ਕੇ ਦਿਖਾਉਂਦਾ ਹੈ, ਸੋ ਇਸ ਤਰ੍ਹਾਂ ਆਪ ਘੋੜੇ 'ਤੇ ਸਵਾਰ ਹੋਏ, ਭਾਈ ਬਿਧੀ ਚੰਦ ਪਿੱਛੇ ਨੇ ਹੋਰ ਵੱਡੇ-ਵੱਡੇ ਮੁੱਖੀ ਸੀ ਸਾਰੇ ਪਿੱਛੇ ਦੌੜੇ ਆ ਰਹੇ ਨੇ। ਧੂੜ ਉਡਦੀ ਨਜ਼ਰ ਆਉਂਦੀ ਹੈ ਲੇਕਿਨ ਹੈਰਾਨ ਹੋ ਗਏ ਕਿ ਧੂੜ ਉਡਦੀ ਸੀ ਹੁਣ ਨਜ਼ਰ ਕਿਉਂ ਨਹੀਂ ਆ ਰਹੀ। ਅੱਗੇ ਆ ਕੇ ਦੇਖਿਆ ਕਿ ਘੋੜੇ ਦੇ ਪੈੜ ਚਿੱਤਰ ਵੀ ਨਹੀਂ ਲੱਗੇ ਹੋਏ। ਗੁਰੂ ਮਹਾਰਾਜ ਗਏ ਤਾਂ ਕਿੱਥੇ ਗਏ?

***ਕਰੀ ਪ੍ਰੇਮ ਨੇ ਖੈਂਚ ਬਡੇਰੀ।***
***ਸੁਭ ਕੁਛ ਤਯਾਗ ਦੀਨਿ ਤਿਸ ਬੇਰੀ॥***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 3132***

ਆਰਾਮ ਛੱਡ ਦਿੱਤਾ, ਪਲੰਘ ਛੱਡ ਦਿੱਤਾ, ਦੁਪਹਿਰਾ ਪਿਆ ਹੋਇਆ ਸੀ -

***ਕਜਤਿ ਸ਼ੀਘ੍ਰ ਹੀ ਜ਼ੀਨ ਪਵਾਯੋ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 3132***

ਤੁਰੰਗ ਮੰਗਾਇਓ, ਦਾਸਾਂ ਦਾ ਦੁਖ ਸਹਾਰ ਨਾ ਹੋਇਆ, ਉਸ ਥਾਂ ਤੋਂ ਤੀਹ ਕੋਹ ਸੀਗੇ ਉਹ। ਕਹਿੰਦੇ ਇੱਕ ਛਿਨ ਦੇ ਵਿੱਚ ਤੀਹ ਕੋਹ ਤੱਕ ਪਹੁੰਚ ਗਏ -

***ਤੀਸ ਕੋਸ ਪਹੁੰਚੇ ਛਿਨ ਮਾਂਹੀ।***
***ਹੋਇ ਤ੍ਰਿਖਾਤੁਰ ਇਤ ਉਤ ਜਾਂਹੀ॥***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 3132***

ਪਿਆਸੇ ਹੋ ਗਏ, ਕਦੇ ਇਧਰ ਜਾਂਦੇ ਨੇ, ਕਦੇ ਓਧਰ ਜਾਂਦੇ ਨੇ, ਭਾਈ! ਕੋਈ ਪਾਣੀ ਪਿਲਾਓ, ਕੋਈ ਪਾਣੀ ਪਿਲਾਓ। ਬਹੁਤ ਮੈਨੂੰ ਪਿਆਸ

ਲੱਗੀ ਹੋਈ ਹੈ, ਕਿਉਂ?

*ਘਟ ਘਟ ਕੇ ਅੰਤਰ ਕੀ ਜਾਨਤ ਭਲੇ ਬੁਰ ਕੀ ਪੀਰ ਪਛਾਨਤ।*

ਆਪਣੇ ਪਿਆਰਿਆਂ ਦਾ ਦੁੱਖ ਨਹੀਂ ਦੇਖ ਸਕਦੇ, ਆਪ ਨੂੰ ਪਿਆਸ ਲਾ ਲਈ। ਵਾਰ-ਵਾਰ ਆਵਾਜ਼ ਆਉਂਦੀ ਹੈ ਕਿ ਭਾਈ! ਕੋਈ ਪਾਣੀ ਪਿਲਾਓ -

*ਬਾਰ ਬਾਰ ਬਚ ਬਦਨ ਬਖਾਨੇ। ਹਮ ਕੋ ਲਾਗੀ ਤ੍ਰਿਖਾ ਮਹਾਨੇ॥*
*ਖੋਜ ਰਹੇ ਜਲ ਕਤਹੂੰ ਨ ਪਾਯੋ। ਜੇਠ ਦੁਪਹਿਰੇ ਬਹੁ ਤਪਤਾਯੋ॥*

*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 3132*

ਖੋਜਦੇ ਫਿਰਦੇ ਨੇ ਕਿਤੋਂ ਪਾਣੀ ਨਹੀਂ ਲੱਭਦਾ। ਇੱਕੋ ਹੀ ਆਵਾਜ਼ ਆਉਂਦੀ ਹੈ, ਕੋਈ ਪਾਣੀ ਪਿਲਾਓ। ਉਸ ਵੇਲੇ ਸੁਰਜੀਤ ਹੋ ਗਏ ਦੋਵੇਂ ਪਿਉ ਪੁੱਤਰ ਆਵਾਜ਼ ਸੁਣਦੇ ਸਾਰ ਕਿ ਤਾਂ ਸਾਡੇ ਪਿਆਰੇ ਦੀ ਆਵਾਜ਼ ਹੈ, ਪੁੱਤਰ ਦੌੜਿਆ ਜਾ ਕੇ ਕੂੰਨਾ ਲਾਹ ਲਿਆ। ਕੀ ਦੇਖਦਾ ਹੈ, ਗੁਰੂ ਮਹਾਰਾਜ ਜੀ ਕੋਲ ਖੜ੍ਹੇ ਨੇ ਆ ਕੇ, ਪਿਤਾ ਵੀ ਉੱਠ ਖੜ੍ਹਿਆ। ਕਿੰਨੀ ਖੁਸ਼ੀ ਹੋਈ ਉਸ ਵੇਲੇ ਉਨ੍ਹਾਂ ਦੇ ਮਨ ਵਿੱਚ ਕੋਈ ਅੰਦਾਜ਼ਾ ਨਹੀਂ ਲਾ ਸਕਦਾ। ਦੂਜਾ ਨਹੀਂ ਜਾਣ ਸਕਦਾ ਇਸ ਭੇਤ ਨੂੰ, ਓਹੀ ਜਾਣਦਾ ਹੈ ਜਿਹੜਾ ਇਹਦੇ ਵਿਚੀਂ ਲੰਘਦਾ ਹੈ -

*ਧਾਰਨਾ - ਜਿਸ ਤਨ ਲੱਗੀਆਂ ਸੋਈ ਤਨ ਜਾਣੇ,*
*ਕਿਸੇ ਦੀ ਲੱਗੀ ਕੌਣ ਜਾਣਦਾ।*

*ਲਾਗੀ ਹੋਇ ਸੁ ਜਾਨੈ ਪੀਰ ॥ ਰਾਮ ਭਗਤਿ ਅਨੀਆਲੇ ਤੀਰ ॥*

*ਅੰਗ - 327*

ਓਹੀ ਜਾਣਦਾ ਹੈ ਜਿਹਨੂੰ ਲੱਗੀ ਹੁੰਦੀ ਹੈ, ਜਿਹੜੇ ਪਿਆਰ ਦੇ ਵਿ'ਚ ਉਸ ਵੇਲੇ ਲੋਚ ਰਹੇ ਸੀ ਕਿ ਸਾਡਾ ਸਤਿਗੁਰੂ ਆਵੇ ਤੇ ਪਾਣੀ ਪੀਵੇ। ਜਦੋਂ ਖੁਸ਼ੀ ਹੋਈ ਉਹਨੂੰ ਵੀ ਓਹੀ ਜਾਣਦੇ ਨੇ, ਹੋਰ ਨਹੀਂ ਕਿਸੇ ਨੂੰ, ਬਾਕੀ ਤਾਂ ਕਹਾਣੀ ਹੀ ਰਹਿ ਜਾਂਦੀ ਹੈ। ਗੁਰੂ ਮਹਾਰਾਜ ਆਵਾਜ਼ ਦੇ ਰਹੇ ਨੇ ਜੰਗਲ ਦੇ ਵਿ'ਚ। ਉੱਚੀ-ਉੱਚੀ ਆਵਾਜ਼ਾਂ ਦਿੰਦੇ ਨੇ ਕਿ ਭਾਈ ਸਾਨੂੰ ਪਿਆਸ ਲੱਗੀ ਹੋਈ ਹੈ, ਸਾਨੂੰ ਪਿਆਸ ਲੱਗੀ ਹੋਈ ਹੈ। ਸਾਨੂੰ ਪਾਣੀ ਨਹੀਂ ਕਿਤੋਂ ਵੀ ਮਿਲ ਰਿਹਾ, ਸਾਨੂੰ ਪਾਣੀ ਪਿਲਾਓ।

ਕਿਤੋਂ ਨਾ ਪਾਣੀ ਲੱਭਿਆ, ਜਦੋਂ ਉਨ੍ਹਾਂ ਨੇ ਆਵਾਜ਼ ਸੁਣੀ ਉੱਠ ਕੇ ਦੌੜੇ, ਕੀ ਦੇਖਦੇ ਨੇ ਕਿ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਕੂੰਨਾ ਜਿੱਥੇ ਟੰਗਿਆ ਹੋਇਆ ਹੈ ਉਸੇ ਥਾਂ ਦੇ ਕੋਲ ਖੜ੍ਹੇ ਆਵਾਜ਼ਾਂ ਦੇ ਰਹੇ ਨੇ। ਭਾਈ ਰੂਪੇ ਨੇ ਪਾਣੀ ਲਾਹ ਲਿਆ, ਆਵਾਜ਼ ਦੀ ਸ਼ਕਤੀ, ਦਰਸ਼ਨਾਂ ਦੀ ਆਸ, ਭਾਈ ਸੱਧੂ ਉਹਦਾ ਪਿਤਾ ਉਥੇ ਆ ਪਹੁੰਚਦਾ ਹੈ। ਗੁਰੂ ਮਹਾਰਾਜ ਜੀ ਨੇ ਜਲ ਛਕਿਆ ਤੇ ਨਾਲ-ਨਾਲ ਦੀ ਨਾਲ ਕਹੀ ਜਾਂਦੇ ਨੇ ਕਿ -

*ਜਲ ਐਸੋ ਕਬਿ ਪੀਯੋ ਨ ਆਗੇ।*

*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 3133*

ਅੱਜ ਤੱਕ ਕਦੇ ਐਸਾ ਅਸੀਂ ਜਲ ਨਹੀਂ ਪੀਤਾ। ਕਿਉਂ ਨਹੀਂ ਪੀਤਾ? ਕਦੇ ਕਿਸੇ ਨੇ ਭਾਵਨਾ ਨਾਲ ਸਾਨੂੰ ਕਿਸੇ ਨੇ ਪਾਣੀ ਨਹੀਂ ਪਿਲਾਇਆ।

***ਕਿਨਹੂੰ ਨ ਦੀਨਸਿ ਕਰਿ ਅਨੁਰਾਗੇ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 3133***

ਪਤਾ ਨਹੀਂ ਇਹਦੇ ਵਿੱਚ ਕੀ ਪਾਇਆ ਹੋਇਆ ਹੈ। ਸੋ ਉਸ ਵੇਲੇ ਮਹਾਰਾਜ ਜੀ ਨੇ ਪਿਆਰ ਬਖਸ਼ਿਆ, ਦੋਹਾਂ ਨੂੰ ਬ੍ਰਹਮਗਿਆਨ ਦੀ ਦਾਤ ਬਖਸ਼ੀ, ਆਪਣੇ ਨਾਲ ਅਭੇਦ ਕਰ ਲਏ। ਸਿੱਖ ਗੁਰੂ ਦੇ ਵਿੱਚ ਅਭੇਦ ਹੋ ਕੇ ਗੁਰੂ ਦਾ ਰੂਪ ਬਣ ਗਿਆ। ਦੁਪਹਿਰੇ ਢਲ ਗਏ, ਭਾਈ ਬਿਧੀ ਚੰਦ, ਪੈਂਧੇ ਖਾਨ ਤੇ ਹੋਰ ਜੁਆਨ ਸਾਰੇ, ਉਸੇ ਜੰਗਲ ਵਿੱਚ ਆ ਗਏ।

ਜੇ ਕੋਈ ਕਹੇ ਕਿ ਉਨ੍ਹਾਂ ਨੂੰ ਕਿਵੇਂ ਪਤਾ ਲੱਗਿਆ? ਉਸ ਤਰ੍ਹਾਂ ਹੀ ਸਿੱਖ ਨੂੰ ਪਤਾ ਹੁੰਦਾ ਹੈ ਕਿ ਮੇਰਾ ਗੁਰੂ ਕਿੱਧਰ ਹੈ? ਉਹ ਕਿਹੜਾ ਐਵੇਂ ਸੀਗੇ। ਉਸ ਵੇਲੇ ਮਹਾਰਾਜ ਕਹਿਣ ਲੱਗੇ, ਬਿਧੀ ਚੰਦ! ਜੇ ਅਸੀਂ ਥੋੜ੍ਹਾ ਜਿਹਾ ਦੇਰ ਹੋਰ ਕਰ ਲੈਂਦੇ, ਇੱਕ ਛਿਨ ਨਾ ਆਉਂਦੇ, ਤਾਂ ਇਨ੍ਹਾਂ ਦੋਹਾਂ ਦੇ ਪ੍ਰਾਣ ਪੰਖੇਰੂ ਉਡ ਜਾਣੇ ਸੀ। ਇਸ ਕਰਕੇ ਅਸੀਂ ਤੀਹ ਕੋਹ ਦਾ ਫਾਸਲਾ, ਤੀਹ ਕੋਹ ਦਾ ਮਤਲਬ ਹੈ ਸੱਠ-ਸੱਤਰ ਕਿਲੋਮੀਟਰ, ਅਸੀਂ ਇੱਕੋ ਲਾਂਘ 'ਚ ਘੋੜੇ ਤੋਂ ਪੂਰਾ ਕਰਾ ਲਿਆ। ਕਿਉਂਕਿ ਇਨ੍ਹਾਂ ਨੇ ਬਚਣਾ ਨਹੀਂ ਸੀ ਇਸ ਕਰਕੇ ਅਸੀਂ ਇਨ੍ਹਾਂ ਦੇ ਪਿਆਰ ਦੇ ਖਿੱਚੇ ਹੋਏ ਇੱਥੇ ਪਹੁੰਚ ਗਏ ਹਾਂ।

ਸੋ ਐਸਾ ਜੋ ਗੁਰੂ ਤੇ ਸਿੱਖ ਦਾ ਪਿਆਰ ਹੈ ਕੋਈ ਮਿਲਾ ਦੇਵੋ।

***ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥ ਅੰਗ - 701***

ਸੋ ਇਸ ਤਰ੍ਹਾਂ ਜੋ ਪਿਆਰ ਹੈ, ਪਿਆਰ ਦੇ ਵਸ ਹੋਏ-ਹੋਏ, ਜੋ ਗੁਰੂ ਨੇ, ਵਾਹਿਗੁਰੂ ਜੋ ਹੈ ਉਹ ਪਿਆਰ ਦੇ ਵਸ ਵਿੱਚ ਹੈ, ਮੈਂ ਪਹਿਲਾਂ ਵੀ ਦੱਸਿਆ ਸੀ ਤੇ ਅਰਦਾਸ ਕਰੀ ਆਪਾਂ, ਫੇਰ ਮੁੜ ਕੇ ਸਾਰੇ ਪੜ੍ਹ ਲਓ -

***ਧਾਰਨਾ - ਪ੍ਰੀਤਮ ਮੇਰਾ ਪਿਆਰਾ,***
***ਕੋਈ ਆਣ ਕੇ ਮਿਲਾਵੇ।***

***ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ***
***ਹਉ ਤਿਸੁ ਪਹਿ ਆਪੁ ਵੇਚਾਈ ॥ ਅੰਗ - 757***

ਆਪਣਾ ਆਪ ਉਨ੍ਹਾਂ ਦੇ ਚਰਨਾਂ 'ਤੇ ਸਮਰਪਣ ਕਰ ਦੇਵਾਂ। ਆਪਣੇ ਕੋਲ ਕੁਛ ਨਾ ਰੱਖਾਂ, ਨਾ ਤਨ ਰੱਖਾਂ, ਨਾ ਧਨ ਰੱਖਾਂ ਨਾ ਮਨ ਰੱਖਾਂ, ਨਾ ਮੈਂ ਨੂੰ ਰੱਖਾਂ। ਮੈਂ ਉਹਦਾ ਹੀ ਹੋ ਜਾਵਾਂ, ਜਿਹੜਾ ਮੈਨੂੰ ਮਿਲਾ ਦੇਵੇ। ਸੋ ਮਹਾਰਾਜ ਕਹਿੰਦੇ ਪਿਆਰਿਆ! ਜੇ ਤੂੰ ਮਿਲਣਾ ਹੈ ਨਾ -

***ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥***
***ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ ॥***
***ਅੰਗ - 722***

ਸੋ ਇਕ ਵਾਰਤਾ ਗੁਰ ਇਤਿਹਾਸ ਦੀ, ਪਿਆਰ ਦੀ ਭਰੀ ਹੋਈ ਆਪਾਂ ਕਥਨ ਕੀਤੀ ਹੈ, ਸਰਵਣ ਕੀਤੀ ਹੈ। ਸੋ ਖੁਸ਼ਕ ਗਿਆਨ ਦੇ ਨਾਲ ਪ੍ਰਭੂ ਨਹੀਂ ਮਿਲਿਆ ਕਰਦਾ। ਸਭ ਤੋਂ ਸੁਖਾਲਾ ਤਰੀਕਾ ਮਹਾਰਾਜ ਨੇ ਫੁਰਮਾਨ ਕੀਤਾ ਹੈ –

***ਸਾਚੁ ਕਹੌਂ ਸੁਨ ਲੇਹੁੰ ਸਭੈ ਜਿਨ ਪ੍ਰੇਮ ਕੀਓ***
***ਤਿਨ ਹੀ ਪ੍ਰਭ ਪਾਇਓ।***

ਪਿਆਰ ਵਾਲਾ ਜਿਹੜਾ ਹੈ ਉਹਦੀ ਨਿਸ਼ਾਨੀ ਹੁੰਦੀ ਹੈ –

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।***
***ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।***

***ਭਾਈ ਵੀਰ ਸਿੰਘ ਜੀ***

ਪ੍ਰੇਮਾ ਭਗਤੀ ਦੇ ਨਾਲ ਪ੍ਰਮੇਸ਼ਰ ਨੂੰ ਮਿਲਦੇ ਨੇ। ਪ੍ਰੇਮਾ ਭਗਤੀ ਦੇ ਨਾਲ ਅਗਿਆਨ ਦਾ ਨਾਸ਼ ਹੁੰਦਾ ਹੈ, ਪ੍ਰਮੇਸ਼ਰ ਦੇ ਨਾਲ ਮਿਲਾਪ ਹੁੰਦਾ ਹੈ ਜਿਸਨੂੰ ਫਿਨਾਹ-ਫਿਲਾ ਅਵਸਥਾ ਕਹਿੰਦੇ ਨੇ। ਅਭੇਦ ਅਵਸਥਾ ਪ੍ਰਮੇਸ਼ਰ ਦਾ ਰੂਪ ਬਣ ਜਾਣਾ, ਪਿਆਰ ਹੀ ਬਣਾਉਂਦਾ ਹੈ। ਗਿਆਨ ਨਹੀਂ ਬਣਾਉਂਦਾ। ਗਿਆਨ ਜਿਹੜਾ ਹੈ ਉਹ ਬੁੱਧੀ ਮੰਡਲ ਦੀ ਚੀਜ਼ ਹੈ। ਜੋ ਅਨੁਭਵ ਦਾ ਗਿਆਨ ਹੈ ਉਹ ਅਸਲੀ ਗਿਆਨ ਹੋਇਆ ਕਰਦਾ ਹੈ। ਉਹਦੇ 'ਚ ਬਚਨ ਨਹੀਂ ਹੁੰਦੇ, ਉਹ ਪ੍ਰਤੱਖ ਰੱਬ ਹੀ ਬਣਾਇਆ ਹੁੰਦਾ ਹੈ, ਉਹਨੂੰ ਭਰਮ ਨਹੀਂ ਰਹਿੰਦਾ ਫੇਰ ਕਿ ਮੈਂ ਫਲਾਣਾ ਸੀ।

ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਕੋਲ ਆਉਣਾ, ਕਹਿਣਾ ਮਹਾਰਾਜ! ਦਰਸ਼ਨ ਕਰਨ ਆਏ ਹਾਂ ਤੁਹਾਡੇ। ਮਹਾਰਾਜ ਕਹਿੰਦੇ, ਜਿਹਦੇ ਤੁਸੀਂ ਦਰਸ਼ਨ ਕਰਨ ਆਏ ਓਂ, ਉਹ ਤਾਂ ਬਹੁਤ ਸਾਲ ਹੋ ਗਏ, ਚੜ੍ਹਾਈ ਕਰ ਗਿਆ, ਇਹਦੇ 'ਚ ਤਾਂ ਹੋਰ ਹੀ ਹੈ ਕੁਛ। ਰਮਜ਼ ਕਿਸੇ ਨੇ ਸਮਝੀ ਹੀ ਨਹੀਂ। ਇਹੀ ਸਮਝਦੇ ਰਹੇ ਕਿ ਮਹਾਰਾਜ ਨੇ ਇਹ ਕਿਹਾ। ਡੂੰਘਿਆਈ 'ਚ ਨਹੀਂ ਕੋਈ ਗਿਆ ਕਿਉਂਕਿ ਉਥੇ ਉਹ ਜੀਵ ਬਿਰਤੀ ਨਹੀਂ ਸੀ ਰਹੀ, ਬ੍ਰਹਮਬਿਰਤੀ ਆ ਗਈ, ਬ੍ਰਹਮ ਸਰੂਪ ਆ ਗਿਆ, ਜਿਹੜਾ ਅਗਿਆਨ ਸੀ ਉਹਦਾ ਨਾਸ਼ ਹੋ ਗਿਆ। ਹੁਣ ਕੌਣ ਸਰੀਰ 'ਚ ਰਹਿੰਦਾ ਹੈ? ਮਹਾਰਾਜ ਕਹਿੰਦੇ ਇੱਕ ਰਹਿੰਦਾ ਹੈ –

***ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥***
***ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥***

***ਅੰਗ – 550***

ਰਹਿੰਦਾ ਕੌਣ ਹੈ? ਕਹਿੰਦੇ ਸੱਚੀ ਮੈਂ ਰਹਿੰਦੀ ਹੈ, ਜਦੋਂ ਪਛਾਣ ਆਉਂਦੀ ਹੈ –

***ਸਭੁ ਆਤਮ ਰਾਮੁ ਪਛਾਨਿਆ***

*ਤਾਂ ਇਕੁ ਰਵਿਆ ਇਕੋ ਓਤਿ ਪੋਤਿ ॥*
*ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ ॥*

***ਅੰਗ - 309***

ਉਹ ਤਾਂ ਇੱਕੋ ਹੀ ਹੈ ਪ੍ਰਮੇਸ਼ਰ ਜਦੋਂ ਪਛਾਣ 'ਚ ਆ ਗਈ, ਆਪਣੇ ਆਪ ਹੈ ਇੱਥੇ ਦੂਜਾ ਕੋਈ ਹੈ ਹੀ ਨਹੀਂ। ਇਸ ਤਰ੍ਹਾਂ ਪ੍ਰੈਕਟੀਕਲ ਜਿਹੜਾ ਗਿਆਨ ਹੈ ਉਹ ਤਾਂ ਹੁੰਦਾ ਹੈ ਗਿਆਨ, ਜਿਹੜਾ ਗੱਲ ਦੇ ਨਾਲ ਹੈ ਇਹ ਗਿਆਨ ਨਹੀਂ ਹੁੰਦਾ, ਇਹ ਤਾਂ ਬੱਧ ਗਿਆਨ ਕਹਾਉਂਦਾ ਹੈ। ਇਹਦੇ ਵਿੱਚ ਬੰਦਾ ਵਿਕਾਰੀ ਹੋ ਜਾਂਦਾ ਹੈ, ਤਰੱਕੀ ਰੁਕ ਜਾਂਦੀ ਹੈ। ਇਹ ਜਿੰਨੀ ਦੇਰ ਤੱਕ ਪਿਆਰ ਦੀ ਮੰਜ਼ਲ ਵਿੱਚ ਨਹੀਂ ਲੰਘਦਾ, ਪਿਆਰ ਦੀ ਕੁਠਾਲੀ ਦੇ ਵਿੱਚ ਨਹੀਂ ਆਪਣੇ ਆਪ ਨੂੰ ਢਾਲਦਾ, ਓਨੀਂ ਦੇਰ ਤੱਕ ਪ੍ਰਮੇਸ਼ਰ ਦੇ ਦਰਸ਼ਨ ਨਹੀਂ ਹੋਇਆ ਕਰਦੇ। ਸੋ ਇਸ ਕਰਕੇ ਜੋ ਬੇਨਤੀਆਂ ਕੀਤੀਆਂ ਨੇ। ਧਿਆਨ ਵਿੱਚ ਲਿਆਓ ਸੋ ਆਪਣਾ ਜੀਵਨ ਜੋ ਹੈ ਉਹਨੂੰ ਇਸ ਚਾਲ 'ਤੇ ਚਲਾਓ। ਸਮਾਂ ਇਜਾਜ਼ਤ ਨਹੀਂ ਦਿੰਦਾ, ਕਾਲ ਪਤਾ ਨਹੀਂ ਕਿਹੜੇ ਵੇਲੇ ਆ ਜਾਵੇ -

*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥*
*ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥*

***ਅੰਗ - 254***

ਗੱਲ ਵਿਚਾਲੇ ਰਹਿ ਜਾਏਗੀ। ਸਿਰੇ ਪਹੁੰਚ ਨਹੀਂ ਸਕਣਾ-

*ਗਲੀ ਹਉ ਸੋਹਾਗਣਿ ਭੈਣੇ ਕੰਤੁ ਨ ਕਬਹੂੰ ਮੈ ਮਿਲਿਆ ॥*

***ਅੰਗ - 433***

ਗੱਲਾਂ ਦੀਆਂ ਸੁਹਾਗਣਾਂ ਅਸੀਂ ਰਹਿ ਜਾਵਾਂਗੀਆਂ, ਵਾਹਿਗੁਰੂ ਤਾਂ ਕਦੇ ਮਿਲਿਆ ਹੀ ਨਹੀਂ ਹੈ। ਸੋ ਇਸ ਕਰਕੇ ਅਰਦਾਸ ਕਰੋ ਕਿ ਸੱਚੇ ਪਾਤਸ਼ਾਹ! ਚੰਗੇ ਮੰਦੇ ਜਿਹੋ ਜਿਹੇ ਹਾਂ ਸਤਿਸੰਗ 'ਚ ਆਉਂਦੇ ਹਾਂ, ਕ੍ਰਿਪਾ ਕਰ। ਆਪਣਾ ਦੀਦਾਰ ਬਖਸ਼, ਆਪਣੇ ਬਣਾ ਲੈ। ਆਪਣੇ ਬਣਾ ਕੇ ਆਪ ਹੀ ਇਹਦੇ 'ਚ ਪ੍ਰਗਟ ਹੋ ਜਾ, ਮੈਂ ਆਪਣਾ ਤਨ ਵੀ, ਧਨ ਵੀ ਤੇ ਮੈਂ ਆਪਣੀ ਮੈਂ ਵੀ ਤੇਰੇ ਚਰਨਾਂ 'ਚ ਭੇਟ ਕੀਤੀ। ਮੁੜ ਕੇ ਨਾ ਮੇਰੇ ਕੋਲ ਆਵੇ। ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ।

***ਗੁਰਸਤੋਤਰ, ਅਰਦਾਸ, ਹੁਕਮਨਾਮਾ***

ਪ੍ਰਾਣਾਂ ਦਾ ਧਿਆਨ ਰੱਖਣਾ। ਕਿਉਂਕਿ ਮਨ ਜਿਹੜਾ ਹੈ ਇਹ ਦੌੜਦੈ। ਮਨ ਦਾ ਘੋੜਾ ਪ੍ਰਾਣ ਨੇ। ਸਵਾਸ ਰੋਕ ਲਓ, ਮਨ ਰੁਕ ਜਾਏਗਾ। ਸਵਾਸ ਦਾ ਤੇ ਮਨ ਦਾ ਆਪਸ ਵਿਚ ਬਹੁਤ ਜ਼ਬਰਦਸਤ ਸਬੰਧ ਹੈ। ਸੋ ਜੇ ਰੁਕਦਾ ਨਹੀਂ, ਮਹਾਂਪੁਰਸ਼ ਦਸ ਦਿੰਦੇ ਨੇ ਜੁਗਤ ਕਿ ਤੂੰ ਇਸ ਤਰ੍ਹਾਂ ਨਾਮ ਜਪਣਾ ਸ਼ੁਰੂ ਕਰ ਦੇ। ਮਨ ਰੁਕ ਜਾਏਗਾ ਕਿਤੇ ਨਹੀਂ ਜਾਏਗਾ। ਉਹ ਆਪਣੇ ਢੰਗ ਦੇ ਨਾਲ ਜਿੰਨੀ ਕੁ ਲੋੜ ਹੁੰਦੀ ਹੈ, ਓਨਾਂ ਕੁ ਦਸ ਦਿੰਦੇ ਨੇ। ਜੇ ਅਸੀਂ ਕਹੀਏ ਕਿ ਪ੍ਰਾਣਾਯਾਮ ਸਾਡੇ ਤਾਂ ਹੈ ਹੀ ਨਹੀਂ। ਨਾ ਅਸੀਂ ਸਾਹ ਲੈਂਦੇ ਹਾਂ। ਸਾਹ ਦੀ ਇਕ ਵਿਦਿਆ ਹੈ ਖਾਸ ਤਰੀਕੇ ਨਾਲ। ਜਿੰਨੀ ਕੁ ਚਾਹੀਦੀ ਹੈ ਉਨੀਂ ਕੁ ਅਨੁਭਵੀ ਸੰਤ ਦਸ ਦਿੰਦੇ ਨੇ ਕਿ ਐਨਾ ਤੂੰ ਕਹਿ ਲੈ, ਐਨਾ ਰੇਚਕ 'ਚ ਕਰ ਲੈ, ਐਨਾ ਪੂਰਕ 'ਚ ਕਰ ਲੈ, ਐਨਾ ਕੁੰਭਕ ਕਰ ਲੈ। ਮਨ ਰੁਕ ਜਾਏਗਾ। ਜਦੋਂ ਮਨ ਰੁਕ ਗਿਆ ਤਾਂ ਰਸ ਆਉਣ ਲਗ ਜਾਏਗਾ। ਜੇ ਇਸ ਤਰ੍ਹਾਂ ਨਹੀਂ ਆਉਂਦਾ ਤਾਂ ਉਹ ਕਹਿੰਦੇ, ਪ੍ਰਾਣਾਂ 'ਤੇ ਸੁਰਤ ਲੈ ਜਾ। ਪਹਿਰਾ ਲਾ ਦੇ, ਨਾਸਿਕਾ ਦੇ ਅੱਗੇ। ਜਦੋਂ ਅੰਦਰ ਨੂੰ ਸਾਹ ਜਾਣ ਲੱਗਿਆ, ਉਹਦੇ ਨਾਲ 'ਵਾਹਿਗੁਰੂ' ਕਹਿ ਦੇ, ਜਦੋਂ ਬਾਹਰ ਨੂੰ ਖਾਲੀ ਤੁਰਿਆ ਆਉਂਦੈ ਉਹਦੇ ਨਾਲ 'ਸਤਿਨਾਮੁ' ਕਹਿ ਦੇ। ਜਾਂ 'ਵਾਹਿ' ਕਹਿ ਦੇ ਅੰਦਰ ਨੂੰ ਸਾਹ ਜਾਣ ਦੇ, ਬਾਹਰ ਨੂੰ ਆਉਂਦੇ 'ਗੁਰੂ' ਕਹਿ ਦੇ। ਪਹਿਰਾ ਦੇ, ਖਾਲੀ ਨਾ ਸਵਾਸ ਜਾਣ ਦੇ। ਸੋ ਇਹ ਛੋਟਾ ਹੈ। ਇਸ ਤੋਂ ਅੱਗੇ ਕਹਿੰਦੇ, ਸਾਹ ਦੇ ਵਿਚ ਤਿੰਨ ਵਾਰੀ 'ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ' ਕਹਿ ਦੇ, ਛੇ ਵਾਰੀ ਰੋਕ ਕੇ ਕਹਿ, ਤਿੰਨ ਵਾਰੀ ਛੱਡ ਕੇ ਕਹਿ। ਜਿਹੋ ਜਿਹੀ ਕਿਸੇ ਦੀ ਪ੍ਰਸਥਿਤੀ ਹੁੰਦੀ ਹੈ। ਉਸ ਤਰ੍ਹਾਂ ਦਾ ਤਰੀਕਾ ਮਹਾਂਪੁਰਸ਼ ਦਸ ਦਿੰਦੇ ਨੇ। ਕਿਉਂਕਿ ਇਹ ਅੰਦਰਲੀ ਸਾਇੰਸ ਹੈ। ਆਪਣੇ ਆਪ ਨਹੀਂ ਆਉਂਦੀ। ਟੱਕਰਾਂ ਮਾਰਨੀਆਂ ਪੈਂਦੀਆਂ ਨੇ। ਜੇ ਕੋਈ ਸਹਾਇਕ ਹੋਵੇ, ਛੇਤੀ ਨਾਲ ਆ ਜਾਂਦੀ ਹੈ। ਪਰ ਸਹਾਇਕ ਵੀ ਪੂਰਾ ਹੋਵੇ, ਅਣਜਾਣ ਨਹੀਂ ਹੋਣਾ ਚਾਹੀਦਾ। ਅਣਜਾਣ ਜਿਹੜਾ ਹੈ ਉਹ ਖਾਤੇ 'ਚ ਸੁੱਟ ਦਿੰਦੈ। ਪਾਗਲ ਬਣਾ ਦੂਗਾ। ਕਿਉਂਕਿ ਪ੍ਰਾਣਾਯਾਮ ਜਿਹੜਾ ਹੈ, ਇਹਦਾ ਜਿਹੜਾ ਕੁੰਭਕ ਹੈ, ਚੌਰਾਸੀ ਹੁੰਦੈ। 42 ਇਹਦਾ ਪੂਰਕ ਹੈ, 42 ਇਹਦਾ ਰੇਚਕ ਹੈ। 84+84=168 ਵਾਰੀ, ਪ੍ਰਮੇਸ਼ਰ ਦਾ ਨਾਮ ਲੈਣਾ, ਦਿਮਾਗ ਦੇ ਅੰਦਰ ਗਰਮੀ ਪੈ ਜਾਂਦੀ ਹੈ। ਛੇਤੀ ਨਾਲ ਹੀ ਉਹਦਾ ਸਿਰ ਘੁੰਮਣਾ ਸ਼ੁਰੂ ਹੋ ਜਾਂਦੈ। ਕਿਉਂਕਿ ਅਣਜਾਣ ਬੰਦੇ ਨਾਲ ਵਾਹ ਪੈ ਗਿਆ। ਜਾਣਕਾਰ ਜਾਣਦੈ ਕਿ ਇਹਦੇ ਦਿਮਾਗ ਦੀ ਸਥਿਤੀ ਕੀ ਹੈ। ਐਵੇਂ ਨਾ ਮਸਤਾਨਾ ਹੋ ਕੇ ਬਹਿ ਜਾਏ, ਘਰਦਿਆਂ ਤੋਂ ਵੀ ਜਾਊ, ਓਧਰ ਵੀ ਕੁਛ ਨਹੀਂ ਬਣਨਾ। ਸੋ ਇਸ ਤਰ੍ਹਾਂ ਪ੍ਰਾਣਾਂ ਦਾ ਧਿਆਨ ਰੱਖਣਾ ਪੈਂਦੈ।

ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ



ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ